# ਦੱਸਦਾ ਤੇ ਜਾਵੀਂ ਵੇ ਰਾਹੀਆ

2016



"ਦਸਦਾ ਤੇ ਜਾਵੀਂ ਵੇ ਰਾਹੀਆ-ਸਵੇਰ ਦੇ ਭੁੱਲਿਆਂ ਦਾ ਸਿਰਨਾਵਾਂ.........

"ਸ਼ਮਰਪਣ"

ਖੁਸ਼ੀਆਂ ਦੇ ਨਾਮ ਜਿਹਨਾਂ ਦੇ ਅਸੀਂ ਸੱਭ ਮੁੰਤਜ਼ਿਰ ਹਾਂ

"ਰੱਬ ਦੇ ਪਿਆਰੇ ਜੋ ਆਪਨੀਆਂ ਦੁਆਵਾਂ ਵਿੱਚ ਦੂਸਰਿਆਂ ਨੂੰ ਸ਼ਾਮਲ ਕਰਦੇ ਹਨ,

ਖੁਸ਼ੀਆਂ ਉਹਨਾਂ ਦੇ ਦਰ ਤੇ ਸੱਭ ਤੋਂ ਪਹਿਲਾਂ ਦਸਤੱਕ ਦੇਂਦੀਆਂ ਹਨ"।॥

ਗੁਜਾਰਿਸ਼ ਹੈ--- ਪਿਆਰੇ ਪਾਠਕੋ,ਆਪਣੀਆਂ ਦੁਆਵਾਂ ਵਿੱਚ ਮੈਨੂੰ ਸ਼ਾਮਲ ਰੱਖਣਾ

ਰਣਜੀਤ ਕੌਰ / ਗੁੱਡੀ
ਤਰਨਤਾਰਨ 9780282816



# ਤਤਕਰਾ

"ਨਵਾਂ ਸਾਲ"........................................7
"ਆਪ ਭੀ"........................................9
"ਐਂਤਕੀ ਵਾਰ"........................................11
"ਹਵਾਈ ਸਫ਼ਰ ਦੌਰਾਨ........................................13
"ਬੇਨਤੀ"........................................17
"ਬੋਲ ਤੂੰ ਮਿਠੜੈ ਬੋਲ"........................................**ਓਰਰੋਰ! ਭੋਕਮਓਰਕ ਨੋਟ ਦਏਡਨਿਏਦ.**
"ਅਣ ਛਾਂਵਾਂ ਬੂਟਾ"........................................24
"ਬੇਟੀਆਂ/ਧੀਆਂ"........................................30
"ਲਾਂਬ੍ਹੇ ਹੋ ਜਾ ਸੋਹਣਿਆਂ........................................32
"ਦਰਦ-ਏ ਦਿਲ ਦੀ ਦਵਾ........................................**ਓਰਰੋਰ! ਭੋਕਮਓਰਕ ਨੋਟ ਦਏਡਨਿਏਦ.**
"ਮਾਡਰਨ ਬਜ਼ੁਰਗ"........................................39
"ਦਿਲ ਤੋਂ ਦਿਲ ਤੱਕ"........................................44
"ਨਾਂ ਪੜ੍ਹਨਾਂ"........................................47
"ਸੁਪਨਿਆਂ ਦਾ ਜਹਾਨ"........................................50
"ਇੰਗਲਿਸ਼ ਵਰਸਜ਼ ਪੰਜਾਬੀ"........................................54
"ਮਨਮੋਹਕ ਗਜ਼ਲਾਂ"........................................57
"ਗੁਜਰਾ ਜਮਾਨਾ"........................................**ਓਰਰੋਰ! ਭੋਕਮਓਰਕ ਨੋਟ ਦਏਡਨਿਏਦ.**
"ਆਓ ਚਲੀਏ ਕਲਕੱਤਾ........................................65
"ਮੈਂ ਤੇ ਮੈਂ ਤੇ ਨਾਲ ਹੈ 2017"........................................68
"ਚਿੜੀਆਂ ਚੁੜੀਆਂ"........................................70
"ਵੋ ਨੰਨ੍ਹੇ ਫੁਲ"........................................71
"ਇਕ ਸੀ ਗੁੱਡੀ"........................................74

“ਇਹ ਕੇਹਾ ਸੰਯੋਗ” ........ 82
“ਜੀਨਤ” ........ 87
“ਥੋੜਾ ਥੋੜਾ ਜੀ ਲਈਏ“ ........ 89
“ਜੂਲੀਆ ਮੇਰੀ ਜੂਲੀਆ” ........ 95
“ਨਵੀਂ ਕਹਾਣੀ ........ 99
“ਗੋਦੜੀ ਦਾ ਲਾਲ” ........ 101
“ਖੈਰ ਹੋਵੇ“ ........ 105
“ਕਿਨੇ ਖੱਤ” ........ 107
“ਕਿਸਮਤ ਪੁੜੀਆਂ“ ........ 109
“ਕੀ ਤੋਂ ਕੀ ਹੋ ਗਿਆ“ ........ 115
“ਕੰਮ ਪਿਆਰਾ“ ........ 118
“ਲੋੜ ਹੈ , ਲੋੜ ਹੈ, ਲੋੜ ਹੈ..” ........ 121
“ਇਸ਼ਕ ਵਿਕੇਂਦਾ” ........ 123
“ਪਿਆਰ ਪਸੰਦ ਹੈ” ........ 125
“ਮੈਂ ਨਾਂ ਬੱਚਦੀ“ ........ 127
“ਧਰਤੀ ਉਗਲੇ ਹੀਰੇ ਮੋਤੀ” ........ 130
“ਗੀਤ ਮੁਹੱਬਤ ਦਾ” ........ 133
“ਨੰਗੇ ਪੈਰਾਂ ਵਾਲੀ” ........ 134
“ਦੁਨੀਆਂ ਸੇ ਜਾਨੇ ਵਾਲੇ ........ 138
“ਕਰਸ਼ੀਆ” ........ 140
“ਨਹੀਂ ਲੱਭਣੀ ਇਹ ਉਮਰ” ........ 141
“ਉਥੇ ਤੇਰਾ ਕੀ ਵੇ” ........ 143
“ਮੋਢੈ ਤੇ ਘਰ ਅੰਬਰ ਦੀ ਛੱਤ” ........ 145





“ਪੀਆ“ ........ 149
“ਇਮਤਿਹਾਨ ਦੀ ਘੜੀ“ ........ 157
“ਹਾਂ ਤੁਮ ਮੁਝੇ ਯੂੰ ........ 160
“ਰੱਬ ਕਰੇ ਤੇ ਕੀ ਕਰੇ“ ........ 164
“ਰਿਸ਼ਤਾ” ........ 166
“ਸੁਰੱਖਿਆ ਕਵਚ“ ........ 168
“ਸਾਨੂੰ ਕੀ , ਮੈਨੂੰ ਕੀ , ਤੈਨੂੰ ਕੀ“ ........ 172
“ਹੈਰਾਨੀ ਹੈ“ ........ 175
“ਬੀਬੀ ਕਾ ਮਕਬਰਾ” ........ 177
“ਸੁੱਚਾ ਕੱਚ“ ........ 181
“ਤਮੰਨਾਂ/ਖਾਬ“ ........ 187
“ਨਾਂ ਦੇ ਹਵਾ ਇਨ ਕੋ“ ........ 189
“ਟੌਹਰ ਪੰਜਾਬੀ ਦੀ“ ........ 190
“ਆਹ ਦੋ ਕਿਤਾਬਾਂ“ ........ 193
“ਕਦੀ ਤਾਂ ਕੱਟੀ ਜਾਵੇਗੀ ....!” ........ 195
“ਜਦ ਉਪਰ ਵਾਲੇ ਨੂੰ ਮਾਤ ਹੋਈ“ ........ **ਓਰਰੋਰ! ਭੋਕਮਓਰਕ ਨੋਟ ਦਏਡਨਿਏਦ.**
“ਪੁਰਾਣੀ ਨਿਸ਼ਾਨੀ“ ........ 203
“ਦਮ ਘੁਟਦੀ ਤਸਕੀਨ“ ........ 207
“ਮੇਰਾ ਸਾਥ ਦੇਨਾ“ ........ 213
“ਔਲਾਦ ਵਾਲੋ ਫੁਲੋ ਫਲੋ“ ........ 217
“ਉਹ ਤੇ ਮੈਂ“ ........ 223
“ਤਿਕੜੀ ਮਸ਼ਾਲ“ ........ 225
“ ਰੁੱਤਾਂ ਵਿੱਚੋਂ ਰੁੱਤ ਸੁਣੀਂਦੀ ........ 228

"ਮੈਂ ਵੀ ਵੇਖਣੀ ਏਂ ਬਾਬੁਲ........230
"ਜਾਣੈ , ਤੇਰੇ ਨਾਲ........235
"ਢੋਲਾ ਓ ਢੋਲਾ"........239
"ਅੰਤਿਮ ਇੱਛਾ" ........240
"ਤਜੁਰਬਾ ਬੋਲੇ" ........242
"ਅਜ਼ੀਮ ਗੁਰੂ" "੧ਓ" ........246
" ਹਾਏ ' ਤਬੁਸਮ ਤੇਰਾ"........250
"ਹੋਣੀ ਨੂੰ ਅਣਹੋਣੀ ਕਰੇਂ ਤਾਂ ਮੰਨਾਂ"........256
"ਇਨਸਾਫ ਦਾ ਤਕਾਜ਼ਾ" ........262
"ਜੇ ਮੈਂ"........268
"ਜਵਾਬ---ਲਾਜਵਾਬ—ਹਾਜਰਜਵਾਬ " ........270
"ਔਹ ਆ ਗਿਆ ਕਾਲਾ ਭਾਈ" ........272
"ਕਮਲੀ ਰਮਲੀ ਖੁਸ਼ੀ"........276
"ਕਾਬਲ-ਏ ਮੁਹੱਬਤ" ........279
"ਕੁਸ਼ਲ/ਸਕੁਸ਼ਲ"........283
"ਲੋਹੜੀ ਦਾ ਜਨਮਦਾਤਾ"........287
"ਅੱਠ ਮਾਰਚ" ........290
"ਮਹਾਨ ਹੈ ਤੂੰ ਮਾਂ"........292
"ਮੁਹੱਬਤਾਂ ਦਾ ਸਫ਼ੀਰ" ........296
"ਭਟਕੇਗੀ ਰੂਹ" ........303
"ਅੰਦਰਲੀ ਚੁੱਪ" ........308
"ਤਾਰੇ ਜਮੀਂ ਪੇ"........310
"ਯੁੱਗ ਯੁੱਗ ਜੀਅ ਵੇ ਸੂਰਜਾ"........313



"ਆਸ ਟੈਕਸ ਸਵਾਸ ਟੈਕਸ" ........318
"ਪਾਣੀ ਵਿਚਾਰਾ"........320
"ਜਦ ਖੇਰੂੰ ਖੇਰੂੰ ਹੋਏ........322
"ਇਕੱਤੀ ਦਸੰਬਰ"........326

## “ਨਵਾਂ ਸਾਲ”

ਇਕਿੱਤੀ ਦਸੰਬਰ ਰਾਤ ਬਾਰਾਂ ਵਜੇ

ਅੱਜ ਫੇਰ ਮੈਥੋਂ ਕਤਲ ਹੋ ਗਿਆ ਇਕ ਹੋਰ ਸਾਲ,

ਕੁਝ ਪਲਾਂ ਬਾਦ ਚੜ੍ਹ ਆਵੇਗੀ ਨਵੇਂਸਾਲ ਦੀ ਪਹਿਲੀ ਸਵੇਰ,

ਮੈਨੂੰ ਜਾਪਦੈ, ਇਸ ਵਰ੍ਹੇ ਵੀ ਮੁਕਣਾ ਨਹੀਂ ਮੇਰਾ ਸਫ਼ਰ।

ਕਤਲ,ਗੁਨਾਹ ਹੈ,ਅਪਰਾਧ ਹੈ,-

ਸ਼ਾਇਦ,’

ਇਸੀ ਲਈ ਹਰ ਵਾਰ ਮਨਫ਼ੀ ਹੋ ਕੇ ਵੀ

ਜਮ੍ਹਾਂ ਹੋ ਜਾਂਦੀ ਹੈ ਮੇਰੀ ਉਮਰ।

ਥਕ ਹਾਰ ਗਈ ਮੈਂ  ਬਣ ਬਣ’ ਨਾਰੀ,’

ਜੀ ਕਰਦਾ ਮੇਰਾ ਮੈਂ’’ ਮੈਨਾ’ ਬਣ,

ਵਿੱਚ’ ਅੰਬਰਾਂ’ ਲਾਵਾਂ ਤਾਰੀ।

2.-.-.-.-.-.-.-.-.-.-.-.-.-.-.-.-.-.-.-.-.-.-..--.-..-.-.-.-.

ਆ ਅੜਿਆ ਆ

ਚਲ ਚਲੀਏ ਉਥੇ,

ਬੱਸ ਤੂੰ ਤੇ ਮੈਂ ਹੋਈਏ ਜਿਥੇ,

ਚਲ ਆ ਹਾਣੀਆ

ਚਲੀਏ ਉਥੇ.....

ਕਿਸੇ ਪਰਬਤ ਦੇ ਪਿਛੇ,



ਕਿਸੇ ਨਦੀ ਦੇ ਪਾਰ

ਹੋਵੇ ਜਿਥੇ,

ਚਿੜੀਆਂ ਦੀ ਚਹਿਚਹਾਹਟ,

ਤੇ ਚਸ਼ਮੇ ਦੀ ਝਣਕਾਰ,

ਤੇਰੀ ਵੰਵਲੀ ਦੇ ਸੁਰ,

ਤੇ ਮੇਰੀ ਝਾਂਜਰ ਦੀ ਛਣਕਾਰ,

ਹਨੇਰੀ ਰਾਤ ਦੇ ਤਾਰੇ

ਮੋਹ ਭਿੱਜੀਆਂ ਤੰਦਾਂ ਕੱਤਣ ਜਿਥੇ,

ਮਨ ਦੀ ਹਵੇਲੀ ਦੇ ਵਿਹੜੈ,

ਧੀਆਂ ਦੇ ਹੱਕ,ਰਾਖਵੇਂ ਰੱਖਣ ਜਿਥੇ

‘ਚੰਨਾਂ’

ਤੱਕ ਔਹ ਹਾੜ ਦੀ ਦੁਪਹਿਰ,

ਚਲ ਚਲੀਏ ਉਥੇ-

ਹੋਵੇ ਨਾਂ ਰੁੱਖ ਤੇ ਮਨੁੱਖ ਦਾ ਵੈਰ ਜਿਥੇ।

ਨਾਂ ਹੋਵੇ, ਰੁੱਖ ਤੇ ਮਨੁੱਖ ਦਾ ਵੈਰ ਜਿਥੇ।

ਚਲ ਹਾਣੀਆ,ਚਲ ਚਲੀਏ ਉਥੇ।

“ ਛੱਡ ਚੰਨਾਂ,ਤਕਰਾਰ ਦੀਆਂ ਗਲਾਂ,

ਅੱਖ ਫਿਰੀ ਜਮਾਨੇ ਦੀ,

ਆ ਕਰੀਏ ਪਿਆਰ ਦੀਆਂ ਗਲਾਂ”।

## "ਆਪ ਭੀ"

ਦੋਸਤੀ ਜੁਰਮ ਨਹੀਂ ਦੋਸਤ ਬਨਾਤੇ ਰਹੀਏ
ਆਪ ਭੀ ਆਈਏ ਹਮੇਂ ਭੀ ਬੁਲਾਤੇ ਰਹੀਏ
ਸ਼ਕਲ ਤੋ ਏਕ ਆਪ ਕੇ ਜਿਹਨ ਮੇਂ ਭੀ ਹੋਗੀ
ਏਕ ਦਿਨ ਬਨ ਜਾਏਗੀ ਤਸਵੀਰ, ਬਨਾਤੇ ਰਹੀਏ।

ਆਤੇ ਜਾਤੇ ਰੋਕੇ ਮੁਝੇ ਛੇੜੈ ਮੁਝੇ ਬਾਲਮਾ
ਕਭੀ ਕਹੇ ਜਾਨ-ਏ ਜਿਗਰ,ਕਭੀ ਕਹੇ ਜਾਲਮਾ।

ਕਲ ਦੇਖਾ ਏਕ ਆਦਮੀ ਛਟਾ ਸਫ਼ਰ ਕੀ ਧੂਲ ਮੇਂ
ਗੁਮ ਥਾ ਅਪਨੇ ਆਪ ਮੇਂ,ਜੈਸੇ ਖੁਸ਼ਬੂ ਫੁਲ ਮੇਂ।

ਲੋਗ ਸਬਰ ਕੇ ਘੁੱਟ ਪੀਤੇ ਰਹੇ,
ਮੈਂ ਪ੍ਰੇਮ ਪਿਆਲਾ ਪੀ ਆਇਆ।

ਕੈਸੇ ਲਿਖੋਗੇ ਮੁਹੱਬਤ ਕੀ ਕਿਤਾਬ?
ਤੁਮ ਤੋ ਪਲ ਪਲ ਕਾ ਹਿਸਾਬ ਕਰਨੇ ਲਗੇ।

ਏਕ ਥਾ ਮੈਂ ਔਰ ਦੋ ਬਰਸਾਤੇਂ



ਬਾਦਲ ਕੇ ਸੰਗ ਆਂਖ ਭੀ ਬਰਸੇ
ਸਾਰਾ ਬਦਨ ਥਾ ਜਲ ਥਲ ਜਲ ਥਲ,
ਮਗਰ ਹੋਂਠ ਫਿਰ ਭੀ ਥੇ ਪਿਆਸੇ।
ਮੌਤ ਨੇ ਮੁਝੇ ਛੋੜ ਦਿਆ,ਜਿੰਦਗੀ ਨੇ ਮੁਝੇ ਮਾਰਾ
ਮੈਂ ਵੋ ਆਸ਼ਕ ਹੂੰ ਜਿਸੇ ਆਸ਼ਕੀ ਨੇ ਮਾਰਾ ।

ਮੁਹੱਬਤਾਂ ਦੇ ਸਫੀਰ
ਨਹੀਂ ਲੋੜੀਂਦੇ ਸ਼ਮਸ਼ੀਰ।

ਸੁੱਕੇ ਪੱਤਿਆਂ ਦਾ ਘਰ ਹੈ ਮੇਰਾ
ਆਗ ਕੇ ਸ਼ਹਿਰ ਮੇਂ ਰਹਤਾ ਹੂੰ।

ਛੋਟੇ ਹੋਤੇ ਥੇ ਤੋ ਹਮ ਜਿੰਦਗੀ ਕੇ ਸਾਥ ਖੇਲਤੇ ਥੇ
ਅਬ ਜਿੰਦਗੀ ਹਮਾਰੇ ਸਾਥ ਖੇਲਤੀ ਹੈ।

ਆਜ ਤੋ ਮੇਰੇ ਦੁਸ਼ਮਣ ਭੀ ਮੇਰੇ ਸਾਥ ਰੋਤਾ ਹੈ,
ਕੁਸ਼ ਗਿਲੇ ਤੋ ਕੰਮ ਹੋਂਗੇ ਸਾਥ ਰੋਨੇ ਸੇ।

ਕਿਆ ਥਾ ਪਿਆਰ ਜਿਸੇ ਹਮ ਨੇ ਚਾਹਾ ਜਿੰਦਗੀ ਕੀ ਤਰਹ
ਵੋ ਆਸ਼ਨਾ ਮਿਲਾ ਤੋ ਅਜਨਬੀ ਕੀ ਤਰਹ।

## "ਐੈਂਤਕੀ ਵਾਰ"

ਆਓ ਇਸ ਵਾਰ ਦੀਵਾਲੀ ਅਪਨੇ ਘਰ  ਮਨਾਈਏ
ਕਲੀ, ਚੂਨਾ, ਭਿਗੋ ਕੇ ਵਿੱਚ ਨੀਲ ਮਿਲਾਈਏ
ਪੀਲੀ ਮਿੱਟੀ ਦੀ ਕੂਚੀ ਮਾਰ ਅਪਨਾ ਘਰ ਸਜਾਈਏ
ਛੱਤ ਤੇ ਗੋਹਾ ਮਿੱਟੀ ਫੇਰ ,
ਬਨੇਰਿਆਂ ਤੇ ਦੀਵੀਆਂ ਦੀਆਂ ਪਾਲਾਂ ਲਾਈਏ,

ਭੱਜ ਭੱਜ  ਘਰ ਦੇ ਕੰਮ ਨਿਪਟਾਈਏ
ਸੌਦੇ ਪੱਤੇ ਚੋਂ ਦਸੀ,ਪੰਜੀ ਚਵਨੀ,ਅਠਨੀ,ਬਚਾਈਏ
ਤੇ ਫਿਰ ਉਹਦੀ ਕਿਸਮਤ ਪੁੜੀ ਲਾਈਏ
ਫੁੱਲਝੜੀ ਜਲਾ,ਘੁਮਾ ਘੁਮਾ
ਨਿੱਕੀ ਭੈਣ ਨੂੰ ਅੱਗੇ ਅੱਗੇ ਭਜਾਈਏ
ਆ ਅੱਜ ਅਪਨੇ ਘਰ ਦੀਵਾਲੀ ਮਨਾਈਏ

ਦਾਦੀ ਦੇ ਕੰਨ ਕੋਲ ਜਾ ਭੁਕਾਨਾ ਫਟਾਈਏ
ਬੀਜੀ ਭਾਪਾ ਜੀ ਦੀ ਮੰਜੀ ਤੇ ਬਹਿ
ਉਹ ਨਿੱਕਾ ਮਾਸੂਮ ਬੱਚਾ ਬਣ ਜਾਈਏ
ਉਸ ਅਨਭੋਲ ਜਵਾਨੀ ਚ ਝਾਤੀ ਪਾਈਏ



ਮਾਂ ਕੋਲੋਂ ਜੋ ਪੁਛਣਾ ਸੀ,ਪੁਛ ਲਈਏ
ਜੋ ਦਸਣਾ ਸੀ ਅੱਜ ਦੱਸ ਦਈਏ

ਭੁੱਲ ਗਈ ਕਹਾਣੀ ਦਾਦੀ ਦੀ ਅੱਜ ਸੁਣਨੀ ਏ
ਫੇਰ ਅੱਜ ਤਕਲੇ ਦੀ ਮਾਹਲ ਤੋੜਨੀ ਏਂ

ਨਾਂ ਪੈਸੇ ਧੇਲੇ ਦੀ ਗੱਲ,ਨਾਂ ਕੋਈ ਵੰਡ ਵੰਡਾਈ
ਤੂੰ ਮੇਰਾ ਵੱਡਾ ਵੀਰ
ਮੈਂ ਨਿੱਕੀ ਭੈਣ, ਤੇਰੀ ਮਾਂਜਾਈ
ਇਕ ਦੀਵੇ ਨਾਲ ਦੱਸ ਦੀਵੇ ਬਾਲ
ਮੋਹ ਪਿਆਰ ਦਾ ਨਿੱਘ ਵਧਾਈਏ
ਆ ਇਸ ਵਾਰ ਦੀਵਾਲੀ ਅਪਨੇ ਘਰ ਮਨਾਈਏ
ਕੁਝ ਪਲਾਂ ਲਈ ਗਵਾਚੇ ਚ ਗੁਮ ਜਾਈਏ...

ਆ ਇਕ ਦੀਵਾ ਦਿਲ ਵਿੱਚ ਜਗਾਈਏ
ਆਓ ਇਸ ਵਾਰ ਦੀਵਾਲੀ ਅਪਨੇ ਘਰ ਮਨਾਈਏ-----

"ਚਲਦੇ ਚਲਦੇ—ਹਮ ਨੇ ਦੇਖਾ ਹੈ ਐਸੇ ਖੁਦਾਓਂ ਕੋ
ਜਿਨ ਕੇ ਸਾਮਨੇ "ਵੋ ਖੁਦਾ" ਕੁਛ ਭੀ ਨਹੀਂ"

## "ਹਵਾਈ ਸਫ਼ਰ ਦੌਰਾਨ ਦੇਖਿਆ ਮੰਜਰ"

ਬਹੁਤਿਆਂ ਦੇ ਸਪਨਿਆਂ ਦੀ ਮਲਿਕਾ ਤੇ ਮੰਜਲਾਂ ਦੀ ਧਰਤੀ ਅਮਰੀਕਾ ਵੇਖਣ ਦਾ ਸਪਨਾ ਮੈਂ ਕਦੀ ਨਹੀਂ ਸੀ ਵੇਖਿਆ ਕਿਉਂਕਿ ਮੈਨੂੰ ਕਦੀ ਵੀ ਅਹਿਸਾਸ ਨਹੀਂ ਸੀ ਹੋਇਆ ਕਿ ਮੇਰੀ ਇੰਨੀ ਔਕਾਤ ਹੈ। ਮੈਂ ਜਿੰਨੀ ਵਾਰ ਵੀ ਅਮਰੀਕਾ ਗਈ ਹਰ ਵਾਰ ਵੱਖਰੇ ਤੇ ਨਵੇਂ ਅਨੁਭਵ ਮਿਲੇ।ਵਕਤਨ ਪਵਕਤਨ ਅਪਨਾ ਦੇਸ਼ ਯਾਦ ਆ ਜਾਂਦਾ ਖਾਸ ਕਰ ਜਦ ਜਦ ਉਥੇ ਅਨੁਸ਼ਾਸਨ ਦਾ ਬੋਲ ਬਾਲਾ ਵੇਖਦੇ ਤਾਂ ਅਪਣੇ ਦੇਸ਼ ਦੀ ਪੈਰ ਪੈਰ ਤੇ ਅਨੁਸ਼ਾਸਨਹੀਣਤਾ ਮਨ ਵਲੂੰਧਰ ਦੇਂਦੀ,ਪਰ ਇਸ ਵਾਰ ਜੋ ਅਨੁਭਵ ਮਿਲਿਆ,ਅੱਖੀਂ ਵੇਖ ਕੇ ਮਨ ਮਸੋਸਿਆ ਗਿਆ,ਸ਼ਾਇਦ ਪੜ੍ਹਨ ਸੁਣਨ ਵਾਲੇ ਦੇ ਦੀਦੇ ਵੀ ਨਮ ਹੋ ਜਾਣ.....!

ਵਾਕਿਆ ਕੁਝ ਇਸ ਤਰਾਂ ਹੈ---ਇਕ ਅੱਸੀ ਕੁ ਸਾਲ ਦੀ ਔਰਤ ਜਿਸਦੀ ਡੀਲ ਡੌਲ ਫਫਤੇ ਹੁਲੀਏ ਤੋਂ ਲਗਦਾ ਸੀ ਕਿ ਅਪਨੇ ਵਕਤ ਦੀ ਹਸੀਨਾ ਬਹੁਤੇ ਗਭਰੂਆਂ ਦੇ ਦਿਲ ਦੀ ਧੜਕਨ ਰਹੀ ਹੋਵੇਗੀ।ਜੋ ਹੁਣ ਵੀ ਇੰਨੀ ਸੋਹਣੀ ਸੀ ਕਿ ਚਾਹੀ ਜਾਵੇ,ਪਰ ਪਤਾ ਨਹੀਂ ਕੀ ਹੋਇਆ ਕਿ ਉਸ ਦਾ ਬੇਟਾ ਉਸਨੂੰ ਏਅਰਪੋਰਟ ਛਡ ਕੇ ਨਸ ਗਿਆ।ਉਸ ਕੋਲ ਪਾਸਪੋਰਟ ਤੇ ਟਿਕਟ ਤਾਂ ਸੀ ਬਾਕੀ ਲੋੜੀਦੇ ਪੇਪਰ ਵੀ ਸਨ,ਬਸ ਨਹੀ ਸੀ ਤੇ ਉਸਨੂੰ ਆਪਣੀ ਹੋਸ਼ ਨਹੀਂ ਸੀ।ਸਕਿਉਰਟੀ ਵਾਲਾ ਕਰਮਚਾਰੀ ਉਸਨੂੰ ਵੀਲ੍ਹਚੇਅਰ ਤੇ ਲਿਆ ਕੇ ਉਸਦੇ ਦਸਖ਼ਤ ਕਰਾ ਕੇ ਉਸਦੇ ਦੋ ਨਿਕੇ ਜਿਹੇ ਖਾਲੀ ਬੈਗ ਤੇ ਸੋਟੀ ਫੜ ਕੇ ਆਪਣੇ ਸਹਾਰੇ ਨਾਲ ਉਤਾਰ ਕੇ ਦਿਲੀ ਜਾਣ ਵਾਲੇ ਜਹਾਜ ਦੈ ਕਾਉਂਟਰ ਤੇ ਛਡਣ ਆਇਆ,ਉਹ ਉਤਰਨਾ ਨਹੀਂ ਚਾਹੁੰਦੀ ਸੀ ਬਸ ਇਕ ਹੀ ਬਾਤ ਕਹੀ ਜਾ ਰਹੀ ਸੀ ਮੈਂ ਘਰ ਜਾਣਾ ਹੈ,ਮੈਂ ਅੱਗੇ ਹੋ ਕਿ ਕਰਮਚਾਰੀ ਦੀ ਮਦਦ ਨਾਲ ਉਸਨੂੰ ਉਤਾਰ ਕੇ ਕੁਰਸੀ ਤੇ ਬਿਠਾ ਦਿੱਤਾ।ਮੈਨੂੰ ਹੈਰਾਨੀ ਹੋਈ ਕਿ ਉਹ ਅੰਗਰੇਜ਼ ਕਰਮਚਾਰੀ ਹਿੰਦੀ ਬੋਲ ਰਿਹਾ ਸੀ ,ਉਸਨੇ ਹਿੰਦੀ ਵਿੱਚ ਕਿਹਾ:-

ਮੈਡਮ ਅਪਨੇ ਪੇਪਰ ਤੇ ਪਰਸ ਸੰਭਾਲ ਲੋ"।ਉਹ ਔਰਤ ਕੁਝ ਬੋਲ ਰਹੀ ਸੀ,ਮੈਂ ਸੁਣ ਰਹੀ ਸੀ,ਇਕ ਲੜਕਾ ਮੇਰੇ ਕੋਲ ਆਇਆ ਤੇ ਉਸ ਨੇ ਮੈਨੂੰ ਦਸਿਆ ਕਿ ਇਹ ਅਪਣੇ ਹੋਸ਼ ਵਿਚ ਨਹੀਂ ਹੈ,ਇਹ ਤੁਹਾਡੀ ਕੋਈ ਗਲ ਨਹੀਂ ਸਮਝਦੀ।ਮੇਰੀ ਉਤਸਕਤਾ ਵੱਧ ਗਈ,ਤੇ ਮੈਂ ਉਸ ਨੂੰ ਪੁਛਿਆ ਤੈਨੂੰ ਕਿਵੇਂ ਪਤਾ? ਉਸ ਨੇ ਦਸਿਆ ਕਿ ਇਹ ਸਾਡੇ ਨਾਲ ਪਿਛੋ ਸਾਡੇ ਸ਼ਹਿਰ ਤੋਂ ਸਾਡੇ ਜਹਾਜ ਵਿੱਚ ਹੀ ਆਈ ਹੈ,ਇਸ ਤਰਾਂ ਆਪਣੇ ਆਪ ਹੀ ਬੋਲੇ ਜਾ ਰਹੀ ਹੈ।ਮੇਰੀ ਮਾਂ ਮੇਰੇ ਨਾਲ ਹੈ,ਅਸੀਂ ਸਮਝਦੇ ਹਾਂ ਇਹ ਮਾਨਸਿਕ ਰੋਗੀ ਹੈ। ਮੈਂ ਪੁਛਿਆ ਫਿਰ ਇਹ ਇਥੋਂ ਤਕ ਕਿਵੇਂ ਪਹੁੰਚੀ? ਉਸ ਨੇ ਕਿਹਾ ਇਸ ਨੂੰ ਕੋਈ ਏਅਰਪੋਰਟ ਸਕਿਉਰਟੀ ਦੇ ਹਵਾਲੇ ਕਰ ਚਲਾ ਗਿਆ। ਮੈਂ ਪੁਛਿਆ,ਕੀ ਇਸ ਕੋਲ ਪਾਸਪੋਰਟ ਤੇ ਟਿਕਟ ਹੈ? ਉਸਨੇ ਦਸਿਆ ਹਾਂ ਸੱਭ ਕੁਝ ਹੈ।ਉਹ ਔਰਤ ਬੋਲ ਰਹੀ



ਸੀ ,ਮੈਂ ਸਾਰੇ ਬਚਿਆਂ ਲਈ ਕਪੜੈ ਤੇ ਸਮਾਨ ਲਿਆ,ਮੇਰੀ ਨੂੰਹ ਉਤੇ ਬਿਸਤਰਾ ਮੂਧਾ ਮਾਰ ਕੇ ਸੌਂ ਗਈ।ਮੇਰੇ ਮੁੰਡੇ ਨੂੰ ਕੀਲਿਆ ਉਸ ਨੇ,ਮੈਨੂੰ ਘਰ ਨਹੀਂ ਰਹਿਣ ਦੇਂਦੀ,ਨਿਕੇ ਮੁੰਡੇ ਦਾ ਫੋਨ ਆਇਆ,ਝਾਈ ਤੂੰ ਘਰ ਆ ਫਿਰ ਵੇਖਦੈਂ।ਮੈਂ ਘਰ ਜਾਣਾ।ਚੰਗਾ ਭੇਣਜੀ ਮੈਂ ਘਰ ਚਲਦੀ,ਉਹ ਬਾਰ ਬਾਰ ਆਪਣੀ ਸੋਟੀ ਚੁਕ ਕੇ ਤੁਰ ਪੈਂਦੀ ਤੇ ਮੈਂ ਬਾਰ ਬਾਰ ਉਸ ਨੂੰ ਫੜ ਕੇ ਬਿਠਾਉਂਦੀ।ਉਸਦੇ ਬੋਲਾਂ ਤੋਂ ਪਤਾ ਲਗਦਾ ਸੀ ਉਹ ਫਿਰੋਜ਼ਪੁਰ ਦੀ ਰਹਿਣ ਵਾਲੀ ਹੈ,ਤੇ ਅਮਰੀਕਾ ਰਹਿੰਦੇ ਮੁੰਡੇ ਕੋਲ ਚਾਅਵਾ ਨਾਲ ਆਈ ਹੋਵੇਗੀ ਜੋ ਅਮਰੀਕਨ ਪੁਤਰ ਅਪਣੀ ਮਾਨਸਿਕ ਰੋਗੀ ਮਾਂ ਨੂੰ ਏਅਰਪੋਰਟ ਛੱਡ ਤੁਰਦਾ ਬਣਿਆ।ਕੋਲ ਸੁਣਦੇ ਸਾਰੇ ਮੂੰਹ ਵਿੱਚ ਉਂਗਲੀ ਪਾ ਰਹੇ ਸਨ,'ਐਸਾ ਕਪੁੱਤਰ'।ਇਕ ਭਾਰਤੀ ਨੇ ਤੇ ਕਹਿ ਹੀ ਦਿੱਤਾ,ਇਥੇ ਤੇ ਇਹਨੂੰ ਸਕਿਉਰਟੀ ਹੈ,ਦਿੱਲੀ ਜਾ ਕੇ ਇਹਦਾ ਕੀ ਬਣੇਗਾ ਉਥੇ ਇਹਨੂੰ ਕਿਹਨੇ ਪੁਛਣਾ? ਉਹ ਫਿਰ ਉਠ ਕੇ ਤੁਰਨ ਲਗੀ,ਅਸੀਂ ਫਿਰ ਉਸ ਨੂੰ ਲਾਰਾ ਲਾ ਕੇ ਬਿਠਾਇਆ।

ਦਿੱਲੀ ਵਾਲਾ ਜਹਾਜ ਉਡਣ ਵਿੱਚ ਅਜੇ ਦੋ ਘੰਟੇ ਬਾਕੀ ਸੀ।ਮੈਂ ਉਸ ਲੜਕੇ ਕੋਲ ਗਈ ਤੇ ਮੈਂ ਉਸ ਨੂੰ ਕਿਹਾ ਕਿ ਆਪਾਂ ਇਸ ਬਦਨਸੀਬ ਮਾਂ ਨੂੰ ਸਕਿਉਰਟੀ ਦੇ ਸਪੁਰਦ ਕਰ ਦੇਈਏ ਵਰਨਾ ਇਹ ਰੁਲ ਜਾਏਗੀ।

ਉਸ ਨੇ ਦਸਿਆ ਕਿ ਉਹ ਅਮਰੀਕਾ ਦਾ ਰਹਿਣ ਵਾਲਾ ਹੈ ਤੇ ਅਪਣੀ ਮਾਂ ਨੂੰ ਦੇਸ਼ ਛਡਣ ਜਾ ਰਹਾ ਹੈ।ਉਸਦੀ ਮਾਂ ਕੋਲ ਹੀ ਬੈਠੀ ਸੀ,ਉਸ ਨੇ ਵੀ ਮੇਰੀ ਹਾਮੀ ਭਰੀ ਤੇ ਅਪਣੇ ਬੇਟੇ ਨੂੰ ਕਿਹਾ ਇਹ ਭਲਾ ਕਰਨਾ ਚਾਹੀਦਾ ਹੈ।ਲੜਕੇ ਨੇਂ ਮੈਨੂੰ ਕਿਹਾ ਤੁਸੀਂ ਬੈਠੋ ਮੈਂ ਕੁਝ ਕਰਦੈਂ,ਤੇ ਉਹ ਸਕਿਉਰਟੀ ਮੈਨ ਕੋਲ ਗਿਆ ਉਸਨੂੰ ਸੱਭ ਸਮਝਾਇਆ,ਕੁਝ ਹੀ ਦੇਰ ਬਾਦ ਅੰਗਰੇਜ਼ ਕਰਮਚਾਰੀ ਵੀਲ੍ਹਚੇਅਰ ਲੈ ਕੇ ਉਸ ਮਾਂ ਨੂੰ ਲੈਣ ਆ ਗਿਆ।

ਮਾਂ ਨੇ ਬੈਠਣ ਤੋਂ ਨਾਹ ਕਰ ਦਿੱਤੀ ਕਿ ਮੈਂ ਤੇ ਘਰ ਜਾਣੈ।

ਅਸੀਂ ਸਮਝਾਇਆ ਕਿ ਦਿਲੀ ਵਾਲੇ ਜਹਾਜ ਤੇ ਬੈਠ ਕੇ ਘਰ ਜਾਵਾਂਗੇ।

ਹੁਸੜੀ ਹੋਈ ਮਾਂ ਰੋਣਹਾਕੀ ਹੋ ਕੇ ਬੋਲੀ ਮੈਂ ਨਹੀਂ ਜਾਣਾ ਦਿੱਲੀ ਦੁਲੀ ਮੈਂ ਘਰ ਜਾਣਾ ਅੱਗੇ ਵੀ ਮੈਂ ਦਿੱਲੀ ਗਈ ਸੀ ਮੇਰਾ ਘਰ ਕਿਥੇ ਗਿਆ ਮੈਂ ਘਰ ਜਾਣੈ ਮੇਰੇ ਨਿਕੇ ਮੁੰਡੇ ਦਾ ਫੋਨ ਅਇਆ ਝਾਈ ਘਰ ਆ ਫਿਰ ਵੇਖਦੇਂ।

ਮੈਂ ਕਿਹਾ ਚਲੋ ਮਾਂ ਘਰ ਚਲਦੇ ਹਾਂ।ਉਸ ਨੇ ਕਿਹਾ ਤੂੰ ਮੇਰੇ ਨਾਲ ਚਲ,ਮੈਨੂੰ ਉਹਨੇ ਵੜਨ ਨੀ ਦੇਣਾ ਮੇਰਾ ਮੰਜਾ ਵੀ ਬਾਹਰ ਸੁੱਟ ਦਿੱਤਾ ਉਹਨੇ। ਮੈਂ ਕਿਹਾ ਮੈਂ ਵੀ ਆਉਨੀ ਤੁਹਾਡੇ ਨਾਲ ਚਲੋ ਕੁਰਸੀ ਤੇ ਬੈਠੋ।

ਫਿਰ ਉਹ ਵਿਰਚ ਗਈ ਤੇ ਉਸ ਨੂੰ ਜਹਾਜ ਵਿੱਚ ਬਿਠਾ ਕੇ ਦਿਲੀ ਲੈ ਆਂਦਾ ਗਿਆ,ਰਾਹ ਵਿੱਚ ਏਅਰਹੋਸਟਸ ਨੇ ਉਸਦਾ ਪੂਰਾ ਧਿਆਂਨ ਰੱਖਿਆ,ਭਾਵੇ ਉਹ ਅੰਗਰੇਜ਼ੀ ਭਾਸ਼ਾਂ ਨਹੀਂ ਸਮਝਦੀ ਤੇ ਨਾਂ ਕੁਝ ਸਮਝਾ ਸਕਦੀ ਸੀ।ਜਿੰਨੀ ਦੇਰ ਉਹ ਸੁਤੀ ਰਹੀ,ਚੁਪ ਰਹੀ ਫਿਰ ਉਠੀ ਤੇ ਪੂਰੇ ਜਹਾਜ ਵਿੱਚ ਟਹਿਲਣ ਲਗ ਪਈ ਤੇ ਇਹੋ ਬੋਲ ਰਹੀ,

ਮੈਂ ਡਿਗ ਪਈ ਸੀ ਤੇ ਮੇਰੀਆਂ ਪਸਲੀਆਂ ਬਹੁਤ ਦੁਖਦੀਆਂ,ਮੇਰੀ ਲੱਕ ਦੀ ਹੱਡੀ ਤਿੜਖ ਗਈ,ਮੈਂ ਘਰ ਜਾਣਾ।

ਮੈਨੂੰ ਚਿੰਤਾ ਹੋਈ ਕਿ ਦਿਲੀ ਜਾ ਕੇ ਇਸਦਾ ਕੀ ਬਣੇਗਾ ਇਸਨੂੰ ਕੋਈ ਲੈਣ ਵੀ ਆਇਆ ਹੋਵੇਗਾ ਜਾਂ ਨਹੀਂ? ਜਹਾਜ ਵਿੱਚ ਬਹੁਤ ਠੰਢ ਹੁੰਦੀ ਹੈ,ਏਅਰਹੋਸਟਸ ਉਸਨੂੰ ਸ਼ਾਲ ਉੜ੍ਹਾ ਜਾਂਦੀ।

ਦਿਲੀ ਬਹੁਤ ਗਰਮੀ ਸੀ ਉਹਨੂੰ ਕਰਮਚਾਰੀ ਏਅਰਪੋਰਟ ਤੋਂ ਬਾਹਰ ਲਿਆ ਰਿਹਾ ਸੀ ਤੇ ਉਸ ਨੇ ਗਰਮ ਜਰਸੀ ਪਾਈ ਹੋਈ ਸੀ।ਮੈਂ ਚਾਹੁੰਦੀ ਸੀ ਅੱਗੇ ਹੋ ਕੇ ਉਸਦੀ ਜਰਸੀ ਉਤਰਵਾ ਦਿਆਂ ਤੇ ਨਾਲੇ ਵੇਖਾਂ ਉਸਨੂੰ ਕੋਈ ਲੈਣ ਅਇਆ ਹੈ ਜਾਂ ਨਹੀਂ ਜਾਂ ਫਿਰ ਉਸਦਾ ਕੋਈ ਪ੍ਰਬੰਧ ਕਰੀਏ,ਪਰ ਮੇਰੇ ਸਾਥੀ ਨੇ ਮੇਰੀ ਰਾਹ ਰੋਕ ਲਈ,ਕਿ ਤੂੰ ਜਰੂਰ ਪੰਗਾ ਲੈਣਾ,ਇਥੇ ਭਲੇ ਦਾ ਜਮਾਨਾ ਨਹੀਂ ਕਰ ਭਲਾ ਤੇ ਖਾ ਜੁੱਤੀਆਂ,

"ਚਲ ਚਲ ਬੱਚ ਕੇ ਨਿਕਲ ਜਾ ਇਸ ਬਸਤੀ ਮੇਂ ਕਰਤਾ ਮੁਹੱਬਤ ਕੋਈ ਨਹੀਂ"।

ਮੇਰੇ ਭਲੇ ਦੇ ਅਟੈਕ ਨੂੰ ਇਕ ਹੀ ਵਾਕ ਨਾਲ ਮੇਰੇ ਸਾਥੀ ਨੇ ਸ਼ਾਂਤ ਕਰ ਦਿੱਤਾ। ਮੈਂ ਤਾਂ ਇਹੋ ਸਮਝਦੀ ਸੀ,ਕਰ ਭਲਾ ਸੋ ਹੋ ਭਲਾ,-

"ਤੂੰ ਜੀ ਐ ਦਿਲ ਜਮਾਨੇ ਕੇ ਲਿਏ"।

ਅੱਜ ਵੀ ਦੱਸ ਸਵਾਲ ਇਸ ਮਾੜੇ ਜਿਹੇ ਜਿਹਨ ਨੂੰ ਸਤਾ ਰਹੇ ਹਨ,ਕੀ ਬਣਿਆ ਹੋਵੇਗਾ ਉਸ ਮਾਂ ਦਾ? ਹਾਂ ਮਾਂ ਜਿਸਨੂੰ ਇੰਨੀ ਹੋਸ਼ ਵੀ ਨਹੀਂ ਕਿ ਜਿਸ ਸਾਏ ਤਲੇ ਉਹ ਬੈਠੀ ਸੀ ਉਹ ਤੇ ਖੁਦ ਧੁੱਪ ਵਿੱਚ ਖੜਾ ਹੈ।

ਨਿਸਬਤਨ,ਨਾਲ ਦੇ ਪਾਸੇ ਇਕ ਬੁੱਢੀ ਮਾਂ ਸੀ ਜਾਂ ਦਾਦੀ ਸੀ,ਜੋ ਇਕ ਲੱਤ ਤੋ ਥੋੜੀ ਅਪਾਹਜ ਵੀ ਸੀ, ਉਸ ਦੇ ਨਾਲ ਇਕ ਨੌਜਵਾਨ ਰਿਸ਼ਟ ਪੁਸ਼ਟ ਮੋਟਾ ਤਾਜ਼ਾ ਲੜਕਾ ਸੀ ਜੋ ਭਾਸ਼ਣ ਦੇ ਰੂਪ ਵਿੱਚ ਆਪੇ ਬੋਲੇ ਜਾ ਰਿਹਾ ਸੀ,ਨਾਲ ਨਾਲ ਉਹ ਠੰਢਾ ਤੱਤਾ ਖੱਟਾ ਮਿੱਠਾ ਖਾਏ ਚਲਾ ਜਾ ਰਿਹਾ ਸੀ।ਮਾਂ ਡਾਂਟਤੀ ਸੀ ਤਾਂ ਹੱਸ ਪੈਂਦਾ ਸੀ।ਮਾਂ ਉਸ ਨੂੰ ਛੋਟੇ ਬਾਲ ਦੀ ਤਰਾਂ ਨਾਲ ਨਾਲ ਲਈ ਫਿਰਦੀ ਸੀ।ਉਹ ਏਸ਼ੀਆ ਦੇ ਕਿਸ ਮੁਲਕ ਦੇ ਸਨ ਪਤਾ ਨਹੀਂ ਪਰ ਉਹਨਾਂ ਦੀ ਬੋਲੀ ਸਮਝ ਨਹੀਂ ਸੀ ਆ ਰਹੀ,ਥੋੜੈ ਅੰਦਾਜੇ ਨਾਲ ਹੀ ਮੈ ਉਹਨਾ ਦੇ ਬੋਡਿਗ ਪਾਸ ਤੋਂ ਕੁਝ ਦੱਸ ਸਕੀ।ਉਹ ਰਿਸ਼ਟ



ਪੁਸ਼ਟ ਗਭਰੂ ਮੈਂਟਲੀ ਰਿਟਾਰਡ ਜਾਪਦਾ ਸੀ।ਪਰ ਮਾਂ ਦਾ ਦਿਲ ਵੇਖੋ ਉਹ ਔਖੀ ਹੋ ਕੇ ਬੇਗਾਨੀ ਧਰਤੀ ਤੇ ਨੀਮ ਪਾਗਲ ਨੌਜਵਾਨ ਨੂੰ ਸਹਾਰਾ ਦੇ ਰਹੀ ਸੀ।ਇਹ ਮਾਂ ਦਾ ਦਿਲ ਸੀ:-

ਤਸਵੀਰ ਦਾ ਦੂਜਾ ਰੁੱਖ,ਕਪੂਤਰ ਲੋੜਵੰਦ ਮਾਂ ਨੂੰ ਲਾਵਾਰਸ ਛੱਡ ਗਾਇਬ ਹੋ ਗਿਆ।

ਉਸੀ ਦਿਨ ਉਸੀ ਜਹਾਜ ਵਿੱਚ -ਦਿੱਲੀ ਅਜੇ ਚਾਰ ਘੰਟੇ ਦੂਰ ਸੀ ਕਿ ਇਕ ਸੱਠ ਬਾਹਠ ਸਾਲਾ ਸਖ਼ਸ ਬਾਥਰੂਮ ਗਿਆ ਜਦ ਕਾਫੀ ਦੇਰ ਬਾਹਰ ਨਾਂ ਅਇਆ ਤਾਂ ਡਿਊਟੀਮੈਨ ਨੇ ਦਰਵਾਜਾ ਕੱਟ ਦਿੱਤਾ ਤੇ ਦੇਖਿਆ ਉਹ ਵਿਅਕਤੀ ਅੰਦਰ ਹਾਰਟ ਅਟੈਕ ਹੋ ਜਾਣ ਕਾਰਨ ਡਿਗਾ ਪਿਆ ਸੀ।

ਇਤਫਾਕੀਆ ਹੀ ਇਕ ਲੇਡੀ ਤੇ ਇਕ ਮੇਲ ਡਾਕਟਰ ਵੀ ਯਾਤਰਾ ਵਿਚ ਸਨ।ਜਹਾਜ ਦੇ ਅਮਲੇ ਵਿੱਚ ਮੈਡੀਕਲ ਟੀਮ ਵੀ ਹੁੰਦੀ ਹੈ,ਸੱਭ ਨੇ ਮਿਲ ਕੇ ਉਸ ਨੂੰ ਫਸਟ ਏਡ,ਚੈਸਟ ਦਬਾਈ ਮੂੰਹ ਚ ਸਾਹ ਪਾਏ,ਇੰਨੇ ਨੂੰ ਆਕਸੀਜਨ ਸਿਲੰਡਰ ਤਿਆਰ ਹੋ ਗਿਆ,ਸੱਚੇ ਦਿਲ ਦਿਮਾਗਾਂ ਦੀ ਮਿਹਨਤ ਰਾਸ ਆਈ ਤੇ ਹੋਣੀ ਟੱਲ ਗਈ ਤੇ ਬੀਕਾਨੇਰ ਦਾ ਰਹਿਣ ਵਾਲਾ ਵਿਅਕਤੀ ਮੌਤ ਨੂੰ ਹਰਾ ਕੇ ਮੁੜ ਆਇਆ ਜਾਂ ਫਿਰ ਸਾਰੇ ਜਿਵੇਂ ਕਹਿੰਦੇ 'ਵਧੀ ਸੀ ਉਹਦੀ'।

ਗੂੜ੍ਹੀ ਨੀਂਦ ਵਿੱਚ ਵੇਖੈ ਭਿਆਨਕ ਸਪਨੇ ਤੋਂ ਬਾਦ ਨਿਕਲੀ ਚੀਕ ਦੀ ਤਰਾਂ ਜਿਵੇਂ ਉਹ ਉਠ ਖੜਿਆ।ਆਸ ਪਾਸ ਬੈਠਿਆਂ ਦੇ ਘੁਟੇ ਸਾਹ ਵੀ ਸੁਖਾਲੇ ਹੋਏ।

ਦਿੱਲੀ ਉਤਰ ਕੇ ਮੈਂ ਉਸ ਪੁਨਰ ਜਨਮੇ ਨੂੰ ਮਿਲਣਾ ਚਾਹੁੰਦੀ ਸੀ ਉਸ ਦਾ ਹਾਲ ਪੁਛ ਕੇ ਉਸ ਕੋਲੋਂ ਭਿਆਨਕ ਸਪਨੇ ਦਾ ਅਨੁਭਵ ਇਕੱਠਾ ਕਰਨਾ ਚਾਹੁੰਦੀ ਸੀ,ਪਰ ਹਾਏ ਇਹ ਦੁਨੀਆ-

ਫਿਰ ਇਹ ਦੁਨੀਆ ਮੇਰੇ ਆੜੇ ਆ ਵੱਜੀ।

ਕਿ ਕਲੀਅਰੈਂਸ ਚੋਂ ਫਾਰਗ ਹੁੰਦੇ ਤੱਕ ਪਤਾ ਹੀ ਨਾ ਲਗਾ ਉਹ ਕਿਧਰ ਨਿਕਲ ਗਿਆ,ਹਾਂ ਮੈਂ ਉਸ ਨੂੰ ਅਮਲਾ ਮੈਂਬਰ ਨਾਲ ਬਾਹਰ ਆਉਂਦੇ ਹੀ ਵੇਖਿਆ।

ਦੱਸ ਜੁਲਾਈ ਦੇ ਇਹ ਦੋਨੋ ਵਾਕਿਆ ਜਿਹਨ ਤੇ ਗਹਿਰੀ ਛਾਪ ਛੱਡ ਗਏ। ਮੇਰਾ ਇਹ ਅਨੁਭਵ ਇਕ ਔਖਾ ਤੇ ਅਭੁੱਲ ਪ੍ਰਸ਼ਨ ਹੋ ਨਿਬਿੜਿਆ ਹੈ-।

"ਸਫ਼ਰ ਮੇਂ ਮਿਲਤੇ ਹੈਂ ਅਜਨਬੀ,

ਥੋੜੇ ਦੁਸ਼ਟ,ਥੋੜੈ ਭਲੇ,ਥੋੜੇ ਮਤਲਬੀ"॥

## ‘‘ਬੇਨਤੀ‘‘

ਮਾਏ ਮੇਰੀਏ ਨੀ ਮੇਰੀਏ ਮਾਏ
ਮੈਂ ਆਖ ਰਹੀ ਮੈਂ ਵੇਖ ਰਹੀ
ਬੇਨਤੀਆਂ ਕਰਾਂ ਵਾਸਤੇ ਪਾਵਾਂ
ਤੈਥੋਂ ਬਲਿਹਾਰੀ ਜਾਵਾਂ
ਨਾਂ ਕੱਢੀਂ ਮੈਨੂੰ ਆਪਣੀ ਕੁੱਖ ਚੋਂ ਬਾਹਰ
ਰੱਬ ਦੇ ਵਾਸਤੇ ਨਾਂ ਕੱਢੀਂ
ਮੈਨੂੰ ਕੁੱਖ ਵਿਚੋਂ ਬਾਹਰ।
ਜੀਅ ਤਾਂ ਮੇਰਾ ਕਰਦੈ,ਬਹੁਤ
ਤੇਰੀ ਰੰਗਲੀ ਦੁਨੀਆ ਵੇਖਣ ਨੂੰ
ਪਰ ਬਾਸ਼ਿੰਦੇ ਤੇਰੀ ਦੁਨੀਆ ਵਾਲੇ
ਨਹੀਂ ਚਾਹੁੰਦੇ ਮੈਨੂੰ ਵੇਖਣ ਨੂੰ

ਮੂਰਖ ਆਖਣ -ਕੁੱਖ ਤੇਰੀ ਹੈ
ਨਰਕ ਦੀ ਕੁੰਭੀ
ਮੈਂ ਆਖਾਂ,ਮੇਰੇ ਲਈ ਹੈ-
ਸਵਰਗਾਂ ਦੀ ਚੁੰਘੀ
ਮੈਂ ਆਖ ਰਹੀ ਮੈਂ ਵੇਖ ਰਹੀ.ਮਾਂ ਨਾਂ.....
ਵਹਿਸ਼ੀ ਬੈਠੇ ਨੇ ਬਾਹਰ ਝਾਕ ਲਗਾਅ



ਮੇਰੀ ਧੀਏ ਲਾਡੋ ਰਾਣੀਏ
ਮੇਰੇ ਵੱਸ ਵਿੱਚ ਕੁਝ ਨਾਂਅ
ਮੈਂ ਆਪਣਾ ਆਪ ਨਾ ਸਾਂਭ ਸਕਾਂ
ਤੈਨੂੰ ਕਿਵੇਂ ਮੈ ਲਵਾਂ ਬਚਾਅ
ਤੈਨੂੰ ਰਾਜੀ ਖੁਸ਼ੀ ਵੇਖਣਾ
ਮੇਰੀ ਦਾਤੇ ਅੱਗੇ ਦੁਆ,ੴ
ਮਾਏ ਮੇਰੀਏ ਨੀ ਮੇਰੀਏ ਮਾਏ
ਦੋਵੇਂ ਪੈਰ ਜੁੜੇ ਮੇਰੇ,ਮੈਂ ਹੱਥ ਵੀ ਜੋੜਾਂ
ਸਿਰ ਮੱਥੇ ਤੇਰੀ ਵਾਣੀ,ਮੈਂ ਕਦੇ ਨਾਂ ਮੋੜਾਂ

ਤੂੰ ਜਾਣੇ’ ਹਾਂ ਮੈ ਬਾਬਲ ਦੀ ਪਿਆਰੀ
ਵੀਰੇ ਤੋਂ ਮੈ ਜਾਵਾਂ ਸਦਕੇ ਵਾਰੀ—
ਮਾਂ ਤੈਥੋਂ ਮੈਂ ਬਲਿਹਾਰੀ
ਮੰਨ ਲੈ ਮੇਰੀ ਅਰਜ਼
ਮੈਨੂੰ ਰੱਖ ਲੈ ਆਪਣੇ ਪਾਸ
ਨਾਂ ਕੱਢੀਂ ਨੀ ਮਾਏ ਨਾਂ ਕੱਢੀਂ
ਮੈਨੂੰ ਆਪਣੀ ਕੁੱਖ ਚੋਂ ਬਾਹਰ

## ''ਬੋਲ ਤੂੰ ਮਿਠੜੈ ਬੋਲ''

ਜਾਨੇ -ਕੈਸਾ ਜਾਦੂ ਕੀਆ ਤੇਰੀ ਮੀਠੀ ਬਾਤ ਨੇ,

ਛੋਟਾ ਸਾ ਜੀਆ ਲੀਆ ਪਹਿਲੀ ਮੁਲਾਕਾਤ ਨੇ॥

ਤੇਰੇ ਮਿਠੜੈ ਨੇ ਲਗਦੇ ਬੋਲ,ਚੌਕੀਦਾਰਾ ਲੈ ਲੈ ਹਾਣੀਆ-

ਬੋਲ ਤੂੰ ਮਿਠੜੈ ਬੋਲ ਸੋਹਣਿਆ-ਬੋਲ ਤੂੰ.......................................

'ਬਾਬਾ ਨਾਨਕ' ਦੀ ਬਾਣੀ ਦਸਦੀ ਹੈ,'ਮਿੱਠਤ ਨੀਂਵੀਂ ਨਾਨਕਾ,ਗੁਣ ਚੰਗਿਆਈਆਂ ਤੱਤ'

"ਨਾਨਕ ਫਿੱਕਾ ਬੋਲੀਏ ਤਨ ਮਨ ਫਿੱਕਾ ਹੋਇ"

ਮਿੱਠਾ ਬੋਲਣ ਨਾਲ ਔਗੁਣ ਵੀ ਗੁਣ ਬਣ ਸਕਦਾ ਹੈ,ਗੁਨਾਹ ਵੀ ਮਾਫ਼ ਹੋ ਸਕਦਾ ਹੈ।

ਦੂਸਰਿਆਂ ਨੂੰ ਫਿੱਕਾ ਬੋਲਣ ਵੇਲੇ ਆਪਣਾ ਖੂਨ ਵੀ ਕੁਸੈਲਾ ਹੋਣ ਲਗਦਾ ਹੈ।

ਜੀਭ/ਜੁਬਾਨ ਖਾਣੇ ਦੇ ਸਵਾਦ ਨਾਲ, ਭਾਸ਼ਾ ਕਹਿਣ ਦਾ ਸਾਧਨ ਹੈ।ਕੁਦਰਤ ਨੇ ਸਾਰੇ ਜਾਨਦਾਰਾਂ ਨੂੰ ਜੀਭ ਜਰੂਰ ਦਿੱਤੀ ਹੈ।ਆਪਣੇ ਜਜਬਾਤ,ਆਪਣੀ ਭਾਵਨਾਵਾਂ ਬੋਲ ਕੇ ਜਾਹਰ ਕਰਨ ਲਈ ਜੁਬਾਨ ਕੰਮ ਆਉਂਦੀ ਹੈ।ਇਹ ਕੰਮ ਕਿਵੇਂ ਨੇਪਰੇ ਚਾੜ੍ਹਦੀ ਹੈ,ਇਹ ਇਸ ਦੇ ਬੋਲਾਂ ਤੇ ਨਿਰਭਰ ਕਰਦਾ ਹੈ।

ਇਹੋ ਜੁਬਾਨ ਤਖ਼ਤ ਬਿਠਾਵੇ,ਇਹੋ ਜੁਬਾਨ ਭੁੰਞੈ ਲਾਹਵੇ"

ਜੁਬਾਨ ਰਿਸ਼ਵਤ,ਚਾਪਲੂਸੀ,ਖੁਸ਼ਾਮਦ,ਵਡਿਆਈ ਦਾ ਕੰਮ ਵੀ ਕਰਦੀ ਹੈ,ਕਈ ਵਾਰ ਤਾਂ ਨਾਂ ਹੋਣ ਵਾਲਾ ਕੰਮ ਵੀ ਦੋ ਮਿੱਠੇ ਬੋਲ ਸਹਿਜੇ ਹੀ ਕਢਾ ਦੇਂਦੇ ਹਨ। ਤੇ ਇਹ ਮਿੱਠੇ ਪਿਆਰੇ ਬੋਲ ਸਦੀਵੀ/ਅਮਰ ਹੁੰਦੇ ਹਨ।

" ਇਕ ਦਿਨ ਬਿਕ ਜਾਏਗਾ ਮਾਟੀ ਕੇ ਮੋਲ

ਜਗ ਮੇਂ ਰਹਿ ਜਾਏਂਗੇ ਪਿਆਰੇ ਤੇਰੇ ਬੋਲ"

ਮਹਿਬੂਬਾ ਦੀ ਜੁਬਾਨ ਦੀ ਮਿਠਾਸ ਆਸ਼ਕ ਦੀ ਫਿੱਕੀ ਚਾਹ ਨੂੰ ਵੀ ਮਿੱਠਾ ਬਣਾ ਦੇਂਦੀ ਹੈ।



ਸਿਆਣੇ ਕਹਿੰਦੇ ਹਨ'ਤਲਵਾਰ ਦਾ ਫੱਟ ਮਿਟ ਜਾਂਦਾ ਹੈ ਜੁਬਾਨ ਦਾ ਕਿਹਾ ਛਾਪ ਬਣ ਜਾਂਦਾ ਹੈ,ਸੀਨੇ ਦਾ ਨਸ਼ਤਰ ਹੋ ਨਿਬੜਦਾ ਹੈ।ਜਿਵੇਂ ਕਮਾਨ ਚੋਂ ਨਿਕਲਿਆ ਤੀਰ ਵਾਪਸ ਨਹੀਂ ਆ ਸਕਦਾ ਇਵੇਂ ਜੁਬਾਨ ਦਾ ਬਾਣ ਵੀ ਮੁੜ ਮੂੰਹ ਚ ਨੀਂ ਮੁੜ ਸਕਦਾ।ਤਾਂ ਹੀ ਤੇ ਕਹਿੰਦੇ ਹਨ 'ਪਹਿਲਾਂ ਤੋਲੋ ਫਿਰ ਬੋਲੋ"।

ਇਸ ਕੁਦਰਤੀ ਤੋਹਫੇ ਦੀ ਮਨੁੱਖ ਨੇ ਬਹੁਤ ਖੁਲ੍ਹ ਮਾਣੀ ਹੈ।ਬਿਨਾਂ ਹੱਡੀ ਦੇ ਇਹ ਤਿੰਨ ਇੰਚ ਦਾ ਪੁਰਜਾ ਬੇਗਾਨੀਆਂ ਕਈ ਹੱਡੀਆਂ ਤੋੜਨ ਦੀ ਤਾਕਤ ਰੱਖਦਾ ਹੈ।ਇਸਦੇ ਬੋਲ ਰਿਸ਼ਤੇ ਵੀ ਘੜਦੇ ਹਨ ਤੇ ਦੁਸ਼ਮਣਾਂ ਦੀ ਗਿਣਤੀ ਵੀ ਵਧਾ ਸਕਦੇ ਹਨ।

ਉੱਚਾ ਬੋਲ ਨਾ ਬੋਲੀਏ" ਦਾ ਭਾਵ ਅਰਥ ਇਕ ਤਾਂ ਇਹ ਬਣਦਾ ਹੈ,ਫੜ੍ਹ/ਗੱਪ ਨਾ ਮਾਰੋ ਤੇ ਦੂਜਾ ਇਹ ਕਿ ਬੁਲਾਰੇ ਦੇ ਬੋਲ ਸਰੋਤੇ ਦੀ ਤੌਹੀਨ ਨਾ ਕਰਦੇ ਹੋਣ-ਨਾਂ ਹੀ ਦੂਸਰੇ ਦੀ ਕੰਮਜੋਰੀ ਦਾ ਮਜਾਕ ਕਿਤੇ ਉਡੇ!ਨਾਂ ਕਿਤੇ ਇਕ ਬੋਲ ਆਪਣੇ ਲਈ ਕਬੋਲ ਬਣ ਜਾਵੇ।

ਇਹ ਜੁਬਾਨ ਭੇਦ ਸਾਂਭਦੀ ਵੀ ਹੈ ਤੇ ਭੇਦ ਖੋਲ ਕੇ ਲੰਕਾ ਵੀ ਢਾਹ ਸਕਦੀ ਹੈ।

ਜੁਬਾਨ ਕੰਨਾਂ ਦੀ ਗੁਲਾਮ ਹੈ,ਜੋ ਸੁਣ ਨਹੀਂ ਸਕਦਾ ਉਹ ਗੂੰਗਾ ਹੁੰਦਾ ਹੈ,ਬੇਸ਼ੱਕ ਮੂੰਹ ਚ ਪੂਰੀ ਜੁਬਾਨ ਹੁੰਦੀ ਹੈ।ਨਾਂ ਸਿਰਫ਼ ਸਰੀਰ ਵਿੱਚ ਜੁਬਾਨ ਦਾ ਖਾਸ ਸਥਾਨ ਹੈ,ਬਲਕਿ ਜੀਵਨ ਵਿੱਚ ਇਸਦਾ ਅਹਿਮ ਰੋਲ ਹੈ,ਇਹਦੇ ਕਾਰਨ ਹੀ ਮਨੁੱਖ ਨਾਲ ਵਿਸ਼ੇਸਣ ਜੁੜ ਜਾਦੇ ਹਨ ਤਖੱਲਸ ਲਗ ਜਾਦੇ ਹਨ,ਕਹਾਵਤਾਂ,ਸਿਖਾਵਤਾਂ ਲਾਗੂ ਹੋ ਜਾਦੀਆਂ, ਹਨ-ਇਹੋ ਹੀ ਖਚਰਾ,ਮਿਲਾਪੜਾ , ਮਿੱਠੀ ਛੁਰੀ,ਤੇ ਮੀਸਣਾ ਦੇ ਸਿਰਨਾਂਵੇ ਛਾਪਦੀ ਹੈ।ਜੁਬਾਨ ਪੱਥਰ ਸੀਨਾ ਪਿਘਲਾਉਣ ਦੀ ਸਮਰੱਥਾ ਰੱਖਦੀ ਹੈ।

ਇਹਨੂੰ ਬਣਾਉਣ ਵਾਲਾ ਹੀ ਇਹਦੀ ਪੈਜ ਰੱਖਦਾ ਹੈ।ਉਹੀ ਪੱਥਰ ਦੇਸ਼ ਵਿੱਚ ਸ਼ੀਸੇ ਦੇ ਘਰ ਦੀ ਖੈਰ ਮਨਾਉਂਦਾ ਹੈ।ਆਪਣੇ ਹਾਣੀ ਦੇ ਬੋਲ ਕੰਨਾ ਨੂੰ ਇੰਨੇ ਪਿਆਰੇ ਲਗਦੇ ਹਨ-ਕਿ

"ਚੌਕੀਦਾਰਾ ਲੈ ਲੈ ਹਾਣੀਆ ਤੇਰੇ ਲਗਦੇ ਨੇ ਬੋਲ ਪਿਆਰੇ।"

"ਬੋਲ ਤੂੰ ਮਿਠੜੇ ਬੋਲ ਸੋਹਣਿਆ,ਬੋਲ ਤੂੰ ਮਿਠੜੈ ਬੋਲ"

"ਮਿੱਠ ਬੋਲੜਾ ਜੀ ਹਰ ਸੱਜਣ ਸੁਵਾਮੀ ਮੇਰਾ "

ਕੌੜੀ ਜੇਬਾਨ ਵਾਲੇ ਨੂੰ ਕਿਤੇ ਢੋਈ ਨਹੀਂ ਮਿਲਦੀ,ਉਸਦੇ ਕੋਲ ਕੋਈ ਨਹੀਂ ਖਲੋਂਦਾ-ਕਿ-

" ਖੀਰਾ ਸਿਰ ਤੇ ਮੂੰਡ ਕਰ ਮਲੀਏ ਨਮਕ ਲਗਾਏ

ਐਸੇ ਕੜਵੇ ਕੋ ਚਾਹੀਏ ਐਸੀ ਸਜਾਏ"।।-

ਜ਼ੁਬਾਨ ਦੀਆਂ ਕਈ ਕਿਸਮਾਂ ਹਨ,ਜਿਵੇਂ ਤੋਤਲੀ ਜ਼ੁਬਾਨ,ਥੱਥੀ ਜ਼ੁਬਾਨ,ਖਰ੍ਹਵੀ,ਰੁੱਖੀ ਜ਼ੁਬਾਨ

ਚੰਮ ਦੀ ਜ਼ੁਬਾਨ।ਜਬਾਨ ਸ਼ਮਲਾ ਉੱਚਾ ਕਰ ਸਕਦੀ ਹੈ ਤੇ ਪੈਰਾਂ ਵਿੱਚ ਰੋਲ ਵੀ ਸਕਦੀ ਹੈ।

ਵੈਸੇ ਅਵਾਜ਼ ਜਾਂ ਬੋਲ ਪਹਿਚਾਨ ਵੀ ਕਾਇਮ ਕਰ ਦੇਂਦੇ ਹਨ,ਅਵਾਜ਼ ਪੱਕਾ ਪਹਿਚਾਨ ਪੱਤਰ ਵੀ ਹੈ।

"ਚਿਹਰਾ ਯੇ ਬਦਲ ਜਾਏਗਾ,ਇਕ ਆਵਾਜ਼ ਹੀ ਮੇਰੀ ਪਹਿਚਾਨ ਹੈ,ਗਰ ਯਾਦ ਰਹੇ"।

ਬੋਲ ਕਿਰਦਾਰ ਦੇ ਕਾਰੀਗਰ ਹਨ।ਕੌੜੇ ਮਿੱਠੇ ਬੋਲ ਖ਼ੂਨ ਦੇ ਪਰੇਸ਼ਰ ਨੂੰ ਵੱਧ,ਘੱਟ, ਨਾਰਮਲ/ਅਬਨਾਰਮਲ ਰੱਖਣ ਦਾ ਕਾਰਜ ਵੀ ਕਰਦੇ ਹਨ।

ਸਾਡੇ ਦੇਸ਼ ਦੀ ਬਹੂ ਜੇ ਆਪਣੇ ਹੱਕ ਲਈ ਵੀ ਜਬਾਨ ਖੋਲ੍ਹੇ ਤਾਂ ਉਸਨੂੰ ਦੋਸ਼ ਦਿੱਤਾ ਜਾਂਦਾ ਹੈ-

ਕਿਵੇਂ ਕੈਂਚੀ ਵਾਂਗ ਚਲਦੀ ਇਹਦੀ ਜਬਾਨ ,ਕਤਰ,ਕਤਰ,ਪਤਨੀ ਨੂੰ -ਟਰ,ਟਰ ਕਰੀ ਜਾਂਦੀ,ਪਰ ਜਵਾਈ ਦੀ ਕੈਂਚੀ ਚਲੇ ਜਾਂ ਟਰ ਟਰ,ਸੱਭ ਸ਼ਤ ਪ੍ਰਤੀਸ਼ੱਤ ਮੁਆਫ਼.ਹਹਹਹਹਹ...।

ਬੋਲ ਪੁਗਾਉਣਾ ਤੇ ਜ਼ੁਬਾਨ ਦਾ ਲੈਣ ਦੇਣ ਵੀ ਹੁੰਦਾ ਹੈ।ਜ਼ੁਬਾਨ ਨਾਲ ਵਾਅਦਾ ਕੀਤਾ ਜਾਂਦਾ ਹੈ ਤੇ ਜ਼ੁਬਾਨ ਨਾਲ ਹੀ ਤੋੜਿਆ ਜਾਂਦਾ ਹੈ,ਜਿਸਨੂੰ ਮੁਕਰਨਾ/ਜਬਾਨ ਤੋਂ ਫਿਰ ਜਾਣਾ ਕਹਿੰਦੇ ਹਨ।ਕੋਈ ਚੁਭਵਾਂ ਬੋਲ ਕਈ ਵਾਰ ਕਿਸੇ ਦੀ ਜਿੰਦਗੀ ਸਵਾਰ ਦੇਂਦਾ ਹੈ ਤੇ ਕਈ ਵਾਰ ਬੇੜਾ ਗਰਕ ਕਰ ਦੇਂਦਾ ਹੈ।ਫਿਰ ਕਹਿੰਦੇ ਹਨ,ਭਈ ਅਸੀਂ ਤੇ ਸ਼ਰੀਕ ਦਾ ਬੋਲ ਪੁਗਾਇਆ ਹੈ।ਸਾਡੇ ਵਡੇਰੇ ਜ਼ੁਬਾਨ ਦੇ ਸਿਰ ਤੇ ਹੀ ਵੱਡੇ ਵੱਡੇ ਵਪਾਰ ਕਰ ਲੈਂਦੇ ਸਨ।ਕਾਦਰ ਨੇ ਜਬਾਨ ਤਾਂ ਪਸ਼ੂਆ ਨੂੰ ਵੀ ਦਿੱਤੀ ਹੈ,ਪਰ ਮਨੁੱਖ ਦੀ ਜਬਾਨ ਦਾ ਕਿਰਦਾਰ ਹੀ ਮਨੁੱਖ ਨੂੰ ਪਸ਼ੂਪਨ ਤੋਂ ਅਲੱਗ ਦਰਸਾਉਂਦਾ ਹੈ।ਕੁੱਤਾ ਭੌਂਕਦਾ ਹੈ,ਗਧਾ ਰੇਂਘਦਾ ਹੈ,ਘੋੜਾ ਹਿਣਹਣਾਉਂਦਾ ਹੈ ਤੇ ਮਨੁੱਖ ਬੋਲਦਾ ਹੈ-ਬੱਸ ਇਹੋ ਫਰਕ ਹੈ।

ਗਧੇ ਦਾ ਮਾਲਕ ਗਧੇ ਨੂੰ ਛਾਂਟਾ ਮਾਰ ਮਾਰ ਤੇਜ ਚਲਣ ਲਈ ਉਕਸਾ ਰਿਹਾ ਸੀ,ਇਕ ਭੱਦਰ ਪੁਰਸ਼ ਨੇ ਉਸਨੂੰ ਰੋਕ ਕੇ ਕਿਹਾ ' ਮੀਆਂ ਛਾਂਟਾ ਬਹੁਤ ਪੀੜਾ ਦੇਂਦਾ ਹੈ,ਇਹ ਬੇਜ਼ੁਬਾਨ ਹੈ ਪਰ ਤੇਰੇ ਕੋਲ ਤਾਂ ਜ਼ੁਬਾਨ ਹੈ ਤੇ ਇਹ ਤੇਰੀ ਜ਼ੁਬਾਨ ਸਮਝਦਾ ਹੈ,ਤੂੰ ਇਹਨੂੰ ਗਾਲ੍ਹ ਕੱਢ ਲੈ ਪਰ ਛਾਂਟਾ ਨਾ ਮਾਰ'।ਆਦਮੀ ਛਾਂਟਾ ਛੱਡ ਕੇ ਗਧੇ ਨੂੰ ਗੰਦ ਮੰਦ ਗਾਲਾਂ ਕੱਢ ਕੇ ਤੇਜ ਚਲਣ ਲਈ ਹੁਕਮ ਕਰਨ ਲਗਾ,ਤੇ ਉਸਨੂੰ ਫਿਰ ਸੰਨਿਆਸੀ ਮਿਲਿਆ ਉਹ ਗਧੇ ਦੇ ਮਾਲਕ ਨੂੰ ਕਹਿਣ ਲਗਾ"ਓ ਭਲੇਮਾਨਸ ,ਇਹ ਰੱਬ ਦਾ ਜੀਅ ਕਿਹੜਾ ਤੇਰੀ ਬੋਲੀ ਸਮਝਦਾ ਹੈ,ਤੂੰ ਕਿਉਂ ਆਪਣੀ ਜ਼ੁਬਾਨ ਗੰਦੀ ਕਰਨ ਡਿਹੈਂ?ਆਪਣੀ ਜਬਾਨ ਸੁਧਾਰ" ਇਹ ਗਧਾ ਤੇਰੀ, ਤੇਰੇ ਬਾਪ ਵਾਂਗ ਪਾਲਣਾ ਕਰ ਰਿਹਾ ਹੈ"।



ਆਦਮੀ ਫਿਰ ਗਧੇ ਨੂੰ ਮੁਖ਼ਾਤਿਬ ਹੋਇਆ-'ਚਲ ਮੇਰੇ ਬਾਪ ਛੇਤੀ ਚਲ,ਚਲ ਤੇਜ ਚਲ ਮੇਰੇ ਬਾਪ...ਫਿਰ ਉਸਨੂੰ ਇਕ ਬੁੱਢਾ ਮੰਗਤਾ ਮਿਲਿਆ,ਉਹ ਕਹਿਣ ਲਗਾ'ਮੂਰਖਾ ਗਧੇ ਨੂੰ ਬਾਪ ਕਹਿਣ ਡਿਹੈਂ?ਆਦਮੀ ਨੇ ਉੱਤਰ ਦਿੱਤਾ,'ਮੈਂ ਆਪਣੀ ਜ਼ੁਬਾਨ ਸੁਧਾਰ ਰਿਹਾਂ"।

ਇਹ ਸੁਣ ਮੰਗਤਾ ਥਾਂਏ ਬਹਿ ਕੇ ਪਛਤਾਉਣ ਲਗਾ-ਇਸੇ ਜ਼ੁਬਾਨ ਨੇ ਮੈਨੂੰ ਮਾਲਕ ਤੋਂ ਮੰਗਤਾ ਬਣਾ ਛੱਡਿਆ।

ਪਲ ਛਿਨ ਵਿੱਚ ਮੂੰਹ ਚੋਂ ਨਿਕਲਿਆ ਬੋਲ ਦਰ ਬ ਦਰ ਕਰ ਸਕਦਾ ਹੈ,ਪਰ ਵਾਪਸ ਮੂੰਹ ਵਿਚ ਪੈਣ ਲਈ ਪੂਰਾ ਜਨਮ ਲਗ ਜਾਂਦਾ ਹੈ।

ਤੱਤਾ,ਠੰਢਾ,ਕੌੜਾ,ਖੱਟਾ,ਲੂਣਾ ਮਸਾਲਾ,ਸਾਰੇ ਸਵਾਦ ਵਿਚਾਰੀ ਜਬਾਨ ਆਪਣੇ ਤੇ ਸਹਿ ਲੈਂਦੀ ਹੈ,ਇਸ ਦੇ ਉਪਰਲੇ ਦਾਣੇ ਜਿਹਨਾਂ ਨੂੰ ਟੇਸਟਬਾਰਡ ਕਹਿੰਦੇ ਹਨ,ਮੂੰਹ ਦਾ ਸਵਾਦ ਦਿਮਾਗ ਤੱਕ ਪੁਚਾਉਂਦੇ ਹਨ।ਦਿਮਾਗ ਹੀ ਹੈ ਜੋ ਇਸਨੂੰ ਵੰਨ ਸੁਵੰਨੇ ਬੋਲ ਬੋਲਣ ਲਈ ਉਕਸਾਉਂਦਾ ਹੈ,ਅਰਸ਼ ਤੋਂ ਫਰਸ਼ ਤੇ ਧਸਣ ਲਾ ਸਕਦਾ ਹੈ।

ਅਜੋਕਾ ਯੁੱਗ ਆਪਾ ਕੇਂਦਰਤ ਹੈ,ਸੱਚ ਬੋਲਣ ਵਾਲੇ ਨੂੰ 'ਬੁੱਧੂ'ਦਾ ਤਖੱਲਸ ਦੇ ਦਿੱਤਾ ਜਾਂਦਾ ਹੈ,ਕਹਿੰਦੇ ਹਨ ਇਸਨੂੰ ਤਾਂ ਜਮਾਨੇ ਦੀ ਹਵਾ ਹੀ ਨਹੀਂ ਲਗੀ।ਕੋਈ ਸ਼ਾਇਰ ਲਿਖਦਾ ਹੈ-

"ਇੰਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ"।

ਕੁਸੈਲੇ ਤੇ ਗੁਸੈਲ ਬੋਲਾਂ ਨਾਲੋਂ ਚੁੱਪ ਚੰਗੀ—

ਮਿਠੇ ਬੋਲ ਵਿਚੋਂ ਸਰਗਮ ਆਪ ਮੁਹਾਰੇ ਛਲਕਦੀ ਹੈ----

" ਭਾਂਵੇ ਬੋਲ ਤੇ ਭਾਂਵੇ ਨਾਂ ਬੋਲ ,ਵੇ ਚੰਨਾ ਵੱਸ ਅੱਖੀਆ ਦੇ ਕੋਲ"-

ਤੇ ਰੁੱਠੇ ਮਾਹੀਏ ਨੂੰ ਮੋੜ ਲਿਆਉਣ ਲਈ ਮਾਫੀ ਮੰਗਦੇ ਬੋਲ-

" ਹਾਏ ਇਕ ਵਾਰੀ ਵਿਹੜੇ ਵੜ ਮਾਹੀਆ ਮੈਂ ਮੰਦਾ ਕਦੇ ਨਾ ਬੋਲਾਂ "।

ਕਬੋਲ ਨਫ਼ਰਤ ਫੈਲਾਉਂਦੇ ਤੇ ਬੋਲ ਪਿਆਰ ਵਰਸਾਉਂਦੇ ਹਨ।

ਬੋਲ ਅਸਮਾਨ ਨੂੰ ਟਾਕੀਆਂ ਵੀ ਲਾ ਸਕਦੇ ਹਨ ਤੇ ਫੁੱਲ ਕੇਰਨ ਦੀ ਮੁਹਾਰਤ ਵੀ ਰੱਖਦੇ ਹਨ।ਜਿੱਦੀ ਤੇ ਅੜ੍ਹਬ ਬੰਦੇ ਲਈ ਕਹਾ ਜਾਂਦਾ ਹੈ,'ਉਹਦੀ ਜਬਾਨ ਤੇ ਨੰਨਾ ਧਰਿਆ,ਉਹ ਹਾਂ ਨਹੀਂ ਬੋਲ ਸਕਦਾ।

ਬੇਮਤਲਬ ਕੋਈ ਗੁੱਸੇ ਚ ਬੋਲੇ ਤੇ ਕਹਿੰਦੇ ਹਨ,ਇਹਨੇ ਅੱਜ ਦਹੀਂ ਚ ਭੂੰਡ ਖਾ ਲਿਆ ਹੈ।

ਮਿੱਠ ਬੋਲੜੇ ਨੂੰ ਕਹਿੰਦੇ ਹਨ,'ਮਾਂ ਨੇ ਮਿਸ਼ਰੀ,ਪਤਾਸੇ ਖਾ ਕੇ ਜੰਮਿਆ ਹੈ'।

ਭਗਤ ਕਬੀਰ ਕਹਿੰਦੇ ਹਨ,"ਕਬੀਰ ਐਸੀ ਬਾਣੀ ਬੋਲੀਏ,ਮਨ ਦਾ ਆਪਾ ਖੋਇ

ਔਰਨ ਕੋ ਸੀਤਲ ਕਰੇ,ਆਪੂੰ ਸੀਤਲ ਹੋਇ"।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ," ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਇਆਂ ਤੱਤ'


ਸੁਭਾਵਿਕ ਸੁਭਾਅ ਵਾਲਾ ਬੰਦਾ ਵੀ ਕਈ ਵਾਰ ਖੁਦਗਰਜ਼ੀ ਚ ਮਿੱਠਾ ਬੋਲਣ ਲਗਦਾ ਹੈ।

ਅੰਤਿਕਾ ਸੰਦੇਸ਼—ਪਿਆਰ ਕੀ ਜੋਤ ਜਲਾਏ ਜਾ-

ਮੀਠੇ ਮੀਠੇ ਬੋਲ, ਬੋਲ ਕੇ,ਦੋਸਤੀਆਂ ਬੜਾਏ ਜਾ ।

"ਦੋ ਪਲ ਬਹੀ ਜਾ ਕੋਲ,ਵੇ ਮੇਰੇ ਦਿਲਾਂ ਦਿਆ ਮਹਿਰਮਾਂ

ਤੇਰੇ ਮਿਠੜੇ ਨੇ ਲਗਦੇ ਬੋਲ,ਮੇਰੇ ਦਿਲਾਂ ਦਿਆ ਮਹਿਰਮਾਂ"।





## "ਅਣ ਛਾਂਵਾਂ ਬੂਟਾ"

' ਹਰ ਰਿਸ਼ਤੇ ਕੀ ਅਸਲੀਅਤ ਦਿਖਾ ਕੇ ਖੁਦਾ ਨੇ ਬੰਦੇ ਸੇ ਪੂਛਾ,ਬਤਾ,ਕੌਨ ਹੈ ਤੇਰਾ ਮੇਰੇ ਸਿਵਾ
'ਹਰ ਅਜ਼ਮਾਇਸ਼ ਮੇਂ ਖੁਦਾ ਹੋ ਸਾਥ,ਤੋ ਮਿਲ ਜਾਤੀ ਹੈ,ਯਕੀਨਨ'ਸ਼ਇਰ-ਏ-ਜਾਤ

ਮੜ੍ਹੀ ਮਸਾਣੀ,ਡੇਰੇ ਮੰਦਰ ਗੁਰੂਦੁਆਰੇ ਖ਼ਵਰੇ ਕਿੰਨੀਆਂ ਸੁਖਣਾ ਸੁਖ ਰਖੀਆਂ ਸੀ,ਜੱਸੀ ਦੇ ਜਨਮ ਲਈ ਉਸ ਦੇ ਮਾਂ ਬਾਪ ਨੇ।ਜਦ ਜੱਸੀ ਪੈਦਾ ਹੋਈ ਜਗਰਾਤੇ,ਹਵਨ,ਅਖੰਡਪਾਠ,ਦਾਨ ਦੱਖਣਾ,ਦਿਲ ਖੋਲ੍ਹ ਕੇ ਕੀਤੇ ਗਏ।ਕਰਦੇ ਵੀ ਕਿਉਂ ਨਾਂ ਜੱਸੀ ਦਾ ਆਉਣਾ ਵੀ ਤਾਂ ਰੱਬ ਦੀ ਸਵੱਲੀ ਨਜ਼ਰ ਸੀ ਨਾ ਇੰਨੇ ਵਰ੍ਹਿਆਂ ਬਾਦ,ਰੱਬ ਨੇ ਝੋਲ ਭਰੀ ਸੀ,ਘਰ ਲਛਮੀ ਆਈ ਸੀ।ਜੱਸੀ ਦੇ ਸਾਹਵਾਂ ਦੇ ਨਾਲ ਸਾਰੇ ਪਰਿਵਾਰ ਦੇ ਸਾਹ ਚਲਦੇ ਸਨ,ਕਰਮਾ ਵਾਲੀ ਜੱਸੀ ਦੀਆਂ ਤਿੰਨ ਤਿੰਨ ਮਾਵਾਂ ਸਨ।ਇਕ ਚੁਕਦੀ ਇਕ ਰੱਖਦੀ,ਕਿਤੇ ਜਰਾ ਵੀ ਜੱਸੀ ਦੇ ਰੋਣ ਦੀ ਆਵਾਜ਼ ਸੁਣਦੀ ਤੇ ਉਸਦੇ ਬਾਬੇ ਦਾ ਖੂੰਡਾ ਖੜਕ ਜਾਂਦਾ,ਤਿੰਨ ਤਿੰਨ ਜਣੀਆਂ ਤੁਸੀਂ ,ਆਹ ਨਿਆਣੀ ਨੂੰ ਰਵਾਉਣ ਡਹੀਆਂ"....ਤੇ ਉਹ ਜੱਸੀ ਦੀ ਦਾਦੀ ਨੂੰ ਹੁਝ ਮਾਰ ਜੱਸੀ ਵੱਲ ਤੋਰ ਦੇਂਦਾ।

ਜੱਸੀ ਦੇ ਮਗਰ ਵੀਰ ਆ ਗਿਆ,ਫਿਰ ਤਾਂ ਜੱਸੀ,ਪੂਜਨੀਕ ਦੇਵੀ ਦੇ ਸਥਾਨ ਤੇ ਆ ਗਈ।ਨਾਂ ਸ਼ਰਾਬਾਂ ਉਡੀਆਂ,ਨਾਂ ਧਮਾਕੇ ਹੋਏ,ਬੱਸ,ਵਾਹਿਗੁਰੂ ਦਾ ਜਾਪ, ਵਕਤ ਸੁਖੀ ਸਾਂਦੀ ਗੁਜਰਦਾ ਗਿਆ,ਦੋਨੋ ਭੈਣ ਭਰਾ ਵੱਡੇ ਹੁੰਦੇ ਗਏ।ਦੋਨਾਂ ਦੇ ਰੱਜੇ ਪੁੱਜੇ ਘਰੀਂ ਧੂਮ ਧਾਮ ਨਾਲ ਵਿਆਹ ਹੋਏ।

ਜੱਸੀ ਦੇ ਵਿਆਹ ਨੂੰ ਤਿੰਨ ਸਾਲ ਹੋਏ,ਇਕ ਕੁੜੀ ਡੇਢ ਕੁ ਸਾਲ ਦੀ ਤੇ ਮੁੰਡਾ ਪੰਜ ਮਹੀਨੇ ਦਾ ਜੋ ਜੇਸੀ ਦਾ ਪਤੀ ਰੇਲ ਹੇਠ ਆਕੇ ਚਲ ਵਸਿਆ।ਇਹ ਤੇ ਬਾਦ ਵਿੱਚ ਪਤਾ ਲਗਾ ਕੇ ਸੁਰਜੀਤ ਸਿੰਘ ਨੇ ਦਿਮਾਗੀ ਖਰਾਬੀ ਕਾਰਨ ਆਤਮਹੱਤਿਆ ਕੀਤੀ ਸੀ।ਮਸਾਂ ਵੀਹ ਸਾਲ ਉਮਰ ਤੇ ਦੋ ਬੱਚੇ ਤੇ ਵਿਧਵਾ ਹੋ ਗਈ ਜੱਸੀ।ਉਸਦੇ ਨਾਲ ਦੀਆਂ ਦੇ ਅਜੇ ਵਿਆਹ ਵੀ ਨਹੀਂ ਸੀ ਹੋਏ।ਦੋ ਮਹੀਨੇ ਬਾਦ ਜੱਸੀ ਦਾ ਦਿਓਰ ਵੀ ਇਸ ਤਰਾਂ ਹੀ ਦੋ ਬੱਚੇ ਤੇ ਭਰ ਜੋਬਨੇ ਵਹੁਟੀ ਨੂੰ ਵਿਧਵਾ ਕਰ ਗਿਆ।ਦੋਨਾਂ ਵੀਰਾਂ ਦੇ ਵਿਆਹ ਚਾਅ ਵਿੱਚ ਹੀ ਕੱਠੇ ਕੀਤੇ ਗਏ ਤੇ ਦੋਵੇਂ ਵੀਰ ਕੱਠੈ ਹੀ....ਦੋਨੋ ਆਪਣੇ ਆਪਣੇ ਬੱਚੇ ਚੁੱਕ ਪੇਕੇ ਜਾ ਬੈਠੀਆਂ।ਦੋਨਾਂ ਦੇ ਪੇਕੇ,ਲਾਗੋ ਲਾਗੀ ਪਿੰਡੀਂ ਸਨ।

ਵਿਚੋਲੇ ਦੂਜੇ ਵਿਆਹ ਲਈ ਫੇਰੇ ਮਾਰਨ ਲਗੇ।ਪਰ ਦੋਹਾਂ ਦਾ ਜਵਾਬ ਸੀ ਅਸੀਂ ਆਪਣੇ ਪੁੱਤਾਂ ਦੇ ਆਸਰੇ ਜਿੰਦਗੀ ਕੱਟ ਲਵਾਂਗੇ,ਨਿਆਣੇ ਮਤ੍ਰੇਆਂ ਦੇ ਪੱਲੇ ਨਹੀਂ ਪੈਣ ਦੇਣੇ।ਜੱਸੀ ਦੇ ਬਾਪ ਨੇ ਸਮਝਾਉਣ ਦਾ ਯਤਨ ਕੀਤਾ ਤਾਂ ਜੱਸੀ ਬੋਲੀ," ਬਾਬਲਾ' ਮਤੇਆਂ ਦੀ ਜੂਠ ਮਾਂਜਣ ਨਾਲੋਂ ਭਾਈ ਭਤੀਜਿਆਂ ਦੀ ਜੂਠ ਮਾਂਜ ਲੂੰ'। ਸੁਣ ਕੇ ਉਸਦੇ ਬਾਪ ਤੇ ਵੀਰ ਦਾ ਗੱਚ ਭਰ ਆਇਆ ਤੇ ਮੁੜ ਕਦੇ ਇਹ ਬਾਤ ਨਾਂ ਪਾਈ ਗਈ।ਗੁਜਰਦੇ ਗੁਜਰਦੇ ਪੰਦਰਾਂ ਸਾਲ ਲੰਘ ਗਏ ਜੱਸੀ ਦਾ ਮੁੰਡਾ ਪੰਦਰਾਂ

ਸਾਲ ਦਾ ਭਰ ਗਭਰੂ ਛੇ ਫੁੱਟ ਦਾ ਜਵਾਨ ਨਿਕਲਿਆ,ਉਧਰ ਦਰਾਣੀ ਦਾ ਮੁੰਡਾ ਵੀ..ਜੌੜੈ ਜਾਪਦੇ ਸਨ ਦੋਨੋ।

ਦਰਾਣੀ ਜਠਾਣੀ ਨੇ ੋਅੱਖ ਭਰ ਮੁੰਡਿਆਂ ਵੱਲ ਵੇਖਿਆ ਤੇ ਰੱਬ ਦਾ ਧੰਨਵਾਦ ਕੀਤਾ ਤੇ ਮਨ ਹੀ ਮਨ ਸੋਚਿਆ ਬੂਟੇ ਰੁੱਖ ਬਣ ਗਏ,ਤੇ ਹੁਣ ਇਹਨਾਂ ਦੀ ਛਾਂ ਹੇਠ ਗੁਜਰ ਹੋ ਜੂ।

ਦੋਵੇਂ ਜਣੀਆਂ ਆਪਣੇ ਪਾਲੇ ਰੁੱਖਾਂ ਦੀ ਛਾਂ ਮਾਣਨ ਲਈ ਉਹਨਾਂ ਨੂੰ ਆਪਣੀ ਮਿੱਟੀ ਵਿੱਚ ਲੈ ਆਈਆਂ।ਧੀਆਂ ਪੁੱਤਾਂ ਨੇ ਵੀ ਆਪਣੀਆਂ ਮਾਵਾਂ ਦਾ ਵਾਹਵਾ ਸਾਥ ਦਿੱਤਾ ਤੇ ਬਾਰ੍ਹਵੀ ਜਮਾਤ ਪੜ੍ਹਨ ਦੇ ਨਾਲ ਵਾਹੀ ਜੋਤੀ ਵਧੀਆ ਚਲਾ ਲਈ।ਨਾਨਕੇ ਉਹ ਗੁਲਾਮ ਸੀ ਹੁਣ ਤਾਂ ਆਪਣੀ ਮਾਲਕੀ ਸੀ। ਸੱਭ ਕੁਝ ਸੋਹਣਾ ਸੁਨੱਖਾ ਹੋਣ ਤੇ ਵਿਚੋਲੇ ਵੀ ਗੇੜੀਆਂ ਦੇਣ ਲਗੇ ਤੇ, ਆਖਰ ਵੀਹ ਸਾਲ ਦੀ ਉਮਰ ਚ ਦੋਹਾਂ ਦਰਾਣੀ ਜਠਾਣੀ ਨੇ ਚਾਰੇ ਬੱਚੇ ਵਿਆਹ ਦਿੱਤੇ।

ਵਿਆਹ ਵੇਲੇ ਬਦੋਬਦੀ ਫੁੱਫੜ ਨੇ ਪਿਆ ਦਿੱਤੀ,ਤੇ ਮੁੜ ਇਹ ਲਗ ਹੀ ਗਈ।ਖਰਚਾ ਪੂਰਾ ਕਰਨ ਲਈ ਦੋਵੇਂ ਨੌਕਰੀ ਕਰਨ ਲਗੇ। ਨੌਕਰੀ ਕਾਹਦੀ-'ਪੁੱਤ ਜਟਾਂ ਦੇ ਡਰੈਵਰ ਟਰੱਕਾਂ ਦੇ'ਚੋਣਾਂ ਆਈਆਂ ਪਿਆਕੜਾਂ ਦੇ ਘਰੀਂ ਡਰੱਮ ਪੁੱਜ ਗਏ।ਸ਼ਰਾਬ ਪੀਂਦੇ ਪੀਂਦੇ ਹਾਸੇ ਹਾਸੇ ਸਮੈਕ ਵੀ ਪੀ ਗਏ ਤੇ ਹਾਸੇ ਦਾ ਮੜਾਸਾ ਬਣ ਗਿਆ।

ਮਾਵਾਂ ਨੂੰ ਤਾਂ ਜਿਵੇਂ ਬਦਦੁਆ ਲਗ ਗਈ'ਤੇਰੇ ਪੁੱਤ ਜੀਣ ਤੇ ਤੇਰਾ ਹੀ ਲਹੂ ਪੀਣ"

ਨਸ਼ਿਆਂ ਦਾ ਅੱਤਵਾਦ ਮਾਂਪਿਓ,ਬੀਵੀ ਬੱਚਿਆਂ ਦਾ ਲਹੂ ਚੂਸਣ ਲਗਾ।ਛਾਂ ਦੀ ਉਡੀਕ ਸੀ ਜਿਹਨਾਂ ਤੋਂ, ਉਹ ਆਪ ਧੁੱਪੇ ਖੜੇ ਸਨ।

ਰਵੀ ਐਮ ਏ ਬੀ ਐਡ ਸੋਹਣੀ ਸੁਨੱਖੀ ਸਚਿਆਰੀ ਵੱਡੇ ਜਿੰਮੀਦਾਰਾਂ ਦੀ ਪਲੇਠੀ ਧੀ,ਰੱਜ ਕੇ ਲਾਡਲੀ,ਸੱਭ ਦੀ ਦੁਲਾਰੀ ।ਕਾਨਵੇਂਟ ਸਕੂਲ ਦੀ ਪੜ੍ਹੀ ਤੇ ਹੋਸਟਲ ਚ ਰਹੀ।

ਰਵੀ ਦੇ ਪਿਤਾ ਦੇ ਜਿਗਰੀ ਦੋਸਤ ਗਿਲ ਸਾਹਬ ਜੋ ਘਰ ਦੇ ਮੈਂਬਰਾਂ ਵਾਂਗ ਹੀ ਸਨ।ਇਕ ਦਿਨ ਸ਼ਾਮ ਦੀ ਚਾਹ ਵੇਲੇ ਸਾਰੇ ਕੱਠੈ ਬੈਠੈ ਤੇ ਰਵੀ ਦੇ ਦਾਦੇ ਨੇ ਪੁਛਿਆ,

'ਗਿਲ ਆਪਣਾ ਕਾਕਾ ਕੀ ਕਰਦੈ?

ਜੀ ਚਾਚਾਜੀ ਉਹ ਕਲਾਸ ਵਨ ਅਫ਼ਸਰ ਹੈ,ਗਿਲ ਨੇ ਉਤਰ ਦਿੱਤਾ।

ਕਿਉਂ ਨਾ ਤੁਹਾਡੀ ਇਹ ਦੋਸਤੀ ਰਿਸ਼ਤੇਦਾਰੀ ਚ ਬਦਲ ਲਈਏ,ਰਵੀ ਦੇ ਦਾਦਾ ਜੀ ਨੇ ਸੱਭ ਵਲ,ਸਵਾਲੀਆ ਨਜ਼ਰਾਂ ਨਾਲ ਵੇਖਿਆ-



ਚਾਚਾਜੀ ਇਹ ਤਾਂ ਬਹੁਤ ਖੂਬ ਸੋਚਿਆ ਏ ਤੁਸਾਂ,ਮੈਂ ਘਰ ਗਲ ਕਰਕੇ ਐਤਵਾਰ ਹੀ ਇਸ ਰਿਸ਼ਤੇ ਦੀ ਫਤਹ ਬੁਲਾ ਦੇਨੇ ਹਾਂ।ਵਾਹ: ਵਾਹ ਰਵੀ ਤਾਂ ਸਾਨੂੰ ਸਾਰਿਆਂ ਨੂੰ ਬਹੁਤ ਪਿਆਰੀ ਲਗਦੀ ਹੈ।'ਗਿਲ' ਕੁਰਸੀ ਤੋਂ ਉਛਲਦਿਆਂ ਬੋਲਿਆ।

ਰਵੀ ਦੇ ਪਿਤਾ ਸਰਵਣ ਸਿੰਘ ਨੇ ਵੀ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਗਿਲ ਦੇ ਹੱਥ ਤੇ ਹੱਥ ਮਾਰਿਆ।

ਬੜੀ ਧੂਮ ਧਾਮ ਨਾਲ ਵਿਆਹ ਹੋਇਆ।ਦੋਸਤੀ ਅਗਲੀ ਪੀੜ੍ਹੀ ਲਈ ਪੱਕੀ ਹੋ ਗਈ।

ਗਿਲ ਸਾਹਬ ਨੇ ਨੂੰਹ ਪੁੱਤ ਦੇ ਹਨੀਮੂਨ ਦਾ ਪ੍ਰਬੰਧ ਸਿੰਘਾਪੁਰ ਦੇ ਫਾਈਵਸਟਾਰ ਚ ਕੀਤਾ।

ਰਵੀ ਤੇ ਉਸਦਾ ਪਤੀ ਇਕ ਦੂਜੇ ਤੋਂ ਅਜਨਬੀ ਤਾਂ ਨਹੀਂ ਸਨ,ਪਰ ਰਵੀ ਨੂੰ ਲਗ ਰਿਹਾ ਸੀ ਕਿ 'ਸੁੰਦਰ'(ਰਵੀ ਦਾ ਪਤੀ) ਕੁਝ ਪਰੇਸ਼ਾਨ ਪਰੇਸ਼ਾਨ ਉਲਝਿਆ ਉਲਝਿਆ ਹੈ।

ਸਿੰਘਾਪੁਰ ਵਰਗੀ ਰਮਣੀਕ ਜਗਾਹ ਵੀ ਉਸਨੂੰ ਭਾਹ ਨਹੀਂ ਰਹੀ ਸੀ।ਸ਼ਗਨਾਂ ਵਾਲੀ ਰਾਤ ਵੀ ਬੇਰੱਸ ਹੀ ਗੁਜਰ ਗਈ।

ਪਤੀ ਨੂੰ ਪੁਛੇ ਤਾਂ ਕੀ ਪੁਛੇ ਕਿਵੇਂ ਗਲ ਕਰੇ,ਰਵੀ ਸੋਚਦੇ ਸੋਚਦੇ ਖੁਦ ਉਲਝ ਗਈ ।ਇਕ ਹਫ਼ਤਾ ਯੂੰ ਹੀ ਜਕੋ ਤਕੀ ਚ ਗੁਜਰਿਆ,ਘਰ ਵਾਪਸੀ ਹੋ ਗਈ।ਘਰ ਆ ਕੇ ਸੁੰਦਰ ਦਾ ਵਤੀਰਾ ਆਮ ਹੀ ਸੀ ਇਸ ਲਈ ਘਰ ਚ ਕਿਸੇ ਨੂੰ ਕੁਝ ਫ਼ਰਕ ਨਾ ਲਗਾ।

ਇਕ ਦਿਨ ਰਾਤ ਸੁੰਦਰ ਬਾਥਰੂਮ ਵਿੱਚ ਸੀ ਕਿ ਫੋਨ ਦੀ ਘੰਟੀ ਵਜਣ ਤੇ ਰਵੀ ਨੇ ਫੋਨ ਉਠਾ ਲਿਆ," ਅਜੀ ਤੁਸੀਂ ਕਿਥੇ ਜਾ ਕੇ ਬੈਠ ਗਏ ,ਬੌਬੀ ਤੁਹਾਨੂੰ ਮਿਸ ਕਰ ਰਿਹਾ,ਉਸਨੂੰ ਬੁਖਾਰ ਹੋ ਗਿਆ ਹੈ,ਅੱਜ ਹੁਣੇ ਜਲਦੀ ਪਹੁੰਚੋ"।ਅਗਲੇ ਪਾਸੇ ਤੋਂ ਔਰਤ ਇਕੋ ਸਾਹ ਬੋਲ ਗਈ।

ਰਵੀ ਨੇ ਆਪਣਾ ਸਾਹ ਰੋਕ ਕੇ ਰਸੀਵਰ ਰੱਖ ਦਿੱਤਾ।

।ਫੋਨ ਫਿਰ ਵਜਿਆ,ਇਸ ਵਾਰ ਸੁੰਦਰ ਨੇ ਉਠਾਇਆ, ਤੂੰ ਡਾਕਟਰ ਕੋਲ ਲੈ ਜਾ ਬੌਬੀ ਨੂੰ,ਮੈਂ ਜਲਦ ਪਹੁੰਚਣ ਦੀ ਕੋਛਿਛ ਕਰਾਂਗਾ।

ਸੁੰਦਰ ਰਵੀ ਨੂੰ ਸੱਭ ਕਾਸੇ ਤੋਂ ਅਣਜਾਣ ਜਾਣ ਕੇ ਤੇ ਅਣਜਾਣ ਰੱਖ ਕੇ ਜਲਦ ਮੁੜ ਆਉਣ ਦਾ ਲਾਰਾ ਲਾ ਕੇ ਘਰੋਂ ਨਿਕਲ ਗਿਆ।

ਪੂਰਾ ਹਫ਼ਤਾ ਗੁਜਰਿਆ,ਸੁੰਦਰ ਦੀ ਕੋਈ ਉਘ ਸੁਘ ਨਹੀਂ ਸੀ।ਅੰਤ ਜਦ ਉਸਦੇ ਸਬਰ ਦਾ ਪਿਆਲਾ ਭਰ ਗਿਆ ਤਾਂ ਉਸ ਆਪਣੇ ਡੈਡੀ ਨੂੰ ਫੋਨ ਕੀਤਾ,ਉਹ ਤੁਰੰਤ ਉਸਨੂੰ ਘਰ ਲੈ ਗਏ।ਸੁੰਦਰ ਦੀ ਤਲਾਸ਼ ਦੋਨਾਂ ਧਿਰਾਂ ਵਲੋਂ ਸਰਗਰਮ ਸੀ।

ਸੁੰਦਰ ਦੇ ਡੈਡੀ ਸਚਮੁੱਚ ਹੀ ਸੁੰਦਰ ਦੇ ਇਸ ਕਾਰਨਾਮੇ ਤੋਂ ਅਣਭਿੱਜ ਸੀ।ਉਸ ਨੇ ਰਵੀ ਦੇ ਪਿਤਾ ਕੋਲੋਂ ਕਈ ਵਾਰ ਮਾਫੀ ਮੰਗੀ।ਉਸ ਨੇ ਕਿਹਾ,ਰਵੀ ਨੂੰ ਬਹੂ ਬਣਾ ਕੇ ਲਿਆਂਦਾ ਸੀ, ਪਰ ਹੁਣ ਬੇਟੀ ਬਣਾ ਕੇ ਰਖਾਂਗਾ ਤੇ ਅੱਛੇ ਲੜਕੇ ਨਾਲ ਇਸਦਾ ਵਿਆਹ ਕਰਾਂਗਾ।ਪਰ ਰਵੀ ਤੇ ਉਸਦੇ ਪਿਤਾ ਵਾਪਸ ਉਹਨਾ ਦੇ ਘਰ ਜਾਣ ਲਈ ਨਾਂ ਮੰਨੇ। ਰਵੀ ਦੇ ਮਾਮੇ ਨੇ ਉਸਨੂੰ ਕਨੇਡਾ ਬੁਲਾ ਲਿਆ,ਉਥੇ ਹੀ ਰਵੀ ਦੇ ਬੇਟਾ ਪੈਦਾ ਹੋਇਆ।ਲੱਖ ਯਤਨਾਂ ਦੇ ਬਾਦ ਵੀ ਰਵੀ ਦੂਸਰੇ ਵਿਆਹ ਲਈ ਰਾਜ਼ੀ ਨਾਂ ਹੋਈ।ਅਚਾਨਕ ਬੌਬੀ ਦੀ ਮਾਂ ਯਾਨੀ ਸੁੰਦਰ ਦੀ ਬੀਵੀ ਚਲ ਬਸੀ।ਸੁੰਦਰ ਰਵੀ ਦੇ ਤਰਲੇ ਪਾਉਣ ਲਗਾ,ਬੌਬੀ ਦਾ ਵਾਸਤਾ ਦੇਣ ਲਗਾ।ਰਵੀ ਆਖਰ ਔਰਤ ਸੀ ਝੱਟ ਮੋਮ ਹੋ ਗਈ,ਤੇ ਸੁੰਦਰ ਤੇ ਬੌਬੀ ਨੂੰ ਕੇਨੇਡਾ ਬੁਲਾ ਲਿਆ।ਸੁੰਦਰ ਉਥੇ ਬਹੁਤਾ ਚਿਰ ਟਿਕ ਨਾਂ ਸਕਿਆ ਤੇ ਰਵੀ ਤੇ ਦੂਜੇ ਬੇਟੇ ਨੂੰ ਨਾਲ ਲਿਆਣ ਵਿੱਚ ਵੀ ਕਾਮਯਾਬ ਨਾ ਹੋ ਸਕਿਆ,ਬੌਬੀ ਰਵੀ ਮਾਂ ਨਾਲ ਰਚਮਿਚ ਗਿਆ ਸੀ।ਸੁੰਦਰ ਇਹੋ ਆਜ਼ਾਦੀ ਤਾਂ ਭਾਲਦਾ ਸੀ।ਕੱਲਾ ਦੇਸ਼ ਮੁੜ ਆਇਆ।

ਰਵੀ ਨੇ ਦੋਨਾਂ ਬੱਚਿਆਂ ਨੂੰ ਬਰਾਬਰ ਪਾਲਿਆ ਪੜ੍ਹਾਇਆ।ਸੁੰਦਰ ਵੀ ਗੇੜੀ ਲਾਉਂਦਾ ਰਿਹਾ

ਵਕਤ ਗੁਜਰਦਾ ਗਿਆ।ਦੋਨਾਂ ਪੁਤਰਾਂ ਨੇ ਆਪਣੀ ਮਰਜੀ ਦੇ ਵਿਆਹ ਕਰ ਲਏ।ਰਵੀ ਦਾ ਆਪਣਾ ਬੇਟਾ ਆਪਣੀ ਬੀਵੀ ਨੂੰ ਲੈ ਅਜਨਬੀ ਹੋ ਗਿਆ।ਤੇ ਬੌਬੀ ਅੱਜ ਵੀ ਰਵੀ ਦੇ ਨਾਲ ਹੈ।ਰਵੀ ਨੇ ਜਿਸ ਪੁੱਤਰ ਦੀ ਛਾਂ ਦੇ ਸਹਾਰੇ ਦੂਜਾ ਵਿਆਹ ਨਾਂ ਕੀਤਾ,ਉਹ ਅਣਛਾਂਵਾ ਬੂਟਾ ਸਿੱਧ ਹੋਇਆ।ਤੇ ਦੋਨੋ ਪੁੱਤਰ ਆਪਣੇ ਬਾਪ ਨੂੰ ਅਣਛਾਂਵਾ ਜਾਣਦੇ ਰਹੇ।

ਪੁਸ਼ਪਾ ਨੇ ਬੜੇ ਚਾਅਵਾਂ ਨਾਲ ਆਪਣੇ ਪਿਆਰੇ ਪੁੱਤ ਦਾ ਮਨ ਪਸੰਦ ਕੁੜੀ ਨਾਲ ਕੀਤਾ,ਸਾਰੇ ਸ਼ਗਨ ਵਿਹਾਰ ਕਰ ਨੂੰਹ ਨੂੰ ਚਾਬੀਆਂ ਫੜਾ ਦਿੱਤੀਆਂ ਤੇ ਨੂੰਹ ਦੇ ਸਿਰ ਹੱਥ ਰੱਖ ਕਿਹਾ'ਧੀਏ ਤੂੰ ਅੱਜ ਤੋਂ ਮਾਲਕਣ ਹੈਂ ਮੇਰੀ ਤੇ ਮੇਰੇ ਪੁੱਤ ਬੂਟੇ ਦੀ।(ਚਿਰਾਂ ਬਾਦ ਸੰਤਾਨ ਹੋਣ ਕਰਕੇ ਉਹਨਾਂ ਪੁੱਤ ਦਾ ਨਾਂ ਬੂਟਾ ਸਿੰਘ ਰੱਖਿਆ)-ਪੁਸ਼ਪਾ ਨੇ ਬੂਟੇ ਨੂੰ ਤੱਤੀ,ਠੰਢੀ ਹਵਾ ਤੋਂ ਆਪਣੇ ਖੰਭਾਂ ਹੇਠ ਛੁਪਾ ਪਾਲਿਆ ਰੱਜ ਕੇ ਪੜਾਇਆ ਤੇ ਬੂਟਾ ਵੀ ਨੇਕ ਨਿਕਲਿਆ ਤੇ ਵੱਡਾ ਅਫਸਰ ਬਣ ਗਿਆ।ਵਿਆਹ ਨੂੰ ਚਾਰ ਕੁ ਸਾਲ ਹੋਏ,ਇਕ ਦਿਨ ਬਹੂ ਕਹਿਣ ਲਗੀ-

ਮੰਮੀ ਨੂੰ ਛੂਤ ਦੀ ਬੀਮਾਰੀ ਹੈ,ਆਪਣੇ ਕੂਕੂ ਨੂੰ ਖਤਰਾ ਹੋ ਸਕਦਾ ਹੈ,ਆਪਾਂ ਮੰਮੀ ਨੂੰ ਬ੍ਰਿਧ

ਘਰ ਛੱਡ ਦੇਈਏ"।

ਮਾਂ ਦੇ ਬੂਟੇ ਨੇ ਮਾਂ ਨੂੰ ਡੇਰੇ ਜਾਣ ਦੀ ਦਾਅਵਤ ਦਿੱਤੀ ਤੇ ਉਹ ਵੀ ਗੁਰੂਘਰ ਦਰਸ਼ਨਾਂ ਲਈ ਝੱਟ ਤਿਆਰ ਹੋ ਗਈ।ਡੇਰੇ ਪੁਜ ਮਾਂ ਸੰਗਤ ਸੇਵਾ ਚ ਰੁਝੀ ਵੇਖ ਨੂੰਹ ਪੁੱਤ ਨੇ ਖਿਸਕਣ ਦੀ ਕੀਤੀ।ਮਾਂ



ਸਮਝ ਹੀ ਨਾ ਸਕੀ ਬਹਾਰ ਦੇ ਮੌਸ਼ਮ ਵਿੱਚ ਉਸਦੇ ਬੂਟੇ ਦੇ ਪੱਤ ਕਿਉਂ ਝੜ ਗਏ।ਘਣਛਾਂਵਾਂ ਬੂਟਾ ਪਲਾਂ ਚ ਅਣਛਾਂਵਾਂ ਹੋ ਗਿਆ।

" ਪੋਤਾ ਦਾਦੀ ਮਾਂ ਨੂੰ—ਦਾਦੀ ਮਾਂ ਟੈਂ ਬੋਲੋ ਨਾਂ

ਦਾਦੀ ਮਾ- ਕਿਉਂ ਬੋਲੂੰ?

ਪੋਤਾ ਫਿਰ—ਦਾਦੀ ਮਾਂ ਟੈਂ ਬੋਲੋ ਨਾਂ-

ਦਾਦੀ ਮਾਂ ( ਗੁੱਸੇ ਨਾਲ) ਕਿਉਂ ਬੋਲੂੰ ?

ਪੋਤੇ ਨੇ ਫਿਰ ਬੜੇ ਤਰਲੇ ਨਾਲ ਬੇਨਤੀ ਕੀਤੀ-

ਦਾਦੀ-ਤੈਨੂੰ ਕਿਸ ਨੇ ਸਿਖਾਇਆ ਇਹ-

ਪੋਤਾ-ਕਲ ਮਮੀ ਪਾਪਾ ਨੂੰ ਕਹਿ ਰਹੀ ਸੀ ਜਦ ਮਾਂ ਟੈਂ ਬੋਲੇਗੀ ਤਾਂ ਆਪਾਂ ਨੂੰ ਘਰ ਮਿਲੇਗਾ।

"ਦੁਆਵਾਂ ਨਾਲ ਰੁਖਸਤ ਕਰਾਂਗੀ ਤੈਨੂੰ,ਮਾਂ ਬਣ ਕੇ ਪਾਲਿਆ ਹੈ,ਬਦਦੁਆ ਦਿਆਂਗੀ ਤੇ ਤੈਨੂੰ ਲਗਣੀ ਨਹੀਂ..।ਮਤੇਈ ਮਾਂ ਨੇ ਮਤੇਈ ਧੀ ਦੇ ਸਿਰ ਹੱਥ ਰੱਖ ਆਖਿਆ----

ਮਾਂ ਪੁੱਤ ਨੂੰ ਆਖੈ -ਪੁੱਤ 'ਮਾਵਾਂ -ਠੰਢੀਆਂ ਛਾਂਵਾਂ

ਪੁੱਤ-ਗਿਆ ਜਮਾਨਾ ਮਾਂ ਹੁਣ-' ਮਾਵਾਂ ਬੂਟਾ ਅਣ ਛਾਂਵਾਂ'

ਸਾਰੀ ਉਮਰ ਮੈਂ ਭੁਲੇਖਾ ਖਾਂਦਾ ਰਿਹਾ ਮਾਂ ਘਣਛਾਂਵਾਂ ਬੂਟਾ ਹੈ।ਮਾਂ ਤੇ ਆਪ ਸਿੰਮਲ ਤੋਂ ਛਾਂ ਭਾਲਦੀ ਰਹੀ।ਮੇਰੀ ਮਾਂ ਅਣਛਾਂਵਾ ਬੂਟਾ ਹੈ।

ਮੈਂ ਦਰਦ ਕਹਾਣੀ ਰਾਤਾਂ ਦੀ ਮੈਨੂੰ ਕੋਈ ਸਵੇਰਾ ਕੀ ਜਾਣੈ "।

" ਵੋ ਸਫ਼ਰ ਮੇਂ ਧੂਪ ਹਮਸਫ਼ਰ ਥੀ,

ਮੈਂ ਅਕੇਲੀ ਹੀ ਨਿਕਲੀ ਕਿ ਗਮੋਂ ਕਾ ਕਾਫ਼ਲਾ ਸਾਥ ਹੋ ਲੀਆ॥

0..0.00.0…0.0..0.0…0………..0…0.0.00..0..0..0.0.

"ਪਥਰੀਲੀ ਸੜਕ ਤੇ ਮੋਟੇ ਬੂਟ ਪਾ ਕੇ ਪੱਥ ਤਹਿ ਕੀਤਾ ਜਾ ਸਕਦਾ ਹੈ ,ਪਰ ਜੇ ਮੋਟੇ ਬੂਟਾਂ ਵਿੱਚ ਨਿਕੀ ਜਿਹੀ ਕੰਕਰੀ ਆ ਜਾਵੇ ਤਾਂ ਮਖਮਲ ਤੇ ਵੀ ਤੁਰਨਾ ਮੁਸ਼ਕਲ ਹੋ ਜਾਂਦਾ ਹੈ।"

ਰੇਸ਼ਮ ਦਾ ਕੀੜਾ ਕਿੰਨਾ ਕੀਮਤੀ ਹੁੰਦਾ ਹੈ,ਤੇ ਕਿੰਨਾ ਵਧੀਆ ਰੇਸ਼ਮ ਮਨੁੱਖ ਨੂੰ ਦੇਂਦਾ ਹੈ

ਲਗਾਤਾਰ ਕਈ ਘੰਟੇ ਰੇਸਮ ਦਾ ਧਾਗਾ ਬਣਾਉਂਦਾ ਰੱਜਵੀਂ ਕਿਰਤ ਕਰਦਾ ਹੈ,ਪਰ ਫਿਰ ਵੀ ਵਿਚਾਰਾ ਨਾਂ ਤਾਂ ਅਪਨੀ ਉਮਰ ਵਧਾ ਸਕਦਾ ਹੈ ਤੇ ਨਾਂ ਆਪਣੀ ਜਿੰਦਗੀ ਚ ਉਸਨੂੰ ਆਪਣੀ ਮਿਹਨਤ ਨਾਲ ਬਣਾਏ ਰੇਸ਼ਮ ਨੂੰ ਸੰਭਾਲਣ ਦੀ ਥਾਂ ਲੱਭਦੀ ਹੈ,ਉਹ ਆਪਣੇ ਦੁਆਲੇ ਹੀ ਧਾਗਾ ਲਪੇਟੀ ਜਾਂਦਾ ਹੈ ਤੇ ਲਪੇਟਦਾ ਰਹਿੰਦਾ ਹੈ ਆਖਰੀ ਸਾਹ ਤੱਕ ।ਇਹੋ

ਰੇਸ਼ਮ ਦਾ ਧਾਗਾ ਉਸਦਾ ਗਲ ਘੁੱਟ ਦੇਂਦਾ ਹੈ।



## "ਬੇਟੀਆਂ/ਧੀਆਂ"

ਬੇਟੀਆਂ/ਧੀਆਂ ਘਰਾਂ ਵਿੱਚ ਸੁਰ ਸੰਗੀਤ ਦੀ ਤਰਾਂ ਹਨ।

ਕਮਰੋ ਕਮਰਾ ਵਿਹੜਾ, ਤੁਰੇ ਫਿਰਦੇ ਗੁਣਗਣਾਉਂਦੇ ਸਾਜ਼ ਦੇ ਤਾਰ

ਜਦ ਬੇਟੀ ਬੋਲਦੀ ਹੈ.

ਬੋਲੇ ਤਾਂ ਕੋਈ ਬਰੇਕ ਨਹੀਂ

ਨਾਂ ਕੋਈ ਫੁਲ ਸਟਾਪ,ਨਾ ਕੌਮਾ

ਬਸ ਆਪਣੀ ਕਹਿ ਕੇ ਬਸ ਕਰਨੀ

ਕਈ ਵਾਰ ਕਹਿ ਦੇਣਾ ਪੈਂਦਾ ਹੈ,

ਬਸ ਕਰੋ,ਚੁੱਪ ਵੀ ਕਰ ਜਾਓ'

ਜੇ ਬੇਟੀ ਕਿਤੇ ਚੁੱਪ ਹੋ ਜਾਏ

ਮਾਂ ਨੂੰ ਤੌਖਲਾ ਹੁੰਦਾ ਹੈ

ਮਾਂ ਪੁਛਦੀ ਹੈ.,

ਕੀ ਹੋਇਆ ਬੇਟਾ,?

ਤੇਰੀ ਤਬੀਅਤ ਤਾਂ ਠੀਕ ਹੈ?

ਪਿਤਾ ਜੀ ਕਹਿੰਦੇ ਹਨ-

ਇੰਨੀ ਸੁੰਨ ਸਾਨ ਕਿਉਂ ਹੈ ਅੱਜ ਘਰ ਵਿੱਚ?

ਵੀਰ ਪੁਛਦਾ ਹੈ,

ਕਿਹਦੇ ਨਾਲ ਲੜਾਈ ਹੋਈ.?

ਕੋਈ ਫਰਮਾਇਸ਼ ਬਾਕੀ ਹੈ?

ਨਰਾਜ਼ ਕਿਉਂ ਹੈਂ?

ਵਿਆਹ ਹੋ ਜਾਏ ਬੇਟੀ ਦਾ ਤਾਂ

ਸਾਰਾ ਟੱਬਰ ਤੇ ਹਰ ਕੋਈ ਕਹਿਣ ਲਗਦਾ ਹੈ

' ਘਰ ਦੀ ਰੌਣਕ ਹੀ ਚਲੀ ਗਈ ਲਗਦੀ ਹੈ!

ਬੇਟੀਆਂ ਤਾਂ ਘਰੇਲੂ ਤਿਤਲੀਆਂ ਹਨ।

ਇਸ ਕਾਇਨਾਤ ਦੇ ਸਾਰੇ ਰੰਗ ਬੇਟੀਆਂ ਨਾਲ ਹਨ।

ਧੀਆਂ ਤਾਂ ਘਰ ਵਿੱਚ ਮਿੱਠਾ ਮਿੱਠਾ

ਨਿੰਮ੍ਹਾ ਨਿੰਮਾ ਲਗਾਤਾਰ

ਵਜਦਾ ਸੁਰ ਸੰਗੀਤ ਹੈ।

ਘਰ ਪਰਿਵਾਰ ਦਾ ਮਾਣ ਹਨ ਧੀਆਂ

ਪਿਆਰੀਆਂ ਮਿੱਠੀਆਂ,ਵਫਾਦਾਰ.

ਦੁੱਖ ਸੁੱਖ ਦੀ ਸਾਂਝ ਹਨ ਧੀਆਂ

ਦਿਲੋ-ਜਾਨ ਸਮਰਪਿਤ ਹੈ ਧੀਆਂ ਨੂੰ----।



## "ਲਾਂਭ੍ਰੇ ਹੋ ਜਾ ਸੋਹਣਿਆਂ 'ਸ਼ਾਹੀ ਸਵਾਰੀ' ਨੇ ਲੰਘਣੈ"

ਇਹ ਇਕੀਂਵੀ ਸਦੀ ਹੈ,ਈ-ਯੁੱਗ ਹੈ,ਪੂਰਾ ਗਲੋਬ ਮੁੱਠੀ ਵਿੱਚ ਹੈ।ਜਿਵੇਂ ਕੈਦੀਆਂ ਦੇ,ਬੈਰਕਾਂ ਦੇ ਨੰਬਰ ਹੁੰਦੇ ਹਨ ਇਵੇਂ ਹਰ ਬੰਦਾ ਇਕ ਨੰਬਰ ਹੋ ਕੇ ਰਹਿ ਗਿਆ ਹੈ,ਇਕ ਨੰਬਰ ਘੁਮਾਉਣ ਨਾਲ ਹਰ ਲੋੜ ਆਪਣੀ ਬੈਠਕ ਵਿੱਚ ਬੈਠੈ ਹੀ ਪੂਰੀ ਹੋ ਜਾਦੀ ਹੈ,ਸਿਰਫ਼ ਡਾਕਟਰ ਤੱਕ ਪਹੁੰਚਣ ਲਈ ਬਾਹਰ ਨਿਕਲਣਾ ਪੈਂਦਾ ਹੈ,ਵਿਗਿਆਨ ਦੀ ਇਸ ਤਬਦੀਲੀ ਤੋਂ ਸਾਡੇ ਨੇਤਾ ਤੇ ਅਧਿਕਾਰੀ ਖੌਫ਼ਜਦਾ ਹਨ।ਤਬਦੀਲੀ ਕੁਦਰਤ ਦਾ ਕਾਨੂੰਨ ਵੀ ਹੈ।

ਬੰਧੂਆ ਮਜਦੂਰੀ ਦਾ ਯੁੱਗ ਕਦੋਂ ਦਾ ਖ਼ਤਮ ਹੋ ਗਿਆ ਹੈ,ਤੇ ਅੰਗਰੇਜ਼ਾਂ ਨੂੰ ਗਿਆਂ ਵੀ ਅਠਾਹਠ ਸਾਲ ਹੋ ਗਏ ਹਨ,ਪਰ ਭਾਰਤ ਵਿੱਚ ਉਹੀ ਅੰਗਰੇਜ਼ ਕਾਨੂੰਨ ਤੇ ਰਵਾਇਤਾਂ ਆਪਣੀ ਪੂਰੀ ਤਾਕਤ ਨਾਲ ਲਾਗੂ ਹਨ।ਜਰੂਰੀ ਨਿਯਮ ਸਿਲੇਬਸ ਤੋਂ ਬਾਹਰ ਰੱਖੇ ਗਏ ਹਨ।

ਕੁਝ ਕੁ ਲੋਕ ਹੀ ਜਾਣਦੇ ਹੋਣਗੇ ਕਿ 1917 ਤੋਂ 1919 ਤੱਕ ਦੇ ਅੰਗਰੇਜੀ ਸ਼ਾਸਨ ਦੌਰਾਨ ਅੰਗਰੇਜਾਂ ਨੇ ਇਕ ਨਿਯਮ ਕਾਨੂੰਨ ਦੇ ਰੂਪ ਵਿੱਚ ਠੋਸ ਦਿੱਤਾ ਸੀ ਕਿ ਜਦ ਵੀ ਕੋਈ ਅੰਗਰੇਜ਼ ਅਧਿਕਾਰੀ ਘੋੜੇ ਤੇ ਸਵਾਰ ਹੋ ਕੇ ਮਾਰਕੀਟ ਵਿਚੋਂ ਲੰਘੇ,ਸ਼ਹਿਰੀ ਰਾਹੀ ਰੀਂਗ ਰੀਂਗ ਕੇ ਚਲਣ,ਜੇ ਕੋਈ ਸਿੱਧਾ ਚਲਦਾ ਤਾਂ ਉਸਨੂੰ ਕੋੜੇ ਮਾਰਨ ਦੀ ਸਜ਼ਾ ਦਿੱਤੀ ਜਾਂਦੀ,ਇਸ ਕਾਲੇ ਕਾਨੂੰਨ ਦਾ ਕਾਰਨ ਇਹ ਸੀ ਕਿ ਕਿਤੇ ਭਾਰਤੀ ਸਿਰ ਨਾ ਚੁੱਕ ਲੈਣ।ਇਸੇ ਕਾਨੂੰਨ ਤੋਂ ਅੰਮ੍ਰਿਤਸਰ ਦੇ ਇਕ ਬਜਾਰ ਦਾ ਨਾਮ ਹੀ ਖੂਹ ਕੋੜਿਆਂ ਵਾਲਾ ਪੈ ਗਿਆ ਤੇ ਅੱਜ ਵੀ ਇਹੀ ਨਾਮ ਜਾਣਿਆ ਜਾਂਦਾ ਹੈ, ਤੇ ਇਹ ਕਾਨੂੰਨ ਥੌੜੇ ਜਿਹੇ ਫਰਕ ਨਾਲ ਅੱਜ ਵੀ ਲਾਗੂ ਹੈ,ਜੋ ਸੱਭ ਪਾਲਣਾ ਵੀ ਕਰ ਰਹੇ ਹਨ—

ਐਸ.ਐਸ. ਪੀ ਜਨਤਾ ਦੀ ਸੇਵਾ ਲਈ ਸੁਰੱਖਿਆ ਦਸਤੇ ਦਾ ਆਗੂ ਤੇ ਅਧਿਕਾਰੀ ਹੁੰਦਾ ਹੈ ,ਜਦ ਉਹ ਸੜਕ ਤੋਂ ਕਾਲੇ ਸ਼ੀਸ਼ਿਆਂ ਵਾਲੀ ਵੱਡੀ ਲਗਜ਼ਰੀ ਕਾਰ ਵਿੱਚ ਬਾਹਰ ਨਿਕਲਦਾ ਹੈ ਤਾਂ ਉਸਦੇ ਅੱਗੇ ਵੀ ਐਸਕੌਰਟ ਤੇ ਪਿਛੈ ਵੀ ਐਸਕੌਰਟ,ਅਗਲੇ ਦੋ ਮੋਟਰ ਸਾਈਕਲਾਂ ਤੇ ਪਿਛਲਾ ਸਿਪਾਹੀ ਦੋਵੇਂ ਬਾਹਵਾਂ ਪਸਾਰ ਕੇ ਦੋਨਾ ਪਾਸਿਆਂ ਤੋਂ ਸੜਕ ਖਾਲੀ ਕਰਾਉਂਦਾ ਜਾਂਦੇ ਹਨ,ਖਾਲੀ ਸੜਕ ਤੇ ਪਹਿਲਾਂ ਜੀਪ ਗੁਜਰਦੀ,ਸੁੰਘਦੀ ਜਾਂਦੀ,ਤੇ ਫਿਰ ਐਸ ਐਸ ਪੀ ਦੀ ਕਾਰ ਪਾਸ ਹੁੰਦੀ ਹੈ,ਇਸ ਵਕਤ ਵਿੱਚ ਐਂਮਬੂਲੈਂਸ ਜਾਂ ਫਾਇਰ ਬਰੀਗੇਡ ਨੂੰ ਵੀ ਸੀਟੀ ਮਾਰ ਕਿਹਾ ਜਾਂਦਾ ਹੈ, "ਲਾਂਬੇ ਹੋ ਸੋਹਣਿਆ,ਸ਼ਾਹੀ ਸਵਾਰੀ ਨੇ ਲੰਘਣਾ"।

ਉਸ ਵੇਲੇ ਸੜਕ ਤੇ ਖੜੇ ਆਪਣੇ ਆਪ ਨੂੰ ਟਟੋਲਦੇ ਹਨ ਕਿਤੇ ਉਹ ਮਨੁੱਖੀ ਬੰਬ ਤੇ ਨਹੀਂ ਹਨ-ਅਫਸੋਸ ਸੁਰੱਖਿਆ ਦਸਤਿਆਂ ਨੂੰ ਵੀ ਸੁਰੱਖਿਆ ਫੋਰਸਾਂ ਦੀ ਲੋੜ ਹੈ।

ਥੋੜੇ ਦਿਨ ਪਹਿਲਾਂ ਮੁਖ ਮੰਤਰੀ ਪੰਜਾਬ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਚੰਡੀਗੜ ਏਅਰ ਪੋਰਟ ਉਦਘਾਟਨ ਤੇ ਵੋਟ ਬੈਂਕ ਨੂੰ ਕਮਰੇ ਦੇਣ ਸਦਕਾ ਐਲਾਨ ਕਰਨ ਲਈ ਬੁਲਾਇਆ ਸੀ।

ਚੰਡੀਗੜ ਵਿੱਚ ਸੜਕ ਨਿਯਮ ਦੂਜੇ ਸਹਿਰਾਂ ਨਾਲੋਂ ਵੱਧ ਮੰਨੇ ਜਾਂਦੇ ਹਨ ਕਿਉਂ ਜੋ ਇਥੇ ਕੁਝ ਆਲਾਹ ਸ਼ਰੇਣੀ ਦੇ ਜਨ ਵਸਦੇ ਹਨ।ਮੁਖ ਮੰਤਰੀ ਪੰਜਾਬ ਦੇ ਹੁਕਮਾਂ ਤੇ ਸੜਕਾਂ ਤੇ ਲੰਘਣ ਵਾਲੇ ਨੂੰ ਕੋੜੇ ਹੀ ਨਹੀਂ ਮਾਰੇ ਗਏ,ਬਾਕੀ ਕਿਸੇ ਮੁਰਦੇ ਨੂੰ ਵੀ ਮਰਨ ਤੋਂ ਬਾਦ ਜੰਨਤ ਕਈ ਘੰਟੇ ਲੇਟ ਨਸੀਬ ਹੋਈ,ਕਈ ਜਿਹਨਾਂ ਨੇ ਅਜੇ ਹੋਰ ਕਈ ਸਾਲ ਜੀਣਾ ਸੀ , ਵੋਟ ਵੀ ਪਾਉਣੀ ਸੀ ਉਹ ਰੱਬ ਨੂੰ ਕੋਸਦੇ ਰੱਬ ਨੂੰ ਪਿਆਰੇ ਹੋ ਗਏ।ਇਹ ਉਹ ਪ੍ਰਧਾਨ ਮੰਤਰੀ ਆਇਆ ਸੀ ਜਿਹਨੇ ਵੋਟਰਾਂ ਨੂੰ ਅੱਛੇ ਦਿਨਾਂ ਦੇ ਲੌਲੀਪੌਪ ਵੰਡ ਕੇ ਅਹੁਦਾ ਪਾਇਆ ਸੀ ਤੇ ਹੁਣ ਉਹਨਾਂ ਕੋਲੋਂ ਹੀ ਖੌਫ਼ ਖਾ ਰਿਹਾ ਸੀ।ਕਿੰਨੇ ਦੇਸ਼ ਫਿਰ ਕੇ ਆਏ ਪ੍ਰਧਾਨ ਮੰਤਰੀ ਤੇ ਮੁਖ ਮੰਤਰੀ ਇੰਨਾ ਵੀ ਨਹੀਂ ਸਿਖ ਸਕੇ ਕੇ ਵੋਟਰ 'ਆਕਾ'ਹੈ ਬੰਬ ਨਹੀਂ ਸਕੂਲ ਬੰਦ ਕਰਾਏ ਗਏ,ਮਾਰਕੀਟ ਬੰਦ,ਕਿਸੇ ਬੱਚੇ ਨੂੰ ਦੁੱਧ ਨਾ ਮਿਲਿਆ ਤੇ ਕਿਸੇ ਨੂੰ ਦਵਾਈ ਨਾ ਮਿਲੀ,ਚੰਡੀਗੜ ਵਿੱਚ ਕਰਫਿਊ ਵਾਲੇ ਹਾਲਾਤ ਬਣਾ ਦਿੱਤੇ ਗਏ।ਕਾਂਗਰਸ ਨਾਲ ਸੰਬੰਧ ਰੱਖਣ ਵਾਲਿਆਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ।

'ਕੌਣ ਪੁਚਾਏਗਾ ਪ੍ਰਧਾਨ ਮੰਤਰੀ ਤੱਕ ਇਹ ਬਾਤ ਕਿ ਉਸਨੇ ਕਿੰਨੇ ਦਿਲ ਦੁਖਾਏ ਹਨ"?

ਦੇਸ਼ ਦੇ ਦਿਲ ਦਿਲੀ ਦੇ ਵਾਸੀ ਕੁਝ ਜਾਗਰੂਕ ਯੁਵਕ ਇਸ ਵੀ,ਆਈ. ਪੀ ਕਲਚਰ ਦੇ ਵਿਖਾਵੇ ਵਿਰੁੱਧ ਮੁਹਿੰਮ ਚਲਾ ਰਹੇ ਹਨ।ਉਹ ਦਸਦੇ ਹਨ,ਜਨਤਾ ਦੀ ਗਾੜ੍ਹੀ ਕਮਾਈ ਤੇ ਆਮ ਆਦਮੀ ਤੋਂ ਵੋਟ ਲੈ ਕੇ ਖਾਸ ਬਣ ਜਾਣਾ ਅੰਗਰੇਜਸ਼ਾਹੀ ਹੈ,ਲੋਕ ਰਾਜ ਨਹੀਂ।ਨਾਹਰੇ ਮਾਰ ਨੁਮਾਇੰਦਾ ਵੀ ਜਨਤਾ ਦੇ ਪੈਸੇ ਨਾਲ ਪੈਟਰੋਲ ਫੂਕਦਾ ਲਾਲ ਨੀਲੀ ਬੱਤੀ ਲਾ ਕੇ ਸਿਗਨਲ ਤੋੜਦਾ ਫਿਰਦਾ ਹੈ।ਹੁਣ ਸੰਵਿਧਾਨ ਵਿੱਚ ਸਮਾਨਤਾ ਦਾ ਅਧਿਕਾਰ ਸੱਭ ਤੇ ਇਕੋ ਜਿਹਾ ਲਾਗੂ ਹੈ।ਸੰਵਿਧਾਨ ਨੂੰ ਮਾਨਤਾ ਦੇਣ ਵਾਲੇ ਖੁਦ ਹੀ ਊਚ ਨੀਚ ਪੈਦਾ ਕਰ ਰਹੇ ਹਨ।ਸਾਬਕਾ ਮੰਤਰੀ ਨੂੰ ਵੀ ਸੱਭ ਸਹੂਲਤਾਂ ਕਾਇਮ ਹਨ।

ਪ੍ਰਧਾਨ ਮੰਤਰੀ ਦੀ ਦੇਸ਼ ਪ੍ਰਤੀ ਸੰਵੇਦਨਸ਼ੀਲਤਾ ਤੇ ਸੇਕੁਰੇਲਿਜ਼ਮ ਤੇ ਹਰੇਕ ਫਰਦ ਦੀ ਸਮਾਨਤਾ ਦਾ ਇਖਲਾਕ ਜਾਹਰ ਹੋ ਚੁੱਕਾ ਹੈ।ਮੁਖ ਮੰਤਰੀ ਦਿਲੀ ਨੂੰ ਕੰਮ ਨਹੀਂ ਕਰਨ ਦੇਣਾ ਜੋ ਉਹ ਕਿਤੇ ਜਨਤਾ ਵਿੱਚ ਲੋਕ ਪ੍ਰਿਯ ਨਾ ਹੋ ਜਾਵੇ।ਪ੍ਰਧਾਨ ਮੰਤਰੀ ਦੇ ਮਨ ਕੀ ਬਾਤ ਵਿਚਲੀ ਸਪੋਰਟਸਮੈਨ ਸਪਰਿਟ ਲੋਕ ਭਲਾਈ ਵੇਲੇ ਫੁਰਰ ਹੋ ਜਾਂਦੀ ਹੈ।

ਸੰਸਦ ਨੇ ਸਾਂਸਦਾਂ ਨੂੰ ਗੱਫੇ ਦੇ ਦਿੱਤੇ,ਕਿਸੇ ਨੇ ਓਪੋਜ਼ ਨਹੀਂ ਕੀਤਾ।ਇਕ ਵੀ ਬੇਰੁਜਗਾਰ ਨੂੰ ਰੁਜਗਾਰ ਨਹੀਂ ਦਿੱਤਾ ਗਿਆ,ਪੈਨਸ਼ਨਾਂ ਖੋਹ ਲਈਆਂ ਹਨ।ਬੁਢਾਪਾ ਪੈਨਸ਼ਨ ਕੇਵਲ ਕਾਗਜਾਂ ਤੱਕ ਹੈ।ਸਾਂਸਦਾਂ ਦੀ ਪੈਨਸ਼ਨ ਕਿਉਂ ਲਾਗੂ ਹੈ,ਕੌਣ ਪੁਛੇਗਾ ਤੇ ਕੌਣ ਜਵਾਬ ਦੇਵੇਗਾ?





ਸ਼ਾਰੇ ਮਹਿਕਮੇ ਨਿਜੀ ਕੀਤੇ ਜਾ ਰਹੇ ਹਨ,ਤਾਂ ਫਿਰ ਸੁਰੱਖਿਆ ਫੋਰਸਾਂ ਦੀ ਵਾਗ ਡੋਰ ਦਾ ਵੀ ਨਿਜੀਕਰਨ ਕਰ ਦੇਣਾ ਚਾਹੀਦਾ ਹੈ,ਜਨਤਾ ਦੇ ਸਿਰ ਤੋਂ ਇਹ ਭਾਰ ਵੀ ਲੱਥ ਜਾਵੇ।

ਵੋਟਰ ਹਰ ਤਰਾਂ ਦਾ ਟੈਕਸ ਦੇਂਦਾ ਹੈ,ਸਾਂਸਦ ਟੈਕਸ ਨਹੀਂ ਦੇਂਦਾ,ਬੈਂਕ ਤੋਂ ਲਿਆ ਕਰਜ਼ਾ ਵੀ ਸਾਂਸਦ ਨਹੀਂ ਮੋੜਦਾ,ਕੀ ਇਹ ਸੰਵਿਧਾਨ ਵਿੱਚ ਲਿਖਿਆ ਹੈ?

ਕਿਸਾਨ ਹੈ ਪਰੇਸ਼ਾਨ'ਵਿਦਿਆ ਸੈੱਸ ਚਾਰਜ ਲਾ ਕੇ ਵੀ 70% ਜਹਾਲਤ ਹੈ,ਪੰਡਾਂ ਭਰ ਕੇ ਬਿਜਲੀ ਦੇ ਬਿਲ ਹਨ ਫਿਰ ਵੀ ਕਈ ਜਗਾਹ ਦੀਵਾ ਬਾਲ ਕੇ ਗੁਜਾਰਾ ਕੀਤਾ ਜਾ ਰਿਹਾ ਹੈ।

ਸਾਂਸਦ ਨੂੰ ਇਕ ਲੱਖ ਯੂਨਿਟ ਬਿਜਲੀ ਮਾਫ ਹੈ ਤੇ ਵਾਧੂ ਉਹ ਜਬਰੀ ਵਰਤ ਲੈਂਦਾ ਹੈ,ਫੋਨ ਦਾ ਬਿਲ ਵੀ ਸਰਕਾਰੀ ਫੰਡ ਵਿਚੋਂ,ਗੈਸ ਸਿਲੰਡਰ ਮੁਫਤ ਜਿੰਨੇ ਮਰਜੀ।

ਨਿਕੇ ਨਿਕੇ ਮੁਲਕ ਵੀ ਸਮੇਂ ਦੇ ਹਾਣੀ ਬਣ ਚੁਕੇ ਹਨ,ਪਰ ਕੀ ਬਣੂਗਾ ਭਾਰਤ ਦੇ ਆਮ ਆਦਮੀ ਦਾ ਇਸ ਕਰਫਿਊ ਰੂਪੀ ਪਰਸ਼ਾਸਨ ਵਿੱਚ?...

" ਹਮ ਨੇ ਦੀਆ ਜਲਾ ਕੇ ਤੂਫਾਂ ਮੇਂ ਰੱਖ ਦਿਆ "

ਸਿਖਿਆ- ਭਾਰਤ ਵਾਸੀਓ ਘਰੋਂ ਜਰੂਰੀ ਕੰਮ ਲਈ ਨਿਕਲਣ ਤੋਂ ਪਹਿਲਾਂ ਡੀ ਸੀ ਆਫਿਸ ਤੋਂ,ਨਗਰ ਪਾਲਿਕਾ ਤੋਂ ਪੁਛ ਲਿਆ ਕਰੋ ਕਿ ਕਿਤੇ ਐਸ.ਐਸ.ਪੀ ਜਾਂ ਕੋਈ ਐਮ.

ਐਲ.ਏ ਤਾਂ ਨਹੀਂ ਸੜਕ ਤੋਂ ਗੁਜਰਨ ਵਾਲਾ।ਯਾਦ ਰੱਖਣਾ—"

"ਯੇ ਜਿੰਦਗੀ ਕਮ ਹੈ,ਜਿੰਦਗੀ ਸਮਝਨੇ ਕੇ ਲਿਏ

ਏਕ ਉਮਰ ਔਰ ਚਾਹੀਏ,ਜਿੰਦਗੀ ਸਮਝਨੇ ਕੇ ਲਿਏ।"

## "ਦਰਦ-ਏ ਦਿਲ ਦੀ ਦਵਾ ਸਾਜ਼ ਦੇ ਤਾਰ"

ਜਬ ਦਿਲ ਕੋ ਸਤਾਵੇ ਗਮ,

ਤੋ ਛੇੜ ਸਖੀ ਸਰਗਮ-

ਬਹੁਤ ਜੋਰ ਹੈ ਸਾਤ ਸੁਰੋਂ ਮੇਂ

ਬਹਿਤੇ ਆਂਸੂ ਜਾਵੇਂ ਥੁੰਮ ॥

ਦਰਦ ਖੁਦ ਹੈ ਮਸੀਹਾ ਦੋਸਤੋ

ਦਰਦ ਸੇ ਭੀ ਦਵਾ ਕਾ ਕਾਮ ਲਿਆ ਜਾਤਾ ਹੈ।

ਸਾਜ਼,ਸੰਗੀਤ,ਦਿਲ ਦੇ ਸੁਕੇ ਜਖ਼ਮਾਂ ਦੀ ਦਵਾ ਹੈ,ਇਹ ਤਾ ਸੱਭ ਜਾਣਦੇ ਹਨ,ਪਰ ਬਹੁਤ ਥੋੜੈ ਇਹ ਜਾਣਦੇ ਹੋਣਗੇ ਕਿ ਜਿਸਮਾਨੀ ਹਰੇ ਜਖ਼ਮਾਂ ਦਾ ਮਰੁਹਮ ਵੀ ਹੈ'ਸੁਰ ਸਾਜ਼।

ਬੰਸਰੀ ਗਊਆਂ ਨੂੰ ਸਮੋਹਨ ਕਰ ਲੈਂਦੀ ਹੈ ਤੇ ਢੋਲ ਘੋੜੀ ਨੂੰ ਝੂੰਮਣ ਲਾ ਦੇਂਦੇ,ਇਕਤਾਰੇ ਦੇ ਤਾਰ ਪੰਛੀਆਂ ਨੂੰ ਵੀ ਮੋਹਿਤ ਕਰਦੇ ਹਨ।

ਮੁਹੱਬਤ,ਇਸ਼ਕ,ਬਿਰਹਾ,ਦਿਲ ਦਾ ਦਰਦ ਬਣ ਜਾਂਦੇ ਹਨ,ਤੇ ਸਰਗਮ ਇਸ ਦਰਦ ਦੀ ਦਵਾ।ਇਸ ਤਰਾਂ ਹੀ ਸਰੀਰਕ ਤੇ ਮਾਨਸਿਕ ਰੋਗ ਵੀ ਸੰਗੀਤ ਨਾਲ ਘੱਟ ਜਾਂਦੇ ਹਨ।

ਸੁਣਨ ਤੇ ਪੜ੍ਹਨ ਨੂੰ ਤਾਂ ਇਹ ਗੱਲ ਹਾਸੋਹੀਣੀ ਲਗਦੀ ਹੈ ਕਿ ਸੰਗੀਤ ਦਵਾ ਹੈ,ਪਰ ਇਹ ਸੱਭ ਨੇ ਮੰਨਿਆ ਹੈ ਕਿ ਸੰਗੀਤ ਰੂਹ ਦੀ ਗਜ਼ਾ ਹੈ।ਜਿਵੇਂ ਨਜ਼ਰਾਂ ਦਾ ਫੱਟ ਖਾਣ ਵਾਲੇ ਵਸਲ ਦੇ ਸੁਪਨਿਆਂ ਦੇ ਫੰਬੇ ਕਲਮ ਨਾਲ ਰੱਖ ਲੈਂਦੇ ਹਨ,ਤੇ ਕੋਈ ਹੋਰ ਸਾਜ਼ ਦੇ ਤਾਰਾਂ ਨੂੰ ਛੇੜ ਦੁੱਖ ਵੰਡਾ ਲੈਂਦੇ ਹਨ।ਰੂਹ ਦੀ ਗਜ਼ਾ ਰੂਪੀ ਇਹ ਸੰਗੀਤ ਮਰੀਆਂ ਰੂਹਾਂ ਚ ਨਵੀਂ ਜਾਨ ਬਖ਼ਸ ਸਕਦਾ ਹੈ।ਜਿਸ ਤਰਾਂ ਕੀਰਤਨ ਸੁਣ ਕੇ ਮਰੀਜ਼ ਚ ਨਵਾਂ ਉਤਸ਼ਾਹ ਜਾਗ ਜਾਂਦਾ ਹੈ,ਇਵੇਂ ਹੀ ਦੂਸਰਾ ਮਿਉਜ਼ਕ ਸੁਣ ਕੇ ਮਰੀਜ਼ ਦੀ ਹਾਲਤ ਸੁਧਰਨ ਲਗਦੀ ਹੈ।ਇਹ ਮਾਨਸਿਕਤਾ ਹਰੇਕ ਮਰੀਜ਼ ਵਿੱਚ ਵੱਖ ਵੱਖ ਹੁੰਦੀ ਹੈ,ਜਾਂ ਫਿਰ ਜਿਵੇਂ ਦੀ ਬੀਮਾਰੀ ਹੋਵੇ।



ਸੁਰ ਸੰਗੀਤ ਮਨੋਰੰਜਨ ਤਾਂ ਹੈ ਹੀ ਇਹ ਮਾਨਸਿਕ ਤੇ ਸਰੀਰਕ ਰੋਗਾਂ ਲਈ ਲਾਭਦਾਇਕ ਥੇਰੇਪੀ ਵੀ ਸਾਬਤ ਹੋ ਚੁੱਕੀ ਹੈ।ਅਮਰੀਕਾ,ਯੂਨਾਨ ਦੇ ਹਸਪਤਾਲਾਂ ਵਿੱਚ ਇਹ ਸੰਗੀਤ ਥੇਰੇਪੀ ਪਿਛਲੇ ਕੁਝ ਸਾਲਾਂ ਤੋਂ ਅਪਨਾਈ ਜਾ ਰਹੀ ਹੈ ਤੇ ਇਸਦੇ ਅੱਛੇ ਨਤੀਜੇ ਆਏ ਹਨ,

ਕਈ ਮਨੋਰੋਗੀਆਂ ਨੂੰ ਇਸ ਸੰਗੀਤ ਥੇਰੇਪੀ ਨਾਲ ਬਿਨਾਂ ਦਵਾ ਹੀ ਠੀਕ ਕਰ ਲਿਆ ਜਾਂਦਾ ਹੈ।ਸਰੀਰਕ ਬੀਮਾਰੀਆਂ ਵਿੱਚ ਦਵਾ ਦੇ ਨਾਲ ਰੋਗੀ ਦੇ ਮਨਭਾਉਂਦਾ ਗੀਤ ਲਗਾਇਆ ਜਾਂਦਾ ਹੈ।ਮਸਲਨ ਆਲੇ ਦੁਆਲੇ ਦਾ ਮਾਹੌਲ ਲੈਅਮਈ ਰਿਧਮ ਵਿੱਚ ਸੰਵਾਰ ਲਿਆ ਜਾਂਦਾ ਹੈ।ਇਸ ਨਾਲ ਮਰੀਜ਼ ਨੂੰ ਆਪਣੇ ਅੰਦਰਲਾ ਸ਼ੋਰ ਘੱਟ ਸੁਣਾਈ ਦੇਂਦਾ ਹੈ ਤੇ ਉਹ ਢਹਿੰਦੀ ਕਲਾ ਚੋਂ ਨਿਕਲ ਉਸਾਰੂ ਕਲਾ ਵਲ ਵੱਧਣ ਲਗਦਾ ਹੈ,ਇਸ ਤਰਾਂ ਮਰੀਜ਼ ਦੇ ਮਨ ਦੀ ਅਵਸਥਾ ਬਦਲਣ ਲਗਦੀ ਹੈ ਤੇ ਉਹ ਸੈਲਫ਼ ਹੀਲਿੰਗ ਨਾਲ ਜਲਦੀ ਠੀਕ ਹੋ ਜਾਂਦਾ ਹੈ ਉਥੇ ਇਹ ਅਭਿਆਨ ਤੇ ਅਭਿਆਸ ਚਿਰਾਂ ਤੋਂ ਚਲ ਰਿਹਾ ਹੈ।

ਭਾਰਤ ਵਿੱਚ ਬੇਸ਼ੱਕ 'ਸੰਗੀਤ'ਥੇਰੇਪੀ ਦੇ ਨਾਮ ਨਾਲ ਨਹੀਂ ਜਾਣਿਆ ਜਾਂਦਾ,ਪਰ ਜੇ ਪਿਛੋਕੜ ਫਰੋਲੀਏ,ਤਾਂ ਬੱਚਿਆਂ ਨੂੰ ਸਕੂਨ ਦੇਣ ਲਈ ਮਾਂ,ਦਾਦੀ,ਨਾਨੀ ਦੀਆਂ ਲੋਰੀਆਂ,ਸੰਗੀਤ ਥੇਰੇਪੀ ਹੀ ਤਾਂ ਹੈ।ਨੰਨ੍ਹੇ,ਮੁਨ੍ਹੇ ਨੂੰ ਕੋਈ ਵੀ ਤਕਲੀਫ਼ ਹੋਵੇ,ਮਾਂ ਦੀ ਊਂਅਊਂਅਅਓਅ ਦੀ ਲੈਅ ਅਨੀਂਦਰੇ ਬੱਚੇ ਨੂੰ ਵੀ ਸੁਪਨਨਗਰੀ ਵਿੱਚ ਲੈ ਜਾਂਦੀ ਹੈ।ਮਾਂ.ਦਾਦੀ,ਨਾਨੀ ਤਾਂ ਬੱਚੇ ਨਾਲ ਗਲਾਂ ਵੀ ਰਿਧਮ ਵਿੱਚ ਕਰਦੀਆਂ ਹਨ।ਜੇ ਇਹ ਕਹਿ ਲਿਆ ਜਾਵੇ ਕਿ ਯੁਨਾਨ ਤੇ ਅਮਰੀਕਾ ਨੇ ਇਹ ਥੇਰੈਪੀ,ਭਾਰਤੀ ਮਾਂ ਤੋਂ ਸਿੱਖੀ ਹੈ,ਤਾਂ ਇਸ ਵਿੱਚ ਕੋਈ ਅਤਕਥਨੀ ਨਹੀਂ ਹੋਵੇਗੀ।

ਤਣਾਓ ਨੂੰ ਭਜਾਉਣ ਵਿੱਚ ਸੰਗੀਤ ਰਾਮ ਬਾਣ ਦਾ ਰੋਲ ਨਿਭਾਉਂਦਾ ਹੈ।ਕੋਈ ਪ੍ਰਾਣੀ ਸਿਰਫ ਖ਼ੁਸ਼ੀ ਵਿੱਚ ਹੀ ਨਹੀਂ ਗਾ ਗਾ ਕੇ ਝੂੰਮਦਾ,ਗਮ ਨੂੰ ਵੀ ਗਲਤ ਕੀਤਾ ਜਾ ਸਕਦਾ ਹੈ,ਤੇ ਕੀਤਾ ਜਾਂਦਾ ਹੈ।ਉਦਾਸੀ,ਵਿਛੋੜੇ ਵਿੱਚ ਗਾਏ ਗਏ ਗੀਤ ਬਹੁਤ ਮਧੁਰ ਤੇ ਦਿਲਚਸਪ ਹੁੰਦੇ ਹਨ,

ਇਹੀ ਤਾਂ ਹੈ ਦਰਦ-ਏ ਦਿਲ ਦਾ ਦਾਰੂ,ਇਲਾਕਾਈ ਲੋਕ ਗੀਤ ਇਸੀ ਸ਼ਰੇਣੀ ਵਿੱਚ ਆਉਦੇ ਹਨ।ਮਿਸਾਲ ਦੇ ਤੌਰ ਤੇ-ਪੰਜਾਬੀ ਟੱਪੇ,ਬੋਲੀਆਂ,ਮਾਹੀਆ,ਤ੍ਰਿੰਞਣ,ਤੀਆਂ ਦੇ ਗੀਤ ਇਸੇ ਵੰਨਗੀ ਵਿੱਚ ਹਨ।ਗੀਤ ਰੋਂਦੇ ਦਿਲਾਂ ਨੂੰ ਹਸਾ ਦੇਂਦੇ ਹਨ ਤੇ ਅਲ੍ਹੈ ਜਖ਼ਮਾਂ ਦੀ ਮਰਹੂਮ ਬਣ ਜਾਂਦੇ ਹਨ।

ਲੰਮੀ ਹੇਕ ਵਿੱਚ ਪਾਏ ਜਾਂਦੇ ਵੈਣ ਵੀ ਤੇ ਗਮ ਗਲਤ ਕਰਨ ਦਾ ਆਸਰਾ ਹੀ ਹੁੰਦੈ।

ਮਕਬੂਲ ਗਜ਼ਲਗੋ ਬੇਗਮ ਅਖ਼ਤਰ ਦਾ ਸੁਰ ਵਾਲਾ ਗਲਾ ਪੈਦਾਇਸ਼ੀ ਗੁਣ ਸੀ,ਸਸੁਰਾਲ ਵਾਲੇ ਉਸ ਨੂੰ ਗਾਉਣ ਦੀ ਇਜ਼ਾਜ਼ਤ ਨਾਂ ਦਿੱਤੀ ਤਾਂ ਉਹ ਬੀਮਾਰ ਪੈ ਗਈ,ਵੈਦਜੀ ਨੇ ਦਸਿਆ ਕਿ ਇਸ ਦਾ ਇਲਾਜ ਕੇਵਲ ਤੇ ਕੇਵਲ ਗਾਉਣ ਹੈ।ਘਰੋਂ ਇਜ਼ਾਜ਼ਤ ਮਿਲਦੇ ਹੀ ਉਹ ਗਜ਼ਲ ਗਾਉਣ ਲਗੀ ਤੇ ਆਪ ਤਾਂ ਰਾਜ਼ੀ ਹੋਈ ਹੀ ਕਈ ਹੋਰ ਟੁਟੇ ਦਿਲ ਵੀ ਗੰਢੇ।

ਕੁਝ ਸਾਲ ਪਹਿਲੇ ਦੀ ਗਲ ਹੈ,ਨਾਸਾ ਦਾ ਇਕ ਵਿਗਿਆਨੀ ਜੋ ਕਿ ਕੰਨਾਂ ਦੇ ਕੈਂਸਰ ਵਿਚ ਪੀੜਿਤ ਸੀ ਹਰਮਿੰਦਰ ਸਾਹਿਬ ਰਾਗ ਕੀਰਤਨ ਸੁਣ ਕੇ ਰਾਜ਼ੀ ਹੁੰਦਾ ਗਿਆ ਤੇ ਜੋ ਕੁਝ ਮਹੀਨਿਆਂ ਦਾ ਪ੍ਰਾਹੁਣਾ ਸੀ ਰਾਗ ਥੇਰੇਪੀ ਦੀ ਬਦੌਲਤ ਛੇ ਸਾਲ ਤੱਕ ਜੀਵਤ ਰਿਹਾ।

ਸੰਗੀਤ ਥੇਰੇਪੀ'ਹਨੇਰੇ ਰੌਸ਼ਨਦਾਨ ਵਿਚੋਂ ਆਉਂਦੀ ਕਿਰਨ ਦੀ ਤਰਾਂ ਹੈ,ਜੋ ਬਾਸੀ ਨੂੰ ਵੀ ਤਰੋਤਾਜ਼ਾ ਕਰਨ ਦੀ ,ਬੇਜਾਨ ਵਿੱਚ ਜਾਨ ਭਰਨ ਦੀ ਸਮਰੱਥਾ ਰੱਖਦੀ ਹੈ।

"ਹੈਂ ਸਬ ਸੇ ਮਧੁਰ ਵੋ ਗੀਤ ਜਿਨਹੇਂ ਹਮ ਦਰਦ ਕੇ ਸੁਰ ਮੇਂ ਗਾਤੇ ਹੈਂ"

ਖੋਜ,ਅਭਿਆਸ ਅਤੇ ਤਜਰਬੇ ਦਸਦੇ ਹਨ ਕਿ ਅਬਨਾਰਮਲ ਬੱਚੇ ਸੰਗੀਤ ਥੇਰੇਪੀ ਨਾਲ ਨਾਰਮਲ ਹੋ ਗਏ,ਤੇ ਕੰਮਜੋਰ ਬੱਚਿਆਂ ਦਾ ਭਾਰ ਵੱਧਣ ਲਗਾ।

ਯੁਨੀਵਰਸਿਟੀ ਆਫ ਟੈਰਾਂਟੋ ਅਤੇ ਓਨਟਾਰੀਓ ਵਿੱਚ ਸੰਗੀਤ ਥੇਰੇਪੀ ਤੇ ਕੀਤੀ ਗਈ ਖੋਜ ਦਾ'ਪਾਰਕਿਨਸਨ ਦੇ ਰੋਗੀਆਂ ਤੇ ਤਜਰਬਾ ਕੀਤਾ ਗਿਆ ਤਾਂ ਵਧੀਆ ਨਤੀਜਾ ਪਾਇਆ ਕਿ ਰੋਗੀਆਂ ਦੇ ਸਰੀਰ ਦੀ ਅਕੜਨ ਕੁਝ ਹੀ 'ਮਿੰਟਾਂ'ਵਿੱਚ ਘਟਣ ਲਗੀ ਤੇ ਉਹਨਾਂ ਦੀ ਚਾਲ ਵੀ ਠੀਕ ਹੋਈ।

ਹੋਇਆ ਇਹ ਕਿ ਸੰਗੀਤ ਦੀਆਂ ਤਰੰਗਾਂ ਦਿਮਾਗ ਦੇ ਥੇਲਾਮਸ ਹਿੱਸੇ ਦੀਆਂ ਤਰੰਗਾਂ ਨਾਲ ਭਿੜੀਆਂ ਤਾਂ ਐਸਾ ਅਚੰਭਾ ਹੋਣਾ ਸੰਭਵ ਹੋ ਸਕਿਆ।

ਨਾਰਥ ਕੈਰੋਲੀਨਾ ਚਿਲਡਰਨ ਹਸਪਤਾਲ ਹਫ਼ਤੇ ਵਿੱਚ ਵੀਹ ਘੰਟੇ ਗਿਟਾਰ,ਤੇ ਪਿਆਨੋ ਵਜਾਏ ਜਾਂਦੇ ਹਨ ਤੇ ਇਥੇ ਦਾਖਲ ਬੱਚੇ ਦੂਸਰੇ ਹਸਪਤਾਲਾਂ ਨਾਲੋਂ ਜਲਦੀ ਠੀਕ ਹੋ ਜਾਂਦੇ ਹਨ।ਅਮਰੀਕਨ ਨਸ਼ਾ ਛਡਾਊ ਕੇਂਦਰਾਂ ਵਿੱਚ ਵੀ ਨਸ਼ਈਆਂ ਦੀ ਕਲਾਸ ਲਾ ਕੇ ਸੰਗੀਤ ਸੁਣਾਇਆ ਜਾਂਦਾ ਹੈ,ਜਿਸਦਾ ਅੱਛਾ ਅਸਰ ਤੇ ਨਤੀਜੇ ਸਾਹਮਣੇ ਆ ਰਹੇ ਹਨ।

ਇਸ ਥੇਰੇਪੀ ਦੀ ਪੜ੍ਹਾਈ ਵੀ ਐਮ,ਬੀ.ਬੀ.ਐਸ ਦੀ ਤਰਾਂ ਹੀ ਹੁੰਦੀ ਹੈ।

ਉਪਰੋਕਤ ਤੋਂ ਸਪਸ਼ਟ ਹੁੰਦਾ ਹੈ ਕਿ ਸੰਗੀਤ ਥੇਰੇਪੀ ਜਾਦੂ ਦੀ ਪੁੜੀਆਂ ਜਿਹੀ ਹੈ-ਪਰ- ਇਸ ਥੇਰੇਪੀ ਨੂੰ ਕਰਾਉਣ ਵੇਲੇ ਕੁਝ ਨੁਕਤਿਆਂ ਦਾ ਧਿਆਨ ਰੱਖਣਾ ਜਰੂਰੀ ਹੈ-

1. ਇਹ ਥੇਰੇਪੀ ਟਰੇਂਡ ਵਿਅਕਤੀ ਕੋਲੋਂ ਹੀ ਕਰਾਉਣੀ ਚਾਹੀਦੀ ਹੈ।
2. ਸਿਰਫ਼ ਨਿਮ੍ਹਾ ਤੇ ਮਧੁਰ ਸੰਗੀਤ ਹੀ ਵਰਤਿਆ ਜਾਣਾ ਚਾਹੀਦਾ ਹੈ।ਤੇਜ ਸ਼ੋਰ,ਉਂਚੀ ਤਿੱਖੀ ਜਾਂ ਭੜਕਾਊ ਸੁਰਾਂ ਦਾ ਦਿਮਾਗ ਤੇ ਉਲਟਾ ਅਸਰ ਪੈ ਸਕਦਾ ਹੈ ਤੇ ਇਸ ਦੇ ਮਾੜੇ ਨਤੀਜੇ ਵੀ ਨਕਲ ਸਕਦੇ ਹਨ,ਜਿਵੇਂ ਦਿਮਾਗ ਦੀ ਨਾੜੀ ਫਟਣਾ ਜਾਂ ਦਿਲ ਦਾ ਦੌਰਾ ਪੈ ਜਾਣਾ।



3. ਥੋੜੇ ਸ਼ਬਦਾਂ ਵਿੱਚ 'ਸੰਗੀਤ 'ਪ੍ਰਾਣਵਾਯੂ ਹੈ,ਪ੍ਰਾਣਨਾਥ ਹੈ,ਸੰਗੀ,ਸਾਥੀ ਹੈ,ਦਵਾ ਦਾਰੂ ਹੈ।
4. "ਮਗਰ ਸ਼ਰਤ ਇਹ ਹੈ ਕਿ ਸੰਗੀਤ ਦਰਦ-ਏ ਦਿਲ ਦੀ ਦਵਾ ਹੀ ਸਾਬਤ ਹੋਵੇ।

"ਮੈਂ ਗਾਊਂ ਤੁਮ ਸੋ ਜਾਓ,ਸੁਖ ਸਪਨੋਂ ਮੇ ਖੋ ਜਾਓ " 'ਆਮੀਨ'

**"one good thing about music,when it hits you,you**

**feel no pain." ---BOB MARLEY.**

"ਦਰਦ ਖੁਦ ਹੈ ਮਸੀਹਾ ਦੋਸਤੋ,

ਦਰਦ ਸੇ ਭੀ ਦਵਾ ਕਾ ਕਾਮ ਲਿਆ ਜਾਤਾ ਹੈ"।।।।।

"ਦਰਦ-ਏ ਦਿਲ ਫਿਰ ਸੇ ਜਗਾਇਆ ਆਪ ਨੇ "।

"ਨੀਂਦ ਤੋ ਦਰਦ ਕੇ ਬਿਸਤਰ ਪਰ ਭੀ ਆ ਜਾਤੀ ਹੈ

ਸਾਕੀ ਕੇ ਆਗੋਸ਼ ਮੇਂ ਸਰ ਹੋ ਯੇ ਜਰੂਰੀ ਤੋ ਨਹੀਂ"।॥



## "ਮਾਡਰਨ ਬਜ਼ੁਰਗ"

ਇਕੀਵੀਂ ਸਦੀ ਦੇ ਕੰਪਿਉਟਰ ਯੁੱਗ ਦੇ ਬਜ਼ੁਰਗ

ਬਹੁਤ ਬਦਲੇ ਬਦਲੇ ਜਿਹੇ ਨਜ਼ਰ ਆਉਂਦੇ ਨੇ ਸਾਡੇ ਅੱਜ ਦੇ ਬਜ਼ੁਰਗ।

ਆਪਣੇ ਦੇਸ਼ ਵਿੱਚ ਮੌਤ ਰੇਟ ਪਹਿਲਾਂ ਨਾਲੋਂ ਬਹੁਤ ਉੱਚਾ ਹੋ ਗਿਆ ਹੈ ਸਰਕਾਰੀ ਅੰਕੜਿਆਂ ਅਨੁਸਾਰ ਇਹ ਚੌਂਹਠ ਸਾਲ ਹੈ ਪਰ ਆਮ ਵੇਖਣ ਵਿੱਚ ਆ ਰਿਹਾ ਹੈ ਕਿ ਇਹ ਅੱਸੀ ਟੱਪ ਗਿਆ ਹੈ।ਇਸ ਲਈ ਕਿ ਬਜ਼ੁਰਗਾਂ ਨੂੰ ਅਧੁਨਿਕਤਾ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੈ। ਪਹਿਲੇ ਛੋਟੀ ਉਮਰ ਵਿੱਚ ਵਿਆਹ ਹੁੰਦੇ ਸਨ ਤੇ ਪਿਤਾ ਪੰਤਾਲੀ ਸਾਲ ਦੀ ਉਮਰ ਤੋਂ ਪਹਿਲੇ ਹੀ ਦਾਦਾ ਨਾਨਾ ਬਣ ਜਾਂਦੇ ਸੀ ਤੇ ਇਸ ਅਹੁਦੇ ਕਾਰਨ ਉਹਨਾ ਨੂੰ ਆਪਣਾ ਰੁਤਬਾ ਤੇ ਸਵੈਮਾਣ ਕਾਇਮ ਰੱਖਣ ਲਈ ਆਪਣਾ ਸੁਭਾਅ ਬਾਬਾ ਬਣ ਲੈਣਾ ਪੈਂਦਾ ਸੀ ਤੇ ਕੁਝ ਨੇੜਲੇ ਵੀ ਉਸਨੂੰ ਬਾਬਾ /ਬਾਪੂ ਬਣਾ ਦੇਂਦੇ ਸੀ।

ਦਾਦਾ ਨਾਨਾ ਪ੍ਰਭਾਵ ਉਹਨਾਂ ਦੇ ਚਿਹਰੇ ਨੂੰ ਢਾਲ ਦੇਂਦੇ ਸਨ ਤੇ ਉਹ ਜਲਦੀ ਬੁੱਢੇ ਲਗਣ ਲਗ ਪੈਂਦੇ ਸਨ, ਇਹਨਾਂ ਬਾਬਿਆ ਨੂੰ ਇਹ ਕਹਿ ਕੇ ਖੁਦ ਨੂੰ ਹੌਂਸਲਾ ਦੇਣਾ ਪੈਂਦਾ ਸੀ ਕਿ "ਬੁੱਢੈ ਹਾਂ ਤਾਂ ਕੀ ਦਿਲ ਤੋ ਜਵਾਨ ਹੈ "।ਪਰ ਅੱਜ ਕਲ ਇਹ ਸੱਭ ਬਦਲ ਗਿਆ ਹੈ,ਹੁਣ ਕਹਿੰਦੇ ਹਨ" ਅਭੀ ਤੋ ਮੈਂ ਜਵਾਨ ਹੂੰ"।

ਹੁਣ ਨੂੰਹਾਂ ਘੁੰਡ ਨਹੀਂ ਕੱਢਦੀਆਂ ਸਹੁਰੇ ਤੋਂ ਬਲਕਿ ਬਰਾਬਰ ਬੈਠ ਖਾਣਾ ਖਾਂਦੀਆਂ ਹਨ।ਜਦੋਂ ਨੂੰਹਾਂ ਪਰਦਾ ਕਰਦੀਆਂ ਸੀ ਤਾਂ ਬੋਲੀ ਪਾਈ ਜਾਂਦੀ ਸੀ " ਵਿਹੜੈ ਵੜਦਾ ਖਬਰ ਨਹੀਂ ਕਰਦਾ ਬਾਬੇ ਗਲ ਟੱਲ ਪਾ ਦਿਓ"॥ ਤੇ

ਬਜ਼ੁਰਗ ਘਰ ਦਾਖਲ ਹੋਣ ਵੇਲੇ ਬੂਹੇ ਤੇ ਖੰਘੂਰਾ ਮਾਰਦੇ ਸਨ ਕਿ ਆਪਣਾ ਆਗਮਨ ਹੋਣ ਵਾਲਾ ਹੈ,ਪਰਦਾ ਕਰ ਲੋ

ਹੁਣ ਲੋਕਾਂ ਨੂੰ ਬੁੱਢਾ/ ਬੁਢੀ ਅਖਵਾਉਣਾ ਬੁਰਾ ਲਗਦਾ ਹੈ।ਪਹਿਲੇ ਦਾਦੇ ਨਾਨੇ ਨੂੰ ਬਾਪੂ ਜੀ ਕਿਹਾ ਜਾਂਦਾ ਸੀ ਹੁਣ ਜਿਵੇਂ ਭਾਪਾ' ਪਾਪਾ' ਬਣ ਗਿਆ ਹੈ ਇਵੇਂ ਬਾਪੂ' ਵੱਡੇ ਪਾਪਾ' ਬਣ ਗਿਆ ਹੈ,ਬੀਜੀ ਮੰਮੀ,ਤੇ 'ਵੱਡੀ ਮੰਮੀ' ਹੋ ਨਿਭੜੀ ਹੈ, ਹਾਂ ਸਹੁਰੇ ਪਰਿਵਾਰ ਵਾਲੇ



ਪਾਸੇ ਤੋਂ ਅੱਜ ਵੀ ਬੇਬੇ ਬੁੱਢਾ ਹੀ ਕਹਿ ਸੁਣਾਇਆ ਜਾਂਦਾ ਹੈ।ਮਾਡਰਨ ਬਜ਼ੁਰਗ ਖੂੰਡੀ ਫੜਨ ਚ ਆਪਣੀ ਹੱਤਕ ਸਮਝਦੇ ਹਨ।

ਵੱਡੇ ਪਾਪਾ ਤੇ ਵੱਡੀ ਮੰਮੀ ਦਾ ਅਹੁਦਾ ਆਪਣੀ ਦਿੱਖ ਵੱਡੀ ਨਹੀਂ ਹੋਣ ਦਿੰਦਾ,ਸੌਂਦਰਯ ਸਾਧਨ ਬਨਾਮ ਐਂਟੀਏਜਿੰਗ ਇਲਾਜ ਇੰਨੇ ਆ ਗਏ ਹਨ ਕਿ ਆਉਟਲੁੱਕ ਵੱਡੀ ਹੋਣ ਤੋਂ ਰੋਕੇ ਰਖਦੇ ਹਨ।

ਬੇਸ਼ੱਕ ਉਮਰ ਨੂੰ 'ਕਰਤਾ' ਨੇ ਬੈਕ ਗੇਅ੍ਰਰ ਨਹੀਂ ਲਾਇਆ,ਫਿਰ ਵੀ ਪਰਿਵਾਰਿਕ ਸੰਸਿਆਂ ਵਿੱਚ ਉਮਰ ਦੇ ਬੇਹਤਰੀਨ ਸਾਲ ਨਸ਼ਾਵਰ ਹੋ ਜਾਣ ਦਾ ਗਮ ਵੀ ਗਲਤ ਕਰਨਾ ਹੋਇਆ ਨਾ ! ਬਚਪਨ ਹੰਢਿਆ ਮਾਸੂਮੀਅਤ ਤੇ ਭੋਲੇਪਨ ਵਿੱਚ ਜਵਾਨੀ ਅਟਕੀ ਰਹੀ ਭੰਬਲਭੁਸਿਆਂ ਵਿੱਚ ਤੇ ਅੱਧਖੜ ਉਮਰ ਦੇ ਸਾਲ ਗੁਜਰ ਗਏ ਕੁਲੀ ਗੁਲੀ ਜੁਲੀ ਦੇ ਚੱਕਰ ਵਿੱਚ ਤੇ ਹੁਣ ਜਾ ਕੇ ਕਿਤੇ ਤੋਤਾ ਆਜਾਦ ਹੋਇਆ।

ਮਾਡਰਨ ਬਜ਼ੁਰਗ ਤੇ ਬੁੱਢੇ ਵਾਰੇ ਵਿਆਹ ਵੀ ਕਰਨ ਲਗ ਪਏ ਹਨ,ਹੁਣ ਉਹ ਘੁੱਟ ਘੁੱਟ ਕੇ ਮਰ ਮਰ ਕੇ ਜੀਣਾ ਨਹੀਂ ਚਾਹੁੰਦੇ,ਭਰਪੂਰ ਜਿਉਂਦੇ ਹਨ,ਇਸਤ੍ਰੀ ਪੁਰਸ ਦੋਨੋ ਬੈਂਕ ਬੈਂਲੇਂਸ ਰੱਖ ਕੇ ਬੁਢਾਪਾ ਸਕੀਮਾਂ ਚ ਪੈਸਾ ਲਗਾ ਕੇ ਆਪਣਾ ਪਿਛਲਾ ਪਹਿਰ ਸੁਖਾਵਾਂ ਸਾਂਭ ਲੈਂਦੇ ਹਨ।ਅੱਜ ਕਲ ਹਰ ਬੀਮਾਰੀ ਦਾ ਇਲਾਜ ਹੈ ਤੇ ਮੈਡੀਕਲ ਬੀਮਾ ਯੋਜਨਾਵਾਂ ਵੀ ਹਨ,ਕੋਈ ਅੰਗ ਸਾਥ ਛੱਡ ਜਾਏ, ਨਵਾਂ ਪੈ ਜਾਂਦਾ ਹੈ।

ਵਿਆਹ ਵੀ ਵੱਡੀ ਉਮਰੇ ਹੋਣ ਲਗੇ ਹਨ,ਲਿਹਾਜ਼ਾ ਦਾਦਾ ਨਾਨਾ ਵੀ ਸੱਠਵੇਂ ਪੈਂਹਠਵੇ ਚ ਜਾ ਕੇ ਬਣਦੇ ਹਨ।ਘਰ ਦਾ ,ਹਰ ਫ਼ਰਦ ਆਜਾਦੀ ਪਸੰਦ ਹੈ ਤੇ ਆਪਣੀ ਆਜਦੀ ਨੂੰ ਪਿਆਰ ਕਰਦਾ ਹੈ ਤੇ ਪੈਸੇ ਦੇ ਜੋਰ ਤੇ ਆਜਾਦੀ ਖੋਣ ਨੂੰ ਕੋਈ ਰਾਜ਼ੀ ਨਹੀਂ ਹੈ।ਪੁੱਤ ਧੀਆਂ ਮਾਂਬਾਪ ਰੱਖ ਕੇ ਸੇਵਾ ਕਰਕੇ ਗੁਲਾਮੀ ਨਹੀਂ ਕਰਦੇ,ਤੇ ਮਾਪੇ ਵੀ ਪੋਤਰੇ ਦੋਤਰੇ ਪਾਲਣ ਨੂੰ ਚੰਗਾ ਨਹੀਂ ਸਮਝਦੇ,ਉਹ ਵੀ ਨੌਕਰ ਰੱਖ ਲੈਂਦੇ ਹਨ,।ਜੇ ਕਿਤੇ ਲੋੜ ਪੈ ਹੀ ਜਾਵੇ ਤਾਂ ਪੁੱਤਰ ਨੂੰਹਾਂ ਮਾਪਿਆਂ ਨੂੰ ਤਨਖਾਹ ਤੇ ਸੇਵਾਦਾਰ ਰੱਖ ਦੇਂਦੇ ਹਨ। ਬ੍ਰਿਧ ਘਰ ਤੇ ਬਿਰਧ ਆਸ਼ਰਮ ਵੀ ਬਣੇ ਹੋਏ ਹਨ,ਪਰ ਬਜ਼ੁਰਗਾਂ ਨੇ ਇਹਨਾਂ ਨੂੰ ਵੀ ਨਕਾਰ ਦਿੱਤਾ ਹੈ।ਉਹ ਆਪਣੀ ਹਸਤੀ ਦਾ ਮਾਣ ਘਟਾਉਣਾ ਨਹੀਂ ਚਾਹੁੰਦੇ।

ਵੈਸੇ ਜੋ ਬਿਰਧ ਘਰਾਂ ਵਿੱਚ ਰਹਿੰਦੇ ਹਨ ਉਹ ਵੀ ਆਪਣੇ ਹਾਣੀਆਂ ਵਿੱਚ ਖੁਸ਼ ਵਕਤ ਗੁਜਾਰਦੇ ਹਨ।

ਟੀ ਵੀ ਵਾਲੇ ਇਹਨਾਂ ਦੀ ਖੈਰ ਖਰੀਅਤ ਵੀ ਦਸਦੇ ਰਹਿੰਦੇ ਹਨ।ਕੁਝ ਅਰਸਾ ਪਹਿਲਾਂ ਟੀ ਵੀ ਤੇ ਦਿਲਚਸਪ ਵਾਕਿਆਤ ਜਾਣਨ ਦਾ ਮੌਕਾ ਮਿਲਿਆ - ਕਿ ਵੱਡੇ ਸ਼ਹਿਰ ਦੇ ਇਕ ਬਿਰਧ ਘਰ ਵਿੱਚ ਇਕ ਔਰਤ ਤੇ ਇਕ ਮਰਦ ਜੀਵਨ ਦੇ ਆਖਰੀ ਪਹਿਰ ਵਿੱਚ ਉਹ ਮਿਲੇ ਜਿਹਨਾਂ ਨੇ ਬਚਪਨ ਤੇ ਜਵਾਨੀ ਦੇ ਕੁਝ ਪਲ ਮਜੇ ਚ ਗੁਜਾਰੇ ਸਨ ਤੇ ਫੇਰ ਹਾਲਾਤ ਨੇ ਉਹਨਾ ਨੂੰ ਵੱਖ ਕਰ ਦਿੱਤਾ ਸੀ।ਗਲੀਂ ਬਾਤੀਂ ਉਹਨਾਂ ਨੇ ਜਦ ਅਤੀਤ ਫੋਲਿਆ ਤਾਂ ਉਹ ਬਹੁਤ ਖੁਸ਼ ਹੋਏ ਤੇ ਮਰਦ ਪੈਸੇ ਵਾਲਾ ਸੀ ਉਹ ਬਿਰਧ ਘਰ ਆਪਣੇ ਖਰਚ ਤੇ ਵੱਖਰੇ ਕਮਰੇ ਚ ਰਹਿੰਦਾ ਸੀ,ਉਸ ਆਪਣੀ ਚਿਰਾਂ ਬਾਦ ਲੱਭੀ ਸਾਥਣ ਨੂੰ ਆਪਣੇ ਕਮਰੇ ਵਿੱਚ ਰਹਿਣ ਲਈ ਸਥਾਨ ਦੇ ਦਿੱਤਾ,ਤੇ ਉਹ ਸੁਖਾਂਵੀ ਜਿੰਦਗੀ ਜਿਉਣ ਲਗੇ।

ਇਕ ਹੋਰ ਐਸਾ ਹੀ ਕਿੱਸਾ ਕਿ ਪਝੰਤਰ ਸਾਲ ਦੀ ਮਹਿਲਾ ਨੇ ਬਿਰਧ ਘਰ ਵਿੱਚ ਅਠੱਤਰ ਸਾਲ ਦੇ ਪੁਰਸ਼ ਨਾਲ ਵਿਆਹ ਕਰ ਲਿਆ ਇਸ ਵਿਆਹ ਦੀਆਂ ਪੂਰੀਆਂ ਰਸਮਾਂ ਕੀਤੀਆਂ ਗਈਆਂ,ਉਹਨਾਂ ਦੇ ਹਾਣੀਆਂ ਨੇ ਰੋਕਾ,ਸਗਨ,ਰਿੰਗ ਸੇਰੇਮੰਨੀ,ਤੇ ਮਹਿੰਦੀ ਲਾਵਾਂ ਸੱਭ ਕੀਤਾ,ਲੁਤਫ਼ ਦੀ ਗਲ ਹੈ ਕਿ ਉਹਨਾਂ ਦੇ ਬੱਚੇ ਤੇ ਪੋਤੇ ਪੋਤੀਆਂ ਵੀ ਵਿਆਹ ਵੇਖਣ ਪਹੁੰਚੇ।

ਇਕ ਮਨੋਚਕਿਸਤਕ ਦਸਦੇ ਹਨ-ਅੱਜ ਦੇ ਬਜੁਰਗਾਂ ਨੇ ਵਿਗਿਆਨ ਦੇ ਸਮਾਜਿਕ ਬਦਲਾਅ ਦੀ ਆਹਟ ਨੂੰ ਪਹਿਚਾਣ ਲਿਆ ਹੈ।ਪਰਿਵਾਰਿਕ ਜਿੰਮੇਵਾਰੀਆਂ ਨੂੰ ਨਿਭਾਉਂਦੇ ਉਮਰ ਦਾ ਬਹੁਤਾ ਹਿੱਸਾ ਗੁਜਾਰ ਕੇ ਅੱਜ ਪ੍ਰਫੁਲੱਤ ਪਰਿਵਾਰ ਵਿੱਚ ਅਪਨਾ ਇਕੱਲਾਪਨ ਖਟਕਦਾ ਤਾਂ ਹੈ ਪਰ ਉਹ ਅਪਨੇ ਫ਼ਰਜ਼ ਪੂਰੇ ਹੋ ਜਾਣ ਦੀ ਤਸਕੀਨ ਮਹਿਸੂਸ ਕਰਕੇ ਜਲਦੀ ਸੰਭਲ ਜਾਂਦੇ ਹਨ ਤੇ ਉਹ ਜਿੰਦਗੀ ਨੂੰ ਨਵੈਂ ਸਿਰੇ ਤੋਂ ਸੰਵਾਰ ਕੇ ਖੁਸਨੁਮਾ ਬਣਾਉਣ ਚ ਰੁਝ ਜਾਦੇ ਹਨ,ਤੇ ਉਹ ਆਪਣੇ ਆਪ ਨੂੰ ਉਸ ਦੌਰ ਵਿੱਚ ਲੈ ਕੇ ਵਿਚਰਦੇ ਹਨ ਜਦ ਉਹਨਾਂ ਤੇ ਅਜੇ ਬੱਚਿਆਂ ਦਾ ਬੋਝ ਨਹੀਂ ਸੀ ਪਿਆ।

ਮਾਡਰਨ ਬਜੁਰਗਾਂ ਨੂੰ ਇਹ ਵੀ ਚੇਤਨਤਾ ਆ ਗਈ ਹੈ ਕਿ ਹੁਣ ਬੱਚਿਆਂ ਨੂੰ ਮਾਪਿਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਜਾਂ ਕੋਈ ਹੋਰ ਮਦਦ ਦੀ ਜਰੂਰਤ ਨਹੀਂ ਰਹੇਗੀ,ਤੇ ਉਹ ਵੀ ਬੱਚਿਆਂ ਤੇ ਆਪਣਾ ਬੋਝ ਪਾ ਕੇ ਉਹਨਾਂ ਦੀ ਲਾਈਫ ਬੋਰ ਨਹੀਂ ਕਰਨਗੇ।ਵ੍ਹੀਹ ਸਾਲ ਪਹਿਲਾਂ ਐਸਾ ਹੀ ਦੌਰ ਸੀ ਕਿ ਸੱਭ ਇਕੱਠੈ ਰਹੋ ਚਾਹੇ ਲੜਦੇ ਭਿੜਦੇ ਰਹੋ।ਕਹਿੰਦੇ ਸਨ- ------'ਲੜਨ ਰਾਤ ਹੋਵੇ ਵਿਛੜਨ ਰਾਤ ਨਾਂ ਹੋਵੇ"॥ਪਰ ਹੁਣ ਰਾਤ ਦਾ ਹੀ ਜਿਆਦਾ ਮਸਲਾ ਹੈ ਹਰ ਕੋਈ ਬਾਥਰੂਮ ਅਟੈਚ ਅਲੱਗ ਕਮਰਾ ਚਾਹੁੰਦਾ ਹੈ ਚਾਹੇ ਬੈਂਕ ਦੇ ਕਰਜੇ



ਨਾਲ ਗਲਤਾਨ ਹੋਵੇ।ਨੌਕਰੀਪੇਸ਼ਾ ਬਜੁਰਗ ਆਰਥਿਕ ਤੌਰ ਤੇ ਸਾਉਂਡ ਹਨ,ਉਹਨਾਂ ਨੂੰ ਆਪਣਾ ਪਿਛਲਾ ਪਹਿਰ ਗੁਜਾਰਨਾ ਮੁਸ਼ਕਿਲ ਨਹੀਂ ਹੈ।

ਅੱਜ ਕਲ ਇਕ ਹੋਰ ਤੱਥ ਵੀ ਰੂਬਰੂ ਹੋਇਆ ਹੈ-ਰਾਤੋ ਰਾਤ ਅਮੀਰ ਹੋਣ ਵਾਲਾ- ਇਹ ਇਕ ਮਾਨਸਿਕ ਰੋਗ ਵੀ ਹੈ।

ਬੇਰੁਗਾਰੀ ਤੇ ਆਰਥਿਕ ਤੰਗੀ ਵਿੱਚ ਪਲੀਆਂ ਮੁਟਿਆਰਾਂ ਵੱਡੀ ਉਮਰ ਦੇ ਅਮੀਰਾਂ ਨਾਲ ਵਿਆਹ ਕਰਾਉਣਾ ਪਸੰਦ ਕਰਨ ਲਗੀਆਂ ਹਨ,ਤੇ ਬੁੱਢੇ ਵੀ ਇਸ ਨੂੰ ਆਪਣੀ ਹਸਤੀ ਹੈਸੀਅਤ ਦੀ ਖੁਬੀ ਸਮਝਣ ਲਗੇ ਹਨ,ਕਈ ਵਾਰ ਅਜਿਹਾ ਉਹ ਆਪਣੇ ਸ਼ਰੀਕ ਜਾਂ ਪੁੱਤਾਂ ਨੂੰਹਾਂ ਦੀ ਈਰਖਾ ਵਿੱਚ ਵੀ ਚਾਅ ਨਾਲ ਕਰ ਲੈਂਦੇ ਹਨ।ਇਹ ਦੌਰ ਵਿਧਵਾ ਤੇ ਬੇਸਹਾਰਾ ਔਰਤਾਂ ਲਈ ਸੁਰਖਿਅਤ ਭਵਿੱਖ ਹੈ,।-ਇਹੀ ਹੈ ਬੁੱਢ ਵਰੇਜ਼.।

ਇਸਦੀ ਇਕ ਤਾਜ਼ਾ ਮਿਸਾਲ ਵਾਚਣ ਨੂੰ ਮਿਲੀ-ਚੰਡੀਗੜ੍ਹ ਰਹਿਣ ਵਾਲੀ ਇਕ ਵਿਧਵਾ ਜਿਸਦੇ ਤਿੰਨ ਜਵਾਨ ਬੱਚੇ ਵੀ ਹਨ ਤੇ ਉਸਦੇ ਨੌਜਵਾਨ ਲੜਕੇ ਨੇ ਆਪਣੇ ਹੱਥੀਂ ਆਪਣੀ ਮਾਂ ਦਾ ਇਕ ਉਨਾਸੀ ਸਾਲ ਦੇ ਰਿਟਾਇਰ ਫੋਜੀ ਨਾਲ ਕੋਰਟ ਵਿੱਚ ਵਿਆਹ ਕਰਾਇਆ,ਫੋਜੀ ਬਿਆਸੀ ਸਾਲ ਦੀ ਉਮਰ ਵਿੱਚ ਚਲ ਵਸਿਆ ਪਰ ਨਵੇਂ ਪਰਿਵਾਰ ਨੂੰ ਕਾਫ਼ੀ ਕੁਝ ਗਿਫ਼ਟ ਕਰ ਗਿਆ।ਦੂਸਰੇ ਦੇਸ਼ਾਂ ਵਿੱਚ ਇਹ ਕੋਈ ਓਪਰੀ,ਅਣਹੋਣੀ,ਅਲੋਕਾਰ ਕਥਾ ਨਹੀਂ,ਉਥੇ ਇਹ ਆਮ ਵਰਤਾਰਾ ਹੈ।

ਇਸੀ ਤਰਾਂ ਵਿਦੇਸ਼ ਉਡਣ ਦੀ ਤੜਪ ਵਿੱਚ ਨੌਜਵਾਨ ਬੁੱਢੀਆਂ ਨਾਲ ਵਿਆਹ ਵਾਲਾ ਆਸਾਨ ਵੀਜ਼ਾ ਲਵਾ ਲੈਂਦੇ ਹਨ। ਕੁੜੀਆਂ ਦੇ ਐਸੇ ਨਰੜ ਤਾਂ ਰੋਜ਼ ਬੰਨ੍ਹੇ ਜਾ ਰਹੇ ਹਨ।

ਐਮ.ਏ ਪੜ੍ਹਦੀ ਇਕ ਮੁਟਿਆਰ ਨੇ ਆਪਣੇ ਤੋਂ ਦੁਗਣੀ ਉਮਰ ਦੇ ਵਾਹਵਾ ਉਮਰ ਦੇ ਬੱਚਿਆਂ ਦੇ ਬਾਪ ਨਾਲ ਜਿਹਦੀ ਬੀਵੀ ਨੂੰ ਸਿਧਾਰੇ ਦੋ ਮਹੀਨੇ ਗੁਜਰੇ ਸਨ, ਨਾਲ ਵਿਆਹ ਦਾ ਪੈਗਾਮ ਭਿਜਵਾ ਦਿੱਤਾ।

ਕੁੜੇ ਖੁਦਕਸ਼ੀ ਦਾ ਇਹ ਰਾਹ ਕਿਉਂ ਚੁਣਿਆ ਈ? ਮੈਂ ਪੁਛਿਆ-

ਇਹਦੇ ਨੈਣਾਂ ਵਿੱਚ ਮੇਰੇ ਖਾਬਾਂ ਦੀ ਤਾਬੀਰ ਹੈ-ਕੁੜੀ ਨੇ ਤੁਰੰਤ ਉੱਤਰ ਦਿੱਤਾ।

ਇਕ ਸਕੂਲ ਟੀਚਰ ਦੀ ਟੀਚਰ ਬੀਵੀ ਨੇ ਕਿਸੇ ਗਲੋਂ ਖਾਵੰਦ ਨਾਲ ਗੁੱਸੇ ਹੋ ਕੇ ਦੋ ਨੰਨ੍ਹੇ ਬਚਿਆਂ ਸਮੇਤ ਰੇਲ ਗੱਡੀ ਹੇਠ ਆ ਕੇ ਆਤਮ ਹਤਿਆ ਕਰ ਲਈ,,ਸਖ਼ਤ ਸਰਦੀ


ਦੇ ਦਿਨਾਂ ਚ ਵਿਧੁਰ ਨੰਗੇ ਪੈਰ ਸੀ,ਇਹ ਰਸਮ ਸੀ ਕਿ ਭੋਗ ਤੱਕ ਵਿਧੁਰ ਜੁੱਤੀ ਨਹੀਂ ਪਾਏਗਾ, ਭੋਗ ਪੈ ਰਿਹਾ ਸੀ ਕਿ ਕੁੜੀ ਦੀ ਮਾਂ ਨੇ ਅਛੋਪਲੇ ਹੀ ਵਿਧੁਰ ਦੇ ਕੰਨ ਵਿੱਚ ਫੂਕ ਮਾਰੀ ਤੇ ਉਸਦਾ ਰੋਕਾ ਹੋ ਗਿਆ।

ਸ਼ਰੀਕਾਂ ਨੇ ਪੁਛਿਆ -ਕਵਾਰੀ ਕੁੜੀ ਉਹ ਵੀ ਜੇ ਬੀ ਟੀ ਪੱਕੀ ਅਧਿਆਪਕਾ ਤੁਸੀਂ ਇਹ ਕੀ ਕੀਤਾ ? ਕੁੜੀ ਦੀ ਮਾਂ ਦੇ ਚਿਹਰੇ ਤੇ ਇਕ ਅਜੀਬ ਖੁਸ਼ੀ ਤੇ ਅੱਖਾਂ ਵਿੱਚ ਤਸੱਲੀ ਸੀ-ਉਸ ਉੱਤਰ ਦਿੱਤਾ-ਮਰਦ ਘੋੜੇ ਬੁਢੇ ਨਹੀਂ ਹੁੰਦੇ,ਤੇ ਫਿਰ ਇਹਦੇ ਕੋਲ ਮਕਾਨ ਹੈ ਸਕੂਟਰ ਹੈ,ਸਰਕਾਰੀ ਨੌਕਰੀ ਹੈ ਜਮਾਂ ਪੂੰਜੀ ਵੀ ਹੈ,ਸੱਭ ਤੋਂ ਵੱਡੀ ਗਲ'" ਨਾਂ ਸੱਸ ਨਾਂ ਨਣਾਨ,ਵਹੁਟੀ ਆਪੇ ਪ੍ਰਧਾਨ",ਮੇਰੀ ਧੀ ਪਟਰਾਣੀ ਬਣ ਕੇ ਵਸੇਗੀ,ਉਹ ਤੇ ਇਹਦਾ ਪਾਣੀ ਭਰੇਗਾ"।ਤੇ.ਅਸਲ ਵਿੱਚ ਕੁੜੀ ਦੀ ਮਾਂ ਨੂੰ ਆਪਣੇ ਬੁਢਾਪੇ ਦੀ ਠਾਹਰ ਲੱਭ ਗਈ ਸੀ।

ਜਬ ਤੁਮ ਹੋਂਗੇ ਸਾਠ ਸਾਲ ਕੇ ਔਰ ਮੈਂ ਹੂੰਗੀ ਪੱਚਪਨ ਕੀ-

ਬੋਲੋ ਪ੍ਰੀਤ ਨਿਭਾਓਗੇ ਨਾਂ ਤਬ ਭੀ ਅਪਨੇ ਬਚਪਨ ਕੀ ॥

ਇਸੀ ਤਰਜ਼ ਤੇ ਜਿਉਣਾ ਚਾਹੁੰਦੇ ਨੇ ਮਾਡਰਨ ਬਜ਼ੁਰਗ .......





## "ਦਿਲ ਤੋਂ ਦਿਲ ਤੱਕ"

ਆਸ਼ਾਰ ਜੋ ਰੂਹ ਤੱਕ ਉਤਰ ਗਏ----

ਹਾਂ ਜੀ ਹਾਂ

. ਪੂਰੀ ਉਮਰ ਸਵਾਲ ਹੱਲ ਕਰਦੇ ਹਾਂ ਜਿੰਦਗੀ ਦੇ,

ਜਵਾਬ ਮਿਲ ਜਾਏ ਤਾਂ ਸਵਾਲ ਨਿਕਲ ਆਉਂਦੇ ਨੈ।

. ਸੱਭ ਕੁਝ ਲੱਭ ਜਾਂਦਾ ਹੈ ਪੈਸੇ ਨਾਲ

ਪਰ ਖੁਦ ਗੁਮ ਜਾਂਦਾ ਹੈ ਬੰਦਾ ਪੈਸੇ ਨਾਲ।

. ਦੁਨੀਆਂ ਵਿਚੱ ਸੱਭ ਕੁਝ ਮਿਲ ਜਾਂਦਾ ਹੈ,

ਐਪਰ ਅਪਨੀ ਗਲਤੀ ਨਹੀਂ ਮਿਲਦੀ ।

. ਸਿਖਰ ਤੇ ਉਡਣ ਦੀ ਲੋਚਾ ਹੈ ਪਾਲੀ-

ਜਰਾ ਸੰਤੋਖ ਰੱਖ-

ਪਰਿੰਦੇ ਦਸਦੇ ਹਨ,'ਅੰਬਰਾਂ ਤੇ ਟਿਕਾਣੇ ਨਹੀਂ ਮਿਲਦੇ।

. ਉਡਦੇ ਪੰਛੀ ਨੂੰ ਪੁਛਿਆ ਇਕ ਸ਼ਾਮ-

ਕਿੰਨਾ ਲੁਤਫ਼ ਹੈ ਪਲਟ ਕੇ ਘਰ ਆਉਣ ਵਿੱਚ,?

.ਕੱਚੇ ਕੋਠੈ ਦੀ ਛੱਤ ਛਾਨਣੀ ਹੈ ਉਸਦੀ,-ਫਿਰ ਵੀ

ਸਾਵਣ ਦੀ ਦੁਆ ਮੰਗਦਾ ਹੈ ਉਹ ।

. ਚੜ੍ਹਦੀਆਂ ਸੀ ਜਿਸ ਮਜ਼ਾਰ ਤੇ ਚਾਦਰਾਂ ਬਹੁਤ,

ਉਹਦਾ ਰਾਖਾ ਕਲ ਠੰਢ ਹੱਥੋਂ ਮਰ ਗਿਆ।

.ਸਿੱਖ ਲਿਆ ਹੈ ਮੈਂ ਵੀ ਇਨਸਾਨਾਂ ਨੂੰ ਪੜ੍ਹਨ ਦਾ ਵੱਲ ,
ਸੁਣਿਆ ਸੀ ਕਿ ਚਿਹਰੇ ਦਿਲ ਦੀ ਖੁਲ੍ਹੀ ਕਿਤਾਬ ਹੁੰਦੇ ਨੇ।
. ਦਸਣਾ ਤਾਂ ਸੀ ਤੈਨੂੰ ਕਿ ਖੁਸ਼ ਹਾਂ ਤੇਰੇ ਬਗੈਰ ਮੈਂ
ਕੰਮਬਖ਼ਤ ਹੰਝੂ ਨੇ ਗਿਰ ਕੇ,ਪੋਲ ਖੋਲ ਦਿੱਤੀ।
.ਜਾ ਦੋਸਤਾ ਤੇਰੇ ਲਈ ਦੁਆ ਹੇ ਮੇਰੀ,-ਯਾ 'ਖੁਦਾ'
ਤੇਨੂੰ ਰਿਸ਼ਤੇ ਮਿਲਣ,ਮੁਹੱਬਤ ਨਾਂ ਮਿਲੇ ਕਦੀ।...
. ਬਹੁਤਾ ਗੁਮਾਨ ਨਾਂ ਕਰ ਅਪਨੀ ਜਿੱਤ ਉਤੇ,
ਖੂਬ ਚਰਚਾ ਹੈ,ਸ਼ਹਿਰ ਵਿੱਚ ਤੇਰੇ,ਮੇਰੀ ਹਾਰ ਦਾ।

.ਕਿੰਨੀ ਮਾਸੂਮ ਖਾਹਿਸ਼ ਹੈ ਇਸ ਅਲ੍ਹੜ ਦਿਲ ਦੀ,
ਸ਼ਾਦੀ ਵੀ ਰਚਾਉਣੀ ਚਾਹੁੰਦੈ ਤੇ ਖੁਸ਼ ਵੀ ਰਹਿਣਾ ਚਾਹੁੰਦੈ। ਵਾਹ ! ਵਾਹ !
. ਤੇਰੀ ਚੰਗੇਰ ਦੀਆ ਰੋਟੀਆਂ ਕਿਤੇ ਵੀ ਵਿਕਦੀਆਂ ਨਹੀਂ---ਮਾਂ
ਨਹੀਂ ਮਿਟਦੀ ਭੁੱਖ,ਹੋਟਲਾਂ ਦੇ ਛੱਤੀ ਪਦਾਰਥਾਂ ਨਾਲ-।

.ਜੇਬ ਖਾਲੀ ਹੈ ਮੇਰੀ ਮੈਂ ਰੱਜ ਕੇ ਹੱਸ ਲਿਆ,
ਮਿੱਤਰਾ ਤੂੰ ਭਰੀ ਜੇਬ ਨਾਲ ਮੁਸਕਰਾ ਨਾਂ ਸਕਿਆ।

. ਤਮਾਮ ਉਮਰ ਏਕ ਅਜਨਬੀ ਕੇ ਘਰ ਰਹਾ
ਮੇਰੀ ਵਫਾ ਕੇ ਇਵਜ਼ ਵੋ ਅਗਰ ਮਗਰ ਰਹਾ।
.ਅੱਖਾਂ ਭਰੀ ਖਲੋਤੇ ਘਰ ਦੇ ਬੂਹੇ ਨੂੰ



ਮੋਹ ਦੇ ਮੌਸਮ ਪਲ ਪਲ ਨੇ ਚੇਤੇ ਆਉਂਦੇ।
ਬੜਾ ਗੁਮਾਨ ਹੈ 'ਕੋਲਿਆ ਤੈਨੂੰ ਆਪਣੇ ਰੰਗ ਤੇ,
ਮੇਰੇ ਨਸੀਬਾਂ ਨਾਲ ਮੇਚ ਲਾ ਕੇ ਵੇਖ "॥
'ਬੁਲਿਆ 'ਚਲ ਚਲੀਏ ਉਥੇ ਜਿਥੇ ਹੋਵਣ ਸਾਰੇ ਅੰਨ੍ਹੇ
ਨਾਂ ਕੋਈ ਸਾਡੀ ਜਾਤ ਪਛਾਣੇ,ਨਾਂ ਕੋਈ ਸਾਨੂੰ ਮੰਨੇ। .

( ਤੇਰੇ ਨਾਮ ਸੇ ਵਾਬਸਤਾ
ਜਬ ਸੇ ਮੇਰਾ ਨਾਮ ਹੁਆ,
ਮੇਰਾ ਜਿਕਰ, ਹਰ ਮਹਿਫਲ ਮੇਂ
ਸੁਬਹ,ਸ਼ਾਮ ਹੁਆ।)



## “ਨਾਂ ਪੜ੍ਹਨਾਂ“

ਨਾ ਪੜ੍ਹਨਾਂ ,ਨਾਂ ਪੜ੍ਹਨਾ ਇਹ ਜੇ ਪੜ੍ਹ ਲਿਆ ਤਾਂ ਤੁਹਾਡੀ ਜਮੀਰ

ਹਿਲ ਜਾਏਗੀ, ਰੂਹ ਝੰਜੋੜੀ ਜਾਏਗੀ—

“ਤੂੰ ਹੱਥ ਮੇਰੀ ਰੱਤ ਨਾਲ ਭਰ ਕੇ ਵੀ ਤੱਕਿਐ

ਛੁਰਾ ਮੇਰੀ ਗਰਦਨ ਤੇ ਧਰ ਕੇ ਵੀ ਤੱਕਿਐ

ਮੇਰਾ ਕਤਲ ਤੇ ਖੂਨ ਕਰ ਕੇ ਵੀ ਤੱਕਿਐ

ਮੈਨੂੰ ਮਾਰ ਕੇ ਆਪ ਮਰ ਕੇ ਵੀ ਤੱਕਿਐ

ਆ

ਮੁਹੱਬਤ ਨੂੰ ਵੀ ਅਜ਼ਮਾ ਕੇ ਤੇ ਤੱਕ ਲੈ

ਜਰਾ ਮੈਨੂੰ ਗਲ ਨਾਲ ਲਾ ਕੇ ਤੇ ਤੱਕ ਲੈ-।

ਆ

ਆ ਮੰਦਰੋਂ ਮਸੀਤੋਂ ਜਰਾ ਉੱਚੇ ਹੋਈਏ

ਤੇ ਸਾਂਝੇ ਆਕਾਸ਼ ਹੇਠਾਂ ਰਲ ਕੇ ਖਲੋਈਏ

ਗਲੇ ਮਿਲ ਕੇ ਪਿਛਲੀ ਹਿਮਾਕਤ ਤੇ ਰੋਈਏ

ਤੇ’ ਬੀਤੀ ‘ਦੇ ਦਾਗ ਹੰਝੂਆਂ ਚ ਧੋਈਏ.,.,, (ਅਵਾਰਾ ਸ਼ਾਇਰ)

.,.,.....,.,,,,,,,,,,,,,,,,,,,,,,,,...........................

ਨਹੀਂ ਹਾਸਲ ਕਰ ਸਕੇ ਤਲਖ਼ ਹਕੀਕਤਾਂ ਤੋਂ ਕੁਸ਼

ਲੋਕ ਜੋ ਕਹਿੰਦੇ ਨੇ ਠੀਕ ਹੀ ਕਹਿੰਦੇ ਨੇ



ਮੇਰੇ ਅਮਲਾਂ ਨੇ ਤਹਿਜ਼ੀਬ ਨਾਂ ਸਿੱਖੀ

ਵਰਨਾ ਆਲੇ ਦੁਆਲੇ ਤਾਂ ਇਨਸਾਨ ਰਹਿੰਦੇ ਨੇ-----(ਗੁੱਡੀ)

‘ਹੇ ਪਿਤਾ’ --ਟੈਗੋਰ

ਧਰਮ ਦੇ ਨਾਮ—

ਜਰਾ ਬੱਧੀ ਸਾੜੀ

ਤੇ ਮਜ਼੍ਹਬ ਨੂੰ ਖਤਰਾ

ਜਰਾ ਬੱਧੀ ਦਾੜੀ

ਤੇ ਮਜ਼ਹਬ ਨੂੰ ਖਤਰਾ

ਮਜ਼ਹਬ ਨਾਂ ਹਇਆ

ਹੋਈ ਮੋਮਬੱਤੀ

ਪਿਘਲ ਗਈ ਝੱਟ

ਜੋ ਵਗੀ ਵਾ ਤੱਤੀ।

ਸਿਆਸੀ ਮਕਾਮਰੋਂ ਸੇ ਕਹੋ

‘ ’ਜਿਸੇ ਲਹੂ ਕੇ ਸਿਵਾ ਕੋਈ ਰੰਗ ਰਾਸ ਨਾਂ ਆਏ

ਹਮੇਂ ਹਯਾਤ ਕੇ ਉਸ ਪਹਿਰਨ ਸੇ ਨਫ਼ਰਤ ਹੈ।

ਰਾਜਿਆ ਰਾਜ ਕਰੇਂਦਿਆ ਤੱਕ ਜਰਾ

ਦੇਸ਼ ਸੜ ਰਿਹਾ ਵਿੱਚ ਨਫ਼ਰਤਾਂ

ਕਿਸੇ ਦਿੱਤੀ ਚੁਆਤੀ ਲਾਅ

ਸਭਜੇ ਨੇ ਫੜੀ ਅੱਗ

ਗੁਲਾਬ ਹੋਇਆ ਸਿਆਹ।

ਸ਼ਰਮਾਂ ਤੇ ਤੇਲ ਪੈ ਗਿਆ

ਇਖਲਾਕ ਹੋਇਆ ਸੁਆਹ।

ਇਕ ਸ਼ੇਅਰ ‘ਦਾਗ’ ਦਾ

“ਜਲਵਾਗਰੀ ਦਾ ਖੰਜਰ ਦੋਨੋਂ ਤਰਹ ਚਲਾਇਆ

ਪਰਦਾ ਉਠਾ ਕੇ ਮਾਰਾ ਪਰਦਾ ਗਿਰਾ ਕੇ ਮਾਰਾ”।

ਕਲ ਕਾ ਵਾਅਦਾ ਕਰਨੇ ਵਾਲੇ ਮਿਲਨੇ ਆਏ ਬਰਸੋਂ ਬਾਦ


ਪਹਲੇ ਨਾਂ ਇਤਨਾ ਰੋਏ ਥੇ ਜਿਤਨਾ ਰੋਏ ਬਰਸੋਂ ਬਾਦ।

ਯਾਦੋਂ ਕਾ ਏਕ ਝੌਂਕਾ ਆਇਆ ਹਮ ਸੇ ਮਿਲਨੇ ਬਰਸੋਂ ਬਾਦ

ਰੋਨੇ ਧੋਨੇ ਬੈਠ ਗਏ ਦੁਸ਼ਮਣ ਭੀ ਹਮਾਰੀ ਰਾਖ ਕੇ ਪਾਸ।

(ਯਾਰ ਨੇ ਵਾਅਦਾ ਕੀਆ ਹੈ ਪਾਂਚਵੇ ਦਿਨ ਕਾ

ਕਿਸੀ ਸੇ ਸੁਨ ਲੀਆ ਹੋਗਾ ਦੁਨੀਆ’ਚਾਰ ਦਿਨ ਕੀ ਹੈ ॥)





## “ਸੁਪਨਿਆਂ ਦਾ ਜਹਾਨ“

‘ਭੀਗੇ ਹੁਏ ਸਪਨੋਂ ਕੋ ਧੁਪ ਮੇਂ ਡਾਲ ਦੀਜੀਏ,ਅੰਕ੍ਰਿਤ ਹੋ ਕਰ ਸਾਕਾਰ ਹੋ ਜਾਏਂਗੇ’॥

ਮਿੱਠੈ ਸੁਪਨੇ,ਫਿੱਕੇ ਸਪਨੇ,ਖੁਬਸੂਰਤ ਸਪਨੇ, ਭਿਆਨਕ ਸਪਨੇ,ਪਿਆਰੇ ਸਪਨੇ,ਪੁਰਾਣੇ ਸਪਨੇ,ਨਵੇਂ ਸਪਨੇ,ਖਾਹਿਸ਼ਾਂ ਦੇ ਸਪਨੇ.ਇੱਛਤ ਸੁਪਨੇ,ਫਿਰਾਕ ਦੇ ਸਪਨੇ,ਵਸਲ ਦੇ ਸਪਨੇ,ਅਪਨੇ ਸਪਨੇ,ਬੇਗਾਨੇ ਸਪਨੇ,( ਨੀਂਦ ਹਮਾਰੀ,ਖਵਾਬ ਤੁਮਹਾਰੇ)ਕੁਝ ਪਾਉਣ ਦੇ ਸਪਨੇ ਤੇ ਕੁਝ ਗਵਾਉਣ ਦੇ ਸਪਨੇ,ਰੰਗੀਲੇ ਤੇ ਰਸੀਲੇ ਸਪਨੇ,ਉਮਰਾਂ ਦੇ ਸਪਨੇ.ਵਿਕਾਊ ਸਪਨੇ।ਸੱਤ ਰੰਗ ਦੇ ਸਪਨੇ,ਸਪਨੇ ਵੀ ਬਜਾਰੂ ਹੁੰਦੇ ਹਨ ਤੇ ਸੁਪਨਿਆਂ ਦੇ ਸੌਦਾਗਰ ਵੀ ਹਨ।

ਸੁਪਨਿਆਂ ਦੇ ਜਹਾਨ ਵਿੱਚ ਜਿਵੇਂ ਮੇਲਾ ਹੀ ਸੁਪਨਿਆਂ ਦਾ ਹੋਵੇ।

ਸਪਨੇ ਜੋ ਨੀਂਦ ਵਿੱਚ ਦਿਸਦੇ ਨੇ,ਸਪਨੇ ਜੋ ਸੌਣ ਨਹੀਂ ਦੇਂਦੇ।

ਸਿਲੌਨੇ ਸਪਨੇ,ਹਸਾਉਣੇ ਸਪਨੇ,ਡਰਾਉਣੇ ਸਪਨੇ।

ਦਿਨ ਦੇ ਚਾਨਣ ਵਿੱਚ ਲੰਬੀ ਸੋਚ ਵਿਚੋਂ ਜਨਮੇ ਸਪਨਿਆਂ ਦੀ ਨੌਈਅਤ ਬਹੁਤ ਫਰਕ ਹੁੰਦੀ ਹੈ,ਇਹ ਜਾਂ ਸਾਜਿਸ਼ਾਂ ਘੜਦੇ ਹਨ ਜਾਂ ਬੁਲੰਦੀਆਂ ਛੂੰਹਦੇ ਹਨ,ਤੇ ਇਹ ਜੰਮਦੇ ਵੀ ਇਕ ਖਾਸ ਉਮਰ ਤੱਕ ਹਨ।ਸਪਨੇ ਸੁਨਹਿਰੀ ਤੇ ਸੁਹਾਵਨੇ ਸਪਨੇ ।

“ ਸਪਨੇ ਸੁਹਾਨੇ ਲੜਕਪਨ ਕੇ,ਆਂਖੋਂ ਮੇਂ ਬਸੇ ਬਹਾਰ ਬਨ ਕੇ”

ਰਾਤ ਨੂੰ ਦਿਸਣ ਵਾਲੇ ਸੁਪਨਿਆਂ ਦੀ ਬਾਤ ਕੁਝ ਹੋਰ ਹੈ,ਦਿਲ ਤੋੜਦੇ ਹਨ,ਦਿਲ ਜੋੜਦੇ ਹਨ,ਜਿਨ੍ਹਾ ਨੂੰ ਦੁਬਾਰਾ ਵੇਖਣ ਦੀ ਉਮੀਦ ਵੀ ਟੁਟ ਚੁਕੀ ਹੋਵੇ, ਮਿਲਣ ਕਰਾ ਦੇਂਦੇ ਹਨ,

ਸੁਪਨਿਆਂ ਤੂੰ ਸੁਲਤਾਨ ਹੈਂ,ਉਤਮ ਤੇਰੀ ਜਾਤ,

ਸੌ ਵਰਿਆਂ ਦੇ ਵਿਛੜੈ,ਆਣ ਮਿਲਾਵੇਂ ਰਾਤ।

ਇਕ ਰਾਤ ਦਾ ਕਿੱਸਾ ਸੁਣੋ---ਮੇਰੀ ਮਿੱਠੀ ਨੀਂਦ ਦੀ ਦੁਨੀਆਂ ਵਿੱਚ ਗੁਰਦਾਸ ਮਾਨ ਦਾ ਆਗਮਨ’ ਹੈਰਾਨੀ ਭਰੀ ਖੁਸ਼ੀ,ਮੇਰੇ ਬਹੁਤ ਸਾਰੇ ਦੋਸਤ ਜੋ ਮੁੱਦਤ ਹੋਈ ਕਦੀ ਨਜ਼ਰ ਨਹੀਂ ਆਏ,ਮੇਰੀ ਮਹਿਫਲ ਵਿੱਚ ਹਾਜਰ ਸਨ,ਤੇ ਮੈਨੂੰ ਕਹਿ ਰਹੇ ਸਨ ਗੁਰਦਾਸ ਮਾਨ ਨੂੰ ਕਹਿ ਸਾਡੀ ਫਰਮਾਇਸ਼ ਦੇ ਗੀਤ ਸੁਣਾਵੇ,’ਬਹੁਤ ਸਾਰੇ ਗੀਤਾਂ ਦੀ ਫਰਮਾਇਸ਼ ਉਹ ਕਰ ਰਹੇ ਸੀ ਤੇ ਮੈਂ ਗੁਰਦਾਸ ਮਾਨ ਨੂੰ ਰੂ ਬਰੂ ਪਾ ਕੇ ਖੁਦ ਨੂੰ ਫਿਲਮੀ ਦੁਨੀਆਂ ਦਾ ਹੀਰੋ ਸਮਝ ਰਹੀ ਸੀ।ਇਕ

ਆਵਾਜ਼ ਆਈ,'ਅਸੀਂ 'ਮਾਨ ਦੇ ਫੋਨ ਵਿੱਚ ਬੈਲੇਂਸ ਪਵਾ ਦਿਆਂਗੇ,ਸਾਨੂੰ ਗੀਤ ਸੁਣਾ ਦੇਵੋ.ਤੇ ਫੇਰ ਇਸ ਆਵਾਜ਼ ਨਾਲ ਕਈ ਹੋਰ ਆਵਾਜ਼ੇ ਵੀ ਮਿਲ ਗਏ। ਸਪਨੇ ਤੇ ਅਹਿਮਕ ਹੁੰਦੇ ਹਨ,ਲਓ ਭਲਾ ਦਸੋ ਗੁਰਦਾਸ ਮਾਨ ਦੇ ਫੋਨ ਚ ਬੈਲੇਂਸ—ਕੀ ਤੁੱਕ ਬਣੀ ?

ਮੇਰੇ ਸਪਨੇ ਤੇ ਹੋਰ ਵੀ ਅਜੀਬ ਹੁੰਦੇ ਹਨ,ਮੈਂ ਸੁਪਨੇ ਚ ਕਹਾਣੀਆਂ,ਕਵਿਤਾਵਾਂ ਲਿਖਦੀ ਹਾਂ ਤੇ ਬਹੁਤੀ ਵਾਰ ਇਹ ਅੰਗਰੇਜ਼ੀ ਵਿੱਚ ਲਿਖ ਲਿਖ ਮਾਹਰਕੇ ਮਾਰਦੀ ਹਾਂ,ਸੁਬਹ ਕੁਝ ਵੀ ਨਹੀਂ ਆਉਂਦਾ ਹੁੰਦਾ।

ਨੀਂਦ ਵਿਚਲਾ ਸੁਪਨਾ ਟੁੱਟ ਜਾਏ ਤਾਂ ਮਨ ਕੁਝ ਹੀ ਦੇਰ ਵਿੱਚ ਸੰਭਲ ਜਾਂਦਾ ਹੈ,ਪਰ ਜਾਗਦਾ ਸਪਨਾ ਟੁੱਟੇ ਤਾਂ ਦਿਲ ਟੁੱਟ ਜਾਂਦਾ ਹੈ,ਕਈ ਵਾਰ ਮਰ ਵੀ ਜਾਂਦਾ ਹੈ,ਐਸੇ ਸਪਨੇ ਦਾ ਟੁੱਟਣਾ ਸੱਭ ਤੋਂ ਖਤਰਨਾਕ ਹੁੰਦਾ ਹੈ। ਦਿਲ ਨੂੰ ਬੰਨ੍ਹਣ ਵਾਲੇ ਸਪਨੇ ਕਦੀ ਥੱਕ ਹਾਰ ਕੇ ਖੁਦ ਹੀ ਮਰ ਜਾਂਦੇ ਹਨ,ਤੇ ਸੁਪਨੇ ਦੀ ਮੌਤ........ਖਲਾਅ ਬਾਕੀ ਰਹਿ ਜਾਂਦਾ ਹੈ।

"ਸੱਭ ਤੋਂ ਖਤਰਨਾਕ ਹੁੰਦਾ ਹੈ,ਸਾਡੇ ਸੁਪਨਿਆਂ ਦਾ ਮਰ ਜਾਣਾ"।" ਪਾਸ਼"

ਸੁਖਰਹਿਣੇ ਅਮੀਰਾਂ ਦੇ ਘਰਾਂ ਨੂੰ ਘਰ ਨਹੀਂ 'ਖਵਾਬਗਾਹ' ਕਿਹਾ ਜਾਂਦਾ ਹੈ। ਇਹ ਖਵਾਬਗਾਹਾਂ ਇਹਨਾਂ ਨੇ ਸਨਹਿਰੀ ਖਾਬਾਂ ਦੇ ਦਰਿਆ ਪਾਰ ਕਰ ਕੇ ਬਣਾਈਆਂ ਹੁੰਦੀਐ।

ਕਈ ਵਾਰ ਬੰਦਾ ਐਹੇ ਜਿਹੇ ਖਵਾਬ ਦੇਖ ਲੈਂਦਾ ਹੈ ਜਿਹਨਾਂ ਦਾ ਕੋਈ ਸਿਰਾ ਨ੍ਹੀਂ ਹੁੰਦਾ, ਹਾਂ -ਐਸੇ ਖਾਬਾਂ ਦੇ ਪੈਰ ਜਰੂਰ ਹੁੰਦੇ ਹਨ ਤੇ ਇਹ ਆਪਣੀ ਪ੍ਰਤੀਪੂਰਤੀ ਲਈ ਕਦੇ ਹੌਲੀ ਤੇ ਕਦੇ ਤੇਜ਼ ਗਾਹੇ ਬਗਾਹੇ ਤੁਰਦੇ ਹੀ ਰਹਿੰਦੇ ਹਨ,ਦੇਰ ਸਵੇਰ ਆਪਣੀ ਕੋਸ਼ਿਸ਼ ਵਿੱਚ ਸਫਲ ਹੋ ਹੀ ਜਾਂਦੇ ਹਨ।

ਮੈਂ ਜਦੋਂ ਹੋਸ਼ ਸੰਭਾਲੀ ਤਾਂ ਮੇਰੇ ਮਨ ਵਿੱਚ ਆਇਆ ਕਿ ਕਾਸ਼ ਮੈਂ ਰੇਡੀਓ ਸਟੂਡੀਓ ਪਹੁੰਚ ਜਾਵਾਂ- ਇਹ ਮੇਰਾ ਜਾਗਦਾ ਖਾਬ ਬਣ ਗਿਆ ਪਰ ਮੰਜਿਲ ਬਣਾਉਣ ਦੀ ਔਕਾਤ ਨਹੀਂ ਸੀ ਮੇਰੀ,ਇਸ ਤਰਾਂ ਕਈ ਸਾਲ ਮੈਂ ਇਸ ਸਪਨੇ ਨੂੰ ਸੰਜੋਦੀ ਰਹੀ। ਕਿਸੇ ਨਾਲ ਗਲ ਵੀ ਕਦੀ ਨਾਂ ਕੀਤੀ ਕਿਤੇ ਕੋਈ ਮਜ਼ਾਕ ਹੀ ਨਾਂ ਉਡਾ ਦੇਵੇ " ਆਹ ਮੂੰਹ ਤੇ ਮਸੁਰ ਦੀ ਦਾਲ "

ਸਕੂਲ ਪੜ੍ਹਦੇ ਵਕਤ ਮੇਰੀ ਟੀਚਰ ਨੇ ਮੇਰੀ ਡਿਊਟੀ ਲਾ ਦਿੱਤੀ ਕਿ ਮੈਂ ਸਵੇਰ ਦੀ ਪਰੇਅਰ ਤੋਂ ਬਾਦ ਰੋਜ਼ਾਨਾ ਅਖਬਾਰ ਚੋਂ ਬੱਚਿਆਂ ਦੀ ਜਾਣਕਾਰੀ ਵਾਲੀਆਂ ਮੁੱਖ ਸੁਰਖੀਆਂ ਪੜ੍ਹ ਕੇ ਪੂਰੇ ਸਕੂਲ ਸਾਹਮਣੇ ਸੁਣਾਇਆ ਕਰਾਂ।ਲੋੜ ਮੁਤਾਬਕ ਪੂਰੀ ਖਬਰ ਵੀ ਪੜ੍ਹੀ ਦੀ ਸੀ। ਹੱਥ ਨਾਲ ਕਹਾਣੀਆਂ ਤੇ ਕਵਿਤਾਵਾਂ ਲਿਖ ਕੇ ਸਾਹਮਣੀ ਕੰਧ ਤੇ ਲਗੇ ਨੋਟਿਸ ਬੋਰਡ ਵਿੱਚ ਅਸੀਂ ਡਰਾਇੰਗ ਪਿੰਨਾਂ ਨਾਲ ਚਿਪਕਾ ਦੇਂਦੇ। ਇਸ ਤਰਾਂ ਪੈਦਾਇਸ਼ੀ ਲੇਖਕਾਂ ਦਾ ਝੱਸ ਤੇ ਸਪਨਾ ਦੋਨੋ ਪੂਰੇ ਹੋ ਜਾਂਦੇ। ਕਈ ਬੱਚੇ ਆਪਣੇ ਘਰੋਂ ਵੀ ਲਿਖਾ ਲਿਆਉਂਦੇ। ਇਸ ਤਰਾਂ ਪਿੱਛਲੱਗਾਂ ਨੂੰ ਵੀ ਮੌਕਾ ਮਿਲ ਜਾਂਦਾ ਤੇ ਉਹਨਾਂ ਦਾ ਖਾਬ ਵੀ ਪੂਰਾ ਹੋ ਜਾਂਦਾ। ਮੇਰਾ ਲਿਖਣ ਦਾ ਝੱਸ ਤਾਂ ਪੂਰਾ ਹੋ ਹੀ ਰਿਹਾ ਸੀ,ਪਰ ਸਵੇਰ ਦੀ



ਸਭਾ ਤੇ ਬਾਲ ਸਭਾ ਵਿੱਚ ਸਟੇਜ ਸੰਭਾਲਣ ਦਾ ਮੌਕੇ ਮਿਲਣ ਕਾਰਨ ਰੇਡੀਓ ਸਟੇਸ਼ਨ ਜਾਣ ਦੀ ਖਾਹਿਸ਼ ਹੋਰ ਤੀਬਰਤਾ ਫੜਨ ਲਗੀ ,ਥੋੜਾ ਵਕਤ ਹੋਰ ਗੁਜਰਿਆ ਤੇ ਇਕ ਦਿਨ ਭੈਣਾਂ ਦੇ ਪ੍ਰੋਗਰਾਮ ਨੂੰ ਖੱਤ ਲਿਖ ਮਾਰਿਆ,ਉਹਨਾਂ ਕੋਲੋਂ ਅਗਲੀ ਲੀਹ ਮਾਲੂਮ ਹੋਈ,ਪਰ ਪਛੜੇਪਨ ਨੇ ਲੀਹ ਤੇ ਪੈਰ ਨਾਂ ਰੱਖਣ ਦਿੱਤਾ,ਬਹੁਤ ਬੁਰੀ ਤਰਾਂ ਸਪਨਾ ਟੁੱਟਾ—

"ਸੁਪਨਾ ਜਦ ਟੁੱਟਦਾ ਹੈ ਤਾਂ ਆਪਾ ਵੀ ਦੁਸ਼ਮਣ ਹੋ ਜਾਂਦਾ ਹੈ,

ਬਾਕੀ ਹਮਦਰਦ ਵੀ ਨਹੀਂ ਰਹਿੰਦਾ"।

( ਦੱਸ ਦੇਣਾ ਸਹੀ ਹੋਵਗਾ ਵਰ੍ਹਿਆਂ ਬਾਦ ਤੇ ਮੈਨੂੰ ਰੇਡੀਓ ਤੋਂ ਬੋਲਣ ਦਾ ਅਵਸਰ ਪ੍ਰਾਪਤ ਹੋਇਆ ਤੇ ਮੇਰਾ ਉਹ ਟੁੱਟਾ,ਮਰਿਆ ਖਾਬ ਪੁਨਰ ਜਨਮ ਚ ਪੂਰਾ ਹੋ ਗਿਆ।

ਸ਼ੱਚ ਹੂਏ ਸਪਨੇ ਤੇਰੇ , ਝੂਮ ਲੇ ਆਜ ਮਨ ਮੇਰੇ"॥

ਖੁਲੀ ਅੱਖ ਨਾਲ ਬੁਣੇ ਸੁਪਨੇ,ਤੇ ਇਹ ਬਹੁਤੀ ਵਾਰ ਆਪਣੇ ਅਜ਼ੀਜ਼ਾਂ ਲਈ ਬੁਣੇ ਜਾਂਦੇ ਹਨ।

ਮਾਂ ਬਾਪ ਸੁਪਨਾ ਬੁਣਦੇ ਹਨ ਆਪਣੇ ਬੱਚਿਆਂ ਦੀ ਤਰੱਕੀ ਦਾ।

ਮਹਿਬੂਬ ਆਪਣੀ ਮਹਿਬੂਬਾ ਲਈ ਸੁਪਨੇ ਬੁਣਦਾ ਹੈ,ਤੇ ਸੁਪਨਿਆਂ ਦਾ ਰਾਜਕੁਮਾਰ ਹੁੰਦੈ।

ਦੁਆ ਕਰਨੀ ਜਾਂ ਬਦਦੁਆ ਦੇਣੀ ਵੀ ਸਪਨੇ ਦੀ ਹੀ ਕਿਸਮ ਹੈ। ਇੰਤਜ਼ਾਰ ਵਿੱਚ ਔਂਸੀਆਂ ਪਾਉਣਾ ਵੀ ਤੇ ਸਪਨਾ ਵੇਖਣਾ ਹੀ ਹੁੰਦਾ ਹੈ।

ਬਾਬਾ ਰਾਮਦੇਵ ਦਾ ਉਠਤੇ ਬੈਠਤੇ ਇਕ ਹੀ ਸਪਨਾ ਸੀ ਕਿ ਹਰ ਵਿਅਕਤੀ ਯੋਗ ਦੇ ਰਾਹ ਚਲੇ ਤੇ ਦੇਖੋ ਯੋਗ ਨੂੰ ਵਿਸ਼ਵ ਪੱਧ੍ਰ ਦੀ ਪਦਤੀ ਪ੍ਰਾਪਤ ਹੋ ਗਈ।

ਇਕ ਸਪਨਾ ਹੀ ਤਾਂ ਸੀ ਜਿਸ ਨੇ ਕਲਪਨਾ ਚਾਵਲਾ ਤੇ ਸੁਨੀਤਾ ਵਿਲਿਅਮ ਤੇ ਪੀ.ਟੀ.ਊਸ਼ਾ ਨੂੰ ਅੰਬਰਾਂ ਤੇ ਚਮਕਾਇਆ।

ਸਪਨੇ ਨੇ ਹੀ ਰਾਈਟ ਬਰਦਰਜ਼ ਤੋਂ ਜਹਾਜ਼ ਬਣਵਾ ਕੇ ਮਨੁੱਖ ਨੂੰ ਬਿਨ ਪੰਖ ਆਸਮਾਨਾਂ ਚ ਉੜਾਇਆ।

ਅਜਾਦੀ ਦੇ ਸਪਨੇ ਨੇ ਅੰਗਰੇਜ਼ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਇਆ।

ਸਪਨੇ ਆਪਣੇ ਨਾਲ ਜਾਦੂ ਦੀ ਛੜੀ ਲੈ ਕੇ ਨਹੀਂ ਆਉਂਦੇ,ਸਪਨਾ ਪੂਰਾ ਵੇਖਣ ਲਈ ਪੱਕਾ ਇਰਾਦਾ ਤੇ ਪਸੀਨਾ ਵਹਾਉਣਾ ਪੈਂਦਾ ਹੈ।

**"trust the dreams for hidden in them is the gate to eternity"**

**" go confidentally in the direction of your dreams,**

**Live the life you have imagined.**

" ਮੰਜਿਲੇਂ ਉਨਕੋ ਮਿਲਤੀ ਹੈਂ ਜਿਨ ਕੇ ਸਪਨੋ ਮੇਂ ਜਾਨ ਹੋਤੀ ਹੈ,

ਪਰੋਂ ਸੇ ਕੁਸ਼ ਨਹੀਂ ਹੋਤਾ,ਹੌਂਸਲੋਂ ਸੇ ਉੜਾਨ ਹੋਤੀ ਹੈ।

( ਸਪਨੇ ਵੋ ਨਹੀਂ ਹੋਤੇ ਜੋ ਸੋਤੇ ਮੇਂ ਦੇਖਤੇ ਹੈਂ,

ਸਪਨੇ ਵੋ ਹੋਤੇ ਹੈਂ ਜੋ,

ਸੋਨੇ ਨਹੀਂ ਦੇਤੇ------ 'ਰਾਸ਼ਟਰਪਤੀ ਏ ਪੀ ਜੇ ਕਲਾਮ ")

ਰਾਜੂ ਕਾ ਹੈ ਏਕ ਖਾਬ—

ਰਾਜੂ, ਰਾਜਾ ਰਾਜਾ ਸਾਹਬ'।

ਤਸਵੀਰ ਤੇਰੀ ਦਿਲ ਵਿੱਚ ,ਫਿਰਾਂ ਮੈਂ ਸੰਗ ਲੈ ਕੇ,

ਹਸੀਨ ਸਪਨਿਆ ਦੇ ਨਵੇਂ ਨਵੇਂ ਰੰਗ ਲੈ ਕੇ।



## "ਇੰਗਲਿਸ਼ ਵਰਸਜ਼ ਪੰਜਾਬੀ"

॥ ਚੀਚੋ ਚੀਚ ਗਨੇਰੀਆਂ ॥

" ਮੇਰਾ ਨਹੀਂ ਕਸੂਰ ਬਾਲਮਾ ਮੈਂ ਅੰਗਰੇਜੀ ਪੜ੍ਹ ਗਈ ਹਾਂ

ਆਲੇ ਦੁਆਲੇ ਬਹੁਤ ਰੌਲਾ ਹੈ ਕਿ ਆਮ ਬੋਲ ਚਾਲ ਵਿੱਚ,ਵਾਰਤਲਾਪ ਵਿੱਚੋਂ ਪੰਜਾਬੀ ਕਿਨਾਰੇ ਕਿਨਾਰੇ ਹੋ ਰਹੀ ਹੈ।ਜੇ ਇਹ ਕਹਿ ਲਿਆ ਜਾਵੇ ਕਿ ਖਿਚੜੀ ਭਾਸ਼ਾ ਵਰਤੀ ਜਾਦੀ ਹੈ ਤਾਂ ਜਿਆਦਾ ਮੁਨਾਸਬ ਕਥਨ ਹੋਵੇਗਾ। ਆਮ ਵਰਤੋਂ ਵਿਹਾਰ ਵਿੱਚ ਝਾਤੀ ਮਾਰਨ ਤੇ ਇਹ ਦ੍ਰਿਸ਼ ਸਾਹਵੇਂ ਹੈ ਕਿ ਪੰਜਾਬੀ ਪ੍ਰਤੀ ਸੰਵੇਦਨ-ਸ਼ੀਲ ਤਾ ਪੰਜਾਬੀ ਅਸਲ ਰੂਪ ਵਿੱਚ ਵਰਤਦੇ ਹਨ ,ਪਰ ਪੜ੍ਹਾਈ ਲਿਖਾਈ ਤੋਂ ਸ਼ਾਕਾਹਾਰੀ ਜਿਆਦਾ ਖਿਚੜੀ ਭਾਸ਼ਾ ਬੋਲਣ ਲਗ ਪਏ ਹਨ।ਜਿਸਨੂੰ ਉਹ ਅੰਗਰੇਜੀ ਸਮਝਦੇ ਹਨ।

ਪੇਸ਼ ਹਨ ਗੁਫਤਗੂ ਦੀ ਕੁਝ ਵੰਨਗੀਆਂ---

ਅਕਸਰ ਹੀ ਸਾਡੀ ਸਫਾਈ ਸੇਵਕਾ ਨਾਲ ਹੁੰਦੀ ਮੇਰੀ ਵਾਰਤਲਾਪ— ਸ਼ੇਵਕਾ ਦਾ ਨਾਮ ਨੀਲਮ ਹੈ)---

ਮੈਂ-ਨੀਲਮ ਤੇਰੀ ਕੁੜੀ ਦਾ ਨਾਮ ਕੀ ਹੈ?

ਨੀਲਮ-ਮੈਡਮ ਜੀ ਇਹਦਾ ਨਾਮ' ਲਛਮੀ' ਹੈ-ਫਿਲਮਾਂ ਵਾਲਾ -

ਮੈਂ ਨੀਲਮ ਤੂੰ ਕੁੜੀ ਨੂੰ ਸਕੂਲ ਕਿਓ ਨ੍ਹੀਂ ਭੇਜਦੀ,ਛੇ ਸਾਲ ਤੋਂ ਵੱਧ ਹੀ ਹੋਵੇਗੀ? ਸਕੂਲ਼ ਦਾਖਲ ਕਰਾਓ।

ਨੀਲ਼ਮ-ਮੈਡਮ ਜੀ,ਦੀਦੀ ਜੀ,ਘਲਾਉਣਾ ਸਕੂਲ਼ ਇਹਨੂੰ,ਇਹਦਾ ਡੈਡੀ ਆਂਹਦਾ ,"ਨਵੇਂ ਸਾਲ ਨੂੰ 'ਡਮਿਸ਼ਨ'

( ਅਡਮਿਸ਼ਨ) ਕਰਾਉਣੀ..

ਨੀਲਮ ਦੀ ਮਾਂ ਬੀਮਾਰ ਸੀ,ਮੈਂ ਕਿਹਾ,ਤੁਹਾਡੇ ਕੋਲ ਕਾਰਡ ਹੈ,ਸਰਕਾਰੀ ਹਸਪਤਾਲ ਇਲਾਜ ਲਈ ਲੈ ਜਾਓ।

ਨੀਲਮ ਕੁਝ ਨਹੀਂ ਬੋਲੀ,ਮੈਂ ਫਿਰ ਪੁਛਿਆ,ਕਾਰਡ ਬਣਿਆ ?

ਕਾਟ ਤੇ ਬਣਿਆ ਮੈਡਮ ਜੀ,, ਸਰਕਾਰੀ ਹਾਸਪੀਟਲ ਨੀ ਕੋਈ ਕੇਅਰ ਕਰਦਾ,ਲੈਨ ਚ ਧੁੱਪੇ ਸੜ ਜਾਈਦਾ

ਪ੍ਰਾਈਵੇਟ ਤੇ ਝੱਟ ਠੀਕ ਹੋ ਜਾਈਦਾ,ਪੈਸੇ ਤੇ ਖਰਚਣ ਲਈ ਹੁੰਦੇ,ਕੇਅਰ ਤੇ ਹੋ ਜਾਂਦੀ।

ਮੈਂ ਲਛਮੀ ਕੁੜੀ ਨੂੰ ਟਾਫੀਆਂ ਦਿੱਤੀਆ,,ਨੀਲਮ ਕਹਿੰਦੀ "ਐਂਟੀ ਜੀ ਨੂੰ ਥੈਂਕੂ ਬੋਲ ਲਛਮੀ ਬਿਟਿਆ—

ਕੁੜੀ-ਥੈਂਕੂ ਐਂਟੀ-

ਨੀਲਮ-ਮੈਡਮ ਜੀ ਕਲ ਸਾਨੂੰ ਰਾਹ ਚੋਂ 'ਸਿਮ'ਦਿਸੀ ਅਸੀਂ ਚੁੱਕ ਕੇ ਪ੍ਰਿਸੀਪਲ ਸਰ ਨੂੰ ਫੜਾ ਦਿੱਤੀ।

ਮੈਡਮ ਜੀ ਕਲ ਮੇਰੇ ਦਿਉਰ ਦੀ ਅਨਗੇਜਮੈਂਟ ਮੇਰੀ ਕਲ ਦੀ ਛੁੱਟੀ।ਮੈਂ ਅੱਜ ਬ੍ਰਿਟੀ ਪਾਲਰ ਮਹਿੰਦੀ ਲਵਾਉਣ ਜਾਣਾ,ਆਇਬਰੋਅ ਬਣਾਉਣੇ,ਦੀਦੀ ਜੀ ਡੇਢ ਸੌ ਰੁਪਏ ਦਿਓ।

ਜਾਣ ਵੇਲੇ ਅਕਸਰ ਰੋਜ਼ ਹੀ--,ਓ.ਕੇ ਮੈਡਮ ਜੀ ਬਾਏ,ਲਛਮੀ ਕੁੜੀ ਵੀ ਬਾਏ ਬਾਏ ਐਨਟੀ।

ਪਹਿਲਾਂ ਨੀਲਮ ਦੀਦੀ ਜੀ ਕਿਹਾ ਕਰਦੀ ਸੀ,ਅੰਗਰੇਜੀ ਸਿਖ ਕੇ ਮੈਡਮ ਆਖਣ ਲਗ ਪਈ।

ਸੁਣਦੇ ਸਾਂ,"ਚਿੰਤਾ ਚਿਖਾ ਸਮਾਨ ਹੈ"-ਜਦੋਂ ਦੀ ਚਿੰਤਾ' 'ਟੇਨਸ਼ਨ' ਬਣੀ ਹੈ ਇਹ ਚਿਖਾ ਤੋਂ ਤਾਜਮਹੱਲ ਬਣ ਗਈ ਹੈ।ਸਿਰ ਤੇ ਸੱਜ ਗਈ ਹੈ।ਹੁਣ ਚਿੰਤਾ ਚਿਖਾ ਵੱਲ ਨਹੀਂ ਤੁਰਦੀ ਰੁਤਬਾ ਬਣਾਉਂਦੀ ਹੈ।

ਕਹਿੰਦੇ ਭਈ,'ਇਹ ਤੇ ਗਮ ਖੋਰਾ,ਫਿਕਰ ਖੋਰਾ ਬੰਦਾ-ਇਹਦੀ ਬੁੱਧੀ ਤਾਂ ਗਮਾਂ ਨੇ ਮਾਰੀ-

ਨਾਂ ਭਈ ਟੇਨਸ਼ਨ ਲਗੀ ਬਾਡੀ ਨੂੰ।ਹਰ ਤੀਜਾ ਬੰਦਾ ਫਿਕਰ ਨੀ ਟੇਨਸ਼ਨ ਲਾਈ ਫਿਰਦਾ.ਹਹਹਹਹਹਹਹਹ

ਰਾਣੀ=ਭੈਣ,ਰੀਟਾ ਦਾ ਡੈਡੀ ਪੈੱਗ ਮਾਰ ਆਇਆ,ਰਾਤ,ਮੇਰਾ ਤੇ ਟੇਨਸ਼ਨ ਨਾਲ ਬਲੱਡ ਵੱਧ ਗਿਆ,ਨਿਜ ਨੂੰ ਆਉਣ ਲੇਕਸ਼ਨਾਂ (ਇਲੇਕਸ਼ਨ)

ਮੇਰਾ ਹੌਸਬੈਂਡ ਸਾਰੀ ਤਨਖਾਹ ਡੱਫ ਕੇ ਆ ਵੜਦੈ,ਟੇਨਸ਼ਨ ਦੀ ਦਵਾ ਨਾਲ ਮੇਰੀ ਬਾਡੀ ਫੁਲਦੀ ਜਾਂਦੀ।

ਬੇਟੇ ਨੂੰ ਨਵਾਂ ਮੋਬੈਲ ਲਿਆ ਦਿੱਤਾ,ਦੋ ਸਿਮਾਂ ਵਾਲਾ,ਫੋਟੂ ਵੀ ਲੱਥਦੀ ਤੇ ਫਿਲਮ ਵੀ ਆਉਂਦੀ



ਨੀਲਮ-ਮੈਡਮ ਜੀ ਨੋਂਟ ਤੇ ਵੇਖਿਆ ਅੱਜ ਮ੍ਹੀਂਹ ਪੈਣਾ'।

ਮੈਂ ਮਾਲੀ ਨੂੰ ਪੁਛਿਆ,ਇਹ ਬੂਟਾ ਕੋਰੇ ਤੋਂ ਕਿਵੇਂ ਬਚਾਉਣਾ ?

ਮਾਲੀ-ਬਹਨ ਜੀ,ਕੋਈ ਟੇਨਸ਼ਨ ਨੀ,ਟੇਨਸ਼ਨ ਨਾ ਲੋ ਕੁਛ ਨੀ ਹੋਤਾ ਇਸ ਕੋ।


ਗਮ,ਫਿਕਰ,ਚਿੰਤਾ ਤੋਂ ਵਿਕਸਤ,ਇਸ ਟੇਨਸ਼ਨ ਨੇ ਜੋਤਸ਼ੀਆਂ,ਬਾਬਿਆਂ ਦੀ ਵਾਧੂ ਚਾਂਦੀ ਬਣਾ ਦਿੱਤੀ ਹੈ॥

ਤਦੇ ਮੈਂਨੂੰ ਲਗਦਾ ਇਹ ਚਿਖਾ ਤੋਂ ਮਹੱਲ ਬਣ ਗਈ ਹੈ।

ਹੁਣ ਮੁਹੱਬਤ ਦੇ ਨਹੀਂ ਚਿੰਤਾ ਦੇ ਮਕਬਰੇ ਤਾਮੀਰ ਹੋਇਆ ਕਰਨਗੇ !

ਕੀ ਬਣੂ ਪੰਜਾਬੀ ਦਾ ?

ਮੇਰਾ ਕੀ ਕਸੂਰ ਬਾਲਮਾ ਮੈਂ ਅੰਗਰੇਜੀ ਪੜ੍ਹ ਗਈ ਹਾਂ।



## ‘‘ਮਨਮੋਹਕ ਗਜ਼ਲਾਂ‘‘

ਰੂਹ ਨੂੰ ਟੁੰਬ ਕੇ ਟੂਣਾ ਜਿਹਾ ਕਰ ਗਈਆਂ ਗਜ਼ਲਾਂ—

1.- ਸੁਨਤੇ ਹੈਂ ਕਿ ਮਿਲ ਜਾਤੀ ਹੈ ਹਰ ਚੀਜ਼ ਦੁਆ ਸੇ

ਇਕ ਰੋਜ਼ ਤੁਮ ਕੋ ਮਾਂਗ ਕਰ ਦੇਖੇਂਗੇ ਖੁਦਾ ਸੇ

ਜਬ ਕੁਸ਼ ਭੀ ਨਾਂ ਮਿਲਾ ਹਾਥ ਦੁਆਓਂ ਕੋ ਉਠਾ ਕਰ

ਫਿਰ ਹਾਥ ਉਠਾਨੇ ਹੀ ਪੜੇ ਹਮ ਕੋ ਦੁਆ ਸੇ .ਸੁਨਤੇ ਹੈਂ ਕਿ.........

ਦੁਨੀਆਂ ਭੀ ਮਿਲੀ ਹੈ,ਗਮੇਂ ਦੁਨੀਆ ਭੀ ਮਿਲਾ ਹੈ

ਵੋ ਕਿਉਂ ਨਹੀਂ ਮਿਲਤਾ ਜਿਸੇ ਮਾਂਗਾ ਥਾ ਖੁਦਾ ਸੇ,ਸੁਨਤੇ ਹੈਂ ਕਿ............

ਤੁਮ ਸਾਮਨੇ ਬੈਠੈ ਹੋ ਤੋ ਹੈ ਕੈਫ਼ ਕੀ ਬਾਰਿਸ਼

ਵੋ ਦਿਨ ਭੀ ਥੇ ਜਬ ਆਗ ਬਰਸਤੀ ਥੀ ਘਟਾਓਂ ਸੇ

ਸੁਨਤੇ ਹੈਂ ਕਿ ਮਿਲ ਜਾਤੀ ਹੈ ਹਰ ਚੀਜ਼ ਦੁਆ ਸੇ

ਇਕ ਰੋਜ਼ ਤੁਮ ਕੋ ਮਾਂਗ ਕਰ ਦੇਖੈਂਗੇ ਖੁਦਾ ਸੇ।.......

2----ਹਮਸਫ਼ਰ”

ਹਮਸਫ਼ਰ ਬਨ ਕੇ ਹਮ ਸਾਥ ਹੈਂ ਆਜ ਭੀ

ਫਿਰ ਭੀ ਹੈ ਯੇ ਸਫ਼ਰ ਅਜਨਬੀ ਅਜਨਬੀ.

ਰਾਹ ਭੀ ਅਜਨਬੀ , ਮੋੜ ਭੀ ਅਜਨਬੀ

ਜਾਏਂਗੇ ਹਮ ਕਿਧਰ ਅਜਨਬੀ ਅਜਨਬੀ

ਜਿੰਦਗੀ ਹੋ ਗਈ ਹੈ ਸੁਲਗਤਾ ਸਫ਼ਰ-2



ਦੂਰ ਤੱਕ ਆ ਰਹਾ ਧੂੰਆਂ ਸਾ ਨਜ਼ਰ

ਜਾਨ-ਏ ਕਿਸ ਮੋੜ ਪਰ ਖੋ ਗਈ ਹਰ ਖੁਸ਼ੀ

ਦੇ ਗਈ ਦਰਦ-ਏ ਜਿਗਰ ਅਜਨਬੀ ਅਜਨਬੀ

ਹਮਸਫ਼ਰ ਬਨ ਕੇ ਹਮ ਸਾਥ ਹੈਂ ਆਜ ਭੀ.......

ਕਿਸਕੋ ਮਾਲੂਮ ਥਾ ਦਿਨ ਯੇ ਭੀ ਆਏਂਗੇ?

ਮੌਸਮੋਂ ਕੀ ਤਰਹ ਦਿਲ ਬਦਲ ਜਾਏਂਗੇ

ਦਿਨ ਹੁਆ ਅਜਨਬੀ ਰਾਤ ਭੀ ਅਜਨਬੀ

ਹਰ ਘੜੀ ਹਰ ਪਹਿਰ ਅਜਨਬੀ ਅਜਨਬੀ,,ਹਮਸਫ਼ਰ.....

ਰਾਹ ਭੀ ਅਜਨਬੀ ਮੋੜ ਭੀ ਅਜਨਬੀ

ਜਾਏਂਗੇ ਹਮ ਕਿਧਰ ਅਜਨਬੀ ਅਜਨਬੀ

3..—ਆਸ਼ਨਾਂ-ਨਾਂ ਆਸ਼ਨਾ

ਕਹਾਂ ਹੈ ਪਿਆਰ ਜਿਸੇ ਹਮ ਨੇ ਚਾਹਾ ਜਿੰਦਗੀ ਕੀ ਤਰਹੱ

ਵੋ ਆਂਸ਼ਨਾਂ ਬੀ ਮਿਲਾ ਹਮ ਸੇ ਅਜਨਬੀ ਕੀ ਤਰਹ

ਕਿਸੇ ਖਬਰ ਥੀ ਬੜ੍ਹੈਗੀ ਕੁਸ਼ ਔਰ ਤਾਰੀਖੀ

ਛੁਪੇਗਾ ਵੋ ਕਿਸੀ ਬਦਲੀ ਮੇਂ ਚਾਂਦਨੀ ਕੀ ਤਰਹ-ਵੋ ਆਸ਼ਨਾ ਭੀ.......

ਬੜਾ ਕੇ ਪਿਆਸ ਮੇਰੀ ਉਸਨੇ ਹਾਥ ਛੋੜ ਦਿਆ

ਮੁਕਰ ਰਹਾ ਹੈ ਵੋ ਮੁਹੱਬਤ ਸੇ, ਦਿਲਲਗੀ ਕੀ ਤਰਹ,ਵੋ ਆਸ਼ਨਾ ਭੀ........

ਸਿਤਮ ਤੋ ਯੇ ਹੇ ਕਿ ਵੋ ਭੀ ਨਾਂ ਬਨ ਸਕਾ ਅਪਨਾ

ਕਬੂਲ਼ ਹਮ ਨੇ ਕੀਏ ਜਿਸ ਕੇ ਗਮ ਖੁਸ਼ੀ ਕੀ ਤਰਹ,ਵੋ ਆਸ਼ਨਾ ਭੀ.....

ਕਭੀ ਨਾਂ ਸੋਚਾ ਥਾ ਹਮ ਨੇ ਕਤੀਲ ਉਸ ਕੇ ਲੀਏ

ਕਰੇਗਾ ਹਮ ਪੇ ਸਿਤਮ ਵੋ ਭੀ ਹਰ ਕਿਸੀ ਕੀ ਤਰਹ , ਵੋ ਆਸ਼ਨਾ ਭੀ.....

4- "ਮੁਹੱਬਤ" ------

4—-ਅਗਰ ਹਮ ਕਹੇਂ ਔਰ ਵੋ ਮੁਸਕਰਾ ਦੇ

ਹਮ ਉਨ ਕੇ ਲੀਏ ਜਿੰਦਗਾਨੀ ਲੌਟਾ ਦੇਂ

ਹਰ ਇਕ ਮੋੜ ਪਰ ਹਮ ਗਮੋਂ ਕੋ ਸਜਾ ਦੇਂ

ਚਲੋ ਜਿੰਦਗੀ ਕੋ ਮੁਹੱਬਤ ਬਨਾ ਦੇਂ।

ਅਗਰ ਖੁਦ ਕੋ ਭੂਲੇ ਤੋ ਕੁਸ਼ ਹੀ ਭੂਲੇ

ਕਿ ਚਾਹਤ ਮੇਂ ਉਨਕੀ ਖੁਦਾ ਕੋ ਭੁਲਾ ਦੇਂ

ਕਭੀ ਗਮ ਕੀ ਆਂਧੀ ਉਨਹੇਂ ਛੂ ਨਾਂ ਪਾਏ

ਵਫਾਓਂ ਕੇ ਹਮ ਵੋ ਨਸ਼ੇਮਨ ਬਨਾ ਦੇ-

ਹਰ ਏਕ ਮੋੜ ਪਰ ਹਮ ਗਮੌਂ ਕੋ ਸਜਾ ਦੇਂ

ਚਲੋ ਜਿੰਦਗੀ ਕੋ ਮੁਹੱਬਤ ਬਨਾ ਦੇਂ

ਕਿਆਮਤ ਕੇ ਦੀਵਾਨ ਕਹਤੇ ਹੈਂ ਹਮ ਸੇ

ਚਲੋ ਉਨ ਕੇ ਚਿਹਰੇ ਸੇ ਪਰਦਾ ਹਟਾ ਦੇਂ

ਸਜਾ ਦੇਂ, ਫੈਲਾ ਦੇ,ਬਨਾ ਦੇਂ ਮਿਟਾ ਦੇਂ-

ਮਗਰ ਵੋ ਕੋਈ ਫੈਸਲਾ ਤੋ ਸੁਨਾ ਦੇਂ ' -

ਹਮ ਉਨ ਕੇ ਲੀਏ ਜਿੰਦਗਾਨੀ ਲੌਟਾ ਦੇਂ,ਚਲੋ ਜਿੰਦਗੀ ਕੋ ਮੁਹੱਬਤ ਬਨਾ ਦੇਂ........

ਚਲੋ ਜਿੰਦਗੀ ਕੋ ਮੁਹੱਬਤ ਬਨਾ ਦੇਂ............



## "ਗੁਜਰਾ ਜਮਾਨਾ" ( ਚੇਤੇ ਦੀ ਚੰਗੇਰ ਵਿਚੋਂ )

ਅਕਸਰ ਮੈਨੂੰ ਉ ਗੁਜਰਾ ਜਮਾਨਾ ਯਾਦ ਆਉਂਦੈ

ਕੀ ਕਦੀ ਤੈਨੂੰ ਵੀ ਉ ਦੀਵਾਨਾ ਯਾਦ ਆਉਂਦੈ?

ਉਹ ਸਮੁੰਦਰ ਦਾ ਕੰਡਾ ਉਹ ਪਾਣੀ ਦੀਆਂ ਛੱਲਾਂ,

ਉ ਪੈਰਾਂ ਤੇ ਰੇਤ ਦਾ ਘਰੌਂਦਾ ਬਨਾਣਾ ਯਾਦ ਆਉਂਦੈ।

ਉ ਹਵਾ ਤੇਜ ਸੀ,ਉ ਬਾਰਿਸ਼ ਤੇਜ ਸੀ,

ਫਿਰ ਵੀ ਤੇਰਾ ਵਾਦਾ ਨਿਭਾਣਾ ਯਾਦ ਆਉਂਦੈ।

ਗਲਾਂ ਗਲਾਂ ਵਿੱਚ ਹੋ ਗਈ ਅੱਧੀ ਰਾਤ,

ਫਿਰ ਤੇਰਾ ਉ ਬੱਤੀ ਬੁਝਾਣਾ ਯਾਦ ਅਉਂਦੈ।

ਯਾਦਾਂ ਦੇ ਠੂਠੇ ਨੂੰ ਜਦ ਚੱਟਦੈ,ਤਨਹਾਈ ਦਾ ਜ਼ਹਿਰ,ਤੇ

ਅਕਸਰ ਮੈਨੂੰ ਉਹ ਗੁਜਰਾ ਜਮਾਨਾ ਯਾਦ ਆਉਂਦੈ-......

ਨਬਜ਼-ਏ ਹਸਤੀ ਦੀ ਡੋਲਦੀ ਚਾਲ ਵੇਖ ਵੇਖ,

ਤੇਰਾ, ਗਲੀ ਦੇ ਮੋੜ ਤੇ ਉ ਹੱਥ ਹਿਲਾਣਾ ਯਾਦ ਆਉਂਦੈ।

.,.,.,...,..,..,..,.,.,.,..,.,.,.,.,.,.,...,.,.,.,.,.,.,.,.

ਪਿਆਰ ਦੀ ਬਾਤ ਨੇ ਪਾਉਂਦੇ ਸੱਭ,ਕਰਦਾ ਕੋਈ ਪਿਆਰ ਨਹੀਂ

ਮਤਲਬ ਦੀ ਦੁਨੀਆਂ ਸਾਰੀ ,ਕੋਈ ਕਿਸੇ ਦਾ ਯਾਰ ਨਹੀਂ।

ਹੋਇਆ ਸੀ ਪਿਆਰ ਜਿਹਦੇ ਨਾਲ,ਜਿੰਦਗੀ ਦੀ ਤਰਾਂ,

ਸਰੇਰਾਹ, ਮਿਲਿਆ ਅੱਜ ਉਹ ਅਜਨਬੀ ਦੀ ਤਰਾਂ।

ਜਾਤੇ ਹੈਂ,'ਖੁਦਾ ਹਾਫ਼ਿਜ਼',ਇਤਨੀ ਇਲਤਜ਼ਾ ਹੈ,

ਜਬ ਯਾਦ ਹਮਾਰੀ ਆਏ,ਮਿਲਨੇ ਕੀ ਦੁਆ ਕਰਨਾ।

ਕੈਸੇ ਜੀਤ ਲੇਤੇ ਹੈਂ ਲੋਗ ਦਿਲ ਕਿਸੀ ਕਾ?

ਕੋਈ ਹਮੇਂ ਭੀ ਸਿਖਾ ਦੇ-ਪਿਆਰ ਕਾ ਸਲੀਕਾ।

....ਚੁੱਪ ਚੁੱਪ ਬੈਠੈ ਹੋ ਕਹੋ ਕਿਆ ਬਾਤ ਹੈ ?

ਇਕ ਚੁੱਪ ਤੇ ਸੌ ਸੁੱਖ'ਬੱਸ ਇਹੀ ਬਾਤ ਹੈ।

ਕੁਝ ਤੇ ਬੋਲੋ,ਮਹਿੰਗਾਈ ਹੈ,ਭੁੱਖ ਹੈ,ਪਿਆਸ ਹੈ,ਸਿਆਸਤ ਹੈ

ਬਹੁਤ ਕੁਝ ਹੈ ਬੋਲਣ ਨੂੰ ਬਹੁਤ ਕੁਝ ਬੋਲ ਚੁਕੇ

ਹਾਏ ਮਹਿੰਗਾਈ ,!,ਹਾਏ ਮਹਿੰਗਾਈ !

ਨਾਂ ਸਦੀ ਨਾਂ ਬੁਲਾਈ ਤੂੰ ਕਿਥੋਂ ਆਈ

ਤੈਨੂੰ ਮੌਤ ਕਿਉਂ ਨਾਂ ਆਈ।

""""""'ਬਹੁਤ ਪਿਆਰਾ ਗੀਤ"""

ਸਾਥ ਦੇਨਾ ਹੈ ਤੋ ਜਿੰਦਗੀ ਭਰ ਕਾ ਦੋ,ਦੋ ਘੜੀ ਕਾ ਸਹਾਰਾ ਸਹਾਰਾ ਨਹੀਂ

ਯੂੰ ਬਹਾਨੇ ਬਨਾਨੇ ਸੇ ਕਿਆ ਫਾਇਦਾ,ਸਾਫ ਕਹਿ ਦੋ ਕਿ ਮਿਲਣਾ ਗਵਾਰਾ ਨਹੀਂ।

ਫੰਸ ਗਏ ਹਮ ਤੋ ਇਕਰਾਰੋਂ,ਇਨਕਾਰੋਂ ਮੇਂ,

ਜਿੰਦਗੀ ਆ ਗਈ ਬੀਚ ਮੰਝਧਾਰ ਮੇਂ

ਡੂਬ ਜਾਏਂਗੇ,ਯਾ ਪਾਰ ਉਤਰ ਜਾਏਂਗੇ,

ਆਜ ਤੂਫਾਨ ਨਹੀਂ ਯਾ ਕਿਨਾਰਾ ਨਹੀਂ.......

ਤੁਮ ਕੋ ਇਕ ਨਾ ਇਕ ਦਿਨ ਖਯਾਲ ਆਏਗ ਾ,

ਦੇਖਨਾ ਦਿਲ ਕੇ ਸ਼ੀਸੇ ਮੇਂ ਬਾਲ ਆਏਗਾ---( ਬਾਲ=ਤ੍ਰੇੜ)



ਕਬ ਤੱਕ ਨਾਂ ਦੁਆਏਂ ਸੁਨੇਗਾ ਖੁਦਾ,

ਕਿਯਾ ਤੁਮ੍ਹਾਰਾ ਖੁਦਾ ਹੈ ਹਮਾਰਾ ਨਹੀਂ............ਸਾਥ ਦੇਨਾ....

ਦੇਖਨਾ ਇਕ ਦਿਨ ਜਾਨ ਦੇ ਦੇਂਗੇ ਹਮ,

ਤੁਮ ਨਾ ਨਰਾਜ਼ ਹੋਨਾ ਖੁਦਾ ਕੀ ਕਸਮ

ਜਿੰਦਗੀ ਤੁਮ ਸੇ ਹੈ,ਬੰਦਗੀ ਤੁਮ ਸੇ ਹੈ,

ਤੁਮ ਨਹੀਂ ਤੋ ਕੋਈ ਹਮਾਰਾ ਨਹੀਂ..

ਯੂੰ ਬਹਾਨੇ ਬਨਾਨੇ ਸੇ ਕਿਯਾ ਫਾਇਦਾ,

ਸਾਫ ਕਹਿ ਦੋ ਕਿ ਮਿਲਨਾ ਗਵਾਰਾ ਨਹੀਂ.....

( ਮੇਰੇ ਹਮ ਜਮਾਤੀ ਮੁਹੰਮਦ ਯਾਸੀਨ( ਉਸ ਨਾਖੁਦਾ )ਨੂੰ ਇਹ ਗੀਤ ਬਹੁਤ ਪਸੰਦ ਸੀ,ਉਹਦੇ ਹੋਠਾਂ ਤੇ ਫਰਕਦੇ ਸੀ ਇਹ ਬੋਲ

"- ਆ ਲੌਟ ਕੇ ਆ ਜਾ ਮੇਰੇ ਮੀਤ,ਤੁਝੈ ਤੇਰੇ ਗੀਤ ਬੁਲਾਤੇ ਹੈ.)..............

"ਗੁਜਰੀ"

(ਗੁਜਰੀ ਆਪ ਗੁਜਰੀ ਹੈ ਜਾਂ ਗੁਜਰਿਆ' ਵਕਤ' ),

(ਜਿੰਦਗੀ ਮੇਂ ਸੱਭ ਕੁਸ਼ ਥਾ ਮਗਰ ਵੋ ਰੱਬ ਨਹੀਂ ਥਾ।॥

ਪਿਛਲੇ ਸਾਲ ਇਹਨਾਂ ਹੀ ਦਿਨਾ ਦੀ ਗਲ ਹੈ,ਸਾਡੇ ਇਕ ਦੋਸਤ ਮੁਕਤਸਰ ਇਲਾਕੇ ਦੇ ਇਕ ਪਿੰਡ ਤੋਂ ਸਾਡੇ ਘਰ ਆਏ.ਹੋਰ ਗਲਾਂ ਵਿੱਚ ਉਹਨਾਂ ਦਸਿਆ ਅਸੀਂ ਚਿੱਬੜਾਂ ਦੀ ਚਟਨੀ ਬਣਾਈ ਸੀ,ਪਹਿਲਾਂ ਮਨ ਚ ਆਇਆ ਤੁਹਾਡੇ ਲਈ ਲੈ ਜਾਈਏ,ਪਰ ਫਿਰ ਝਾਕਾ ਜਿਹਾ ਆ ਗਿਆ,ਕਿ ਖ਼ਵਰੇ ਤੁਸੀਂ.......

ਚਿੱਬੜ-ਹੁੰਦੈ ? ਬੀਜਦੇ ਤੁਸੀਂ ਅਜੇ ਵੀ? ਮੈਂ ਟੱਪ ਕੇ ਪੁਛਿਆ,ਮੈਨੂੰ ਚਿੱਬੜ ਵੇਖਿਆਂ ਇਕ

ਯੁੱਗ ਗੁਜਰ ਗਿਆ ਹੈ।

ਚਿਬੜ ਬੀਜੀਦੇ ਨਹੀਂ ਰੱਬ ਵਲੋਂ ਉਗਦੇ ਰੇਤਲੀ ਜਮੀਨ ਦੀ ਪੈਦਾਵਾਰ..ਉਹਨਾਂ ਨੇ ਮੇਰੇ ਵੱਲ ਇੰਜ ਵੇਖਿਆ -ਨਿਗਾਹ ਮਾਰ ਕੇ ਮੈਨੂੰ ਕਮਲੀ ਆਖ ਛਡਿਆ।

ਬੱਸ ਫਿਰ ਮਾਂ ਦੇ ਆਚਾਰ ਚਟਨੀਆਂ ਦੇ ਚਰਚੇ ਛਿੜ ਪਏ । " ਡੇਲਿਆਂ ਦਾ ਆਚਾਰ'

ਮੱਧਮ ਜਿਹੀ ਮੁਸਕਰਾਹਟ ਤੇ ਜਦ ਹੀ ਚਿਹਰੇ ਸੱਭ ਕੁਸ਼ ਲੁਟ ਜਾਣ ਦੇ ਅਫਸੋਸ ਵਿੱਚ ਧੁੰਦ ਮੁਰਝਾ ਗਏ---

ਮੈਨੂੰ ਬੜਾ ਕੁਝ ਯਾਦ ਆ ਗਿਆ ਜੋ ਮੈਂ ਉਹਨਾਂ ਨਾਲ ਸਾਂਝਾ ਕੀਤਾ---

ਮੈਰੇ ਪਿਤਾ ਆਪਣੇ ਹੱਥੀਂ ਡੇਲਿਆ ਤੇ ਚਿਬੜਾਂ ਦਾ ਆਚਾਰ ਪਾਇਆ ਕਰਦੇ ਸੀ।

ਇਕ ਗੁਜਰੀ ਗੱਠੜੀ ਚ ਡੇਲੇ ਬੰਨ੍ਹ ਕੇ ਸਾਡੇ ਘਰ ਦੇਣ ਆਇਆ ਕਰਦੀ ਸੀ,ਬਦਲੇ ਚ ਉਹ ਦਾਣੇ ਆਟਾ ਜਾਂ ਚਾਦਰ ਜੈਸਾ ਕਪੜਾ ਮੰਗਦੀ। ਅਸੀਂ ਨਿਕੇ ਨਿਕੇ ਸਾਂ।ਸੱਭ ਨਿਕੇ ਵੱਡਿਆਂ ਨੂੰ ਹੁਕਮ ਹੋ ਜਾਂਦਾ ਕਿ ਡੇਲਿਆਂ ਦੀਆਂ ਡੰਡੀਆਂ ਤੋੜੋ,ਸਾਡੇ ਨਹੂੰ ਪੀੜ ਹੋਣ ਲਗ ਪੈਂਦੇ ਡੰਡੀਆਂ ਤੋੜਦੇ,ਸਾਨੂੰ ਗੁਜਰੀ ਦੀ ਸੂਰਤ ਬੜੀ ਸੋਹਣੀ ਲਗਦੀ ਤੇ ਉਹਦੀ ਮਿਸ਼ਰੀ ਘੋਲਦੀ ਬੋਲੀ ਪਤਾਸੇ ਭੁਰਨ ਵਰਗਾ ਹਾਸਾ ਸੁਣਨ ਲਈ ਅਸੀਂ ਉਹਦੇ ਕੋਲ ਕੋਲ ਹੋ ਬੈਠਦੇ,ਉਹ ਆਪ ਤੇ ਸਾਨੂੰ ਬੜੀ ਚੰਗੀ ਲਗਦੀ ਪਰ ਉਸਦਾ ਡੇਲੇ ਲੈ ਕੇ ਆਉਣਾ ਸਾਨੂੰ ਬੜਾ ਬੁਰਾ ਲਗਦਾ।ਜਿੰਨੀ ਦੇਰ ਚਾਹ ਬਣਦੀ ਤੇ ਉਤਨੀ ਦੇਰ ਗੁਜਰੀ ਸਾਡੇ ਨਾਲ ਬੈਠ ਵਾਹਵਾ ਡੰਡੀਆਂ ਤੋੜ ਛਡਦੀ,ਦਿਲੋਂ ਅਸੀਂ ਚਾਹੁਣਾ ਇਹ ਸਾਰੇ ਤੋੜ ਕੇ ਜਾਵੇ,ਪਰ ਉਹਨੇ ਹੋਰ ਘਰੀਂ ਵੀ ਡੇਲੇ ਪੁਚਾਣੇ ਹੁੰਦੇ ਸੀ,ਉਹ ਉਠ ਖੜਦੀ,ਮੇਰੇ ਵੀਰ ਨੇ ਉਹਨੂੰ ਨਿਹੋਰੇ ਨਾਲ ਆਖਣਾ'

ਹੁਣ ਨਾ ਲਿਆਵੀਂ ਸਾਡੇ ਘਰ ਡੇਲੇ ਕਦੀ।

ਪਰ ਅਗਲੇ ਵਰ੍ਹੇ ਉਹ ਫੇਰ ਆਪਣੀ ਪੋਟਲੀ ਸਮੇਤ ਆ ਨਾਜ਼ਲ ਹੁੰਦੀ।

ਗੁਜਰੀ ਸਾਨੂੰ ਇਕ ਗਲੋਂ ਹੋਰ ਵੀ ਬਹੁਤ ਚੰਗੀ ਲਗਦੀ।

.ਉਹ ਗੁਆਰੇ ਦੀਆਂ ਫਲੀਆਂ ਵੀ ਲੈ ਕੇ ਆਉਂਦੀ ਸੀ,ਜਿਸਦੀ ਬਹੁਤ ਸਵਾਦ ਭੁਰਜੀ ਬੀਜੀ ਨੇ ਬਣਾ ਕੇ ਦੇਣੀ,ਸਰਦੀਆਂ ਲੰਘੇ ਉਹ ਸਾਡੇ ਲਈ ਹੋਲਾਂ ਭੁੰਨ ਕੇ ਵੀ ਲਿਆਂਉਂਦੀ।

ਮੇਰੀ ਸੱਸ ਮਾਂ ਉਂਜ ਤਾ ਸਾਰੇ ਆਚਾਰ ਹੀ ਚਟਪਟੇ ਬਣਾਉਂਦੀ ਸੀ ਪਰ ਉਸਦਾ ਪਾਇਆ ਕਰੇਲਿਆਂ ਦਾ ਆਚਾਰ ਅੱਜ ਵੀ ਯਾਦ ਆਉਂਦੈ ਤੇ ਜੀਭ ਚਟਪਟੀ ਹੋ ਜਾਂਦੀ ਹੈ।

ਮੇਰੀ ਨਣਦੀ ਜੋ ਕੇ ਸਕੂਲ ਟੀਚਰ ਹੈ,ਉਹ ਸਕੂਲ ਤੋਂ ਲੇਟ ਹੋ ਗਈ ਕਰੇਲੇ ਦਾ ਆਚਾਰ ਮਾਂ ਦੇ ਘਰੋਂ ਲੈਣ ਲਈ,ਸਕੂਲ਼ ਦੇ ਮੁਖੀ ਨੇ ਖਬਰ ਲਈ,ਤੇ ਉਸ ਨੇ ਆਚਾਰ ਖਵਾ ਦਿੱਤਾ,

ਮੁਖੀ ਬੋਲੇ ਕਲ ਤੂੰ ਬਾਰਾਂ ਵਜੇ ਆਵੀਂ ਆਚਾਰ ਲੈ ਕੇ।ਉਹ ਘਰ ਆਈ ਤੇ ਮਾਂਜੀ ਦੀ ਰਸੋਈ ਚੋਂ ਆਚਾਰ ਵਾਲੀ ਮਿੱਟੀ ਦੀ ਮਟਕੀ, ਆਚਾਰ ਸਕੂਟਰ ਤੇ ਰੱਖ ਦੌੜ ਗਈ,ਮਨ ਚ ਮਨਸੂਬੇ



ਬਣਾਉਂਦੀ ਗਈ,ਕਿ ਹੁਣ ਕਦੀ ਮੁਖੀ ਮੈਨੂੰ ਲੇਟ ਆਉਣ ਲਈ ਟੋਕਣਗੇ ਨਹੀਂ।ਕਰੇਲਿਆਂ ਦਾ ਆਚਾਰ ਜੋ ਖਾਣਾ ਮੇਰਾ'।

ਉਹ ਸਟਾਫ਼ਰੂਮ ਚ ਮਟਕੀ ਰੱਖ ਆਪ ਕਲਾਸ ਅਟੈਂਡ ਕਰਨ ਚਲੀ ਗਈ ਤੇ ਉਸ ਤੋਂ ਬਾਦ ਅੰਦਰ ਆਏ ਸਾਥੀ ਅਧਿਆਪਕਾਂ ਨੇ ਆਚਾਰ ਕੱਢ ਆਪਣੀ ਡੱਬੀਆਂ ਭਰ ਲਈਆਂ।ਜਦ ਮੁਖੀ ਨੇ ਉਹ ਮਟਕੀ ਖੋਲ੍ਹੀ ਤਾਂ ਸਾਰੇ ਹੱਸ ਪਏ।ਮੇਰੀ ਨਣਦੀ ਜਮੀਨ ਚੋਂ ਵਿਹਲ ਲੱਭਦੀ ਫਿਰੇ।ਰੋਣਹਾਕੀ ਨੇ ਮੁੜਦਿਆਂ ਕਰੇਲੇ ਖ਼੍ਰੀਦੇ ਤੇ ਫਿਰ ਆ ਡਿਗੀ ਮਾਂਜੀ ਦੇ ਚਰਨਾਂ ਚ,"

"ਮੇਰੀ ਸੋਹਣੀ,ਮੋਹਣੀ ਮਾਂਜੀ ਵਧੀਆ ਮਸਾਲੇਦਾਰ ਆਚਾਰ ਪਾ ਕੇ ਦੇ" ਪ੍ਰਿੰਸੀਪਲ ਲਈ।

ਕਾਹਦੇ ਨਾਲ ਪਾ ਕੇ ਦੇਵਾਂ ਮਸਾਲਾ ਕਿਥੇ,ਉਹ ਤੇ ਭਾਂਡਾ ਹੀ ਚੁੱਕ ਕੇ ਲੈ ਗਈ "-ਮਾਂਜੀ ਨੇ ਵੱਡੀ ਨੂੰਹ ਵੱਲ ਤਿਰਛਾ ਵੇਖਦੇ ਬੁਰਾ ਜਿਹਾ ਮੂੰਹ ਬਣਾ ਕੇ ਆਖਿਆ।( ਚੁੰਨੀ ਮੂੰਹ ਚ ਪਾ ਅਸੀਂ ਹਾਸਾ ਰੋਕਿਆ ਫੇਰ ਵੀ ਫੁਕ ਨਿਕਲ ਗਈ )

ਹਾਏ! ਰੱਬ ਜੀ ਕਿਥੇ ਗਿਆ ਉਹ ਭੋਲਾ ਭਾਲਾ ਵਕਤ?ਜਦ ਚਾਂਦੀ ਦੀ ਜੁੱਤੀ ਦਾ ਕੰਮ ਆਚਾਰ ਦੀ ਕੌਲੀ ਕਰ ਦੇਂਦੀ ਸੀ।

ਗੁਜਰੀ ਗੁਜਰ ਗਈ ਤੇ ਕਈ ਕੁਝ ਨਾਲ ਲੈ ਗਈ,ਕੰਕਰੀਟ ਦੇ ਜੰਗਲਾਂ ਵਿੱਚ ਨਹੀਂ ਉਗਦੇ ਗੁਜਰੀ ਦੇ ਡੇਲੇ,ਹੋਲਾਂ,ਫਲੀਆਂ ਚਿੱਬੜ-ਲੁਟ ਪਾ ਗਿਆ ਗੁਜਰਿਆ ਵਕਤ।

'ਖਦ ਪੜ੍ਹਤਾ ਹੰ ਖੁਦ ਛੋੜ ਦੇਤਾ ਹੂੰ

ਏਕ ਵਰਕਾ ਔਰ ਮੋੜ ਦੇਤਾ ਹੂੰ

ਏਕ ਰਾਤ ਮਨਫ਼ੀ ਕਰਤਾ ਹੂੰ

ਏਕ ਦਿਨ ਜੋੜ ਦੇਤਾ ਹੂੰ।"

ਚਲਦੇ ਚਲਦੇ---"ਫਿਰ ਸੇ ਬੁਝ ਜਾਏਗੀ 'ਸ਼ਮਾਂ'ਜੋ ਹਵਾ ਤੇਜ਼ ਚਲੀ,

ਲ਼ਾ ਕੇ ਰੱਖੋ ਸਰ-ਏ ਮਹਿਫਲ ਕੋਈ' ਖੁਰਸ਼ੀਦ'ਅਬ ਕੇ।

## "ਆਓ ਚਲੀਏ ਕਲਕੱਤਾ ਰਾਂਹੀ ਹਾਵੜਾ ਐਕਸਪਰੈੱਸ"

ਵੈਸੇ ਤਾਂ ਕਲਕੱਤਾ ਜਿਸਦਾ ਨਵੀਨੀਕਰਨ ਨਾਮ ਕੋਲਕਾਟਾ ਹੈ,ਤਰਨ ਤਾਰਨ ਅੰਮ੍ਰਿਤਸਰ ਤੋਂ ਹਜਾਰਾਂ ਮੀਲ ਦੂਰ ਹੈ।ਫਿਰ ਵੀ ਅਸੀਂ ਹਿੰਮਤ ਕਰ ਹੀ ਲਈ ਰੇਲ ਗੱਡੀ ਰਾਹੀਂ ਜਾਣ ਦੀ- ਤਰਨ ਤਾਰਨ ਤੋਂ ਅੰਮ੍ਰਿਤਸਰ ਕਾਰ ਰਾਹੀਂ ਤੇ ਫਿਰ ਅੰਮ੍ਰਿਤਸਰ ਤੋਂ ਹਾਵੜਾ ਐਕਸਪਰੈੱਸ ਤੇ ਸਵਾਰ ਹੋ ਗਏ ਹਾਵੜਾ ਕਲਕੱਤਾ ਪਹੁੰਚਣ ਲਈ।ਰੇਲ ਚਲੀ ਛੁਕ ਛੁਕ ਛੁਕ.......... ਸ਼ਾਮ ਨੂੰ ਰੇਲ ਤੁਰੀ ਤੇ,ਹਰ ਛੋਟੇ ਵੱਡੇ ਸਟੇਸ਼ਨ ਤੇ ਦਸਤਕ ਦੇਂਦੀ ਰੇਲ, ਵਿਛੜੈ ਮਿਲਾਉਂਦੀ ਤੇ ਮਿਲੇ ਵਿਛੋੜਦੀ,ਪਟਨਾ ਗੁਰੂ ਘਰ ਲਈ ਸੰਗਤਾਂ ਚੁਕਦੀ ਅੱਧੀ ਰਾਤ ਤੋਂ ਬਾਦ ਪੰਜਾਬ ਤੋਂ ਬਾਹਰ ਹੋ ਗਈ।ਬੋਲੀ ਬਦਲ ਗਈ ਪੰਜਾਬੀਆਂ ਨੇ ਪੰਜਾਬੀ ਛੱਡ ਹਿੰਦੀ ਖਿਚੜੀ ਦੀ ਸੁਰ ਬਣਾ ਲਈ।ਮੈਂ ਜਾਣਿਆ ਪੰਜਾਬ ਤੋਂ ਬਾਹਰਲੇ ਲੋਕ ਬੇਸ਼ੱਕ ਪੰਜਾਬੀ ਸਹੀ ਨਹੀਂ ਬੋਲ ਪਾਉਂਦੇ,ਪਰ ਸਭ ਸਮਝ ਲੈਂਦੇ ਹਨ।ਮੋਤੀਆਂ ਦੀ ਟੁਟ ਗਈ ਮਾਲਾ ਦੇ ਬਿਖਰੇ ਮੋਤੀਆਂ ਵਾਂਗ ਪੰਜਾਬੀ ਵੀ ਹਰ ਥਾਂ ਅੱਖਾਂ ਮੁਹਰੇ ਆ ਹੀ ਜਾਂਦੀ ਹੈ।

ਕਪੂਰਥਲਾ ਸਟੇਸ਼ਨ ਤੋਂ ਪਟਨਾਂ ਜਾਣ ਲਈ ਚਾਲੀ ਦੇ ਕਰੀਬ ਸੰਗਤ ਸਵਾਰ ਹੋਈ,ਅਠਾਰਾਂ ਸਵਾਰ ਸਮੇਤ ਚਾਰ ਮਹੀਨੇ ਦੇ ਬੱਚੇ ਤੋਂ ਲੈ ਕੇ ਦਸ ਸਾਲ ਦੇ ਬੱਚੇ ਤੱਕ ਸਾਡੇ ਏ ਸੀ ਕੋਚ ਵਿਚ ਆਏ।ਹਮਸਫ਼ਰ ਬਣਨ ਲਈ ਨੰਬਰ ਤੋੜ ਕੇ ਮਨ ਚਾਹੀ ਸੀਟਾਂ ਤੇ ਬੜੇ ਪਿਆਰ ਨਾਲ ਸਾਰੇ ਸਵਾਰ ਹੋ ਗਏ।ਬੱਚੇ ਬਹੁਤ ਮਜਾ ਕਰ ਰਹੇ ਸਨ,ਉਹਨਾਂ ਨੇ ਰੇਲ ਬੱਗ਼ੀ ਨੂੰ ਹੀ ਖੇਡ ਦਾ ਮੈਦਾਨ ਬਣਾ ਲਿਆ।ਮਾਂ ਬਾਪ ਉਹਨਾਂ ਨੂੰ ਟਿਕ ਜਾਣ ਲਈ ਟੋਕਦੇ ਪਰ ਉਹਨਾਂ ਦੀ ਉਮਰ ਤੇ ਉਹ ਵਕਤ ਤਾਂ...

ਉਹ ਤਾਂ ਸੱਤਰੰਗੀ ਪੀਘ ਦੇ ਹੁਲਾਰੇ ਲੁਟ ਰਹੇ ਸਨ,ਤੇ ਅਸੀਂ ਅਪਨਾ ਬਚਪਨ ਯਾਦ ਕਰ ਲੁਤਫ ਉਠਾ ਰਹੇ ਸਾਂ।

ਖੈਰ ਆਖਰ ਸੱਭ ਸੌਂ ਗਏ,।ਦਿਨ ਚੜ੍ਹੇ ਗੱਡੀ ਲਖਨਊ ਪੁਜੀ ਤਾਂ ਮੋਬਾਇਲ ਫੋਨ ਦੀ ਕਰਾਮਾਤ ਜਗੀ,ਪਟਨਾ ਦੀ ਸੰਗਤ ਚੋਂ ਇਕ ਨੇ ਆਪਣੇ ਲਖਨਊ ਰਹਿੰਦੇ ਰਿਸ਼ਤੇਦਾਰ ਨੂੰ ਫੋਨ ਕਰ ਕੇ ਸਟੇਸ਼ਨ ਤੇ ਚਾਹ ਮੰਗਾ ਲਈ ਤੇ ਉਹ ਕੜਾਕੇਦਾਰ ਚਾਹ ਨਾਸ਼ਤਾ ਲੈ ਕੇ ਪੁਜ ਗਏ।

'ਅਹ' ਕਿਆ ਬਾਤ' ਉਸ ਚਾਹ ਦੀ ਚਾਹ ਵਿੱਚ ,ਹਮੇਸ਼ਾਂ ਲਈ ਸਾਹਾਂ ਚ ਖੁਸ਼ਬੂ ਬਣ ਕੇ ਮਹਿਕੇਗੀ।

ਐਸਾ ਹੀ ਸੀ ਪੁਰਾਣਾ ਪੰਜਾਬ ਕਹਿੰਦੇ ਨੇ ਬੰਗਾਲੀ ਦਾ ਦਿਮਾਗ ਤੇ ਪੰਜਾਬੀ ਦੇ ਹੱਥ ਕਦੇ ਨਿਚੱਲੇ ਨਹੀਂ ਰਹਿੰਦੇ। ਤੇ ਮੈਂ ਇਹੋ ਵੇਖਿਆ।ਬਹੁਤ ਆਬਾਦੀ ਹੈ ਕੋਲਕਾਤਾ ਵਿੱਚ,ਹਰ ਨਸਲ,ਜਾਤ ਦੇ ਲੋਕ ਵਸਦੇ ਹਨ,ਮੁਖ ਭਾਸ਼ਾ ਬੰਗਲਾ ਹੈ ਪਰ ਕੋਈ ਸਤਾਰਾਂ ਭਾਸ਼ਾ ਦੇ ਕਰੀਬ ਬੋਲੀਆਂ ਜਾਂਦੀਆਂ ਹਨ,ਕਿਉਂਕਿ ਬਾਹਰੋਂ ਆਏ ਹਰ ਕਾਮੇ ਫਿਰਕੇ ਦੀ ਭਾਸ਼ਾ ਅਲੱਗ ਹੈ,ਆਮ ਹਿੰਦੀ ਹੀ ਬੋਲੀ ਸਮਝੀ



ਜਾਂਦੀ ਹੈ।ਪਹਿਰਾਵਾ ਲਗਭਗ ਇਕੋ ਜਿਹਾ ਹੋ ਗਿਆ ਹੈ।ਉਥੇ ਕੁੜੀਆਂ ਦਾ ਲਿਬਾਸ ਪੰਜਾਬ ਵਾਂਗ ਅੱਧਾ ਅਧੂਰਾ ਨਹੀਂ ਹੈ,ਕੁੜੀਆਂ ਸਾਦਾ ਸੁਥਰਾ ਤੇ ਚਿੱਤ ਨੂੰ ਚੰਗਾ ਲਗਣ ਵਾਲਾ ਸੂਟ ਪਹਿਨਦੀਆਂ ਹਨ ।ਕੰਪਨੀਆਂ,ਦਫ਼ਤਰਾਂ ,ਸਕੂਲਾਂ ਵਿੱਚ ਡਰੈੱਸ ਕੋਡ ਲਾਗੂ ਹੈ।

ਸੜਕਾਂ ਤੇ ਮਨਚਲੇ ਵਿਹਲੜ ਨਹੀਂ ਘੁੰਮਦੇ,ਜਾਂ ਕਹਿ ਲਓ ਕਿ ਭੂੰਡ ਰੋਡ ਆਸ਼ਕ ਉਥੇ ਨਹੀਂ ਹਨ।ਕੁੜੀਆਂ ਨੂੰ ਕਲ ਦਕੱਲੀਆਂ ਜਾਣ ਆਉਣ ਵਿੱਚ ਪੰਜਾਬ ਵਾਂਗ ਮੁਸ਼ਕਿਲ ਨਹੀਂ ਹੈ। ਜੇ ਇਹ ਕਹਿ ਲਿਆ ਜਾਵੇ ਕਿ ਸਮਾਜ ਅਨੁਸ਼ਾਸਤ ਹੈ ਤਾਂ ਅਤਿ ਕਥਨੀ ਨਹੀਂ ਹੋਵੇਗੀ। ਸੜਕਾਂ ਤੇ ਮੋਟਰਸਾਈਕਲ ਕਿਤੇ ਹੀ ਵੇਖਣ ਨੂੰ ਮਿਲਦਾ ਹੈ ਤੇ ਉਹ ਵੀ ਸਿਆਂਣੇ ਵਿਅਕਤੀ ਦੇ ਹੇਠ,ਨਾਂ ਹੀ ਮੁੰਡਿਆਂ ਨੇ ਕੰਨਾਂ ਵਿੱਚ ਮੁਰਕੀਆਂ ਤੇ ਹੱਥਾਂ ਵਿੱਚ ਛਣਕਣੇ ਪਹਿਨੇ ਹਨ। ਹਰ ਕੋਈ ਰੋਜ਼ੀ ਰੋਟੀ ਦੇ ਆਹਰ ਲਗਿਆ ਹੈ।ਡੀ.ਜੇ.ਦਾ ਸ਼ੋਰ ਨਹੀਂ ਹੈ।ਦਿਨ ਵੇਲੇ ਆਮ ਸੜਕਾਂ ਤੇ ਟਰੱਕ ਤੇ ਟਰਾਲੀਆਂ ਨਹੀਂ ਫਿਰ ਸਕਦੇ,ਇਹ ਸੜਕਾਂ ਦਾ ਨਿਯਮ ਪੂਰੀ ਤਰਾਂ ਲਾਗੂ ਹੈ।ਬੱਸ ਸਰਵਿਸ ਇੰਨੀ ਆਮ ਹੈ ਕਿ ਅਪਨੀ ਨਿਜੀ ਵਹੀਕਲ ਦੀ ਜਰੂਰਤ ਘੱਟ ਪੈਂਦੀ ਹੈ।ਮੋਟਰਬਾਇਕ ਦਾ ਲਾਇਸੈਂਸ ਜਾਰੀ ਕਰਨ ਵੇਲੇ ਨਿਯਮਾਂ ਨੂੰ ਧਿਆਨ ਵਿੱਚ ਰੱਖਿਆਂ ਜਾਂਦਾ ਹੈ।ਟੈਕਸੀ ਤੇ ਆਟੋ ਰਿਕਸ਼ਾ ਵੀ ਨੰਬਰ ਨਾਲ ਚਲਦੇ ਹਨ,ਤਾਂ ਜੋ ਹਰ ਚਾਲਕ ਦੇ ਘਰ ਚੁਲ੍ਹਾ ਜਲਦਾ ਰਹੇ।

ਫੁੱਟਪਾਥਾਂ ਤੇ ਐਨਕਰੋਚਮੈਂਟ ਬਹੁਤ ਹੈ ਪਰ ਸੜਕਾਂ ਤੇ ਨਹੀਂ ਹੈ,ਕੋਈ ਰੇੜ੍ਹੀ ਜਾਂ ਰੇੜ੍ਹਾ ਸੜਕ ਤੇ ਨਹੀਂ ਚਲਦਾ,ਸਿਕਸ ਲੇਨ ਸੜਕਾਂ ਹਨ,ਸੜਕਾਂ,ਗਲੀਆਂ ਵਿੱਚ ਗੰਦ ਸੁਟਣ ਦਾ ਚਲਨ ਨਹੀਂ ਹੈ,ਫਿਰ ਵੀ ਮਹਾਂਮੂਰਖਾਂ ਦਾ ਕੋਈ ਕੀ ਕਰੇ?ਬੜੇ ਅਫਸੋਸ ਨਾਲ ਕਹਿਣਾਪੈ ਰਿਹਾ ਹੈ,ਪੰਜਾਬ ਦੇ ਕਿਸੇ ਵੀ ਸ਼ਹਿਰ ਨਾਲੋਂ ਕਲਕੱਤਾ ਸਾਫ ਹੈ।ਸਫਾਈ ਸੇਵਕ ਆਪਣੀ ਡਿਊਟੀ ਬਖੂਬੀ ਨਿਭਾਉਂਦੇ ਹਨ।

ਮੰਦਿਰ,ਮਸਜਿਦ,ਗੁਰਦਵਾਰੇ,ਚਰਚ,ਮੱਠ ਬਹੁਤ ਹਨ।ਸਾਰੇ ਧਰਮਾਂ ਦਾ ਭਾਈਚਾਰਾ ਕਾਇਮ ਹੈ। ਪ੍ਰਸ਼ਾਸਨ ਵਲੋਂ ਜਨਤਾ ਦੀ ਸਹੂਲਤਾਂ ਲਈ ਬਹੁਤ ਨਿਯਮ ਬਣਾਏ ਗਏ ਹਨ ਤੇ ਕਾਨੂੰਨ ਵੀ ਲਾਗੂ ਹਨ,ਪਰ ਜਨਤਾ ਇੰਨੀ ਹੈ ਕਿ ਕੰਟਰੋਲ ਤੋਂ ਬਾਹਰ ਹੈ।ਜਿੰਨੀ ਗਰੀਬੀ ਹੈ ਉਤਨੀ ਹੀ ਅਮੀਰੀ ਹੈ। ਜਾਦੂ ਹੁੰਦੈ,ਬੰਗਾਲਣਾਂ ਦੇ ਕਾਲੇ ਘਣੇ,ਲੰਬੇ ਵਾਲਾਂ ਚ ਸੁਣਿਆ ਕਰਦੇ ਸੀ,ਧਿਆਨ ਦਿੱਤਾ ਤਾਂ ਵਕਤ ਦੀ ਅਧੁਨਿਕਤਾ ਵਿੱਚੋਂ ਲੱਭੇ ਬੌਬ ਕੱਟ ਕਿਤੇ ਨਹੀਂ ਦਿਸਿਆ ਉਹ ਜਾਦੂ.....

ਵਾਤਾਵਰਣ ਬਾਰੇ ਜੇ ਗਲ ਕਰੀਏ-ਕਾਰੋਬਾਰੀ ਬੰਦਰਗਾਹ ਤੇ ਉਧਯੋਗੀ ਮਹਾਂਨਗਰ ਹੋਣ ਕਰਕੇ ਪ੍ਰਦੂਸ਼ਨ ਬਹੁਤ ਹੈ ਪਰ ਰੁੱਖਾਂ ਤੇ ਵਨਸਪਤੀ ਨੂੰ ਔਲਾਦ ਵਾਂਗ ਸੰਭਾਲ ਕੇ ਪ੍ਰਦੂਸ਼ਨ ਤੋ ਨਿਜਾਤ ਪਾਈ ਜਾਂਦੀ ਹੈ।ਦੋ ਸੋ ਸਾਲ ਪੁਰਾਣੇ ਰੁੱਖ ਹਨ,ਇੰਜ ਲਗਦਾ ਹੈ ਇਕ ਮਨੁੱਖ=ਇਕ ਰੁੱਖ ਹੈ।ਹਰ ਤਰਾਂ ਦੇ ਪੰਛੀ ਹਨ,ਲੁਤਫ਼ ਦੀ ਗਲ ਹੈ ਕਿ ਸਾਧਾਰਨ ਚਿੜੀ ਉਥੇ ਬਹੁ ਗਿਣਤੀ ਦੇਖਣ ਨੂੰ ਮਿਲੀ,ਚਿਰਾਂ ਬਾਦ ਚੀਨਾ ਕਬੂਤਰ ਦੇਖਿਆ।ਪੁਰਾਣੀ ਕਲਾ ਦੀਆਂ ਇਮਾਰਤਾਂ ਦੇ ਬਨੇਰਿਆਂ ਤੇ ਸੁਬਹ ਸ਼ਾਮ ਫੁਦਕਦੇ,ਚਹਿਕਦੇ ਪੰਛੀਆਂ ਨੂੰ ਦੇਖ ਸੁਣ ਮੈਨੂੰ ਅਹਿਸਾਸ ਹੋਇਆ ਕਿ ਇਹ ਜੋ ਪੰਜਾਬ ਵਿੱਚ ਰੌਲਾ

ਹੈ ਕਿ ਮੋਬਾਇਲ ਫੋਨ ਟਾਵਰਾਂ ਨੇ ਚਿੜੀਆਂ ਖਾ ਲਈਆਂ ਕੁਝ ਹੱਦ ਤੱਕ ਗਲਤ ਹੈ,ਮੈਨੂੰ ਲਗਦਾ ਹੈ ਕਿ ਪਹਿਲੇ ਨੰਬਰ ਤੇ ਰੁਖਾਂ ਦੀ ਕਟਾਈ ਹੈ ਤੇ ਦੂਜਾ ਜਮੀਨ ਤੇ ਪਾਏ ਜਾਂਦੇ ਕੀਟ ਨਾਸ਼ਕਾਂ ਨੇ ਚਿੜੀਆਂ,ਪੰਛੀ ਦੂਰ ਉਡਾ ਦਿੱਤੇ ਹਨ)ਜਿਸ ਤਰਾਂ ਕਦੀ ਕੁੱਕੜ ਬਾਂਗ ਦੇ ਕੇ ਸਵੇਰ ਹੋਣ ਦਾ ਹੋਉਕਾ ਦਿਆ ਕਰਦਾ ਸੀ, ਉਸ ਤਰਾਂ ਕਲਕੱਤਾ ਵਿੱਚ ਸੁਬਹ ਕਾਂ ਕਾਵਾਂ ਰੌਲੀ ਪਾ ਕੇ ਸੁਤਿਆਂ ਨੂੰ ਜਗਾ ਕੇ ਕੰਮਕਾਰ ਲਈ ਤਿਆਰ ਹੋਣ ਲਈ ਉਤਸ਼ਾਹਤ ਕਰਦੇ ਹਨ।

ਬਿਜਲੀ ਦੇ ਖੰਭੇ ਸੜਕਾਂ ਤੇ ਨਹੀਂ ਹਨ।ਪਾਵਰ ਕੱਟ ਨਹੀਂ ਲਗਦੇ।ਮੌਸਮ ਸਾਰਾ ਸਾਲ ਗਰਮ ਹੀ ਰਹਿੰਦਾ ਹੈ।ਰੇਲ ਗੱਡੀ ਚਲਦੀ ਜਾਂਦੀ ਤੇ ਹਰੇ ਕਚੂਰ ਰੁੱਖ ਪਿਛੈ ਛੁਟਦੇ ਜਾਂਦੇ ਨਜ਼ਰਾਂ ਚੁਰਾਈ ਜਾਂਦੇ।ਅੰਬੀਆਂ ਦੇ ਬੂਟਿਆਂ ਤੇ ਬੂਰ ਪੈ ਗਿਆ ਸੀ।

ਚਲੋ ਹੁਣ ਚਲੀਏ ਸ਼ਹਿਰ-ਇਥੇ ਬਹੁਤ ਸਾਰਾ ਇਤਿਹਾਸ ਕੌੜੀਆਂ ਤੇ ਖੱਟੀਆਂ ਯਾਦਾਂ ਸਮੋਏ ਹੋਏ ਹੈ।ਪਹਿਲਾਂ ਅਸੀਂ ਵਿਕਟੋਰੀਆ ਹਾਲ ਪੁਜੇ,ਇਥੇ ਰਾਣੀ ਵਿਕਟੋਰੀਆ ਦਾ ਆਦਮ ਕੱਦ ਬੁੱਤ ਹੈ,ਹੋਰ ਵੀ ਰਾਜਿਆਂ ਦੇ ਬੁੱਤ ਹਨ,ਬੇਸ਼ੱਕ ਇਹ ਹਾਲ ਅੱਖਾਂ ਵਿੱਚ ਨਮੀ ਭਰਦਾ ਹੈ ਫਿਰ ਵੀ ਭਾਰਤੀ ਕਲਾਕਾਰਾਂ ਦੀ ਕਿਰਤ ਵੇਖ ਕੇ ਜੀਅ ਉਮਡਦਾ ਹੈ ਕਿ ਉਹ ਰੱਬ ਵਰਗੇ ਕਲਾਕਾਰ ਸਾਹਮਣੇ ਆ ਕੇ ਸਜਦਾ ਕਬੂਲ ਕਰਨ।ਬਹੁਤ ਖੁਬਸੂਰਤ ਹਾਲ ਹੈ ਔਰ ਏਕੜਾਂ ਵਿੱਚ ਪਾਰਕ ਹੈ।

ਜਵਾਨ ਤੋਂ ਬੁੱਢੇ ਤੱਕ ਹਰ ਉਮਰ ਦੇ ਜੋੜੇ ਬੇਖੌਫ਼ ਥਾਂ ਥਾਂ ਮਨ ਲਗਾਏ ਬੈਠੈ ਸਨ,ਅੱਖਾਂ ਚ ਅੱਖਾਂ,ਹੱਥ ਚ ਹੱਥ ਤੇ ਬਾਹਾਂ ਚ ਬਾਹਾਂ,ਮੌਸਮ ਦੇ ਸੰਗ ਸੰਗ, ਜਿਵੇਂ ਸ਼ਰਤ ਲਗੀ ਹੋਵੇ -

" ਖੁਲਮ ਖੁਲਾ ਪਿਆਰ ਕਰੇਂਗੇ ਹਮ ਦੋਨੋ"।

"ਆਸਮਾਂ ਕੇ ਨੀਚੇ,ਹਮ ਆਜ ਅਪਨੇ ਪੀਛੈ,ਪਿਆਰ ਕਾ ਜਹਾਂ ਬਸਾ ਕੇ ਚਲੇ"। ਇਸ ਤੋਂ ਅੱਗੇ ਇੰਡੀਅਨ ਮਿਊਜ਼ੀਅਮ ਹੈ,ਜਿਥੇ ਬੁੱਧ ਤੇ ਬ੍ਰਹਮਾ ਵਿਸ਼ਣੂ ਦੇ ਬੁੱਤ ਹਨ,ਇਥੇ ਪਹਿਲੀ ਸਦੀ ਤੋਂ ਲੈਕੇ ਰਪਈਆ ਬਣਨ ਤੱਕ।



## "ਮੈਂ ਤੇ ਮੈਂ ਤੇ ਨਾਲ ਹੈ 2017"

2017 ਆਉਣ ਵਾਲਾ ਹੈ ਬਸ ਅੱਜ ਦੀ ਰਾਤ ਹੈ 2016--

ਕਹਿੰਦੇ ਨੇ ਸਿਆਣੇ''ਹਉਮੈਂ ਚੰਗੀ ਨਹੀਂ ਹੁੰਦੀ,ਪਰ ਇਸ ਸਾਲ ਮੈਂ ਸਿਰਫ਼ ਮੈਂ ਬਣਨਾ ਹੈ ਮੈਂ ਰਹਿਣਾ ਹੈ

ਮੈਂ ਮੈਨੂੰ ਪੁਛਣਾ ਹੈ,ਮੈਂ ਪਿਛਲੇ ਸਾਲ ਕੀ ਕੀ ਕੀਤਾ ਚੰਗਾ ਤੇ ਕੀ ਕੀ ਕੀਤਾ ਬੁਰਾ।

ਮੈਂ, ਮੈਨੂੰ ਸਮਝਾਉਣਾ ਹੈ " ਨਾਂ ਬੁਰਾ ਦੇਖ,ਨਾਂ ਬੁਰਾ ਸੁਣ ਤੇ ਨਾ ਬੁਰਾ ਬੋਲ।

ਮੈ,ਂ ਮੈਨੂੰ ਦਸਣਾ ਹੈ,'ਜੀਓ ਤੇ ਜਿਉਣ ਦਿਓ"।

ਮੈਂ ਮੇਰੇ ਨਾਲ ਦੋਸਤੀ ਦਾ ਬੰਧਨ ਬਣਾਉਣਾ ਹੈ ਤੇ ਪੂਰਾ ਸਾਲ ਨਿਭਾਉਣਾ ਹੈ।

ਇਸ ਸਾਲ ਮੈਂ ਸੱਭ ਕੁਝ ਨਵਾਂ ਕਰਨਾ ਹੈ।ਮੈਂ ਮੇਰੇ ਨਾਲ ਅਹਿਦ ਕਰਨਾਂ ਹੈ,ਕੁਝ ਵਾਅਦੇ ਕਰਨੇ ਹਨ ਮੇਰੇ ਨਾਲ,ਕੁਝ ਕਸਮਾਂ ਤੋੜਨੀਆ ਹਨ ਤੇ ਕੁਝ ਨਵੀਆਂ ਖਾਣੀਆਂ ਹਨ।

ਮੈਂ, ਮੇਰੀਆਂ ਸੱਭ ਸ਼ਕਾਇਤਾਂ ਧਿਆਨ ਨਾਲ ਸੁਣਨੀਆਂ ਹਨ ਤੇ ਸ਼ਕਾਇਤਾਂ ਦੀ ਭਰਪਾਈ ਲਈ ਹਰ ਵਾਹ ਲਾਉਣੀ ਹੈ।

ਇਸ ਸਾਲ ਦਾ ਪਲ ਪਲ ਮੈਂ' ਮੇਰੇ' ਨਾਲ ਬਿਤਾਉਣਾ ਹੈ।

ਬੜਾ ਚਿਰ ਹੋ ਗਿਆ ਮੈਨੂੰ ਮੇਰੇ ਨਾਲ ਰੁਸਿਆਂ,ਇਸ ਸਾਲ ਮੈਂ ਮੈਨੂੰ ਮਨਾਉਣਾ ਹੈ।

ਸੱਭ ਨੂੰ ਭਾਂਦਾ ਖਾਣਾ ਹੈ ਤੇ ਜਨ ਭਾਉਂਦਾ ਪਹਿਨਣਾ ਹੈ।ਦਸਾਂ ਨਹੁੰਆਂ ਦੀ ਕਿਰਤ ਕਰਨੀ ਹੈ।

ਆਪਣੀ ਔਕਾਤ ਤੋਂ ਵੱਧ ਲੋੜਾਂ ਨਹੀਂ ਵਧਾਉਣੀਆਂ।ਮੈਂ ਮੈਨੂੰ ਉਹ ਇੱਛਾ ਕਰਨ ਹੀ ਨਹੀਂ ਦੇਣੀ ਜੋ

ਮੇਰੇ ਲਈ ਮੁਨਾਸਬ ਨਾਂ ਹੋਵੇ,ਮੇਰੀ ਪਹੁੰਚ ਵਿੱਚ ਨਾਂ ਹੋਵੇ।

ਮੈਂ ਨਸ਼ਾ ਨਹੀਂ ਕਰਨਾ ਹੁਣ ਕਦੇ,ਮੈਂ ਮੇਰੇ ਪਰਵਿਾਰ ਦਾ ਪੂਰਾ ਖਿਆਲ ਰੱਖਣਾ ਹੈ।

ਮੈਂ ਅਹਿਦ ਕਰਨਾਂ ਹੈ,"ਮਾਨਸ ਕੀ ਜਾਤਿ ਸੱਭੈ ਏਕ ਹੀ ਪਹਿਚਾਨਬੋ"

ਮੈਂ ਆਪਣੇ ਨੱਕ ਲਈ ਦੂਜਿਆਂ ਦੇ ਪਿਛੇ ਲਗਦਾ ਰਿਹਾ ਅੱਜ ਮੈਂ ਸਮਾਜ ਦਾ ਨੱਕ ਰਖਣਾ ਹੈ।

ਮੈਂ ਨਹੀਂ ਲੰਘਣਾ ਉਸ ਰਾਹ ਤੋਂ ਜੋ ਪੁੱਠੀ ਮੱਤ ਦੇਂਦਾ ਹੋਵੇ।

ਮੈਂ 2016 ਦੀ ਵਧਾਈ 31 ਦਸੰਬਰ 2016 ਨੂੰ ਆਪਣਾ ਨਾਪ ਤੋਲ ਕਰ ਕੇ ਦੇਵਾਂਗੀ,

ਅੱਜ ਪਵਿਤਰ ਸੋਚ ਪਾਕ ਦੁਆਵਾਂ ਤੇ ਸ਼ੁਭ ਇਛਾਵਾਂ ਸਾਹਿਤ –'ਜੀ ਆਇਆਂ 2017'

ਅਲਵਿਦਾ 2016…….ਤੇਰੀਆਂ ਮਿਠੀਆਂ ਯਾਦਾਂ ਸੰਭਾਲ ਕੇ ਕੌੜੀਆਂ ਤੋਂ ਸਬਕ ਸਿਖਦੀ---

ਸੰਦੇਸ਼----"ਚਿਹਰੇ ਸੇ ਅਪਨੇ ਉਤਾਰ ਦੇ ਪਿਛਲੇ ਸਾਲ ਕੀ ਕਦੂਰਤੇਂ-

ਦੀਵਾਰ ਸੇ ਉਤਾਰ ਦੇ ਪੁਰਾਣਾ ਕੈਲੰਡਰ…………ਜ਼ਫ਼ਰ ਇਕਬਾਲ"

,,,,,,,,,,,,,,,,,,…,,,,,,…,,,,,,,,,,,,,,,,,,,,,,,,,,,,,….

"ਵਕਤ ਹੈ ਹਵਾ ਕਾ ਝੌਂਕਾ,ਔਰ ਹਮ ਸੂਖੇ ਪੱਤੇ-ਕੌਨ ਜਾਨੇ—

ਅਗਲੇ ਦਿਸੰਬਰ ਤੁਮ ਕਹਾਂ ਹਮ ਕਹਾਂ ?..........

ਜਿੰਦਗੀ ਬਹੁਤ ਖ਼ੂਬਸੂਰਤ ਹੈ ,ਭਰਪੂਰ ਜੀਓ,

ਬੈਠੋ ਤੋ ਫੁਲ ਕੀ ਤਰਹ,ਬਿਖਰੋ ਤੋ ਖੁਸ਼ਬੂ ਕੀ ਤਰਹ





## "ਚਿੜੀਆਂ ਚੁੜੀਆਂ"

ਅੱਸੂ ਮਹੀਨੇ ਦੀ ਖੁਬਸੂਰਤ ਠੰਢੀ ਮਿੱਠੀ ਸੁਬਹ ,ਨਿਕੀਆਂ ਨਿਕੀਆਂ ਚਿੜੀਆਂ ਦੀ ਚੀਂ ਚੀਂ ਚਹਿਚਹਾਟ ਇਕ ਟਾਹਣੀ ਤੋਂ ਦੂਜੀ ਟਹਿਣੀ,ਸਾਰਾ ਜੱਗ ਉਹਨਾਂ ਦਾ ਘਰ ਜਿਵੇਂ ਸਾਰਾ ਬ੍ਰਹਿਮੰਡ ਉਹਨਾਂ ਦੀ ਜਗੀਰ,ਗੁਜਾਰੇ ਜੋਗੀ ਚੋਗ ਉਹ ਚੁਗ ਲਿਆਂਈਆਂ ਤੇ ਆਪਣੇ ਆਨੰਦ ਦਾ ਮਜਾ ਲੈ ਰਹੀਆ ਸੀ ਕਿ ਇਕ ਚਿੜੀ ਨੇ ਹੇਠਾਂ ਬਿੱਲੀ ਪੋਲੇ ਪੋਲੇ ਤੁਰੀ ਆਉਂਦੀ ਦੇਖ ਲੀ,ਉਸ ਚੀਕ ਮਾਰੀ ਤੇ ਸੱਭ ਚਿੜੀਆਂ ਚੌਕਸ ਹੋ ਗਈਆਂ ਤੇ ਇਕ ਜਗਾਹ ਇਕੱਠੀਆਂ ਹੋ ਚੀਕ ਚਿਹਾੜਾ ਪਾਉਣ ਲਗੀਆਂ,ਜਿਵੇਂ ਮਦਦਾ ਲਈ ਗੁਹਾਰ ਲਾ ਰਹੀਆਂ ਤੇ ਆਪਣੇ ਸਾਥੀਆਂ ਨੂੰ ਬੁਲਾ ਰਹੀਆਂ ਹੋਣ,'ਛੇਤੀ ਬਹੁੜੀਂ ਵੇ ਤਬੀਬਾ।

ਚਿੜੀਆਂ ਦੀ ਅਚਾਨਕ ਚੀਖ ਪੁਕਾਰ ਤੋਂ ਮੇਰਾ ਮੱਥਾ ਠਣਕਿਆ,ਕਿ ਇਹਨਾਂ ਤੇ ਕੋਈ ਆਫ਼ਤ ਆਈ ਹੈ,ਮੈਂ ਖਿੜਕੀ ਚੋਂ ਬਾਹਰ ਨੀਝ ਲਾਈ ਮੈਨੂੰ ਡਰ ਸੀ ਕਿਤੇ ਸੱਪ ਨਾ ਧਰੇਕ ਤੇ ਆਂਡੇ ਪੀਣ ਚੜ੍ਹ ਗਿਆ ਹੋਵੇ,ਨਹੀਂ ਇਹ ਤੇ ਸੱਪ ਦੀ ਭੂਆ ਸੀ 'ਬਿੱਲੀ ਮਾਸੀ ਮੈਂ ਸ਼ੀ ਸ਼ੀ ਕੀਤਾ ਉਹਨੇ ਨ੍ਹੀ ਸੁਣਿਆ,ਮੈਨੂੰ ਤਰਕੀਬ ਸੁੱਝੀ ਮੈਂ ਅੱਧੀ ਰੋਟੀ ਤੋੜੀ ਤੇ ਦੂਰ ਭੁਆ ਮਾਰੀ ਬਿੱਲੀ ਰੋਟੀ ਮਗਰ ਭੱਜ ਗਈ ਤੇ ਰੋਟੀ ਲੈ ਚਿੜੀਆਂ ਦੀ ਨਜ਼ਰ ਤੋਂ ਓਹਲੇ ਹੋ ਗਈ,ਚਿੜੀਆਂ ਇਕ ਦਮ ਸ਼ਾਂਤ ਹੋ ਗਈਆਂ।ਇਹ ਸਾਰੀ ਸਮਝ ਉਹਨਾਂ ਵਿੱਚ ਉਸੀ ਕਾਦਰ ਨੇ ਪਾਈ ਸੀ ਜਿਸਨੇ ਕੁੜੀਆ ਬਣਾਈਆਂ ਹਨ।

ਕੁੜੀਆਂ ਨੂੰ ਚਿੜੀਆਂ ਵਾਂਗ ਦੂਰ ਚਲੇ ਜਾਣ ਕਰਕੇ ਚਿੜੀਆਂ ਜਾਂ ਚਿੜੀਆਂ ਦਾ ਚੰਬਾ ਕਿਹਾ ਜਾਂਦਾ ਹੈ,।

ਚਿੜੀਆਂ ਤਾਂ ਸ਼ਾਤ ਸੀ ਪਰ ਮੇਰੇ ਅੰਦਰ ਖੋਰੂ ਪੈਣ ਲਗੇ-ਰਾਹ ਖਾੜੇ ਜਦ ਕਿਸੇ ਕੁੜੀ ਤੇ ਇੰਜ ਕੋਈ ਬਿੱਲਾ ਪੈਂਦਾ ਹੈ ਤੇ ਬਾਕੀ ਵੇਖਦੀਆਂ ਕੁੜੀਆਂ ਭੱਜ ਉਠਦੀਆਂ ਹਨ ਕੋਈ ਚਿੜੀਆਂ ਵਾਂਗ ਉਸਦੀ ਮਦਦ ਲਈ ਨਹੀਂ ਸਾਮਣ੍ਹੇ ਆ ਖਲੋਂਦੀ।

ਕੁੜੀਆਂ ਚਿੜੀਆਂ ਨਹੀਂ ਹਨ ਨਾਂ ਚਿੜੀਆਂ ਦਾ ਚੰਬਾ।

ਚਿੜੀਆਂ ਦਲੇਰ ਤੇ ਆਜਾਦ ਹਨ,ਤੇ ਕੁੜੀਆਂ….?

ਨਾਂ ਕਹੋ ਕੁੜੀਆਂ ਨੂੰ ਚਿੜੀਆਂ—

ਚਲਦੇ ਚਲਦੇ---ਲੋਗ ਪ੍ਰੇਮ ਦੇ ਘੁੱਟ ਪੀ ਰਹੇ ਸਨ,ਮੈਂ ਸਬਰ ਪਿਆਲਾ ਪੀ ਆਇਆ'।

## ''ਵੋ ਨੰਨ੍ਹੇ ਫੁਲ''

ਮੋਨਕਾ ਤੇ ਮਿੰਟੂ ਨਿਕੀ ਜਿਹੇ ਜਮਾਤੀ ਤੇ ਵੱਡੇ ਪੱਕੇ ਦੋਸਤ-ਨਿਕੀ ਮੋਟੀ ਗਲ ਤੇ ਮੋਨਕਾ ਰੁੱਸ ਰੁੱਸ ਜਾਂਦੀ।ਮੂੰਹ ਚ ਚੀਚੀ ਪਾ ਕੇ ਕਿੱਚ ਕੇ ਕਹਿੰਦੀ 'ਕੱਟੀ' (ਬਾਈਕਾਟ) ਮਿੰਟੂ ਵੀ ਚੀਚੀ ਦਿਖਾ ਕੇ ਉੱਚੀ ਕਹਿ ਦੇ ਦੇਂਦਾ ਕੱਟੀ।ਅੱਧਾ ਘੰਟਾ ਵੀ ਨਾਂ ਲੰਘਦਾ ਤੇ ਦੋਨਾਂ ਦੇ ਮਨ ਵਿੱਚ ਬਿਜਲੀਆਂ ਕੰਬਣ ਲਗਦੀਆਂ ਤੇ ਦੋਨੋ ਇਕ ਦੂਜੇ ਨੂਮ ਅੰਗੂਠਾ ਵਿਖਾ' ਅੱਬਾ 'ਪਾ ਲੈਂਦੇ। ਮਿੰਟੂ ਨੇ ਆਪਣੀ ਨਵੀਂ ਪੈਨਸਲ ਜਿਸ ਤੇ ਮੋਰ ਬਣਿਆ ਸੀ ,ਮੋਨਕਾ ਨੂੰ ਦਿਖਾਈ ਇਹ ਪਹਿਲੀ ਵਾਰ ਸੀ ਕਿ ਮੋਨਕਾ ਨੂੰ ਉਸ ਵਰਗੀ ਪੈਨਸਲ ਨਹੀਂ ਸੀ ਮਿਲੀ ਮੋਨਕਾ ਨੇ ਹੱਥ ਚ ਫੜਨ ਦੀ ਕੋਸ਼ਿਸ ਕੀਤੀ ਤਾਂ ਮਿੰਟੂ ਨੇ ਪਰੇ ਕਰ ਲਈ,ਮੋਨਕਾ ਨੇ ਝੱਟ ਕੱਟੀ ਪਾ ਦਿੱਤੀ।ਦੋਨੋ ਮੂੰਹ ਵੱਟ ਕਿਤਾਬ ਪੜ੍ਹਨ ਲਗ ਪਏ।ਇੰਗਲਿਸ਼ ਦਾ ਪੀਰੀਅਦ ਲੰਗਿਆਂ ਮੈਥ ਦਾ ਆਗਿਆ ਭਰੇ ਮਨ ਨਾਲ ਉਨ੍ਹਾ ਟੇਬਲ ਪੜ੍ਹਨ ਦੀ ਆਵਾਜ਼ ਕੱਢੀ।ਅਗਲਾ ਪੀਰੀਅਡ ਡਰਾਇੰਗ ਦਾ ਸੀ,ਮੈਡਮ ਨੇ ਪੁਛਿਆ,'ਮੋਨਕਾ ਲਿਆਓ ਕਾਪੀ ਕੀ ਬਣਾ ਕੇ ਲਿਆਂਦਾ-

ਮੋਨਕਾ ਨੇ ਮਮੀ ਕੋਲੋਂ ਪੁਛ ਕੇ ਹਾਥੀ ਬਣਾਇਆ ਸੀ ਉਸ ਚਾਂਈ ਚਾਂਈ ਮੈਡਮ ਨੂੰ ਕਾਪੀ

ਦਿਖਾਈ ।

ਮੈਡਮ—ਮੋਨਕਾ ਹਾਥੀ ਤਾਂ ਠੀਕ ਹੈ ਪਰ ਹਾਥੀ ਦੀ ਸੁੰਡ ਕਿਥੇ ਹੈ?

ਮੋਨਕਾ-ਮੈਮ ਮੰਮੀ ਕਹਿੰਦੇ ਸੀ ਕਈ ਵਾਰ ਹਾਥੀ ਦੀ ਸੁੰਡ ਨਹੀਂ ਹੁੰਦੀ।

ਸਾਰੇ ਬੱਚੇ ਹੱਸ ਪਏ,ਪਰ ਮੋਨਕਾ ਦੀ ਹਾਸੀ ਉਡਣ ਤੇ ਮਿੰਟੂ ਨੂੰ ਬੁਰਾ ਲਗਾ,ਉਹ ਨਹੀਂ ਹੱਸ਼ਿਆ,ਉਸਨੂੰ ਤੇ ਯਕੀਨ ਸੀ ਮੰਮੀ ਕਦੇ ਝੂਠ ਨਹੀਂ ਬੋਲਦੀ। ਰੋਣਹਾਕੀ ਹੋਈ ਮੋਨਕਾ

ਨੇ ਮਿੰਟੂ ਵੱਲ ਦੇਖਿਆ ਤੇ ਝੱਟ ਬੋਲੀ,'ਮਿੰਟੂ ਮਮੀ ਝੂਠ ਬੋਲ ਸਕਦੀ ਹੈ?

(ਮੋਨਕਾ ਨੂੰ ਯਾਦ ਹੀ ਨਾ ਰਿਹਾ ਕਿ ਉਹ ਮਿੰਟੂ ਨਾਲ ਕੱਟੀ ਹੈ) ਮਿੰਟੂ ਨੇ ਪਹਿਲੇ ਅੰਗੂਠਾ

ਦਿਖਾ ਕੇ ਅੱਬਾ ਪਾਈ,ਤੇ ਫਿਰ ਰੋਣੀ ਆਵਾਜ਼ ਚ ਬੋਲਿਆ,'ਮੋਨਕਾ ਮੰਮੀ ਵੀ ਝੂਠ ਬੋਲਦੀ

ਮੇਰਾ ਤੇ ਜੀਣ ਨੂੰ ਜੀਅ ਨ੍ਹੀ ਕਰਦਾ'

ਮੋਨਕਾ,ਆਪਾਂ ਮਰ ਜਾਈਏ,ਪਰ ਮਰੀਦਾ ਕਿਦਾਂ ਹੈ?

ਮਿੰਟੂ-ਦਾਦੀ ਮਾਂ ਕਹਿੰਦੀ ਸੀ,ਜੇ ਕਿੰਨਾ ਸਾਰਾ ਬਹੁਤਾ ਖਾਣਾ ਖਾ ਲਈਏ ਤੇ ਪੇਟ ਫੱਟ ਜਾ



ਜਾਂਦਾ ਹੈ ਤੇ ਫਿਰ ਮਰ ਜਾਈਦਾ ਹੈ।

ਮੋਨਕਾ—ਕੀ ਪਤਾ ਦਾਦੀ ਮਾਂ ਵੀ ਝੂਠ ਬੋਲਦੀ ਹੋਵੇ ?

ਮਿੰਟੂ—ਸਟੁਪਡ,ਦਾਦੀ ਮਾਂ ਵੀ ਕਦੀ ਝੁਠ ਬੋਲਦੀ ਹੈ ?ਅੱਜ ਆਪਾਂ ਬਹੁਤੀ ਬਹੁਤੀ ਰੋਟੀ

ਬਰੇੱਡ ਖਾਵਾਂਗੇ ,ਅਪਨਾ ਪੇਟ ਫੱਟ ਜਾਏਗਾ ਤੇ ਆਪਾਂ ਮਰ ਜਾਵਾਂਗੇ।

ਰਾਤ ਆਈ) ਮੰਮੀ ਨੇ ਮੋਨਕਾ ਨੂੰ ਰੋਟੀ ਦਿੱਤੀ,ਕਰੇਲੇ ਦੀ ਸਭਜੀ।ਮੋਨਕਾ ਨੇ ਕਰੇਲੇ ਪਰੇ ਮਾਰੇ'ਮੰਮੀ ਮੈ ਨ੍ਹੀ ਕਰੇਲੇ ਖਾਣੇ, ਪਾਪਾ- ਅੱਛਾ ਪੁੱਤ ਜਾ ਮੰਮੀ ਨੂੰ ਕਹਿ ਕੁਝ ਹੋਰ ਲੈ ਆ

ਕਲ ਵਾਲੀ ਸਭਜੀ ਤੇਰੀ ਪਸੰਦ ਦੀ ਸੀ ਨਾਂ ਉਹ ਖਾ ਲੈ ਪੁੱਤ ਰੁਸੀਦਾ ਨ੍ਹੀ ਅੰਨ ਨਾਲ-

ਮਮੀ ਨੇ ਮੋਨਕਾ ਨੂੰ ਨਾਲ ਗਜਰੇਲਾ ਲਿਆ ਦਿੱਤਾ ਬੜੀ ਖੁਸ਼ ਹੋਈ ਮੋਨਕਾ-ਉਸਨੂੰ ਯਾਦ

ਆਇਆ,ਉਸ ਨੇ ਬਹੁਤਾ ਖਾਣਾ ਹੈ ਕਿ ਪੇਟ ਫੱਟ ਜਾਏ,ਤੇ ਉਹਨੇ ਤਿੰਨ ਰੋਟੀਆਂ ਖਾ ਲਈਆਂ ਗਜਰੇਲਾ ਵੀ ਖਾਧਾ,ਉਸਦਾ ਪੇਟ ਫਟਣ ਲਈ ਤਿਆਰ ਸੀ।ਉਹ ਪੇਟ ਤੇ ਹੱਥ ਰੱਖ ਕੇ ਹੌਲੀ ਹੌਲੀ ਉਠੀ,ਮਿੰਟੂ ਨੂੰ ਫੋਨ ਕੀਤਾ,

ਮੋਨਕਾ—ਮਿੰਟੂ ਪੇਟ ਫੱਟ ਗਿਆ? ਮਰ ਗਿਆ ਤੂੰ ?

ਮਿੰਟੂ- ਨਹੀਂ ਅਜੇ ਨਹੀਂ ਮਰਿਆ

ਮੋਨਕਾ-ਮੈਂ ਵੀ ਨਹੀਂ ਮਰੀ ਅਜੇ,ਤਿੰਨ ਰੋਟੀਆ ਖਾਧੀਆਂ ਮੈਂ।

ਤੇ ਮੋਨਕਾ ਬਿਸਤਰ ਤੇ ਡਿਗ ਪਈ,ਡਿਗਦੇ ਹੀ ਮੋਨਕਾ ਗੂੜ੍ਹੀ ਨੀਂਦ ਵਿੱਚ ਜਾ ਸਮਾਈ।

ਦਿਨ ਚੜ੍ਹਿਆ,ਨਾਸ਼ਤਾ ਕਰ ਬਸਤਾ ਫੜ ਸਕੂਲ ਜਾ ਪਹੁੰਚੀ।ਵੇਖਿਆ ਮਿੰਟੂ ਕਲਾਸ ਵਿੱਚ ਨਹੀਂ ਸੀ,

ਚੋਕੀ ਮੋਨਕਾ ਮਿੰਟੂ ਮਰ ਗਿਆ ? ..ਉਹ ਉਸਦੀ ਸੀਟ ਵੱਲ ਵੇਖਣ ਲਗੀ।

ਉਸ ਅੱਖ ਚੁੱਕੀ ਮਿੰਟੂ ਸਾਹਮਣੇ ਆ ਗਿਆ ਸੀ।

ਮੋਨਕਾ -ਮਿੰਟੂ ਤੂੰ ਮਰ ਗਿਆ ਸੀ?

ਮਿੰਟੂ-ਨਹੀਂ, ਤੂੰ ਮਰ ਗਈ ਸੀ ?


ਮੋਨਕਾ - ਨਹੀਂ ।                (ਦਾਦੀ ਮਾਂ ਝੂਠ ਬੋਲਦੀ ਹੈ ।॥

ਬੱਚੇ ਮਨ ਕੇ ਸੱਚੇ,ਸੱਭ ਕੀ ਆਂਖ ਕੇ ਤਾਰੇ,

ਯੇ ਵੋ ਨੰਨ੍ਹੈ ਫੁਲ ਹੈਂ ਜੋ ਭਗਵਾਨ ਕੋ ਲਗਤੇ ਪਿਆਰੇ॥

ਚਲਦੇ ਚਲਦੇ ---ਛੋਟੇ ਹੋਤੇ ਥੇ ਤੋ ਹਮ ਜਿੰਦਗੀ ਸੇ ਖੇਲਤੇ ਥੇ

ਅਬ ਜਿੰਦਗੀ ਹਮ ਸੇ ਖੇਲਤੀ ਹੈ।





## "ਇਕ ਸੀ ਗੁੱਡੀ"

ਅਕਸਰ ਗੁੱਡੀ ਤੋਂ ਪੁਛਿਆ ਜਾਂਦਾ ਹੈ-

ਕੁਝ ਅਪਨੇ ਬਾਰੇ ਵੀ ਦਸੋ-

ਕਿਆ ਕਰਤੀ ਹੋ

ਘਰ ਮੇਂ ਕੌਨ ਕੌਨ ਹੈ?

ਉਹ ਦਸਦੀ ਹੈ

ਮੇਰੇ ਘਰ ਮੇਂ ਸਾਤ ਲੋਗ ਹੈਂ,।

ਕੌਨ ਕੌਨ ?

"ਚਾਰ ਦੀਵਾਰੇਂ ਇਕ ਛੱਤ ਔਰ ਮੈਂ",ਔਰ ਮੇਰੀ ਤਨਹਾਈ--7



ਕਰਤੀ ਕਿਆ ਹੋ ?

ਕਭੀ ਛੱਤ ਕੋ ਦੇਖਤੀ ਹੂੰ

ਕਭੀ ਖੁਦ ਕੋ..........

ਤਨਹਾਈ ਜਬ ਬੋਲੇ ਤੋ ਸੁਨ ਲੇਤੀ ਹੂੰ......

ਸੂਖੇ ਪੱਤੋਂ ਕਾ ਲਿਬਾਸ ਹੈ ਬਦਨ ਪੇ

ਆਗ ਕੇ ਸ਼ਹਿਰ ਮੇਂ ਰਹਤੀ ਹੂੰ ।

.,.,.,.,.,.,-----------ਇਕ ਸੋਚ ਇਕ ਖਿਆਲ....

ਵਫ਼ਾ ਜੋ ਨਾ ਕੀ, ਸਿਤਮ' ਜਾਨੇ ਮਨ'

ਇਸ ਤਰਾਂ ਭੀ ਨਾ ਕੀਜੇ

ਕੇ ਮਰਨੇ ਕੀ ਤਮੰਨਾ ਮੇ

ਕਹੀਂ ਜੀ ਨਾਂ ਜਾਏਂ-

ਦੁਆ ਨਹੀਂ ਦੀ ਤੋ

ਬਦਦੁਆ ਭੀ ਨਾ ਦੀਜੇ ਕੇ ਮਰਨੇ ਕੀ......

ਤੇ ਇਸ ਤਰਾਂ ਮਰਨ ਦੀ ਤਮੰਨਾ ਜਿੰਦਾ ਰੱਖਦੀ ਆਈ ਹੈ ਗੁੱਡੀ ਨੂੰ ।-

ਗੁੱਡੀ ਕੀ ਹੈ,ਕੀ ਹੈ ਗੁੱਡੀ ਦੀ ਜੀਵਨੀ,ਕੋਈ ਬਹੁਤਾ ਫਰਕ ਨ੍ਹੀਂ ਆਮ ਭਾਰਤੀ ਨਾਰੀ ਨਾਲੋਂ ਬੱਸ ਅਲਫਾਜ਼ ਦੀ ਹੇਰਾ ਫੇਰੀ-ਉਂਝ ਵੀ ਰਿਸ਼ਤੇ ਅੱਜ ਕਲ ਰੋਟੀ ਦੀ ਤਰਹ ਹੋ ਗਏ ਹਨ ਜਰਾ ਜਿਹੀ ਅੱਗ ਕਿਆ ਤੇਜ ਹੋਈ ਜਲ ਭੁੰਨ ਗਏ।

ਕੱਕਰ ਮਾਰਿਆ ਜਨਵਰੀ ਦਾ ਮਹੀਨਾ ਭਾਰਤੀਆਂ ਦੀ ਫੁੱਟੀ ਕਿਸਮਤ ਵਾਲਾ, ਮੁਬਾਰਕ ਦਿਨ ਛੱਬੀ ਜਨਵਰੀ,ਵਾਰ ਛਨਿਛਰ, ਤੇ ਇਕ ਸਾਧਾਰਨ ਘਰ ਵਿੱਚ ਇਕ ਅਣਚਾਹਿਆ ਬੱਚਾ ਤੇ ਉਹ ਵੀ ਪੰਜਵੀਂ ਕੁੜੀ ਜਵਾਂ ਫਾਲਤੂ ਨੱਗ,ਏਨੇ ਲੰਬੇ ਚੌੜੈ ਪਰਿਵਾਰ ਜਿਥੇ ਇਕ ਵਾਧੂ ਬੱਚੇ ਲਈ ਕੋਈ ਨਾਮ ਵੀ ਬਾਕੀ ਨਹੀਂ ਬਚਿਆ ਸੀ,ਸੁਣਦਾ ਬੋਲਦਾ ਇਹੀ ਕਹਿੰਦਾ ਫਿਰ ਗੁੱਡੀ ਆ ਗਈ,ਤੇ 'ਗੁੱਡੀ ' ਪੱਕ ਗਿਆ।ਗੁਰਦਵਾਰੇ ਲੈ ਕੇ ਗਏ ਤੇ ਪਿੰਡ ਦੇ ਇਕਲੌਤੇ ਗੁਰੂ ਘਰ ਦਾ ਭਾਈ ਵੀ ਕਿਤੇ ਜਰੂਰੀ ਕੰਮ ਗਿਆ ਸੀ,ਸਕੂਲ ਪੜ੍ਹਨ ਪਾਇਆ ਤਾਂ ਮਾਸਟਰ ਨੇ ਨਾਮ ਪੁਛਿਆ,ਉਸਨੇ ਗੁਡੀ ਨਾਮ ਨਾ ਲਿਖ ਕੇ ਆਪਣੇ ਵਲੋਂ ਹੀ ਰਣਜੀਤ ਕੌਰ ਲਿਖ ਦਿੱਤਾ ਤੇ ਆਪ ਹੀ ਛੇ ਸਾਲ ਪਿਛਲੇ ਦੀ ਜਨਮ ਤਰੀਕ ਵਾਹ ਦਿੱਤੀ ਸਕੂਲ਼ ਮਾਸਟਰ ਦੀ ਦਿੱਤੀ ਜਨਮ ਤਰੀਖ ਤੇ ਨਾਮ ਦੇ ਨਸ਼ਤਰ ਲਾਗੂ ਹੋਣ ਲਗੇ।

ਤੇ ਇਸ ਤਰਾਂ ਗੁੱਡੀ ਦੀ ਗੱਡੀ ਰਿੜ੍ਹਨ ਲਗੀ......

'ਜਹਿਰ ਮਿਲਤਾ ਰਹਾ,ਜਹਿਰ'ਪੀਤੇ ਰਹੇ,

ਯੂੰ ਹੀ ਮਰ ਮਰ ਕੇ ਜੀਤੇ ਰਹੇ

ਗਮ ਖਾਤੇ ਰਹੇ,ਆਂਸੂ ਪੀਤੇ ਰਹੇ।'

ਪਲ ਪਲ ਜਿੰਦਗੀ ਕੀ ਭੀਖ ਮਾਂਗਤੇ ਰਹੇ॥

ਤੇ ਬੇਕਸੀ ਦਾ ਮਜ਼ਾਰ ਬਣ ਸਿਮਟੇ ਰਹੇ॥

ਨਿੱਕੇ ਹੁੰਦੇ ਇਕ ਗੀਤ ਅਕਸਰ ਉਹ ਕੰਨ ਲਾ ਕੇ ਸੁਣਦੀ ਸੀ-

'" ਦਰਦ ਖੁਦ ਹੈ ਮਸੀਹਾ ਦੋਸਤੋ',ਦਰਦ ਸੇ ਦਵਾ ਕਾ ਕਾਮ ਲਿਆ ਜਾਤਾ ਹੈ,



ਆ ਬਤਾ ਦੂੰ ਤੁਝੇ ਮੈਂ,ਕੈਸੇ ਜੀਆ ਜਾਤਾ ਹੈ-

ਦਰਦ ਲਿਆ ਜਾਤਾ ਹੈ,ਦਰਦ ਦਿਆ ਜਾਤਾ ਹੈ।-(ਦਰਦ ਵੰਡਾਇਆ ਜਾਂਦਾ ਹੈ)

ਕਹਿੰਦੇ ਨੇ - ਮੁਹੱਬਤ ਲਈ ਕੁਸ਼ ਖਾਸ ਦਿਲ ਮਖ਼ਸੂਸ ਹੁੰਦੇ ਨੇ

ਕੁਸ ਖਾਸ ਚਿਹਰੇ ਮੰਨਜੂਰਸ਼ੁਦਾ ਹੁੰਦੇ ਨੇ। ਪਰ ਮੈਂ...?

' ਰੋਤੇ ਕਿਉਂ ਹੋ? ਮੂੰਹ ਤੇ ਬਾਰਾਂ ਕਿਉਂ ਵੱਜੇ ਨੇ ?

ਉਤਰ- ਵਜ੍ਹਾ ਹੀ ਐਸੀ ਹੈ।

ਤੇ ਬੱਸ ਇਸਤਰਾਂ ਗੁੱਡੀ ਵੱਡੀ ਹੋਣ ਲਗੀ,ਵੱਡੀ ਹੁੰਦੀ ਹੁੰਦੀ ਰਣਜੀਤ ਬਣਨ ਲਗੀ।ਸਿਰਫ਼

ਸਕੂਲ ਵਾਲੇ ਜਾਣਦੇ ਸਨ ਇਸ ਰਣਜੀਤ ਨੂੰ,ਰਿਸ਼ਤੇਦਾਰਾਂ ਨੂੰ ਤਾਂ ਵਿਆਹ ਦੇ ਕਾਰਡ ਤੋਂ ਪਤਾ ਲਗਾ।ਸਕੇ ਭੈਣ ਤੇ ਵੀਰ ਤਾਂ ਬੁੱਢੀ ਨੂੰ ਵੀ ਗੁੱਡੀ ਹੀ ਕਹਿੰਦੇ ਹਨ।ਉਂਜ ਉਸਨੂੰ ਗੁੱਡੀ ਅਖਵਾਉਣਾ ਬਹੁਤ ਪਿਆਰਾ ਲਗਦਾ ਹੈ।ਗੁੱਡੀ ਦੀਆਂ ਸਹੇਲੀਆਂ ਉਸਨੂੰ 'ਰੰਜੀਤਾ'ਜਾਂ ਰੇਨੂੰ ਬੁਲਾਉਂਦੀਆਂ।ਤੇ ਗੁੱਡੀ ਦੀ ਵੱਡੀ ਭੈਣਜੀ ਨੇ ਜਦ ਉਸ ਤੋਂ ਕੰਮ ਲੈਣਾ ਹੁੰਦਾ ਤਾਂ ਬੜੈ ਪਿਆਰ ਨਾਲ ਪੁਕਾਰਦੀ,'ਗੁੱਡ ਸ਼ੋ'ਗਵਾਂਢਣ ਮਾਮੀ 'ਗੁੱਡਿਆ' ਕਹਿ ਦੇਂਦੀ ਮਤਲਬ ਵੇਲੇ...।

ਤੇ ਫੇਰ ਖਾਨਦਾਨੀ 'ਗੁੱਡੀ ਆਂਟੀ'...ਸਾਰੇ ਨਿਆਣਿਆਂ ਦੀ ਗੁੱਡੀ ਆਂਟੀ-ਹਹਹਹਹਹਹਉਸਦੇ ਅੰਦਰ ਵਿਸ਼ ਘੋਲਦੀ ਉਹ ਮੁਟਿਆਰ,ਜੋ ਕੇਵਲ ਦੋ ਘੰਟੇ ਹੀ ਜਵਾਨ ਰਹੀ ਸੀ ਅੱਜਤੱਕ ਮੁਟਿਆਰ ਹੋਣਾ ਲੋਚਦੀ ਹੈ।

" ਮੁਝ ਕੋ ਜਿਨਹੋਂ ਨੇ ਕਤਲ ਕਿਆ,ਉਨਕੋ ਬਤਲਾ ਦੇ ਕੋਈ

ਮੇਰੀ ਲਾਸ਼ ਕੇ ਪਹਿਲੂ ਮੇਂ ਵੋ ਅਪਨਾ ਖੰਜਰ ਭੁਲ ਗਏ।"

ਜਬਾਨ ਦੇ ਖੰਜਰਾਂ ਨਾਲ ਮਰਦੀ ਤੇ ਦੰਦਾ ਦੀ ਛੜੀ ਨਾਲ ਉਠਦੀ ਰਹੀ।ਆਪਣੀ ਲਾਸ਼

ਆਪਣੇ ਮੋਢਿਆਂ ਤੇ ਚੁਕੀ ਜਮਾਨੇ ਚ ਵਿਚਰਦੀ ਰਹੀ ਕਿਸੇ ਨਹੀਂ ਟੋਕਿਆ,'ਕਿ ਔਰਤਾਂ

ਅਰਥੀ ਨੂੰ ਕੰਧਾ ਨਹੀਂ ਦੇਂਦੀਆਂ'।

" ਦਿਲ ਦਾ ਸ਼ੀਸ਼ਾ ਇੰਜ ਟੁਟਿਆ,ਉਮਰ ਕੱਟ ਗਈ ਰੇਜ਼ੇ ਚੁਣਦਿਆਂ"।

ਲਹੂ ਰੰਗਾ ਰੰਗ ਹੀ ਪਸੰਦ ਸੀ ਜਿਥੇ,ਉਥੇ ਗੁੱਡੀ ਸਭਜਾ ਭਾਲਦੀ ਰਹੀ।

ਹਰ ਦਿਨ ਦੀ ਸ਼ਾਮ ਇਸ ਤਰਾਂ ਬਣਾਈ ਕਿ ਇਹ ਸਿਆਹੀ ਸ਼ਇਦ ਆਖਰੀ ਹੋਵੇ!

ਸਿਤਮਗਰ ਦਾ ਖੰਜਰ ਦੋਨੌਂ ਤਰਫ਼ ਤੋਂ ਚਲਿਆ -

ਸੱਜੇ ਮਾਰਿਆ, ਜਦ, ਖੱਬੇ ਵੱਜ ਗਿਆ।

ਫਿਰ ਸੋਚਿਆ,'ਦੁਖਾਂ ਨਾਲ ਕਿਉਂ ਮਰਨੈਂ ਢੀਠਾਂ ਵਾਗੁੰ ਜੀਅ,ਭੁਕਾਂ ਖਾ ਤੇ ਲੱਸੀ ਪੀ ਤੇ ਜੀਅ"।

" ਸਵਾਰੀ ਹਾਂ ਤੇਰੀ ਕਸ਼ਤੀ ਦੀ,ਚਾਹੇ ਡਬੋ ਦੇ ,ਚਾਹੇ ਪਾਰ ਲਗਾ ਦੇ"।

ਇਕ ਉਮਰ ਜਾਂ ਇਕ ਸਾਲ ਐਸਾ ਆਉਂਦਾ ਹੈ ਹਰ ਜਵਾਨ ਦੀ ਜਿੰਦਗੀ ਚ ਕਿ ਉਹ ਵਿਆਹਦੇ ਖਾਬ ਦੇਖਣ ਲਗਦਾ ਹੈ।ਕੋਈ ਸਪਨਿਆਂ ਦੀ ਰਾਣੀ ਲੱਭਦਾ ਹੈ ਤੇ ਕੋਈ ਸਪਨਿਆ ਦਾ ਰਾਜਕੁਮਾਰ।ਵਿਚੋਲੇ ਗੇੜੀਆ ਦੇਣ ਲਗਦੇ ਹਨ ਤੇ ਨਜ਼ਰਾਂ ਦੇ ਮਿਲਾਪ ਤੇ ਤਕਰਾਰਾਂ ਦੇ ਸਿਲਸਿਲੇ ਵੀ ਵਜਣ ਲਗਦੇ ਹਨ।

ਨੁਮਾਇਸ਼ਾਂ ਲਗਦੀਆਂ ਹਨ,ਪਾਸ ,ਫੇਲ੍ਹ ਦੇ ਨਤੀਜੇ ਵੀ ਨਿਕਲਦੇ ਹਨ।ਸੋ ਗੁੱਡੀ ਨਾਲ ਵੀ ਹੋਣ ਲਗਾ।ਪਰ ਯਕੀਨ ਜਾਣੋ,ਉਸਨੂੰ ਰਤੀ ਭਰ ਵੀ ਇਸਦਾ ਸ਼ੋਕ ਨਹੀਂ ਸੀ ਤੇ ਨਾਂ ਹੀ ਉਹਨੇ ਕੋਈ ਸਪਨੇ ਪਾਲ ਰੱਖੇ ਸਨ।ਉਹਨੂੰ ਤਾਂ ਵਿਆਹ''ਵਿਹੁ ਲਗਦਾ ਸੀ।ਉਹ ਆਪਣੀ ਮਾਂ ਦੇ ਵਿਆਹ ਤੋਂ ਬਹੁਤ ਰੱਜੀ ਹੋਈ ਸੀ,ਫਿਰ ਉਹਦੀਆਂ ਵਿਆਹੀਆਂ, ਹੋਈਆਂ ਸਹੇਲੀਆਂ ਵੀ ਉਸਨੂੰ ਵਿਆਹ ਦੇ ਕਾਲੇ ਸਮੁੰਦਰਾਂ ਚ ਟੁੱਭੀਆਂ ਲਵਾ ਦੇਂਦੀਆਂ ਸਨ।ਵੀਰਾਂ ਦੇ ਵਿਆਹ ਲਈ ਉਸਨੂੰ ਲਾਈਨ ਕਲੀਅਰ ਕਰਨੀ ਜਰੂਰੀ ਸੀ ਤੇ ਇਸ ਲਈ ਉਸਨੂੰ ਫਾਹਾ ਲੈਣਾ ਪਿਆ।ਛਨ ਛਨ ਕਰਦਾ ਇਹ ਫਾਹਾ ਚਮਕਾਂ ਮਾਰਨ ਲਗਾ।ਤੇ ਇਹਦੀਆਂ ਚਮਕਾਂ ਹਿਰਦੇ ਚ ਛਮਕਾਂ ਬਣ ਵਜਣ ਲਗੀਆਂ।ਦੋਸਤ ਕਿਤੇ ਪਿਛੇ ਰਹਿ ਗਏ ਤੇ ਦੁਸ਼ਮਣ ਨੇੜੇ ਨੇੜੇ ਆ ਠਹਿਰੇ।

ਇਹ ਤਾਂ ਪਤਾ ਹੀ ਸੀ ਕਿ ਵਿਆਹ ਫੁਲਾਂ ਦੀ ਸੇਜ ਨਹੀਂ ਹੁੰਦਾ,ਸੋ ਉਸ ਵੀ ਕੰਢਿਆਂ ਦਾ ਤਾਜ ਸਿਰ ਤੇ ਟਿਕਾ ਲਿਆ,ਤੇ ਆਖਣ ਲਗੀ" ਫ਼ਖਰ ਹੈ ਮੈਨੂੰ ਇਹਨਾਂ ਸੂਲਾਂ ਤੇ ਜੋ ਸੌਂਦੀਆਂ ਜਾਗਦੀਆਂ ਮੇਰੇ ਨਾਲ ਹਨ।ਖੂਬ ਸਮਝਾਇਆ ਹੈ ਇਹਨਾਂ ਮੈਨੂੰ ਕਿ' ਵਿਆਹ ਨੰਗੇ ਪੈਰਾਂ ਦਾ ਸਫ਼ਰ ਹੈ',ਛੱਤ ਨਾਲ ਬੰਨ੍ਹੀ ਰੱਸੀ ਗਲ ਦੀ ਫਾਹੀ ਜਿਹੀ ਹੈ,ਸੁਸਰੀ ਦੀ ਚਾਲ ਆਤਮਦਾਹ ਹੈ"॥

ਬਹੁਤ ਦੇਰ ਹੋ ਚੁੱਕੀ ਸੀ ਜਦੋਂ ਉਸਨੂੰ ਉਹ ਮਿਲਿਆ,--ਸਰੇਰਾਹ ਚਲਦੇ ਕਿਸੇ ਨੇ ਪਿਛੋਂ ਅਵਾਜ਼ ਦਿੱਤੀ,'ਰਣਜੀਤ,ਰਣਜੀਤ-

ਉਹ ਚੌਂਕੀ,ਚੌਕਸ ਹੋਈ ਕਿ ਇਸ ਰਸਤੇ ਤੇ ਇਸ ਤਰਾਂ ਉਸਨੂੰ ਅਵਾਜ਼ ਦੇਣ ਵਾਲਾ ਫਰਿਸ਼ਤਾ ਕੌਣ ਹੈ?ਅੱਤਵਾਦ ਸਿਖ਼ਰ ਤੇ ਸੀ,ਉਹ ਰੁਕੀ ਨਹੀਂ,ਉਹ ਘਰ ਆ ਗਿਆ ਪਿਛੇ ਪਿਛੇ।ਹੋਰ ਗਲਾਂ ਬਾਤਾਂ ਚਲਦਿਆਂ ਉਸ ਕਿਹਾ,ਰਣਜੀਤ ਤੂੰ ਮੇਰਾ



ਪਰੋਪੋਜ਼ਅਲ ਕਿਉਂ ਠੁਕਰਾਇਆ?

ਕੈਸਾ ਪਰਪੋਜ਼ਲ? ਉਸ ਚੌਂਕ ਕੇ ਪੁਛਿਆ-

ਮੈਂ ਤੇਰੇ ਘਰ ਤੇਰੇ ਨਾਲ ਸ਼ਾਦੀ ਲਈ ਰਿਸ਼ਤਾ ਭਿਜਵਾਇਆ ਸੀ-ਉਸ ਦਸਿਆ

ਗੁੱਡੀ-ਮੈਨੂੰ ਇਹਦੇ ਬਾਰੇ ਕੁਝ ਨਹੀਂ ਪਤਾ।

ਗੁੱਡੀ ਨੇ ਅਣਜਾਣਤਾ ਜਾਹਰ ਕੀਤੀ,ਗੁੱਡੀ ਨੂੰ ਵਾਕਿਆ ਹੀ ਕੁਝ ਇਲਮ ਨਹੀਂ ਸੀ ,ਇਸ ਬਾਰੇ।

ਮੈਂ ਤੈਨੂੰ ਜੀਅ ਜਾਨ ਨਾਲ ਚਾਹੁੰਦਾ ਸੀ ਤੇ ਜੀਵਨ ਦਾ ਪੰਧ ਕਦਮ ਬ ਕਦਮ ਤੇਰੇ ਨਾਲ ਮੁਕਾਉਣ ਦੀ ਦਿਲੀ ਇੱਛਾ ਸੀ।

ਉਹ ਬਹੁਤ ਹੈਰਾਨ ਹੋਈ ਕਿ ਉਹਨੂੰ ਵੀ ਕੋਈ ਚਾਹ ਸਕਦਾ ਹੈ,ਉਸਨੂੰ ਲਗਾ ਜਿਵੇਂ ਉਹ ਮਜ਼ਾਕ ਉਡਾ ਰਿਹਾ ਸੀ,ਉਸਦੇ ਹਿੱਸੇ ਤੇ ਕੇਵਲ ਦੁਰਕਾਰ ਹੀ ਆਈ ਸੀ,ਇਹ ਪਿਆਰ ਕਿਥੇ ਛੁਪਿਆ ਸੀ ਪਰ ਉਸਨੇ ਸਬੂਤਾਂ ਸਮੇਤ ਗੁੱਡੀ ਦੀ ਹੈਰਾਨੀ ਯਕੀਨ ਵਿੱਚ ਬਦਲ ਦਿੱਤੀ।ਉਸਨੇ ਫਿਰ ਕਦੀ ਵੀ ਗੁੱਡੀ ਦੀ ਵਿਆਹੁਤਾ ਜਿੰਦਗੀ ਵਿੱਚ ਨਾਜ਼ਲ ਹੋਣ ਦੀ ਕੋਸ਼ਿਸ਼ ਨਾ ਕੀਤੀ,ਉਹ ਗੁੱਡੀ ਨੂੰ ਕਿਸੇ ਮੁਸ਼ਕਲ ਵਿੱਚ ਨਹੀਂ ਸੀ ਵੇਖ ਸਕਦਾ,ਇਹ ਸੀ ਉਹਦੇ ਨਿਰਛਲ ਪਿਆਰ ਦਾ ਸਬੂਤ।

ਜਿੰਦਗੀ ਦੇ ਆਖਰੀ ਸਫ਼ਰ ਤੇ ਅਚਾਨਕ ਇਕ ਗਲਤ ਫੋਨ ਕਾਲ ਤੇ ਉਸ ਨਾਲ ਮੁਲਾਕਾਤ ਹੋ ਗਈ,ਉਸ ਦਸਿਆ ਕਿ ਉਹ ਕਦੀ ਵੀ ਉਸਦੇ ਖਿਆਲ ਤੋਂ ਅਵੇਸਲਾ ਨਹੀਂ ਰਿਹਾ ਸੀ,ਇਸੇ ਲਈ ਝਟ ਪਹਿਚਾਣ ਗਿਆ।

ਫਿਰ ਇਕ ਦਿਨ ਉਸ ਨੇ ਫੋਨ ਤੇ ਪੁਛਿਆ,'ਜੇ ਤੈਨੂੰ ਪਤਾ ਲਗ ਜਾਂਦਾ ਮੇਰੀ ਇੱਛਾ ਦਾ ਤਾਂ ਤੇਰਾ ਕੀ ਜਵਾਬ ਹੋਣਾ ਸੀ?

ਬੜਾ ਔਖਾ ਸਵਾਲ ਸੀ ਤੇ ਉਮਰ ਵੀ ਲੁਤਫ਼ ਵਾਲੀ ਮੁੱਕ ਗਈ ਸੀ,ਪਰ ਉਹਦੀ ਚੁੱਪ ਤੇ ਉਸ ਖਹਿੜਾ ਕੀਤਾ ਕਿ ਉਹ ਉਤਰ ਜਰੂਰ ਦੇਵੇ।

ਗੁੱਡੀ--ਮੈਂ ਸੱਚੇ ਦਿਲ ਨਾਲ ਉਤਰ ਦਿੱਤਾ ਮੈਂ ਇਨਕਾਰ ਕਰ ਦੇਂਦੀ।

ਕਿਉਂ, ਬੱਸ ਇੰਨਾ ਜਰੂਰ ਦਸ ਦੇ ਕਿ ਇਸ ਵਿਚ ਕੀ ਖਰਾਬੀ ਸੀ?

ਗੁੱਡੀ-ਪਿਆਰ ਇਕ ਖੁਬਸੂਰਤ ਅਹਿਸਾਸ ਹੈ ਤੇ ਰਿਸ਼ਤੇ ਦਾ ਇਲਜ਼ਾਮ ਲਗਦੇ ਹੀ ਇਸਨੂੰ ਫਾਂਸੀ ਦੀ ਸਜ਼ਾ ਹੋ ਜਾਣੀ ਸੀ,ਤੇ ਮੈਂ ਆਪਣਾ ਇਕਲੌਤਾ ਪਿਆਰ ਕਦੇ ਨਾ ਖੁਸਣ ਦੇਂਦੀ-ਗੁੱਡੀ ਨੇਂ ਬੜਾ ਚਿਰ ਲਾ ਕੇ ਸ਼ਬਦ ਇਕੱਠੇ ਕੀਤੇ ਤੇ ਬੋਲ ਦਿੱਤੇ।

ਗੁੱਡੀ ਨੂੰ ਮਹਿਸੂਸ ਹੋਇਆ ਕਿ ਪਹਿਲਾਂ ਉਹ ਨਿਰਾਸ਼ ਹੋਇਆ ਫਿਰ ਬਾਗ ਬਾਗ ਹੋ ਗਿਆ।ਉਹ ਅੱਜ ਵੀ ਉਹਨੂੰ ਦਿਲੋਂ ਪਸੰਦ ਕਰਦਾ ਹੈ,ਬੇਸ਼ੱਕ ਅਸੀਂ ਕਦੀ ਵੀ ਰੂਬਰੂ ਨਹੀਂ ਮਿਲੇ,ਤੇ ਬੇਸ਼ੱਕ ਉਮਰ ਦਾ ਆਖਰੀ ਦੌਰ ਚਲ ਰਿਹਾ ਹੈ।

ਪਵਿਤਰ ਪਿਆਰ ਦਾ ਇਹ ਅਹਿਸਾਸ ਤਨਹਾਈ ਤੇ ਫੁਰਸਤ ਦੇ ਪਲਾਂ ਵਿੱਚ ਰੌਣਕਾਂ ਲਾ ਦੇਂਦਾ ਹੈ।

ਵੇਲਾ ਵਿਹਾ ਚੁਕੀ ਉਮਰ ਚ ਜਾ ਕੇ ਗੁੱਡੀ ਨੂੰ ਪਤਾ ਲਗਾ ਕਿ ਉਸਦੀ ਆਵਾਜ਼ ਰਸੀਲੀ ਹੈ ਤੇ ਉਸਦੇ ਚਿਹਰੇ ਤੇ ਗਲੋਅ ਹੈ।ਅਖਬਾਰ ਵਿੱਚ ਉਸਦੇ ਚਾਰ ਕੁ ਲੇਖ ਪੜ੍ਹਨ ਵਾਲੇ ਪਾਠਕ ਫੋਨ ਤੇ ਬਾਰ ਬਾਰ ਉਸ ਨਾਲ ਬਾਤ ਕਰਨ ਦੇ ਚਾਹਵਾਨ ਹੋ ਗਏ,ਉਸਨੂੰ ਮਿਲਣ ਦੀ ਮਨ ਹੀ ਮਨ ਇੱਛਾ ਜਗਾ ਬੈਠੇ।ਪਰ ਉਹ ਤੇ ਸਮਝਦੀ ਸੀ ਇਹ ਫਰੇਬ ਹੈ,ਤੇ ਉਂਜ ਵੀ ਉਹ ਸੋਸ਼ਲ ਬੰਧਨਾਂ ਤੋਂ ਆਜਾਦ ਹੋ ਚੁੱਕੀ ਸੀ,ਤੇ,,ਅਕਸਰ ਕਹਿੰਦੀ--

“,ਮੇਰੀ ਛੁਪੇ ਰਹਿਣ ਦੀ ਚਾਹ ਮੈਂ ਨੀਂਵਾ ਉਗਿਆ”-ਉਸਨੂੰ ਹਮੇਸ਼ਾਂ ਫਰੇਬ ਖੁਸ ਜਾਣ ਦਾ ਡਰ ਲਗਦਾ ਰਿਹਾ।

ਗੁੱਡੀ ਦੀ ਹਯਾਤੀ ਦਾ ਜੋ ਹਮਸਫ਼ਰ ਬਣਿਆ,ਉਸ ਨੇ ਕਾਫੀ ਦੇਰ ਲਗਾ ਕੇ ਉਹਨੂੰ ਜਾਣਿਆ ਤੇ ਪਸੰਦ ਦਾ ਇਜ਼ਹਾਰ ਕੀਤਾ।

ਉਸਦੇ ਮਿਠੜੇ ਬੋਲਾਂ ਤੋਂ ਉਹਨੂੰ ਲਗਿਆ ਕਿ ਉਹ ਸਾਂਵਲੀ ਤੋਂ ਗੋਰੀ ਚਿੱਟੀ ਹੋ ਗਈ ਸੀ।

ਮੇਲ ਮੁਲਾਕਾਤਾਂ ਤੋਂ ਪਤਾ ਚਲਿਆ ਕਿ ਉਹਨੂੰ ਪਿਆਰ ਦੀ ਪਰੀਭਾਸ਼ਾ ਨਹੀਂ ਪਤਾ,ਉਦਾਸੀਨਤਾ ਦੇ ਆਲਮ ਵਿੱਚ ਉਸਨੇ ਵਿਆਹ ਦਾ ਸੁਝਾਅ ਭਿਜਵਾਇਆ।ਸਾਲ ਭਰ ਪ੍ਰੇਮ ਪੱਤਰਾਂ ਦਾ ਅਦਾਨ ਪ੍ਰਦਾਨ ਚਲਦਾ ਰਿਹਾ,ਬਹੁਤ ਵਾਰ ਤਕਰਾਰ ਹੋਈ ਜਿਸਨੂੰ ਅੱਜ ਕਲ ਬਰੇਕ ਅੱਪ ਕਿਹਾ ਜਾਂਦਾ ਹੈ, ਲਗੀ ਕਈ ਵਾਰ ਟੁੱਟਦੀ ਜੁੜਦੀ ਰਹੀ,ਇੰਜ ਗੰਢਾਂ ਦੇਂਦੇ ਤੇ ਤਰੋਪੇ ਲਾਉਂਦੇ ਵਿਆਹ ਦੀ ਰਸਮ ਹੋ ਗਈ।ਕਬਜ਼ਾ ਹੁੰਦੇ ਹੀ ਪਸੰਦ/ਪਿਆਰ ਫੁਰਰ ਹੋ ਗਿਆ,ਇਕ ਦਿਨ ਵਿੱਚ ਕਈ ਵਾਰ ਗੰਢਾਂ ਮਾਰਦੇ ਤੇ ਤੋਪੇ ਲਾਉਂਦੇ ਗ੍ਰਹਿਸਤ ਦੀ ਗੱਡੀ ਰਿੜ੍ਹਨ ਲਗੀ,ਫਿਰ ਤੁਰਨਾ ਸਿਖ ਗਈ ਤੇ ਫੇਰ ਦੌੜਨ ਲਗੀ,ਪਰ ਗੁੱਡੀ ਕਿਤੇ ਪਿਛੇ ਰਹਿ ਗਈ।

ਸਿਤਮਗਰ ਨੇ ਪਿਛੇ ਤੱਕਣ ਦੀ ਖੇਚਲ ਨਾਂ ਕੀਤੀ।ਮਗਰ----,'

“ਹਮ ਮੁਹੱਬਤ ਮੇਂ ਉਸ ਮੋੜ ਪਰ ਜਾ ਪਹੁੰਚੇ ਥੇ ਤਬ,

ਦਿਲ ਕਿਸੀ ਔਰ ਕੋ ਚਾਹੇ ਤੋ ਗੁਨਾਹ ਹੋਤਾ”।॥ ਫਿਰ----



ਕਿਥੋਂ ਤੱਕ ਹੈ ਮੇਰੀ ਬਰਦਾਸ਼ ਦਾ ਸਬਰ

ਤੇਰੇ ਸਿਤਮ ਦੀ ਹੱਦ ਅਜ਼ਮਾਉਂਦੇ ਰਹੇ॥

ਐਸੇ ਅਜ਼ੀਜ਼ ਮਾਹੌਲ ਦੀ ਨਜ਼ਦੀਕੀ ਵਿਚੋਂ ਨੂੰ ਈਰਖਾ ਦੀ ਬਾਸ ਜੋ ਆਉਣ ਲਗੀ ਸੀ,ਕੁਝ ਜਲਨ ਲਗ ਗਿਆ ਸੀ।

ਜਾਨ ਦੀਆਂ ਕਸਮਾਂ ਖਾਣ ਵਾਲੇ ਮਿੱਤਰਾਂ ਲਈ ਹਰ ਪਲ ਦੁਆ ਕਰਦੀ ਹਾਂ—ਮੇਰੇ ਦੋਸਤੋ ਭਲਾ ਹੋਵੇ--ਦਿਲਜਾਨੀਓਂ

“ ਭਲਾ ਹੋਵੇ ਦਿਲਜਾਨੀਓ ਜੋ ਮੈਨੂੰ ਲੋੜ ਵੇਲੇ ਇਕੱਲਾ ਛਡ ਗਏ,ਤਾਂ ਹੀ ਤਾਂ ਮੈਂ ਇਸ ਇਮਤਿਹਾਨ ਵਿੱਚੋਂ ਪਾਰ ਨਿਕਲਣ ਦੀ ਹਿੰਮਤ ਜੁਟਾ ਪਾਈ “॥ਗੁੱਡੀ ਸੋਚਦੀ...

ਉਮਰ ਮੇਂ ਗੁਜਰੇ ਹੈਂ ਇਸ ਮੁਕਾਮ ਸੇ

ਨਫ਼ਰਤ ਸੀ ਹੋ ਗਈ ਹੈ ਮੁਹੱਬਤ ਕੇ ਨਾਮ ਸੇ ॥

ਅੱਜ ਖੁਦ ਨੂੰ ਮਿਲਣੈ ਮੈਂ

ਅੱਜ ਖੁਦ ਦਾ ਹਾਲ ਪੁਛਣੈ ਮੈਂ॥

“ਇਹ ਦਰਦ ਬੜਾ ਬੇਦਰਦ,ਪਰ ਹੈ ਮੇਰਾ ਹਮਨੁਮਾ,ਹਮਸਫ਼ਰ,ਮੇਰੀ ਉਮਰ ਦਾ ਸਾਥੀ ਤੇ ਪੂਰਾ ਹਮਦਰਦ” ।

‘ ਗੁੱਡੀ ਨੇ ਚਾਹਿਆ ਸੀ ਉਹ ਸੱਭ ਕੁਝ ਲਿਖ ਮਾਰੇ ਜੋ ਉਸਦੇ ਦਿਲ ਵਿੱਚ ਹੈ, ਪਰ ਵਕਤ ਦੇ ਅਪਨੇ ਦਾਇਰੇ ਨੇ ਤੇ ਅਪਨੀ ਸੀਮਾ ਹੈ।

“ ਫੂਲੋਂ ਸੇ ਬੀ ਜਖ਼ਮ ਖਾਏ ਹੂਏ ਹੈਂ

ਹਮ ਅਹਿਲ-ਏ ਮੁਹੱਬਤ ਠੁਕਰਾਏ ਹੂਏ ਹੈਂ॥

ਆਪਣੇ ਕੁਝ ਕੁ ਫੋਨਿਕ ਮਿਤਰਾਂ ਨਾਲ ਮੈਂ ਫੋਨ ਤੇ ਤਾਂ ਖੂਬ ਗੱਪ ਸੱਪ ਲਗਾਉਂਦੀ ਸੀ,ਪਰ ਰੂ ਬਰੂ ਮਿਲਣ ਤੋਂ ਬੜਾ ਕਤਰਾਉਂਦੀ ਸੀ ਮੇਰਾ ਜੋ ਤਸੁੱਵਰ ਉਹ ਆਪਣੇ ਜਿਹਨ ਵਿੱਚ ਬਣਾਏ ਹੋਏ ਸਨ,ਮੈਂ ਨਹੀਂ ਸੀ ਚਾਹੁੰਦੀ ਮੇਲ ਮੁਲਾਕਾਤਾਂ ਵਿਚੋਂ ਪੈਦਾ ਹੋਣ ਵਾਲੇ ਸਵਾਰਥਾਂ ਨਾਲ ਘਸਮੈਲੇ ਰੰਗ ਹੋ ਜਾਂਦਾ।ਉਹ ਮਨ ਹੀ ਮਨ ਮੇਰੀ ਬਹੁਤ ਸੋਹਣੀ ਤਸਵੀਰ ਉਲੀਕੀ ਫਿਰਦੇ ਸਨ।ਜਵਾਨ ਜਾਨ ਮੁਟਿਆਰ ਛਮਕ ਛਲੋ ਜਿਹੀ,ਦਿਲ ਨਹੀਂ ਚਾਹੁੰਦਾ ਬਾਜੀ ਪੁੱਠੀ ਪੈ ਜਾਵੇ।

'ਨਾਦਾਨ ਹੈ ਵਿਚਾਰਾ ਦਿਲ ਹੀ ਤਾਂ ਹੈ'।

ਪਤਾ ਹੀ ਨਾ ਲਗਾ ਕਦੋਂ ਸੂਰਜ ਸਿਖ਼ਰ ਤੇ ਸੀ ਕਦੋਂ ਸਾਵਣ ਵੱਸ ਕੇ ਚਲਾ ਗਿਆ ਤੇ ਸ਼ਾਮਾਂ ਢਲ ਗਈਆਂ।

ਨਾਂ ਥੀ ਕੋਈ ਦੁਸ਼ਮਣੀ ਤੇਰੀ ਦੋਸਤੀ ਸੇ ਪਹਿਲੇ,

ਮੈਂ ਕਭੀ ਨਾਂ ਮੁਸਕਰਾਤਾ,ਜੋ ਮਾਲੂਮ ਹੋਤਾ,

ਹਜਾਰੋਂ ਗਮ ਮਿਲੇਂਗੇ-ਏਕ ਖੁਸ਼ੀ ਸੇ ਪਹਿਲੇ॥

( ਹਰ ਇਕ ਜਾਨਦਾਰ ਦੇ ਜਨਮ ਦੇ ਨਾਲ ਹੀ ਮੌਤ ਦਾ ਪਲ ਨਿਸ਼ਚਤ ਹੁੰਦਾ ਹੈ,ਜੋ ਗੁੱਡੀ ਦਾ ਵੀ ਸੀ ਤੇ ਫਿਰ ਗੁੱਡੀ ਮਰ ਗਈ,ਜਾਂ ਤੁਰ ਗਈ ਜਾਂ ਰਹਿ ਗਈ -ਜੋ ਚਾਹੋ ਕਹਿ ਲਓ ਸਮਝ ਲਓ)

"ਐ ਹਸਤੀ ਕੇ ਜਲਤੇ ਸਫ਼ਰ ਮੇਂ

ਤੇਰੀ ਯਾਦ ਕਾ ਸਾਇਆ ਬਹੁਤ ਹੈ

ਵਰਨਾ=

ਇਸ ਜਿੰਦਗੀ ਨੇ ਸਤਾਇਆ ਬਹੁਤ ਹੈ॥

ਮੁਝ ਮੇਂ ਅਬ ਨਹੀਂ ਉੜਨੇ ਕੀ ਤਾਕਤ ਮੇਰੇ ਪਿੰਜਰੇ ਕੋ ਪਰ ਲਗਾ ਦੇ ਕੋਈ

ਪਥਰੋਂ ਕੇ ਦਯਾਰ ਮੇਂ ਸਾਂਸ ਲੇਨੇ ਕਾ ਗੁਰ ਸਿਖਾ ਦੇ ਕੋਈ॥



## "ਇਹ ਕੇਹਾ ਸੰਯੋਗ"

ਨੀਰਜ ਨੇ ਕਦੀ ਕਿਆਸ ਵੀ ਨਹੀਂ ਕੀਤਾ ਸੀ ਕਿ ਸੁਮਨ ਦੇ ਨਾਲ ਉਸਦੀ ਇੰਨੀ ਨੇੜਤਾ ਹੋ ਜਾਵੇਗੀ।ਉਹ ਦੋਨੋ ਤਾਂ ਕੀ ਕੋਈ ਵੀ ਅੰਦਾਜ਼ਾ ਨਹੀਂ ਸੀ ਲਗਾ ਸਕਦਾ।ਰਾਤ ਦੇ ਦਸ ਵਜ ਗਏ ਸਨ ਪਰ ਨੀਰਜ ਨੂੰ ਨੀਂਦ ਨਹੀਂ ਆ ਰਹੀ ਸੀ।ਘੂਕ ਸੁਤੀ ਪਈ ਮਾਸੂੰਮ ਸੁਮਨ ਨੂੰ ਉਹ ਜੀ ਭਰ ਕੇ ਦੇਖਣਾ ਚਾਹੁੰਦਾ ਸੀ,ਕਲ ਸੁਮਨ ਜਾ ਜੋ ਰਹੀ ਸੀ ਹਮੇਸ਼ਾਂ ਲਈ ਆਪਣਿਆਂ ਕੋਲ।ਆਪਣੇ ਸ਼ਬਦ ਤੇ ਆਕੇ ਉਹ ਠਠੰਭਰ ਗਿਆ-ਇਹ ਉਹੀ ਸੁਮਨ ਦੇ ਅਪਨੇ ਨੇ ਜਿਨ੍ਹਾਂ ਨੇ ਨੀਰਜ ਨਾਲ ਇਕ ਸ਼ਰਤ ਦੇ ਤਹਿਤ ਸੁਮਨ ਨੂੰ ਛਡਿਆ ਸੀ।

ਬਾਹਰ ਚਾਂਦਨੀ ਖਿਲ ਰਹੀ ਸੀ ਪਰ ਨੀਰਜ ਉਦਾਸ ਸੀ,ਉਹ ਕਿਵੇਂ ਵਿਛੜ ਸਕੇਗਾ ਸੁਮਨ ਨਾਲੋਂ,ਉਹ ਤੇ ਉਹਦੀ ਜਿੰਦ ਜਾਨ ਬਣ ਚੁਕੀ ਸੀ।ਪਿਛਲੇ ਤਿੰਨ ਸਾਲ ਵਿੱਚ ਉਸਦਾ ਉਸ ਨਾਲ ਇਨੀਂ ਮੋਹ ਹੋ ਗਿਆ ਸੀ ਕਿ ਉਹ ਭੁੱਲ ਹੀ ਗਿਆ ਕਿ ਸੁਮਨ ਮਾਸੂਮ ਤਾਂ ਉਸ ਕੋਲ ਅਮਾਨਤ ਹੈ।ਉਹ ਲੱਖ ਕੋਸ਼ਿਸ਼ ਕਰਨ ਤੇ ਵੀ ਸੁਮਨ ਨੂੰ ਨਹੀਂ ਭੁਲਾ ਸਕਦਾ,ਤੇ ਸੁਮਨ ਉਹ ਤੇ ਇਹ ਵੀ ਨਹੀਂ ਜਾਣਦੀ ਸੀ ਕਿ ਉਹਦਾ ਨੀਰਜ ਤੋਂ ਬਿਨਾ ਕੋਈ ਹੋਰ ਵੀ ਹੈਗਾ।ਉਹ ਦੋਨੋ ਇਕ ਦੂਜੇ ਦੀ ਕੁਲ ਕਾਇਨਾਤ ਸਨ।

ਸਕੂਲ ਦੇ ਸਾਰੇ ਕਿੱਸੇ ਸੁਮਨ ਨੀਰੂ ਨੂੰ ਸੌਣ ਤੋਂ ਪਹਿਲੇ ਸੁਣਾਉਂਦੀ।ਪਿਆਰ ਨਾਲ ਉਹ ਨੀਰਜ ਨੂੰ ਨੀਰੂ ਸੰਬੋਧਨ ਕਰਦੀ ਸੀ।

ਮੇਰੀ ਮੈਡਮ ਪੁਛਦੀ ਸੀ ਕਿ ਤੈਨੂੰ ਘਰ ਕੌਣ ਪੜਾਉਂਦਾ ਹੈ?

ਫਿਰ ਤੂੰ ਕੀ ਜਵਾਬ ਦਿੱਤਾ ? ਨੀਰਜ ਨੇ ਕਿਹਾ-

ਮੈਂ ਕਿਹਾ ਮੈਨੂੰ ਹਰ ਰੋਜ਼ ਨੀਰੂ ਪੜਾਉਂਦੈ।

ਮੈਡਮ -ਨੀਰੂ? ਕੌਣ? ਤੇਰਾ ਕੀ ਲਗਦਾ ਹੈ ?

ਸੁਮਨ -ਨੀਰੂ ਤੁਸੀਂ ਮੇਰੇ ਕੀ ਹੋ ?

ਨੀਰਜ ਨੇ ਉਸ ਨੂੰ ਬਾਹਾਂ ਚ ਭਰ ਲਿਆ-ਤੂੰ ਹੀ ਦੱਸ ਸੁਮਨ ਮੈਂ ਕੌਣ ਹਾਂ ?

ਤੁਸੀ ਮੇਰੇ ਨੀਰੂ ਹੋ , ਸੁਮਨ ਨੇ ਝੱਟ ਮਾਸੂੰਮ ਉਤਰ ਦਿੱਤਾ।

ਨੀਰਜ ਦੀਆਂ ਅੱਖਾਂ ਛਲਕ ਪਈਆਂ,ਕਲ ਕੀ ਹੋਵੇਗਾ ਜਦ ਉਹ ਸੁਮਨ ਨੂੰ ਅਨੀਤਾ ਦੇ ਹਵਾਲੇ ਕਰ ਕੇ....ਕਿਵੇਂ ਸਹੇਗਾ ਉਹ ਸੁਮਨ ਦਾ ਵਿਛੋੜਾ।

ਉਹ ਯਾਦ ਕਰਨ ਲਗਾ,ਉਸ ਦਿਨ ਜਦ ਉਹ ਬੈਂਕ ਵਿੱਚ ਅਪਨੇ ਕੰਮ ਲਗਾ ਸੀ ,ਅਨੀਤਾ ਅਪਨੇ ਪਿਤਾ ਦੀ ਪੈਨਸ਼ਨ ਬਾਰੇ ਪਤਾ ਕਰਨ ਆਈ ਸੀ।ਇਹ ਉਹਨਾਂ ਦੀ ਪਹਿਲੀ ਮੁਲਾਕਾਤ ਸੀ।ਉਹ ਹਰ ਮਹੀਨੇ ਬੈਂਕ ਆਉਂਦੀ ਤੇ ਨੀਰਜ ਉਸਦੀ ਮਦਦ ਕਰਦਾ।ਇਸ ਤਰਾਂ ਉਹ ਦੋਨੋ ਇਕ ਦੂਜੇ ਵੱਲ ਆਕਰਸ਼ਤ ਹੋਣ ਲਗੇ।ਮੌਕਾ ਪਾ ਕੇ ਇਕ ਦਿਨ ਨੀਰਜ ਨੇ ਅਨੀਤਾ ਸਾਹਮਣੇ ਪਿਆਰ ਦਾ ਇਜ਼ਹਾਰ ਕਰ ਦਿੱਤਾ।ਚਾਹੁੰਦੀ ਤਾਂ ਅਨੀਤਾ ਵੀ ਇਹੀ ਸੀ,ਤੇ ਇਹ ਸਿਲਸਲਾ ਅਗੇ ਚਲਣ ਲਗਾ।

ਅਚਾਨਕ ਅਨੀਤਾ ਦੇ ਪਿਤਾ ਦੀ ਮੌਤ ਹੋ ਗਈ ਤੇ ਅਨੀਤਾ ਨੂੰ ਆਪਣੀ ਵੱਡੀ ਭੈਣ ਤੇ ਜੀਜੇ ਨਾਲ ਕਿਸੀ ਦੂਸਰੇ ਸ਼ਹਿਰ ਜਾ ਕੇ ਰਹਿਣਾ ਪਿਆ।ਭੈਣ ਤੇ ਜੀਜਾ ਚਾਹੁੰਦੇ ਸਨ ਕਿ ਨੀਰਜ ਤੇ ਅਨੀਤਾ ਦੀ ਜਲਦ ਸ਼ਾਦੀ ਹੋ ਜਾਵੇ ਪਰ ਅਨੀਤਾ ਦਾ ਕਹਿਣਾ ਸੀ ਕਿ ਉਹ ਪਹਿਲੇ ਆਪਣੇ ਪੈਰਾਂ ਤੇ ਖੜੀ ਹੋਣਾ ਚਾਹੁੰਦੀ ਹੈ।

ਅਨੀਤਾ ਨੂੰ ਕਲਰਕ ਦੀ ਨੌਕਰੀ ਮਿਲ ਗਈ ਤੇ ਉਹ ਹਰ ਹਫ਼ਤੇ ਮਿਲਨ ਲਗੇ।ਹੁਸਨ ਤੇ ਇਸ਼ਕ ਦੇ ਦਿਨ ਖੁਸ਼ਗਵਾਰ ਗੁਜਰਨ ਲਗੇ।ਵਕਤ ਨੂੰ ਕੁਝ ਹੋਰ ਮਨਜ਼ੂਰ ਸੀ ਇਸ ਤੋਂ ਉਹ ਦੋਵੇਂ ਬੇਖਬਰ ਸੀ।ਸਮੇਂ ਨੇ ਇਕ ਵਾਰ ਫੇਰ ਰੰਗ ਵਿੱਚ ਭੰਗ ਘੋਲ ਦਿੱਤੀ।ਮਨਹੂਸ ਐਕਸੀਡੇਂਟ ਨੇ ਅਨੀਤਾ ਦੈ ਭੈਣ ਤੇ ਜੀਜੇ ਦੀ ਜਾਨ ਲੈ ਲਈ।ਅਨੀਤਾ ਦੇ ਹਿੱਸੇ ਉਸਦੀ ਭਾਣਜੀ ਸੁਮਨ ਦੀ ਜਿੰਮੇਵਾਰੀ ਆਣ ਪਈ।

ਨੀਰਜ ਨੇ ਅਨੀਤਾ ਦੀ ਉਦਾਸੀ ਤੋੜਨ ਲਈ ਸ਼ਾਦੀ ਦਾ ਪ੍ਰਸਤਾਵ ਰੱਖਿਆ ਤਾਂ ਅਨੀਤਾ ਨੇ ਝੱਟ ਕਹਿ ਦਿੱਤਾ ਉਹ ਸੁਮਨ ਨੂੰ ਨਹੀਂ ਛਡ ਸਕਦੀ ।ਨੀਰਜ ਨੇ ਉਸ ਨੂੰ ਢਾਰਸ ਦਿੱਤੀ ਕਿ ਸੁਮਨ ਆਪਣੇ ਕੋਲ ਰਹੇਗੀ।ਪਰ ਅਨੀਤਾ ਦੀ ਸੋਚ ਦੂਰ ਤੱਕ ਗਈ,ਉਹ ਸੋਚਣ ਲਗੀ,ਨੀਰਜ ਇਸ ਵਕਤ ਭਾਵਕ ਹੈ ਕੌਣ ਪਰਾਏ ਬੱਚੇ ਨੂੰ ਰੱਖਦਾ ਹੈ,ਸ਼ਾਦੀ ਤੋਂ ਬਾਦ ਇਸਦੀ ਭਾਵਨਾ ਬਦਲ ਜਾਏਗੀ।ਕੀ ਨੀਰਜ ਸੁਮਨ ਨੂੰ ਸਗੇ ਪਿਤਾ ਦਾ ਪਿਆਰ ਦੇ ਸਕੇਗਾ?

ਉਹ ਸ਼ਾਦੀ ਕਰੇ ਜਾਂ ਬਿਨਾਂ ਵਿਆਹ ਸੁਮਨ ਦੀ ਮਾਂ ਬਣ ਉਮਰ ਗੁਜਾਰ ਦੇਵੇ?ਉਹ ਦੋਰਾਹੇ ਤੇ ਖੜੀ ਸੀ।ਦੁਚਿੱਤੀ ਵਿੱਚ ਉਸਨੇ ਨੀਰਜ ਸਾਹਮਣੇ ਇਕ ਅਜੀਬ ਸ਼ਰਤ ਰੱਖ ਦਿੱਤੀ।

ਨੀਰਜ ਮੈਂ ਸ਼ਾਦੀ ਲਈ ਤਿਆਰ ਹਾਂ,ਪਰ ਮੇਰੀ ਇਕ ਸ਼ਰਤ ਹੈ-ਕਿ ਤੂੰ ਸੁਮਨ ਨੂੰ ਦੋ ਸਾਲ ਤੱਕ ਆਪਣੇ ਕੋਲ ਰੱਖੋਂ ਇਸ ਦੀ ਦੇਖ ਭਾਲ ਕਰੋ,ਅਗਰ ਦੋ ਸਾਲ ਤੱਕ ਤੂੰ ਆਪਣੀ ਜਿੰਮੇਵਾਰੀ ਸਹੀ ਨਿਭਾ ਲਈ ਤੇ ਫਿਰ ਮੈਨੂੰ ਯਕੀਨ ਹੋ ਜਾਏਗਾ ਕਿ ਤੂੰ ਸੁਮਨ ਨੂੰ ਬੇਟੀ ਦੀ ਤਰਾਂ ਅਪਨਾ ਲਵੇਂਗਾ,ਤੇ ਹਮੇਸ਼ ਬਾਪ ਜਿਹਾ ਪਿਆਰ ਦੇਵੇਂਗਾ!।

ਨੀਰਜ ਭੌਚਕ ਤਾਂ ਗਿਆ ਪਰ ਜਲਦੀ ਸੰਭਲ ਕੇ ਉਸਨੇ ਅਨੀਤਾ ਦੀ ਇਹ ਅਟਪਟੀ ਸ਼ਰਤ ਮਨਜੂਰ ਕਰ ਲਈ।



ਅਨੀਤਾ ਨੇ ਸੁਮਨ ਨੂੰ ਨੀਰਜ ਦੇ ਹਵਾਲੇ ਕਰ ਆਪ ਦੂਸਰੇ ਸ਼ਹਿਰ ਨੌਕਰੀ ਤੇ ਚਲੀ ਗਈ।

ਵਕਤ ਬੀਤਦਾ ਗਿਆ,ਦੋ ਸਾਲ ਲੰਘੇ,ਫਿਰ ਪੰਜ ਸਾਲ ਗੁਜਰ ਗਏ ਇਸ ਸਮੇਂ ਵਿੱਚ ਸੁਮਨ ਨੀਰਜ ਦੀ ਜਿੰਦਗੀ ਬਣ ਚੁੱਕੀ ਸੀ,ਨੀਰਜ ਮਾਸੂੰਮ ਸੁਮਨ ਨੂੰ ਕਦੀ ਉਦਾਸ ਨਾਂ ਹੋਣ ਦੇਂਦਾ ਉਸਦੇ ਸਾਰੇ ਕੰਮ ਕਰਦਾ ਸਵੇਰੇ ਸਕੂਲ ਛੱਡ ਆਉਂਦਾ ਤੇ ਹਰ ਸ਼ਾਮ ਉਸਨੂੰ ਹੋਮਵਰਕ ਕਰਾ ਦੇਂਦਾ।ਉਮਰ ਦੀ ਰੇਲ ਤੁਰੀ ਜਾਂਦੀ।ਸੁਮਨ ਦੀ ਪੂਰੀ ਦੁਨੀਆ ਨੀਰਜ ਤੱਕ ਸੀਮਤ ਹੋ ਚੁੱਕੀ ਸੀ।ਉਸਦੀ ਕਲਪਨਾ ਵਿੱਚ ਹੀ ਨਹੀਂ ਸੀ ਕਿ ਉਹਨੂੰ ਨੀਰਜ ਤੋਂ ਅਲੱਗ ਹੋਣਾ ਪਵੇਗਾ

ਨਾਂ ਹੀ ਨੀਰਜ ਸੁਮਨ ਬਿਨਾਂ ਰਹਿਣ ਦਾ ਸੋਚ ਸਕਦਾ।ਉਹ ਯਾਦ ਕਰਨ ਲਗਾ ਜਦ ਸੁਮਨ ਸਕੂਲ ਨਾਲ ਕੈਂਪ ਤੇ ਗਈ ਸੀ ਤੇ ਉਸਨੂੰ ਕਿਵੇਂ ਇਕ ਇਕ ਦਿਨ ਇਕ ਇਕ ਯੁੱਗ ਵਰਗਾ ਲਗਦਾ ਸੀ।ਸੁਮਨ ਦੇ ਆਉਣ ਤੇ ਕਿਵੇਂ ਉਸ ਦੀਆ ਅੱਖਾਂ ਚੋਂ ਆਪਮੁਹਾਰੇ ਹੰਝੂ ਵੱਗ ਤੁਰੇ ਸਨ।" ਮੇਰੀ ਨੰਨ੍ਹੀ ਚਿੜਿਆ,ਮੇਰੀ ਗੁੜੀਆ,ਇੰਨੇ ਦਿਨ ਕਿਵੇਂ ਰਹੀ ਮੇਰੇ ਬਿਨਾ?

ਇੰਨੇ ਦਿਨ ਕਿਹੜੈ ਨੀਰੂ,ਛੇ ਦਿਨ ਤਾਂ ਕੁਲ ਸੀ।ਸੁਮਨ ਤਾਂ ਬੱਚੀ ਸੀ ਭਾਵਨਾਂਵਾਂ ਦਾ ਜਵਾਬ ਉਹਨੂੰ ਪਤਾ ਨਹੀਂ ਸੀ।

ਸਿਰਫ ਇਕ ਦਿਨ ਤੇ ਇਹ ਹਾਲ ਕਲ ਭਲਕ ਜਦ ਉਹ ਹਮੇਸ਼ਾਂ ਲਈ ਚਲੀ ਜਾਏਗੀ ਤਾਂ...

ਕੀ......ਨੀਰਜ ਦੀਆਂ ਅੱਖਾਂ ਡਬਡਬਾ ਗਈ।ਅਨੀਤਾ ਨੂੰ ਮਸਾਂ ਭੁਲਾਇਆ ਸੀ.......

ਡਾਕੀਆ ਡਾਕ ਸੁਟ ਗਿਆ।ਇਕ ਨਵਾਂ ਜਿਹਾ ਲਿਫਾਫਾ ਦੇਖ ਉਸ ਪਹਿਲਾਂ ਉਹੀ ਖੋਲਿਆ-(ਹੈਰਾਨ )ਅਨੀਤਾ ਦਾ ਖੱਤ-

'ਮਾਫ਼ ਕਰਨਾ ਨੀਰਜ,ਮੈਂ ਸੰਪਰਕ ਨਾਂ ਕਰ ਸਕੀ,ਪਰ ਤੇਰੇ ਤੇ ਸੁਮਨ ਦੀ ਖੈਰ ਖੇਰੀਅਤ ਮੇਰੇ ਤੱਕ ਪਹੁੰਚਦੀ ਰਹੀ।ਮੇਰੇ ਨਾਲ ਕੰਮ ਕਰਦੇ ਸਮੀਰ ਨੂੰ ਮਿਲ ਕੇ ਮੈਨੂੰ ਲਗਣ ਲਗਾ ਕਿ ਮੈਂ ਤੇ ਸਮੀਰ ਬਣੇ ਹੀ ਇਕ ਦੂਜੇ ਲਈ ਹਾਂ।ਜਿਨ੍ਹਾ ਖੁਸ਼ੀਆਂ ਨੂੰ ਮੈਂ ਅੱਜ ਤੱਕ ਲੱਭਦੀ ਰਹੀ ਹਾਂ,ਲਗਦਾ ਹੈ ਕਿ ਰੱਬ ਨੂੰ ਮੇਰੇ ਤੇ ਤਰਸ ਆ ਗਿਆ ਹੈ ਜੋ ਉਸਨੇ ਸਮੀਰ ਨੂੰ ਮੇਰੀਆਂ ਸੱਭ ਸਧਰਾਂ ਤੇ ਅਰਮਾਨ ਪੂਰੇ ਕਰਨ ਲਈ ਆਪ ਭੇਜਿਆ ਹੈ।ਹਾਂ-ਨੀਰਜ,ਸਮੀਰ ਸੁਮਨ ਨੂੰ ਵੀ ਅਪਨਾਉਣ ਲਈ ਸਹਿਮਤ ਹੈ{ਅਸੀਂ ਕਲ ਸੁਮਨ ਨੂੰ ਲੈਣ ਆ ਰਹੇ ਹਾਂ।ਤੇਰਾ ਸੁਮਨ ਤੇ ਅੱਜ ਤੱਕ ਜੋ ਵੀ ਖਰਚ ਆਇਆ ਹੈ,ਉਹ ਵੀ ਸਮੀਰ ਪੂਰਾ ਕਰਨ ਲਈ ਤਿਆਰ ਹੈ।ਸੁਮਨ ਦੇ ਸਮਾਨ ਨਾਲ ਖਾਤਾ ਖਰਚਾ ਹਿਸਾਬ ਵੀ ਤਿਆਰ ਰੱਖਣਾ"।

ਨੀਰਜ ਦੇ ਸਿਰ ਜਿਵੇਂ ਘੜੇਂ ਪਾਣੀ ਪੈ ਗਿਆ ਹੋਵੇ।ਬੱਚੀ ਸੁਮਨ ਤੇ ਉਸਦੇ ਪਿਆਰੇ ਤੇ ਮਿੱਠੇ ਰਿਸ਼ਤੇ ਦੀ ਕੀਮਤ।ਨਹੀਂ ਮੈਂ ਇਹ ਨਹੀਂ ਕਰ ਸਕਦਾ,ਅਨੀਤਾ ਨੇ ਮੈਨੂੰ ਕੀ ਸਮਝਿਆਂ?ਇਸ ਤੋਂ

ਵੀ ਵੱਡੀ ਪਰੇਸ਼ਾਂਨੀ ਹੈ,ਮੈਂ ਸੁਮਨ ਨੂੰ ਕਿਵੇਂ ਜਾਣ ਲਈ ਕਹਾਂਗਾ ਤੇ ਕੀ ਉਹ ਮੰਨ ਜਾਏਗੀ?ਕੀ ਹੈ ਪਰੀਭਾਸ਼ਾ ਇਸ ਮਾਸੂੰਮ ਰਿਸ਼ਤੇ ਦੀ?ਕੀ ਇਹ ਪਿਛਲੇ ਜਨਮ ਦਾ ਕੋਈ ਨਾਤਾ ਹੈ,ਰੂਹਾਂ ਦਾ ਮਿਲਾਪ ਹੈ?ਰੂਹ ਦਾ ਰਿਸ਼ਤਾ ਕਿਸੇ ਵੀ ਦੁਨਿਆਵੀ ਰਿਸ਼ਤੇ ਨਾਲੋਂ ਹਮੇਸ਼ਾਂ ਮਜਬੂਤ ਹੁੰਦਾ ਹੈ।ਅਨੀਤਾ ਨੂੰ ਇੰਨਾ ਵੀ ਅਹਿਸਾਸ ਨਹੀਂ ਹੋਇਆ ਕਿ ਸੁਮਨ ਲਈ ਮੇਰੀ ਹੋਂਦ ਕਿੰਨੀ ਅਹਿਮ ਹੈ!

ਦਿਨ ਚੜ੍ਹੇ ਉਸਨੇ ਜਾਣ ਕੇ ਸੁਮਨ ਨੂੰ ਦੇਰ ਨਾਲ ਉਠਾਇਆ,ਸੁਮਨ ਨੇ ਘੜੀ ਵੇਖੀ ਤੇ ਚੌਂਕ ਗਈ ਸਕੂਲ ਕਿਵੇਂ ਪਹੁੰਚਨੈਂ?

ਮੇਰੀ ਗੁੜੀਆ ਅੱਜ ਤੂੰ ਸਕੂਲ ਨਹੀਂ ਜਾਣਾ ਕਿਤੇ ਹੋਰ ਜਾਣੈ,ਤੇਰੀ ਮਾਸੀ ਤੈਨੂੰ ਲੈਣ ਆ ਰਹੀ ਹੈ ਤੇ ਹੁਣ ਤੂੰ ਉਥੇ ਦੇ ਸਕੂਲ ਜਾਵੇਂਗੀ।(ਮੁਸ਼ਕਲ ਨਾਲ ਨੀਰਜ ਵਾਕ ਪੂਰਾ ਕਰ ਸਕਿਆ) (ਸੁਮਨ ਨੇ ਉਸ ਦੀ ਭਰੀ ਅੱਖ ਭਾਂਪ ਲਈ )

ਮੈਂ ਕਿਤੇ ਨਹੀਂ ਜਾਣਾ ਨੀਰੂ,ਮੈਂ ਤੁਹਾਡੇ ਨਾਲ ਰਹਿਣਾ ਹੈ।

ਬਿਟਿਆ,ਅਨੀਤਾ ਤੈਨੂੰ ਮੇਰੇ ਕੋਲ ਇੰਨੇ ਵਕਤ ਲਈ ਹੀ ਛਡ ਕੇ ਗਈ ਸੀ,ਤੂੰ ਮੇਰੇ ਕੋਲ ਉਸ ਦੀ ਅਮਾਨਤ ਹੈਂ,ਤੇ ਅਮਾਨਤ ਤਾਂ ਵਾਪਸ ਕਰਨੀ ਪੈਂਦੀ ਹੈ ਨਾਂ!

ਸੁਮਨ-ਨੀਰੂ ਤੁਸੀਂ ਕਿਉਂ ਮੈਨੂੰ ਭੇਜਨਾ ਚਾਹੁੰਦੇ ਹੋ?ਮੈਂ ਤੁਹਾਨੂੰ ਪਰੇਸ਼ਾਨ ਕਰਨ ਲਗ ਪਈ ਹਾਂ,ਤੰਗ ਕਰਦੀ ਹਾਂ?ਹੁਣ ਤੋ ਕਦੀ ਨਹੀਂ ਕਰਾਂਗੀ।'ਆਈ ਪਰੋਮਸ' ਤੇ ਸੁਮਨ ਨੇ ਆਪਣੇ ਕੰਨ ਪਕੜ ਲਏ।

ਨੀਰਜ ਦਾ ਰੋਣਾ ਨਿਕਲ ਚਲਿਆ ਸੀ ਉਸਨੇ ਮੂੰਹ ਦੂਜੇ ਪਾਸੇ ਕਰ ਲਿਆ।

ਉਹ ਸਿਰ ਫੜ ਬੈਠ ਗਿਆ,ਕੀ ਕਰੇ ਹੁਣ?ਕਿਵੇਂ ਅਨੀਤਾ ਨੂੰ ਸਮਝਾਵੇ ਕਿ ਸੁਮਨ ਹੁਣ ਤੇਰੀ ਨਹੀਂ ਮੇਰੀ ਪਿਆਰੀ ਗੁੜੀਆ ਰਾਣੀ ਹੋ ਗਈ ਹੈ।

ਪਰ ਅਨੀਤਾ- ਨਹੀ,ਉਹ ਨਹੀਂ ਸਮਝੇਗੀ ਇਸ ਰੂਹਾਨੀ ਨਾਤੇ ਦੀ ਪਰਿਭਾਸ਼ਾ।ਉਹ ਤੇ ਇਸ ਪਦਾਰਥਵਾਦੀ ਸਮਾਜ ਦਾ ਹਿੱਸਾ ਬਣ ਚੁਕੀ ਹੈ।

ਕੌੜੀਆਂ ਖੱਟੀਆਂ ਸੋਚਾਂ ਨੇ ਉਸ ਦੁਆਲੇ ਘੇਰਾ ਪਾ ਲਿਆ।

ਸੁਮਨ ਨੇ ਉਸਨੂੰ ਉਦਾਸ ਵੇਖ ਆ ਕੇ ਜੱਫੀ ਪਾ ਲਈ ਤੇ ਬੋਲੀ,ਨੀਰੂ ਤੁਸੀਂ ਮੈਨੂੰ ਨਹੀਂ ਰੱਖ ਸਕਦੇ ਤੇ ਮੈਂ ਆਪਣੀ ਟੀਚਰ ਕੋਲ ਰਹਿ ਲਵਾਂਗੀ ਬੱਸ ਤੁਸੀਂ ਮੈਨੂੰ ਕਦੇ ਕਦੇ ਪੜਾਉਣ ਆ ਜਾਇਆ ਕਰਨਾ।

ਗੁਡਾਂ ਤੂੰ ਆਪਣੀ ਮਾਸੀ ਨੂੰ ਕੀ ਕਹੇਂਗੀ?



ਮੈਂ ਨਾਂਹ ਕਰ ਦਿਆਂਗੀ ,ਸੁਮਨ ਨੇ ਫੱਟ ਜਵਾਬ ਦਿੱਤਾ।

ਸੁਮਨ ਦੇ ਹੌਂਸਲੇ ਨੂੰ ਵੇਖ ਨੀਰਜ ਵੀ ਸ਼ੇਰ ਹੋ ਗਿਆ।ਉਸ ਨੇ ਜਾਣ ਲਿਆ ਕਿ ਸੁਮਨ ਇਕ ਹੋਣਹਾਰ ਬੱਚੀ ਹੈ,ਉਹ ਜਾਣ ਗਈ ਹੈ ਕਿ ਮਾਸੀ ਕੋਲ ਉਸਦਾ ਭਵਿੱਖ ਧੁੰਦਲਾ ਹੈ।ਨੀਰਜ ਨੇ ਝੱਟ ਫੇਸਲਾ ਲਿਆ ਕਿ ਉਹ ਸੁਮਨ ਨੂੰ ਲੈ ਕੇ ਇਹ ਸ਼ਹਿਰ ਛੱਡ ਦੇਵੇ।ਉਹ ਉਠਿਆ ਤੇ ਸੁਮਨ ਨੂੰ ਤਿਆਰ ਕੀਤਾ ਉਸਦਾ ਤੇ ਆਪਣਾ ਸਮਾਨ ਬੰਨ੍ਹ ਲਿਆ ਤੇ ਫਿਰ ਉਹ ਬੈਂਕ ਜਾ ਕੇ ਆਪਣੀ ਜਮਾਂ ਪੂੰਜੀ ਲੈ ਆਇਆ ਤਾਂ ਜੋ ਨਵੇਂ ਥਾਂ ਨਵੀਂ ਨੌਕਰੀ ਮਿਲਣ ਤੱਕ ਉਹਨਾਂ ਦਾ ਗੁਜਾਰਾ ਚਲ ਸਕੇ।

ਕਿਥੇ ਜਾਵਾਂਗੇ ਆਪਾਂ? ਸ਼ੁਮਨ ਨੇ ਹੌਲੀ ਦੇਣੇ ਪੁਛਿਆ।

ਬੜੀ ਦੂਰ ਇਸ ਦੁਨੀਆਂ ਤੋਂ ਪਰੇ ਜਿਥੇ ਕੋਈ ਤੈਨੂੰ ਮੇਰੇ ਕੋਲੋਂ ਖੋਹ ਨਾ ਸਕੇ-ਨੀਰਜ ਕਿਹਾ

ਸੁਮਨ ਨੇ ਬੜੇ ਪਿਆਰ ਨਾਲ ਨੀਰਜ ਵੱਲ ਤੱਕਿਆ। ਸੱਚ'-ਨੰਨ੍ਹੀਆਂ ਮਾਸੂੰਮ ਅੱਖਾਂ ਵਿੱਚ ਆਉਣ ਵਾਲੇ ਸਮੇਂ ਦੀਆਂ ਜਿਵੇਂ ਸਾਰੀਆਂ ਖੁਸ਼ੀਆਂ ਆ ਪੁਜੀਆਂ ਹੋਣ!

ਤੇ ਉਹ ਨਿਕਲ ਪਏ ਅਣਜਾਨੇ ਰਾਹਾਂ ਵੱਲ।

ਰੇਲ ਗੱਡੀ ਦੀ ਸੀਟ ਤੇ ਨੀਰਜ ਦੀ ਗੋਦ ਵਿੱਚ ਬੈਠੀ ਸੁਮਨ ਪਿਛੈ ਭੱਜੇ ਜਾਂਦੇ ਰੁੱਖਾਂ ਤੇ ਕੁਦਰਤ ਦੇ ਹੋਰ ਨਜ਼ਾਰਿਆਂ ਨੂੰ ਆਪਣੀਆ ਅੱਖਾਂ ਵਿੱਚ ਕੈਮਰੇ ਵਾਂਗ ਸਮੇਟ ਰਹੀ ਸੀ।

ਤੇ ਨੀਰਜ ਨਵੇਂ ਸ਼ਹਿਰ,ਨਵੀਂ ਨੌਕਰੀ ਢੂੰਢਣ,ਨਾ ਮਾਲੂਮ ਆਉਣ ਵਾਲੀਆਂ ਮੁਸ਼ਕਲਾਂ ਬਾਰੇ

ਸੋਚਣ ਵਿੱਚ ਲੀਨ ਸੀ।

ਉਸਦੇ ਕੋਲ ਕੀ ਸੀ ਇਸ ਵਕਤ?

ਇਕ ਐਸਾ ਅਨੋਖਾ ਬੰਧਨ ਐਸਾ ਰਿਸ਼ਤਾ ਜਿਸਦਾ ਕੋਈ ਨਾਮ ਨਹੀਂ ਜਿਸਦੀ ਕੋਈ ਪਰਿਭਾਸ਼ਾ ਨਹੀਂ।ਇਹ ਪਿਛਲੇ ਜਨਮ ਦਾ ਸੰਯੋਗ ਹੈ ਜਾਂ ਇਸ ਜਨਮ ਵਿੱਚ ਰੂਹ ਤੋਂ ਰੂਹ ਤੱਕ ਦਾ ਮੇਲ ਸਮੇਲ ਹੈ?

" ਯੇ ਕੈਸਾ ਰਿਸ਼ਤਾ ਹੈ,ਕੈਸਾ ਬੰਧਨ ਹੈ,

ਬੇਗਾਨੇ ਹੋ ਕਰ ਭੀ ਵੋ ਲਗਤੇ ਅਪਨੇ ਹੈਂ।........

## "ਜੀਨਤ"

ਨਾਮ ਤਾਂ ਉਸਦਾ 'ਤਬੁਸਮ' ਸੀ ਖ਼ਵਰੇ ਕਦੋਂ ਕਿਸੇ ਨੇ ਜੀਨਤ ਕਰ ਕੇ ਵਾਜ਼ ਦਿੱਤੀ ਤੇ ਉਹ ਪੱਕੀ ਪੱਕੀ ਜੀਨਤ ਬਣ ਗਈ। ਉਸਦੀ ਦਾਦੀ ਉਸਨੂੰ ਪਿਆਰ ਨਾਲ ਜੰਨਤੇ ਬੁਲਾਉਂਦੀ।

ਖ਼ਵਰੇ ਰੱਬ ਨੇ ਉਸਨੂੰ ਕਿਹੜੀ ਮਿੱਟੀ ਨਾਲ ਬਣਾਇਆ ਸੀ,ਪਾਣੀ ਦੇ ਥਾਂ ਸ਼ਹਿਦ ਤੇ ਮਿਸ਼ਰੀ ਦਾ ਘੋਲ ਪਾਇਆ ਸੀ। ਨਿਰੀ ਪਿਆਰ ਦੀ ਪੰਡ ,ਬਰਫ਼ ਦਾ ਗੋਲਾ,ਸ਼ਰਾਫ਼ਤ ਦੀ ਪੁੜੀ,ਮਾਸੂਮੀਅਤ ਦਾ ਪਹਾੜ।ਕੀ ਕੀ ਹੈ ਉਹ ਕੁੜੀ?

ਉਹਦੀ ਮਾਂ ਉਹਨੂੰ ਕੀ ਕੀ ਦਸਦੀ,ਉਹ ਸੱਬ ਸੁਣਦੀ ਜਾਂਦੀ ਕਰਦੀ ਉਹੋ ਜੋ ਉਹਦੇ ਅੰਦਰਲਾ ਹੁਕਮ ਹੁੰਦਾ।ਉਹ ਪਾਸੇ ਤੋਂ ਅੱਗ ਨੂੰ ਫੂਕਣੀ ਤਾਂ ਮਾਰ ਦੇਂਦੀ ਪਰ ਅੱਗ ਦੇ ਨੇੜੇ ਨਾਂ ਜਾਂਦੀ ,ਉਹ ਬਿੱਲੇ ਨੂੰ ਦੁੱਧ ਤਾਂ ਪਾ ਦੇਂਦੀ ਪਰ ਬਿੱਲੇ  ਤੋਂ ਡਰਦੀ ਵੀ ਬਹੁਤ, ਕਦੀ ਰੱਸੀ ਦਾ ਸੱਪ ਬਣਾ ਛਾਲ ਮਾਰ ਮੰਜੇ ਤੇ ਚੜ੍ਹ ਜਾਂਦੀ।ਕਦੇ ਹੋਸ਼ ਵਿੱਚ ਤੇ ਕਦੇ ਮਦਹੋਸ਼ ਗਵਾਚੀ ਗਵਾਚੀ

ਕਿਆਰੀਆਂ ਬਣਾਉਂਦੀ ਫੁੱਲਾਂ ਨੂੰ ਪਾਣੀ ਲਾਉਂਦੀ ਖਿੜੇ ਫੁੱਲਾਂ ਨੂੰ ਵੇਖ ਖਿੜਦੀ ਪਰ ਕਦੇ ਡਾਲੀ ਨਾਲੋਂ ਫੁੱਲ ਅਲੱਗ ਨਾਂ ਹੋਣ ਦੇਂਦੀ,ਸੁੰਘਦੀ ਵੀ ਨਾਂ ਫੁੱਲਾਂ ਨੂੰ ਜੇ ਭਲਾ ਉਹਦਾ ਤੱਤਾ ਸਾਹ ਨਾਂ ਪੈ ਜਾਵੇ ਕਿਸੇ ਫੁੱਲ ਨੂੰ।

ਉਹ ਤਾਂ ਫਕੀਰ ਹੈ ਜੋ ਇਬਾਦਤ ਤਾਂ ਰੱਬ ਦੀ ਕਰਦੈ,ਪਰ ਪਿਆਰ ਉਹਦੇ ਜੀਆਂ ਨਾਲ ਕਰਦੈ।ਸ਼ਇਦ ਧਰਤੀ ਤੇ ਗਲਤੀ ਨਾਲ ਫਰਿਸ਼ਤਾ ਆ ਡਿਗਾ ਹੋਵੇ।ਨਾ ਕੋਈ ਤੰਮਨਾ,ਨਾਂ ਕੋਈ ਇੱਛਾ,ਨਾਂ ਲੋੜ ਨਾਂ ਥੋੜ।ਨਾਂ ਨਜ਼ਰਾਂ ਦੀ ਭੁੱਖ।ਬਸ ਧੁਰੋਂ ਰੱਜੀ ਪੁੱਜੀ।ਕਿਤੇ ਹੀ ਬੋਲਦੀ,ਪਰ ਜਦ ਬਾਤ ਪਾਉਂਦੀ ਜਿਵੇਂ ਉਮਰਾਂ ਦੇ ਤਜਰਬੇ ਇਕੱਠੈ ਹੋ ਬੋਲੇ ਹੋਣ।ਮਜਾਲ ਹੈ ਜੋ ਕਿਸੇ ਦੀ ਰੂਹ ਛੂਹੇ ਬਿਨਾਂ ਲੰਘ ਜਾਏ ਉਹਦਾ ਇਕ ਵੀ ਅੱਖਰ।ਉਹ ਬੋਲਦੀ ਜਾਂਦੀ ਤੇ ਸੁਣਨ ਵਾਲਾ ਫੁਲਾਂ ਨਾਲ ਝੋਲੀ ਭਰੀ ਜਾਂਦਾ।

ਉਹਦੀ ਦਾਦੀ ਬਲਾਵਾਂ ਲੈਂਦੀ,ਮਾਂ ਲੂਣ ਮਿਰਚਾਂ ਵਾਰ ਸੁੱਟਦੀ।ਸਾਧਾਂ ਸੰਤਾ ਪੀਰਾਂ ਫਕੀਰਾਂ ਦੇ ਪੁਛਣਾਂ ਪਾਵਾਉਣ ਦੀਆਂ ਸਲਾਹਾਂ ਦਿੱਤੀਆਂ ਲਈਆਂ ਜਾਂਦੀਆਂ,ਕੋਈ ਆਖੇ ਪਤਾ ਕਰਾਓ ਇਹਦਾ ਇਹ ਕੌਣ ਹੈ ਤੇ ਕਿਵੇਂ ਇਹ ਜੀਨਤ ਗੁਨਾਹਗਾਰਾਂ ਦੀ ਧਰਾਤਲ ਤੇ ਆ ਉਤਰੀ ਹੈ?।ਕਿਹੜੈ ਰੱਬ ਦਾ ਰਸੂਲ਼ ਹੈ ਇਹ?ਕਦੇ ਹੱਸ ਕੇ ਆਖਦੀ ' ਕੀੜੀ ਦੇ ਘਰ ਨਰਾਇਣ ਆ ਗਏ ਹਨ"॥



ਜਿਵੇਂ ਜਿਵੇਂ ਜੀਨਤ ਵੱਡੀ ਹੁੰਦੀ ਜਾਂਦੀ ਉਹਦੇ ਬਾਪ ਦਾ ਰੁਝੇਂਵਾਂ ਵੱਧਦਾ ਜਾਂਦਾ।ਉਹ ਨੂੰ ਡਰ ਲਗਿਆ ਰਹਿੰਦਾ ਕਿਤੇ ਇਹਨੂੰ ਹਵਾ ਹੀ ਨਾਂ ਸਾਡੇ ਕੋਲੋਂ ਖੋਹ ਲਿਜਾਵੇ।ਕੋਈ ਉਹਦੇ ਵਿਆਹ ਦੀ ਗੱਲ ਕਰਦਾ, ਪਰ......

ਉਹ ਇਨਸਾਨੀਅਤ ਅਤੇ ਕਿਰਦਾਰ ਦੇ ਖੇਤ ਨੂੰ ਜਿਨਸੀ ਜਜਬਾਤ ਦਾ ਸੁਹਾਗਾ ਫੇਰ ਕੇ ਥੇਹ ਨਾਂ ਕਰਨਾ ਚਾਹੁੰਦੀ।ਉਹ ਤੇ ਜੰਮੀ ਹੀ ਪੱਕ ਕੇ ਪੜ੍ਹ ਪੁਗਤਾ ਆਲਮ ਫਾਜ਼ਲ।ਆਲੇ ਦੁਆਲੇ ਦੀ ਹਰਿਆਲੀ ਵੇਖ ਖੀਵੀ ਖੀਵੀ ਹੋ ਹੋ ਜਾਂਦੀ ਪਰ ਕਬਜਾ ਕਰਨ ਦੀ ਨਾਂ ਸੋਚਦੀ।ਮਨੁੱਖਤਾ ਪ੍ਰਤੀ ਸ਼ਰਧਾ,ਅਕੀਦਤ ਪੂਰੀ ਰੱਖਦੀ,ਸ਼ਰਾਫ਼ਤ ਤੇ ਇਖਲਾਕ ਦਾ ਪੱਲਾ ਉੱਚਾ ਟਿਕਾਈ ਰੱਖਦੀ।ਜਦ ਕਦੇ ਬੋਲਣ ਦਾ ਜੀਅ ਕਰਦਾ ਤੇ ਆਖਦੀ—

'ਇਖਲਾਕ ਦਾ ਮੁਕਾਮ ਸੋਹਣੇ ਰੱਬ ਜਿੰਨਾ ਉੱਚਾ ਹੈ,ਇਸਦੀ ਉਲੰਘਣਾ ਪਾਪ ਹੈ,ਤੇ ਇਸਨੂੰ ਹੱਥੋਂ ਛੱਡ ਦੇਣਾ ਇਨਸਾਨੀਅਤ ਦੀ ਮੌਤ-ਇਸ ਮੁਕਾਮ ਤੇ ਪਹਿਰਾ ਦੇਣਾ ਅਤੇ ਨਫ਼ਸ ਨੂੰ ਗੰਢ ਮਾਰ ਕੇ ਪ੍ਰਵਿਰਤੀ ਅਤੇ ਰੂਹਾਨੀਅਤ ਨਾਲ ਜੰਗ ਮਾਰਨਾ ਵੀ ਬੜਾ ਔਖਾ ਹੁੰਦੈ।

ਉਸ ਨੂੰ ਖੁਦ ਪਤਾ ਨਾਂ ਲਗਦਾ ਕਿਵੇਂ ਉਹ ਮਹਾਂ ਪੁਰਖਾਂ ਦੇ ਬਚਨ ਬਿਲਾਸ ਵਿੱਚ ਖੋ ਜਾਂਦੀ।" ਐਸੀ ਦੈਵੀ ਬੇਖੁਦੀ ਦਾ ਕੌਤਕ….

ਜੀਨਤ ਤਾਂ ਕਿਸੇ ਦੇਵਤੇ ਦੀ ਰੂਹ ਜਾਂ ਰੂਹਾਨੀ ਦਰਸ਼ਨ -ਕੁਝ ਕਹਿ ਲਓ ਸੱਭ ਉਹਦੇ ਕੱਦ ਨਾਲੋਂ ਛੋਟੇ ਜਾਪਦੇ......

ਸੁਭਾਵਕ ਹੀ ਉਹ ਬੋਲ ਛੱਡਦੀ-

" ਇਹ ਚਾਨਣ ਹੈ ਉਹ ਹਨੇਰਾ ਹੈ

ਬੱਸ ਆਹੀ ਇਕ ਪਲ ਤੇਰਾ ਹੈ-ਮੇਰਾ ਹੈ॥

.0.0.0.0.0…0…0..00…0..00..0..0…..0…0.0..0

ਚੁੰਨੀ ਵੇਖ ਕੇ ਕੁੜੀ ਤੇ ਪੀਲੇ ਰੰਗ ਦੀ ਬਹਾਰਾਂ ਵੀ ਹੈਰਾਨ ਹੋ ਗੀਆਂ,

ਮੱਖੀਆਂ ਸ਼ਹਿਦ ਦੀਆਂ ਮੂੰਹ ਤੇ ਆ ਕੇ ਬਹਿੰਦੀਆਂ,

ਵੇ ਕੇਡੀਆਂ  ਸ਼ੈਤਾਨ ਹੋ ਗੀਆਂ

## "ਥੋੜਾ ਥੋੜਾ ਜੀ ਲਈਏ"

ਵਿਅਕਤੀ ਨਹੀਂ ਵਿਅਕਤਤਵ ਦੀ ਮਹਾਨਤਾ ਹੁੰਦੀ ਹੈ।

'ਕਿਸੀ ਸੇ ਖੁਸ਼ੀ ਮਿਲੇ ਤੋ ਹੋ ਨਿਸਾਰ

ਕਿਸੀ ਕਾ ਗਮ ਮਿਲੇ ਤੋ ਲੇ ਉਧਾਰ---ਜੀਨਾ ਇਸੀ ਕਾ ਨਾਮ ਹੈ'

ਆਜ ਕੀ ਰਾਤ ਹੈ ਜਿੰਦਗੀ,ਕਲ ਤੁਮ ਕਹਾਂ, ਹਮ ਕਹਾਂ-

ਅਗਰ ਅੱਜ ਹੀ ਇਸ ਰਾਹ ਤੋਂ ਗੁਜਰਨਾਂ ਹੈ ਤਾਂ ਫਿਰ ਕੁਸ਼ ਐਸਾ ਕਰ ਜਾਓ ਕਿ ਹਮੇਸ਼ ਰਹੋ'।

ਕੁਸ਼ ਜੀਆਂ ਨੂੰ ਪ੍ਰਮਾਤਮਾ ਇਸ ਲਈ ਧਰਤੀ ਤੇ ਭੇਜਦਾ ਹੈ ਕਿ ਆਪਣਾ ਜੀਵਨ ਦੂਸਰਿਆਂ ਤੋਂ ਅਰਪਿਤ ਕਰੀ ਜਾਣ।ਰੱਜ ਕੇ ਕਮਾਣ ਤੇ ਵੰਡ ਕੇ ਖਾਣ'।ਭਲਾਈ ਕਰ ਕੇ ਦਰਿਆ ਚ ਪਾਣ। ਸੌ ਚੋਂ ਨੜਿਨਵੇਂ ਭਰਿਸ਼ਟ ਦੇ ਯੁੱਗ ਵਿੱਚ ਇਹ ਇਕ ਹੀ ਤਾਂ ਹਨ ਜਿਹਨਾਂ ਦੇ ਸਿਰ ਇਹ ਮੁਲਕ ਅੱਗੇ ਵਧੀ ਜਾ ਰਿਹਾ ਹੈ।

ਜਲੰਧਰ ਦਾ ਕਪੂਰ ਪਰਿਵਾਰ ਅਪੰਗ,ਅਸਹਾਰੇ ਤੇ ਬ੍ਰਿਧਾਂ ਲਾਚਾਰਾਂ ਲਈ ਇਹੀ ਤਾਂ ਕਰ ਰਹੇ ਰਹੇ ਹਨ ਕਿ ਛਾਂ ਦੀ ਲੋੜ ਵੇਲੇ ਛਾਂ ਤੇ ਧੁੱਪ ਦੀ ਲੋੜ ਵੇਲੇ ਧੁੱਪ ਬਣ ਜਾਂਦੇ ਹਨ,ਬ੍ਰਿਧਾਂ ਦੇ ਬੱਚੇ ਤੇ ਬੱਚਿਆਂ ਦੇ ਮਾਪੇ ਬਣ ਜਾਂਦੇ ਹਨ।ਸਹੁਰਿਆਂ ਤੋਂ ਰੁੱਸੀਆਂ ਕੁੜੀਆਂ ਨੂੰ ਫਿਰ ਸਹੁਰੇ ਮਿਲਾ ਦੇਂਦੇ ਹਨ,ਟੁੱਟੇ ਦਿਲ ਤੇ ਵਿਛੜੇ ਸਿਰ ਜੋੜ ਦੇਂਦੇ ਹਨ।

ਐਸ .ਪੀ ਐਸ.ਓਬਰਾਏ ਜੈਸਾ ਵਿਅਕਤੀ ਜੋ ਆਪਣੀ ਕਮਾਈ ਦਾ ਸੱਤਰ ਪ੍ਰਤੀਸ਼ੱਤ ਆਪਣੇ ਦੇਸ਼ ਕੌਮ ਦੀ ਭਲਾਈ ਅਤੇ ਵੀਹ ਫੀਸਦੀ ਸੰਗਤ ਸੇਵਾ  ਲਈ ਲਗਾ ਦੇਂਦਾ ਹੈ।

ਉਸਨੇ ਉਨੀ ਕਰੋੜ ਰੁਪਏ ਦੇ ਕੇ ਸਤਾਰਾਂ ਭਾਰਤੀ ਨੌਜਵਾਨ ਬਚਾਏ ਜਿਹਨਾਂ ਚੋਂ ਦੋ ਪਾਕਿਸਤਾਨੀ ਸਨ ਤੇ ਦੇਸ਼ ਲਿਆ ਕੇ ਉਹਨਾ ਨੂੰ ਰੁਜਗਾਰ ਦਿੱਤਾ।ਇਹੋ ਹੈ ਜਿਉਣ ਦਾ ਚੱਜ ਤੇ ਇਹੋ ਹੈ ਜਿਉਣ ਦੀ ਰਾਹ-

'ਅਪਨੇ ਲਿਏ ਜੀਏ ਤੋ ਕਿਆ ਜੀਏ'ਤੂੰ ਜੀ ਐ ਦਿਲ ਸੱਭ ਕੇ ਲਿਏ"।

'ਜੀਨਾ ਇਸੀ ਕਾ ਨਾਮ ਹੈ,ਕਿਸੀ ਕਾ ਗਮ ਮਿਲੇ ਤੋ ਲੇ ਉਧਾਰ'



ਕੋਈ ਵੀ ਗਮ ਵਿਅਕਤੀ ਦੀ ਸੁੱਚੀ ਸੋਚ ਨਾਲੋਂ ਵੱਡਾ ਨਹੀਂ ਹੁੰਦਾ।ਗੁਰੂ ਨਾਨਕ ਜੀ ਨੇ ਕਿਹਾ ਸੀ'ਕਿਰਤ ਕਰੋ,ਵੰਡ ਛਕੋ,ਚੰਗੇ ਅਮਲ ਮਰ ਕੇ ਵੀ ਜਿੰਦਾ ਰਹਿੰਦੇ ਹਨ'।

"ਭਗਤ ਪੂਰਨ ਸਿੰਘ ਪਹਿਲਾ ਵਿਅਕਤੀ ਸੀ ਜਿਸਨੇ ਇਕ ਅਜਿਹੀ ਸੰਸਥਾ ਬਣਾਈ ਜੋ ਬੇਆਸਰਿਆਂ ਨੂੰ ਆਸਰਾ ਦੇਂਦੀ ਸੀ,ਜਿਹਨਾਂ ਦਾ ਕੋਈ ਨਹੀਂ ਉਹਨਾਂ ਦਾ ਪਿੰਗਲਵਾੜਾ "ਅੰਮ੍ਰਿਤਸਰ ਹੈ।ਮਦਰ ਟੈਰੇਸਾ ਵੀ ਕੁਝ ਐਸਾ ਹੀ ਇਕ ਅਦਾਰਾ ਹੈ।

ਧੰਨ ਹਨ ਇਹਨਾਂ ਸੰਸਥਾਵਾਂ ਨੂੰ ਚਲਦਾ ਰੱਖਣ ਵਾਲੇ।ਕੁਝ ਲੋਕ ਇਹਨਾਂ ਨੂੰ ਦਾਨ ਪੁੰਨਾਰਥੀ ਦੇਂਦੇ ਹਨ ਤੇ ਕੁਝ ਬੇਈਮਾਨੀ ਦਾ ਦਸਵੰਧ ਦਾਨ ਕਰਦੇ ਹਨ,ਪਰ ਪੈਸਾ ਤੇ ਪੈਸਾ ਹੈ ਲੋੜਵੰਦ ਲਈ ਜੁਗਾੜ ਕਰੇਗਾ ਹੀ।ਹੁਣ ਤਾਂ ਦੇਸ਼ ਵਿੱਚ ਐਸੀਆਂ ਬਹੁਤ ਸਾਰੀਆਂ ਸੰਸਥਾਵਾਂ ਖੁਲ੍ਹ ਗਈਆਂ ਹਨ,ਜੋ ਬੇਬਸਾਂ ਦਾ ਵੱਸ ਬਣ ਗਈਆਂ ਹਨ।ਦੁਰਕਾਰੀਆਂ ਹੋਈਆਂ ਨਾਰੀਆਂ ਲਈ ਸਮਰੱਥ ਨਾਰੀਆਂ ਨੇ ਇਦਾਰੇ ਬਣਾਏ ਹਨ ਜੋ ਉਹਨਾਂ ਨੂੰ ਅੱਛੀ ਪਨਾਹ ਦੇਂਦੇ ਹਨ।

ਅਣਚਾਹੇ ਬੱਚਿਆਂ ਲਈ ਪੰਘੂੜਾ ਨਾਮ ਦੀ ਸੰਸਥਾ ਹੈ।ਯਤੀਮਾਂ ਲਈ ਸਰਕਾਰੀ ਯਤੀਮਖਾਨਾ ਹੈ।ਪਰ ਕੋਈ ਵੀ ਸੇਵਾ ਬਿਨਾਂ ਪੈਸੇ ਤੋਂ ਨਹੀਂ ਹੋ ਸਕਦੀ।ਵੱਡਾ ਯੋਗਦਾਨ ਤਾਂ ਉਹਨਾ ਵਿਸ਼ਾਲ ਹਿਰਦਿਆਂ ਦਾ ਹੈ ਜੋ ਆਪਣੀ ਗਾੜ੍ਹੀ ਕਮਾਈ ਚੋਂ ਦਿਲ ਖੋਲ੍ਹ ਇਹਨਾਂ ਨੂੰ ਪੈਸਾ ਦਿੰਦੇ ਤੇ ਬਦਲੇ ਚ ਕੁਝ ਵੀ ਨਹੀਂ ਮੰਗਦੇ,ਆਪਣਾ ਨਾਮ ਵੀ ਨਹੀਂ ਦਸਦੇ।

"ਅਗਰ ਬੇਸਹਾਰਾ ਹੋ ਤੁਮ ਤੋ ਕਿਸੀ ਕਾ ਸਹਾਰਾ ਬਨੋ

ਤੁਮ ਕੋ ਅਪਨੇ ਆਪ ਸਹਾਰਾ ਮਿਲ ਜਾਏਗਾ"।

ਹੇਮਲਤਾ ਤਿਵਾੜੀ ਜੋ ਕਿ ਛੁਪੀ ਲੁਕੀ ਕਲਾਕਾਰ ਸੀ,ਨੇ ਸਰੇਰਾਹ ਕੁਝ ਨੇਤਰਹੀਣ ਬਸ਼ਿੰਦੇ ਦੇਖੈ ਜੋ ਅੱਛੀ ਸਰਗਮ ਛੇੜ ਰਹੇ ਸਨ।ਉਹ ਉਹਨਾਂ ਨੂੰ ਇਕ ਜਗਾਹ ਪਨਾਹ ਦੇ ਕੇ ਸਿਖਿਆ ਦਿਵਾਉਣ ਲਗੀ।ਆਪਣੀ ਕੋਸ਼ਿਸ਼ ਵਿੱਚ ਉਹ ਇਸ ਕਦਰ ਕਾਮਯਾਬ ਹੋ ਗਈ ਕਿ ਉਹ ਨੇਤਰਹੀਣ ਅੱਛੈ ਖਾਸੇ ਮੰਚ ਕਲਾਕਾਰ ਬਣ ਕੇ ਨਾਮਣਾ ਖੱਟ ਰਹੇ ਹਨ।ਬੇਸ਼ੱਕ ਹੇਮਲਤਾ ਨੂੰ ਘਰੋਂ ਅਤੇ ਬਾਹਰੋਂ ਵੀ ਸਹਿਯੋਗ ਮਿਲਿਆ,ਪਰ ਗਲ ਤਾਂ ਪਹਿਲ ਕਦਮੀ ਨਾਲ ਬਣਦੀ ਹੈ ਨਾਂ।

ਡਾ,ਹਰਸ਼ਿੰਦਰ ਕੌਰ ਪੰਜਾਬ ਦੀ ਧੀ ਨੇ ਜੋ ਪ੍ਰਣ ਲਿਆ ਆਪਣੇ ਪਰਿਵਾਰ ਤੇ ਹੋਰ ਦੋਸਤਾਂ ਦੇ ਸਹਿਯੋਗ ਨਾਲ ਉਸਨੂੰ ਪੂਰਾ ਕੀਤਾ।ਪੜਾਈ ਦਾ ਖਰਚ ਦੇਣ ਤੋਂ ਆਸਮਰੱਥ ਕੁੜੀਆਂ ਦੀ ਪੜਾਈ ਦਾ ਖਰਚ ਚੁਕਿਆ।ਕਈ ਲੋੜਵੰਦ ਔਰਤਾਂ ਨੂੰ ਰੁਜਗਾਰ ਦਿਵਾਇਆ।ਆਪਣੀ ਤਨਖਾਹ ਦਾ ਬਹੁਤਾ ਹਿੱਸਾ ਇਸਤ੍ਰੀਆਂ ਅਤੇ ਬੱਚਿਆਂ ਲਈ ਲਗਾ ਦੇਂਦੀ ਹੈ।ਉਸਦੇ ਇਸ ਯਤਨ ਵਿੱਚ ਪ੍ਰਵਾਸੀ ਭਾਰਤੀਆਂ ਦਾ ਯੋਗਦਾਨ ਵੀ ਸਮਰਣਯੋਗ ਹੈ।

ਧੰਨ ਹੈ ਬਾਬਾ ਬਲਬੀਰ ਸਿੰਘ ਸੀਚੇਵਾਲ।ਜੋ ਦੇਸ਼ ਵਾਸੀਆਂ ਨੂੰ ਸਾਫ਼ ਵਾਤਾਵਰਣ ਦੇਣ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ। ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਦਾ ਦੇਵਤਾ ਡਾ.ਚਰਨਜੀਤਸਿੰਘ ਜੋ ਬਿਨਾ ਲਾਲਚ,ਸਹਿਕਦੇ ਸਾਹ ਵੀ ਟਿਕਾ ਦੇਂਦਾ ਹੈ।ਰੁੱਸੇ ਸਾਹਾਂ ਨੂੰ ਸਸਤੇ ਚ ਵਰਚਾ ਮਨਾ ਲਿਆਂਉਂਦਾ ਹੈ।

ਮੁੰਬਈ ਦੀ ਰੀਤਾ ਜਿਸਨੂੰ ਡਾਂਸ ਦਾ ਸ਼ੋਕ ਸੀ ਉਸਨੇ ਟੀਵੀ ਤੋਂ ਹੀ ਡਾਂਸ ਦੀ ਪਰੇਕਟਿਸ ਕੀਤੀ ਤੇ ਆਪਣੇ ਪਰਿਵਾਰ ਦੀ ਮਦਦ ਨਾਲ ਹੋਰ ਸ਼ੌਕੀਆ/ਲੋੜਵੰਦ ਕੁੜੀਆਂ ਨੂੰ ਡਾਂਸ ਸਿਖਾ ਕੇ ਆਪਣਾ ਪੇਟ ਪਾਲਣ ਯੋਗ ਬਣਾ ਦਿੱਤਾ ਹੈ,ਤੇ ਚੈਰਿਟੀ ਸ਼ੋਅ ਕਰਕੇ ਹੋਰਾਂ ਦੀ ਮਾਇਕ ਮਦਦ ਵੀ ਕਰ ਰਹੀ ਹੈ।

ਮੁੰਬਈ ਦਾ ਹੀ ਇਕ ਜੋੜਾ ਘਰ ਬੈਠੈ ਐਸੇ ਬ੍ਰਿਧ ਜੋ ਆਪ ਖਾਣਾ ਨਹੀਂ ਬਣਾ ਸਕਦੇ,ਨੂੰ ਘਰ ਬੈਠੇ ਸਿਹਤਮੰਦ/ਪੌਸ਼ਟਿਕ ਖਾਣਾ ਪੁਚਾਂਦੇ ਹਨ,ਉਨ੍ਹਾ ਦੀ ਹਰ ਲੋੜ ਪੂਰੀ ਕਰਦੇ ਹਨ।

ਸਿਦਾਰਥ ਇਕ ਦੁਕਾਨਦਾਰ ਦਾ ਬੇਟਾ ਹੈ,ਉਸਦਾ ਬਹੁਤ ਮਨ ਸੀ ਕਿ ਉੱਚੀ ਪੜ੍ਹਾਈ ਕਰ ਕੇ ਵੱਡਾ ਅਫ਼ਸਰ ਬਣੇ ਪਰ ਮੰਦੀ ਘਰੇਲੂ ਹਾਲਤ ਕਾਰਨ ਉਸਨੂੰ ਦੁਕਾਨ ਹੀ ਸੰਭਾਲਣੀ ਪਈ।ਇਕ ਦਿਨ ਉਸਦੀ ਦੁਕਾਨ ਤੇ ਇਕ ਲੜਕੀ ਆਈ ਜੋ ਵੀ ਉਸ ਵਾਂਗ ਇੱਛਾ ਰੱਖਦੀ ਸੀ।ਸਿਦਾਰਥ ਨੇ ਉਸਨੂੰ ਆਸ਼ਵਾਸਨ ਦਿਤਾ ਸੀ ਕਿ ਉਸਦੀ ਇੱਛਾ ਉਹ ਪੂਰੀ ਕਰੇਗਾ।ਉਸ ਨੂੰ ਪਤਾ ਸੀ ਕਿ ਰਸ਼ਮੀ ਨਾਲ ਬਿਨਾ ਵਿਆਹ ਉਹ ਕੋਈ ਰਿਸ਼ਤਾ ਨਹੀ ਰੱਖ ਸਕਦਾ।ਮਾਂ ਬਾਪ ਵਿਆਹ ਲਈ ਤਾਂ ਮੰਨ ਗਏ ਪਰ ਰਸ਼ਮੀ ਦੀ ਪੜ੍ਹਾਈ ਲਈ ਬਰਾਦਰੀ ਤੋਂ ਡਰ ਗਏ।ਸਿਦਾਰਥ ਨੇ ਅਲੱਗ ਘਰ ਬਣਾ ਲਿਆ ਤੇ ਰਸ਼ਮੀ ਨੂੰ ਪੜ੍ਹਨ ਲਾ ਦਿੱਤਾ।ਰਸ਼ਮੀ ਨੇ ਦੋ ਬਚਿਆਂ ਦੀ ਪਾਲਣਾ ਦੇ ਨਾਲ ਸੱਤ ਸਾਲ ਪੜ੍ਹਾਈ ਕੀਤੀ ਤੇ ਉਹ ਕੁਲੈਕਟਰ ਦੀ ਕੁਰਸੀ ਤੇ ਜਾ ਬੈਠੀ।ਰਸ਼ਮੀ ਆਪਣੇ ਪਤੀ ਦੀ ਤਹਿ ਦਿਲੋਂ ਧੰਨਵਾਦੀ ਹੈ,ਜਿਸਨੇ ਉਸਦੇ ਖਾਬ ਨੂੰ ਤਾਬੀਰ ਦਿੱਤੀ,ਹੁਣ ਉਹ ਆਪਣੇ ਬੱਚਿਆਂ ਦੇ ਨਾਲ ਹੋਰ ਵਿਦਿਆਰਥੀਆਂ ਦੀਆਂ ਲੋੜਾਂ ਵੀ ਪੂਰੀਆਂ ਕਰ ਦੇਂਦੀ ਹੈ।

ਸਿਦਾਰਥ ਦਾ ਕਹਿਣਾ ਹੈ ਕਿ ਮੈਂ ਰਸ਼ਮੀ ਦੀ ਤਰੱਕੀ ਵਿੱਚ ਆਪਣਾ ਸਪਨਾ ਪੂਰਾ ਹੋਇਆ ਵੇਖਿਆ ਹੈ,ਤੇ ਮੈਂ ਹੁਣ ਮਾਨਸਿਕ ਸਕੂਨ ਵਿੱਚ ਹਾਂ।

ਰਸ਼ਮੀ ਤੇ ਸਿਦਾਰਥ ਦੀ ਉਹ ਇਕ ਸ਼ਾਮ ਤੇ ਉਹ ਇਕ ਰਾਤ ਦੀ ਜਿੰਦਗੀ ਨੇ ਪੂਰੀ ਜਿੰਦਗੀ ਸਵਾਰ ਦਿੱਤੀ।,"

ਮੁੰਬਈ ਦੇ ਡਾ. ਸ਼ਿਆਮ ਦਿਆਲ'ਆਈ ਸਪੇਸ਼ਲਿਸਟ' ਪਿਛਲੇ ਅਠੱਤੀ ਸਾਲ ਵਿੱਚ ਪੱਚੀ ਹਜਾਰ ਤੋਂ ਵੱਧ ਵਿਅਕਤੀਆਂ ਨੂੰ ਮੁਫ਼ਤ ਅੱਖਾਂ ਦੀ ਰੌਸ਼ਨੀ ਦੇ ਚੁੱਕੇ ਹਨ।ਇਸ ਦੇ ਨਾਲ ਹੀ ਉਹ ਬਨਵਾਸੀਆਂ ਦੀ ਮਦਦ ਕਰਨ ਲਈ ਤਤਪਰ ਰਹਿੰਦੇ ਹਨ,ਕਿਸਾਨਾਂ ਨੂੰ ਰਸਾਇਣ ਛੱਡ ਕੇ ਜੈਵਿਕ



ਖੇਤੀ ਅਪਨਾ ਕੇ ਪਾਣੀ ਅਤੇ ਮਿੱਟੀ ਦੀ ਮੌਲਿਕ ਸ਼ਕਤੀ ਬਚਾਉਣ ਵਲ ਲਿਆ ਰਹੇ ਹਨ,ਲਗਦੇ ਹੱਥ ਸਮਾਜ ਵਿੱਚ ਗਿਆਨ ਵਿਗਿਆਨ ਵੰਡਦੇ ਰਹਿੰਦੇ ਹਨ।ਨਸ਼ੇ ਛੁਡਾਉਣ ਦੀ ਮੁਹਿੰਮ ਦੀ ਅਗਵਾਈ ਕਰ ਰਹੇ ਹਨ।

ਮੈਡਮ ਮੀਨਾਕਸ਼ੀ ਬਾਂਸਲ ਨੇ ਗਲੀ ਵਿੱਚ ਲਿਫਾਫੇ ਚੁਗਦੀਆਂ ਝੌਂਪੜ ਪੱਟੀ ਦੀਆਂ ਦੋ ਕੁੜੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਤੇ ਅੱਜ ਉਸ ਕੋਲ ਇਕ ਸੌ ਦੋ ਵੈਸੀਆਂ ਹੀ ਕੁੜੀਆਂ ਹਨ,ਜਿਹਨਾਂ ਦਾ ਸਾਰਾ ਖਰਚ ਉਹ ਆਪਣੀ ਪਤੀ ਤੇ ਬੇਟੇ ਦੀ ਆਮਦਨ ਵਿਚੋਂ ਕਰਦੇ ਹਨ।ਉਹਨਾਂ ਦੀ ਪੂਰੀ ਫੈਮਲੀ ਡਾਕਟਰ ਹੈ।ਇਸ ਸਕੂਲ ਨੂੰ ਸਰਕਾਰੀ ਮਾਨਤਾ ਮਿਲੀ ਹੈ ਤੇ ਇਹਨਾਂ ਹੀ ਕੁੜੀਆਂ ਚੋਂ ਦੋ ਕੁੜੀਆਂ ਪੁਲੀਸ ਵਿੱਚ ਭਰਤੀ ਹੋ ਸਕੀਆਂ ਤੇ ਕਈ ਕੁੜੀਆਂ ਨੈਸ਼ਨਲ ਪੱਧਰ ਤੇ ਖਿਡਾਰਨਾਂ ਹਨ।ਪੜ੍ਹਾਈ ਦੇ ਨਾਲ ਇਹਨਾਂ ਨੂੰ ਕਿੱਤੇ ਵੀ ਸਿਖਾਏ ਜਾਦੇ ਹਨ ਤੇ ਵਾਤਾਵਰਣ ਤੇ ਆਲਾਦੁਆਲਾ ਸਾਫ ਰੱਖਣ ਦੀ ਸਿਖਿਆ ਦਿੱਤੀ ਜਾਂਦੀ ਹੈ।ਇਸਦੇ ਨਾਲ ਹੀ ਮੈਡਮ ਇਹਨਾਂ ਝੌਂਪੜੀਆਂ ਵਿੱਚ ਸੀਮਤ ਪਰਿਵਾਰ ਦਾ ਸਬਕ ਦੇਣ ਵਿੱਚ ਵੀ ਸਫਲ ਹੋ ਗਏ ਹਨ।ਪੰਜ ਹੋਰ ਮਹਿਲਾਵਾਂ ਵੀ ਉਹਨਾਂ ਨੂੰ ਨਿਸ਼ਕਾਮ ਸਹਿਯੋਗ ਦੇ ਰਹੀਆਂ ਹਨ।

ਬਾਬਾ ਰਾਮਦੇਵ ਬੇਸ਼ੱਕ ਇਕ ਸੰਸਥਾ ਬਣ ਚੁੱਕਾ ਹੈ ਫੇਰ ਵੀ ਉਸਨੇ ਜੋ ਅਰੋਗ ਰਹਿਣ ਤੇ ਨਸ਼ੇ ਛਡਣ ਦੇ, ਘਰਾਂ ਵਿੱਚ ਇਤਫਾਕ ਰੱਖਣ ਦੇ ਪਾਠ ਪੜ੍ਹਾਉਣ, ਗੁਰ ਆਪਣੀ ਜਾਨ ਦੀ ਕੀਮਤ ਤੇ ਮੁਫ਼ਤ ਵੰਡੇ ਹਨ,ਜੋ ਕਿ ਅਨਮੋਲ ਸੇਵਾ ਹੈ,ਜਿਉਣ ਦੀ ਸੁਖਾਲੀ ਰਾਹ ਹੈ।

ਡਾ.ਅਬਦੁਲ ਕਲਾ ਮ ( ਮੀਜ਼ਾਈਲ ਮੈਨ) ਇਲਮ ਦਾ ਧਨ,ਦਿਮਾਗ ਦੀ ਪਵਿਤਰ ਸੋਚ ਤੇ ਮਨ ਦੀ ਫਕੀਰੀ ਵੰਡ ਕੇ ਛਕਣ ਦੀ ਸੁਚਾਰੂ ਜੀਵਨ ਜਾਚ ਦੀ ਕੁੰਜੀ ਫੜਾ ਗਏ ਹਨ।

ਖੁਬਸੂਰਤ ਨੌਜਵਾਨ ਇਕ ਬਜੁਰਗ ਨੂੰ ਵੀਲ੍ਹ ਚੇਅਰ ਤੇ ਲੈ ਕੇ ਆਏ,ਉਸਨੇ ਆਪਣਾ ਖਾਣਾ ਆਰਡਰ ਕਰਨ ਤੋਂ ਪਹਿਲੇ ਬਜੁਰਗ ਦਾ ਖਾਣਾ ਮੰਗਾਇਆ,ਤੇ ਆਪਣੇ ਹੱਥ ਨਾਲ ਉਹਨਾਂ ਨੂੰ ਖਾਣਾ ਖਵਾਇਆ,ਫਿਰ ਉਹਨਾਂ ਦਾ ਮੂੰਹ ਸਾਫ਼ ਕੀਤਾ, ਫਿਰ ਉਹ ਵੀਲ੍ਹ ਚੇਅਰ ਸ਼ੀਸੇ ਸਾਹਮਣੇ ਲੈ ਗਿਆ,ਬਜੁਰਗ ਨੇ ਆਪਣੇ ਸਾਫ਼ ਚਿਹਰੇ ਦੀ ਤਸੱਲੀ ਕੀਤੀ,ਨੌਜਵਾਨ ਨੇ ਆਪਣੇ ਹੱਥ ਧੋਤੇ ਤੇ ਕਾਉਂਟਰ ਤੇ ਬਿਲ ਪੇ ਕੀਤਾ ਤੇ ਵੀਲ ਚੇਅਰ ਕਾਰ ਕੋਲ ਲਿਜਾ ਕੇ ਬਜੁਰਗ ਨੂੰ ਬੜੇ ਆਦਰ ਨਾਲ ਉਠਾ ਕੇ ਕਾਰ ਦੀ ਸੀਟ ਤੇ ਬਿਠਾ ਦਿੱਤਾ ਹੌਲੀ ਜਿਹਾ ਦਰਵਾਜਾ ਬੰਦ ਕਰਕੇ ਉਹ ਆਪਣੀ ਸੀਟ ਤੇ ਬੈਠਾ,ਕਾਰ ਅੱਖਾਂ ਤੋਂ ਓਝਲ ਹੋ ਗਈ।,ਮੈਨੇਜਰ ਨੇ ਦਸਿਆ ਪਿਛਲੇ ਤਿੰਨ ਸਾਲ ਤੋਂ ਇਸ ਤਰਾਂ ਹੀ ਜਵਾਨ ਆਪਣੇ ਪਿਤਾ ਨੂੰ ਖਾਣੇ ਲਈ ਇਥੇ ਲੈ ਕੇ ਆਉਂਦਾ ਹੈ,ਇਸਦਾ ਪਿਤਾ ਨਾਂ ਬੋਲ ਸਕਦਾ ਹੈ ਨਾਂ ਤੁਰ ਸਕਦਾ ਹੈ,ਬੇਟੇ ਦੇ ਮੱਥੇ ਤੇ ਕਦੇ ਸ਼ਿਕਨ ਨਹੀਂ ਦੇਖੀ ਤੇ ਬਾਪ ਦੇ ਚਿਹਰੇ ਤੇ ਸਦਾ ਮਿੱਠਾ ਸਕੂਨ ਰਹਿੰਦਾ ਹੈ।

ਛਿਅੱਤਰ ਸਾਲਾ ਪਿਤਾ ਜੋ ਕਿ ਵੇਖਣ ਨੂੰ ਛਿਆਸੀ ਦਾ ਜਾਪਦਾ ਹੈ,ਬਹੁਤ ਕੰਮਜੋਰ,ਨਜ਼ਰ ਵੀ ਕੰਮਜੋਰ ਰੋਜ਼ ਲੋਕਲ ਬੱਸ ਤੇ ਕਦੇ ਮੈਟਰੋ ਤੇ ਦੁਪਿਹਰ ਦੇ ਖਾਣੇ ਵੇਲੇ ਆਪਣੇ ਪੁੱਤਰ ਦੇ ਦਫ਼ਤਰ ਆਉਂਦਾ ਹੈ ਉਸ ਨਾਲ ਬੈਠ ਕੇ ਖਾਣਾ ਖਾ ਕੇ ਉਸੀ ਤਰਾਂ ਵਾਪਸ ਚਲਾ ਜਾਂਦਾ ਹੈ।

ਪੁਛਣ ਤੇ ਉਸ ਪਿਤਾ ਨੇ ਦਸਿਆ ਇਸ ਤਰਾਂ ਮੇਰੀ ਪੁੱਤ ਨਾਲ ਸਾਂਝ ਬਣੀ ਰਹਿੰਦੀ ਹੈ,ਮੈਂ ਇਸ ਨੂੰ ਦੇਖ ਲੈਂਦਾ ਹਾਂ ਤੇ ਇਹ ਮੈਨੂੰ ਵੇਖ ਲੈਂਦਾ ਹੈ ਜਿੰਦਗੀ ਵਾਹਵਾ ਤੁਰੀ ਜਾਂਦੀ ਹੈ।

ਇਸ ਤਰਾਂ ਰੋਜ਼ ਆਉਣਾ ਜਾਣਾ ਔਖਾ ਨਹੀਂ ਲਗਦਾ -ਮੈਂ ਪੁਛਿਆ

ਪੁੱਤ ਉਧਰੋਂ ਕੋਈ ਮੈਨੂੰ ਬੱਸ ਤੇ ਬਿਠਾ ਦੇਂਦਾ ਹੈ ਤੇ ਇਧਰੋਂ ਬੇਟਾ ਮੈਨੂੰ ਬੱਸ ਚੜ੍ਹਾ ਦੇਂਦਾ ਹੈ,ਬੱਸ ਦਿਨ ਰਾਤ ਰੌਣਕ ਵਿੱਚ ਗੁਜਰ ਜਾਦੇ ਹਨ,ਜਿਉਣ ਦੀ ਰਾਹ ਲੰਬੀ ਕਰ ਲਈ ਹੈ ਅਸੀਂ।

ਸੁਚੱਜੇ ਜੀਵਨ ਦੇ ਰਾਹੀਆਂ ਕੋਲ ਪੈਸਾ ਨਹੀਂ ਹੁੰਦਾ ਉਹ ਪ੍ਰੇਮ ਭਾਵਨਾ ਤੇ ਸੇਵਾ ਭਾਵਨਾ ਹੀ ਜਿੰਦਗੀ ਨੂੰ ਭੇਟਾ ਕਰਦੇ ਤੁਰੇ ਜਾਂਦੇ ਹਨ।ਇਹ ਮਰਜੀਵੜੇ ਹਨ।

‘ ਬੱਸ ਅੱਜ ਦੀ ਰਾਤ ਹੈ ਜਿੰਦਗੀ, ਐਸਾ ਕੁਸ਼ ਕਰ ਲੋ ਕਿ ਸਿਤਾਰਾ ਬਣ ਜਾਓ।“

ਬਹੁਤ ਸਾਰੇ ਐਸੇ ਵਿਸ਼ਾਲ ਹਿਰਦੇ ਹਨ ਜੋ ਅਪਨਾ ਨਾਮ ਗੁਪਤ ਰੱਖ ਕੇ ਦਿਲੋਂ ਲੋੜਵੰਦਾਂ ਦੇ ਮਦਦਗਾਰ ਹਨ,ਤਦੇ ਹੀ ਤੇ ਸਵਾਰਥ ਦੀ ਸੌੜੀ ਸੋਚ ਵਿੱਚ ਵੀ ਇਹ ਧਰਤੀ ਵੱਧ ਫੁੱਲ ਰਹੀ ਹੈ।ਪੱਥਰ ਦੀ ਪੂਜਾ ਨਾਲੋਂ ਆਪਣੇ ਆਲੇ ਦੁਆਲੇ ਦੀ ਪੂਜਾ ਕਈ ਗੁਣਾ ਬਿਹਤਰ ਹੈ।+

ਤੇ ਦੁਨੀਆਂ ਬਣਾਉਣ ਵਾਲੇ ਕਾਦਰ ਨੂੰ ਇਹੀ ਪਸੰਦ ਹੈ।

“ ਕਿਸੀ ਕਾ ਗਮ ਮਿਲੇ ਤੋ ਲੇ ਉਧਾਰ,ਜੀਨਾ ਇਸੀ ਕਾ ਨਾਮ ਹੈ”।

“ ਵੰਡ ਵੰਡ ਕੇ ਥੋੜਾ ਥੋੜਾ ਜੀ ਲੈਣਾ ਜਿਉਣਾ ਤੇ ਜਿਉਣ ਦੇਣਾ ਇਹੋ ਤੇ ਹੈ ਅਧਿਆਤਮਿਕਤਾ,

ਇਹੀ ਹੈ ਜਿਉਣ ਦਾ ਹੱਜ ਤੇ ਚੱਜ,ਤੇ ਮਨੁੱਖੀ ਜਾਮੇ ਦਾ ਮਕਸਦ,ਧਰਮ ਕਰਮ ਦੀ ਰਾਹ।

ਬੜਾ ਲੁਤਫ਼ ਹੈ ਕਭੀ ਕਭਾਰ ਆਪਣੇ ਹਿੱਸੇ ਵਿਚੋਂ ਕਿਸੇ ਦੂਸਰੇ ਲਈ ਥੋੜਾ ਵੰਡ ਕੇ ਜੀ ਲੈਣ ਵਿੱਚ॥, ਆਓ ਥੋੜਾ ਥੋੜਾ ਜੀ ਲਈਏ---

“ ਸਖੀ ਵੋ ਹੈ ਜੋ ਪਤਝੜ ਮੇਂ ਭੀ ਸੰਵਾਰੇ ਗੁਲਸ਼ਨ ਜੈਸਾ “।

ਆ ਇਕ ਦਿਨ ਇਕੱਠੇ ਮਿਲ ਬੈਠ ਕੇ ਰੋਈਏ,ਜਿਵੇਂ ਉੱਚ ਅੰਬਰਾਂ ਚੋਂ ਉਡਦਾ ਪਰਿੰਦਾ ਕੋਈ ਅਚਾਨਕ ਫੜ ਫੜਾ ਕੇ ਜਮੀਂ ਤੇ ਡਿਗ ਪਵੇ ਤੇ ਉਹਦੇ ਕਬੀਲੇ ਦੇ ਸਾਰੇ ਪੰਛੀ ਡਾਰਾਂ ਦੀਆਂ ਡਾਰਾਂ ਚੀਖਦੇ ਵਿਲਕਦੇ ਉਸਦੇ ਦੁਆਲੇ ਆ ਜੁੜਦੇ ਹਨ।



ਜਿਵੇਂ ਜੰਗਲ ਵਿੱਚ ਆਫ਼ਤ ਆ ਜਾਵੇ ਤੇ ਸਾਰੇ ਜਾਨਵਰ ਆਪਣੇ ਮੋਢੀ ਦੇ ਮਗਰ ਲਗ ਬਚਾਅ ਦਿਸ਼ਾ ਵੱਲ ਦੌੜਨ ਲਗਦੇ ਹਨ।

ਚਲਦੇ ਚਲਦੇ—ਇਸ ਵਾਰ ਮੈਂ ਆਪਣੀ ਪਤਨੀ ਦੀ ਲੰਬੀ ਉਮਰ ਲਈ ਕਰਵਾ ਚੌਥ ਦਾ ਵਰਤ ਰਖਾਂਗਾ---ਸੁੱਖਜੀਤ ਸੁੱਖ.........

“ਮੈਂ ਕਤਰਾ ਨੀਰ ਦਾ ਤੂੰ ਸਿੱਪੀ ਸਮੁੰਦਰ ਦੀ,

ਸ਼ਮਾ ਲੈ ਸੀਨੇ ਚ ਤੇ ਮੋਤੀ ਬਣਾ ਦੇ ਮੈਨੂੰ “॥

“ ਗੁਜਰ ਹੋਵੇਗਾ ਜਦ ਵੀ ਫਰਿਸ਼ਤਿਆਂ ਦਾ ਇਧਰ,

ਬਾਤ ਪਾਈ ਜਾਵੇਗੀ ਮਰਜੀਵੜਿਆਂ ਦੀ ।

“ ਮਰਜੀਵੜਿਆਂ ਦੇ ਪਦ ਚਿਨ੍ਹਾਂ ਤੇ ਚਲਦੇ ਨੇ ਉਹ

ਜਿਹਨਾਂ ਨੂੰ ਨਾਜ਼ ਹੈ ਆਪਣੀ ਇਸ ਧਰਤੀ ਤੇ “।



## "ਜੂਲੀਆ ਮੇਰੀ ਜੂਲੀਆ"

ਜੂਲੀਆ ਮੇਰੀ ਪਹਿਲੀ ਮੁਹੱਬਤ

ਤਾਜ਼ਾ ਪਿੰਜੇ ਹੋਈ ਰੂੰ ਦੇ ਗੋਹੜੇ ਵਰਗੀ ,ਨਿੱਕੀ ਪਹਾੜੀ ਤੇ ਸਵੇਰੇ ਸਵੇਰੇ ਥਾਂ ਥਾਂ ਜੱਮੀ

ਬਰਫ਼ ਜਿਹੀ।ਜੂਲੀਆ ਨੂੰ ਅੱਖਾਂ ਖੋਲਣ ਦਾ ਵੀ ਪਤਾ ਨਹੀਂ ਸੀ ਜਦ ਉਹ ਸਾਡੇ ਘਰ ਆਈ ਸੀ।ਉਸ ਨੇ ਤਾਂ ਆਪਣੀ ਮਾਂ ਨੂੰ ਵੀ ਅਜੇ ਤੱਕਿਆ ਨਹੀਂ ਸੀ।ਉਹ ਆਪਣੀ ਮਾਂ ਦੇ ਪਹਿਲੇ ਪਿਆਰ ਦੀ ਨਿਸ਼ਾਨੀ ਤੇ ਪਲੇਠੀ ਬੱਚੀ।

ਮੇਰੀ ਅੱਛੀ ਸਹੇਲੀ 'ਮੁੰਨਾ'ਨੇ ਉਸ ਨੂੰ ਉਸਦੇ ਜਨਮ ਤੋਂ ਪਹਿਲਾਂ ਹੀ ਮੇਰੇ ਨਾਮ ਕਰ ਦਿੱਤਾ ਸੀ,ਮੈਂ ਜੋ ਇਹੋ ਚਾਹੁੰਦੀ ਸੀ।ਮੇਰਾ ਨਿੱਕਾ ਵੀਰ ਉਹਨੂੰ ਲਿਆਉਣ ਲਈ ਰੋਜ਼ ਫੇਰੇ ਮਾਰਦਾ

ਇਸ ਤਰਾਂ ਪੂਰੇ ਮੁਹੱਲੇ ਦੀ ਅੱਖ ਸੀ ਉਹਦੇ ਤੇ।ਇਕ ਦੋ ਨੇਂ ਤਾਂ ਕੋਠਾ ਟੱਪ ਕੇ ਚੋਰੀ ਚੁੱਕਣ ਦੀ ਕੋਸ਼ਿਸ਼ ਵੀ ਕੀਤੀ।ਅਸੀਂ ਭੈਣ ਭਰਾ ਤੇ ਸਾਡੀ ਬੀਜੀ ਤਾਂ ਉਹਦੇ ਰਾਹ ਚ ਅੱਖਾਂ ਵਿਛਾਈ ਬੈਠੈ ਸੀ।ਅਜੇ ਉਹ ਤੇਰਾਂ ਦਿਨ ਦੀ ਹੋਈ ਸੀ ਕਿ ਉਸ ਦਿਨ ਮੁੰਨਾ ਦਾ ਵੀਰ ਨਿਕੇ ਜਿਹੇ ਝੋਲੇ ਚ ਪਾਈ ਕਾਹਲੀ ਕਾਹਲੀ ਉਸ ਨੂੰ ਸਾਡੇ ਘਰ ਇਹ ਕਹਿ ਕੇ ਛਡ ਗਿਆ ਕਿ'

'ਸਾਂਭੋ ਆਪਣੀ ਅਮਾਨਤ ਲੋਕ ਤਾਂ ਸਾਡਾ ਕੋਠਾ ਢਾਹ ਦੇਣ ਲਗੇ ਨੇ"।

ਅਸੀਂ ਉਸਦਾ ਨਾਮਕਰਣ ਉਸਦੇ ਜਨਮ ਤੋਂ ਪਹਿਲਾਂ ਹੀ ਕਰ ਰੱਖਿਆ ਸੀ।ਉਸਦੇ ਆਉਣ ਤੇ ਸਾਡਾ ਵਿਹੜਾ ਜਿਵੇਂ ਮਹਿਕ ਗਿਆ ਸਾਨੂੰ ਚਾਰਾਂ ਨੂੰ ਚਾਅ ਚੜ੍ਹਿਆ ਫਿਰੇ,ਜਿਵੇਂ ਕੋਹਕਾਫ਼ ਦਾ ਖਜਾਨਾ ਲੱਭ ਗਿਆ ਹੋਵੇ।ਉਸਨੂੰ ਛੂਹਣ ਤੇ ਸਾਨੂੰ ਡਰ ਆਵੇ।ਬੀਜੀ ਨੇ ਬਜਾਰੋਂ ਨਿਪਲ ਵਾਲੀ ਬੋਤਲ ਮੰਗਾਈ ਤੇ ਉਸਨੂੰ ਦੁੱਧ ਪਿਲਾਇਆ।ਆਪਣੇ ਸੀਨੇ ਲਾਇਆ ਜੋ ਉਹਨੂੰ ਮਾਂ ਦਾ ਨਿੱਘ ਮਿਲੇ।ਇਸ ਤਰਾਂ ਨਿੱਪਲ ਪੀਂਦੀ ਉਹ ਦਿਨ ਬਦਿਨ ਵੱਡੀ ਹੁੰਦੀ ਗਈ ਤੇ ਸੋਹਣੀ ਬਣਦੀ ਗਈ ।ਸਿਆਣੀ ਸੀ ਕੁਝ ਦਿਨਾਂ ਚ ਹੀ ਸਾਡੇ ਨਾਲ ਰਚ ਮਿਚ ਗਈ ਤੇ ਕਟੋਰੀ ਵਿੱਚ ਦੁੱਧ ਪੀਣ ਲਗ ਪਈ।

ਨਾਂ ਤਾਂ ਉਸਦਾ ਜੂਲੀਆ ਸੀ ਜੋ ਮੈਂ ਸੋਵੀਅਤ ਸੰਗ ਦੇ ਰਸਾਲੇ ਚੋਂ ਪੜ੍ਹ ਕੇ ਰੱਖਿਆ ਸੀ,

ਪਰ ਫਿਲਮ ਜੂਲੀ ਆਉਣ ਤੇ ਸੁੱਖ ਵੀਰ ਜਦੋਂ ਕਾਲਜ ਤੋਂ ਘਰ ਆਉਂਦਾ ਤੇ ਉਹ ਉਹਦੇ ਪੈਰਾਂ ਨਾਲ ਚਿਪਕ ਜਾਂਦੀ ਤੇ ਉਹ ਕਹਿ ਉਠਦਾ'ਜੂਲੀ'ਆਈ ਲਵ ਯੂ',ਤੇ ਇਸ ਤਰਾਂ ਉਹ ਜੂਲੀ ਬਣ



ਗਈ।ਉਹਨੂੰ ਸਾਡੇ ਸਾਰਿਆਂ ਦੀ ਚੰਗੀ ਪਹਿਚਾਣ ਹੋ ਗਈ ਸੀ।ਕੋਮਲ ਜਿਹੀ ਹੋਣ ਕਰਕੇ ਅਸੀਂ ਉਸਨੂੰ ਦੁੱਧ ਰੱਸ ਦਿਆ ਕਰਦੇ ਸੀ ਤੇ ਉਹਨੂੰ ਰੋਟੀ ਨਹੀਂ ਸੀ ਪਸੰਦ।

ਕਿਤੇ ਗਲਤੀ ਨਾਲ ਉਹਦਾ ਰਸਾਂ ਦਾ ਸਟਾਕ ਮੁੱਕ ਜਾਂਦਾ ਤਾਂ ਉਹ ਭੁੱਖੀ ਰਹਿੰਦੀ ਪਰ ਰੋਟੀ ਨਾਂ ਖਾਂਦੀ।ਸਾਨੂੰ ਉਹ ਏਂਜਲ ਜਾਪਦੀ।ਪਤਾ ਨਹੀਂ ਕਦੋਂ ਉਹ ਬੂਹੇ ਤੇ ਪਹਿਰਾ ਦੇਣਾ ਸਿੱਖ ਗਈ ਤੇ ਕਦੋਂ ਉਹਨੂੰ ਡੋਰ ਬੈੱਲ ਦੀ ਪਹਿਚਾਣ ਹੋ ਗਈ।ਜਰਾ ਸੀ ਆਹਟ ਤੇ ਉਹ ਸੁੱਤੀ ਪਈ ਉਠ ਭੱਜ ਲੈਂਦੀ।ਸੜੀ ਦੁਪਿਹਰ ਨੂੰ ਤੇ ਵਿਹੜੇ ਦਾ ਫ਼ਰਸ਼ ਲੋਹਾ ਬਣਿਆ ਹੁੰਦਾ,ਪਰ ਉਹ ਨਾਂ ਡਰਦੀ ਪੈਰ ਸੜਨ ਤੋਂ,ਅਸੀਂ ਡਰ ਜਾਂਦੇ।ਉਹਦੇ ਕਪਾਹੀ ਪੈਰ,ਤੁਰਦੀ ਦੀ ਕੋਈ ਵਾਜ ਨਹੀਂ ਇਸੇ ਲਈ ਅਸੀਂ ਉਹਦੇ ਗਲ ਦੋ ਘੁੰਗਰੀਆਂ ਧਾਗੇ ਚ ਪਰੋ ਕੇ ਪਾ ਦਿੱਤੀਆਂ।ਸਾਡਾ ਜੀ ਨਾ ਕਰਦਾ ਉਹਦੇ ਗਲ ਸਖ਼ਤ ਜਿਹਾ ਪਟਾ ਪਾਉਣੇ ਤੇ,ਨਾ ਹੀ ਅਸੀਂ ਕਦੇ ਉਹਨੂੰ ਰੱਸੀ ਪਾਈ।ਸਾਨੂੰ ਬੜਾ ਤਰਸ ਆਉਣਾ ਜਦ ਉਹ ਤਪੇ ਫ਼ਰਸ਼ ਤੋਂ ਭੱਜ ਕੇ ਬੂਹੇ ਵੱਲ ਜਾਂਦੀ।ਫਿਰ ਮੈਂ ਤੇ ਨਿੱਕੇ ਵੀਰ ਨੇ ਮਿਲ ਕੇ ਉਹਦੇ ਚਾਰਾਂ ਪੈਰਾਂ ਹੇਠ ਰੂੰ ਦੇ ਗੋਲੇ ਬਣਾ ਕੇ ਬੰਨ੍ਹ ਦਿੱਤੇ।

ਸਫੇਦ ਲੰਮੇ ਲੰਮੇ ਵਾਲ ਉਹਦੀਆਂ ਅੱਖਾਂ ਢੱਕ ਲੈਂਦੇ,ਤੇ ਸੁੱਖ ਵੀਰ ਡਰਦਾ ਕਿਤੇ ਇਹ ਠੇਡਾ ਨਾ ਖਾ ਲਵੇ ਪਰ ਉਹਨੂੰ ਤਾਂ ਰੱਬ ਦੀਆਂ ਰੱਖਾਂ ਸੀ ਤੇ ਉਹ ਸਮਝਦੀ ਸੀ ਉਹ ਸਾਡੀ ਪਹਿਰੇਦਾਰ ਹੈ।ਦੋ ਤਿੰਨ ਮਹੀਨੇ ਬਾਦ ਅਸੀਂ ਉਸਦੇ ਵਾਲ ਕੱਟ ਕੇ ਨਿੱਕੇ ਕਰ ਦੇਂਦੇ, ਆਪਣੇ ਤੋਂ ਵੱਡੇ ਬਿੱਲੇ ਮਗਰ ਇੰਨੀ ਸਪੀਡ ਚ ਪੌੜੀਆਂ ਚੜ੍ਹ ਜਾਂਦੀ ਜੇ ਇਹਦਾ ਸ਼ਿਕਾਰ ਕਰ ਕੇ ਛਡਣਾ।ਕਦੇ ਵੀ ਬਿੱਲੀ ਉਹਦੇ ਕਾਬੂ ਨਾਂ ਆਉਂਦੀ ਤੇ ਅਸੀਂ ਵੇਖ ਕੇ ਲੋਟ ਪੋਟ ਹੁੰਦੇ।ਦੁੱਧ ਵਾਲੀ ਕਾੜ੍ਹਨੀ ਦੀ ਦਿਨੇ ਰਾਤ ਰਾਖੀ ਕਰਦੀ।

ਧਰਮ ਦੀ ਪੱਕੀ ਵੈਸ਼ਨੋ।ਸ਼ਇਦ ਤੁਹਾਨੂੰ ਯਕੀਨ ਨਾਂ ਆਵੇ ਪਰ ਇਹ ਸੱਚ ਹੈ ਕਿ ਉਹ ਮਾਸ ਅੰਡਾ ਨਹੀਂ ਸੀ ਖਾਂਦੀ ਤੇ ਪਤਾ ਨ੍ਹੀ ਉਹਨੂੰ ਕਿਵੇਂ ਪਤਾ ਲਗ ਜਾਂਦਾ ਸੀ,ਮੰਗਲਵਾਰ ਦਾ-ਉਹ ਵਰਤ ਰੱਖਦੀ ਸੀ।

( ਅੱਜ ਕਲ ਹੁੰਦੀ ਤੇ ਕਿਸੇ ਨੇ ਚੁੱਕ ਕੇ ਉਹਨੂੰ ਮੰਦਿਰ ਦੀ ਕਮਾਈ ਕਰਨ ਲਾ ਦੇਣਾ ਸੀ)

ਇਕ ਵਾਰ ਉਹਦੇ ਬੁਲ੍ਹ ਤੇ ਸ਼ਹਿਦ ਦੀ ਮੋਟੀ ਮੱਖੀ ਲਗ ਗਈ,ਅਸੀਂ ਤਿੰਨੇ ਭੈਣ ਭਰਾ ਉਹਦੇ ਮਗਰ ਮਗਰ ਕਿਤੇ ਲੜ ਨਾ ਜਾਏ ਪਰ ਉਹਨੂੰ ਸਾਡੇ ਤੇ ਇਤਬਾਰ ਹੀ ਨਹੀਂ ਸੀ ਕਿ ਅਸੀਂ ਉਹਨੂੰ ਬਚਾ ਸਕਦੇ ਹਾਂ,ਉਹ ਸਾਨੂੰ ਡਾਹੀ ਨਾਂ ਦੇ ਕੇ ਬੀਜੀ ਦੀ ਗੋਦੀ ਵਿੱਚ ਜਾ ਵੜੀ ਉਹ ਸੱਭ ਜਾਣਦੀ ਸੀ ਉਹਨੂੰ ਕੌਣ ਬਚਾ ਸਕਦਾ ਹੈ।ਬੀਜੀ ਦੇ ਹੱਥ ਸਵਾਹ ਵਾਲੇ ਸੀ,ਉਹਨਾਂ ਹੱਥਾਂ ਨਾਲ ਹੀ ਉਹਨਾਂ ਮੱਖੀ ਤੋੜ ਦਿੱਤੀ,ਪਰ ਉਹ ਡੰਗ ਮਾਰ ਚੁੱਕੀ ਸੀ,ਫਿਰ ਅਸੀਂ ਉਹਦੇ ਤੇਲ ਲਾਇਆ ਲੋਹਾ ਘਸਾਇਆ ਪਰ ਦੋ ਦਿਨ ਵਿਚਾਰੀ ਬੜੀ ਦੁਖੀ ਰਹੀ।

ਇਕ ਵਾਰ ਬੀਜੀ ਨੇ ਮੇਰਾ ਦੁਪੱਟਾ ਲੈ ਲਿਆ,ਪਹੁੰਚੇ ਖਿੱਚ ਛੱਡੇ ਉਹਨੇ ਬਈ ਇਹ ਲਾਹ ਦੇ ਇਹ ਤੇਰਾ ਨਹੀਂ,ਜਦ ਤੱਕ ਬੀਜੀ ਨੇ ਦੁਪੱਟਾ ਲਾਹ ਕੇ ਉਥੇ ਹੀ ਰੱਖ ਨਾਂ ਦਿੱਤਾ ਉਹਨੇ ਪਹੁੰਚਾ ਨਹੀਂ ਛੱਡਿਆ।

ਨਿੱਕੇ ਨਿਆਣਿਆਂ ਵਾਂਗੂ ਨਾਹਣ ਤੋਂ ਬਹੁਤ ਡਰਦੀ ਪਹਿਲਾਂ ਪਰ ਫਿਰ ਮਜੇ ਲੈਂਦੀ ਤੇ ਪਾਣੀ ਚੋਂ ਬਾਹਰ ਨਾਂ ਨਿਕਲਦੀ,ਇੰਨਾ ਮਛਰਦੀ ਪਾਣੀ ਵਿੱਚ ਕੇ ਸੁੱਖ ਉਹਦੇ ਮੂੰਹ ਤੇ ਛਿੱਕੀ ਪਾ ਦੇਂਦਾ।

ਕਿਸੇ **ਨੇ ਸਾਨੂੰ ਕਿਹਾ ਕਿ ਇਹਦੇ ਵਾਲ ਵਿਕ ਸਕਦੇ ਹਨ ਪਰ ਅਸੀਂ ਐਸਾ ਨਹੀਂ ਸੀ** ਚਾਹਾ।ਇਕ ਗਲ ਦਸਾਂ-ਉਂਜ ਤਾਂ ਜਰਾ ਜਿਹੇ ਖੜਾਕ ਤੇ ਐਂ ਭੱਜਦੀ ਸੀ,ਪਰ ਬੱਦਲ ਗਰਜਣ ਤੇ ਝੱਟ ਡਰ ਜਾਂਦੀ ਤੇ ਬੀਜੀ ਨੂੰ ਚਿੰਬੜ ਜਾਂਦੀ।ਯਕੀਨ ਜਾਣੋ ਦੀਵਾਲੀ ਦੀ ਰਾਤ ਨੂੰ ਜੂਲੀਆ ਬੀਜੀ ਦੀ ਗੋਦੀ ਚ ਭਿੱਜੀ ਬਿੱਲੀ ਬਣੀ ਪਈ ਰਹਿੰਦੀ।ਖੜਾਕ,ਉਂਚਾ ਬੋਲ,ਰੌਲਾ ਉਸਨੂੰ ਬਿਲਕੁਲ ਪਸੰਦ ਨਹੀਂ ਸੀ।ਤਾਸ਼ ਖੇਡਦੇ ਜਦੋਂ ਰੌਲਾ ਸੁਣਦੀ ਤੇ ਆਪਣੀ ਭਾਸ਼ਾ ਬੋਲਣ ਲਗ ਪੈਂਦੀ ਜਿਵੇਂ ਕਹਿ ਰਹੀ ਹੋਵੇ' ਨੋ ਨੌਇਸ,ਕੀਪ ਸਾਈਲੇਂਸ 'ਮੂੰਹ ਤੇ ਉਂਗਲੀ ਰਖੋ, ਮੁਰਗੇ ਬਣਜੋ।

ਨਿੱਕਾ ਵੀਰ ਉਹਨੂੰ ਘੱਟ ਹੀ ਪਿਆਰ ਕਰਦਾ ਸੀ,ਪਰ ਉਹ ਤੇ ਸੱਭ ਨੂੰ ਇਕ ਅੱਖ ਨਾਲ ਵੇਖਦੀ ਸੀ,ਉਹਦਾ ਧਿਆਨ ਖਿੱਚਣ ਲਈ,ਜੂਲੀਆ ਉਹਦੀਆਂ ਜੁਰਾਬਾਂ ਚੁਕ ਕੇ ਲੈ ਜਾਦੀ ਤੇ ਕੋਠੇ ਤੇ ਪਾੜ ਪੂੜ ਕੇ ਸੁੱਟ ਆਉਂਦੀ।ਫਿਰ ਉਹਦੇ ਤੋਂ ਮਾਰ ਖਾ ਕੇ ਰੁੱਸ ਰੁੱਸ ਬਹਿੰਦੀ।

ਕਦੇ ਬੀਮਾਰ ਹੋ ਜਾਦੀ ਤੇ ਆਪਣੀ ਤੀਮਾਰਦਾਰੀ ਆਪ ਹੀ ਕਰਦੀ।ਉਲਟੀ ਆਉਂਦੀ ਤੇ ਔਖੀ ਹੋ ਕੇ ਵੀ ਕੋਠੇ ਚੜ੍ਹ ਜਾਦੀ।

ਉਹ ਦਿਨ ਉਹਦਾ ਆਖਰੀ ਦਿਨ ਸੀ ਬਹੁਤ ਔਖੀ ਸੀ ਉਹਦੀ ਜਾਨ ਉਲਟੀ ਆਈ ਉਪਰ ਗਈ ਤੇ ਉਥੇ ਹੀ ਬੈਠੀ ਰਹੀ ਕਿਤੇ ਫਰਸ਼ ਗੰਦਾ ਨਾ ਹੋਵੇ ਕਿਤੇ ਉਹਨੂੰ ਕੋਈ ਫਿਟਕਾਰੇ ਨਾਂ,ਕਿਤੇ ਉਹਦੇ ਕੋਲੋ ਕੋਈ ਨਫ਼ਰਤ ਨਾ ਕਰੇ।ਤੇ ਫੇਰ..

ਮੂੰਹ ਪੂੰਝ ਕੇ ਨੀਚੇ ਆ ਗਈ ਤੇ ਸਵਾਸ ਛੱਡ ਦਿੱਤੇ,ਕੇਵਲ ਪੰਜ ਸਾਲ ਤੋਂ ਵੀ ਘੱਟ..ਕੀ

ਬਾਲ ਉਮਰੇ ਹੀ ਚਲੀ ਗਈ,ਅਸੀਂ ਕਈ ਦਿਨਾਂ ਤੱਕ ਉਦਾਸ ਰਹੇ।

ਮੈਂ ਪਰਾਏ ਘਰ ਦੀ ਹੋ ਚੁਕੀ ਸੀ,ਮੈਨੂੰ ਕਈ ਦਿਨਾਂ ਤੱਕ ਖਬਰ ਹੀ ਨਾ ਕੀਤੀ ਗਈ,ਉਸਦੇ ਤੁਰ ਜਾਣ ਦੀ,ਇਸ ਲਈ ਕਿ ਮੈਂ ਤੇ ਉਹਦੀ ਮੌਤ ਸੁਣ ਕੇ ਮਰ ਜਾਵਾਗੀ,ਪਰ ਮੈਂ ਤੇ ਅੱਜ ਵੀ ਜਿੰਦਾ ਹਾਂ,ਉਹ ਪਤਾ ਨਹੀਂ ਹੁਣ ਕਿਸਦੇ ਘਰ ਪੈਦਾ ਹੋਈ ਹੋਵੇਗੀ? ਬੀਜੀ ਨੇ ਉਸਨੂੰ ਮੇਰੀ ਚੁੰਨੀ ਵਿੱਚ ਲਪੇਟ ਦਿੱਤਾ ਤੇ ਦੋਂਵੇ ਨਿਕੇ ਵੀਰ ਉਸਨੂੰ ਦਫ਼ਨਾ ਆਏ।



ਜੂਲੀਆ ਆਪਣੀ ਹੈਸੀਅਤ ਬਾਖੂਬੀ ਜਾਣਦੀ ਸੀ,ਸਿਆਲ ਵਿੱਚ ਉਹ ਹਮੇਸ਼ ਮੇਰੇ ਪੈਰਾਂ ਵਲ ਮੇਰੀ ਰਜਾਈ ਕੋਲ ਪਾਵੇ ਤੇ ਸਿਰ ਟਿਕਾਈ ਰੱਖਦੀ ਪੂਰੀ ਰਾਤ।ਤੇ ਗਰਮੀ ਵਿੱਚ ਵੀ ਵਿਹੜੇ ਚ ਮੰਜੀ ਦੇ ਪਾਵੇ ਕੋਲ ਹੀ ਬਹਿ ਰਾਤ ਗੁਜਾਰਦੀ ਪਰ ਆਪਣੀ ਡਿਊਟੀ ਵਿੱਚ ਕੁਤਾਹੀ ਨਾਂ ਕਰਦੀ ਕਿਤੇ।

ਇਕ ਕੱਪ ਦੁੱਧ ਤੇ ਇਕ ਰੱਸ ਦਾ ਕਰਜ਼ ਖੂਬ ਚੁਕਾਇਆ ਮੇਰੀ ਜੂਲੀਆ ਨੇ।ਸ਼ਇਦ ਜੂਲੀਆ ਨੂੰ ਅਹਿਸਾਸ ਸੀ ਕਿ ਮੈਂ ਵੀ ਉਹਦੇ ਵਾਂਗ ਬੇਗਾਨੇ ਘਰ ਚਲੀ ਜਾਣਾ ਹੈ ਇਸੇ ਵਾਸਤੇ ਉਹ ਰਾਤ ਮੇਰੇ ਨਾਲ ਗੁਜਾਰਨਾ ਚਾਹੁੰਦੀ ਸੀ।ਮੇਰੀ ਤਨਹਾਈ ਦੀ ਸਾਥੀ ਜੋ ਸੀ।ਮੈਂ ਉਹਨੂੰ ਛੱਡਣ ਦੀ ਕੀਮਤ ਤੇ ਵਿਆਹ ਨਹੀਂ ਕਰਨਾ ਚਾਹੁੰਦੀ ਸੀ ਪਰ ਮੈਂ ਨਾਲ ਵੀ ਨਹੀਂ ਲਿਜਾ ਸਕਦੀ ਸੀ।

ਵਿਆਹ ਦੇ ਦਿਨਾ ਚ ਮੈਂ ਮੁੰਨਾ ਨੂੰ ਕਿਹਾ'ਮੁੰਨਾ ਤੂੰ ਵਿਆਹ ਚ ਸਾਡੇ ਘਰ ਨਹੀਂ ਆਉਣਾ ਬੱਸ ਜੂਲੀਆ ਦਾ ਪੂਰਾ ਧਿਆਨ ਰੱਖਣਾ ਹੈ।ਚਾਰ ਦਿਨਾ ਵਾਸਤੇ ਸੁੱਖ ਜੂਲੀ ਨੂੰ ਮੁੰਨਾ ਘਰ ਛੱਡ ਆਇਆ।ਮੁੰਨਾ ਦੀ ਵੱਡੀ ਭੈਣ ਨੇ ਉਸਨੂੰ ਜਾਲਮਾਂ ਤੋਂ ਜੀਅ ਜਾਨ ਨਾਲ ਬਚਾਈ ਰੱਖਿਆ,ਬੱਸ ਪਰਾਹੁਣੇ ਤੁਰਦੇ ਹੀ ਸੁੱਖ ਲੈਣ ਚਲਾ ਗਿਆ ਤੇ ਉਹ ਆਖਣ ਅਸੀਂ ਨ੍ਹੀ ਦੇਣੀ ਇਹ ਬੜੀ ਪਿਆਰੀ ਹੈ,ਸੁੱਖ ਉਥੇ ਹੀ ਬਹਿ ਗਿਆ।ਮੁੰਨਾ ਦੀ ਭੈਣ ਸਹੁਰੇ ਚਲੀ ਗਈ,ਜੂਲੀਆ ਆ ਗਈ,ਇੰਝ ਮਿਲੀ ਸੱਭ ਨੂੰ ਜਿਵੇਂ ਵਿਦੇਸ਼ੌਂ ਆਈ ਹੋਵੇ।ਮੈਨੂੰ ਲੱਭੇ ਸਾਰੇ ਘਰ ਚ,ਬੀਜੀ ਦੇ ਪੈਰਾਂ ਤੇ ਪੰਜੇ ਮਾਰੇ ਜਿਵੇਂ ਪੁਛ ਰਹੀ ਹੋਵੇ ਕਿਥੇ ਈ ਮੇਰੀ ਭਾਗੀਦਾਰ।ਮੈਂ ਘਰ ਗਈ ਤੇ

ਮੇਰੇ ਪੈਰ ਚੱਟ ਚੱਟ ਨਿਹੋਰੇ ਕੀਤੇ,ਉਹ ਸਮਝਦੀ ਸੀ ਕਿ ਮੈਂ ਵੀ ਉਹਦੇ ਤੋਂ ਵਿਛੜ ਉਦਾਸ

ਹਾਂ,ਇਕੋ ਜਿਹੀ ਕਿਸਮਤ ਤੇ ਮਿਲ ਕੇ ਰੋਈਆਂ ਅਸੀਂ।

ਤੇ ਬੀਜੀ ਨੇ ਉਹਦੇ ਤੇ ਮੇਰੀ ਲਾਲ ਚੁੰਨੀ ਪਾ ਦਿੱਤੀ ਤੇ ਸੁੱਖ ਵੀਰ ਉਹਨੂੰ ਆਪ ਚੁੱਕ ਕੇ ਦੂਰ ਟੋਆ ਪੁੱਟ ਕੇ ਦੱਬ ਅਇਆ।ਦੋ ਦਿਨ ਤੱਕ ਘਰ ਚ ਖਾਣ ਪੀਣ ਭੁੱਲਿਆ ਰਿਹਾ।

ਜਦ ਵੀ ਕੋਈ ਸਫੇਦ ਪਿੱਲਾ ਵੇਖੀਦਾ ਹੈ ਤੇ ਜੂਲੀਆ ਬਹੁਤ ਯਾਦ ਆਓਦੀ ਹੈ,ਤੇ ਲਗਦਾ ਹੈ,

ਜਿਵੇਂ ਉਹ ਸਾਨੂੰ ਦੁਆ ਦੇ ਗਈ ਹੋਵੇ—

" ਹਾਂ ਤੁਮ ਮੁਝੇ ਯੂੰ ਭੁਲਾ ਨਾ ਪਾਓਗੇ " । ਅਹ ਜੂਲੀਆ ਅਸੀ ਤੈਨੂੰ ਨਹੀਂ ਭੁਲਾ ਸਕੇ ।.....

## ''ਨਵੀਂ ਕਹਾਣੀ ਉਰਲੀਆਂ ਪਰਲੀਆਂ''

ਸਾਸੂ ਮਾਂ,ਨੂੰਹ ਰਾਣੀ,ਇਹ ਕਹਾਣੀ ਰੋਜ਼ ਨਵੀਂ ਰੋਜ਼ ਪੁਰਾਣੀ"

ਰਾਣੀ ਤੇ ਉਸਦੀ ਸੱਸ ਬੈਠੀਆਂ ਟੀ .ਵੀ. ਵੇਖਦੀਆਂ ,ਰਾਣੀ ਨਾਲ ਨਾਲ ਕਪੜੇ ਪਰੈਸ ਕਰੀ ਜਾਂਦੀ ਤੇ ਉਸਦੀ ਸੱਸ ਬੱਚਿਆਂ ਦੇ ਕਮੀਜ਼ਾਂ ਦੇ ਟੁੱਟੇ ਬਟਨ ਤੇ ਹੋਰ ਮੁਰੰਮਤ ਕਰੀ ਜਾਂਦੀ ਇਕ ਇਕ ਪਲ ਦਾ ਭਰਪੂਰ ਇਸਤੇਮਾਲ।ਫਿਰ ਬਾਨੋ ( ਰਾਣੀ ਦੀ ਸੱਸ) ਸਭਜੀ ਕੱਟਣ ਲਗ ਪਈ।

ਇੰਨੇ ਨੂੰ ਡੋਰ ਬੈੱਲ ਹੋਈ।ਰਾਣੀ ਨੇ ਦਰਵਾਜਾ ਖੋਲਿਆ,ਜੀਤਾਂ,ਬਾਨੋਂ ਦੀ ਸਹੇਲੀ ਆਈ ਸੀ,ਉਹ ਆਂਟੀ' ਨਮਸਤੇ' ਬੁਲਾ ਅੰਦਰ ਲੈ ਗਈ।ਰਾਣੀ ਨੇ ਚਾਹ ਪੁਛੀ ਤਾਂ ਬਾਨੋ ਬੋਲੀ,

ਮੈਂ ਚਾਹ ਬਣਾ ਲੈਨੀ ਹਾਂ ਤੂੰ ਕਪੜੇ ਪਰੈੱਸ ਕਰ ਲੈ,ਬਿਜਲੀ ਦਾ ਕੀ ਪਤਾ"

ਬਾਨੋ ਚਾਹ ਬਣਾਉਣ ਚਲੀ ਗਈ,।ਜੀਤਾਂ ਰਾਣੀ ਨੂੰ ਮੁਖਾਤਿਬ ਹੋਈ,

'ਮੈਨੂੰ ਤੇਰੇ ਵਰਗੀ ਨੂੰਹ ਚਾਹੀਦੀ ਸੀ,ਤੂੰ ਮੇਰੀ ਨੂੰਹ ਹੁੰਦੀ ਤਾਂ ਮੇਰਾ ਸਰਵਣ ਪੁੱਤਰ...

( ਇੰਨੇ ਨੂੰ ਬਾਨੋ ਕੋਲ ਆ ਗਈ)

ਜੀਤਾਂ-ਮੈਂ ਤੇ ਸੋਚਿਆ ਸੀ ਨੂੰਹ ਆਜੇਗੀ ਤੇ ਮੈਂ ਵੀ ਚਾਰ ਦਿਨ ਸੁੱਖ ਵੇਖ ਲਵਾਂਗੀ,ਪਰ ਇਥੇ ਤਾਂ ਜਿਵੇਂ ਬਾਜੀ ਪੁੱਠੀ...ਮਜਾਲ ਐ ਕਿਤੇ ਮੈਂ ਵੀ ਘੜੀ ਪਲ ਬਹਿ ਕੇ ਟੀ.ਵੀ ਤੇ ਸੰਸਕਾਰ ਵੇਖ ਲਵਾਂ,ਕਿਸੇ ਭੈਣ ਭਰਾ ਦਾ ਹਾਲ ਪੁੱਛ ਆਵਾਂ।ਸਾਹਜਰੇ ਉੱਠ ਮੈਂ ਦਰਬਾਰ ਜਾਨੀ ਆਂ,ਉਹ ਸਵਾਣੀ ਬੱਸ ਮਸੇ ਮਸੇ ਛੇ ਵਜੇ ਉਠਦੀ ਨੌਂ ਵਜੇ ਤੱਕ ਸੱਭ ਨੇ ਤੁਰਨਾ ਹੁੰਦੈ ਨਿਆਣਿਆਂ ਨੂੰ ਸਕੂਲ ਤੋਰ ਘਰਵਾਲੇ,ਸਹੁਰੇ ,ਦੇਵਰ ਦੇ ਨਾਸ਼ਤਾ ਕਰਾ ਡੱਬੇ ਬੰਨ੍ਹ ਕੇ ਤੋਰ ਦੇਂਦੀ,ਤੇ ਮੇਰਾ ਫੁਲਕਾ ਰੱਖ ,ਆਪ ਵੀ ਪਰਸ ਲਟਕਾ ਤੁਰ ਜਾਂਦੀ।ਮੈਂ ਫੁਲਕਾ ਛੱਕਦਿਆਂ ਮਾੜਾ ਮੋਟ ਟੀਵੀ ਵੇਖਣਾ ਤੇ ਇੰਨੇ ਨੂੰ ਸਤਿਸੰਗ ਦਾ ਟੈਮੰ ਹੋ ਜਾਂਦਾ, ਮੈਂ ਉਧਰ ਵੀ ਜਾਣਾ।

ਪਿਛੈ ਜੋ ਹੋਇਆ ਸੋ ਗਿਆ,ਅੱਗਾ ਤੇ ਸਵਾਰ ਲਵਾਂ,ਧਰਮਰਾਜ ਕੋਲ ਕਿਹੜਾ ਮੂੰਹ ਲੈ ਕੇ ਜਾਣਾ।ਆਂਢ ਗੁਆਂਢ, ਸਹੇਲੀ, ਭੈਣ ਦਾ ਦੁੱਖ ਸੁੱਖ ਪੁਛਣਾ ਵੀ ਜਰੂਰੀ,ਭੈਣ ਭਰਾ ਦੇ ਸੋਗ ਭੋਗ ਤੇ ਵੀ ਮੈਂ ਹੀ ਮਰਨਾ,ਓ ਸਵਾਣੀ ਨੀ੍ ਕਿਤੇ ਜਾਣਾ।



ਛੇ ਵਜੇ ਆਉਂਦੀ ਕਦੇ ਰਸੋਈ ਤੇ ਕਦੇ ਗੁਸਲਖਾਨੇ,ਮੈਂ ਰੋਟੀ ਖਾ ਕੇ ਪਾਰਕ ਵਿੱਚ ਚੱਕਰ ਵੀ ਲਾ ਆਉਨੀ ਆਂ,ਐਸ ਉਮਰ ਵਿੱਚ ਨੀਂਦ ਕਿਹੜਾ ਆਉਂਦੀ,ਪਰ ਉਹਨੂੰ ਕੀ ਲਗੇ ਬਾਰਾਂ ਵਜੇ ਤੱਕ ਠੱਕ ਟੱਕ ਲਾਈ ਰੱਖਦੀ,ਕੰਮ ਈ ਕਿਹੜਾ?ਸੱਤ ਤਾਂ ਜੀਅ ਸਾਰੇ ਕਿਹੜਾ ਟੱਬਰ ਦੀ ਲਾਮ ਲੱਗੀ,ਪਰ ਉਹ ਤੇ ਰੀਂ ਰੀਂ ਕੀੜੀ ਵਾਂਗੂ,ਸੁਸਰੀ ਦੀ ਤੋਰ ਇਹ ਨਹੀਂ ਭੀ ਭੋਰਾ ਛੇਤੀ ਹੱਥ ਮਾਰ ਲਵੇ,ਮੁੰਡਾ ਵਿਆਹਿਆ ਸੀ ਬਈ ਚਾਰ ਦਿਨ ਮੈਂ ਵੀ ਜੂਨ ਸਵਾਰ ਲੂੰ ! ਸਾਰੇ ਸਿੜੀ ਸਿਆਪੇ ਮੇਰੇ ਜੋਗੇ!ਮੁੰਡਾ ਤੇ ਹੁਣ ਵੀ ਜਿੰਨੇ ਜੋਗਾ ਬੜੀ ਸੇਵਾ ਕਰਦਾ,ਸਵੇਰੇ ਬਿਸਤਰੇ ਤੇ ਚਾਹ ਪੁਚਾ ਦੇਂਦਾ,ਰਾਤ ਨੂੰ ਦਵਾ ਵੀ ਖਵਾ ਦੇਂਦਾ,ਸਰਹਾਣੇ ਪਾਣੀ ਰੱਖ ਹਾਲ ਪੁੱਛ ਕੇ ਸੌਣ ਜਾਂਦਾ,ਪਰ ਕੀ ਮਜਾਲ ਮਾਂ ਦੀ ਧੀ ਜੇ ਕਿਤੇ ...

ਬਾਨੋ.ਤੂੰ ਤੇ ਮੋਤੀ ਦਾਨ ਕੀਤੇ ਜੋ ਤੈਨੂੰ ਇਹੋ ਜਿਹੀ ਨੂੰਹ ਮਿਲੀ,ਜੈਸੀ ਸੂਰਤ,ਵੈਸੀ ਸੀਰਤ,

ਚਲਦੀ ਹਾਂ ਅਜੇ ਮੈਂ ਭਰਜਾਈ ਵੱਲ ਵੀ ਜਾਣਾ,ਮੇਰੇ ਵੀਰ ਨੂੰ ਵੀ ਜਮਾਂ ਰਾਣੀ ਵਰਗੀ ਨੂੰਹ ਮਿਲੀ ਘਰ ਭਰ ਗਿਆ ਦਹੇਜ ਨਾਲ,ਦਫ਼ਤਰ ਜਾਣ ਤੋਂ ਪਹਿਲਾਂ ਸਾਹਜਰੇ ਉੱਠ ਸਾਰਾ ਕੰਮ ਕਰ ਲੈਂਦੀ,ਤੇ ਮੁੜ ਕੇ ਆ ਕੇ ਐਨ ਟੈੰਮ ਤੇ ਥਾਂ ਥਾਂ ਫੁਲਕਾ ਮਿਲ ਜਾਂਦਾ ਸੱਭ ਨੂੰ,ਪਰ ਮੇਰੀ ਭਾਬੀ ਨੂੰ ਭੱਲ ਨੀ੍ ਪਚੀ,ਆਪਣੀ ਪੀੜ੍ਹੀ ਹੇਠ ਸੋਟਾ ਨੀ੍ ਫੇਰਦੀ,।

ਬਾਨੋ-ਐਸੀ ਗਲ ਤੇ ਨੀ੍ ਜੀਤਾਂ,ਬੜੀ ਵਧੀਆ ਨਿਭ ਰਹੀ ਉਹਨਾਂ ਦੇ ਘਰ,ਪੂਰੀ ਸ਼ਾਂਤੀ ਹੈ

ਰਹਿਣ ਦੇ ਬਾਨੋ,ਬੱਸ ਢਕੀ ਰਿੱਜੈ,ਤੇ ਕੋਈ ਨਾਂ ਬੁੱਝੇ',ਚਲਦੀ ਹਾਂ ਬੋਲਦੀ ਬੋਲਦੀ ਜੀਤਾਂ

ਆਪਣਾ ਬੈਗ ਚੁੱਕ ਬਾਹਰਲੇ ਗੇਟ ਵੱਲ ਤੁਰ ਪਈ

ਤੇ ਬਾਨੋ ਉਹਨੂੰ ਬਾਏ ਆਖ

ਅੰਦਰ ਆ ਦੁਪਹਿਰ ਦੀ ਰੋਟੀ ਪਾਣੀ ਆਣ ਲਗੀ,ਰਾਣੀ ਵੀ ਕਪੜਾ ਲੱਤਾ ਸੰਭਾਲ,ਉਸ ਨਾਲ ਆ ਰਲੀ।

ਚਲਦੇ ਚਲਦੇ---ਕਭੀ ਫੁਰਸਤ ਮੇਂ ਖੁਦ ਸੇ ਮਿਲੇਂਗੇ,

ਕਹਤੇ ਹੈਂ ਲੋਗ ਕਿ ਹਮ ਬੜੇ ਵੋ ਹੈਂ।

## "ਗੋਦੜੀ ਦਾ ਲਾਲ" 15-10 1931---27-7-2015

ਏ. ਪੀ .ਜੇ. ਅਬੱਦੁਲ ਕਲਾਮ

"ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ"।

ਜਿੰਨੇ ਅੱਖਰ ਉਸਦੇ ਨਾਮ ਵਿੱਚ ਹਨ,ਠੀਕ ਉਤਨੇ ਹੀ ਵਿਅਕਤੀਤੱਵ ਉਸ ਵਿਅਕਤੀ ਵਿੱਚ ਹਨ,ਉਤਨੀਆਂ ਹੀ ਸਖ਼ਸ਼ੀਅਤਾਂ ਇਕ ਸਖ਼ਸ਼ ਵਿੱਚ ਹਨ। ਤੇ ਇਹ ਹੈ' ਕਲਾਮ'

" ਵੱਨ ਮੈਨ ਆਰਮੀ" ।

ਪਿਤਾ ਪੁਰਖੀ ਮਛੇਰਾ ਤੇ ਮੱਛੀਆਂ ਤੇ ਸਵਾਰੀਆਂ ਨੂੰ ਆਰ ਪਾਰ ਲਾਉਣ ਵਾਲਾ ਮਲ੍ਹਾਹ ਇਕੀਵੀਂ ਸਦੀ ਦੇ ਬਚਪਨ ਵਿੱਚ ਐਵਰੇਸਟ ਦੀ ਬੁਲੰਦੀ ਭਰਨ ਵਾਲਾ ਤੇ ਜਵਾਨਾਂ ਦੇ ਕਰੀਅਰ ਦਾ ਮਲ੍ਹਾਹ ਹੋ ਨਿਬੜਿਆ।ਇਕ ਅਧਿਆਪਕ ਜੋ ਅਪਨੇ ਕਿੱਤੇ ਨੂੰ ਸਮਰਪਿਤਸੀ ਤੇ ਜਿਸਨੂੰ ਆਪਣੇ ਵਿਦਿਆਰਥੀਆਂ ਵਿਚੋਂ ਆਪਣੇ ਖਾਬ ਪੂਰੇ ਕਰਾਉਣ ਦਾ ਚਾਅ ਸੀ।

ਉਹਦੀ ਖਾਹਿਸ਼ ਸੀ ਕਿ- ਮੈਂ ਇਕ ਟੀਚਰ ਹਾਂ ਤੇ ਮੇਰੀ ਇਹੋ ਪਹਿਚਾਨ ਜਾਣੀ ਜਾਵੇ'।

ਉਸਨੇ ਕਦੀ ਨਾਂ ਸੋਚਿਆ ਸੀ ਕਿ ਰਾਜਨੀਤੀ ਵਿੱਚ ਆਵੇ।ਦੇਸ਼ ਦੇ ਸੱਭ ਤੋਂ ਉੱਚ ਅਹੁਦੇ ਤੇ ਬੈਠ ਵੀ ਉਹ ਰਾਜਨੀਤਕ ਨਾਂ ਬਣ ਸਕਿਆ,ਅਲਬੱਤਾ ਰਾਜਨੈਤਿਕ ਬਣ ਵਿਚਰਿਆ।

ਉਸਦਾ ਆਪਣੇ ਵਿਦਿਆਰਥੀਆਂ ਨੂੰ ਸੰਦੇਸ਼ ਸੀ ਕਿ ਨਾਂਮੁਮਕਿਨ ਵਰਗਾ ਕੁਝ ਨਹੀਂ ਹੁੰਦਾ ਮਿਸਾਇਲਾਂ ( ਮੁਸ਼ਕਲਾਂ ਮਸਲੇ) ਨੂੰ ਦੱਸ ਦਿਓ ਅਸੀਂ ਤੇਰੇ ਤੋਂ ਵੱਡੀ ਮਿਸਾਇਲ ਹਾਂ।

ਰੱਬ ਨੇ ਕਦੀ ਵੀ ਮਨੁੱਖ ਦੇ ਦਿਮਾਗ ਤੋਂ ਵੱਡੀ ਮੁਸ਼ਕਲ ਮਨੁੱਖ ਨੂੰ ਨਹੀਂ ਦਿੱਤੀ।

ਆਕਾਸ਼ਵਾਣੀ ਉਰਦੂ ਸਰਵਿਸ ਤੋਂ ਸੁਣਿਆ ਕਿ ' ਜਿਸ ਦਿਨ ਉਹ ਸ਼ਲੌਂਗ/ਆਸਾਮ ਵਿੱਚ ਤਕਰੀਰ ਕਰਨ ਗਏ ਇਕ ਕਮਾਂਡੋ ਜੋ ਕਾਫੀ ਦੇਰ ਤੋਂ ਖੜਾ ਸੀ,ਇਕ ਹੋਰ ਨੂੰ ਬੁਲਾ ਕੇ ਕਮਾਂਡੋ ਨੂੰ ਸੁਨੇਹਾ ਭੇਜਿਆ,'ਕਿ ਜਵਾਨ ਤੂੰ ਬਹੁਤ ਦੇਰ ਤੋਂ ਖੜਾ ਹੈਂ ਬੈਠ ਜਾਓ'

ਐਸਾ ਉਸ ਲਈ ਮੁਮਕਿਨ ਤਾਂ ਨਹੀਂ ਸੀ ਨਾ.।.ਤਕਰੀਰ ਤੋਂ ਬਾਦ ਕਲਾਮ ਜੀ ਨੇ ਆਸਨ ਲਿਆ ਤਾਂ ਉਸ ਕਮਾਂਡੋ ਨੂੰ ਆਪਣੇ ਕੋਲ ਬੁਲਾਇਆ ਤੇ ਉਸ ਵੱਲ ਪਿਆਰ ਭਰੀ ਨਿਗਾਹ ਸੁੱਟ ਕੇ ਪੁਛਿਆ,"ਆਰ ਯੂ. ਓ.ਕੇ."।?।

ਉਹ ਕਿਹਾ ਕਰਦੇ ਸਨ ਕਿ ਮੇਰੀ ਸੁਰੱਖਿਆ ਲਈ ਕਿਸੇ ਹੋਰ ਦੀ ਜਾਨ ਜੋਖ਼ਮ ਵਿੱਚ ਨਾਂ ਪਾਈ ਜਾਵੇ।



ਜਦੋਂ ਉਹਨਾਂ ਨੂੰ ਰਾਸ਼ਟਰਪਤੀ ਬਣਾਇਆ ਗਿਆ,ਤਦ ਗੱਡੀਆਂ ਉਹਨਾ ਦਾ ਸਮਾਨ ਲੈਣ ਪੁਜੀਆਂ,ਕਲਾਮ ਜੀ ਨੇ ਆਪਣਾ ਇਕ ਅਟੈਚੀ ਰੱਖ ਕੇ ਕਿਹਾ,'ਮੇਰੇ ਕੋਲ ਬੱਸ ਇਹੋ ਸਮਾਨ ਹੈ'।ਤੇ ਪੰਜ ਸਾਲ ਬਾਦ ਜਦ ਉਹ ਵਾਪਸ ਗਏ ਤਾਂ ਇਕੋ ਅਟੈਚੀ ਉਹਨਾਂ ਕੋਲ ਸੀ।

ਕਲਾਮ ਬੇਸ਼ੱਕ ਇਨਕਲਾਬੀ ਨਹੀਂ ਸੀ ਫਿਰ ਵੀ ਉਹ ਭਗਤ ਸਿੰਘ ਦੀ ਵਿਚਾਰਧਾਰਾ ਦੇ ਹਾਮੀ ਸੀ ਕਿ,ਦੇਸ਼ ਵਿਚੋਂ ਆਰਥਿਕ ਨਾਂਬਰਾਬਰੀ ਦਾ ਅੰਤ ਹੋ ਜਾਵੇ।ਜੋ ਕੋਈ ਵੀ ਸਮਾਜ ਭਲਾਈ ਦਾ ਕੰਮ ਕਰਦਾ ਉਸਦੀ ਉਹ ਆਪ ਪੁੱਜ ਕੇ ਸ਼ਲਾਘਾ ਕਰਦੇ,ਤੇ ਉਸਦੇ ਚੰਗੇ ਗੁਣ ਅਪਨਾ ਲੈਂਦੇ।

ਸੰਤ ਬਾਬਾ ਸੀਚੇਵਾਲ ਨੂੰ ਆਪ ਮਿਲਣ ਆਏ,ਜੋ ਕਿ ਉਹਨਾਂ ਦੇ ਸੱਭ ਬਰਾਬਰ ਹੋਣ ਦੀ ਮਿਸਾਲ ਹੈ ਤੇ ਉਹਨਾਂ ਦੀ ਸਖ਼ਸ਼ੀਅਤ ਨੂੰ ਹੋਰ ਵੱਡਾ ਕਰਦੀ ਝਲਕ ਹੈ।

ਉਹਨਾਂ ਦਾ ਕੌਲ ਹੈ ਕਿ ਖਾਬ ਜਰੂਰ ਦੇਖੋ,ਖਾਬ ਨਹੀਂ ਦੇਖੋਗੇ ਤੋ ਤਰੱਕੀ ਕਿਵੇਂ ਕਰੋਗੇ।ਉਹ ਕਹਿੰਦੇ ਹਨ," ਖਾਬ ਵੋ ਨਹੀਂ ਜੋ ਨੀਂਦ ਮੇਂ ਆਏ,ਖਾਬ ਵੋ ਦੇਖੋ ਜੋ ਸੋਨੇ ਨਾ ਦੇਂ"।

ਪਰੇਸ਼ਾਨੀਆਂ ਦਾ ਸਾਮਨਾ ਇੰਝ ਕਰੋ,ਕਿ ਪਰੇਸ਼ਾਨੀਆਂ ਤੁਮਹੇਂ ਸ਼ਿਕਸਤ ਨਾ ਦੇ ਪਾਏਂ'।

ਕਲਾਮ ਜੀ ਨੇ ਬਹੁਤ ਸਾਰੀਆ ਕਿਤਾਬਾ ਲਿਖੀਆਂ,ਜਿਹਨਾਂ ਚੋਂ ਕਈ ਦੇ ਪੰਜਾਬੀ ਤਰਜਮੇਂ ਵੀ ਹੋ ਚੁਕੇ ਹਨ। ਅਹਿਮ ਕਿਤਾਬ 'ਵਿਜ਼ਨ ਟਵੰਟੀ ਟਵੰਟੀ'ਉਹ ਆਪਣੇ ਦੇਸ਼ ਨੂੰ 2020 ਤੱਕ ਸਿਖਿਆ ਅਤੇ ਸਿਹਤ ਦੇ ਖੇਤਰ ਵਿੱਚ ਦੁਨੀਆਂ ਦਾ ਮੋਂਢੀ ਵੇਖਣਾ ਲੋਚਦੇ ਸਨ।ਇਲਮ ਤੇ ਹੁਨਰ ਹਾਸਲ ਕਰਨ ਲਈ ਨੌਜੁਆਨਾਂ ਨੂੰ ਪ੍ਰੇਰਦੇ ਤੇ ਉਤਸ਼ਾਹਤ ਕਰਦੇ।ਬੱਚਿਆਂ ਵਿੱਚ ਬਹਿ ਕੇ ਉਹਨਾਂ ਨੂੰ ਮਿਹਨਤ ਕਰਨ ਅਤੇ ਚੰਗੇ ਸੰਸਕਾਰਾਂ ਦੀ ਸਿਖਿਆ ਦੇਂਦੇ।

ਬੇਸ਼ੱਕ ਉਹਨਾਂ ਨੇ ਮਿਜ਼ਾਈਲ ਬਣਾਈ ਪਰ ਉਹ ਸਦਾ ਨਾਲਜ ਨੂੰ ਸੁਪਰ ਪਾਵਰ ਮੰਨਦੇ ਸਨ

" ਨਾਂ ਹਿੰਦੂ ਨਾਂ ਸਿੱਖ ਨਾਂ ਈਸਾਈ ਮੁਸਲਮਾਨ

ਉਹ ਤਾਂ ਹੈ ਚਤੁਰ ਸੁਜਾਨ

ਏ.ਪੀ.ਜੇ. ਅਬਦੁੱਲ ਕਲਾਮ ਇਕ ਮੁਕੰਮਲ ਇਨਸਾਨ"।

ਮਨੁੱਖ ਦੇ ਬਨਾਉਟੀ ਅੰਗ ਬਣਾਏ,ਮਨੁੱਖੀ ਦਿਲ ਨੂੰ ਕਾਇਮ ਰੱਖਣ ਲਈ ਸਟੰਟ ਬਣਾਇਆ ਤੇ ਕਈ ਲਾਚਾਰਾਂ ਨੂੰ ਜੀਵਨ ਦਿੱਤਾ,ਪਰ ਆਪਣੇ ਹੀ ਦਿਲ ਨੂੰ ਸੰਭਾਲਣ ਲਈ ਰੱਬ ਨੇ ਮੌਕਾ ਨਾਂ ਦਿੱਤਾ।

ਕਲਾਮ ਨੇ ਕਿਹਾ ਸੀ ਮੇਰੀ ਮੌਤ ਤੇ ਛੁੱਟੀ ਨਾ ਕਰਨਾ,ਕੰਮ ਕਰਨਾ ਰੋਜ਼ ਨਾਲੋਂ ਵੱਧ ਕੰਮ ਕਰਨਾਂ,ਤੇ ਉਹਦੇ ਉਪਾਸਕਾਂ ਤੇ ਸ਼ਗਿਰਦਾਂ ਨੇ ਅਜਿਹਾ ਹੀ ਕੀਤਾ,ਦੂਰ ਦੁਰਾਡੇ ਜਿਥੈ ਵੀ ਸੀ

" ਹੱਥ ਕਾਰ ਵੱਲ ਤੇ ਚਿੱਤ ਕਲਾਮ ਵੱਲ"।

ਨਮਰ,ਨਿਰਛੱਲ,ਨਿਰਵੈਰ,ਨਿਰਪੱਖ,ਨਿਸਵਾਰਥ,ਨਿਰਭਓ,ਵਿਸਵਾਸਪਾਤਰ,ਮਸੀਹਾ,ਕਿਆ ਕਿਆ ਨਹੀਂ ਸੀ ਉਸਦੀ ਸਖ਼ਸ਼ੀਅਤ ਵਿੱਚ,ਏਕ ਆਕਾਰ ਅਨੇਕ ਸਖ਼ਸ਼ੀਅਤ,ਇਕ ਵਿਅਕਤੀ,ਅਨੇਕ ਵਿਅਕਤਤੱਵ।

ਜਦ ਉਹ ਅਧਿਆਪਕ ਸਨ ਤੇ ਉਹਨਾਂ ਦੀ ਕਲਾਸ ਵਿੱਚ ਕੋਈ ਵਿਦਿਆਰਥੀ ਦੇਰ ਨਾਲ ਪੁਜਦਾ ਤੇ ਇਸ ਤੋਂ ਪਹਿਲਾਂ ਕਿ ਉਹ ਅਸਕਿਉਜ਼ ਕਰਦਾ,ਕਲਾਮ ਪੁਛਦੇ'ਆਰ ਯੂ ਓ,ਕੇ?

ਉਹ ਦੂਸਰੇ ਦੀ ਮਜਬੂਰੀ ਸਮਝਦੇ ਤੇ ਬਣਦੀ ਮਦਦ ਵੀ ਕਰਦੇ।

ਉਹ ਚਾਹੁੰਦੇ ਤੇ ਆਪਣੇ ਰਿਸ਼ਤੇਦਾਰਾਂ ਤੇ ਸਕਿਆਂ ਨੂੰ ਬਹੁਤ ਕੁਝ ਸਰਕਾਰ ਤੋਂ ਦਿਵਾ ਸਕਦੇ ਸਨ,ਪਰ ਉਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੇ ਇਲਾਕਾ ਨਿਵਾਸੀ ਕਿਰਤ ਤੋ ਭੱਜ ਜਾਣ।

ਉਹ ਨਹੀਂ ਸੀ ਚਾਹੁੰਦੇ ਕਿ ਮੁਫ਼ਤ ਸਹੂਲਤਾਂ ਵਸੂਲ ਕੇ ਜਵਾਨ ਆਲਸੀ ਤੇ ਖੁਦਗਰਜ਼ ਹੋ ਜਾਣ,ਦੇ ਨਾਲ ਅਮਲੀ ਨਸ਼ਈ ਹੋ ਜਾਣ।ਅੱਜ ਵੀ ਉਹਨਾਂ ਦੇ ਪਿੰਡ ਦੇ ਲੋਕ ਅਨੇਕ ਦੁਸ਼ਵਾਰੀਆਂ ਦਾ ਸਾਮਨਾ ਕਰਦੇ,ਦਸਾਂ ਨਹੁੰਆਂ ਦੀ ਕਿਰਤ ਨਾਲ ਆਪਣਾ ਸੁਥਰਾ ਜੀਵਨ ਗੁਜਾਰ ਰਹੇ ਹਨ।ਇਸਦੀ ਜਿੰਦਾ ਮਿਸਾਲ ਹੈ,ਕਿ ਉਹਨਾਂ ਦੇ ਜੱਦੀ ਘਰ ਵਿੱਚ ਅੱਜ ਵੀ

ਬਿਜਲੀ ਨਹੀਂ ਹੈ।

ਕਲਾਮ ਸਾਹਬ ਦੋ ਵਾਰ ਪੰਜਾਬ ਆਏ,ਇਕ ਵਾਰ ਅਪਨੇ ਅਹੁਦੇ ਦਰਮਿਆਨ ਤੇ ਦੂਜੀ ਵਾਰ ਅਹੁਦਾ ਛਡਣ ਬਾਦ।ਕਲਾਮ ਜੀ ਬਾਬਾ ਸੀਚੇਵਾਲ ਨੂੰ ਮਿਲ ਕੇ ਗਏ ਤੇ ਉਸਦੇ ਕਾਲੀ ਵੇਂਈ ਜੋ ਗੁਰੂਨਾਨਕ ਨਾਲ ਸੰਬੰਧਤ ਹੈ ਦੀ ਸਫਾਈ ਕਰਾਉਣ ਦਾ ਵੱਡਾ ਕੰਮ ਕਰਨ ਤੇ ਬਾਬਾ ਸੀਚੇਵਾਲ ਨੂੰ ਆਨ੍ਹਰ ਕੀਤਾ,ਤੇ ਦੂਸਰੇ ਸੂਬਿਆਂ ਨੂੰ ਵੀ ਨਦੀਆਂ ਨਾਲੇ ਸਾਫ ਕਰਨ ਲਈ ਪ੍ਰੇਰਿਤ ਕੀਤਾ। ਕਲਾਮ ਜੀ ਗੁਰੂਨਾਨਕ ਨੂੰ ਬਹੁਤ ਮੰਨਦੇ ਸਨ,ਗੁਰੂਨਾਨਕ ਜੀ ਦੀ ਰਚਨਾ'ਜਪੁਜੀ ਸਾਹਿਬ'ਦਾ ਉਹਨਾਂ ਨੇ ਮੁਤਾਲਿਆ ਕਰਕੇ ਉਸਤੋਂ ਵਿਗਿਆਨਕ ਸੇਧ ਲਈ

ਕਲਾਮ ਜੀ ਦੇ ਜਨਮ ਸਥਾਨ ਰਾਮੇਸ਼ਰਮ ਤੋਂ ਸਿੱਧਾ ਰਸਤਾ ਸ੍ਰੀ ਲੰਕਾ ਜਾਂਦਾ ਹੈ ਤੇ ਬਾਬਾ ਨਾਨਕ ਇਸੀ ਰਸਤੇ ਸ੍ਰੀ ਲੰਕਾ ਦੀ ਉਦਾਸੀ ਤੇ ਗਏ ਸਨ।ਇਸ ਤੇ ਕਲਾਮ ਜੀ ਆਪਣੇ ਪਿੰਡ ਦੀ ਧਰਤੀ ਤੇ ਫ਼ਖ਼ਰ ਮਹਿਸੂਸ ਕਰਦੇ ਸਨ ਕਿ ਇਸ ਧਰਤੀ ਨੂੰ ਗੁਰੂ ਨਾਨਕ ਸਾਹਬ ਜਿਹੇ ਅਵਤਾਰ ਦੇ ਚਰਨ ਛੂਹ ਪ੍ਰਾਪਤ ਹੈ।

ਐਸੀ ਬੇਨਜ਼ੀਰ ਸਖ਼ਸ਼ੀਅਤ ਸਦੀਆਂ ਬਾਦ ਉਦੈ ਹੁੰਦੀ ਹੈ।



"ਹਜਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ,

ਤਬ ਕਹੀਂ ਜਾ ਕੇ ਚਮਨ ਮੇਂ ਹੋਤਾ ਹੈਂ 'ਦੀਦਾਵਰ,'ਪੈਦਾ"।

ਖ਼ਵਰੇ ਧਰਤੀ ਮਾਂ ਦੀ ਕਿੰਨੇ ਸਾਲ ਦੀ ਤਪਸਿਆ ਦਾ ਵਰ ਹੋਵੇਗਾ ਏ. ਪੀ. ਜੇ. ਅਬਦੁੱਲ ਕਲਾਮ- ਐ ਕਲਾਮ ਤੈਨੂੰ ਲੱਖ ਸਲਾਮ ॥

।ਉਸ ਮਾਂ ਨੂੰ ਪ੍ਰਨਾਮ ਹੈ,ਸਲਿਉਟ ਹੈ ਉਸ ਬਾਪ ਨੂੰ ਜਿਹਨਾਂ ਇਹ ਹੀਰਾ ਸਾਡੇ ਦੇਸ਼ ਨੂੰ ਦਿੱਤਾ।

ਵਿਦਵਾਨ ਕਹਿੰਦੇ ਨੇ ਆਮ ਹਾਲਾਤ ਵਿੱਚ ਇਕ ਵਿਅਕਤੀ ਆਪਣੇ ਦਿਮਾਗ ਦਾ ਕੇਵਲ 20% ਵਰਤਦਾ ਹੈ,ਅਤੇ ਬਹੁਤੀ ਵਾਰ 5% ਤੱਕ ਹੀ ਸੀਮਤ ਰਹਿੰਦਾ ਹੈ,ਪਰ ਕਲਾਮ ਜੀ ਆਪਣੇ ਦਿਮਾਗ ਦਾ ਅੱਸੀ ਪ੍ਰਤੀਸ਼ਤ ਉਪਯੋਗ ਕਰਦੇ ਸਨ,ਇਸ ਲਈ ਵੀ ਵਿਲੱਖਣ ਹਨ।

" ਐ ਕਲਾਮ ਤੈਨੂੰ ਲੱਖ ਕਰੋੜ ਸਲਾਮ "।

" ਦੇਸ਼ ਕੇ ਨਾਮ ਸੇ ਵਾਬਸਤਾ ਜਬ ਸੇ ਤੇਰਾ ਨਾਮ ਹੂਆ

ਦੇਸ਼, ਵਿਦੇਸ਼ ਮੇਂ, ਹਰ ਦਿਲ ਮੇਂ,

ਤੇਰੇ ਨਾਮ ਕੋ ਪ੍ਰਨਾਮ ਹੂਆ।

## “ਖੈਰ ਹੋਵੇ“

ਰੱਬਾ ਖੈਰ ਕਰੀਂ,ਖੈਰ ਰੱਖੀਂ, ਰੱਬ ਖੈਰ ਕਰੇਗਾ

–

ਇਸ ਤਰਾਂ ਦੀ ਦੁਆ ਅਕਸਰ

ਦਿਮਾਗ,ਦਿਲ ਚ ਆਉਂਦੀ ਰਹਿੰਦੀ ਹੈ।

ਦਾਦਾ ਦਾਦੀ ਪੂਰੇ ਘਰ ਲਈ ਖੈਰ ਮੰਗਦੀ ਹੈ।

ਮਾਂ ਆਪਣੇ ਬਚਿਆਂ ਦੀ ਖੈਰ ਲਈ ਦੁਆਵਾਂ ਮੰਗਦੀ ਹੈ

ਪਤਨੀ ਆਪਣੇ ਪਤੀ ਦੀ ਹਮੇਸ਼ ਖੈਰ ਮੰਗਦੀ ਹੈ

‘ਟਾਂਗੇ ਵਾਲਾ ਸਵਾਰੀ ਦੀ ਖੈਰ ਮੰਗਦੈ’

ਮਹਿਬੂਬਾ ਆਪਣੇ ਮਾਸ਼ੂਕ ਦੀ ਖੈਰ........

‘ਖੈਰ ਮੰਗਾਂ, ਸੋਹਣਿਆ ਮੈਂ ਤੇਰੀ,ਦੁਆ ਨਾ ਕੋਈ ਹੋਰ ਮੰਗਦੀ’।

ਮੰਗਤੇ ਦਾ ਖੈਰ ਮੰਗਣਾ ਉਸਦੀ ਆਪਣੀ ਕਿਸਮ ਹੈ।

ਲੰਘਦਾ ਮੁਹੱਲੇ ਦਾ ਬਜੁਰਗ ਜਾਂਦਾ ਜਾਂਦਾ-ਓਏ ਜਵਾਨਾ ਤਕੜੈਂ?

ਹਾਂ ਬਾਪੂ ਸੱਭ ਰਾਜ਼ੀ

ਹਲਾ,ਖੈਰੀਂ ਸੱਲਾ ਬਾਪੂ ਦੁਆ ਦੇ ਜਾਂਦਾ।

ਕੁਵੇਲੇ ਕਾਂ ਬਨੇਰੇ ਤੇ ਬੋਲੇ-ਰੱਬ ਖੈਰ ਕਰੇ

ਰਾਤ ਨੂੰ ਕੁੱਤੇ ਦੇ ਰੋਣ ਦੀ ਆਵਾਜ਼ ਸੁਣੇ-ਰੱਬ ਖੈਰ ਕਰੇ-

ਬਿੱਲੀ ਰਸਤਾ ਕੱਟ ਜਾਵੇ,-ਰੱਬ ਖੈਰ ਕਰੇ..

ਬੂਹੇ ਬਾਹਰ ਪੈਰ ਰੱਖਿਆ,ਛਿੱਕ ਵੱਜ ਗਈ-ਰੱਬ ਖੈਰ ਕਰੇ



ਕੁਵੇਲੇ ਫੋਨ ਦੀ ਘੰਟੀ ਵੱਜੀ-ਰੱਬਾ ਖੈਰ ਹੋਵੇ ਸਹੀ...

ਖੈਰ ਕਰੀਂ ਰੱਬਾ ਖੈਰ....

“ ਫੁਲ ਲਗ ਗਏ ਕਿਕਰਾਂ ਨੂੰ,

ਉਹਨਾਂ ਦੀ ਵੀ ਖੇਰ ਹੋਵੇ

ਜਿਹੜੇ ਭੁੱਲ ਗਏ ਮਿਤਰਾਂ ਨੂੰ:॥

“ ਫੂਲੋਂ ਸੇ ਮੁਖੜੇ ਵਾਲੀ,ਨਿਕਲੀ ਏਕ ਮਤਵਾਲੀ

ਗੁਲਸ਼ਨ ਕੀ ਕਰਨੇ ਸੈਰ-

“ ਖੁਦਾਇਆ ਖੈਰ,ਖੁਦਾਇਆ ਖੇਰ’॥

## “ਕਿਨੇ ਖੱਤ”

ਯਾਦਾਂ ਦੇ ਖੋਖੇ ਵਿੱਚ ਕਿਨੇ ਖੱਤ ਪਏ ਨੇ,
ਦੂਰ ਪਿਛੇ ਦੇਖਿਆ,ਝੱਟ ਲੱਭ ਪਏ ਨੇ।

ਖੱਤ ਜੋ ਤੂੰ ਸੀ ਮੈਨੂੰ ਲਿਖੈ,
ਖੱਤ ਜੋ ਮੈਂ ਸੀ ਤੈਨੂੰ ਲਿਖੇ॥

ਕੁਝ ਖੱਤ ਆਸ ਦੇ ਨੇ, ਕੁਝ ਖੱਤ ਅਹਿਸਾਸ ਦੇ ਨੇ,
ਕੁਝ ਖੱਤ ਪਿਆਸ ਦੇ ਨੇ। ਕੁਝ ਖੱਤ ਧਰਵਾਸ ਦੇ ਨੇ।

ਕੁਝ ਖੱਤ ਤੇਰੇ ਆਉਣ ਦੀਆਂ ਤਰੀਕਾਂ ਦੇ ਨੇ, ਕੁਝ ਖੱਤ ਤੇਰੀ ਉਡੀਕ ਦੀਆਂ ਲੀਕਾਂ ਦੇ ਨੇ।
ਕਿਨੇ ਹੀ ਖੱਤਾਂ ਵਿੱਚ ਸ਼ਿਕਵੇ ਸਕਾਇਤਾਂ ਨੇ, ਉਨੇ ਹੀ ਖੱਤਾਂ ਵਿੱਚ ਤੇਰੀਆਂ ਮੁਹੱਬਤਾਂ ਨੇ।
ਯਾਦਾਂ ਦੇ ਖੋਖੇ ਵਿੱਚ ਕਿਨੇ ਖੱਤ ਪਏ ਨੇ, ਦੂਰ ਪਿਛੇ ਦੇਖਿਆ,ਖੱਤ ਹੀ ਖੱਤ ਪਏ ਨੇ।

ਇਕ ਖੱਤ ਵਿਚ ਗੁਲਾਬ ਦੀ ਮਹਿਕ ਉੱਗੀ ਹੈ,
ਅੱਜ ਫੇਰ ਤੇਰੇ ਮਿਲਾਪ ਦੀ ਚਹਿਕ ਉੱਗੀ ਹੈ।

ਕੁਝ ਖੱਤ ਸੁਰਮਈ ਸ਼ਾਮ ਦੀਆਂ ਬਾਤਾਂ ਦੇ ਨੇ,
ਕੁਝ ਖੱਤ ਚਾਨਣੀਆਂ ਰਾਤਾਂ ਦੇ ਨੇ, ਤੇ



ਕੁਝ ਖੱਤ ਰੌਸ਼ਨ ਸਵੇਰੇ ਦੀਆਂ ਝਾਤਾਂ ਨੇ।
ਕੁਝ ਸੁਪਨਿਆ ਦੇ ਖੱਤ ,ਕੁਝ ਮੰਜਲਾਂ ਦੇ ਖੱਤ
ਕੁਝ ਫਿਰਾਕ ਦੇ ਖੱਤ,ਕੁਝ ਵਸਲਾਂ ਦੇ ਖੱਤ,

ਕੁਝ ਖੱਤ ਜੋ ਯਾਦਾਂ ਦੀ ਪਟਾਰੀ ਚ ਸੰਭਾਲੇ ਪਏ ਨੇ,
ਕੁਝ ਉਹ ਵੀ ਜੋ ਅਲਮਾਰੀ ਚ ਸੰਭਾਲੇ ਪਏ ਨੇ।
ਇਹ ਖੱਤ ਮੇਰੀ ਕੁੱਲ ਕਾਇਨਾਤ
ਇਹ ਖੱਤ ਮੇਰਾ ਸਰਮਾਇਆ ਨੇ।
ਕੁਝ ਖੱਤ ਤੇਰੇ ਲਾਰਿਆਂ ਨਾਲ ਰੰਗੇ ਨੇ,
ਕੁਝ ਖੱਤ ਵਾਅਦਿਆਂ ਦੇ ਡੰਗੇ ਨੇ।
ਕੁਝ ਖੱਤ ਅਣ ਲਿਖੇ ਨੇ,
ਕੁਝ ਖੱਤ ਡਾਕੇ ਨਹੀਂ ਪਾਏ।

ਜੀ ਉਡਦਾ ਹੈ ਮੇਰਾ ਇਹ ਖੱਤ ਲਿਖ ਡਾਕੇ ਪਾ ਦਿਆਂ,
ਉਤੇ ਲਿਖ ਸਿਰਨਾਵਾਂ,ਸੱਜਣਾਂ ਦੇ ਪਾਸੇ ਪਾ ਦਿਆਂ।

ਜਦ ਕੋਈ ਨੀ ਹੁੰਦਾ ਮੇਰੇ ਕੋਲ,
ਕੁਝ ਖੱਤ ਹੁੰਦੇ ਨੇ ਮੇਰੇ ਕੋਲ।
ਕਿੰਨ੍ਹੇ ਖੱਤ ਹੁੰਦੇ ਨੇ ਮੇਰੇ ਕੋਲ।
ਤੇਰੇ ਖੱਤ ਹੁੰਦੇ ਨੇ ਮੇਰੇ ਕੋਲ।

## "ਕਿਸਮਤ ਪੁੜੀਆਂ"

ਝਲ ਝਲ਼ ਕਰਦੀ ਝਾਲਰਾਂ ਵਾਲੀ ਫਰਾਕ ਪਾਈ ਉਹ ਨਿਕੀ ਜਿਹੀ ਕੁੜੀ ਉਸ ਲੜਕੇ ਨਾਲ ਸਾਡੇ ਗੇਟ ਤੇ ਖੜੀ ਸੀ,ਜਿਸਦਾ ਵਿਆਹ ਇਕ ਮਹੀਨਾ ਵੀ ਨਹੀਂ ਸੀ ਚਲਿਆ ਤੇ ਨਾਂ ਹੀ ਉਹਨਾਂ ਦੇ ਘਰ ਵਿੱਚ ਕੋਈ ਇੰਨੀ ਛੋਟੀ ਬੱਚੀ ਸੀ।ਨ੍ਹੰਨੀ ਪਰੀ ਨੂੰ ਬਿੱਲੇ ਨਾਲ ਵੇਖ ਕੇ ਮੈਨੂੰ ਹੈਰਾਨੀ ਹੋ ਰਹੀ ਸੀ।ਅੰਦਰ ਬਿਠਾ ਕੇ

ਮੈਂ ਪੁਛਿਆ,'ਬਿੱਲੇ' ਇਹ ਇੰਨੀ ਪਿਆਰੀ ਬੱਚੀ ਕਿਥੋਂ ਚੁੱਕ ਲਿਆਇਐਂ?

ਬਿੱਲਾ-ਇਹ ਮੈਂ ਰੱਖ ਲਈ ਹੈ ਆਪਣੀ ਬਣਾ ਲਈ ਹੈ,ਇਹ ਮੇਰੀ ਕੁੜੀ ਹੋ ਗਈ ਹੈ।

ਮੈਂ-ਕੀ ਮਤਲਬ,? ਮੈਂ ਪੁਛਿਆ-

ਹਾਂ ਜੀ ਇਹ ਮੇਰੀ ਧੀ ਹੈ ਹੁਣ ।ਮੇਰੀ ਭੂਆ ਦੇ ਲੜਕੇ ਮੇਰੇ ਵੀਰ ਦੇ ਘਰ ਇਹ ਤੀਜੀ ਕੁੜੀ ਜੰਮ ਪਈ ਤਾਂ ਉਹ ਰੋਣ ਪਿਟਣ ਲਗ ਪਏ ਮੇਰੀ ਭਾਬੀ ਮੇਰੀ ਭੂਆ ਤੇ ਮੇਰੀ ਦਾਦੀ ਤੇ ਮੇਰਾ ਵੀਰ ਇਸ ਬੱਚੀ ਨੂੰ ਮਾਰਨ ਦੀ ਸਕੀਮ ਬਣਾਉਣ ਲਗੇ ਮੈਂ ਸੁਣ ਲਿਆ ਤੇ ਮੈਂ ਆਪਣੇ ਘਰ ਲੈ ਆਇਆ,ਹੁਣ ਇਹ ਸਾਢੇ ਚਾਰ ਸਾਲ ਦੀ ਹੋ ਗਈ ਹੈ ਤੇ ਦਸ਼ਮੇਸ਼ ਅਕੇਡਮੀ ਪੜ੍ਹਨ ਪਾ ਦਿੱਤੀ ਹੈ।ਮੇਰੀ ਜਾਨ ਹੈ ਇਹ,ਬੇਟੀ ਦਾ ਹੱਥ ਚੁੰਮਦੇ ਉਹ ਬੋਲਿਆ।

ਮੈਂ-ਇਸਦੀ ਪਾਲਣਾ ਕਿਵੇਂ ਕੀਤੀ ਤੂੰ ਬਿੱਲੇ ?

ਨਹੀਂ ਮੰਮੀ ਨੇ ਭੈਣਾ ਨੇ ਸਾਡੇ ਪਰਿਵਾਰ ਚ ਇਸਨੂੰ ਮੇਰੀ ਧੀ ਬਣਾ ਕੇ ਹੀ ਪਾਲਣ ਪੋਸ਼ਣ ਕੀਤਾ ਗਿਆ ਹੈ,ਸਾਨੂੰ ਕਦੇ ਕੋਈ ਵੀ ਨਹੀਂ ਲਗਾ ਇਹ ਕਿਤੇ ਹੋਰ ਦੀ ਹੈ,ਉਸ ਆਖਿਆ

ਉਸ ਬੱਚੀ ਦੀ ਸੋਹਣੀ ਸਿਹਤ ਤੇ ਸੋਹਣਾ ਰੰਗ ਢੰਗ ਵੇਖ ਕੇ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਇਹ ਕੁੜੀ ਵਾਕਿਆ ਹੀ ਕਿਸਮਤ ਪੁੜੀ ਹੈ।

2 ਮੇਰੀ ਉਸ ਪਰਿਵਾਰ ਨਾਲ ਕਦੀ ਰੂ ਬਰੂ ਮੁਲਾਕਾਤ ਨਹੀਂ ਹੋਈ,ਹਾਂ ਉਹ ਮੇਰੇ ਫੋਨਿਕ ਦੋਸਤ ਹਨ।

'ਸ਼ਾਮ ਨੂੰ ਘਰ ਵਾਪਸੀ ਤੇ ਮੇਰੇ ਦਸਤਕ ਤੇ ਮੇਰੀ ਬੇਟੀ ਦੌੜੀ ਆਉਂਦੀ ਹੈ,ਉਸਦਾ ਮਾਸੂਮ ਖਿਲਿਆ ਖਿਲਿਆ ਚਿਹਰਾ ਵੇਖ ਕੇ ਮੇਰੀ ਰੂਹ ਖਿੜ ਜਾਂਦੀ ਹੈ,ਮੈਂ ਬੂਹੇ ਤੇ ਜੁੱਤੀ ਝਾੜਦਾ ਹਾਂ,ਆਪਣੇ ਕਪੜੇ ਝਾੜਦਾ ਹਾਂ ਤਾਂ ਕਿ ਬਾਹਰ ਦੀ ਅਛੂਤ ਧੂਲ਼ ਮਿੱਟੀ ਮੇਰੀ ਧੀ ਨੂੰ ਨਾਂ ਛੂਹ ਲਵੇ,ਉਸਦੇ ਸਿਰ ਤੇ ਹੱਥ ਰੱਖ ਅਸੀਂ ਘਰ ਅੰਦਰ ਤੁਰ ਜਾਂਦੇ ਹਾਂ।ਸਾਡਾ ਨਿੱਕਾ ਜਿਹਾ ਅੱਧਾ ਕੱਚਾ ਪੱਕਾ ਘਰ ਮੈਨੂੰ'ਚਾਤ੍ਰਿਕ'ਦੇ



ਸੁਰਗੀ ਜਿਉੜੈ ਵਰਗਾ ਲਗਦਾ ਹੈ।ਅਕਸਰ ਮੈਂ ਸੋਚਦਾਂ ਜੇ ਇਹ ਬੱਚੀ ਸਾਡੀ ਜਿੰਦਗੀ ਚ ਨਾਂ ਆਉਂਦੀ ਤਾਂ ਸ਼ਾਇਦ ਅਸੀਂ ਢੰਗ ਨਾਲ ਜਿਉਣਾ ਵਿਸਰ ਜਾਂਦੇ।

,ਉਸਦੀ ਜਬਾਨ ਚੋਂ ਆਪਣੀ ਧੀ ਨਾਲ ਪਿਆਰ ਡੁਲ੍ਹ ਡੁਲ੍ਹ ਪੈ ਰਿਹਾ ਸੀ,ਤੇ ਉਹ ਖੁਸ਼ ਖਿਆਲੀ ਚ ਜਿਵੇਂ ਖੀਵਾ ਹੋ ਰਿਹਾ ਸੀ।

ਕੀ ਤੁਹਾਡੀ ਇਹ ਬੱਚੀ ਤੁਹਾਡੀ ਇਕੋ ਇਕ ਔਲਾਦ ਹੈ? ਮੈਂ ਮਲਕੀਤ ਨੂੰ ਪੁਛਿਆ—

ਜੀ ਨਹੀਂ ਮੇਰੇ ਦੋ ਬੇਟੇ ਇਸ ਨਾਲੋਂ ਵੱਡੇ ਹਨ।

ਦੋ ਮੁੰਡਿਆਂ ਦੇ ਫੈਸ਼ਨ ਵਿੱਚ ਤੇ ਭਰੂਣ ਹੱਤਿਆ ਦੇ ਇਸ ਦੌਰ ਵਿੱਚ ਤੁਸੀਂ ਤੀਜੀ ਔਲਾਦ ਤੇ ਉਹ ਵੀ ਕੁੜੀ ਪਾਕੇ ਇੰਨੀ ਖੁਸ਼ੀ—ਤੁਸੀਂ ਵਧਾਈ ਦੇ ਪਾਤਰ ਹੋ,'ਮੈਂ ਕਿਹਾ'।

'ਨਾਂ ਜੀ ਸਾਡੀ ਤਾਂ ਫੇਮਿਲੀ ਪਲੈਨਿੰਗ ਸੀ,ਇਹ ਤੇ ਜਿਵੇਂ ਤਲਿਸਮ ਆਇਆ ਹੈ ਸਾਡੇ ਘਰ" ਉਸ ਆਖਿਆ=

ਖੁਲ੍ਹ ਕੇ ਦਸੋ,ਮੈਨੂੰ ਅਚਵੀ ਜਿਹੀ ਲਗ ਗਈ ਪੂਰਾ ਕਿੱਸਾ ਜਾਣਨ ਦੀ-

ਮਲਕੀਤ--ਮੇਰੇ ਵੀਰ ਦੀਆਂ ਤਿੰਨ ਕੁੜੀਆਂ ਸੀ,ਮੇਰੀ ਭਾਬੀ ਉਠਦੇ ਬੈਠਦੇ ਕੁੜੀਆਂ ਨੂੰ ਕੋਸਦੀ ਰਹਿੰਦੀ।ਇਕ ਦਿਨ ਸਕੂਲੋਂ ਛੁਟੀ ਹੋਣ ਤੇ ਇਹ ਅੱਧਵਿਚਲੀ ਕੁੜੀ ਬਸਤੇ ਸਮੇਤ ਸਾਡੇ ਘਰ ਆ ਗਈ ਤੇ ਫਿਰ ਕਦੀ ਆਪਣੀ ਮਾਂ ਕੋਲ ਨਹੀਂ ਗਈ।ਉਦੋਂ ਇਹ ਚੌਥੀ ਜਮਾਤ ਵਿੱਚ ਪੜ੍ਹਦੀ ਸੀ।ਇਸਦੇ ਆਉਣ ਨਾਲ ਸਾਡੇ ਪਰਿਵਾਰ ਵਿੱਚ ਸਵਰਗੀ ਸਕੂਨ ਆ

ਗਿਆ।ਇਸਦਾ ਅੰਨ ਜਲ ਸਾਡੇ ਘਰ ਲਿਖਿਆ ਸੀ ਸਾਨੂੰ ਕਦੇ ਕੋਈ ਥੋੜ੍ਹ ਨਹੀਂ ਆਈ

ਤੇ ਇਹ ਆਪਣਾ ਨਸੀਬ ਲੈ ਲਵੇਗੀ।

ਮੈਂ—ਤੇ ਤੁਹਾਨੂੰ ਚਾਹੀਦਾ ਸੀ ਤੁਸੀਂ ਉਹਨਾਂ ਨੂੰ ਬਦਲੇ ਚ ਆਪਣਾ ਇਕ ਬੇਟਾ ਦੇ ਦੇਂਦੇ।

ਮਲਕੀਤ-ਜੇ ਐਸਾ ਵਿਚਾਰਿਆ ਜਾਂਦਾ ਤਾਂ ਸਾਨੂੰ ਕੋਈ ਇਤਰਾਜ਼ ਨਾਂ ਹੁੰਦਾ।ਪਰ ਉਹਨਾਂ ਨੇ ਮੰਗ ਹੀ ਨਾਂ ਕੀਤੀ,ਇਹੋ ਕਿਹਾ ਕਿ ਬੇਗਾਨਾ ਆਪਣਾ ਪੁੱਤ ਨਹੀਂ ਬਣ ਸਕਦਾ।

ਮੈਂ-ਤੇ ਤੁਹਾਨੂੰ ਇਹ ਕੁੜੀ ਬੇਗਾਨੀ ਨਾਂ ਲਗੀ।ਤੁਹਾਡੀ ਬੀਵੀ ਨੇ ਇਤਰਾਜ਼ ਨਾਂ ਕੀਤਾ?

ਮਲਕੀਤ—ਕੁੜੀਆਂ ਤੇ ਬੇਗਾਨਾ ਧਨ ਹੁੰਦਾ ਹੈ,ਬੇਸ਼ੱਕ, ਪਰ ਇਹ ਸਾਨੂੰ ਬਹੁਤ ਪਿਆਰੀ ਲਗਦੀ ਹੈ,ਦੋਨੋ ਵੀਰ ਇਸਨੂੰ ਰੱਜਵਾ ਪਿਆਰ ਦੇਂਦੇ ਹਨ।ਤੇ ਮੇਰੀ ਪਤਨੀ ਨੇ ਤਾਂ ਨਾਂ ਪਹਿਲੇ ਦਿਨ ਤੇ ਨਾਂ ਅੱਜ ਉਹਨੂੰ ਕਦੇ ਉੱਚਾ ਨਹੀਂ ਬੋਲਿਆ।ਉਹ ਬਹੁਤ ਸਾਦਾ ਦਿਲ ਵਾਲੀ ਹੈ ਉਹ ਸਮਝਦੀ ਹੈ ਇਹ

ਪਿਛਲੇ ਜਨਮ ਚ ਸਾਡੇ ਤੋਂ ਵਿਛੜ ਗਈ ਸੀ ਜੋ ਹੁਣ ਮਿਲ ਗਈ ਹੈ,ਇਹ ਦੈਵੀ ਦੇਵੀ ਆਈ ਹੈ ਸਾਡੇ ਘਰ।ਉਹ ਤਾਂ ਸਾਡੇ ਤੋਂ ਪਹਿਲਾਂ ਇਸਦੀ ਹਰ ਮੰਗ ਪੂਰੀ ਕਰ ਦਿੰਦੀ ਹੈ।ਹੁਣ ਬੇਟੀ ਪਲੱਸ ਟੂ ਚ ਹੋ ਗਈ ਹੈ।ਜਿਨਾਂ ਪੜ੍ਹੇਗੀ ਪੜ੍ਹਾਵਾਂਗੇ ਅਸੀਂ।

ਮੈਨੂੰ ਲਗਾ ਇਸ ਕੁੜੀ ਨੇ ਆਪਣੀ ਕਿਸਮਤ ਬਦਲ ਛਡੀ ਹੈ,।

3. ਸਾਡੇ ਮੁਹੱਲੇ ਦਾ ਇਹ ਪਰਿਵਾਰ-ਛੋਟੀ ਉਮਰ ਵਿੱਚ ਹੀ ਛੇ ਪੋਤੇ ਪੋਤੀਆਂ ਦੀ ਦਿਆਲੂ ਨਰਮ ਜਿਹੀ ਦਾਦੀ ਨਿਰਮਲਾ'-ਦੇ ਪੰਦਰਾਂ ਦਿਨ ਵਿੱਚ ਦੋਨਾਂ ਪੁਤਰਾਂ ਦੇ ਘਰ ਤੀਜਾ ਤੀਜਾ ਬੱਚਾ-ਇਕ ਦੇ ਤੀਜਾ ਮੁੰਡਾ ਤੇ ਦੂਜੇ ਦੇ ਤੀਜੀ ਕੁੜੀ।ਕੁੜੀਆਂ ਵਾਲੀ ਮਾਂ ਨੂੰ ਮੂੰਡਿਆਂ ਵਾਲੀ ਨਾਲ ਈਰਖਾ ਹੋ ਰਹੀ ਸੀ ਤੇ ਉਹ ਰੱਬ ਨੂੰ ਕੋਸ ਰਹੀ ਸੀ,ਉਸਦੀ ਮਾਂ ਸਰਹਾਣੇ ਬੈਠੀ ਨਵਜੰਮੀ ਨੂੰ ਫਿਟਕਾਰਾਂ ਪਾ ਰਹੀ ਸੀ।ਨਵਜੰਮੀ ਦਾ ਪਿਓ ਸਿਰ ਸੁੱਟੀ ਮੱਥਾ ਫੜੀ ਬੈਠਾ ਸੀ ਤਦੇ ਹੀ ਨਿਰਮਲਾ ਨੇ ਆਪਣੇ ਪੁੱਤ ਦਾ ਨਿਮੋਝੂਣਾ ਮੂੰਹ ਵੇਖ ਕੇ ਕਿਹਾ'ਨਾਂ ਬੇਟਾ ਰੱਬ ਦਾ ਜੀਅ ਹੈ,ਆਪਾਂ ਉਹਦਾ ਭਾਣਾ ਮੰਨਣਾ ਹੈ'।ਤੂੰ ਮਨ ਹੌਲਾ ਨਾ ਕਰ ਮੈਂ ਇਸਦਾ ਵਿਆਹ ਕਰਾਂਗੀ

4. ।(ਕੁਝ ਮਿੰਟ ਪਹਿਲਾਂ ਜੰਮੀ ਕੁੜੀ ਦੇ ਵਿਆਹ ਦੀ ਗਲ ਤੇ ਸਾਰੇ ਹੱਸ ਪਏ ਤੇ ਮਾਹੌਲ ਕੁਝ ਬਦਲਿਆ)ਕੁੜੀਆਂ ਦੀ ਮਾਂ ਕੁੜੀ ਨੂੰ ਸਵੀਕਾਰਨ ਲਈ ਆਪਣ ਮਨ ਨਹੀਂ ਬਣਾ ਰਹੀ ਸੀ,ਲਗਦਾ ਸੀ ਕਿ ਉਹ ਇਸਨੂੰ ਮਾਰਨ ਦੀ ਚਾਲ ਘੜ ਰਹੀ ਸੀ।ਨਿਰਮਲਾ ਨੇ ਉਸਨੂੰ ਲਿੰਗ ਟ੍ਰੇਸਟ ਨਹੀਂ ਸੀ ਕਰਾਉਣ ਦਿੱਤਾ।

ਨਿਰਮਲਾ ਮੈਨੂੰ ਮਿਲੀ ਤੇ ਮੈਂ ਐਂਵੇ ਹੀ ਉਹਨਾਂ ਦੇ ਘਰੇਲੂ ਮਾਮਲੇ ਚ ਟੰਗ ਅੜਾ ਲਈ।

"ਭੈਣ ਜੀ ਇਕ ਹੀ ਖੂਨ ਹੈ,ਤੁਸੀਂ ਮਾਵਾਂ ਬਦਲ ਦਿਓ,ਇਸ ਤਰਾਂ ਦੋ ਵੀਰਾਂ ਦਾ ਇਕ ਭੈਣ ਦਾ ਚਾਅ ਤੇ ਦੋ ਭੈਣਾਂ ਦਾ ਇਕ ਵੀਰ ਦਾ ਚਾਅ ਪੂਰਾ ਹੋ ਜਾਵੇਗਾ

ਨਿਰਮਲਾ ਨੇ ਅੱਖ ਚੁੱਕੀ ਤੁਰੰਤ ਝੁਕਾ ਲਈ,ਸ਼ਾਇਦ ਇਹ ਸਹਿਮਤੀ ਦਾ ਇਸ਼ਾਰਾ ਸੀ

ਉਸਨੇ ਇਹ ਮਸ਼ਵਰਾ ਪਰਿਵਾਰ ਵਿੱਚ ਧਰ ਦਿੱਤਾ।ਦੋਨੌ ਪੁੱਤਰ ਝੱਟ ਬੋਲ ਪਏ'ਬਿਲਕੁਲ ਸਹੀ'।

ਮੁੰਡੇ ਦੀ ਨਾਨੀ ਨੇ ਪੰਦਰਾਂ ਦਿਨ ਦਾ ਬੱਚਾ ਝਪਟ ਮਾਰ ਚੁੱਕ ਲਿਆ,ਵੱਡੀਆਂ ਵੱਡੀਆਂ ਪੁਲਾਂਘਾਂ ਪੁੱਟ ਕਮਰੇ ਚੋਂ ਬਾਹਰ ਹੋ ਕੇ ਚੀਕਣ ਲਗੀ,ਅਸੀਂ ਕਿਉਂ ਲਈਏ 'ਕੁਲੱਛਣੀ'

ਤੇ ਉਹ ਪੰਦਰਾਂ ਦਿਨ ਦਾ ਬੱਚਾ ਮਾਂ ਦੀ ਵੱਖੀ ਨਾਲੋਂ ਤੋੜ ਆਪਣੇ ਘਰ ਲੈ ਗਈ ਤੇ ਤਿੰਨ ਮਹੀਨੇ ਤੱਕ ਪਾਲ ਕੇ ਕਈ ਸ਼ਰਤਾਂ ਨਾਲ ਉਸਦੇ ਮਾਪਿਓ ਦੀ ਮੁੜ ਝੋਲੀ ਪਾਇਆ।



ਨਿਰਮਲਾ ਨੇ ਕੁੜੀ ਨੂੰ ਚੰਗੇ ਸਕੂਲ ਪੜ੍ਹਨ ਪਾਇਆ,ਕੁੜੀ ਨੂੰ ਰੱਬ ਨੇ ਦੋ ਦਿਮਾਗ ਲਾ ਕੇ ਧਰਤੀ ਤੇ ਤੋਰਿਆ ਸੀ,ਸੱਤ ਸਾਲ ਦੀ ਉਮਰ ਵਿੱਚ ਉਸਨੂੰ ਸਕੂਲ ਨੇ ਪੰਜਵੀ ਦੇ ਇਮਤਿਹਾਨ ਚ ਬੈਠਣ ਦਾ ਇਨਾਮ ਦੇ ਦਿੱਤਾ,ਨਕਦ ਵਜੀਫ਼ਾ ਵੀ ਮਿਲਦਾ ਹੈ,ਤੇ ਦਾਦੀ ਨੇ ਆਪਣੀ ਪੈਨਸ਼ਨ ਚੋਂ ਕੀਤੀ ਬੱਚਤ ਦੀ ਵ੍ਹੀਹ ਸਾਲਾ ਐਫ.ਡੀ.ਵੀ ਉਸਦੇ ਨਾਮ ਕਰਾਈ ਹੈ।ਮਾਂ ਤੇ ਨਾਨੀ ਦੀ ਜਹਾਲਤ ਨੇ ਅੱਜੇ ਵੀ ਉਸਨੂੰ ਨਹੀਂ ਅਪਨਾਇਆ ਪਰ ਘਰ ਦੇ ਬਾਕੀ ਜੀਆਂ ਦੀ ਦੁਲਾਰੀ ਹੈ ਉਹ।ਗੋਰੀ ਚਿੱਟੀ ਬੱਚੀ ਸੂਰਤ ਤੇ ਸੀਰਤ ਦੀ ਧਨੀ ਹੈ ਤੇ ਆਪਣੀ ਕਿਸਮਤ ਬਣਾਉਣ ਵੱਲ ਤੇਜੀ ਨਾਲ ਦੌੜ ਰਹੀ ਹੈ।

5. ਬਲਬੀਰ ਕਪੜੇ ਸਿਲਾਈ ਕਰ ਕੇ ਘਰ ਚਲਾਉਂਦੀ ਹੈ,ਦੋ ਲੜਕੇ ਨੌਂਵੀ ਦਸਵੀਂ ਚ ਪੜ੍ਹਦੇ ਹਨ।ਮੇਰੇ ਘਰ ਤੋਂ ਮਾਰਕੀਟ ਦੇ ਰਸਤੇ ਸੜਕ ਤੇ ਹੀ ਉਸਦਾ ਘਰ ਹੋਣ ਕਰਕੇ ਅਕਸਰ ਮੁਲਾਕਾਤ ਹੋ ਜਾਂਦੀ ਸੀ।ਇਕ ਦਿਨ ਮੈਂ ਉਸਦੇ ਘਰ ਸੂਟ ਸੀਣਾ ਦੇਣ ਗਈ ਤਾਂ ਉਹ ਦੋਨੋਂ ਮੀਆਂ ਬੀਵੀ ਇਕ ਨੰਨ੍ਹੀ ਬੱਚੀ ਨੂੰ ਗੋਦ ਵਿੱਚ ਲਈ ਆਪਣੀ ਨਾਲ ਰੋਟੀ ਖਵਾ ਰਹੇ ਸਨ।ਬੱਚੀ ਦੱਸ ਕੁ ਮਹੀਨੇ ਦੀ ਸੀ।ਮੈਂ ਹੈਰਾਨ ਸੀ ਇਹ ਬੱਚੀ ਇਹਨਾਂ ਦੀ ਗੋਦ ਵਿੱਚ ਕਿਵੇਂ?।ਬਲਬੀਰ ਬੱਚੀ ਪਤੀ ਨੂੰ ਫੜਾ ਕੇ ਹੱਥ ਧੋ ਕੇ ਮੇਰੇ ਕੋਲ ਆ ਕੇ ਬੈਠ ਗਈ।ਉਹ ਜਾਣਦੀ ਸੀ ਕਿ ਮੈਂ ਸੂਟ ਸਲਾਈ ਕਰਾਉਣਾ ਹੈ,ਪਰ ਮੈਂ ਚੁੱਪ ਸੀ।ਮੈਂ ਪੁਛਿਆ ਮਹਿਮਾਨ ਆਏ ਨੇ ਤੇ ਮੈਂ ਫਿਰ ਆ ਜਾਵਾਂਗੀ?

ਬਲਬੀਰ-ਨਹੀਂ ਮਹਿਮਾਨ ਚਲੇ ਗਏ ਨੇ ,

ਫਿਰ ਇਹ ਬੱਚੀ .....? ਮੈਂ ਝਕਦੇ ਝਕਦੇ ਪੁਛਿਆ—

ਉਸਨੇ ਜੋ ਖੁਲਾਸਾ ਕੀਤਾ,ਮੈਨੂੰ ਉਹ ਇਲਾਹੀ ਕਰਿਸ਼ਮਾ ਲਗਦਾ ਹੈ,ਕਿੱਸਾ ਇਸ ਤਰਾਂ ਹੈ--- ਬਲਬੀਰ ਦੀ ਭੈਣ ਦੇ ਘਰ ਤੀਜੀ ਵਾਰ ਵੀ ਕੁੜੀ ਹੋ ਗਈ।ਉਸਦੇ ਘਰਵਾਲੇ ਰੱਬ ਤੋਂ ਡਰਨ ਵਾਲੇ ਹਨ ਜੋ ਉਹਨਾਂ ਕੁੱਖ ਚ ਕੁੜੀ ਨਾਂ ਮਾਰੀ।ਪਰ ਉਹ ਕੁੜੀ ਨੂੰ ਉਹਦੇ ਹਿੱਸੇ ਤੇ ਹੱਕ ਦਾ ਪਿਆਰ ਦੇਣ ਲਈ ਰਾਜ਼ੀ ਨਹੀਂ ਸਨ।ਪਿਛਲੇ ਦਿਨੀਂ ਉਹ ਤਿੰਨੇ ਬੱਚੀਆਂ ਲੈ ਕੇ ਆਪਣੀ ਵੱਡੀ ਭੈਣ ਦੇ ਘਰ ਆਈ।ਅੱਠ ਦੱਸ ਦਿਨ ਰਹਿਣ ਤੋਂ ਬਾਦ ਉਹ ਵਾਪਸ ਜਾਣ ਲਗੀ ਤਾਂ ਇਹ ਦੱਸ ਮਹੀਨੇ ਦੀ ਬੱਚੀ ਆਪਣੀ ਮਾਸੀ ਨੂੰ ਚੰਬੜ ਗਈ,ਤੇ ਮਾਂ ਨਾਲ ਜਾਣ ਤੋਂ ਸਿਰ ਮਾਰ ਦਿੱਤਾ।ਬੱਚੇ ਦੀ ਭਾਵਨਾ ਕੋਈ ਨਾਂ ਸਮਝ ਸਕਿਆ ਤੇ ਜਬਰੀ ਚੁੱਕ ਕੇ ਮਾਂ ਬੱਸ ਅੱਡੇ ਨੂੰ ਤੁਰ ਪਈ ਮਾਸੀ ਅੱਡੇ ਤੱਕ ਨਾਲ ਗਈ।

ਪਰ ਬੱਚੀ ਤਾਂ ਮਾਸੀ ਨੂੰ ਹੀ ਚੰਬੜੀ ਰਹੀ,ਬੱਸ ਚਲੀ,ਮਾਸੀ ਉਤਰਨ ਲਗੀ ਤੇ ਕੁੜੀ ਵੀ ਮਗਰ ਰਿੜ੍ਹ ਪਈ,ਡਿਗਣ ਦੇ ਡਰ ਤੋਂ ਸਾਰੇ ਹੀ ਬੱਸ ਚੋਂ ਉਤਰ ਕੇ ਘਰ ਮੁੜ ਆਏ।

ਅਗਲੇ ਦਿਨ ਫਿਰ ਬੱਸ ਅੱਡੇ ਵੱਲ ਤੁਰੇ ਤੇ ਕੁੜੀ ਨੇ ਫਿਰ ਉਹੋ ਕਾਰਵਾਈ ਕੀਤੀ

ਮਾਂ ਦਾ ਜਾਣਾ ਜਰੂਰੀ ਸੀ,ਇਸ ਲਈ ਬਲਬੀਰ ਨੇ ਕਿਹਾ ਤੂੰ ਜਾ ਇਹਦਾ ਡੈਡੀ ਲੈ ਜਾਵੇਗਾ।ਮਾਂ ਨਾਲੋਂ ਵਿਛੜਨ ਦਾ ਕੁੜੀ ਨੂੰ ਝੋਰਾ ਨਹੀਂ ਖੁਸ਼ੀ ਲਗ ਰਹੀ ਸੀ।ਉਹ ਖਾਦੀ ਪੀਂਦੀ ਰੱਜ ਕੇ ਖੇਡਦੀ ਤੇ ਮਿੱਠੀ ਨੀਂਦ ਦਾ ਆਨੰਦ ਲੈਣ ਲਗੀ।ਕੁੜੀ ਦਾ ਡੈਡੀ ਲੈਣ ਆਇਆ,ਕੁੜੀ ਨੇ ਪਹਿਚਾਨਿਆ ਹੀ ਨਾਂ,ਫਿਰ ਦਾਦਾ ਲੈਣ ਆਇਆ,ਕੁੜੀ ਮਾਸੀ ਮਾਸੜ ਨੂੰ ਚਿਪਕ ਗਈ।ਦੱਸ ਮਹੀਨੇ ਦੀ ਬੱਚੀ ਸਾਹਵੇਂ ਕੋਈ ਤਰਲਾ ਨਾ ਚਲਿਆ ਤਾਂ ਬਲਬੀਰ ਮਾਸੀ ਨੇ ਕਿਹਾ,'ਰਹਿਣ ਦਿਓ ਜਿੰਨ੍ਹਾ ਚਿਰ ਰਹਿੰਦੀ ਹੈ ਜਦ ਤੰਗ ਕਰੇਗੀ ਤਾ ਛਡ ਆਵਾਂਗੇ।ਬੱਚੀ ਨੇ ਕਦੀ ਤੰਗ ਨਾਂ ਕੀਤਾ,ਤੇ ਨਾਂ ਹੀ ਸਕੇ ਮਾਪਿਆਂ ਦਾ ਹੇਰਵਾ ਕੀਤਾ।ਬਲਬੀਰ ਦੇ ਘਰ ਦਾ ਮਸਾਂ ਗੁਜਾਰਾ ਚਲਦਾ ਸੀ ਫਿਰ ਵੀ ਸਾਰੇ ਪਰਿਵਾਰ ਨੇ ਕੁੜੀ ਨੂੰ ਰੱਬ ਦਾ ਤੋਹਫ਼ਾ ਸਮਝ ਕੇ ਰੱਜਵਾਂ ਪਿਆਰ ਦਿੱਤਾ।

,ਵੀਰਾਂ ਨੂੰ ਭੈਣ ਬਹੁਤ ਪਿਆਰੀ ਲਗੀ,ਤੇ ਉਹਨਾਂ ਮਾਸੀ ਨੂੰ ਉਹਦੀ ਧੀ ਵਾਪਸ ਕਰਨ ਤੋਂ ਨਾਂਹ ਕਰ ਦਿੱਤੀ।

ਵਕਤ ਗੁਜਰਦਾ ਗਿਆ,ਨੰਨ੍ਹੀ ਪਰੀ ਸਕੂਲ਼ ਜਾਣ ਯੋਗ ਹੋ ਗਈ।ਬਲਬੀਰ ਨੇ ਮਿਹਨਤ ਕਰਕੇ ਉਸਨੂੰ ਨਿਜੀ ਸਕੂਲ਼ ਪੜ੍ਹਨ ਲਾ ਦਿੱਤਾ।ਘਰ ਦਾ ਕੰਮ ਕਾਜ ਕਰਦੀ ਨਾਲ ਨਾਲ ਪੜ੍ਹਦੀ ਉਹ ਬੱਚੀ ਪਲੱਸ ਟੂ ਤੱਕ ਦੀ ਪੜ੍ਹਾਈ ਤੋਂ ਬਾਦ ਸਿਲਾਈ ਦਾ ਕੰਮ ਵੀ ਖੂਬ ਸਿੱਖ ਗਈ ਹੈ,ਹੁਣ ਉਸਦੇ ਲਈ ਵਰ ਦੀ ਤਲਾਸ਼ ਜਾਰੀ ਹੈ।

ਬਲਬੀਰ ਦਾ ਕਹਿਣਾ ਹੈ ਇਸ ਬੱਚੀ ਦੇ ਆਉਣ ਨਾਲ ਮੇਰੇ ਬੇਟੇ ਕੱਜੇ ਗਏ ਹਨ।ਉਹ ਸੁਚੱਜੇ ਚਰਿਤਰ ਦੀ ਰਾਹ ਤੋਂ ਵੱਖ ਨਹੀਂ ਹੋਣਗੇ।

ਉਹ ਠੀਕ ਕਹਿ ਰਹੀ ਸੀ ਕੰਜਕਾਂ ਵਾਲੇ ਘਰ ਦੇ ਮਰਦ ਲੱਜਾ ਦੀ ਹੱਦ ਵਿੱਚ ਰਹਿੰਦੇ ਹਨ,ਇਸੇ ਲਈ ਕੁੜੀਆਂ ਕਿਸਮਤ ਪੁੜੀਆਂ ਹਨ।

ਇਹ ਵੀ ਸੁਣੋ; ਮਹਾਰਾਜਾ ਰਣਜੀਤ ਸਿੰਘ ਦੀ ਮਾਂ ਜਦ ਪੈਦਾ ਹੋਈ ਸੀ ਤਾਂ ਉਸਦੇ ਮਾਂ ਬਾਪ ਨੇ ਨਵਜੰਮੀ ਬੱਚੀ ਨੂੰ ਘੜੇ ਵਿੱਚ ਬੰਦ ਕਰਕੇ ਘੜਾ ਜਮੀਨਦੋਜ਼ ਕਰ ਦਿੱਤਾ ਸੀ,


ਕੋਈ ਰਾਹੀ ਇਹ ਸੱਭ ਦੇਖ ਰਿਹਾ ਸੀ,ਉਸਨੇ ਘੜਾ ਕੱਢਿਆ ਤਾਂ ਬੱਚੀ ਸਾਹ ਲੈ ਰਹੀ ਸੀ,ਉਸਨੇ ਇਲਾਜ ਕੀਤਾ ਪਰਵਿਰਿਸ਼ ਕੀਤੀ,ਬੱਚੀ ਨੇ ਜਵਾਨ ਹੋ ਕੇ ਮਹਾਰਾਜੇ ਨੂੰ ਜਨਮ ਦਿੱਤਾ,ਜੋ ਸ਼ੇਰੇ ਪੰਜਾਬ ਬਣਿਆ।



"ਬਾਬੇ ਨਾਨਕ ਦਾ ਕਿਹਾ ਵੀ ਪ੍ਰਤੱਖ ਹੈ ਤੇ ਇਹ ਵੀ ਪ੍ਰਤੱਖ ਹੈ ਕਿ'ਕੁੜੀਆਂ ਕਿਸਮਤ ਪੁੜੀਆਂ"।

"ਕੁੜੀਏ ਕਿਸਮਤ ਪੁੜੀਏ ਤੈਨੂੰ ਇੰਨਾ ਪਿਆਰ ਦਿਆਂ

ਆਪਣੇ ਹਿੱਸੇ ਦੀ ਦੁਨੀਆਂ ਤੈਥੋਂ ਵਾਰ ਦਿਆਂ"



## ‘‘ਕੀ ਤੋਂ ਕੀ ਹੋ ਗਿਆ‘‘

ਸੱਭ ਕੁਝ ਅਜੀਬ ਹੋ ਗਿਆ
ਕੀ ਸੀ ਤੇ ਕੀ ਹੋ ਗਿਆ।
ਪਹਲੇ ਦਰਦ ਹੁੰਦਾ ਸੀ,ਹੁਣ ਪੇਨ ਹੁੰਦਾ ਹੈ
ਪਹਲੇ ਇਲਮ ਹਾਸਲ ਹੁੰਦਾ ਸੀ,ਹੁਣ ਨਾਲਜ ਗੇਨ ਹੁੰਦਾ ਹੈ।।
ਇਕ ਗੁਸਲਖਾਨਾ ਹੁੰਦਾ ਸੀ ਜੋ ਬਾਥਰੂਮ ਹੋ ਗਿਆ,
ਥੋੜਾ ਹੋਰ ਤਰੱਕੀ ਕਰ ਕੇ ਵਾਸ਼ਰੂਮ ਹੋ ਗਿਆ।

ਬੀਬੀ ਭਾਪਾ-,ਮੰਮੀ,ਡੈਡੀ,ਮਾਂਮਾ ਪਾਪਾ ਹੋ ਗਿਆ
ਮਾਂ ਤੇ ਮਾਮੇ ਦਾ ਫਰਕ ਗਾਇਬ ਹੋ ਗਿਆ।
ਪਹਲੇ ਪਿਆਰ ਵਿੱਚ ਯਾਦ ਕਰਦੇ ਸੀ ,ਹੁਣ ਮਿਸ ਕਰਦੇ ਨੇ,
ਪਹਲੇ ਬੋਸਾ ਦੇਂਦੇ ਸੀ,ਹੁਣ ਕਿਸ ਕਰਦੇ ਨੇ।
ਚੰਗੀ ਦੇਖ ਭਾਲ,ਗੁਡ ਕੇਅਰ ਹੋ ਗਿਆ,
ਕਿੱਸਾ ਕੁਰਸੀ ਦਾ,ਟੇਬਲ ਚੇਅਰ ਹੋ ਗਿਆ।
ਦੋ ਹੱਥ ਜੋੜ ਸ.ਸ.ਅਕਾਲ,ਨਮਸਤੇ,ਨਮਸਕਾਰ ਹੁੰਦੀ ਸੀ,
ਹੁਣ ,ਹੈਲੋ,ਹਾਏ,ਹਏ,ਇਕ ਢਿੱਲੇ ਜਿਹੇ ਹੱਥ ਨਾਲ ਹੁੰਦੀ ਹੈ।

ਮੁਆਂਫ ਕਰਨਾ ਜੀ,ਨਿਮਰਤਾ ਨਾਲ ਕਹਿੰਦੇ ਸੀ,
ਮੂੰਹ ਵੱਟ ਕੇ ,ਸੌਰੀ,ਵੈਰੀ ਸੌਰੀ,ਕਹਿ ਟਾਲਦੇ ਨੇ ਹੁਣ।,



ਗਮ,ਚਿੰਤਾ,ਚਿਖਾ ਚੋਂ ਉਠ,ਤੱਕੜੀ ਟੇਨਸ਼ਨ ਹੋ ਗਈ,
ਧੰਨਵਾਦ,ਸ਼ੁਕਰੀਆਂ,ਥੈਂਕਯੂ,ਤੇ ਥੈਂਖਯੂ,ਨੋ ਮੇਨਸ਼ਨ ਹੋ ਗਈ।

ਭੈਣ ਵੀ ਯਾਰ ,ਵੀਰ ਵੀ ਯਾਰ,ਮਾਂ,ਪਿਓ ਵੀ ਯਾਰ ਹੋ ਗਿਆ
ਖੁਦਾ ਹਾਫਿਜ਼,ਅਲਵਿਦਾ,ਆਖੀਦਾ ਸੀ ਤੁਰਨ ਵੇਲੇ
ਹੁਣ ਇਹ ਵੀ ਗੁਡ ਬਾਏ,ਟਾਟਾ,ਬਾਏ ਬਾਏ ਦਾ ਵਾਰ ਹੋ ਗਿਆ।
ਸਹੁੰ ਰੱਬ ਦੀ, ‘ਬਾਈ ਗੌਡ’ ਹੋ ਗਿਆ
ਹਾਏ ਰੱਬਾ,’ ਓ ਮਾਈ ਗੌਡ’ ਹੋ ਗਿਆ ।
ਸਿਰ ਪੀੜ ਹੁੰਦੀ ਸੀ,ਹੇੱਡਏਕ ਹੋਣ ਲਗੀ ਹੈ,
ਚਿਹਰੇ ਦੀ ਰੰਗਤ ਫਿਕੀ ਤੋਂ ਫੇਕ ਹੋਣ ਲਗੀ ਹੈ।
ਛੋਟੇ ,ਵੱਡੇ,ਸਾਦਾ ਤੇ ਧੂਮ ਧਾਮ ਸਾਹਿਤ ਵਿਆਹ ਹੁੰਦਾ ਸੀ,
ਹੁਣ-ਲੱਵ ਮੈਰਿਜ,ਸਿਵਿਲ ਮੈਰਿਜ,ਕੋਰਟ ਮੈਰਿਜ,ਅਰੇਂਜ ਮੈਰਿਜ ਹੁੰਦੀ ਹੈ।
ਸਹੁਰੇ,ਸਸੁਰਾਲ,ਹੁੰਦੇ ਸੀ ਕਦੀ,ਹੁਣ ਇਨ-ਲਾਜ਼ ਹੋ ਗਏ ਨੇ।
ਝੱਟ ਵਿਆਹ ਤੇ ਪੱਟ ਤਲਾਕ ਹੋ ਰਹੇ ਨੇ॥

ਤਾਪ,ਬੁਖਾਰ,ਚੜ੍ਹਦਾ ਉਤਰਦਾ ਸੀ, ਹੁਣ -
ਫੀਵਰ ਆਉਂਦਾ ਹੈ,ਟੇਮਪਰੇਚਰ ,ਹਾਈ, ਨਾਰਮਲ ਹੁੰਦਾ ਹੈ।
ਕੁਨੀਨ,ਕਨੈਨ ਦੀਆਂ ਗੋਲੀਆਂ ਸੀ,ਜਿਹੜੀਆਂ,ਉਹ
ਐਂਟੀ ਸੇਪਟਿਕ,ਐਂਟੀਬੈਟਿਕ ਬਣ ਗਈਆਂ ਨੇ।
ਪੇਨ ਕਿਲਰ,ਸਲੀਪਿੰਗ ਪਿਲਜ਼ ਵੀ ਮਿਲਦੀਆ ਨੇ।

ਸੌਦਾ,ਪੱਤਾ,ਰਾਸ਼ਨ ਲੈਣ ਬਜ਼ਾਰ ਜਾਈਦਾ ਸੀ,
ਹੁਣ—ਸ਼ਾਪਿੰਗ ਲਈ ਨਿਕਲੀ ਦਾ ਹੈ ।
ਸੂਟ,ਬੂਟ,ਸੈਂਡਲ,ਪਾ ਤਿਆਰ ਹੁੰਦੇ ਸਾਂ-
ਹੁਣ-ਸ਼ੂਅਜ਼ ਪਾ, ਡਰੈੱਸ -ਅੱਪ ਹੁੰਦੇ ਹਾਂ।

ਇਕ ਕਮਰੇ ਵਿੱਚ ਸੱਤ ਅੱਠ ਜਣੇ ਰੱਜ ਕੇ ਸੌਂਦੇ ਸੀ,
ਹੁਣ-ਵਨ ਰੂਮ,ਵਨ ਮੈਨ, ਕੱਲਾ ਕੱਲਾ ਜਾਗ ਰਿਹਾ ਹੈ।

ਬ੍ਰਿਧ ਘਰ ਤੇ ਬ੍ਰਿਧ ਆਸ਼ਰਮ,ਓਲਡ ਏਜ ਹੋਮ ਬਣ ਗਏ ਹਨ।
ਜੱਦੀ ਘਰ ਖੁਸ ਕੇ ਓਪੇਰਾ ਹੋਮ ਬਣ ਗਏ ਹਨ॥

ਮਿਹਰਬਾਨੀ,ਸ਼ੁਕਰੀਆ,'ਜੀ ਆਇਆਂ ਨੂੰ'ਜੇ ਕਹੀਏ ਅਸੀਂ
ਸਾਹਮਣੇ ਵਾਲਾ ਅਜੀਬ ਜਿਹੀ ਤੱਕਣੀ ਤੱਕਦਾ ਹੈ?

ਪੰਜਾਬੀ ਬੋਲੀ ਦੀ ਸੇਵਾ ਚ ਬਿਜ਼ੀ ਹਾਂ ਅਸੀਂ,
ਜਾਣਦੇ,ਬੁਝਦੇ ਵੀ ਪੰਜਾਬੀ ਦਾ ਹਸ਼ਰ,ਨਸ਼ਰ ਕਰਦੇ ਹਾਂ ਅਸੀ ।

ਸੱਭ ਕੁਝ ਅਜੀਬੋ,ਅਜੀਬ ਹੋ ਰਿਹੈ,
ਕੀ ਸੀ ਤੇ ਕੀ ਤੋਂ ਕੀ ਹੋ ਗਿਐ?.............



## "ਕੰਮ ਪਿਆਰਾ"

ਮਾਂ ਅਕਸਰ ਸੁਣਾਇਆ ਕਰਦੀ ਸੀ---
" ਜੇ ਦਾਜ ਵਿਹੂਣੀ ਜਾਵੇਂਗੀ
ਕਿਸੇ ਭਲੀ ਨਾਂ ਭਾਵੇਂਗੀ "—
ਮੈਂ ਗੌਰ ਕਦੇ ਨਾਂ ਕਰਦੀ—

ਮਾਂ ਨੂੰ ਜਦ ਮੌਕਾ ਮਿਲਦਾ,
ਇਹੋ ਕ੍ਹਿੰਦੀ,
ਘਰ ਦਾ ਕੰਮ ਕੁਝ ਸਿਖ ਲੈ,
ਬੇਗਾਨੇ ਘਰ ਜਾਣੈ ,
ਸੱਸ ਨੇ ਤੇ ਇਹੋ ਆਖਣਾ-
'ਮਾਂ ਨੇ ਹੱਥ ਸਿੱਧੈ ਕਰਨ ਤੋਂ ਪਹਿਲਾਂ
ਹੀ ਹੱਥ ਪੀਲੇ ਕਰ ਦਿੱਤੇ।
ਚਾਹ ਬਨਾਉਣੀ ਨਹੀਂ ਆਉਂਦੀ ਤੈਨੂੰ
ਪੇਟ ਨਾਂ ਪਈਆਂ ਰੋਟੀਆਂ,ਸਭੈ ਗਲਾਂ ਖੋਟੀਆਂ
ਸੂਈ ਵਿੱਚ ਧਾਗਾ ਪਾਉਣਾ ਨੀ ਸਿਖਿਆ, ਕਿਤੇ
ਟਾਂਕਾ,ਤੋਪਾ,ਲਾਉਣਾ ਪੈ ਜਾਂਦਾ,ਬਟਨ ਟਾਂਕਣਾ ਪੈਂਦੈਂ
ਪੁੱਤ ਰੁਮਾਲ ਧੋਣਾ ਨੀ ਆਉਂਦਾ ਤੈਨੂੰ,
ਮਰਦਾਨੇ ਭਾਰੇ ਭਾਰੇ ਲੀੜੇ ਕੀ ਧੋਣੈ ?

ਮਾਂ, ਬਾਜਾਰ ਕਾਹਦੇ ਲਈ,ਐ ?

ਅੱਜ ਕਲ ਸਾਰੇ ਕੰਮ ਬਾਜਾਰੋਂ ਹੋ ਜਾਂਦੈ,

ਇਹ ਈ ਯੁੱਗ ਹੈ ਮਾਂ......

**ਸੱ**ਸ ਦਾ ਕੀ ਡਰ,ਉਹ ਵੀ ਤੇਰੇ ਵਰਗੀ ਮਾਂ ਹੀ ਹੋਵੇਗੀ?

ਡੈਡੀ'-'ਲਾਡੋ'ਇਹਨੂੰ ਕੀ ਪਤਾ,ਇਹ ਇਕੀਵੂੰ ਸਦੀ,ਮਸ਼ੀਨੀ ਯੁੱਗ ਹੈ।

.-.--..-

ਐਤਵਾਰ ਵਿਆਹ ਹੋਇਆ,

ਅਗਲੇ ਦਿਨ ਮੁਕਲਾਵਾ,ਫੇਰਾ ਹੋਇਆ,

ਬੁੱਧ ਕੰਮ ਸੁੱਧ,ਸੱਸ ਮਾਂ ਨੇ ਫਰਮਾਇਆ,ਅੱਜ ਵਹੁਟੀ ਨੂੰ

ਚੌਂਕੇ ਚੜ੍ਹਾ ਦਈਏ ਅੱਜ ਬੁਧਵਾਰ ਹੈ,

ਖੀਰ,ਕੜਾਹ ਪ੍ਰਸ਼ਾਦ,ਮਿੱਠਾ,ਤੇ ਰਾਜਮਾਂਹ,ਚੌਲ,ਬਣਾ ਲੈ ਪੁੱਤ-

ਮਾਂ ਤੂੰ ਬਹੁਤ ਯਾਦ ਆਈ ਅੱਜ

ਜਦ ਤੂੰ ਕਿਹਾ ਸੀ 'ਪ੍ਰਸ਼ਾਦ ਬਣਾਨਾ ਸਿਖ ਲੈ,

ਮੈਂ ਕਿਹਾ ਸੀ,ਮਾਂ ਮਿਠਾ ਕੋਈ ਨੀ ਖਾਂਦਾ ਅੱਜ ਕਲ

,ਵੈਸੇ ਵੀ ਦਰਬਾਰ ਸਾਹਬ ਦਾ ਪ੍ਰਸ਼ਾਦ

ਬਹੁਤ ਸਵਾਦ ਹੁੰਦੈ,ਜਿਹਦਾ ਜੀਅ ਕਰੇ ਖਾ ਆਵੇ।

ਮਾਂ ਹੱਥ,ਛਿਲੈ ਗਏ ਮੇਰੇ,ਭਾਰੇ ਕਪੜੇ ਮਲਦਿਆਂ

ਮਾਂ ਤੂੰ ਠੀਕ ਆਖਿਆ ਸੀ,



'ਕੰਮ ਪਿਆਰਾ,ਹੈ ਸੱਭ ਨੂੰ,ਚੰਮ ਕਿਸੇ ਨੂੰ ਨਹੀਂ.

ਇੰਨਾ ਦਾਜ ਦਿੱਤਾ,ਘਰ ਭਰ ਗਿਆ,ਪਰ ਮੇਰੇ ਕਿਸ ਕੰਮ?

ਅੱਜ ਤੇਰੇ ਜਵਾਈ ਦੀ ਕਮੀਜ ਦਾ ਬਟਨ ਟੁੱਟ ਗਿਆ,

ਕੀ ਦਸਾਂ?---........

ਬੱਸ ਮਾਂ ਨਾਂ ਪੁੱਛ ਕੁਝ ਹੋਰ,-

ਇਕ ਗਲ ਤੇ ਦੱਸ ਤਾਂ ਮਾਂ,ਚਾਰ ਲਾਵਾਂ ਨਾਲ,

ਨੂੰਹਰਾਣੀ ਬਣਦੀ ਏ ਕਿ ਨੌਕਰਾਣੀ?

ਮਾਂ ਤੇਰੀ ਲਾਡਲੀ ਚਿੜੀਆ,ਬਣੀ ਪਿੰਜਰੇ ਦੀ ਮੈਨਾ,

ਖ਼ਵਰੇ ਕੀ ਗੁਨਾਹ ਹੋਇਆ ?

ਮਾਂ,ਡੈਡੀ ਦੀ ਲਾਡੋ ਰਾਣੀ,ਮੁਫ਼ਤੋ,ਮੁਫ਼ਤੀ ਦੀ ਨੌਕਰਾਣੀ.....

ਮਾਂ ਜੇ ਮੈਂ ਹੁੰਦੀ ਚਿੜੀ,ਤੇਰੇ ਬਨੇਰੇ ਤੇ ਬਹਿੰਦੀ

ਜਦ ਜੀਅ ਕਰਦਾ ਅੰਬਰਾਂ ਚ ਉਡ ਜਾਂਦੀ

ਸ਼ਾਮ ਢਲੇ ਤੇਰੀ ਪ੍ਰਛੱਤੀ ਚ ਆ ਸੌਂਦੀ।

ਐ ਕਾਸ਼ ਮਾਂ ਜੇ ਮੈਂ ਚਿੜੀ ਹੁੰਦੀ..........ਮਾਂ ਜੇ ਮੈਂ ਚਿੜੀ ਹੁੰਦੀ.......

## “ਲੋੜ ਹੈ , ਲੋੜ ਹੈ, ਲੋੜ ਹੈ..”

ਇਕ ਇਸ਼ਕ ਲੋੜੀਦਾ ਹੈ,

ਹਾੜਾ ਇਕ ਇਸ਼ਕ ਲੋੜੀਂਦਾ ਹੈ, ਇਕ ਇਸ਼ਕ ਲੋੜੀਂਦਾ ਹੈ।

ਇਕ ਇਸ਼ਕ ਜੋ ਤੇਰਾ ਹੋਵੇ ,

ਇਕ ਇਸ਼ਕ ਜੋ ਮੇਰਾ ਹੋਵੇ।

ਇਸ਼ਕ ਜੋ ਮੇਰਾ ਤ੍ਰਿਹਾਇਆ ਹੋਵੇ,

ਇਸ਼ਕ ਜੋ ਤੇਰਾ ਸਤਾਇਆ ਹੋਵੇ।

ਇਕ ਇਸ਼ਕ ਲੋੜੀਦਾ ਹੈ,

ਸੱਚੀਂ ਇਕ ਇਸ਼ਕ ਲੋੜੀਂਦਾ ਹੈ।

ਇਸ ਇਸ਼ਕ ਨੂੰ ਆਸ਼ਕੀ ਨੇ ਮਾਰਿਆ ਹੋਵੇ,

ਇਸ ਇਸ਼ਕ ਨੂੰ ਇਸ਼ਕੇ ਨੇ ਸਾੜਿਆ ਹੋਵੇ।

ਇਹ ਇਸ਼ਕ ਨਾ ਹੋਵੇ ਉਮਰਾਂ ਦਾ ਗੁਲਾਮ,

ਇਸ ਦਾ ਨਾ ਹੋਵੇ ਕੋਈ ਰਿਸ਼ਤਾ,ਨਾਂ ਕੋਈ ਨਾਮ। !

ਹੋਵੇ ਤ੍ਰਿਹਾਇਆ ਮਨੁੱਖਤਾ ਦਾ,

ਹੋਵੇ ਭਰਿਆ ਮੁਹੱਬਤਾਂ ਦਾ।

ਨਾਂ ਫਸਿਆ ਹੋਵੇ ਵਿੱਚ ਰਿਵਾਜਾਂ

ਨਾਂ ਲੋੜੈ-ਤਖਤੋ-ਤਾਜਾਂ

ਇਹ ਹਸੀਨ ਹੋਵੇ,


ਦਿਲ ਨਸ਼ੀਨ ਹੋਵੇ,



ਮੁਹੱਬਤਾਂ ਵੰਡਦਾ ਹੋਵੇ.

ਹੁਸੜੈ ਦਿਲ ਦੀ ਪਨਾਹ ਇਕ ਇਸ਼ਕ ਲੋੜੀਂਦਾ ਹੈ—

ਲੋੜ ਹੈ, ਲੋੜ ਹੈ, ਲੋੜ ਹੈ ਇਕ ਇਸ਼ਕ ਦੀ ਲੋੜ ਹੈ.....



## “ਇਸ਼ਕ ਵਿਕੇਂਦਾ”

ਗਲੀ ਗਲੀ ਵਣਜਾਰਾ ਆਇਆ,

ਇਸ਼ਕ ਵਿਕੇਂਦਾ, ਹੌਉਕਾ ਲਾਇਆ। ਲੈ ਲੌ ਇਸ਼ਕ... ਲੈ ਲੋਓਓਓ. ਇਸ਼.ਅਅਅਅਕ-

ਇਹ ਮੁੰਡੇ ਕੁੜੀਆ ਦਾ ਹੈ,

ਇਹ ਬੁੱੜੇ ਬੁੜੀਆ ਦਾ ਹੈ,।

ਪਸ਼ੂ ਲਈ ਹੈ,ਪੰਛੀ ਲਈ ਹੈ,

ਸੋਹਜ ਲਈ ਹੈ,ਸਵਾਦ ਲਈ ਹੈ,

ਕੁਦਰਤ ਲਈ ਹੈ,ਕਾਦਰ ਲਈ ਹੈ

ਰੁੱਖ ਲਈ ਹੈ,ਮਨੁੱਖ ਲਈ ਹੈ,

ਇਹ ਮਜਾਜੀ ਵੀ ਏ,

ਇਹ ਹਕੀਕੀ ਵੀ ਏ,

ਇਹ ਗਲੀਆਂ,ਮੁਹੱਲਿਆਂ ਦਾ ਹੈ,

ਇਹ ਕੌਮਾਂ ਮੁਲਕਾਂ ਦਾ ਹੈ।

ਇਕ ਨਾਲ ਇਕ ਫਰੀ ਵੀ ਹੈ।



ਲੈ ਲੋ ਇਸ਼ਕ,ਲੈ ਲੋ ਇਸ਼ਕ

ਲੁਟ ਲੋ ਲੁਟ ਲੋ ਬਹਾਰਾਂ ਫੇਰ ਨਹੀਂ ਆਉਣਾ ਫੇਰਾ

ਗਲੀ ਗਲੀ ਵਣਜਾਰਾ ਆਇਆ,ਇਸ਼ਕ ਲੈ ਲੋ ਹੌਉਕਾ ਲਾਇਆ।

ਇਸ਼ਕ ਲਓ ਜੀ,ਇਸ਼ਕ ਲਓ,ਲੈ ਲੋ ਇਸ਼ਕ

ਮੋਹ ਪਿਆਰ ਮੁਹੱਬਤ ਨਾਲ ਮਿਲਦਾ ਫਰੀ,ਇਸ਼ਕ ਲਓ ਜੀ.....

## “ਪਿਆਰ ਪਸੰਦ ਹੈ”

ਨੀਰੂ ਮੈਂ ਅਜਿਹਾ ਨਹੀਂ ਚਾਹਿਆ ਸੀ,ਕਿ ਮੈਂ ਕਿਸੇ ਤੇ ਮੁਸੱਅਲਤ ਕੀਤਾ ਜਾਵਾਂ,ਜਾਂ ਫਿਰ ਮੈਨੂੰ ਨਾਂਪਸੰਦ ਦੇ ਹਵਾਲੇ ਠੋਸਿਆ ਜਾਵੇ।ਸਮੀਰ ਨੇ ਨੀਰੂ ਵੱਲ ਦੇਖ ਕੇ ਕਿਹਾ—

ਸਮੀਰ ਅਪਨੇ ਪਰਿਵਾਰ ਨਾਲ ਨੀਰੂ ਦੇ ਰਿਸ਼ਤੇ ਲਈ ਉਹਨਾਂ ਦੇ ਘਰ ਆਇਆ ਸੀ,ਇਹ ਰਿਸ਼ਤਾ ਮੈਰਿਜ ਬਿਉਰੋ ਰਾਹੀ ਹੋ ਰਿਹਾ ਸੀ।

ਨੀਰੂ ਦੇ ਘਰ ਦੋਹਾਂ ਪਰਿਵਾਰਾਂ ਦੇ ਮੈਂਬਰ ਮਿਲ ਬੈਠ ਗੱਪ ਸ਼ੱਪ ਦੇ ਨਾਲ ਚਾਹ ਨਾਸ਼ਤੇ ਦੀਆ ਚੁਸਕੀਆਂ ਲੈ ਰਹੇ ਸਨ,ਸਮੀਰ ਦੀ ਤਕਣੀ ਨੀਰੂ ਵੱਲ ਸੀ,ਉਸ ਨੂੰ ਲਗ ਰਿਹਾ ਸੀ ਕਿ ਨੀਰੂ ਕੁਝ ਵੱਖਰਾ ਚਾਹੁੰਦੀ ਹੈ,ਨੀਰੂ ਦੀਆਂ ਅੱਖਾਂ ਕਿਤੇ ਕੁਝ ਢੂੰਢ ਰਹੀਆਂ ਸਨ।

ਸਮੀਰ ਕੁਝ ਕੁ ਤਾਂ ਜਾਣਦਾ ਵੀ ਸੀ।

ਸਮੀਰ ਨੇ ਨੀਰੂ ਨੂੰ ਮਿਲਣ ਲਈ ਸੰਦੇਸ਼ ਕੀਤਾ

,ਚਾਹੁੰਦੀ ਤਾਂ ਉਹ ਵੀ ਸੀ।

ਸਮੀਰ—ਨੀਰੂ ਮੈਂ ਜਾਣਦਾ ਹਾਂ ਤੂੰ ਜਤਿਨ ਨੂੰ ਪਸੰਦ ਕਰਦੀ ਹੈਂ ਤੇ ਜਤਿਨ ਨੂੰ ਹੀ ਪਿਆਰ ਕਰਦੀ ਹੈਂ,ਮੈਂ ਤੇਰੀ ਪਸੰਦ ਨਹੀਂ ਹਾਂ ਤੇ ਮੈਂ ਤੇਰੀ ਆਪਸ਼ਨ ਨਹੀਂ ਬਣਨਾਂ ਚਾਹੁੰਦਾ।ਤੇਰੇ ਕੋਲ ਹੋਰ ਚਾਰਾ ਨਾਂ ਵੇਖ ਮੈਂ ਤੇਰੀ ਮਜਬੂਰੀ ਬਣ ਜਾਵਾਂ,ਇਹ ਮੈਥੋਂ ਨਹੀਂ ਜਰ ਹੋਣਾ।

ਵਿਆਹ ਤੋਂ ਪਹਿਲੇ ਪਸੰਦ ਹੁੰਦੀ ਹੈ ,ਫਿਰ ਪਿਆਰ ਤੇ ਫਿਰ ਵਿਆਹ-ਮੈਂ ਆਖਰੀ ਸਟੇਪ ਪਹਿਲੇ ਨਹੀਂ ਲੈ ਸਕਦਾ।ਕਿਸੇ ਵੀ ਰਿਸ਼ਤੇ ਤੋਂ ਪਹਿਲਾਂ ਪਸੰਦ ਬਣਾਉਣੀ ਲਾਜਿਮ ਹੈ ਤੇ ਇਹ ਖੁਦ ਬਖੁਦ ਬਣਦੀ ਹੈ।

ਸਮਾਂ ਬੀਤਿਆ ਇਕ ਦਿਨ ਸਮੀਰ ਨੂੰ ਨੀਰੂ ਦਾ ਖੱਤ ਮਿਲਿਆ ,ਖੋਲਿਆ ਬਸ ਦੋ ਹੀ ਸ਼ਬਦ ਲਿਖੇ ਸਨ ,” ਨੀਰੂ ਲਵਜ਼ ਸਮੀਰ”।

ਸਮੀਰ = “ਬੜਾ ਤੇਰਾ ਪਿਆਰ ਪਸੰਦ ਹੈ ਮੁਝੇ “।

ਨੀਰੂ—ਦਿਲ ਨਸਦੈ ਤੇਰੇ ਵੱਲ ਸੱਜਣਾ....



“ਛੋਟਾ ਸਾ ਘਰ ਹੋ ਹਮ ਤੁਮ ਦੋਨੋ ਹੋਂ ਵਹਾਂ

ਜਹਾਂ ਪਿਆਰ ਸੇ ਮਿਲਤੇ ਹੋਂ ਜ਼ਮੀਂ ਆਸਮਾਂ”॥

,.,.,.,.,.,.,..,..,.,.,..,.,.,.,.,.,..,.,.,..,.,.,.,.,.,.,..,.,.,.,..,.,.,.,.,.

ਰਹਿਣ ਦੇ ਹਾਣੀਆਂ ਗਿਲੇ ਸ਼ਿਕਵੇ,

ਪਰੇ ਛੱਡ ਚੰਨਾਂ ਇਹ ਤਕਰਾਰ ਦੀਆਂ ਗਲਾਂ,

ਅੱਖ ਫਿਰੀ ਏ ਜਮਾਨੇ ਦੀ,

ਆ ਕਰੀਏ ਪਿਆਰ ਦੀਆਂ ਗਲਾਂ”

ਮੌਕਾ ਵੀ ਏ ਦਸਤੂਰ ਵੀ ਏ

ਆ ਕਰੀਏ ਪਿਆਰ ਦੀਆਂ ਗਲਾਂ।

ਪ੍ਰੀਤਮ ਅੱਜ ਦਿਲ ਖੁਸ਼ ਤਾਂ ਹੋਵੇ

ਇਕ ਤੂੰ ਹੋਵੇਂ,ਇਕ ਮੈਂ ਹੋਵਾਂ

ਇਕ ਵੱਖਰੀ ਜਿਹੀ ਕੋਈ ਥਾਂ ਹੋਵੇ।

## ''ਮੈਂ ਨਾਂ ਬੱਚਦੀ''

ਕਾਦਰ ਨੇ ਮਨੁੱਖ ਨੂੰ ਕਾਇਨਾਤ ਦੀ ਗੋਦ ਵਿੱਚ ਆਪਣਾ ਰਸੂਲ ਬਣਾ ਕੇ ਭਰਿਆ ਤੇ ਸੌਂਪਣੀ ਕੀਤੀ ,'ਕੁਦਰਤ ਤੇਰੀ ਸਰਬਰਾਹ ਹੈ ਪਰ ਤੂੰ ਇਸਦਾ ਨਿਗਰਾਨ ਹੈਂ" ਤੇਰੇ ਸਾਰੇ ਸਾਹ ਇਸੇ ਤੇ ਨਿਰਭਰ ਕਰਦੇ ਹਨ। ਪਰ ਮਨੁੱਖ ਜਿਉਂ ਜਿਉਂ ਵੱਡਾ ਹੋਣ ਲਗਾ ਤਿਉਂ ਤਿਉਂ ਰੱਬ ਨੂੰ ਛਿੱਕੇ ਟੰਗ ਕੁਦਰਤ ਨਾਲ ਮਖੌਲਾਂ ਕਰਨ ਲਗਾ। ਮਸਖਰੀ ਵਿੱਚ ਹੀ ਉਹ ਕਾਇਨਾਤ ਦਾ ਨਾਸ ਮਾਰ ਕੇ ਤੀਂਗੜ ਰਿਹਾ ਹੈ'ਬੜਾ ਵਿਕਾਸ ਕਰ ਲਿਆ ਹੈ,ਅਜੋਕੇ ਮਨੁੱਖ ਨੇ"।

'ਵੇਦ ਦਸਦੇ ਹਨ-ਮਨੁੱਖ ਦੇ ਇਕ ਸਾਹ ਲਈ ਕੁਦਰਤ ਦੀਆਂ ਇਕ ਕਰੋੜ ਸੇਵਾਂਵਾਂ ਸ਼ਾਮਲ ਹੁੰਦੀਆਂ ਹਨ'-ਜਿਹਨਾਂ ਵਿੱਚ ਪੇੜ ਪੌਦੇ,ਪਸ਼ੂ ਪੰਛੀ ਹਵਾ ਪਾਣੀ ਅਗਨੀ,ਮਿੱਟੀ ਸੱਭ ਸਮਿਲਤ ਹੈ।

ਬਾਬਾ ਨਾਨਕ ਅਨੁਸਾਰ ਕਾਇਨਾਤ ਦੀ ਚੁਰਾਸੀ ਲੱਖ ਜੂਨ ਇਕ ਦੂਜੇ ਤੇ ਨਿਰਭਰ ਹੈ,ਤੇ ਇਹ ਸਾਰੇ ਕੇਵਲ ਕੁਦਰਤ ਦੇ ਆਸਰੇ ਜੀਵਤ ਰਹਿੰਦੇ ਹਨ। ਇਸ ਚੁਰਾਸੀ ਵਿੱਚ ਸੱਭ ਤੋਂ ਨਵੀਂ ਪ੍ਰਜਾਤੀ ਮਨੁੱਖ ਹੈ,ਤੇ ਆਪਣੀ ਇਸ ਕ੍ਰਿਤੀ ਨੂੰ ਕਾਦਰ ਨੇ ਸਰਵੋਤਮ ਦਾ ਅਹੁਦਾ ਦਿੱਤਾ ਹੈ। ਇਸ ਨੂੰ ਦੂਜੇ ਜੀਵਾਂ ਨਾਲੋਂ ਵੱਖਰੀ ਬੁੱਧੀ ਦਿੱਤੀ ਜੋ ਇਸਨੂੰ ਦੂਜਿਆਂ ਨਾਲੋਂ ਵਿਲੱਖਣਤਾ ਤੇ ਤੀਖਣਤਾ ਬਖ਼ਸ਼ਦੀ ਹੈ।

ਅਪਨੀ ਇਸ ਤੀਖਣ ਬੁੱਧੀ ਨਾਲ ਇਹਨੇ ਵਿਕਾਸ ਦੇ ਬਹਾਨੇ ਕੁਦਰਤ ਨਾਲ ਘੋਰ ਖਿਲਵਾੜ ਕੀਤਾ ਹੈ। ਮਨੁੱਖ ਜਾਤੀ ਨੇ ਕੁਝ ਕੁ ਸਮੇਂ ਵਿੱਚ ਹੀ ਵਾਤਾਨੁਕੂਲ ਏਕਤਾ ਇਸ ਕਦਰ ਤਹਿਸ ਨਹਿਸ ਕਰ ਦਿੱਤੀ ਹੈ ਕਿ ਅਰਬਾਂ ਸਾਲ ਪੁਰਾਣੀ ਕੁਦਰਤ ਚੀਖ ਚੀਖ ਕੇ ਕੁਰਲਾਉਣ ਲਗੀ ਹੈ" ਮੇਰੇ ਕਾਦਰ ਹੁਣ ਮੈਂ ਨਾਂ ਬੱਚਦੀ "—

" ਵਾਸਤੇ ਪਾਵੇ,ਧਰਤੀ ਕਰੇ ਪੁਕਾਰ

ਨਾ ਮਾਰ ਮੈਨੂੰ ਨਾ ਮਾਰ,ਬੰਦਿਆ ਵੇ ਨਾ ਮਾਰ-

ਮੈਂ ਤੇਰੀ ਪਾਲਣਹਾਰ।

ਸੰਤ ਵਾਣੀ ਬਲਿਹਾਰੀ ਕੁਦਰਤ ਵਸਿਆ ਦੀ ਨਸੀਹਤ ਵੀ ਵਿਸਾਰ ਦਿੱਤੀ ਤੂੰ ਬੰਦਿਆ-

ਆਦਮ ਤੇ ਹਵਾ ਨੂੰ ਜਨਮ ਰੱਬ ਨੇ ਦਿੱਤਾ ਪਰ ਪਾਲਿਆ ਤਾਂ ਧਰਤੀ ਮਾਂ ਨੇ ਹੈ ਨਾ।

ਤੇ ਜਨਮ ਦੇਣ ਵਾਲੇ ਨਾਲੋਂ ਪਾਲਣਵਾਲਾ ਜਿਆਦਾ ਮਹੱਤਤਾ ਰੱਖਦਾ ਹੈ।



ਇਹ ਮਨੁੱਖ ਪਾਲਣ ਵਾਲੀ ਮਾਂ ਨੂੰ ਨਿਰੀ ਖਾਕ/ਮਿੱਟੀ ਹੀ ਸਮਝ ਕੇ ਮਿੱਟੀ ਦੀ ਮਿੱਟੀ ਪਲੀਤ ਕਰੀ ਜਾ ਰਿਹਾ ਹੈ ਤੇ ਆਪਣੀ ਹੀ ਨਸਲ ਨੂੰ ਖੋਰਾ ਲਗਾਈ ਜਾ ਰਿਹਾ ਹੈ। ਮਿੱਟੀ ਜੋ ਪੇਟ ਭਰਦੀ ਹੈ ਤਨ ਢੱਕਦੀ ਹੈ,ਮੀਂਹ ਧੁੱਪ ਤੋਂ ਬਚਾਉਂਦੀ ਹੈ,ਪਾਣੀ ਤੇ ਹੋਰ ਖਣਿਜ ਦੇਂਦੀ ਹੈ,ਆਪਣੀ ਜਹਾਲਤ ਨਾਲ ਉਸਨੂੰ ਬੇਜਬਾਨ ਖਾਕ ਸਮਝ ਕੇ ਨਿੰਦ ਕੇ ਤਬਾਹ ਕਰੀ ਜਾ ਰਿਹਾ ਹੈ। ਮਨੁੱਖ ਨੂੰ ਸਦੀਆਂ ਪਹਿਲਾਂ ਹੀ ਬਾਬਾ ਫਰੀਦ ਨੇ ਚੌਕਸ ਕਰਨ ਦੀ ਕੋਸ਼ਿਸ਼ ਕੀਤੀ ਤੇ ਕਿਹਾ ਸੀ-

" ਫਰੀਦਾ'ਖਾਕ ਨਾ ਨਿੰਦੀਏ,ਖਾਕ ਜੇਡ ਨਾ ਕੋਇ

ਜਿਉਂਦਿਆਂ ਪੈਰਾਂ ਤਲੇ ,ਮੋਇਆਂ ਉਪਰ ਹੋਇ।

ਮਿੱਟੀ ਮਾਂ ਹੈ ਤੇ ਪਾਣੀ ਪਿਤਾ,ਪਾਣੀ ਬਿਨਾਂ ਕੋਈ ਵੀ ਜੂਨ ਸੰਭਵ ਨਹੀਂ ਹੈ। ਇਸ ਪਿਤਾ ਦਾ ਮਾਨਸ ਨੇ ਹਸ਼ਰ ਨਸ਼ਰ ਕਰ ਛਡਿਆ ਹੈ। ਇਕ ਖੂਹ ਕਈ ਏਕੜ ਜਮੀਨ ਸਿੰਜਣ ਦੇ ਸਮਰੱਥ ਸੀ,ਤੇ ਖੂਹਾਂ ਦਾ ਨਿਰਮਲ ਪਾਣੀ ਸੱਭ ਜੀਵ ਜੰਤੂਆਂ ਪੇੜ ਪੌਦਿਆਂ ਨੂੰ ਪਾਕ ਆਕਸੀਜਨ ਦੇ ਨਾਲ ਭਰ ਪੇਟ ਪੀਣ ਯੋਗ ਨਿਰਮਲ ਪਾਣੀ ਮਿਲ ਜਾਂਦਾ ਸੀ। ਖੂਹ ਉਤੋਂ ਢੱਕੇ ਵੀ ਨਹੀਂ ਸੀ ਹੁੰਦੇ,ਬਾਰਿਸ਼ ਦਾ ਮਿਨਰਲ ਪਾਣੀ ਵੀ ਖੂਹ ਵਿੱਚ ਜਾਂਦਾ ਸੀ ਤੇ ਹੋਰ ਹਨੇਰੀ ਘੱਟਾ ਆਦਿ ਵੀ, ਤੱਦ ਵੀ ਪੀਣ ਵਾਲਾ ਪਾਣੀ ਅਯੋਗ ਨਹੀ ਸੀ ਹੁੰਦਾ ਤੇ ਹੁਣ ਜਮੀਨ ਵਿੱਚ ਚਾਰ ਪੰਜਸੌ ਫੁੱਟ ਨੀਂਵੇ ਮੋਟਰ ਨਾਲ ਖਿਚਿਆ ਪਾਣੀ ਵੀ ਘਾਤਕ ਹੈ,ਤੇ ਵਪਾਰੀ ਬਾਜਾਰ ਵਿੱਚ ਮਸ਼ੀਨਾਂ ਲਿਆ ਕੇ ਸਾਫ ਪਾਣੀ ਪਿਆਉਣ ਦਾ ਢੌਂਗ ਕਰ ਰਹੇ ਹਨ

ਜਦ ਕਿ ਮਾਹਰ ਡਾਕਟਰਾਂ ਦਾ ਕਹਿਣਾ ਹੈ ਕਿ' ਇਹ ਪ੍ਰਮਾਣਿਕ ਹੈ ਕਿ ਪੀਣ ਯੋਗ ਪਾਣੀ ਸਿਰਫ਼ ਤੇ ਸਿਰਫ਼ ਧਰਤੀ ਮਾਂ ਹੀ ਬਣਾ ਸਕਦੀ ਹੈ,ਜਾਂ ਫਿਰ ਧਰਤੀ ਵਿਚੋਂ ਹੀ ਨਿਕਲਦੀ ਫਟਕੜੀ ਤੇ ਲਾਲ ਦਵਾਈ ਅੱਜ ਵੀ ਪਹਿਲਾਂ ਵਾਗ ਹੀ ਪਾਣੀ ਸਾਫ ਕਰਨ ਲਈ ਕਾਰਗਰ ਹੈ,ਜੇ ਮਸ਼ੀਨ ਪਾਣੀ ਪੀਣ ਯੋਗ ਬਣਾ ਸਕਦੀ ਹੁੰਦੀ ਤਾਂ ਪੀਣ ਵਾਲੇ ਪਾਣੀ ਦਾ ਖਤਮ ਹੋ ਜਾਣ ਦਾ ਖ਼ਦਸ਼ਾ ਨਾ ਪੈਦਾ ਹੁੰਦਾ,ਸਮੁੰਦਰੀ ਪਾਣੀ ਵੀ ਪੀਣ ਯੋਗ ਬਣਾ ਲਿਆ ਜਾਦਾ"!-

'ਝੋਨੇ ਵਾਲੇ ਪਿੰਡ ਪਰਾਲੀਓਂ ਪਛਾਣੇ ਜਾਂਦੇ ਸੀ,ਤੇ ਹੁਣ ਪਰਾਲੀ ਦਾ ਧੂੰਆ ਦਸਦਾ ਹੈ ਇਧਰ ਜਾਣਾ ਮਨ੍ਹਾ ਹੈ। ਪੈਦਾ ਹੋਇਆ ਝੋਨਾ ਬਾਸਮਤੀ ਜੀਵਾਂ ਦੇ ਖਾਣ ਦੇ ਕਾਬਲ ਹੀ ਨਹੀਂ। ਇਹ ਕੇਹੀ ਤਰਾਸਦੀ ਆ ਧਮਕੀ ਹੈ ਕਿ ਅਨਾਜ ਦੀ ਥਾਂ ਬਾਰੂਦ ਇਕੱਠਾ ਕੀਤਾ ਜਾ ਰਹਾ ਹੈ,ਤੇ ਅੰਨਦਾਤੀ ਵਿੱਚ ਰਸਾਇਣ ਤੇ ਹੋਰ ਸਿੱਕਾ ਭਰ ਕੇ ਅਦਿੱਖ ਜਹਿਰ ਪੈਦਾ ਕੀਤਾ ਜਾ ਰਹਾ ਹੈ।

ਵਸੁੰਧਰਾ ਮਰ ਰਹੀ ਹੈ,ਪਾਣੀ ਨਾਪਾਕ ਹੋ ਗਿਆ ਹੈ ਤੇ ਮਾਨਵ ਅੱਠ ਪੀੜ੍ਹੀਆਂ ਦਾ ਅਸਬਾਬ ਇਕੱਤਰ ਕਰਨ ਵਿੱਚ ਲੀਨ ਹੈ।

ਅਧੁਨਿਕ ਦੌਰ ਵਿੱਚ ਭਾਰਤ ਦੀ ਭੂਮੀ ਅਤੇ ਭਾਰਤ ਦੀ ਨਾਰੀ ਨੂੰ ਮਰਦ ਦੀ ਹਵਸ,ਲਾਲਸਾ

ਅਤੇ ਚੌਧਰਾਹਟ ਦਰੜ ਰਹੀ ਹੈ।

ਇਸ ਵਕਤ ਮਾਨਸ ਦਾ ਓੜ੍ਹਨਾ ਬਿਛੌਨਾ ਬਾਰੂਦ ਬਣ ਗਿਆ ਹੈ।

ਗਲ ਕੀ-ਕੁਦਰਤ ਹਰ ਪੱਖ ਤੋਂ ਮਨੁੱਖ ਦੀ ਪਹਿਰੇਦਾਰ ਹੈ,ਰੱਖਿਅਕ ਹੈ।ਤੇ ਮਨੁੱਖ ਕੀ..

ਕੀਟ ਨਾਸ਼ਕ ਪਾ ਕੇ ਮਿੱਤਰ ਕੀੜੇ ਮਾਰੀ ਜਾ ਰਹਾ ਹੈ,ਜਹਿਰੀਲੇ ਰਸਾਇਣਾ ਨਾਲ ਮਿੱਟੀ ਦੀ ਸਤਹ ਨਾਸ ਕਰੀ ਜਾ ਰਹਾ ਹੈ,ਰਸਾਇਣਾ ਨੇ ਪੰਛੀਆਂ ਦੀ ਚਹਿਚਹਾਟ ਵੀ ਖੋਹ ਲਈ ਹੈ।ਨਦੀਨ ਨਾਸ਼ਕਾਂ ਨੇ ਪਸ਼ੂਆਂ ਦੀਆਂ ਹਰੇ ਘਾਹ ਦੀਆਂ ਚਰਗਾਹਾਂ ਚੱਟ ਲਈਆਂ ਹਨ।

ਘਰੇਲੂ ਵਰਤੋਂ ਤੇ ਨੁਸਖੇ ਵਾਲੀਆਂ ਜੜ੍ਹੀ ਬੂਟੀਆਂ ਆਪਣੀ ਹੋਂਦ ਗਵਾ ਚੁਕੀਆਂ ਹਨ।

ਜਿਵੇਂ ਫੋੜੈ ਫਿੰਸੀਆਂ ਰਾਜੀ ਕਰਨ ਵਾਲੀ 'ਅੱਕ' ਦੀ ਬੂਟੀ,ਨਿੱਕ ਸ਼ੁਕ ਦਾ ਸਾਗ,ਕਾਈ

ਗੁਲਾਬਾਸੀ,ਬਾਥੂ,ਹਾਲੋ,ਪੀਲਕਾਂ,ਚਿੱਬੜ,ਚਾਸਕੂ,ਕਰੁੰਡ,ਕਿਤੇ ਨਹੀਂ ਦਿਸਦੇ ਹੁਣ।ਤਦੇ ਹੀ

ਤੇ ਕਾਇਨਾਤ ਕੁਰਲਾ ਉਠੀ ਹੈ-

" ਹਰੇ ਛਜਰ ਨਾਂ ਸਹੀ,ਥੋੜੀ ਘਾਸ ਤੋ ਰਹਨੇ ਦੋ

ਬਦਨ ਪੇ ਮੇਰੇ,ਕੋਈ ਲਿਬਾਸ ਤੋ ਰਹਨੇ ਦੋ।

ਮਾਟੀ ਕਹੇ ਕੁਮਾਰ ( ਘੁਮਾਰ ) ਸੇ ਤੂੰ ਕਹੁ ਰੌਂਦੇ ਮੋਹੇ

ਇਕ ਦਿਨ ਐਸਾ ਆਵਗਾ,ਮੈਂ ਰੌਂਦੂੰਗੀ ਤੋਹੇ।

ਸ਼ਬਨਮ ਰੋਵੇ ਜਾਰੋ ਜਾਰ,

ਭੁਮੀ ਪੁਕਾਰੇ ਬਾਰਮ ਬਾਰ

ਹਾਏ ਮੈਂ ਨਾਂ ਬਚਦੀ ,

ਬੰਦਿਆ ਨਾ ਮਾਰ, ਮੈਨੂੰ ਨਾਂ ਮਾਰ---



## "ਧਰਤੀ ਉਗਲੇ ਹੀਰੇ ਮੋਤੀ"

"ਦੀਪਕ ਮੇਂ ਜੋਤੀ,ਜੋਤੀ ਮੇਂ ਪ੍ਰਕਾਸ਼,ਪੁਲਕਿਤ ਹੈ ਧਰਤੀ,ਜਗਮਗਾਏ ਆਕਾਸ਼"।

ਅੰਮ੍ਰਿਤਸਰ ਦੀ ਭੂਮੀ ਨੇ ਜਿਥੇ ਮੁਹੰਮਦ ਰਫੀ ਜਿਹਾ ਹੀਰਾ ਦਿੱਤਾ ਉਥੇ ਮਹਿੰਦਰ ਕਪੂਰ ਜਿਹਾ ਮੋਤੀ ਉਗਲਿਆ।ਤਾਂ ਹੀ ਉਸ ਨੇ ਖੁਦ ਹੀ ਗਾਇਆ," ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ,ਉਗਲੇ ਹੀਰੇ, ਮੋਤੀ "।ਇਸ ਗੁਰੂ ਦੀ ਨਗਰੀ ਨੂੰ ਬਹੁਤ ਸਾਰੇ ਹੀਰੇ ਮੋਤੀ ਦੀ ਦਾਤ ਬਖ਼ਸ਼ਣ ਦਾ ਸ਼ਰਫ਼ ਹਾਸਲ ਹੈ ਮਹਿੰਦਰ ਕਪੂਰ ਨੂੰ ਨਿਕੇ ਹੁੰਦੇ ਤੋਂ ਹੀ ਸੰਗੀਤ ਦੇ ਖੇਤਰ ਵਿੱਚ ਰੁਚੀ ਸੀ ਤੇ ਬੰਬਈ ਸ਼ਿਫ਼ਟ ਹੁੰਦੇ ਹੀ ਉਹਨਾਂ ਸਕੂਲ ਦੀ ਪੜ੍ਹਾਈ ਦੇ ਨਾਲ ਸੰਗੀਤ ਵਿਦਿਆ ਲੈਣੀ ਸ਼ੁਰੂ ਕਰ ਦਿੱਤੀ।

ਕਪੂਰ ਨੇ ਰਫੀ ਜੀ ਨੂੰ ਆਪਣਾ ਉਸਤਾਦ ਧਾਰਿਆ ਤੇ ਰਫ਼ੀ ਜੀ ਨੇ ਵੀ ਜਿਵੇਂ ਆਪਣੀ ਆਵਾਜ਼ ਦੀ ਦੁਸਰੀ ਕਾਪੀ ਦਿੱਤੀ।ਕਈ ਗੀਤ ਕਪੂਰ ਜੀ ਨੇ ਇਸ ਤਰਾਂ ਗਾਏ ਕਿ ਰਫ਼ੀ ਜੀ ਦੀ ਆਵਾਜ਼ ਹੀ ਲਗਦੀ ਰਹੀ,ਇਹ ਨਿਖੇੜਾ ਬਹੁਤ ਦੇਰ ਬਾਦ ਸਾਹਮਣੇ ਆਇਆ।ਜਿਵੇਂ---

" ਆਪ ਆਏ ਦਿਲ-ਏ ਨਾਸ਼ਾਦ ਆਇਆ,ਕਈ ਭੁਲੇ ਹੁਏ ਜਖ਼ਮੋਂ ਕਾ ਪਤਾ ਯਾਦ ਆਇਆ"

" ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋ"।

ਕਪੂਰ ਜੀ ਨੇ ਗਾਇਕੀ ਦੇ ਖੇਤਰ ਵਿੱਚ ਮਾਤਾ ਦੀਆਂ ਭੇਟਾ ਗਾ ਕੇ ਕਦਮ ਰੱਖਿਆ।ਬਹੁਤ ਸਾਰੇ ਭਜਨ,ਸ਼ਬਦ,ਗਾਏ।ਫਿਲਮਾ ਤੋਂ ਇਲਾਵਾ ਗੈਰ ਫਿਲਮੀ ਗੀਤ ਵੀ ਗਾਏ। ਪੰਜਾਬੀ ਗੀਤ ਗਾ ਕੇ ਆਪਣਾ ਜਾਦੂ ਪੰਜਾਬੀ ਬੋਲੀ ਤੇ ਵੀ ਖੂਬ ਚਲਾਇਆ।

ਜਲੰਧਰ ਦੂਰਦਰਸ਼ਨ ਤੇ ਗਾਇਆ ਪੰਜਾਬੀ ਗੀਤ," ਕੁੜੀ ਹੱਸ ਗਈ ਝਾਂਜਰਾਂ ਵਾਲੀ—ਤੇ

ਇਕ ਟੁਣਕਾ ਪਿਆਰ ਦਾ ਗੀਤ ਗਾ ਕੇ ਵਾਹਵਾ ਖੱਟੀ,ਜੋ ਅੱਜ ਤੱਕ ਹਰ ਜਬਾਨ ਤੇ ਹੈ।

ਬਹੁਤ ਸਾਰੀਆਂ ਪੰਜਾਬੀ ਫਿਲਮਾਂ ਨੂੰ ਆਪਣੀ ਆਵਾਜ਼ ਨਾਲ ਸ਼ਿਗਾਰਿਆ।

ਸ਼ਿਵ ਬਟਾਲਵੀ ਦੇ ਗੀਤਾਂ ਨੂੰ ਸੱਭ ਤੋਂ ਪਹਿਲਾਂ ਮਹਿੰਦਰ ਕਪੂਰ ਨੇ ਗਾਇਆ ਤੇ ਸ਼ਿਵ ਨੂੰ ਘਰ ਘਰ ਪਹੁੰਚਾਇਆ,ਪੀੜਾਂ ਦਾ ਪਰਾਗਾ,ਇਕ ਕੁੜੀ ਜਿਹਦਾ ਨਾਂ ਮੁਹੱਬਤ ਨੇ ' ਗੀਤਾਂ ਦੇ ਸੁਰ ਨੇ ਸਰੋਤਿਆਂ ਨੂੰ ਕੀਲਿਆ,ਜੋ ਕਿ ਪੰਜਾਬੀ ਦੇ ਖੇਤਰ ਵਿੱਚ ਮਕਬੂਲੀਅਤ ਦਾ ਸਿਖ਼ਰ ਸਾਬਤ ਹੋਏ।

ਫਿਲਮੀ ਸਫ਼ਰ ਵਿੱਚ ਕਪੂਰ ਜੀ ਦਾ ਗਾਇਆ ਗੀਤ," ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋ" ਜੋ ਅੱਜ ਵੀ ਤਰੋ ਤਾਜ਼ਾ ਹੈ,ਤੇ ਹਰ ਪੀੜ੍ਹੀ ਚਾਅ ਨਾਲ ਸੁਣਦੀ ਹੈ।ਇਸ ਗੀਤ

ਲਈ ਕਪੂਰ ਜੀ ਨੂੰ ਫਿਲਮ ਫੇਅਰ ਅਵਾਰਡ ਨਾਲ ਨਿਵਾਜਿਆ ਗਿਆ।ਦੂਜਾ ਅਵਾਰਡ 'ਨੀਲੇ ਗਗਨ ਕੇ ਤਲੇ ਧਰਤੀ ਕਾ ਪਿਆਰ ਪਲੇ' ਲਈ ਮਿਲਿਆ।ਤੇ ਤੀਜਾ ਅਵਾਰਡ-

" ਫਿਲਮ ਉਪਕਾਰ-"ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ ਉਗਲੇ ਹੀਰੇ ਮੋਤੀ" ਲਈ ਮਿਲਿਆ

ਮਹਿੰਦਰ ਕਪੂਰ ਨੇ ਫਿਲਮੀ ਦੁਨੀਆਂ ਵਿੱਚ ਆਪਣਾ ਸਥਾਨ ਉਸ ਵਕਤ ਬਣਾਇਆ ਜਦ ਸਥਾਪਤ ਗਾਇਕ ਬਹੁਤ ਮਕਬੂਲ ਸਨ,ਜਿਵੇ,ਕੇ ਐਲ ਸਹਿਗਲ,ਮੁਹੰਮਦ ਰਫੀ,ਕਿਸ਼ੋਰ ਕੁਮਾਰ ਮੁਕੇਸ਼,ਮੰਨਾਡੇ,ਤੇ ਹੋਰ ਵੀ ਕਈ।ਉਸ ਵਕਤ ਲਗਭਗ ਸਾਰੇ ਹੀ ਗਾਇਕ ਸੰਸਾਰ ਪ੍ਰਸਿੱਧ ਸਨ।

ਐਸੇ ਵਿੱਚ ਨੌਸ਼ਾਦ,ਤੇ ਓ.ਪੀ.ਨਈਅਰ ਜਿਹੇ ਜੋਹਰੀਆਂ ਨੇ ਇਸ ਹੀਰੇ ਨੂੰ ਪਹਿਚਾਣ ਕੇ ਤਰਾਸ਼ਿਆ ਤੇ ਆਵਾਜ਼ ਦੀ ਦੁਨੀਆਂ ਵਿੱਚ ਸੁਪਰਹਿੱਟ ਦਾ ਮੁਕਾਮ ਦਿਲਾਇਆ।

ਮਹਾਂਰਾਸ਼ਟਰਾ ਸਰਕਾਰ ਨੇ ਮਹਿੰਦਰ ਕਪੂਰ ਨੂੰ ਲਤਾਮੰਗੇਸ਼ਕਰ ਅਵਾਰਡ ਨਾਲ ਨਵਾਜਿਆ।

ਉਹਨਾਂ ਦਾ ਗੀਤ'ਤੇਰੇ ਮੇਰੇ ਪਿਆਰ ਕੇ ਚਰਚੇ,ਹਰ ਜਬਾਨ ਪਰ"-ਵਾਕਿਆ ਹੀ ਅੱਜ ਵੀ ਹਰ ਜਬਾਨ ਤੇ ਹੈ

।"ਡੋਲੀ ਚੜ੍ਹ ਕੇ ਦੁਲਹਨ ਸਸੁਰਾਲ ਚਲੀ....(.ਹਾਏ,ਹਰ ਅੱਖ ਭਰ ਆਈ ਹੈ"।)

'ਹੈ ਪਿਆਰ ਜਹਾਂ ਕੀ ਰੀਤ ਸਦਾ,ਤੇਰੇ ਪਿਆਰ ਕਾ ਆਸਰਾ,ਕਿਸੀ ਪੱਥਰ ਕੀ ਮੂਰਤ ਸੇ ਮੁਹੱਬਤ ਕਾ ਇਰਾਦਾ ਹੈ,ਆਦਿ ਸੁਪਰ ਹਿੱਟ ਗੀਤ ਹਨ।ਵੈਸੇ ਉਹਨਾਂ ਨੇ ਸੰਗੀਤ ਜੀਵਨ ਵਿੱਚ ਵੱਖ ਵੱਖ ਭਾਸ਼ਾ ਵਿੱਚ ਪੱਚੀ ਹਜਾਰ ਦੇ ਕਰੀਬ ਗੀਤ ਗਾਏ।

ਅਫਸੋਸ ਇਸ ਕੁਦਰਤੀ ਤੋਹਫ਼ਾ ਗਾਇਕ ਦਾ ਕੋਈ ਵੀ ਬੱਚਾ ਸਰਗਮ ਵਿੱਚ ਬਾਜੀ ਨਾ ਮਾਰ ਸਕਿਆ ।

ਇਸ ਮਹਾਨ ਗਾਇਕ ਨੇ ਆਪਣੀ ਉਮਰ ਦੇ ਪੰਤਾਲੀ ਵਰ੍ਹੈ ਸੰਗੀਤ ਦੇ ਨਾਮ ਲਾਏ।ਤੇ ਗੀਤ ਸੰਗੀਤ ਦੇ ਸ਼ੋਕੀਨਾਂ ਨੂੰ ਆਪਣੀ ਮਧੁਰ ਵਾਣੀ ਨਾਲ ਸਰਸ਼ਾਰ ਕੀਤਾ।

" ਗਮੋਂ ਕਾ ਦੌਰ ਭੀ ਆਏ ਤੋ ਮੁਸਕਰਾ ਕੇ ਜੀਓ ਦਾ ਪੈਗਾਮ ਦੇਣ ਵਾਲਾ ਇਹ ਮਹਾਨ ਗਾਇਕ 27 ਸਤੰਬਰ 2008 ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਿਆ।

ਉਹਨਾਂ ਦੇ ਗਾਏ ਗੀਤ ਸਦਾਬਹਾਰ ਹਨ ਤੇ ਹਮੇਸ਼ ਉਹਨਾਂ ਦੀ ਯਾਦ ਨੂੰ ਤਰੋਤਾਜ਼ਾ ਰੱਖਣਗੇ।



" ਰੇਡੀਓ ਦੀਆਂ ਤਰੰਗਾਂ ਵਿੱਚ ਤੇ ਆਪਣੇ ਚਾਹਨੇ ਵਾਲਿਆਂ ਦੇ ਦਿਲਾਂ ਵਿੱਚੋਂ ਮਹਿੰਦਰ ਕਪੂਰ ਨੂੰ ਸਾਰਾ ਜੋਰ ਲਾ ਕੇ ਵੀ ਮੌਤ ਦੂਰ ਨਹੀਂ ਕਰ ਸਕਦੀ"।

ਸ਼ਲਿਉਟ ਕਬੂਲ ਹੋਵੇ ਉਸ ਮਹਾਨ ਹਸਤੀ ਨੂੰ....

" ਬੀਤੇ ਹੂਏ ਲਮਹੋਂ ਕੀ ਕਸਕ ਸਾਥ ਤੋ ਹੋ ਗੀ "॥

"ਮੇਰਾ ਪਿਆਰ ਵੋ ਹੈ ਜੋ ਮਰ ਕਰ ਭੀ ਤੁਮ ਕੋ ਜੁਦਾ ਅਪਨੀ ਬਾਹੋਂ ਸੇ ਹੋਨੇ ਨਾਂ ਦੇ ਗਾ"'॥

## "ਗੀਤ ਮੁਹੱਬਤ ਦਾ"

ਮੁਹੱਬਤ ਕੀ ਕਿਸਮਤ ਬਨਾਨੇ ਸੇ ਪਹਲੇ

ਐ ਜਮਾਨੇ ਕੇ ਮਾਲਕ ਤੂੰ ਰੋਇਆ ਤੋ ਹੋਗਾ।

ਤੁਝੈ ਭੀ ਕਿਸੀ ਸੇ ਅਗਰ ਪਿਆਰ ਹੋਤਾ

ਹਮਾਰੀ ਤਰਹ ਤੂੰ ਭੀ ਕਿਸਮਤ ਕੋ ਰੋਤਾ

ਯੇ ਅਸ਼ਕੋਂ ਕੇ ਨੀਰ ਬਹਾਨੇ ਸੇ ਪਹਲੇ

ਜਮਾਨੇ ਕੈ ਮਾਲਕ ਤੂੰ ਰੋਇਆ ਤੋ ਹੋਗਾ!

ਮੇਰੀ ਹਾਲਤ ਪਰ ਯੇ ਜੋ ਹੰਸਤੇ ਹੈਂ ਸਾਰੇ.

ਹੰਸਤੇ ਹੈਂ ਸਾਰੇ

ਯੇ ਸਾਰੇ ਹੈਂ ਤੇਰੀ ਹੰਸੀ ਕੇ ਇਸ਼ਾਰੇ

ਹੰਸੀ ਮੇਰੇ ਗਮ ਕੀ ਉੜਾਨੇ ਸੇ ਪਹਲੇ

ਜਮਾਨੇ ਕੇ ਮਾਲਕ ਤੂੰ ਰੋਇਆ ਤੋ ਹੈਗਾ

ਮੁਹੱਬਤ ਕੋ ਦਿਲੋਂ ਮੇਂ ਬਸਾਇਆ

ਮੁਹੱਬਤ ਮੇਂ ਗਮ ਕਾ ਯੇ ਤੂਫਾਂ ਉਠਾਇਆ

ਤੂਫਾਂ ਕੋ ਦੁਨੀਆ ਮੇਂ ਲਾਨੇ ਸੇ ਪਹਲੇ;

ਐ ਜਮਾਨੇ ਕੇ ਮਾਲਕ ਤੂੰ ਰੋਇਆ ਤੋ ਹੈਗਾ?



## "ਨੰਗੇ ਪੈਰਾਂ ਵਾਲੀ"

ਉਹ ਨੌਂ ਜਾਂ ਦੱਸ ਸਾਲ ਦੀ ਹੋਵੇਗੀ। ਉਹ ਸਵੇਰ ਤੋਂ ਰਿਕਸ਼ਾ ਤੇ ਸਵਾਰੀਆਂ ਢੋਣ ਲਗ ਜਾਂਦੀ

ਦੋ ਦੋ ਸਵਾਰ ਵੀ ਸਹਿਜੇ ਹੀ ਖਿੱਚ ਲੈਂਦੀ।ਆਮ ਤੌਰ ਤੇ ਉਸ ਦੀ ਰਿਕਸ਼ਾ ਤੇ ਕੁੜੀਆਂ,ਬੁੜ੍ਹੀਆ ਤੇ ਬੱਚੇ ਹੀ ਬੈਠਦੇ।ਉਸ ਨੇ ਸਕੂਲ ਦੇ ਬੱਚੇ ਵੀ ਮਾਸਿਕ ਤੌਰ ਤੇ ਪੱਕੇ ਲਾਏ ਸਨ ।ਉਹ ਸਮੇਂ ਸਿਰ ਉਹਨਾਂ ਨੂੰ ਘਰਾਂ ਤੋਂ ਚੁਕਦੀ ਤੇ ਸਮੇਂ ਤੇ ਸਕੂਲ ਤੋਂ ਚੁਕ ਘਰੋ ਘਰੀ ਪੁਚਾ ਦੇਂਦੀ।

ਉਸ ਨੇ ਇਹ ਇੰਨਾ ਔਖਾ ਧੰਦਾ ਕਿਉਂ ਅਪਨਾਇਆ? ਇਹ ਘੁਸਰ ਮੁਸਰ ਆਲੇ ਦੁਆਲੇ ਕਈ ਦਿਨਾਂ ਤੱਕ ਚਲਦੀ ਰਹੀ।ਪਰ ਉਹ ਮਾਸੂਮ ਤਾਂ ਸਾਰੇ ਜਵਾਬ ਪਿਛੇ ਛੱਡ ਕੇ ਹੀ ਰਿਕਸ਼ਾ ਘਰੋਂ ਕੱਢ ਕੇ ਤੁਰੀ ਸੀ,' ਅਣਜਾਣੀ ,ਉਹ ਨਾਦਾਨ ਤਾਂ ਕੇਵਲ ਇੰਨਾ ਜਾਣਦੀ ਸੀ ਕਿ ਪਾਪੀ ਪੇਟ ਦਾ ਸਵਾਲ ਹੈ ਜੋ ਘਰ ਦੇ ਚਾਰ ਪੰਜ ਜੀਆਂ ਦਾ ਹੈ।

ਇਕ ਦਿਨ ਰਾਤ ਉਹਨੇ ਪੱਕੀ ਧਾਰ ਲਈ ਕਿ ਉਹ ਸਵੇਰੇ ਤੜਕ ਸਾਰ ਭਾਪੇ ਦੇ ਸੁਤਿਆਂ ਰਿਕਸ਼ਾ ਲੈ ਕੇ ਅੱਡੇ ਤੇ ਨਿਕਲ ਜਾਏਗੀ।ਤੇ ਉਹ ਨੰਗੇ ਪੈਰ ਰਿਕਸ਼ਾ ਖਿੱਚ ਕੇ ਬਾਹਰ ਸੜਕ ਤੱਕ ਲੈ ਆਈ।ਪੈਰ ਢੱਕਣ ਲਈ ਕੋਈ ਜੁੱਤੀ ਤਾਂ ਕਦੀ ਉਸ ਨੂੰ ਮਿਲੀ ਹੀ ਨਹੀਂ ਸੀ।ਅੱਡੇ ਤੱਕ ਉਹ ਕਦੀ ਰਿਕਸ਼ਾ ਚ ਪੈਰ ਫਸਾ ਲੈਂਦੀ ਤੇ ਕਦੀ ਕੱਢ ਲੈਂਦੀ,ਇੰਜ ਡਿਗਦੀ ਢਹਿੰਦੀ ਖਿਚਦੀ ਖਿਚਾਉਂਦੀ ਉਹ ਅੱਡੇ ਤੱਕ ਪਹੁੰਚ ਹੀ ਗਈ।ਸਾਰੇ ਚਾਲਕ ਉਸ ਵੱਲ ਪ੍ਰਸ਼ਨ ਸੂਚਕ ਤੱਕਣੀ ਤੱਕਣ ਲਗੇ।

ਇਕ ਮਿਡਲ ਏਜ ਚਾਲਕ ਉਸ ਕੋਲ ਆਇਆ,ਤੇ ਪੁਛਣ ਲਗਾ-

ਪੁੱਤ ਤੂੰ ਚਲਾ ਲੈਂਦੀ ਇਹਨੂੰ,ਤੇਰੇ ਤੇ ਪੈਰ ਪੈਡਲ ਤੱਕ ਨੀ ਪੁਜਣੇ,? ਤੇਰਾ ਭਾਪਾ ਕਿਥੇ?ਕੀ ਨਾਂ ਏ ਉਹਦਾ?"

ਭਾਪਾ ਉਠਿਆ ਨੀ ਉਹ ਤੇ ਕਿੰਨਾ ਕਿਨਾ ਚਿਰ ਇੰਜ ਹੀ ਪਿਆ ਰਹਿੰਦਾ ਨਸ਼ਾ ਪੀ ਕੇ,ਉਹ ਹੌਲੀ ਜਿਹੇ ਬੋਲੀ"।

ਤੇ ਪੁੱਤ ਤੇਰਾ ਵੀਰ ਵੱਡਾ ਕੋਈ ਨੀ,ਜੋ ਕਮਾਉਣ ਆ ਜਾਂਦਾ,?

ਨਹੀਂ ਉਹ ਤਾਂ ਅਜੇ ਨਿਕਾ ਜਿਹਾ ਤੁਰਦਾ ਵੀ ਨੀ,--ਤਾਇਆ ਤੂੰ ਮੈਨੂੰ ਰਕਸ਼ਾ ਚਲਾਉਣਾ ਸਖਾ ਦੇ

ਭਾਪਾ ਤੇ ਕਦੋਂ ਉਠੂ,ਜੇ ਉਠ ਵੀ ਗਿਆ ਤੇ ਮਾਂ ਨੂੰ ਮਾਰੇ ਕੁਟੇਗਾ,ਤੇ ਫੇਰ..........ਉਹ ਜਿਵੇਂ ਭਰੇ ਗਲੇ ਚੋਂ ਬੋਲੀ।

ਪੁੱਤ ਇਹ ਤੇਰੇ ਕਰਨ ਵਾਲਾ ਕੰਮ ਨਹੀਂ ਜਾ ਘਰ ,ਆਪਣੀ ਮਾਂ ਨਾਲ ਕੰਮ ਕਰਨ ਜਾਇਆ ਕਰ।

ਉਸ ਭਲੇ ਪੁਰਸ਼ ਨੇ ਕੁੜੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

ਪਰ ਉਹ ਤੇ ਅੱਜ ਕਮਾਉਣ ਨਿਕਲੀ ਸੀ,ਉਹ ਦੂਜੇ ਪਾਸੇ ਮੂੰਹ ਕਰ ਖਲੋ ਗਈ।

ਇਕ ਲਾਲਾ ਜੀ ਉਸ ਕੋਲ ਆਏ ਤੇ ਬੋਲੇ, ਕੁੜੀਏ ਆਹ ਬਕਸਾ ਲੱਦ ਕੇ ਲੈ ਜਾਏਂਗੀ?

ਆਹੋ ਜੀ ਰੱਖੋਂ,ਲੈ, ਲੈ ਜਾਵਾਂਗੀ।

ਕਿੰਨੇ ਪੈਸੇ ਲਵੇਂਗੀ? ਔਹ ਵੱਡੇ ਮੰਦਿਰ ਕੋਲ ਜਾਣ ਦੇ?

ਜੀ ਦੱਸ ਰੁਪਏ।ਕੁੜੀ ਨੇ ਕਿਹਾ..( ਉਸ ਨਿਮਾਣੀ ਨੂੰ ਕੀ ਪਤਾ ਸੀ ਕਿੰਨੇ ਲੈਣੇ ਹਨ)

ਲਾਲਾ ਜੀ ਨੇ ਖੁਸ਼ ਹੋ ਬਕਸਾ ਰਕਸ਼ੇ ਤੇ ਰੱਖ ਦਿੱਤਾ,ਤੇ ਨਾਲ ਨਾਲ ਤੁਰ ਪਏ,ਉਚੀ ਨੀਵੀਂ ਟਿੱਬੇ ਟੋਏ ਟਪਾਉਂਦੀ ਨੇ ਬਕਸਾ ਮੰਦਰ ਲਾ ਹੀ ਦਿੱਤਾ।ਲਾਲੇ ਤੋਂ ਦੱਸ ਰੁਪਏ ਲੈ ਉਹ ਜਿਵੇਂ ਬਾਦਸ਼ਾਹ ਬਣ ਗਈ!

ਕੁੜੇ ਆਹ ਪੰਡ ਕੁ ਪੱਠੈ,ਡੇਰੇ ਵਾਲੀ ਗਲੀ ਚ ਸਰਕਾਰੀ ਕੁੜੀਆਂ ਦੇ ਸਕੂਲ ਕੋਲ ਘਰੇ ਲਾਹ ਆ,

ਮੈਂ ਤੈਨੂੰ ਪੰਜ ਰੁਪਏ ਦਿਆਂਗਾ ਤੇ ਗਊ ਮਾਤਾ ਤੈਨੂੰ ਅਸੀਸਾਂ ਦੇਵੇਗੀ,ਮੰਦਰ ਤੋਂ ਬਾਹਰ ਨਿਕਲਦੇ ਪੰਡਤ ਜੀ ਨੇ ਕੁੜੀ ਨੂੰ ਕਿਹਾ।

ਬਾਬਾ ਮੇਰੇ ਨਾਲ ਚਲ,ਮੈਨੂੰ ਨਹੀ ਪਤਾ ਸਕੂਲ ਦਾ,ਕੁੜੀ ਨੇ ਕਿਹਾ।

ਕੁੜੈ ਤੂੰ ਸਕੂਲੇ ਨੀ ਪੜ੍ਹਨ ਜਾਂਦੀ ? ਪੰਡਤ ਨੇ ਪੱਠਿਆਂ ਦੀ ਪੰਡ ਰਕਸ਼ੇ ਤੇ ਰਖਦੇ ਕਿਹਾ।ਨਾਲੇ ਮੈਂ ਬਾਬਾ ਨਹੀਂ ਮੈਂ ਤੇ ਪੁਜਾਰੀ ਹਾਂ।

ਵਾਹਵਾ ਦੂਰ ਸੀ ਗਊ ਮਾਤਾ ਪਰ ਉਹ ਸਿਰੜੀ ਖਿਚਦੀ ਘਸੀਟਦੀ ਪੱਠੈ ਲੈ ਪੁਜ ਹੀ ਗਈ।

ਰਕਸ਼ੇ ਤੋਂ ਪੰਡ ਲਾਹ ਕੇ ਪੁਜਾਰੀ ਨੇ ਚਾਰ ਰੁਪਏ ਕੁੜੀ ਨੂੰ ਫੜਾਉਂਦਿਆਂ ਕਿਹਾ,ਲੈ,ਤੂੰ ਕਿਹੜਾ ਪੈਡਲ ਮਾਰੇ,ਘਸੀਟ ਕੇ ਹੀ ਲਿਆਈ।

ਉਹ ਨਿਆਣੀ ਕੀ ਜਾਣੇ,ਕੀ ਸੁਣਿਆ,ਉਸ ਤਰਾਂ ਹੀ ਡੰਡੇ ਚ ਪੈਰ ਫਸਾ ਉਹ ਸੜਕ ਤੇ ਆ ਗਈ,ਸੜਕ ਕੰਢੇ ਇਕ ਭਾਈ ਮੰਜੇ ਤੇ ਜੁਤੀਆਂ ਦੀ ਦੁਕਾਨ ਲਾਈ ਬੈਠਾ ਸੀ,ਉਸ ਨਿਮਾਣੀ ਦਾ ਧਿਆਨ ਆਪਣੇ ਨੰਗੇ ਪੈਰਾਂ ਵੱਲ ਗਿਆ ਤੇ ਉਸ ਸੋਚਿਆ,ਭਾਪਾ ਰੋਜ਼ ਗੁੱਸੇ ਹੁੰਦਾ,'ਨੰਗੇ ਪੈਰ ਲੈ ਕੇ ਮੇਰੇ ਸਾਹਮਣੇ ਨਾਂ ਆਇਆ ਕਰ'-ਮੈਂ ਇਹਨਾਂ ਪੈਸਿਆਂ ਦੀ ਚਪਲ ਲੈ ਲੈਨੀ ਹਾਂ।ਉਸ ਮੰਜੇ ਕੋਲ



ਜਾ ਕੇ ਆਪਣੇ ਮੇਚੇ ਦੀ ਚੱਪਲ ਚੁਕ ਪੈਰੀਂ ਪਾ ਲਈ,ਉਸ ਨੂੰ ਬੜਾ ਚਾਅ ਚੜ੍ਹਿਆ ਨਵੀਂ ਚੱਪਲ ਪਾ ਕੇ।ਉਸ ਆਪਣੀ ਚੌਦਾਂ ਰੁਪਏ ਦੀ ਕਮਾਈ ਦੁਕਾਨਦਾਰ ਨੂੰ ਫੜਾਈ ਤਾਂ ਉਹ ਬੋਲਿਆ,

ਕੀ ਆਹ ,ਆਹ ਕੀ ਕੁੜੈ? ਲ਼ਾਹ ਚੱਪਲਾਂ,ਰੱਖ ਉਥੇ,ਪੰਜਾਹ ਰੁਪਈਏ ਲਗਣੇ ਪੂਰੇ।

ਉਹ ਵਿਚਾਰੀ ਨੇ ਪੰਜਾਹ ਦੀ ਗਿਣਤੀ ਮਿਣਤੀ ਕਿਥੇ ਸਿਖੀ ਸੀ।ਨਿਮੋਝੂਣੀ ਮੁੜ ਪਈ ਅਗਲੇ ਰਾਹ,

ਉਸ ਦੂਜੀ ਦੁਕਾਨ ਤੋਂ ਦਾਲ ਲਈ,ਭਾਈ ਨੇ ਉਸ ਕੋਲੋਂ ਦੱਸ ਰੁਪਏ ਲਏ,ਤੇ ਬਾਕੀ ਦਾ ਤੇਲ ਲਿਆ।ਉਸ ਆਖਿਆ ਅੱਜ ਦਾਲ ਨਾਲ ਰੋਟੀ ਖਾਵਾਂਗੇ।

ਇਸ ਤਰਾਂ ਉਹ ਰਿਕਸ਼ਾ ਖਿਚਦੀ,ਖਿਚਾਉਂਦੀ ਪੈਡਲ ਮਾਰਨਾ ਵੀ ਸਿਖ ਗਈ।ਸਵਾਰੀਆਂ ਵੀ ਵਾਹਵਾ ਮਿਲਣ ਲਗੀਆਂ,ਕਿਉਂ ਜੋ ਜਿੰਨੇ ਪੈਸੇ ਕੋਈ ਦੇਂਦਾ ਉਹ ਮੰਨਜੂਰ ਕਰ ਲੈਂਦੀ।ਆਮ ਤੌਰ ਤੇ ਉਹਦੇ ਨਾਲ ਕੁੜੀਆਂ,ਬੁੜ੍ਹੀਆਂ,ਬੱਚੇ ਹੀ ਬੈਠਦੇ।

ਇਸ ਤਰਾਂ ਉਹਦੀ ਚਲਾਉਣੀ ਸੁਖਾਂਵੀ ਹੋਣ ਕਰਕੇ,ਸਕੂਲ ਦੇ ਬੱਚੇ ਵੀ ਮਿਲ ਗਏ।ਉਹ ਸਮੇਂ ਦੀ ਪੂਰੀ ਪਾਬੰਦ,ਕਦੇ ਵੀ ਬੱਚੇ ਸਕੂਲੋਂ ਲੇਟ ਨਾਂ ਹੋਣ ਦੇਂਦੀ।ਇਉਂ ਉਸ ਨੂੰ ਮਹੀਨੇ ਬਾਦ ਜਿਵੇਂ ਤਨਖਾਹ ਵਾਂਗ ਬੱਧੀ ਰਕਮ ਮਿਲ ਜਾਂਦੀ।ਬੱਚਿਆਂ ਦੇ ਮਾਂ ਬਾਪ ਉਸ ਦੀ ਇਮਾਨਦਾਰੀ ਤੇ ਖੁਸ਼ ਹੋ ਕੇ ਉਸ ਨੂੰ ਗਾਹੇ ਬਗਾਹੇ ਇਨਾਮ ਵੀ ਦੇ ਦੇਂਦੇ।ਹੁਣ ਉਹ ਪੈਰੀਂ ਬੂਟ ਪਾ ਕੇ ਰੱਖਦੀ।

ਉਹਨਾਂ ਦਾ ਘਰ ਵਾਹਵਾ ਚਾਲੇ ਪੈ ਗਿਆ।ਨਿਕੇ ਭੈਣ ਭਰਾਵਾਂ ਨੂੰ ਉਸ ਸਕੂਲ ਪੜ੍ਹਨ ਦਾਖਲ ਕਰਾ ਦਿੱਤਾ।ਹੁਣ ਉਹਦਾ ਬਾਪ ਉਹਨੂੰ ਕਦੇ ਨਾਂ ਝਿੜਕਦਾ।

ਪਰ ਉਸਦਾ ਜੋ ਨੰਗੇ ਪੈਰਾਂ ਵਾਲੀ ਨਾਮ ਸੀ ਉਹ ਪੱਕਾ ਤਖ਼ਲਸ ਬਣ ਗਿਆ।

ਇਕ ਦਿਨ ਕਿਸੇ ਸਵਾਰੀ ਤੋਂ ਉਸ ਸੁਣਿਆ,ਨਸ਼ਾ ਛਡਾਉ ਕੈਂਪ ਲਗਾ,ਉਸ ਸਕੂਲ ਵਾਲੇ ਬੱਚੇ ਪੁਚਾਏ ਤੇ ਆਪਣੇ ਬਾਪ ਨੂੰ ਕੈਂਪ ਲੈ ਗਈ।ਉਥੇ ਇਕੱਠ ਵਿੱਚ ਇਕ ਸਾਥੀ ਉਸ ਨੂੰ ਕਹਿਣ ਲਗਾ,

"ਤੂੰ ਤੇ ਭਰਾ ਕਰਮਾਂ ਵਾਲੈਂ,ਤੇਰੀ ਕੁੜੀ ਤੇਰਾ ਖਰਚ ਵੀ ਕੱਢਦੀ ਤੇ,ਘਰ ਵੀ ਚਲਾਈ ਜਾਂਦੀ,ਜੇ ਓਡਾ ਤੇਰਾ ਮੁੰਡਾ ਹੁੰਦਾ ਤਾਂ ਉਸ ਵੀ ਤੇਰੇ ਵਾਂਗ ਨਸ਼ਾ ਹੀ ਕਰਨਾ ਸੀ!"।ਇਹ ਬੋਲ ਜਿਵੇਂ ਉਹਨੂੰ ਟੀਕਾ ਹੋ ਕੇ ਲਗੇ,ਤੇ ਉਸ ਨੇ ਉਸ ਦਿਨ ਤੋਂ ਬਾਦ ਕਦੇ ਨਸ਼ਾ ਨਾਂ ਕੀਤਾ।ਤੇ ਕੁੜੀ ਨੂੰ ਕਿਹਾ,"

ਤੂੰ ਪੁੱਤ ਘਰਾਂ ਚ ਕੰਮ ਕਰ ਲੈ,ਰਕਸ਼ਾ ਮੈਂ ਆਪੇ ਚਲਾ ਲੂੰ।

ਕੁੜੀ ਮਿਡ ਡੇ ਮੀਲ ਬਨਾਉਣ ਵਾਲਿਆਂ ਚ ਕੰਮ ਕਰਨ ਲਗ ਪਈ।

ਨਿਕੇ ਮੁੰਡੇ ਸਕੂਲੋਂ ਆ ਕੇ ਪੈਂਚਰ ਲਾਉਣ ਦਾ ਕੰਮ ਸਿਖਦੇ।

ਇਉਂ ਸਾਰੇ ਜੀ,ਜੋ ਵੀ ਕੰਮ ਮਿਲਦਾ ਕਰ ਲੈਂਦੇ,ਉਹਨਾਂ ਦਾ ਗੁਜਾਰਾ ਵਧੀਆ ਚਲਣ ਲਗਾ,ਹੁਣ

ਉਹਦੇ ਘਰ ਕੋਈ ਨੰਗੇ ਪੈਰਾਂ ਵਾਲਾ ਨਹੀਂ ਸੀ ਰਿਹਾ,ਸੱਭ ਭੁਲ ਭੁਲਾ ਗਏ ਕਿ ਉਹ ਨੰਗੇ ਪੈਰਾਂ ਵਾਲੀ ਕੁੜੀ ਰਿਕਸ਼ਾ ਵਾਹੁੰਦੀ ਹੁੰਦੀ ਸੀ।

ਜਿਸ ਵਿਹੜੈ ਚ ਭੂਤਾਂ ਵਾਲੀ ਚੀਕਾ ਚੀਕੀ ਸੀ,ਉਥੇ ਸੁਰਗੀ ਜਿਉੜਿਆਂ ਦਾ ਵਾਸ ਹੋ ਗਿਆ।

" ਕਰ ਮਜੂਰੀ ਖਾਹ ਚੂਰੀ----ਦੱਬ ਕੇ ਵਾਹ,ਰੱਜ ਕੇ ਖਾਹ " ॥

"ਜਿੰਦਗੀ ਜੇ ਜਿੰਦਗੀ ਦੀ ਸ਼ਰਤ ਪੂਰੀ ਨਾਂ ਕਰੇ ਤਾਂ ਜਿੰਦਗੀ ਤੋਂ ਜਿੰਦਗੀ ਨੂੰ ਵਾਰ ਦੇ"



## "ਦੁਨੀਆਂ ਸੇ ਜਾਨੇ ਵਾਲੇ ਜਾਨੇ ਚਲੇ ਜਾਤੇ ਹੈਂ ਕਹਾਂ?"

" ਕਾਦਰ ਦੀ ਕੁਦਰਤ ਦਾ ਕਰਿਸ਼ਮਾ" ਮਾ.'ਮੰਦਨ'- ਉਹ ਜੋ ਜੰਮਿਆਂ ਹੀ ਕਲਾਕਾਰ ਸੀ,ਤੇ ਜੋਬਨ ਰੁੱਤ ਦੇ ਸ਼ੁਰੂ ਹੁੰਦਿਆ ਹੀ ਥੋੜੈ ਜਿਹੇ ਅਰਸੇ ਵਿੱਚ ਆਪਣੀ ਸਾਖ ਬਣਾ ਤੁਰ ਗਿਆ,ਬਹੁਤਿਆਂ ਦੇ ਚੇਤੇ ਵੀ ਨਹੀਂ ਹੋਵੇਗਾ।ਇਹ ਭੁੱਲਾ ਵਿਸਰਿਆ ਕਲਾਕਾਰ-ਮੈਨੂੰ ਵੀ ਹੁਣ ਹੀ ਪਤਾ ਲਗਾ ਹੈ,ਪਰ ਮਾ. ਮਦਨ ਬਾਰੇ ਸੁਣਦਿਆਂ ਹੀ ਇਸ਼ਮੀਤ ਲੁਧਿਆਣਾ ਦਾ ਚਿਹਰਾ ਅੱਖਾਂ ਅਗੇ ਆ ਗਿਆ। ਇਹ ਪੰਜਾਬ ਦਾ ਲਾਲ—ਜਿਸ ਨੇ ਪੌਪ ਤੇ ਫੌਕ ਦੇ ਬੋਲ ਬਾਲੇ ਦੇ ਦੌਰ ਵਿੱਚ ਆਪਣੀ ਕਾਬਲੀਅਤ ਨਾਲ ਕਲਾਸੀਕਲ ਦੀ ਅਲਖ ਜਗਾਈ।

ਕਾਦਰ ਦੀ ਕੁਦਰਤ ਦਾ ਹਸੀਨ ਤੋਹਫਾ,ਦਿਲਨਸ਼ੀਨ ਤੋਹਫਾ,ਇਸ ਨੂੰ ਵੀ ਕਾਦਰ ਦੀ ਕੁਦਰਤ ਨੇ ਮਾਂ ਦੀ ਕੁੱਖ ਵਿੱਚ ਸੱਤ ਸੁਰਾਂ ਦੀ ਸੌਗਾਤ ਬਖਸ਼ਿਸ ਕੀਤੀ ਸੀ।

ਪੌਪ ਸੰਗੀਤ ਦੇ ਸ਼ੋਰ ਵਿੱਚ ਇਹ ਕੇਵਲ ਉਨੀ ਸਾਲ ਦਾ ਜਵਾਨੀ ਵੱਲ ਵੱਧ ਰਿਹਾ ਗਭਰੂ ਕਲਾਸੀਕਲ ਦੀ ਸਰਗਮ ਦਾ ਥੁੜ ਚਿਰਾ ਸਰਤਾਜ ਹੋ ਨਿਬੜਿਆ।ਪਹਿਲੀ ਹੀ ਕੋਸ਼ਿਸ਼ ਵਿੱਚ ਜਗਜੀਤ ਸਿੰਘ ਗਜਲਗੋ,ਦੀਦੀ ਲਤਾ ਮੰਗੇਸ਼ਕਰ ,ਤੇ ਦੀਦੀ ਆਸ਼ਾ ਭੋਸਲੇ ਨੂੰ ਇੰਨਾ ਪ੍ਰਭਾਵਤ ਕਰ ਗਿਆ,ਉਹਨਾ ਨੂੰ ਵੀ ਮੰਨਣਾ ਪਿਆ ਕਿ ਇਸ਼ਮੀਤ 'ਸੰਗੀਤ ਦੀਆਂ ਬੁਲੰਦੀਆਂ ਸਰ ਕਰੇਗਾ'।ਉਸ ਸਮੇਂ ਦੇ ਪ੍ਰਧਾਨ ਮੰਤਰੀ ਤੱਕ ਨੇ ਇਸ਼ਮੀਤ ਦੇ ਸੁਰਸਾਜ਼ ਤੋਂ ਪ੍ਰਭਾਵਤ ਹੋ ਕੇ ਅਸ਼ੀਰਵਾਦ ਦਿੱਤਾ।

ਜਿਸ ਮੁਕਾਮ ਤੱਕ ਪੁਜਣ ਲਈ ਉਮਰਾਂ ਲਗ ਜਾਂਦੀਆ ਹਨ,ਉਹ ਮੁਕਾਮ ਇਸ਼ਮੀਤ ਨੇ ਕੁਝ ਮਹੀਨਿਆਂ ਵਿੱਚ ਪਾ ਲਿਆ।ਇਕ ਦਮ ਹੀ ਉਹ ਦੇਸ਼ ਵਿਦੇਸ਼ ਦੀ ਸਕਰੀਨ ਤੇ ਛਾ ਗਿਆ।

ਹੁਣ ਤਾਂ ਇੰਜ ਲਗਦਾ ਹੈ ਕਿ ਇਹ ਸੱਭ ਕੁਝ ਕੁਦਰਤ ਆਪ ਹੀ ਉਸ ਤੋਂ ਕਾਹਲੀ ਕਾਹਲੀ ਕਰਾ ਰਹੀ ਸੀ ਕਿ ਉਸ ਨੇ ਉਸ ਨੂੰ ਆਪਣੀ ਗੋਦ ਵਿੱਚ ਵਾਪਸ ਜੋ ਲੈ ਜਾਣਾ ਸੀ।

ਜਵਾਨੀ ਦੀ ਪੌੜੀ ਤੇ ਅਜੇ ਪਹਿਲਾ ਕਦਮ ਰੱਖਿਆ ਹੀ ਸੀ ਕਿ ਦੂਜਾ ਚੁਕਣ ਤੋਂ ਪਹਿਲਾਂ ਹੀ ਉਹ ਦਿਲਾਂ ਤੇ ਗਹਿਰੀ ਚੋਟ ਛੱਡ ਉਥੇ ਚਲਾ ਗਿਆ ਜਿਥੋਂ ਅਇਆ ਸੀ।ਇਹ ਅਣਹੋਣੀ ਸੀ,ਇਹ ਅਨਰਥ ਸੀ,ਜੁਲਮ ਸੀ,ਜੋ ਉਸੀ ਕਾਦਰ ਨੇ ਕੀਤਾ ਜੋ ਅਕਸਰ ਜਿਆਦਾਤਰ ਭਲਾਈ ਕਰਦਾ ਹੈ।

ਹਰ ਸਾਲ ਲੁਧਿਆਣੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਇਸ਼ਮੀਤ ਦੀ ਬਰਸੀ ਮਨਾਈ ਜਾਂਦੀ ਹੇ,ਉਸ ਦੇ ਚਾਹਣ ਵਾਲੇ ਉਸ ਦੀ ਯਾਦ ਨੂੰ ਤਾਜ਼ਾ ਕਰ ਅੱਖਾ ਭਿਗਾਉਂਦੇ ਤੇ ਪੂੰਝਦੇ ਹਨ।

ਉਸ ਦੇ ਜਮਾਤੀ,ਉਸ ਦੀ ਭੈਣ ਦੇ ਜਮਾਤੀ ਉਸ ਦੇ ਮਾ ਬਾਪ ਦੇ ਦੋਸਤ ਤੇ ਹੋਰ ਉਸ ਦੇ ਸ਼ੁਭਚਿੰਤਕ ਅੱਜ ਵੀ ਪਛਤਾਉਂਦੇ ਹਨ,ਜੇ ਵਕਤ ਉਹਨਾਂ ਦੀ ਮੁੱਠੀ ਵਿੱਚ ਹੁੰਦਾ ਤਾ ਉਹ ਕਦੀ ਵੀ ਇਸ਼ਮੀਤ ਨੂੰ

ਪਾਣੀ ਦੇ ਨੇੜੇ ਨਾ ਜਾਣ ਦੇਂਦੇ।ਪਰ ਕਾਦਰ ਤੇ ਕੁਦਰਤ ਨੇ ' ਜੇ' ਤੇ ਅਪਨਾ ਕਾਬੂ ਰੱਖਿਆ ਹੈ,ਇਸ 'ਜੇ' ਤੇ ਕੋਈ,'ਗਿਆਨ ਵਿਗਿਆਨ ਅਜੇ ਤੱਕ ਕੰਟਰੋਲ ਨਹੀਂ ਕਰ ਸਕਿਆ।ਇਸੀ ਲਈ ਰੋਜ਼ ਅਣਹੋਣੀਆਂ,ਤੇ ਅਣਕਿਆਸੀਆਂ,ਬੇ ਵਕਤ ਮੌਤਾਂ ਹੋ ਰਹੀਆਂ ਹਨ।

ਇਸ ਤਰਾਂ ਹੀ ਹਾਕੀ ਚੈਂਪੀਅਨ ਸੁਰਜੀਤ ਸਿੰਘ ਚੜ੍ਹਦੀ ਜਵਾਨੀ,ਮੰਜਲ ਦੀ ਬੁਲੰਦੀ ਤੋਂ ਆਣ ਗਿਰਾ ਤੇ ਅਲੋਪ ਹੋ ਗਿਆ।ਸ਼ਿਵ ਬਟਾਲਵੀ,ਕਲਪਨਾ ਚਾਵਲਾ ਉਰੋਜ਼ ਤੋਂ ਜਿਥੇ ਪੁੰਚਣ ਲਈ ਉਹ ਪੈਦਾ ਹੋਈ ਸੀ "ਡੂਬੀ ਕਸ਼ਤੀ ਹਮਾਰੀ ਜਬ ਸਾਮਨੇ ਥਾ ਕਿਨਾਰਾ"।" ਸਾਹਿਲ ਪੇ ਆ ਕੇ ਡੂਬੀ ਕਸ਼ਤੀ"।

ਦੋ ਉਭਰਦੀਆਂ ਖਿਡਾਰਨਾਂ ਜੋ ਕੌਮ ਦਾ ਨਾਮ ਅਰਸ਼ਾਂ ਤੇ ਲਿਖਣ ਵਾਲੀਆਂ ਸਨ,ਉਮਰ ਦੀ ਸਿਖਰ ਦੁਪਹਿਰੇ ਮੌਤ ਨੂੰ ਗਲੇ ਲਗਾ ਗਈਆਂ।ਨਾਮ ਹੁਣ ਵੀ ਹੈ,ਪਰ ਆਪ......

ਸ਼ਾਇਦ ਕਾਦਰ ਅਜਿਹੀਆਂ ਸਖਸ਼ੀਅਤਾਂ ਗਲਤੀ ਨਾਲ ਧਰਤੀ ਤੇ ਭੇਜ ਲੈਂਦਾ ਹੈ ਤੇ ਫਿਰ ਗਲਤੀ ਸੁਧਾਰਨ ਲਈ ਜਲਦੀ ਵਾਪਸ ਬੁਲਾ ਲੈਂਦਾ ਹੈ,ਜਾਂ ਫਿਰ ਯਮਰਾਜ ਦੇ ਦੂਤ ਭੁਲੇਖੈ ਨਾਲ ਅਜਿਹੇ ਗੁਣਵਾਨ ਲੈ ਜਾਂਦੇ ਹਨ।

" ਹਜਾਰੋਂ ਬਰਸ ਨਰਗਿਸ ਆਪਣੀ ਬੇ ਨੂਰੀ ਪੇ ਰੋਤੀ ਹੈ,

ਤਬ ਕਹੀਂ ਜਾ ਕੇ ਹੋਤਾ ਹੈ ਪੈਦਾ,ਚਮਨ ਮੇਂ ਦੀਦਾਵਰ"।।।

ਪਤਾ ਨਹੀਂ ਕਿਉਂ ਧਰਤੀ ਦੇ ਐਸੇ ਫੁੱਲ ਅੰਬਰਾਂ ਦਾ ਤਾਰਾ ਬਣਨ ਲਈ ਕਾਹਲੇ ਕਿਉਂ ਹੁੰਦੇ ਹਨ।

ਇਕ ਸਵਾਲ ਮਨ ਤੇ ਹੱਲਾ ਕਰਦਾ ਹੈ,ਕੀ ਰੱਬ ਨੂੰ ਲਗਦਾ ਹੈ ਕਿ ਇਹ ਜਮੀਂ ਇਹਨਾਂ ਦੇ ਕਾਬਲ ਨਹੀਂ,ਤਾਹੀਓਂ ਉਹ ਮੋੜ ਲੈ ਜਾਂਦਾ ਹੈ{

ਦੂਜਾ ਸਵਾਲ,,," ਜਿਥੇ ਜਾ ਕੇ ਬਹਿ ਗਿਉਂ ਉਥੇ ਤੇਰਾ ਕੀ ਵੇ "?.............

" ਚਿੱਠੀ ਨਾਂ ਕੋਈ ਸੰਦੇਸ਼ ,ਜਾਨੇ ਕੌਨ ਸਾ ਹੈ ਵੋ ਦੇਸ਼ ਜਹਾਂ ਤੁਮ ਚਲੇ ਗਏ ਹੋ"।



## "ਕਰਸ਼ੀਆ"

ਅਮਰੀਕਾ ਅਤੇ ਕੇਨੇਡਾ ਵਿੱਚ ਸਾਲ ਵਿੱਚ ਇਕ ਦਿਨ ਪ੍ਰਮਾਤਮਾ ਦੇ ਧੰਨਵਾਦ ਲਈ ਮਨਾਇਆ ਜਾਂਦਾ ਹੈ,ਇਸ ਦਿਨ ਸੱਭ ਕਾਰੋਬਾਰ,ਸਕੂਲ ਬੰਦ ਰੱਖੇ ਜਾਂਦੇ ਹਨ,ਅਤੇ ਇਸ ਦਿਨ ਨੂੰ ਉਹਨਾ ਨੇ

'ਨਾਮ ਦਿੱਤਾ ਹੈ,'**THANKS GIVING DAY"**ਇਸ ਦਿਨ ਅੰਗਰੇਜ਼ ਲੋਕ ਪਾਰਕ,ਚਰਚ ਵਿੱਚ ਬੈਠ ਕੇ ਕਾਦਰ ਤੇ ਕੁਦਰਤ ਦਾ ਧੰਨਵਾਦ ਕਰਦੇ ਹਨ,ਕਿ ਹੇ ਕਾਦਰ ਤੂੰ ਸਾਨੂੰ ਮਨੁੱਖਾ ਜੂਨ ਦਿੱਤੀ ਤੇ ਕੁਦਰਤ ਦੀਆਂ ਇੰਨੀਆਂ ਨਿਆਮਤਾਂ ਦੀ ਬਖਸ਼ਿਸ਼ ਕੀਤੀ"।ਇਹ ਬਿਲਕੁਲ ਈਦ ਅਤੇ ਲੋਹੜੀ ਵਾਂਗ ਮਨਾਇਆ ਜਾਂਦਾ ਹੈ,ਬੱਚੇ ਘਰਾਂ ਤੇ ਆ ਕੇ ਪ੍ਰੇਅਰ ਦਾ ਗੀਤ ਗਾਉਂਦੇ ਤੇ ਘਰ ਵਾਲੇ ਉਹਨਾਂ ਨੂੰ ਟਾਫੀਆਂ ਚਾਕਲੇਟ ਵੰਡਦੇ ਹਨ,ਉਸ ਤਰਾਂ ਹੀ ਖਾਣੇ ਦਾ ਆਦਾਨ ਪਰਦਾਨ ਕੀਤਾ ਜਾਂਦਾ ਹੈ ਜਿਵੇਂ ਆਪਣੇ ਲੋਹੜੀ ਤੇ ਈਦ ਤੇ ਸਵੈਈਆਂ ਦਾ ਕੀਤਾ ਜਾਂਦਾ ਹੈ।

ਅੰਗਰੇਜ਼ਾਂ ਨੇ ਇਹ ਕਲਚਰ ਸਾਡੇ ਦੇਸ਼ ਵਿਚੋਂ ਹੀ ਅਪਨਾਇਆ ਸੀ ਪਰ ਅਸੀਂ ਕੁਦਰਤ ਤੇ ਕਾਦਰ ਤੋਂ ਅੱਗੇ ਜਾ ਨਿਕਲੇ ਤੇ ਉਹ ਧਰਮੀ ,ਤੇ ਕੁਦਰਤ ਪ੍ਰੇਮੀ ਹੋ ਗਏ।

ਸਾਡੇ ਬੀਜੀ ਤੇ ਬਾਪੂ ਜੀ ਖਾਣਾ ਸ਼ੁਰੂ ਕਰਨ ਤੋਂ ਪਹਿਲਾਂ ਹੱਥ ਜੋੜ ਕੇ ਪ੍ਰਭੂ ਦੇ ਧੰਨਵਾਦ ਚ ਸ਼ਬਦ ਪੜ੍ਹਾ ਕਰਦੇ ਸੀ," ਸੈ ਪਦਾਰਥ ਨਾਨਾਕ ਦਿੱਤੈ,ਸੱਤ ਸੰਤੋਖ ਵਿਚਾਰੋ"।ਤੇ ਇਹੋ ਪੜ੍ਹਨ ਦਾ ਸੱਭ ਨੂੰ ਹੁਕਮ ਵੀ ਸੀ,ਪਰ ਉਹ ਨਹੀਂ ਰਹੇ ਤੇ ਅਸੀਂ ਵੀ ਰਾਜਾ ਦੁਨੀਂ ਚੰਦ ਵਾਂਗ ਸੋਚਣ ਲਗੇ ਹਾਂ।ਸਾਨੂੰ ਸੰਤੋਖ ਨਹੀਂ ਆਉਂਦਾ ਤੇ ਸ਼ੁਕਰ ਕਿਵੇਂ ਗੁਜਾਰ ਸਕਦੇ ਹਾਂ?।

.0.0…00..0.0.0.00.0…0.0.0.0.0.0.0.0.0.0.0.0.0.0.0.0.0.0.0.0.0.0.0.0.0.0

ਸੱਚ ਹੈ ਕਿ ਝੂਠ ਤੇ ਲਾਲਚ ਦੀ ਨੀਂਹ ਤੇ ਰੱਖੇ ਰਿਸ਼ਿਤਿਆਂ ਦੀ ਉਮਰ ਥੋੜ੍ਹੀ ਹੁੰਦੀ ਹੈ।

# “ ਨਹੀਂ ਲੱਭਣੀ ਇਹ ਉਮਰ”

ਸੋਨੂ ਦੇ ਪੜਦਾਦਾਜੀ ਦਾ ਅੱਜ ਲੰਬੀ ਉਮਰ ਭੋਗਣ ਤੇ ਲੰਬੀ ਬੀਮਾਰੀ ਬਾਦ ਅੱਜ ਇਸ ਦੁਨੀਆਂ ਤੋਂ ਛੁਟਕਾਰਾ ਹੋ ਗਿਆ ਸੀ ।ਅਜੇ ਕੁਝ ਦਿਨ ਪਹਿਲੇ ਹੀ ਸੋਨੂ ਗਰਮੀ ਦੀਆਂ ਛੁਟੀਆਂ ਵਿੱਚ ਇਥੇ ਰਹਿ ਕੇ ਗਿਆ ਸੀ,ਪਰ ਉਸਨੂੰ ਸਿਰਫ਼ ਇੰਨਾ ਹੀ ਪਤਾ ਹੀ ਸੀ ਕਿ ਕੋਈ ਅੰਦਰ ਬੀਮਾਰ ਹੈ,ਪਰ ਉਹਨੂੰ ਉਸ ਕਮਰੇ ਵਿੱਚ ਜਾਣ ਦੀ ਇਜ਼ਾਜ਼ਤ ਨਹੀਂ ਸੀ।ਫੋਨ

ਤੇ ਸੰਦੇਸ਼ ਮਿਲਣ ਤੇ ਉਹਦੇ ਮੰਮੀ ਪਾਪਾ ਚਲ ਪਏ।ਰੇਲ ਲੇਟ ਹੋਣ ਕਰਕੇ ਸਸਕਾਰ ਉਹਨਾਂ ਦੇ ਪਹੁੰਚਣ ਤੋ ਪਹਿਲੇ ਸ਼ੁਰੂ ਹੋ ਗਿਆ ਸੀ ।ਗੁਪਤਾ ਫੇਮਲੀ ਦਾ ਵਡੇਰਾ ਬੜੀ ਸੁਖਮਈ ਲੰਬੀ ਆਯੂ ਭੋਗ ਕੇ ਜਾ ਰਿਹਾ ਸੀ,ਇਸ ਲਈ ਉਸਦੀ ਅਰਥੀ ਨੂੰ ਖ਼ੂਬ ਸਜਾਇਆ ਗਿਆ ਸੀ ਮਖਾਣੇ ,ਬਦਾਮ,ਮੁੰਗਫਲੀ ਪਤਾਸੇ ਵੰਡੇ ਗਏ ਤੇ ਵਾਜਾ ਵੀ ਵਜਾਇਆ ਗਿਆ,ਪਰ ਇਹ ਸੱਭ ਸੋਨੂੰ ਨਹੀਂ ਸੀ ਵੇਖ ਸਕਿਆ।ਲਾਂਬੂ ਦੀਆਂ ਲਾਟਾਂ ਨਿਕਲ ਰਹੀਆਂ ਸਨ ਸਰਦੀ ਦਾ ਮੌਸਮ ਹੋਣ ਕਰਕੇ ਸੇਕ ਸੱਭ ਨੂੰ ਚੰਗਾ ਲਗ ਰਿਹਾ ਸੀ,ਅਚਾਨਕ ਤੇਜ਼ ਹਵਾ ਦਾ ਬੁਲਾ ਵਗਿਆ।

ਸੋਨੂੰ ਦੀ ਮੰਮੀ ਸੋਨੂੰ ਨੂੰ ਉਸਦੀ ਚਾਚੀ ਦੇ ਹਵਾਲੇ ਕਰ ਆਪ ਮਹਿਮਾਨਾਂ ਵਿੱਚ ਰੁਝ ਗਈ।ਭਾਂਵੇ ਵਡੇਰੇ ਦੀ ਮੌਤ ਤੇ ਰੋਣਾ ਪਿਟਨਾ ਨਹੀਂ ਸੀ ਹੋ ਰਿਹਾ ਫਿਰ ਵੀ ਸਿਵੇ ਦਾ

ਮਾਹੌਲ ਤਾਂ ਉਦਾਸ ਸੀ ਨਾ ਆਖਰ ਘਰ ਦਾ ਮੋਢੀ ਹਮੇਸ਼ਾਂ ਲਈ ਤੁਰ ਗਿਆ ਸੀ।

ਇਕ ਗੁਬਾਰਾ ਉਡ ਕੇ ਹਵਾ ਚ ਫੱਟ ਗਿਆ ਤੇ ਇਕ ਆ ਕੇ ਸੋਨੂੰ ਦੇ ਹੱਥ ਲਗ ਗਿਆ।ਉਸਨੇ ਬੜੇ ਭੋਲੇਪਨ ਨਾਲ ਚਾਚੀ ਨੂੰ ਪੁਛਿਆ' ਚਾਚੀ ਅੱਜ ਲੋਹੜੀ ਹੈ,ਬੜਾ ਮਜਾ ਆਏਗਾ।ਕਾਈਟ ਉਡਾਵਾਂਗੇ।ਚਾਚੀ ਮੈਂ ਗੁਬਾਰਾ ਉਡਾਵਾਂਗਾ-ਤੇ ਸੋਨੂੰ ਗੁਬਾਰਾ ਲੈ ਅਛੋਪਲੇ ਹੀ ਚਾਚੀ ਦੀ ਗੋਦੀ ਚੋਂ ਖਿਸਕ ਗਿਆ।

ਉਹਦੇ ਹਾਣ ਦੇ ਨਿੱਕੇ ਵੱਡੇ ਦੋ ਚਾਰ ਹੋਰ ਨਿਆਣੇ ਵੀ ਮਗਰ ਭੱਜ ਲਏ।ਦੁਨੀਆਂਦਾਰੀ

ਦੇ ਮਰਨ ਜਿਉਣ ਦੇ ਝਮੇਲਿਆਂ ਤੋਂ ਅਣਭਿੱਜ ਇਹ ਬਾਲਪਨ ਦੀ ਉਮਰ,'ਬਲਦੇ ਸਿਵੇ ਦਾ

ਲੋਹੜੀ ਦਾ ਲੁਤਫ਼ ਉਠਾ ਰਹੀ ਸੀ।

ਸੋਨੂੰ ਨਿਆਣਿਆ ਨੂੰ ਕਹਿ ਰਿਹਾ ਸੀ ਹੁਣ ਹੋਲੀ ਆਏਗੀ,ਦੀਪਾਵਲੀ ਆਵੇਗੀ ਮੈਂ ਬਹੁਤ ਸਾਰੇ ਗੁਬਾਰੇ ਫੋੜਾਂਗਾ,ਅਨਾਰ ਚਲਾਵਾਂਗਾ,ਬੜਾ ਮਜਾ ਆਏਗਾ।

ਉਸ ਦੀਆਂ ਅਣਭੋਲ ਗਲਾਂ ਤੇ ਕਿਸੇ ਨੂੰ ਗੁੱਸਾ ਨਹੀਂ ਸੀ ਆ ਰਿਹਾ।



ਹਾ ਏ ਏ ਉਹ ਮਾਸੂਮ ਉਮਰ ਕਿਥੇ...ਹੁਣ ਨਹੀਂ ਲਭਣੀ ਉਹ ਉਮਰ।

ਕਿੰਨੀ ਥੋੜੀ ਹੁੰਦੀ ਹੈ ਇਹ ਉਮਰ ਕੇਵਲ ਪੰਜ ਸੱਤ ਸਾਲ-

"ਹਮ ਭੀ ਅਗਰ ਬੱਚੇ ਹੋਤੇ ਖਾਨੇ ਕੋ ਮਿਲਤੇ ਲੱਡੂ

ਨਾਂਮ ਹਮਾਰੇ ਹੋਤੇ ਚੁਨੂੰ ਮੁੰਨੂ ਸਭੀ ਕਹਤੇ ਹੈਪੀ ਬਰਥ ਡੇ ਟੂ ਯੂ ------

" ਏਕ ਕਰਜ਼ ਮਾਂਗਤਾ ਹੂੰ ਮੁਝੇ ਮੇਰਾ ਬਚਪਨ ਉਧਾਰ ਦੇ ਦੋ "



## “ਉਥੇ ਤੇਰਾ ਕੀ ਵੇ”

“ਜਿਥੇ ਜਾ ਕੇ ਬਹਿ ਗਿਉਂ ਉਥੇ ਤੇਰਾ ਕੀ ਵੇ“

ਸ਼ਿਵ ਨੇ ਕਿਹਾ ;” ਅਸਾਂ ਤੇ ਜੋਬਨ ਰੁੱਤੇ ਮਰਨਾ”ਤੇ ਨੁਸਰਤ ਨੇ ਕਹਿ ਦਿੱਤਾ,ਜਿਥੇ ਜਾ ਕੇ ਬਹਿ

ਗਿਉਂ ਉਥੇ ਤੇਰਾ ਕੀ ਵੇ”।ਆਪਣੇ ਚਹੇਤਿਆਂ ਲਈ ਨੁਸਰਤ ਇਹ ਸਵਾਲ ਛਡ ਕੇ ਉਥੇ ਜਾ ਕੇ ਬਹਿ ਗਿਆ।

ਦੇਸ਼ ਵਿਦੇਸ਼ਾਂ ਵਿੱਚ ਆਪਣੀ ਗਾਇਕੀ ਨਾਲ ਸਰੋਤੇ ਮੰਤਰ ਮੁਗਧ ਕਰਨ ਵਾਲਾ ਇਹ ਮਹਾਨ ਗਾਇਕ 13 ਅਕਤੂਬਰ 1948 ਨੂੰ ਲਾਇਲਪੁਰ ਪਾਕਿਸਤਾਨ ਵਿੱਚ ਪੈਦਾ ਹੋਇਆ।ਇਹਨਾਂ ਦਾ ਘਰਾਣਾ ਸੰਗੀਤ ਘਰਾਣਾ ਸੀ।ਨੁਸਰਤ ਦੇ ਪਿਤਾ ਨਹੀ ਚਾਹੁੰਦੇ ਸਨ ਕਿ ਹੁਸਰਤ ਗਾਇਕੀ ਵੱਲ ਆਵੇ ਉਹ ਇਸ ਨੂੰ ਉੱਚ ਸਿਖਿਆ_ਦਵਾ ਕੇ ਡਾਕਟਰ ਬਣਾਉਣਾ ਚਾਹੁੰਦੇ ਸੀ ਪਰ ਇਸ ਦਾ ਮਨ ਤਾਂ ਸੁਰਾ ਨਾਲ ਜੁੜਿਆ ਸੀ।ਇਹ ਘਰਾਣਾ ਪਹਿਲਾਂ ਅਫਾਗਿਸਤਾਨ ਤੋਂ ਹਿਜਰਤ ਕਰ ਕੇ ਭਾਰਤ,ਪੰਜਾਬ ਦੇ ਸ਼ਹਿਰ ਜਲੰਧਰ ਆ ਕੇ ਵਸਿਆ ਤੇ ਫੇਰ ਵੰਡ ਵੇਲੇ ਹਿਜਰਤ ਕਰ ਪਾਕਿਸਤਾਨ ਜਾ ਵੱਸੇ।

ਨੁਸਰਤ ਦਾ ਪਹਿਲਾ ਨਾਮ ‘ਪ੍ਰਵੇਜ਼’ ਸੀ ਸਾਰੇ ਉਸ ਨੂੰ ਪਿਆਰ ਨਾਲ ‘ਪੇਜੀ” ਬੁਲਾਉਂਦੇ ਸੀ।

ਇਕ ਫਕੀਰ ਨੇ ਭਵਿੱਖ ਬਾਣੀ ਕੀਤੀ ਕਿ ਇਸ ਦਾ ਨਾਮ ਬਦਲ ਕੇ ਐਸਾ ਰੱਖਿਆ ਜਾਵੇ ਕਿ ਜਿਸ ਵਿੱਚ ਦੋ ਵਾਰ ਫਤਿਹ ਆਵੇ ਤੇ ਇਹ ਬੱਚਾ ਦੁਨੀਆਂ ਵਿੱਚ ਰੌਸ਼ਨ ਹੋਵੇਗਾ।ਇਸ ਤਰਾਂ ਇਸਦਾ ਨਾਮ ਪ੍ਰਵੇਜ਼ ਤੋਂ ਬਦਲ ਕੇ ਨੁਸਰਤ ਫਤਿਹ ਅਲੀ ਖਾਂ ਕਰ ਦਿੱਤਾ ਗਿਆ।( ਨੁਸਰਤ ਦਾ ਮਾਇਨਾ ਵੀ ਫਤਿਹ ਹੈ )ਫਤਹਿ ਅਲੀ ਖਾਂ ਨੂੰ ਲਗਦਾ ਸੀ ਕਿ ਨੁਸਰਤ ਦੀ ਆਵਾਜ਼ ਸੰਗੀਤ ਮਈ ਨਹੀ ਹੈ,ਪਰ ਨੁਸਰਤ ਨੇ ਦਿਨ ਰਾਤ ਰਿਆਜ਼ ਕਰ ਕੇ ਆਪਣੀ ਆਵਾਜ਼ ਨੂੰ ਸਰਗਮ ਚ ਢਾਲ ਲਿਆ।

ਕਹਿੰਦੇ ਹਨ ਕਿ ਰਿਆਜ਼ ਕਰਦੇ ਵਕਤ ਉਹ ਇੰਨਾ ਵਜੂਦ ਵਿੱਚ ਆ ਜਾਂਦੇ ਕਿ ਆਲੇ ਦੁਆਲੇ ਦਾ ਹੋਸ਼ ਵੀ ਨਾ ਰਹਿੰਦਾ।ਹਰ ਰੋਜ਼ ਦੱਸ ਘੰਟੇ ਰਿਆਜ਼ ਕਰਦੇ।ਇਕ ਵਾਰ ਤਾਂ ਇੰਜ ਹੋਇਆ ਕਿ ਦਿਨੇ ਸ਼ੁਰੂ ਕੀਤਾ ਤਾਂ ਜਦ ਦਰਵਾਜ਼ਾ ਖੋਲਿਆ ਤਾਂ ਰਾਤ ਹੋ ਚੁਕੀ ਸੀ। ਇਸ ਤਰਾਂ ਮਿਹਨਤ ਲਗਨ ਨਾਲ ਉਹਨਾਂ ਆਪਣਾ ਨਾਮ ਅੰਬਰਾਂ ਤੱਕ ਬੁਲੰਦ ਕਰ ਲਿਆ।ਪਿਤਾ ਦੀ ਮੌਤ ਤੋਂ ਬਾਦ ਆਪਣੇ ਚਾਚੇ ਕੋਲੋਂ ਸੰਗੀਤ ਸਿਖਿਆ ਹਾਸਲ ਕੀਤੀ।

ਪਿਤਾ ਦੀ ਬਰਸੀ ਤੇ ਗਾ ਕੇ ਗਾਇਕੀ ਦੇ ਖੇਤਰ ਵਿੱਚ ਥਾਂ ਪੱਕੀ ਕਰ ਲਈ।



1964 ਵਿੱਚ ਪਾਕਿਸਤਾਨ ਰੇਡੀਓ ਤੇ ਪ੍ਰੋਗਰਾਮ’ਜਸ਼ਨ-ਏ ਬਹਾਰਾਂ ਗਾਇਆ ਤਾਂ ਬਹੁਤ ਸ਼ੋਹਰਤ ਮਿਲੀ।ਕੁਝ ਹੀ ਸਮੇਂ ਵਿੱਚ ਨੁਸਰਤ ਨੂੰ ਉਰਦੂ,ਹਿੰਦੀ,ਪੰਜਾਬੀ,ਫਾਰਸੀ ਤੇ ਅਰਬੀ ਭਾਸ਼ਾਵਾਂ ਵਿੱਚ ਗਾਉਣ ਦੀ ਮੁਹਾਰਤ ਹਾਸਲ ਹੋ ਗਈ।ਕਵਾਲੀ ਦੀ ਲੈਅ ਤੇ ਪੂਰਾ ਕਾਬੂ ਸੀ।ਆਇਤ ਦੀਆ ਨਾਤਾਂ ਤਾਂ ਕਿਆ ਕਮਾਲ ਹਾਸਲ ਕੀਤਾ।ਰਾਗ ਗਾਉਂਦੇ ਵਕਤ ਆਰੋਹ ਅਬਰੋਹ ਤੇ ਅਜਿੱਤ ਪਕੜ ਬਣਾ ਲਈ ਸੀ।ਗੁਰਬਾਣੀ ਚ ਬਾਬਾ ਫਰੀਦ ਦੇ ਸ਼ਲੋਕਾਂ ਸੰਗੀਤਮਈ ਕਰਨ ਤੋਂ ਇਲਾਵਾ ਬਾਬਾ ਬੁਲੇ ਸ਼ਾਹ,ਬਾਹੂ,ਸ਼ਿਵ ਬਟਾਲਵੀ ਗਾ ਕੇ ਨਵੀਆ ਪੈੜਾਂ ਪਾਈਆਂ।ਉਹ ਸ਼ਬਦ ਗਾਉਣ ਦੀ ਹਸਰਤ ਦਿਲ ਵਿੱਚ ਲੈ ਕੇ ਚਲੇ ਗਏ,ਕਿ ਵਕਤ ਨੇ ਸਾਥ ਨਾ ਦਿੱਤਾ।1997 ਵਿੱਚ ਉਹਨਾ ਨੂੰ ਕਈ ਬੀਮਾਰੀਆ ਨੇ ਘੇਰ ਲਿਆ ਸੀ,ਉਹ ਇਲਾਜ ਲਈ ਇੰਗਲੈਂਡ ਵੀ ਗਏ ਪਰ ਮੌਤ ਨੇ ਮੋਹਲਤ ਨਾ ਦਿੱਤੀ।16 ਅਗਸਤ ੱ997 ਨੂੰ ਸ਼ੋਹਰਤ ਦੈ ਸਿਖਰ ਤੇ ਪੁੱਜ ਕੇ ਆਪਣੇ ਚਹੇਤਿਆ ਨੂੰ ਆਪਣੇ ਦਰਸ਼ਨਾਂ ਤੋਂ ਵਿਰਵੇ ਕਰ ਗਏ।

1979 ਵਿੱਚ ਵਿਆਹ ਹੋਇਆ,ਤੇ ਇਕ ਬੇਟੀ ਹੋਈ।ਇਸ ਸਮੇ ਦੌਰਾਨ ਉਹਨਾਂ ਦੀ ਗਾਇਕੀ ਬੁਲੰਦੀਆ ਛੂਹਣ ਲਗੀ।ਉਹ ਮਕਬੂਲ ਅਦਾਕਾਰ ਰਾਜਕਪੂਰ ਦੇ ਬੇਟੇ ਦੇ ਵਿਆਹ ਤੇ ਭਾਰਤ ਆਏ।

ਇਸ ਤੋਂ ਇਲਾਵਾ ਸਾਉਦੀ ਆਰਬ ਤੇ ਹੋਰ ਦੇਸ਼ਾਂ ਵਿੱਚ ਵੀ ਆਪਣੀ ਆਵਾਜ਼ ਦਾ ਸਿੱਕਾ ਕਾਇਮ ਕੀਤਾ।ਹਰ ਜਬਾਨ ਤੇ ਚੜ੍ਹੈ ਗੀਤਾਂ ਵਿੱਚ,’ਅੱਖੀਆ ਉਡੀਕਦੀਆਂ,ਚਰਖੈ ਦੀ ਘੁਕ,ਨਿੱਤ ਖੈਰ ਮੰਗਾਂ ਸੋਹਣਿਆਂ,ਇਸ਼ਕ ਦਾ ਰੁਤਬਾ ਇਸ਼ਕ ਹੀ ਜਾਨੇ,ਪਹਿਲਾ ਇਸ਼ਕ ਖੁਦਾ ਆਪ ਕੀਤਾ,ਸ਼ਿਵ ਦਾ ਲਿਖਿਆ ਗੀਤ,ਮਾਏ ਨੀ ਮਾਏ ,ਬਹੁਤ ਮਕਬੂਲ ਹਇਆ।ਕਵਾਲੀ ਦੀਆਂ ਵੰਨਗੀਆਂ ਥਾਂ ਥਾਂ ਗੂੰਜਣ ਲਗੀਆਂ।ਬਾਲੀਵੁੱਡ ਵਿੱਚ ਕਈ ਫਿਲਮਾਂ ਨੂੰ ਆਪਣੇ ਸੰਗੀਤ ਨਾਲ ਸ਼ਿਗਾਰਿਆ।ਦੁਲਹੇ ਦਾ ਸਿਹਰਾ ਸੁਹਾਣਾ ਲਗਦਾ,ਦੁਲਹਨ ਦਾ ਦਿਲ ਦੀਵਾਨਾ ਲਗਦਾ’ਗਾ ਕੇ ਹਰੇਕ ਨੂੰ ਦੀਵਾਨਾ ਬਣਾ ਲਿਆ। ਜਾਂਦੇ ਜਾਂਦੇ ਉਹ ਆਪਣਾ ਭਤੀਜਾ ‘ਰਾਹਤ ਫਤਹਿ ਅਲੀ ਖਾਨ ਆਪਣੇ ਚਹੇਤਿਆਂ ਦੀ ਝੋਲੀ ਪਾ ਗਏ।ਬੇਸ਼ੱਕ ਨੁਸਰਤ ਦੀ ਜਗਾਹ ਕੋਈ ਨਹੀਂ ਲੈ ਸਕਦਾ।

ਜੀਵਨ ਦੇ ਥੋੜੇ ਜਿਹੇ ਸਫ਼ਰ ਵਿੱਚ ਅਨੇਕਾ ਮਾਨ ਸਨਮਾਨ ਹਾਸਲ ਕਰਨ ਵਾਲਾ ਇਹ ਸੁਰ ਸਮੁੰਦਰ

ਉਮਰ ਦੀ ਸਿਖਰ ਦੁਪਹਿਰੇ ਅਥਾਹ ਹੋ ਗਿਆ।

“ ਜਿਥੇ ਜਾ ਕੇ ਬਹਿ ਗਿਉਂ ਉਥੇ ਤੇਰਾ ਕੀ ਵੇ “ ।

ਜਦੋਂ ਦਾ ਤੂੰ ਸਾਡੇ ਨਾਲ ਰੁਸ ਗਿਓਂ ਢੋਲਣਾ

ਕਾਵਾਂ ਨੂੰ ਵੀ ਭੁੱਲ ਗਿਆ ਬਨੇਰੇ ਤੇ ਬੋਲਣਾ॥ ॥ ॥

## “ਮੋਢੇ ਤੇ ਘਰ ਅੰਬਰ ਦੀ ਛੱਤ”

ਚਿਰਾਗ ਤਲੀ ਤੇ ਰੱਖ ਕੇ ਨਿਕਲ ਪਏ,

ਇਹ ਨਾਂ ਸੋਚਿਆ ਕਿ ਹਵਾ ਕਾ ਰੁਖ ਕਿਧਰ ਹੈ ।

ਉਹ ਲੋਕ ਜਿਹਨਾਂ ਦਾ ਘਰ ਉਹਨਾ ਦੇ ਮੋਢਿਆਂ ਤੇ ਚੁਕਿਆ ਰਹਿੰਦਾ ਹੈ,ਜਿਥੇ ਜੀਅ ਕੀਤਾ,ਉਥੇ ਉਸਾਰ ਕੇ ਆਪਣੀ ਦੁਨੀਆਂ ਵਸਾ ਲਈ,ਅਤੇ ਜਦੋਂ ਜੀਅ ਕੀਤਾ ਘਰ ਪੁੱਟ ਫਿਰ ਮੋਢਿਆਂ ਤੇ ਰੱਖ ਅਗਾਂਹ ਤੁਰ ਪਏ।ਇਹ ਹਨ ਟਪਰੀ ਵਾਸ,ਜੋ ਪੱਕੇ ਮਕਾਨ ਨਹੀਂ ਬਣਾਉਂਦੇ ਤੇ ਮੌਸਮ ਅਨੁਸਾਰ ਜਿਥੇ ਪਾਣੀ ਨੇੜੈ ਹੋਵੇ ਤੇ ਥਾਂ ਖਾਲੀ ਲੱਭ ਜਾਏ ਆਪਣਾ ਡੇਰਾ ਲਾ ਲੈਂਦੇ ਹਨ।ਇਹ ਕੁਦਰਤ ਦੇ ਨਾਲ ਪੱਕੀ ਬਣਾ ਕੇ ਰੱਖਦੇ ਹਨ।ਇਹਨਾਂ ਨੂੰ ਬਰਸਾਤਾਂ ਜਾਂ ਠੰਢਾਂ,ਜਾਂ ਤਪਦੀਆਂ ਲੋਆਂ,ਕਾਲੀਆਂ ਹਨੇਰੀਆਂ,ਤੂਫਾਨ,ਭੁਚਾਲ ਨਾਲ ਕੋਈ ਸ਼ਕਾਇਤ ਨਹੀਂ ਹੁੰਦੀ।

ਕਈ ਵਾਰ ਸਵੇਰੇ ਜਿਸ ਖਾਲੀ ਮੈਦਾਨ ਕੋਲੋਂ ਲੰਘੇ ਸੀ ਸ਼ਾਮ ਨੂੰ ਉਥੇ ਇਹਨਾਂ ਦੀਆਂ ਟਪਰੀਆਂ ਦੀਆ ਰੌਣਕਾਂ ਜੱਚ ਰਹੀਆਂ ਹੁੰਦੀਆ ਹਨ,ਤੇ ਇਸ ਤਰਾਂ ਅਚਾਨਕ ਹੀ ਉਸੀ ਜਗਾਹ ਸੁੰਞ ਮਸਾਨ ਪੈ ਜਾਂਦੀ ਹੈ।( ਅਫਸੋਸ ਹੁਣ ਕਿਤੇ ਵੀ ਖਾਲੀ ਮੈਦਾਨ ਨਹੀਂ ਰਹੇ,ਤੇ ਨਾ ਹੀ ਦੂਰ ਦੂਰ ਤੱਕ ਇਹ ਟਪਰੀਆ ਨਜ਼ਰ ਪੈਂਦੀਆ ਹਨ)।ਇਹ ਲੋਕ ਰਿਸ਼ਟ ਪੁਸ਼ਟ ਸਰੀਰਾਂ ਵਾਲੇ ਤਕੜੇ ਹੁੰਦੇ ਹਨ।

ਆਮ ਲੋਕ ਧਾਰਨਾ ਹੈ ਕਿ ਇਹ ਜਰਇਮ ਪੇਸ਼ਾ ਹੁੰਦੇ ਹਨ।ਪੱਕੇ ਰਿਹਾਇਸ਼ੀ ਇਹਨਾਂ ਦੇ ਡੇਰੇ ਨੇੜੈ ਡੇਰਾ ਲਾ ਲੈਣ ਤੇ ਭੈ ਭੀਤ ਹੋ ਜਾਂਦੇ ਹਨ,ਉਹਨਾਂ ਨੂੰ ਆਪਣੇ ਮਾਲ,ਅਸਬਾਬ,ਤੇ ਬੱਚਿਆਂ ਦੀ ਫਿਕਰ ਹੋ ਜਾਂਦੀ ਹੈ,ਕਿਉਂਕਿ ਇਹ ਲੋਕ ਮੁੱਢ ਤੋਂ ਹੀ ਚੋਰ ਸਮਝੇ ਜਾਂਦੇ ਹਨ।ਇਸੇ ਕਰਕੇ ਥਾਣੇ ਵਾਲੇ ਬਹੁਤੇ ਜੁਰਮ ਇਹਨਾਂ ਦੇ ਖਾਤੇ ਪਾ ਕੇ ਆਪਣੀ ਖਾਨਾ ਪੂਰਤੀ ਕਰ ਲੈਂਦੇ ਹਨ।ਸਾਡੇ ਵਿਚੋਂ ਕਿਸੇ ਨੇ ਵੀ ਕਦੇ ਇਹਨਾਂ ਦੇ ਅੰਦਰ ਝਾਕਣ ਦੀ ਕੋਸ਼ਿਸ਼ ਨਹੀਂ ਕੀਤੀ,ਭਾਂਵੇ ਇਹ ਸਾਡੇ ਇੰਨਾ ਨਜ਼ਦੀਕ ਰਹਿੰਦੇ ਹੁੰਦੇ ਹਨ।

ਉਨਵੀਂ ਸਦੀ ਵਿੱਚ’ ਜਾਰਜ ਬਾਰੋ’ ਇਕ ਅੰਗਰੇਜ਼ ਨੇ ਦੁਨੀਆਂ ਨੂੰ ਇਹਨਾਂ ਦੀ ਜਾਣ ਪਚਾਣ ਕਰਾਈ।ਜਾਰਜ ਬਾਰੋ ਇਹਨਾਂ ਵਰਗਾ ਪਹਿਰਾਵਾ ਪਹਿਨ ਕੇ ਕਈ ਵਰ੍ਹੇ ਇਹਨਾਂ ਵਿੱਚ ਵਿਚਰਦਾ ਰਿਹਾ,ਇਹਨਾਂ ਦੀ ਅੰਦਰਲੀ ਜਿੰਦਗੀ ਦਾ ਮੁਤਾਲਿਆ ਕੀਤਾ,ਅਤੇ ਇਹਨਾ ਤੇ ਦੋ ਕਿਤਾਬਾਂ ਲਿਖੀਆਂ, 1 ‘ **Lavengo’ 2 THE ROMANY RYE’** ਇਹ ਕਿਤਾਬਾਂ ਏਨੀਆ ਪਸੰਦ



ਕੀਤੀਆਂ ਗਈਆਂ ਕਿ ਪਾਠਕਾਂ ਵਿਚੋਂ ਕਈ ਚੰਗੇ ਵੱਡੇ ਪੁਰਖਾਂ ਨੇ ਟਪਰੀ ਵਾਸਾਂ ਵਿੱਚ ਰਹਿ ਕੇ ਖੁਲ੍ਹੀ ਡੁਲ੍ਹੀ ਰਹਿਣੀ ਬਹਿਣੀ ਤੇ ਖੁਲ੍ਹੀ ਆਬੋ-ਹਵਾ ਦਾ ਆਨੰਦ ਮਾਣਿਆ। ਇਹਨਾਂ ਕਿਤਾਬਾ ਨੇ ਪੱਖੀ ਵਾਸਾਂ ਦੇ ਵਿਰੁੱਧ ਬਹੁਤ ਹੱਦ ਤੱਕ ਤਅੱਸਬ ਘਟਾ ਦਿੱਤਾ।ਵੈਸੇ ਅੱਜ ਕਲ ਕਈਆਂ ਮੁਲਕਾ ਵਿੱਚ ਇਹਨਾਂ ਦਾ ਜੀਵਨ ਕਾਫੀ ਸੌਖਾ ਹੋ ਗਿਆ ਹੈ।

ਵਿਦਵਾਨਾਂ ਦੀ ਪੜਤਾਲ ਨੇ ਸਿੱਟਾ ਕੱਢਿਆ ਹੈ ਕਿ ਸਾਰੀ ਦੁਨੀਆਂ ਦੇ ਟਪਰੀਵਾਸ ਇਕ ਹੀ ਵੱਡੀ ਬਰਾਦਰੀ ਹਨ,ਤੇ ਇਹ ਵੀ ਪੱਕਾ ਪਤਾ ਲਾ ਲਿਆ ਹੈ ਕਿ ਇਹ ਸਾਰੇ ਹਿੰਦਸਤਾਨੀ ਹਨ।ਗਿਆਰਵੀ ਸਦੀ ਵਿੱਚ ਇਹ ਲੋਕ ਹਿੰਦਸਤਾਨ ਤੋਂ ਦੂਸਰੇ ਮੁਲਕਾਂ ਵਿੱਚ ਜਾਣੇ ਸ਼ੁਰੂ ਹੋਏ ਤੇ ਫਿਰ ਪੂਰੀ ਦੁਨੀਆਂ ਵਿੱਚ ਖਿਲਰ ਗਏ।ਬੁਨਿਆਦਿ ਤੌਰ ਤੇ ਇਹਨਾਂ ਦਾ ਮਜ਼ਬ ਹਿੰਦੂ ਹੈ,ਪਰ ਜਿਸ ਮੁਲਕ ਵਿੱਚ ਵੱਸੇ ਉਹਨਾਂ ਦਾ ਮਜ਼ਬ ਅਪਨਾ ਲਿਆ,ਤੇ ਸਥਾਨਕ ਬੋਲੀ ਅਪਨਾ ਲਈ,ਪਰ ਮੁਢਲੇ ਦੋ ਹਜਾਰ ਦੇ ਕਰੀਬ ਸ਼ਬਦ ਹਿੰਦਸਤਾਨੀ ਹੀ ਹਨ।ਕਈਆ ਮੁਲਕਾਂ ਵਿੱਚ ਇਹਨਾਂ ਦੀ ਆਰਥਿਕ ਹਾਲਤ ਕਾਫੀ ਅੱਛੀ ਹੈ,ਜਿਵੇਂ ਇੰਗਲਿਸਤਾਨ,ਬੁਨਆਦਿ ਰਸਮਾਂ ਰਿਵਾਜਾਂ ਵਿੱਚ ਏਕਤਾ ਹੈ।

ਇਹਨਾਂ ਦੇ ਕਬੀਲੇ ਵਿੱਚ ਚੰਗੇ ਆਦਮੀ ਨੂੰ ,’ਰਾਇ’ ਤੇ ਚੰਗੀ ਔਰਤ ਨੂੰ ਰਾਣੀ ਆਖਦੇ ਹਨ,ਹੋਰ ਇਸਤ੍ਰੀ ਨੂੰ ਇਹ ‘ਪੈਂਨ’ ਕਹਿ ਕੇ ਪੁਕਾਰਦੇ ਹਨ,ਮਤਲਬ ਭੈਣ,ਤੇ ਇਹ ਹਿੰਦਸਤਾਨੀ ਸ਼ਬਦ ਹਨ।

ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਸਿਰਫ ਹਿੰਦਸਤਾਨੀ ਟਪਰੀ ਵਾਸ/ਖਾਨਾ ਬਦੋਸ਼ਾਂ ਦੀ ਰਹਿਣੀ ਬਹਿਣੀ ਬਹੁਤ ਗੰਦੀ ਹੈ,ਬਾਕੀ ਮੁਲਕਾ ਵਿੱਚ ਇਸ ਕਬੀਲੇ ਦੇ ਲੋਕ ਸਫਾਈ ਤੇ ਸੁਹੱਪਣ ਲਈ ਮਸ਼ਹੂਰ ਹਨ।ਇਹਨਾਂ ਦੇ ਜਿਸਮ ਸਡੌਲ ਤੇ ਨੈਣ ਨਕਸ਼ ਖੂਸ਼ ਅਕਸ ਹੁੰਦੇ ਹਨ।ਖਾਸਕਰ ਇਸਤ੍ਰੀਆਂ ਸੁੰਦਰਤਾ ਦਾ ਨਮੂਨਾ ਹਨ।ਇਥੋਂ ਤੱਕ ਕਿ ਇੰਗਲਿਸਤਾਨ ਦੇ ਸ਼ਹਿਜ਼ਾਦੇ ਨੇ ਇਕ ਖਾਨਾ ਬਦੋਸ਼ ਔਰਤ’ਲਾਵੈਲ’ ਦੀ ਖੁਬਸੂਰਤੀ ਤੇ ਖੁਸ਼ ਜਬਾਨੀ ਤੇ ਇੰਨਾ ਮੋਹਿਤ ਹੋਇਆ ਕਿ ਉਸਨੇ ਭਰੇ ਦਰਬਾਰ ਵਿੱਚ ਉਸਦਾ ਹੱਥ ਚੁੰਮ ਲਿਆ ਤੇ ਪੰਜ ਪੌਂਡ ਇਨਾਮ ਦਿੱਤਾ।ਯੂਰਪ ਵਿੱਚ ਇਹਨਾਂ ਦੇ ਜੀਵਨ ਤੇ ਸਾਹਿਤ ਰਚਿਆ ਗਿਆ,ਤੇ ਨਾਟਕ ਖੇਡੇ ਗਏ।ਇਹਨਾਂ ਲੋਕਾ ਦਾ ਆਪਸ ਵਿੱਚ ਸਦਾ ਮਿਲਵਰਤਣ ਰਹਿੰਦਾ ਹੈ,ਇਹ ਵਿਦੇਸ਼ਾਂ ਚ ਵਸਦਿਆਂ ਨੂੰ ਵੀ ਬਰਾਬਰ ਸਤਿਕਾਰ ਦੇਂਦੇ ਹਨ।

ਇਹ ਲੋਕ ਬੜੇ ਜਿੰਦਾ ਦਿਲ,ਤੇ ਰੰਗੀਲੇ ਹੁੰਦੇ ਹਨ,ਤੇ ਖੁਲ੍ਹੇ ਡੁਲ੍ਹੇ ਸੁਭਾਅ ਦੇ ਹੁੰਦੇ ਹਨ,ਪਰ ਅਖਲਾਕ ਮਾੜਾ ਨਹੀਂ ਹੁੰਦਾ।ਨਾਚ ਗਾਣਾ,ਖੇਡਾਂ,ਬਾਜੀਗਰੀ ਵਿੱਚ ਰਚੀ ਰਸੀਲੀ ਖੁਸ਼ ਗਵਾਰ ਜਿੰਦਗੀ ਦਾ ਲੁਤਫ਼ ਜੀ ਭਰ ਉਠਾਉਂਦੇ ਹਨ।

ਸਪੇਨ ਤੇ ਈਰਾਨ ਵਿੱਚ ਇਹ ਵਿਆਹ,ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਬੁਲਾਏ ਜਾਂਦੇ ਹਨ ,ਇਸ ਲਈ ਕਿ ਇਹਨਾਂ ਦੀ ਆਵਾਜ਼ ਬਹੁਤ ਸੁਰੀਲੀ ਹੁੰਦੀ ਹੈ।(ਇਸ ਪੱਖ ਤੋਂ ‘ਮਕਬੂਲ,

ਮਰਹੂੰਮ ਗਾਇਕਾ ‘ਰੇਸ਼ਮਾ ਨੂੰ ਯਾਦ ਕਰਨਾ ਮੁਨਾਸਬ ਲਗ ਰਿਹਾ ਹੈ)

ਸਭਿਆ ਲੋਕ ਹਮੇਸ਼ ਤੋਂ ਇਹਨਾਂ ਨੂੰ ਅਸਭਿਆ ਮੰਨਦੇ ਹਨ ਤੇ ਇਹਨਾ ਨਾਲ ਵੱਧ ਮੇਲ ਮਿਲਾਪ ਰੱਖਣ ਤੋਂ ਕਤਰਾਉਂਦੇ ਹਨ,ਕਈ ਸਾਲ ਪਹਿਲਾਂ ਸਭਿਅ ਲੋਕ ਇਹਨਾਂ ਦੇ ਜਿਸਮਾਂ ਤੇ ਗਰਮ ਰਾਡ ਨਾਲ ਦਾਗ ਲਗਾ ਦੇਂਦੇ ਸਨ।'ਜਾਰਜ ਬਾਰੋ' ਵਾਂਗ ਕਿਸੇ ਨੇ ਇਹਨਾਂ ਦੀ ਆਤਮਾ ਵਿੱਚ ਝਾਕਣ ਦੀ ਕੋਸ਼ਿਸ ਹੀ ਨਹੀਂ ਕੀਤੀ।ਖੁਲ੍ਹੀ ਫ਼ਿਜ਼ਾ ਇਹਨਾਂ ਦਾ ਇਸ਼ਕ ਹੈ।ਬੰਦ ਘਰਾਂ ਵਿੱਚ ਇਹਨਾਂ ਦਾ ਦਮ ਘੁਟਣ ਲਗਦਾ ਹੈ।ਕਈ ਮੁਲਕਾਂ ਵਿੱਚ ਇਹਨਾਂ ਨੂੰ ਘਰ ਦਿੱਤੇ ਗਏ ਪਰ ਇਹ ਬਸਤੀਆਂ ਵਿੱਚ ਨਾ ਰਹਿ ਸਕੇ,ਅੱਜ ਤੱਕ ਵੀ ਉਹੋ ਪੁਰਾਣੀ ਪਰੰਪਰਾ ਚਾਲੂ ਹੈ।ਯੂਰਪ ਦੇ ਮੂਲ਼ ਵਾਸੀ ਕਹਿੰਦੇ ਹਨ 'ਇਹ ਸਾਡੀ ਧਰਤ ਦਾ 'ਸ਼ਿੰਗਾਰ'ਹਨ।ਇਹਨਾਂ ਦੇ ਤੁਰਦੇ ਘਰ,ਇਹਨਾਂ ਦੀਆ ਪੌਣ ਧੋਤੀਆਂ,ਰੌਸ਼ਨ ਅੱਖੀਆਂ,ਸਡੌਲ ਜਿਸਮ,ਖੁਸ਼ ਮਿਜਾਜੀ,ਨਿਸ਼ਚਿੰਤ ਸੁਭਾਅ,ਨਾਚ ਗਾਣੇ,ਖੇਡਾਂ,ਬਾਜੀਗਰੀ ਰੰਗ ਤਮਾਸ਼ੇ,'ਸ਼ਿਗਾਰ' ਹੀ ਤਾਂ ਹਨ,ਇਹ ਚਾਰ ਦੀਵਾਰੀ ਚ ਬੰਦ ਹੋ ਕੇ ਅਲੋਪ ਹੋ ਜਾਣਗੇ,ਤੇ ਧਰਤ ਰੱਸ ਵਿਹੂਣੀ ਹੋ ਜਾਵੇਗੀ।ਦਿਲ ਤਾ ਇਹਨਾਂ ਦੇ ਵੀ ਸਾਡੇ ਵਾਂਗ ਹੀ ਧੜਕਦੇ ਹਨ।ਸਾਡੇ ਚੋਂ ਕਿਸੇ ਨੇ ਵੀ ਕਦੇ ਇਹਨਾ ਨੂੰ ਸਾਫ਼ ਸਫਾਈ ਰੱਖਣ ਦੀ ਹਦਾਇਤ ਨਹੀਂ ਕੀਤੀ,ਨਾ ਸਰਕਾਰੀ ਤੇ ਨਾ ਗੈਰ ਸਰਕਾਰੀ ਕੋਈ ਸੰਸਥਾ ਇਹਨਾਂ ਦੀ ਰਹਿਣੀ ਬਹਿਣੀ ਸੁਧਾਰਨ ਲਈ ਅੱਗੇ ਆਈ।ਹਾਂ ਇਹਨਾਂ ਤੋਂ ਰੱਜ ਕੇ ਵੋਟਾਂ ਬਟੋਰੀਆ ਜਾਂਦੀਆਂ ਹਨ।

ਬੇ ਸ਼ੱਕ ਇਹ ਆਪਣੀ ਸਭਿਅਤਾ ਵਿੱਚ ਪੂਰੇ ਸਭਿਅਕ ਹਨ।

ਲ਼ਾਰਡ ਡਨਸਨੀ ਨੇ ਆਪਣੇ ਨਾਟਕ ਵਿੱਚ ਦਸਿਆ ਹੈ ਕਿ ਇਕ ਬਾਦਸ਼ਾਹ ਸਿਰਫ਼ ਇਕ ਵਰ੍ਹਾ ਟੱਪਰੀ ਵਾਸਾਂ ਵਿੱਚ ਰਹਿਣ ਲਈ ਇਰਾਦਾ ਕਰ ਕੇ ਗਿਆ,ਪਰ ਜਦੋਂ ਵਰ੍ਹਾ ਮੁਕਿਆ ਉਸ ਦਾ ਦਿਲ ਮਹਿਲਾਂ ਚ ਮੁੜਨ ਨੂੰ ਨਾ ਕੀਤਾ,ਤੇ ਉਹ ਹਮੇਸ਼ਾਂ ਲਈ,ਟੱਪਰੀ ਵਾਸ ਹੋ ਗਿਆ।

ਇਥੇ ਇਹ ਦਸਣਾ ਉਚਿੱਤ ਰਹੇਗਾ ਕਿ ਹੁਣ ਇਕੀਵੀਂ ਸਦੀ ਵਿੱਚ ਇਹ ਲੋਕ ਵੀ ਜਾਗਰੂਕ ਹੋ ਗਏ ਹਨ,ਝੌਪੜੀਆਂ ਵਿੱਚ ਟੇਲੀਵੀਯਨ ਰੱਖੇ ਹਨ।ਰਾਮਪੁਰਾਫੂਲ ਦੀ ਮੋਹਤਰਮਾ 'ਮੀਨਾਕਸੀ ਬਾਂਸਲ' ਨੇ ਇਹਨਾਂ ਦੀਆਂ ਕੁੜੀਆਂ ਨੂੰ ਪੜ੍ਹਾਉਣ ਦਾ ਬੀੜਾ ਉਠਾਇਆ ਤੇ ਕੁਝ ਹੱਦ ਤੱਕ ਸਫਲਤਾ ਹਾਸਲ ਕੀਤੀ,ਆਪਣੇ ਖਰਚ ਤੇ ਸਕੂਲ਼ ਖੋਲ ਕੇ ਕੁੜੀਆਂ ਨੂੰ ਦਸਵੀ ਕਰਾਈ।ਚਾਰ ਪੰਜ ਕੁੜੀਆਂ ਮੀਨਾਕਸੀ ਜੀ ਤੋਂ ਸਿਖਿਆ ਹਾਸਲ ਕਰ ਕੇ ਪੁਲੀਸ ਵਿੱਚ ਭਰਤੀ ਹੋ ਸਕੀਆਂ।ਕੁਝ ਕੁ ਖੇਡਾਂ ਵਿੱਚ ਮੈਦਾਨ ਮਾਰ ਗਈਆਂ ਹਨ।ਕੁੜੀਆਂ ਦੀ ਵੇਖਾ ਵੇਖੀ ਮੁੰਡੇ ਵੀ ਪੜ੍ਹਨ ਆਉਣ ਲਗੇ ਹਨ।

ਮੀਨਾਕਸ਼ੀ ਜੀ ਦਾ ਪੂਰਾ ਪਰਿਵਾਰ ਡਾਕਟਰ ਹੈ,ਜਿਥੇ ਇਹ ਪਰਿਵਾਰ ਮਰੀਜ਼ਾਂ ਨੂੰ ਸਿਹਤ ਦੇ ਰਿਹਾ ਹੈ ਉਥੇ ਇਹ ਖਾਨਾ ਬਦੋਸ਼ਾਂ ਦਾ ਜੀਵਨ ਸੁਧਾਰਨ ਲਈ ਆਪਣੇ ਪੱਲੇ ਤੋਂ ਖਰਚ ਲਾ ਕੇ ਭਰਪੂਰ ਯਤਨ ਕਰ ਰਿਹਾ ਹੈ।ਬਦਲਾਅ ਆ ਰਹਾ ਹੈ------



ਬੱਚਾ ਬੋਲਾ ਦੇਖ ਕਰ ਮਸਜਿਦ ਆਲੀਸ਼ਾਨ

ਅਲਲਾਹ ਤੇਰੇ ਏਕ ਕੇ ਰਹਨੇ ਕੋ ਇਤਨਾ ਬੜਾ ਮਕਾਨ ॥

" ਜਿੰਦਗੀ ਤੂੰ ਹੀ ਬਤਾ ਕੈਸੇ ਤੁਝੈ ਪਿਆਰ ਕਰੂੰ

ਜਿੰਦਗੀ ਤੂੰ ਹੀ ਬਤਾ ਕੈਸੇ ਤੁਝੈ ਪਿਆਰ ਕਰੂੰ

ਤੇਰੀ ਹਰ ਸੁਬਹ ਮੇਰੀ ਉਮਰ ਦਰਕਾਰ ਹੋਤੀ ਹੈ।"

2---"ਲਟ ਲਟ ਬਲਦਾ ਦੀਪ ਦਿਲੇ ਦਾ ਰਖੀਏ ਸਦਾ ਬਰੂਹਾਂ ਤੇ

ਅੰਧੇ ਯੁੱਗ ਦੀ ਰਾਤ ਅੰਧੇਰੀ ਤਾਰੇ ਵੀ ਗੁਮ ਜਾਵਣ ਨੀ…."'।

ਦਰਦ ਅਜ਼ਮਾਤਾ ਹੈ ਪਰਾਏ ਕੋ

ਕੌਨ ਸੁਣਤਾ ਹੈ,ਔਰ ਸੁਣਾਏ ਕੌਣ।"

## ‘‘ਪੀਆ‘‘

ਰੂਠੈ ਹੋ ਤੁਮ, ਤੁਮ ਕੋ ਕੈਸੇ ਮਨਾਊਁ ਪੀਆ-ਬੋਲੋ ਨਾਂ ਬੋ ਲੋ ਅਅ ਨਾਂ

ਖੁਸ਼ਬੂ ਬਨ ਕੇ ਆਊਂ.ਸਾਂਸੋਂ ਮੇਂ ਬਸ ਜਾਊਂ

ਸੀਨੇ ਸੇ ਲਗ ਜਾਊਂ,ਬਾਹੋਂ ਮੇਂ ਮਰ ਜਾਊਂ

ਬੋਲੋ ਕਿਆ ਮੈਂ ਕਰੂੰ ਤੁਮ ਮੁਝ ਕੋ ਬਤਾਓ ਪੀਆ ----ਬੋਲੋ ਨਾਂ ਬੋਲੋਓਓਓਓਓਓਨਾ

ਦੇਖੋਂ ਪੀਆ ਐਸੇ ਤੋ ਨਾਂ ਤੜਪਾਓ

ਜਿਸ ਦਿਲ ਮੇਂ ਬਸਤੇ ਹੋ,ਉਸਕੋ ਨਾਂ ਦੁਖਾਓ

ਤੁਮ ਕੋ ਮੇਰੀ ਕਸਮ,ਐਸੇ ਤੋ ਨਾ ਸਤਾਓ---

ਕਿਆ ਮੈਂ ਕਰੂੰ,ਤੁਮ ਮੁਝ ਕੋ ਬਤਾਓ---ਬੋਲੋ ਨਾਂ ਬੋ ਲੋਓਓਓਓ ਨਾਂ

ਰੂਠੋ ਹੋ ਤੁਮ..........

ਕੈਸੇ ਤੁਮ ਕੋ ਮਨਾਊਂ ਬੋਲੋ ਨਾਂ.....

ਤੁਮ ਬਿਨ ਪੀਆ ਜੀਆ ਮੋਰਾ ਨਹੀਂ ਲਾਗੈ

ਤੜਪੇ ਹੈ,ਤੜਪੇ ਹੈ,ਸਾਰੀ ਰਾਤ ਜਾਗੇ ਮਾਨੋਗੇ ਕੈਸੇ ਪੀਆ,ਯੇ ਬਤਾ ਦੋ

ਜਲ ਜਲ ਕੇ ਮਰ ਜਾਊਂ ਐਸੇ ਨਾ ਸਜਾ ਦੋ

ਆਸੂ ਹੈਂ ਆਂਖੋਂ ਮੇਂ,ਹਲਚਲ ਹੈ ਸਾਂਸੋ ਮੇਂ

ਦੇਖੋ ਵਰਨਾ ਮੈਂ ਰੂਠ ਜਾਊਂਗੀ



ਫਿਰ ਨਾਂ ਕਭੀ ਮਾਨੂੰਗੀ

ਅਪਨੀ ਜਾਂ ਦੇ ਦੂੰਗੀ

ਤੁਮ ਜੋ ਕਹੋ,ਤੁਮ ਕੋ ਮਰ ਕੇ ਮਨਾਊਂ ਪੀਆ ਬੋਲੋ ਨਾਂ ਬੋ ਲੋਓਓਓਓਓਨਾਂ....

ਮੂੰਹ ਮੋੜ ਕੇ ਜਾ ਰਿਹੈਂ ਬੜੈ ਗੁਮਾਨ ਦੇ ਨਾਲ

ਮੇਰਾ ਸ਼ਬਾਬ ਤੇ ਲੌਟਾ ਦੇ ਮੇਰੀ ਉਮਰ ਦੇ ਨਾਲ”।

“ ਪਿਆਰ – ਪਿਆਰ ਨਾਂ ਰਹਾ “

ਗੈਰ ਤੋ ਗੈਰ ਹੈ ਹੀ,ਅਪਨੇ ਬੀ ਦਗ਼ਾ ਕਰਤੇ ਹੈ,

ਏਕ ਹਮ ਭੀ ਹੈਂ ਕਿ ਯੇ ਭੀ ਸਹਾ ਕਰਤੇ ਹੈਂ।

ਸ਼ੀਲਾ ਦੀ ਮੰਗਣੀ ਦੀ ਗਲ ਅੱਗੇ ਵੱਧ ਰਹੀ ਸੀ,ਲੜਕੇ ਦੇ ਮਾਪਿਆਂ ਨੇ ਤਾਂ ਪੱਕੀ ਹਾਂ ਕਰ ਦਿੱਤੀ ਸੀ,

ਸ਼ੀਲਾ ਦੇ ਮਾਂ ਬਾਪ ਤਾਂ ਚਾਹੁੰਦੇ ਹੀ ਸਨ,ਬੱਸ ਜੀਤ ( ਲੜਕੇ) ਦੀ ਹਾਂ ਬਾਕੀ ਸੀ।

ਸ਼ੀਲਾ ਦੀ ਛੋਟੀ ਭੈਣ,ਸੁਰਭੀ,ਚੁਲਬਲੀ,ਸ਼ੋਖ,ਕਾਲਜੀਏਟ ਮੁਟਿਆਰ ਹੈ।ਮਨ ਹੀ ਮਨ ਉਹ ਆਪਣੇ ਆਪ ਨੂੰ ਆਪਣੀ ਭੈਣ ਸ਼ੀਲਾ ਨਾਲੋ ਵੱਧ ਸੁੰਦਰ ਤੇ ਕਾਬਲ ਸਮਝਦੀ ਹੈ।ਉਹ ਸਮਝਦੀ ਹੈ ਹਰ ਸੁੰਦਰ ਸ਼ੈਅ ਤੇ ਉਸਦਾ ਹੱਕ ਹੈ।ਦੂਜੇ ਪਾਸੇ ਸ਼ੀਲਾ,ਸੁਘੜ,ਸਿਆਂਣੀ,ਵੱਡਿਆ ਦਾ ਸਤਿਕਾਰ ਤੇ ਛੋਟਿਆਂ ਨਾਲ ਪਿਆਰ ਕਰਨ ਵਾਲੀ ਹੈ।ਉਹ ਸੁਰਭੀ ਨੂੰ ਬਹੁਤ ਪਿਆਰ ਕਰਦੀ ਹੈ,ਹਰ ਪੱਖ ਤੋਂ ਖਿਆਲ ਰੱਖਦੀ ਹੈ ਉਸਦਾ।

ਜੀਤ,ਦਾ ਉਹਨਾਂ ਦੇ ਘਰ ਆਉਣਾ ਜਾਣਾ ਸੀ,ਉਹ ਵਕਤਨ ਪਵਕਤਨ ਲੋੜ ਪੈਣ ਤੇ ਉਹਨਾ ਦੇ ਅੜੇ ਜੁੜੇ ਬਾਹਰ ਦੇ ਕੰਮ ਵੀ ਕਰ ਦਿਆ ਕਰਦਾ ਸੀ,ਮਸਲਨ ਸੁਰਭੀ ਨੂੰ ਕਾਲਜ ਛਡ ਦੇਣਾ ਜਾਂ ਲੈ ਆਉਣਾ,ਲੋੜ ਪੈਣ ਤੇ ਡਾਕਟਰ ਦਵਾਈ ਦਾ ਪ੍ਰਬੰਧ ਵੀ ਕਰ ਦੇਣਾ।ਉਹ ਘਰ ਵਿੱਚ ਰਚਿਆ ਮਿਚਿਆ ਸੱਬ ਦਾ ਪਿਆਰਾ ਸੀ।

ਅਗਲੇ ਦਿਨ,-ਜੀਤ ਦੀ ਮੰਮੀ ਜੀਤ ਨੂੰ ਮੁਖ਼ਾਤਿਬ ਹੁੰਦੇ...

ਜੀਤ,ਬੇਟੇ 'ਸ਼ੀਲਾ ਕੈਸੀ ਲਗਦੀ ਹੈ ਤੈਨੂੰ ?

ਜੀਤ,ਮੰਮੀ ਸ਼ੀਲਾ ਬਹੁਤ ਅੱਛੀ ਹੈ,ਪਰ ਤੁਸੀਂ ਇਹ ਕਿਉਂ ਪੁੱਛ ਰਹੇ ਹੋ,ਕੀ ਗਲ ਹੈ ?

ਮੰਮੀ-ਬੇਟਾ ਅਸੀ ਸ਼ੀਲਾ ਨਾਲ ਤੇਰੀ ਮੰਗਣੀ ਦਾ ਫੈਸਲਾ ਲਿਆ ਹੈ।

ਜੀਤ-ਮੰਮੀ ਜੇ ਉਸ ਘਰ ਵਿੱਚ ਤੁਸੀਂ ਮੇਰਾ ਰਿਸ਼ਤਾ ਕਰਨਾਂ ਚਾਹੁੰਦੇ ਹੋ ਤਾਂ ਸੁਰਭੀ ਨਾਲ ਕਰ ਦਿਓ।

ਹੋੱਅਅਅਅਅਅਅਅਅਅ-----ਜੀਤ ਦੇ ਮਾਂ ਬਾਪ ਜੀਤ ਦੇ ਜਵਾਬ ਤੇ ਅਵਾਕ ਰਹਿ ਗਏ।

ਦੋ ਦਿਨ ਤੱਕ ਘਰ ਵਿੱਚ ਚੁੱਪ ਛਾ ਗਈ। ਕੀ ਗਲ ਕਰਦੇ ਉਹ -ਕੀ ਗੁਜਰੇਗੀ ਸ਼ੀਲਾ ਤੇ-ਉਹਨਾਂ ਨੂੰ ਐਸੇ ਕਈ ਸਵਾਲ ਜਵਾਬ ਪ੍ਰੇਸ਼ਾਨ ਕੀਤੇ ਹੋਏ ਸਨ।ਫਿਰ ਉਹਨਾ ਨੂੰ ਇਕ ਤਰਕੀਬ ਸੁੱਝੀ ਤੇ ਉਹਨਾਂ ਨੇ ਸਪਸ਼ਟ ਸ਼ਬਦਾਂ ਵਿੱਚ ਜੀਤ ਨੂੰ ਆਖ ਦਿੱਤਾ"ਸਾਡੇ ਵਿੱਚ ਹਿੰਮਤ ਨਹੀਂ ਅਸੀਂ ਐਸੀ ਗਲ ਕਰੀਏ,ਤੂੰ ਆਪ ਜਾ,ਜੋ ਕਰਨਾ ਚਾਹੁੰਦੈਂ ਕਰ ਲੈ"।

ਜੀਤ ਸੁਰਭੀ ਦੇ ਕਾਲਜ ਛੁਟੀ ਵੇਲੇ ਉਹਨੂੰ ਜਾ ਮਿਲਿਆ..

ਜੀਤ – ਸੁਰਭੀ ਤੈਨੂੰ ਪਤਾ ਹੀ ਹੈ ਨਾਂ ਘਰ ਦੇ ਮੇਰਾ ਰਿਸ਼ਤਾ ਸ਼ੀਲਾ ਨਾਲ ਕਰਨ ਵਾਲੇ ਨੇ,ਤੇ ਤੂੰ ਚੁੱਪ ਹੈਂ।

ਸੁਰਭੀ-ਤੇ ਹੋਰ ਮੈਂ ਹੁਣੇ ਸੁਹਾਗ ਗਾਉਣ ਲਗ ਜਾਵਾਂ,ਮਹਿੰਦੀ,ਸ਼ਗਨਾਂ ਤੇ ਗਾਉਂਗੀ..

ਜੀਤ-ਪਗਲੀ,ਮੇਰਾ ਮਤਲਬ ਤੈਨੂੰ ਇਤਰਾਜ਼ ਨਹੀਂ ਹੋਇਆ ਨਾ ਅਫਸੋਸ ਕਿ ਮੈਂ ਤੇ ਤੂੰ ਦੂਰ ਹੋ ਜਾਵਾਂਗੇ।

ਸੁਰਭੀ-ਕੀ ਮਤਲਬ ਤੇਰਾ,ਮੈਂ ਤੈਨੂੰ ਇਸ ਨਜ਼ਰ ਨਾਲ ਕਦੀ ਨਹੀਂ ਵੇਖਿਆ।

ਜੀਤ-ਵੇਲਾ ਆਉਣ ਤੇ ਹੀ ਵੇਖਣਾ ਸੀ ਨਾਂ,ਹੁਣ ਵੇਖ ਲੈ।ਮੈਂ ਦਿਲੋਂ ਤੈਨੂੰ ਚਾਹੁੰਦੈਂ,ਬਹੁਤ ਖੁਸ਼ ਰਖੂੰਗਾ ਤੈਨੂੰ ਮੈਂ

ਸੁਰਭੀ( ਪੂਰੇ ਗਰੂਰ ਵਿੱਚ) ਓ,ਸ਼ਟ ਅੱਪ,ਬੜੀ ਖੁਸ਼ ਫਹਿਮੀ ਪਾਲ ਰੱਖੀ ਤੂੰ।ਮੇਰੇ ਖਾਬਾਂ ਦਾ ਸ਼ਹਿਜ਼ਾਦਾ ਕੋਈ ਹੋਰ ਹੈ,ਤੇ ਜਲਦ ਹੀ ਉਹ ਮੇਰਾ ਰਿਸ਼ਤਾ ਭਿਜਵਾਏਗਾ।

ਜੀਤ-ਉਹੋ ਹੀ ਜਿਸ ਨਾਲ ਤੂੰ ਪਾਰਕ ਦੇ ਬਾਹਰ ਗਲੀਂ ਲਗੀ ਸੀ{

ਸੁਰਭੀ,ਉਹੋ ਸਮਝ ਲੈ।



ਜੀਤ-ਉਹ ਅੱਛਾ ਲੜਕਾ ਨਹੀਂ।

ਸੁਰਭੀ-ਨਾਂ ਹੋਵੇ ਅੱਛਾ।ਪੈਸਾ ਪਤਾ ਕਿੰਨਾ ਉਹਦੇ ਕੋਲ।ਮੇਰੇ ਸਾਰੇ ਖਾਬ,ਬੰਗਲਾ,ਗਾੜੀ,ਜੇਵਰ ,ਸ਼ਾਪਿੰਗ,ਸੱਭ ਦੇ ਪੂਰੇ ਕਰਨ ਦੇ ਸਮਰੱਥ ਹੈ ਉਹ।ਤੂੰ ਕਰ ਸਕਦੈਂ ਇਹ ਸੱਭ ਕੁਝ ?

ਜੀਤ-ਹੁਣੇ ਤਾਂ ਨਹੀਂ ਮੈਂ ਇਸ ਪੋਜੀਸ਼ਨ ਵਿੱਚ,ਪਰ ਕੁਝ ਸਾਲ ਚ ਮੈਂ ਤੇਰੇ ਸਾਰੀਆਂ ਫਰਮਾਇਸ਼ਾਂ ਪੂਰੀਆਂ ਕਰਨ ਦੇ ਕਾਬਲ ਹੋ ਜਾਵਾਂਗਾ।

ਸੁਰਭੀ-ਮੂੰਹ ਚਿੜਾ ਕੈ ) ਊਂ ਕੁਝ ਸਾਲ ਬਾਦ......ਫਿਰ ਵਿਆਹ ਵੀ ਉਦੋਂ ਕਰ ਲਈਂ—।

ਜੀਤ ਨੂੰ ਸੁਰਭੀ ਤੋਂ ਐਸੇ ਸਲੂਕ ਦੀ ਉਮੀਦ ਨਹੀਂ ਸੀ,ਉਹ ਭਰੇ ਮਨ ਨਾਲ ਘਰ ਚਲਾ ਗਿਆ।ਦੋ ਦਿਨ ਤੱਕ ਉਹ ਕਸ਼ਮਕਸ਼ ਵਿੱਚ ਆਪਣੇ ਆਪ ਨਾਲ ਝਗੜਦਾ ਰਿਹਾ।ਫਿਰ ਉਹ ਉਠਿਆ ਤੇ ਆਪਣੀ ਮਾਂ ਨੂੰ ਕਿਹਾ

"ਮੰਮੀ ਤੁਸੀਂ ਪਰੇਸ਼ਾਨ ਨਾਂ ਹੋਵੋ ਤੇ ਸ਼ੀਲਾ ਨਾਲ ਗਲ ਪੱਕੀ ਕਰ ਲਓ।

ਮਾਂ ਬਾਪ ਨੂੰ ਸੁੱਖ ਦਾ ਸਾਹ ਆਇਆ,ਉਹ ਦੌੜ ਗਏ ਤੇ ਝੱਟ ਮੰਗਣੀ,ਪੱਟ ਵਿਆਹ ਦਾ ਸੌਦਾ ਕਰ ਆਏ।

ਦੋਨਾ ਪਾਸੇ ਜੋਰਾਂ ਸ਼ੋਰਾਂ ਨਾਲ ਤਿਆਰੀਆਂ ਹੋਣ ਲਗੀਆਂ।

ਜੀਤ ਨੇ ਕੁਝ ਰਕਮ ਸ਼ੇਅਰ ਮਾਰਕੀਟ ਵਿੱਚ ਲਗਾ ਰੱਖੀ ਸੀ ਕਿ ਅਚਾਨਕ ਉਸ ਨੂੰ ਖਾਸੀ ਰਕਮ ਦਾ ਲਾਭ ਹੋ ਗਿਆ,ਉਸ ਨੇ ਸੈਕਿੰਡ ਹੈਂਡ ਕਾਰ ਖ਼ੀਦ ਲਈ।ਫਿਰ ਉਸ ਨੇ ਬੈਂਕ ਤੋਂ ਕਰਜਾ ਲੈ ਕੇ ਅਪਨਾ ਕਾਰੋਬਾਰ ਵਧਾ ਲਿਆ।ਜਲਦੀ ਹੀ ਜੀਤ ਦਾ ਸ਼ੁਮਾਰ ਉੱਚ ਵਰਗ ਵਿੱਚ ਹੋਣ ਲਗਾ।ਸ਼ੀਲਾ ਦੇ ਸਹੁਰੇ ਸ਼ੀਲਾ ਦੇ ਕਦਮਾਂ ਨੂੰ ਅਪਨੇ ਘਰ ਵਿੱਚ ਸੌਭਾਗਾ ਸਮਝਦੇ ਸਨ।ਜੀਤ ਨੂੰ ਕੋਈ ਐਬ ਵੀ ਨਹੀਂ ਸੀ ਉਹ ਬਹੁਤ ਖੁਸ਼ਹਾਲ ਜਿੰਦਗੀ ਜੀ ਰਿਹਾ ਸੀ।ਘਰ ਵਿੱਚ ਕਦੇ ਸ਼ਿਕਵੇ ਸ਼ਕਾਇਤ ਦੀ ਨੌਬਤ ਨਹੀ ਸੀ ਆਈ।

ਉਧਰ ਸੁਰਭੀ ਆਪਣੀ ਪੱਕੀ ਸਹੇਲੀ ਦੇ ਵੀਰ ਨੀਰਜ ਨਾਲ ਆਪਣੇ ਖਾਬ ਸਜਾਏ ਆਪਣੇ ਆਪ ਨੂੰ ਪਰਿਸਤਾਨ ਦੀ ਸ਼ਹਿਜਾਦੀ ਸਮਝਣ ਲਗੀ ਸੀ ਕਿ ਇਕ ਦਿਨ ਉਸ ਨੂੰ ਝਟਕਾ ਲਗਾ ਜਦ ਉਸ ਨੂੰ ਆਪਣੀ ਸਹੇਲੀ ਦੀ ਮੰਗਣੀ ਦਾ ਸੁਨੇਹਾ ਮਿਲਿਆ।ਸੁਰਭੀ ਸੋਲ੍ਹਾ ਸ਼ਿੰਗਾਰ ਕਰ ਕੇ ਆਪਣੀਆਂ ਬਾਕੀ ਸਾਥਣਾ ਨਾਲ ਰਿਜ਼ੋਰਟ ਪਹੁੰਚੀ।ਸਾਰੇ ਪਾਸੇ ਹਸੀਂ ਮਜਾਕ ਚਲ ਰਿਹਾ ਸੀ।ਰਸਮ ਸ਼ੁਰੂ ਹੋਈ,ਮੁੰਦਰੀਆਂ ਦਾ ਅਦਾਨ ਪ੍ਰਦਾਨ ਹੋਣ ਲਗਾ।

ਨੀਰਜ ਬੇਟਾ ਹੁਣ ਤੂੰ ਵਿਮੀ ਨੂੰ ਮੁੰਦਰੀ ਪਹਿਨਾ ਦੇ..ਨੀਰਜ ਦਾ ਨਾਮ ਸੁਣਦੇ ਹੀ ਸੁਰਭੀ ਦੇ ਕੰਨ ਖੜੇ ਹੋ ਗਏ।

ਜਿਉਂਹੀ ਨੀਰਜ ਨੇ ਵਿਮੀ ਨੂੰ ਮੁੰਦਰੀ ਛੁਹਾਈ ਸੁਰਭੀ ਡਿਗਦੀ ਡਿਗਦੀ ਸੰਭਲੀ,ਤੇ ਝੱਟ ਬਾਹਰ ਵੱਲ ਦੌੜ ਪਈ।ਉਸ ਨੇ ਆਪ ਹੋਣ ਵਾਲੇ ਜੀਜੇ ਨੂੰ ਫੋਨ ਮਿਲਾਇਆ,ਦੱਸ ਮਿੰਟ ਵਿਚ ਉਹ ਸੁਰਭੀ ਨੂੰ ਲੈ ਤੁਰ ਗਿਆ-

ਸੁਰਭੀ ਨੇ ਆਈਸ ਕਰੀਮ ਖਾਣ ਦੀ ਫਰਮਾਇਸ਼ ਕੀਤੀ।ਰੇਸਤ੍ਰਾਂ ਵਿੱਚ ਸੁਰਭੀ ਦਾ ਟੁਟਿਆਂ ਦਿਲ ਬਾਗੀ ਹੋ ਗਿਆ,ਖੂਨ ਪਤਲਾ ਹੋਣ ਲਗਾ।ਅੱਜ ਜੀਤ ਉਹਨੂੰ ਕੋਹਕਾਫ ਦਾ ਸ਼ਹਿਜ਼ਾਦਾ ਨਜ਼ਰ ਆਉਣ ਲਗਾ ਸੀ।

ਜੀਤ-ਸੁਰਭੀ ਤੂੰ ਮੇਰੇ ਦੋਸਤ ਨਾਲ ਸ਼ਾਦੀ ਤੋਂ ਇਨਕਾਰ ਕਿਉ ਕੀਤਾ।

ਸੁਰਭੀ-ਕੀ ਤੂੰ ਜਿਸ ਨਾਲ ਵਿਆਹ ਕਰਨਾ ਚਾਹੁੰਦਾ ਸੀ ,ਉਸ ਨੂੰ ਕਿਸੇ ਹੋਰ ਨਾਲ ਤੋਰ ਸਕੇਂਗਾ?

ਜੀਤ ਅਵਾਕ ਰਹਿ ਗਿਆ।---ਦੋਨੋ ਚੁਪ ਵਟੀ ਕਾਰ ਚ ਬੈਠ ਗਏ,ਸੁਰਭੀ ਨੂੰ ਲਗਾ ਕਿ ਜੀਤ ਦਾ ਬਦਲਾ ਨੀਰਜ ਨੇ ਲੈ ਲਿਆ ਹੈ। ਪਰ ਸੁਰਭੀ ਦੇ ਗਰੂਰ ਨੂੰ ਸ਼ਿਕਸਤ ਮਨਜੂਰ ਨਹੀਂ ਸੀ।ਇਧਰ ਜੀਤ ਦੀ ਪੋਜੀਸ਼ਨ ਸੁਰਭੀ ਦੇ ਸੁਪਨਿਆ ਨਾਲ ਮੇਲ ਖਾਣ ਲਗ ਪਈ ਸੀ।

ਘੜੀ ਨਵੀਂ ਲੈ ਲਈ ਬਹੁਤ ਕੀਮਤੀ ਹੈ ਇਹ,ਸੁਰਭੀ ਨੇ ਜੀਤ ਦਾ ਹੱਥ ਪਕੜ ਕੇ ਕਿਹਾ।

ਨਹੀਂ ਉਹੀ ਹੈ ਪਹਿਲਾਂ ਵਾਲੀ-ਜੀਤ ਦਾ ਉਤਰ ਸੀ।

ਅੱਛਾ ਅਅ ਵਿਦੇਸ਼ੀ ਸੈੱਟ,ਸੁਰਭੀ ਨੇ ਜੀਤ ਦੀ ਜੇਬ ਵਿਚੋਂ ਸੈਲ ਫੋਨ ਕਢਦੇ ਕਿਹਾ,ਬੜਾ ਸੋਹਣਾ ਹੈ,ਮੈਂ ਆਪਣੀ ਸਿਮ ਇਹਦੇ ਚ ਪਾਉਣ ਲਗੀ ਹਾਂ ।ਮੈਨੂੰ ਪਤਾ ਹੈ ਤੂੰ ਨਾਹ ਨਹੀਂ ਕਰੇਂਗਾ ਤੇ ਸੁਰਭੀ ਨੇ ਸਿਮ ਤੇ ਸੈੱਲ ਚੇਂਜ ਕਰ ਲਏ।

ਉਸ ਵਕਤ ਜੀਤ ਸੁਰਭੀ ਨੂੰ ਕੋਹਕਾਫ਼ ਦਾ ਸ਼ਹਿਜ਼ਾਦਾ ਲਗ ਰਹਾ ਸੀ ਤੇ ਉਹ ਖੁਦ ਨੂੰ ਪਰੀ ਲੋਕ ਦੀ ਰਾਜ ਕੁਮਾਰੀ ਤਸੁਵਰ ਕਰ ਰਹੀ ਸੀ।

"ਪਿਆਰਾ ਇਕ ਬੰਗਲਾ ਹੋ,ਬੰਗਲੇ ਮੇਂ ਗਾੜੀ ਹੋ,ਗਾੜੀ ਮੇਂ ਮੇਰੇ ਸੰਗ ਬਲਮਾ ਅਨਾੜੀ ਹੋ"-ਗੁਣਗਣਾਉਂਦੀ

ਸੁਰਭੀ ਕਾਰ ਚੋਂ ਨਿਕਲ ਉਵੇਂ ਹੀ ਲਹਿਲਹਾਉਂਦੀ ਬਿਸਤਰ ਤੇ ਜਾ ਡਿਗੀ।

ਕਾਰਖਾਨਾ,ਬੰਗਲਾ,ਗਾੜੀ ਵਾਲਾ ਜੀਤ ਅਨਾੜੀ ਹੀ ਤਾਂ ਸੀ ।



ਰਾਤ ਭਰ ਦੋਂਵੇ ਆਪਣੇ ਆਪ ਨਾਲ ਜੰਗ ਲੜਦੇ ਰਹੇ।ਸੁਰਭੀ ਮੂੰਹ ਫੱਟ ਤਾਂ ਸੀ ਹੀ,ਉਸ ਨੇ ਜੀਤ ਨੂੰ ਫੋਨ ਕੀਤਾ ਕਿ ਉਹ ਉਸ ਨੂੰ ਮਿਲੇ,ਜੀਤ ਦੌੜਾ ਆਇਆ।ਘਰੋਂ ਕਾਲਜ ਨਿਕਲੀ ਸੁਰਭੀ,ਜੀਤ ਨਾਲ ਪ੍ਰੈਮ ਨਗਰ ਵਿੱਚ ਪ੍ਰੀਤ ਪੀਘਾਂ ਝੁਟਣ ਲਈ ਉਤਾਵਲੀ ਹੋ ਚੁਕੀ ਸੀ।ਆਪਣੀ ਪਿਆਰ ਕਰਨ ਵਾਲੀ ਵੱਡੀ ਪਿਆਰੀ ਭੈਣ ਦੇ ਪਿਆਰ ਵਿੱਚ ਸਨ੍ਹ ਲਗਾ ਰਹੀ ਸੀ,ਉਹ ਨਤੀਜੇ ਤੋਂ ਬੇਖਬਰ ਸੀ ਜਾਂ ਜਾਣ ਕੇ ਕਰ ਰਹੀ ਸੀ।ਉਸ ਨੂੰ ਪਤਾ ਸੀ  ਬਾਕੀ ਚੀਜ਼ਾਂ ਵਾਂਗ ਸ਼ੀਲਾ ਉਸ ਤੋ ਜੀਤ ਨੂੰ ਵੀ ਵਾਰ ਦੇਵੇਗੀ।ਸ਼ੀਲਾ ਦਾ ਜੀਤ ਨਾਲ ਵਿਆਂਹ ਵਿੱਚ ਬਾਕੀ ਦੱਸ ਹੀ ਦਿਨ ਸਨ ਕਿ ਜੀਤ ਨੇ ਮਾਂ ਨੂੰ ਕਿਹਾ,"ਮੰਮੀ ਮੈਂ ਸੁਰਭੀ ਨਾਲ ਹੀ ਵਿਆਹ ਕਰੂੰਗਾ"।ਮੰਮੀ ਦੇ ਸਿਰ ਜਿਵੇਂ ਹਥੌੜਾ ਆ ਵੱਜਾ ਹੋਵੇ,ਇਹ ਕੀ ਬਕਵਾਸ ਕਰ ਰਿਹਾ ਹੈਂ,ਦੁਬਾਰਾ ਇਸ ਤਰਾਂ ਨਾ ਬੋਲੀਂ ਖ਼ੂੰਨ ਖਰਾਬਾ ਹੋ ਜਾਏਗਾ,ਦਿਮਾਗ ਖਰਾਬ ਹੋ ਗਿਆ ਤੇਰਾ ,ਮੰਮੀ ਨੇ ਕਿਹਾ—

ਕੁਝ ਨਹੀਂ ਹੁੰਦਾ,ਸੱਭ ਕੁਝ ਇਵੇਂ ਹੀ ਰਹੇਗਾ,ਬੱਸ ਸ਼ੀਲਾ ਦੀ ਜਗਾਹ ਸੁਰਭੀ ਦੁਲਹਨ ਸੱਜ ਕੇ ਘਰ ਆ ਜਾਏਗੀ-ਜੀਤ ਨੇ ਬੜੇ ਤੈਸ਼ ਵਿੱਚ ਉਤਰ ਦਿੱਤਾ।

ਮੰਮੀ-ਸੁਰਭੀ ਤੇਰੇ ਨਾਲ ਵਿਆਹ ਨਹੀਂ ਕਰਨਾਂ ਚਾਹੁੰਦੀ ਤੇ ਜਬਰਦਸਤੀ ਕਿਵੇਂ ਹੋ ਸਕਦਾ?

ਜੀਤ- ਸੁਰਭੀ ਦਾ ਹੀ ਇਹ ਮਸ਼ਵਰਾ ਹੈ ਕਿ ਜੇ ਘਰ ਦੇ ਨਹੀਂ ਮੰਨਦੇ ਤੇ ਆਪਾਂ ਕੋਰਟ ਮੈਰਿਜ ਕਰ ਲਈਏ।

ਹੁਣ ਤੁਸੀਂ ਵੇਖ ਲਓ,ਕੀ ਸਹੀ ਹੈ ਤੁਹਾਡੇ ਲਈ।

ਸਾਡੇ ਵਿੱਚ ਨਹੀਂ ਹਿੰਮਤ ਸ਼ੀਲਾ ਤੇ ਉਸ ਦੇ ਮਾਂ ਬਾਪ ਦੀ ਇਜ਼ਤ ਉਛਾਲਣ ਦੀ।

ਬੇ ਬਾਕ ਸੁਰਭੀ ਨੇ ਆਪਣੀ ਭੈਣ ਨੂੰ ਸਾਫ ਕਹਿ ਦਿੱਤਾ,ਜੀਤ ਮੇਰੇ ਨਾਲ ਪਿਆਰ ਕਰਦੈ।ਅਸੀਂ ਸ਼ਾਦੀ ਕਰ ਰਹੇ ਹਾਂ ਤੇ ਮੈਨੂੰ ਪਤਾ ਹੈ ਤੈਨੂੰ ਖੁਸ਼ੀ ਹੀ ਹੋਵੇਗੀ।(ਸ਼ੀਲਾ ਦੀ ਨਜ਼ਰ ਸੁਰਭੀ ਤੋਂ ਹੱਟ ਕੇ ਜਮੀਨ ਵਿੱਚ ਗੱਡ ਗਈ)  ਉਹ ਅੰਦਰੋ ਮੱਛੀ ਵਾਂਗ ਤੜਪਨ ਲਗੀ॥

ਮੰਮੀ ਨੇ ਸੁਰਭੀ ਨੂੰ ਪਿਆਰ ਨਾਲ ਸਮਝਾਉਂਦੇ ਹੋਏ ਕਿਹਾ,ਦੇਖ ਧੀਏ ਜੀਤ ਤੇਰਾ ਹੋਣ ਵਾਲਾ ਜੀਜਾ ਹੈ।

ਹੋਣ ਵਾਲਾ ਜੀਜਾ ਹੈ ਨਾਂ,ਹੋ ਜਾਏਗਾ ਫੇਰ ਸ਼ੀਲਾ ਦਾ ਜੀਜਾ-ਸੁਰਭੀ ਨੇ ਬੇਝਿਜਕ ਫੜਾਖ ਉਤਰ ਦਿੱਤਾ।

ਤੇਰੀ ਤੇਰੀ ਵੱਡੀ ਭੈਣ ਦਾ ਭਵਿੱਖ ਕਾਲਾ ਹੋ ਜਾਏਗਾ ,ਬੜੀ ਮੁਸ਼ਕਲ ਆਣ ਪਵੇਗੀ,-ਮੰਮੀ ਨੇ ਕਿਹਾ-

ਸੁਰਭੀ-ਜੀਤ,ਮੇਰੇ ਨਾਲ ਮੁਹੱਬਤ ਕਰਦੈ,ਉਹ ਮੈਨੂੰ ਚਾਹੁੰਦੈ,ਸ਼ੀਲਾ ਨੂੰ ਨਹੀਂ,ਤੁਸੀਂ ਸਮਝਦੇ ਕਿਉਂ ਨਹੀਂ?

ਮੰਮੀ-ਤੂੰ ਆਪ ਹੀ ਉਸ ਨਾਲ ਵਿਆਹ ਕਰਨ ਤੋਂ ਇਨਕਾਰ ਕੀਤਾ ਸੀ,ਫਿਰ ਹੁਣ ਕੀ ਐਸਾ ਦਿੱਸ ਗਿਆ ਤੈਨੂੰ ਉਹਦੇ ਚ ਜੋ ਤੂੰ ਆਪਣੀ ਪਿਆਰੀ ਭੈਣ ਨੂੰ ਦੁੱਖ ਦੇ ਰਹੀ ਹੈਂ?

ਸੁਰਭੀ-ਮੇਰੇ ਖਾਬ ਮੇਰੀਆ ਖਾਹਿਸ਼ਾਂ ਪੂਰੀਆਂ ਕਰਨ ਦੀ ਸਮਰੱਥਾ ਹੈ ਜੀਤ ਕੋਲ ਤੇ ਮੈਂ ਉਹਦੀ ਡਰੀਮ ਗਰਲ,ਉਹ ਮੇਰੇ ਸਪਨੋ ਕਾ ਰਾਜਾ ਹੈ।

ਮਾਂ ਬਾਪ ਤੇ ਸਹੁਰਿਆਂ ਦੀ ਪੋਜ਼ੀਸ਼ਨ ਦਾ ਖਿਆਲ ਕਰਦੇ ਸੁਸ਼ੀਲ ਧੀ ਸ਼ੀਲਾ ਨੇ ਮਨ ਤੇ ਪੱਥਰ ਰੱਖ ਕਹਿ ਦਿੱਤਾ ਕਿ ਸੁਰਭੀ ਦਾ ਵਿਆਹ ਜੀਤ ਨਾਲ ਕਰ ਦਿਓ,ਮੈਂ ਸੱਭ ਹਾਲਾਤ ਸੰਭਾਲ ਲਵਾਂਗੀ।

ਖਾਬਾਂ ਦੀ ਦੁਨੀਆਂ ਵਿੱਚ ਵਸਣ ਵਾਲੇ ਰਿਸ਼ਤਿਆਂ ਦੀ ਅਹਿਮੀਅਤ ਨਹੀਂ ਜਾਣਦੇ ਸਮਝਦੇ ਹੁੰਦੇ।

ਮਿਥੇ ਹੋਏ ਦਿਨ ਵਿਆਹ ਹੋ ਗਿਆ,ਸ਼ੀਲਾ ਨੈ ਕਿਸੇ ਨੂੰ ਭਿਣਕ ਨਾਂ ਹੋਣ ਦਿੱਤੀ ਕਿ ......ਜਾਨ ਪਹਿਚਾਨ ਵਾਲੇ ਮਹਿਮਾਨਾਂ ਦੀ ਤਕਣੀ ਸਵਾਲ ਤਾਂ ਕਰ ਰਹੀ ਸੀ ਪਰ ਜਬਾਨ ਨਹੀਂ ਸੀ ਖੁਲ੍ਹ ਰਹੀ।ਜਾ ਫਿਰ ਉਹਨਾਂ ਨੇ ਸ਼ੀਲਾ ਤੇ ਸੁਰਭੀ ਦਾ ਭੁਲੇਖਾ ਖਾ ਲਿਆ ਸੀ।

ਸੁਰਭੀ ਦੀ ਡੋਲੀ ਤੋਰਨ ਦਾ ਵੇਲਾ ਆ ਗਿਆ ਸੀ।ਸੁਰਭੀ ਭੈਣ ਤੋਂ ਨਜ਼ਰਾ ਚੁਰਾ ਰਹੀ ਸੀ।

ਪਿਆਰ,ਪਿਆਰ ਨਾ ਰਹਾ,ਭੈਣ ਭੈਣ ਨਾ ਰਹੀ,....ਧਰਤੀ ਹਿਲ ਰਹੀ ਸੀ,ਅੰਬਰ ਕੰਬ ਰਿਹਾ ਸੀ

ਦੋਨੋ ਮਾਪੇ ਉਤੋਂ ਖੁਸ਼ ਦਿੱਸ ਰਹੇ ਸੀ,ਕੀ ਬੀਤ ਰਹੀ ਸੀ ਉਹਨਾਂ ਤੇ ਉਹ ਜਾਣਦੇ ਸੀ ਜਾਂ ਉਹਨਾਂ ਦੀ ਸਿਆਣੀ ਧੀ ਸ਼ੀਲਾ,ਤੇ ਜਾਂ ਫਿਰ ਉਪੁਰ ਵਾਲਾ.......

ਜੀਤ ਦਾ ਨਜ਼ਦੀਕੀ ਦੋਸਤ ਤਾਂ ਸੱਭ ਹਾਲਾਤ ਤੋਂ ਵਾਕਫ ਸੀ,ਵਿਆਹ ਸੰਪਨ ਹੁੰਦੇ ਹੀ ਉਸਨੇ ਸ਼ੀਲਾ ਦੇ ਮਪਿਆ ਤੋਂ ਅਲਵਿਦਾ ਲੈਂਦੇ ਹੋਏ ਅਪਨਾ ਨਾਮ ਪਤਾ ਕਾਰਡ ਫੜਾ ਦਿਤਾ।ਉਸਦੀ ਖਾਮੋਸ਼ੀ ਭਰਪੂਰ ਤਸੱਲੀਆਂ ਦੇ ਗਈ ਸੀ।

ਸੁਰਭੀ ਨੂੰ ਕਾਰ ਚ ਪਾਉਣ ਵੇਲੇ ਮਾਂ ਬਾਪ ਨੇ ਭਰੇ ਮਨ ਨਾਲ ਕਿਹਾ,ਸੁਰਭੀ ਤੇਰੇ ਮਾਪੇ ਅੱਜ ਤੋਂ ਤੇਰੇ ਲਈ ਮਰ ਗਏ,ਤੇ ਤੂੰ ਉਹਨਾਂ ਲਈ,,ਜਾ ਤੇਰਾ ਰੱਬ ਰਾਖਾ।

ਸੁਰਭੀ ਦੁਲਹਨ ਨੂੰ ਘਰ ਪ੍ਰਵੇਸ਼ ਤੇ ਕੋਈ ਨਿੱਘਾ ਸਵਾਗਤ ਨਾਂ ਮਿਲਿਆ,ਲੋਕਾਚਾਰੀ ਅੱਧੀਆਂ ਅਧੂਰੀਆਂ ਰਸਮਾਂ ਕਾਹਲੀ ਕਾਹਲੀ ਵਿਖਾ ਦਿੱਤੀਆਂ ਗਈਆਂ।



ਅਗਲੀ ਸਵੇਰ ਜੀਤ ਦੇ ਮਾਂ ਬਾਪ ਨੇ ਨਾਸ਼ਤੇ ਤੇ ਜੀਤ ਅਤੇ ਸੁਰਭੀ ਨੂੰ ਐਲਾਨ ਸੁਣਾ ਦਿੱਤਾ,'ਤੁਸੀਂ ਦੋਨੋ ਇਕ ਹਫ਼ਤੇ ਦੇ ਵਿੱਚ ਵਿੱਚ ਆਪਣੇ ਰਹਿਣ ਸਹਿਣ ਦਾ ਪ੍ਰਬੰਧ ਕਰ ਲਓ।ਇਸ ਘਰ ਵਿਚੋਂ ਤੁਹਾਡਾ ਦਾਣਾ ਪਾਣੀ ਖਤਮ।

ਮੰਮੀ- ਪਾਪਾ- ਕੀ ਮਤਲਬ,ਜੀਤ ਚੌਂਕ ਉਠਿਆ.....ਮੇਰਾ ਬਹੁਤ ਸਾਰਾ ਹੱਕ ਬਣਦਾ ਹੈ ਇਸ ਘਰ ਤੇ..

ਸਾਡਾ ਵੀ ਤੇਰੇ ਤੇ ਬਹੁਤ ਜਿਆਦਾ ਹੱਕ ਬਣਦਾ ਸੀ, ਮੰਮੀ ਪਾਪਾ ਦੋਨੋ ਇਕੱਠੈ ਬੋਲ ਪਏ।

ਪਿਆਰ -ਪਿਆਰ ਨਾਂ ਰਹਾ,.............

..................................................................................................

ਕਿਵੇ ? ਜਿੱਤ ਲੈਂਦੇ ਨੇ ਲੋਕ ਦਿਲ ਕਿਸੇ ਦਾ,

ਕੋਈ ਸਾਨੂੰ ਵੀ ਸਿਖਾ ਦੇਵੇ ਜਿਉਣ ਦਾ ਸਲੀਕਾ।

ਖ਼ਾਹਿਸ਼ਾਂ ਰਿਸ਼ਤੇ ਫਨਾਹ ਕਰਦੀਆਂ,ਖ਼ਾਹਿਸ਼ਾਂ,ਦਿਲ ਤੋੜਦੀਆਂ ਹਨ,

ਖਾਹਿਸ਼ਾਂ ਔਕਾਤ ਤੋ ਬਾਹਰੀ ਸਪਨਾ ਹਨ

ਤੇ ਮੂਧੇ ਮੂੰਹ ਭਾਰ ਢਾਹੁੰਦੀਆਂ ਹਨ।

" ਚੋਟ ਅਪਨੇ ਨੇ ਐਸੀ ਦੀ ਹੈ,ਦਰਦ ਜਾਤਾ ਨਹੀਂ ਏਕ ਪਲ ਕੇ ਲਿਏ ਭੀ,

ਬੇ ਵਫਾ, ਇਸ਼ਕ ਕੀ ਇਤਨੀ ਲੱਜ ਤੋ ਰੱਖ ਲੇਤੇ,

ਕਿ ਹਮ ਜੀ ਹੀ , ਲੇਤੇ ਏਕ ਪਲ ਕੇ ਲਿਏ ਭੀ...

ਨਾਂ ਥੀ ਕੋਈ ਦੁਸ਼ਮਣੀ,ਤੇਰੀ ਦੋਸਤੀ ਸੇ ਪਹਿਲੇ,

ਮੈਂ ਕਭੀ ਨਾਂ ਮੁਸਕਰਾਤਾ ਜੋ ਮਾਲੂਮ ਹੋਤਾ !

ਹਜਾਰੋਂ ਗਮ ਮਿਲੇਂਗੇ ਏਕ ਖ਼ੁਸ਼ੀ ਸੇ ਪਹਿਲੇ ।

## ''ਇਮਤਿਹਾਨ ਦੀ ਘੜੀ''

ਕਿੰਨੀਆਂ ਹੀ ਫਿਲਮਾਂ ਦੀ ਸ਼ੁਟਿੰਗ ਸ੍ਰੀਨਗਰ ਵਿੱਚ ਹੋਈ,ਫਿਲ਼ਮਾਂ ਸੁਪਰ ਹਿੱਟ ਹੋਈਆ,ਅਵਾਰਡ ਮਿਲੇ,ਦੌਲਤਾਂ,ਸ਼ੋਹਰਤਾਂ ਦੇ ਅੰਬਾਰ ਇਧਰ ਉਧਰ ਲਗੇ। ਕਿੰਨੇ ਸਟਾਰ ਬਨੇ। ਦੇਸ਼ਾਂ ਵਿਦੇਸ਼ਾਂ ਦੀਆਂ ਅੱਖਾਂ ਦੇ ਤਾਰੇ ਬਨੇ। ਅੱਜ ਸ੍ਰੀਨਗਰ ਨੂੰ ਲੋੜ ਪਈ ਤਾਂ ਕੋਈ ਇਕ ਵੀ ਨਾਂ ਬਹੁੜਿਆ।

ਕਿਸੇ ਹੀਰੋ ,ਹੀਰੋਇਨ ਨੇ ਪੈਸਾ ਤਾਂ ਕੀ ਦੇਣਾ ਸੀ,ਰੱਬ ਦੀ ਕਰੋਪੀ ਲਈ ਚਾਰ ਸ਼ਬਦ ਵੀ ਨਾ ਸਰੇ। ਫਿਲਮ ਚਹੇਤੇ ਦੇਖ ਚੁਕੇ ਹਨ ਇਕ ਹੀਰੋ ਪੰਦਰਾ ਨੂੰ ਕੁੱਟ ਕੇ ਮੱਥੇ ਤੇ ਮਾੜੀ ਜਹੀ ਟੇਪ ਲਾ ਕੇ ਸਹੀ ਸਲਾਮਤ ਹਾਜਰ ਹੋ ਜਾਂਦਾ ਹੈ,ਪਰ ਜਦ ਸੱਚ ਵਿਚੋਂ ਇਮਤਿਹਾਨ ਦੀ ਘੜੀ ਆਈ ਤਾਂ ਇਕ ਡੁਬਦਾ ਬੱਚਾ ਵੀ ਬਚਾਇਆ ਨਾਂ ਗਿਆ। ਚਾਹੀਦਾ ਤਾਂ ਇਹ ਸੀ ਕਿ ਸੈਨਿਕਾਂ ਦੇ ਨਾਲ ਉਸ ਵਕਤ ਨਾਇਕ ਵੀ ਹੁੰਦੇ,ਉਹ ਜਿਹਨਾਂ ਨੂੰ ਹਰ ਦਿਲ ਅਪਨਾ ਰੋਲ ਮਾਡਲ,ਆਇਡਲ ਮੰਨਦਾ ਹੈ,ਅਮਲੀ ਰੂਪ ਵਿੱਚ ਵੀ ਆਦਰਸ਼ ਹੋ ਨਿਬੜਦੇ। ਅਫਸੋਸ ਐਸਾ ਕੁਝ ਨਾਂ ਹੋਇਆ।

ਪੇਪਰ ਵਿੱਚ ਪੜ੍ਹਿਆ ਕਿ ਉਸ ਰਾਤ ਜਦ ਹੋਣੀ ਵਾਪਰੀ,ਦੋ ਸੈਲਾਨੀ ਰੂਸੀ ਮੁਟਿਆਰਾਂ ਇਕ ਹੋਟਲ ਵਿੱਚ ਠਹਿਰੀਆਂ ਹੋਈਆਂ ਸਨ,ਤਕੜੀ ਕੋਸ਼ਿਸ਼ ਤੇ ਹਿੰਮਤ ਮਾਰ ਕੇ, ਉਹਨਾਂ ਆਪਣੇ ਕਮਰੇ ਚੋਂ ਹੈਲਪ ਦੀ ਗੁਹਾਰ ਲਗਾਈ ,ਸੈਨਾ ਐਕਸ਼ਨ ਵਿੱਚ ਆਈ ਤੇ ਸੱਭ ਤੋਂ ਪਹਿਲਾਂ ਉਹ ਵਿਦੇਸ਼ੀਆਂ ਦੀ ਮਦਦ ਲਈ ਪਹੁੰਚੀ,ਪਰ ਉਹਨਾਂ ਮੁਟਿਆਰਾਂ ਨੇ ਧੰਨਵਾਦ ਕਰਦੇ ਹੋਏ ਕਿਹਾ,'ਅਸੀਂ ਠੀਕ ਹਾਂ ਤੇ ਆਪੇ ਨੂੰ ਸੰਭਾਲ ਲਵਾਂਗੀਆਂ,ਤੁਸੀਂ ਜਾਓ ਉਹਨਾਂ ਬੇਬੱਸ ਲੋਕਾਂ ਨੂੰ ਬਚਾਓ ਜੋ ਮੌਤ ਨਾਲ ਲੜ ਰਹੇ ਹਨ"। ਇਹ ਹੈ ਦੇਸ਼ ਕੌਮ ਪ੍ਰਤੀ ਭਗਤੀ ਦਾ ਜਜ਼ਬਾ। ਇਹ ਹੈ ਇਨਸਾਨੀਅਤ।

ਹਮੇਸ਼ਾਂ ਦੀ ਤਰਾਂ ਪੰਜਾਬ ਦੀਆਂ ਸੰਗਤਾਂ ਦੀ ਸੇਵਾ ਹਾਜਰ ਸੀ,ਸ਼.ਗੁਰਦਵਾਰਾ ਕਮੇਟੀ ਨੇ ਔੜ੍ਹ ਵਿੱਚ ਆਏ ਉਹਨਾਂ ਮਾਸੂਮ ਬੇਗੁਨਾਹਾਂ ਨੂੰ ਨਵਾਂ ਜੀਵਨ ਪਾਉਣ ਵਿੱਚ ਜੀ ਜਾਨ ਨਾਲ ਮਦਦ ਕੀਤੀ।

ਕੁਝ ਗੁਪਤ ਦਾਨ ਵੀ ਆਏ। ਕਈ ਦਿਨਾਂ ਤੱਕ ਪ੍ਰਧਾਨ ਮੰਤਰੀ ਦੀ ਪੁਕਾਰ ਪੇਪਰ ਚ ਛਪਦੀ ਰਹੀ।

ਆਮ ਆਦਮੀ ਆਪਣੀ ਇਕ ਰੋਟੀ ਚੋਂ ਅੱਧੀ ਦੇਣ ਲਈ ਅੱਗੇ ਵਧਿਆ,ਪਰ ਕੋਈ ਐਕਟਰ,ਕੋਈ ਕ੍ਰਕਿਟਰ ,ਕੋਈ ਮਨਿਸਟਰ,ਕੋਈ ਡਾਕਟਰ,ਆਪਣੀ ਇਕ ਮੁੱਠ ਵੀ ਅੱਗੇ ਨਾ ਕਰ ਸਕਿਆ। ਹਾਂ ਅਸ਼ਕੇ ਸਰਕਾਰੀ ਡਾਕਟਰਾਂ ਦੇ ਜਿਹਨਾਂ ਰੱਜ ਕੇ ਮਿਹਨਤ ਕੀਤੀ ਤੇ ਬਹੁਤੀਆਂ ਜਾਨਾਂ ਅਣਆਈ ਤੋਂ ਬਚਾ ਲਈਆਂ,ਬੇਸ਼ੱਕ ਇਹ ਸਰਕਾਰੀ ਡਿਉਟੀ ਹੀ ਸੀ। ਪਰ ਕਿਸੇ ਵੀ ਨਿਜੀ ਹਸਪਤਾਲ ਦੇ ਡਾਕਟਰ ਨੇ ਆਪਣਾ ਇਕ ਦਿਨ ਵੀ ਵਕਫ਼ ਨਾਂ ਕੀਤਾ।



ਇਹ ਵੱਡੇ ਲੋਕ ਵਿਖਾਲੇ ਦਾ ਦਾਨ ਬਹੁਤ ਕਰਦੇ ਹਨ। ਮੰਦਰ ਨੂੰ ਪੰਜਾਹ ਲੱਖ ਦੇ ਦੇਂਦੇ ਹਨ,ਗੁਰਦਵਾਰੇ ਨੂੰ ਏਕੜ ਦੇ ਸਕਦੇ ਹਨ, ਪੱਥਰਾਂ,ਕਲਬੂਤਾਂ ਲਈ ਬਹੁਤ ਕੁਝ ਦੇਂਦੇ ਹਨ ਮੜ੍ਹੀਆਂ ਪੂਜਦੇ,ਪਰ ਜਿੰਦਾ ਦੀ ਸਾਰ ਲੈਣ ਦੇ ਵੇਲੇ ਕਹਿੰਦੇ ਹਨ ਇਹ ਸਰਕਾਰ ਦਾ ਕੰਮ ਹੈ।

ਕ੍ਰਕਿਟਰ ਹਾਰ ਕੇ ਵੀ ਆਉਂਦੇ ਹਨ ਤਾਂ ਪ੍ਰੇਮੀ ਉਹਨਾਂ ਨੂੰ ਨੋਟਾਂ ਦੇ ਹਾਰਾਂ ਨਾਲ ਸ਼ਿੰਗਾਰਦੇ ਹਨ,ਜਦ ਪ੍ਰੇਮੀਆਂ ਤੇ ਬਣੀ ਤਾਂ ਕਿਸੇ ਕ੍ਰਿਕਟਰ ਨੇ ਧੇਲਾ ਨਾਂ ਕੱਢਿਆ,ਹਾਲਾਂ ਕਿ ਜਨਤਾ ਦੇ ਪੈਸੇ ਨਾਲ ਇਹ ਮਾਲਾ ਮਾਲ ਹਨ।

ਸੁਣਿਆ ਹੈ ਕਿ ਇਕ ਐਕਟਰ ਨੂੰ ਪੰਜਾਬ ਵਿੱਚ ਖੇਡਾਂ ਦੇ ਉਦਘਾਟਨ ਲਈ ਸੱਦਿਆ ਗਿਆ ਸੀ,ਉਸ ਨੇ ਚੌਦਾਂ ਲੱਖ ਕੀਮਤ ਵਾਲੀ ਇਕ ਸ਼ਰਾਬ ਦੀ ਬੋਤਲ ਇਕ ਘੰਟੇ ਵਿੱਚ ਪੀ ਲਈ,ਚਹੇਤਿਆਂ ਵਲੋਂ ਹੋਰ ਕਿੰਨਾ ਚੜ੍ਹਾਵਾ ਚੜ੍ਹਿਆ ,ਹਿਸਾਬ ਨਹੀਂ। ਉਸ ਨੇ ਮਾਸੂਮਾਂ ਲਈ ਚੌਦਾਂ ਰੁਪਏ ਵੀ ਨਹੀਂ ਭੇਜੇ। ਨਾਂ ਹੀ ਉਸ ਨੂੰ ਸਦਾਉਣ ਵਾਲਿਆਂ ਨੂੰ ਰੱਬ ਯਾਦ ਆਇਆ। ਇਹ ਲੋਕ ਆਮ ਆਦਮੀ ਦੀ ਜੇਬ ਚ ਹੱਥ ਮਾਰਨ ਵੇਲੇ ਜਰਾ ਚਿਰ ਨਹੀਂ ਲਾਉਂਦੇ।

ਨੋਟਾਂ ਦੇ ਗੱਦਿਆਂ ਤੇ ਸੌਣ ਵਾਲੇ ਬਾਬੇ,ਸਾਧ,ਥੋੜਾ ਜਿਹਾ ਵੀ ਨਾਂ ਸਰਕੇ।

ਉਸ ਵਾਕਤ ਦੱਸ ਪੰਦਰਾਂ ਹਜਾਰ ਪੁਲੀਸ ਕਰਮੀ ਡਿਉਟੀ ਤੇ ਹੋਣਗੇ,ਜੇ ਉਹ ਬਰਵਕਤ ਬਚਾਅ ਕਾਰਜ ਸ਼ੁਰੂ ਕਰ ਦੇਂਦੇ,ਤਾਂ ਸ਼ਾਇਦ ਇੰਨਾ ਜਾਨੀ,ਮਾਲੀ ਨੁਕਸਾਨ ਨਾਂ ਹੁੰਦਾ,ਪਰ ਹਾਏ! ਪੁਲੀਸ ਦੇ ਜਵਾਨ ਤਾਂ ਹੁਕਮ ਦੇ ਲਾਡਲੇ ਗੁਲਾਮ ਹਨ। ਹਾਲਾਂ ਕਿ ਫੋਜ ਅਤੇ ਪੁਲੀਸ ਦੀ ਮੁਢਲੀ ਟਰੇਨਿੰਗ 'ਬਚਾਅ ਕਾਰਵਾਈ 'ਇਕੋ ਜਿਹੀ ਹੀ ਹੁੰਦੀ ਹੈ।

ਹਾਂ ਦੋਸਤੋ ਬੇਸ਼ੱਕ ਮੈਂ ਵੱਡੇ ਲੋਕਾਂ ਤੇ ਅੱਖ ਰੱਖਣ ਦੀ ਗੁਸਤਾਖੀ ਕੀਤੀ ਹੈ,ਪਰ ਜੇ ਤੁਹਾਡੇ ਦਿਲ ਨੂੰ ਵੀ ਜੇ ਕੁਝ ਹੋਇਆ ਹੋਵੇ,ਤਾਂ ਜਰੂਰ ਲਿਖਣਾ ਕਿ ਇਹ ਮੇਰਾ ਫਤੂਰ ਹੈ ਜਾਂ ਲੰਬੀ ਸੋਚ ?

(ਲਗਦਾ ਹੈ ਮੇਰਾ ਬੋਲ ਕੰਮ ਦਿਖਾ ਗਿਆ ਹੈ,ਕੁਝ ਹੀਰੋ ਲਗੇ ਹਨ ਚੈਰਿਟੀ ਸ਼ੌਅ ਕਰ ਕੇ ਦਾਨ ਇਕੱਠਾ ਕਰਨ,ਹੋਈ ਹੈ ਉਹਨਾਂ ਦੀ ਅੱਖ ਵੀ ਗਿਲੀ ।

ਮਰਨ ਵਾਲਿਆਂ ਦੇ ਵਾਰਸਾਂ ਨੂੰ ਸਰਕਾਰ ਲੱਖਾਂ ਦੇ ਚੈੱਕ ਇਸ਼ੂ ਕਰ ਦੇਂਦੀ ਹੇ,ਤੇ ਜੇ ਇਹੋ ਜਿਉਂਦੇ ਨੂੰ ਕੁਝ ਦੇ ਦੇਵੇ ਤਾਂ—

ਕਹਾਵਤ ਹੈ "ਵਿਆਹ ਪਿਛੋਂ ਤੰਬਾ ਫੂਕਣਾ"॥

ਮੁਰਦੇ ਨੂੰ ਪੂਜੇ ਇਹ ਦੁਨੀਆ ਜਿਉਂਦੇ ਦੀ ਸਾਰ ਨਾਹੀ"

ਬੋਲ ਜੋ ਸਕਦੇ ਨੇ ਉਹ ਗੂੰਗੇ ਨੇ

ਸੁਣ ਜੋ ਸਕਦੇ ਨੇ ਉਹ ਬਹਿਰੇ ਨੇ

ਕਿਵੇਂ ਖੁਲ੍ਹੈ ਗਿਰਹ ਮਨ ਦੀ ?

ਅਹਿਸਾਸਾਂ ਤੇ ਪਹਿਰੇ ਨੇ ॥

" ਕਾਂਗੜੀ ਦਾ ਨਿੱਘ ਸੀ ਬੁੱਕਲ ਦੇ ਵਿੱਚ ਸਮੇਟਿਆ,

ਅਸਲ ਵਿੱਚ ਅੰਗਾਰ ਸੀ, ਇਸ ਲਈ ਦਿਲ ਰੋ ਪਿਆ"।





## "ਹਾਂ ਤੁਮ ਮੁਝੇ ਯੂੰ ਭੁਲਾ ਨਾ ਪਾਓਗੇ"

ਦਸੰਬਰ ਦੀ ਠੰਢੀ ਹਵਾ ਤੇ ਨਿੱਘੀ ਧੁੱਪ ਵਰਗਾ ਨਿੱਘੈ ਤੇ ਸ਼ੀਤਲ ਸੁਭਾਅ ਦਾ ਮਾਲਕ,ਸਰਗਮ ਦਾ ਸ਼ਹਿਨਸ਼ਾਹ "ਮੁਹੰਮਦ ਰਫੀ" ਹਰਮਨਪਿਆਰਾ,ਸੰਗੀਤ ਦੀ ਦੁਨੀਆ ਦਾ ਧਰੂ ਤਾਰਾ ।

ਨਾਂ ਯੂੰ ਨਾ ਵੋ,ਅਸੀਂ ਭੁਲਨਾ ਚਾਹੁੰਦੇ ਹੀ ਨਹੀਂ ਤੇ ਨਹੀਂ ਖੋਹ ਸਕਦੇ ਤੁਸੀਂ ਸਾਡੇ ਕੋਲੋਂ ਆਪਣੀ ਯਾਦ ਜਿਉਂ ਜਿਉਂ ਵਕਤ ਗੁਜਰ ਰਿਹਾ ਹੈ,ਮੁਹੰਮਦ ਰਫੀ ਤੇਰੇ ਚਾਹਨੇ ਵਾਲੇ ਹੋਰ ਵੀ ਵਧਦੇ ਜਾ ਰਹੇ ਹਨ,ਕਿਉਂਕਿ

" ਨਾਂ ਫਨਕਾਰ ਤੁਝਸਾ ਤੇਰੇ ਬਾਦ ਆਇਆ " ਏਨੇ ਸਾਲ ਗੁਜਰ ਜਾਣ ਦੇ ਬਾਦ ਵੀ ਇਸ ਲਈ ਮੁਹੰਮਦ ਰਫੀ ਤੂੰ ਬਹੁਤ ਯਾਦ ਆਇਆ"।

ਰੋਜ਼ਾਨਾ ਦੇ ਆਮ ਜੀਵਨ ਚਲ ਰਿਹਾ ਹੋਵੇ ਜਾਂ ਕੋਈ ਵੀ ਸਮਾਗਮ ਵਿਚਰ ਰਿਹਾ ਹੋਵੇ,ਐਸਾ ਕਦੀ ਵੀ ਨਹੀਂ ਹੁੰਦਾ ਕਿ ਮੁਹੰਮਦ ਰਫੀ ਦਾ ਗਾਇਆ ਗੀਤ ਐਨ ਮੌਕੇ ਤੇ ਨਾਂ ਢੁਕਦਾ ਹੋਵੇ।

ਬੇ ਸ਼ੱਕ ਇਹ ਕਮਾਲ ਸ਼ਾਇਰ ਅਤੇ ਸੰਗੀਤਕਾਰ ਦੇ ਕਾਰਨ ਹੁੰਦਾ ਹੈ,ਫਿਰ ਵੀ ਸਾਡੇ ਤੱਕ ਆਵਾਜ਼ ਤਾਂ ਅਜ਼ੀਮ ਗਾਇਕ ਦੀ ਹੀ ਪੁਜਦੀ ਹੈ,ਤੇ ਉਹ ਹੀ ਰਿਕਾਰਡ ਅੱਜ ਤੱਕ ਵੀ ਜਿੰਦਾ ਹਨ।ਚਾਹੁਣ ਵਾਲਿਆਂ ਲਈ ਪਹਿਲਾਂ ਵੀ ਰਫੀ ਸਿਤਾਰਾ ਸੀ ਤੇ ਹੁਣ ਵੀ ਸਿਤਾਰਾ ਹੀ ਹੈ।ਇਸ ਲਈ ਭੁਲਣਾ ਕਿਵੇਂ ?

ਸਾਨੂੰ ਬਹੁਤ ਮਾਣ ਹੈ ਆਪਣੇ ਪੰਜਾਬ ਤੇ ਜਿਸ ਦੇ ਜਿਲ੍ਹੇ ਅਮ੍ਰਿਤਸਰ ਦੇ ਪਿੰਡ ਕੋਟਲਾਸੁਲਤਾਨ ਸਿੰਘ ਦੀ ਭੁਮੀ ਤੇ ਰਫੀ ਸਾਹਿਬ ਦਾ ਜਨਮ ਹੋਇਆ।ਇਸ ਪਿੰਡ ਦੀ ਮਿੱਟੀ ਨੂੰ ਸਾਡਾ ਸਜਦਾ ਕਬੂਲ ਹੋਵੇ।ਮੁਹੰਮਦ ਰਫੀ ਨੇ ਆਪਣੀ ਬੇਮਿਸਾਲ ਗਾਇਕੀ ਸਦਕਾ ਦੁਨੀਆਂ ਭਰ ਵਿੱਚ ਭਾਰਤ ਦਾ ਨਾ ਰੌਸ਼ਨ ਕੀਤਾ।ਸਦਾ ਖਿੜੈ ਮੱਥੇ ਰਹਿਣ ਵਾਲਾ ਇਹ ਉੱਚ ਕੋਟੀ ਦਾ ਕਲਾਕਾਰ ਆਪਣੇ ਸਮਕਾਲੀਆ ਨਾਲੋਂ ਕਈ ਪੱਖ ਤੌਂ ਜੁਦਾ ਤੇ ਅਨੋਖਾ ਸੀ,ਬਲਕਿ ਅੱਜ ਵੀ ਉਸ ਜੈਸਾ ਕੋਈ ਨਹੀਂ।ਇੰਨੇ ਉੱਚਾ ਰੁਤਬਾ ਤੇ ਇੰਨੀ ਸਾਦਗੀ,ਕਿ ਕੋਈ ਵੀ ਉਹਨਾਂ ਦੀ ਸ਼ਰਨ ਵਿੱਚ ਆਇਆ ਸਵਾਲੀ ਨਾ ਗਿਆ ਖਾਲੀ,ਚਾਹੇ ਉਹ ਪਿੰਡ ਤੋਂ ਹੁੰਦਾ ਜਾਂ ਦੇਸ਼ ਦੇ ਕਿਸੇ ਵੀ ਕੋਨੇ ਤੋਂ।ਆਪਣੇ ਚਾਹੁਣ ਵਾਲਿਆਂ ਨੂੰ ਬੜੇ ਸ਼ੌਕ ਨਾਲ ਆਟੋਗ੍ਰਾਫ ਦੇ ਦੇਂਦੇ।ਉਚ ਨੀਚ ਦਾ ਫਰਕ ਕੀਤੇ ਬਿਨਾਂ ਘਰ ਆਏ ਮਹਿਮਾਨ ਦਾ ਨਿੱਘਾ ਸਵਾਗਤ ਕਰਦੇ।

ਮਕਬੂਲ ਗਾਇਕ ਮਹਿੰਦਰ ਕਪੂਰ ਵੀ ਅੰਮ੍ਰਿਤਸਰ ਤੋਂ ਸਨ ਤੇ ਉਹਨਾਂ ਨੇ ਗਾਇਕੀ ਦੀ ਮੁਢਲੀ ਸਿਖਿਆ ਰਫੀ ਸਾਹਿਬ ਤੋ ਹੀ ਲਈ ਰਫੀ ਸਾਹਿਭ ਨੇ ਕਪੂਰ ਸਾਹਿਬ ਨੂੰ ਐਸਾ ਗਾਇਕ ਬਣਾਇਆ ਕਿ ਕਈ ਵਾਰ ਦੋਨਾਂ ਦੀ ਆਵਾਜ਼ ਵਿੱਚ ਫਰਕ ਲੱਭਣਾ ਮੁਸਕਲ ਹੋ ਜਾਂਦਾ ਹੈ। ਫਿਲਮ ਇੰਡਸਟਰੀ ਨੂੰ ਪੰਜਾਬੀਆ ਦੀ ਬਹੁਤ ਵੱਡੀ ਦੇਣ ਹੈ ਜਾਂ ਇਹ ਕਹਿ ਲਿਆ ਜਾਵੇ ਕਿ ਫਿਲਮ ਇੰਡਸਟਰੀ ਪੰਜਾਬ ਦੀ ਰਿਣੀ ਹੈ। ਸਾਰੇ ਨਾਮ ਲਿਖਣੇ ਬਣਦੇ ਨਹੀਂ ਹਨ ਪਰ ਪੰਜਾਬੀਆਂ ਨੇ ਕਿੰਨਾ ਨਾਮਣਾ ਖੱਟਿਆ ਹੈ ਫਿਲਮੀ ਖੇਤਰ ਵਿੱਚ ਇਹ ਸੱਭ ਜਾਣਦੇ ਹਨ।

ਪੰਜਾਬੀ ਗੀਤ"ਆਟਾ ਗੁਨ੍ਹ ਕੇ ਪਕਾ ਦੇ ਫੁਲਕੇ ਨੀਂ,ਅਸਾਂ ਜਾਣੈ ਬੇਗਾਨੇ ਮੁਲਕੇ ਨੀਂ"।

"ਦਾਣਾ ਪਾਣੀ ਖਿੱਚ ਕੇ ਲਿਆਂਉਂਦਾ,ਕੌਣ ਕਿਸੇ ਦਾ ਖਾਂਦਾ ਹੋ,ਹਰ ਜਬਾਨ ਤੇ ਅਖਾਉਤ ਬਣ ਗਿਆ।"

"ਇਹ ਪਿਆਰ ਦੀ ਕਹਾਣੀ ਹੈ ਸਦੀਆਂ ਪੁਰਾਣੀ......."

"ਧੀਆਂ ਤੋਰੀਆਂ ਰਾਜਿਆਂ ਰਾਣਿਆਂ,ਇਹ ਦਸਤੂਰ ਪੁਰਾਣਾ ਏਂ,

ਘਰ ਬਾਬਲ ਦਾ ਛਡ ਕੇ ਧੀਏ,ਧੀਆਂ ਇਕ ਦਿਨ ਜਾਣਾ ਏਂ"।

ਜਿਕਰ ਯੋਗ ਹੈ ਕਿ ਰਫੀ ਜੀ ਭਜਨ,ਸ਼ਬਦ,ਅਰਾਧਨਾ ,ਅਤੇ ਪੰਜਾਬ ਦੀ ਸ਼ਰਧਾ ਵਿੱਚ ਪੰਜਾਬੀ ਗੀਤਾਂ ਲਈ ਮੁਆਵਜ਼ਾ ਨਹੀਂ ਸੀ ਲੈਂਦੇ।

ਫਿਲਮ ਕਾਬਲੀ ਵਾਲਾ ਦੇ ਗੀਤਾਂ ਨਾਲ ਸਰਸ਼ਾਰ ਕਰਨ ਵਾਲੇ ਗਾਇਕ ਮੰਨਾ ਡੇ ਦਾ ਕਹਿਣਾ ਹੈ ਕਿ ਮੁਹੰਮਦ ਰਫੀ ਸਹਿਬ ਖੁਦ ਸੰਗੀਤ ਦਾ ਘਰਾਣਾ ਹਨ,ਤੇ ਉਹਨਾਂ ਤੋ ਅਵਲ ਨੰਬਰ ਕੋਈ ਨਹੀਂ ਲੈ ਸਕਿਆ।

ਰਫੀ ਜੀ ਦੀ ਗਾਈ ਕਵਾਲੀ "ਮੇਰੀ ਤਸਵੀਰ ਲੇ ਕਰ ਕਿਆ ਕਰੋਗੇ"

2 "ਰਾਜ਼ ਕੋ ਰਾਜ਼ ਰਹਨੇ ਦੋ"। ਪੱਥਰ ਦਿਲਾਂ ਨੂੰ ਵੀ ਝੂੰਮਣ ਲਾ ਦੇਂਦੀਆਂ।

ਆਪਣੀ ਘਣੀ ਮਸਰੂਫੀਅਤ ਦੇ ਬਾਵਜੂਦ ਵੀ ਰਫੀ ਸਾਹਿਬ ਆਪਣੇ ਘਰ ਪਰਿਵਾਰ ਨੂੰ ਪੂਰਾ ਧਿਆਨ ਦੇਂਦੇ ਸਨ। ਆਪਣੀ ਬੇਟੀ ਯਾਸਮੀਨ ਨੂੰ ਇੰਨਾ ਪਿਆਰ ਦੇਂਦੇ ਸਨ ਕਿ ਉਹਨਾ ਆਪਣੀ ਖਾਬਗਾਹ (ਬੰਗਲਾ) ਦਾ ਨਾਮ ਵੀ ਆਪਣੀ ਬੇਟੀ ਦੇ ਨਾਮ ਤੇ ਰੱਖਿਆ। ਉਹਨਾ ਦੇ ਬੇਟੇ ਸ਼ਾਹਿਦ ਰਫੀ ਨੇ ਯਾਦ ਸਾਂਝੀ ਕਰਦੇ ਵਕਤ ਇਕ ਅਸਲੀਅਤ ਜੋ ਬਹੁਤ ਘੱਟ ਲੋਕ ਜਾਣਦੇ ਹੋਣਗੇ-ਪਿਤਾ ਰਫੀ ਸਾਹਿਬ ਇੰਨੇ ਰਹਿਮ ਦਿਲ ਸਨ ਕਿ ਜੰਮੂ ਕਸ਼ਮੀਰ ਦੇ ਇਕ ਲੋੜਵੰਦ ਵਿਅਕਤੀ ਨੂੰ ਹਰ ਮਹੀਨੇ ਕੁਝ ਨਕਦ ਰਾਸ਼ੀ ਬਕਾਇਦਗੀ ਨਾਲ ਭੇਜਦੇ ਸਨ। ਇਸ ਤਰਾਂ ਹੋਰ ਵੀ ਕਈਆ ਦੀ ਮਦਦ



ਕਰਦੇ ਰਹਿੰਦੇ ਸਨ। ਇਕ ਵਾਰ ਰਫੀ ਸਾਹਿਬ ਦੀ ਕਾਰ ਬੀਚ ਸੜਕ ਖਰਾਬ ਹੋ ਗਈ,ਨੇੜੈ ਤੋਂ ਇਕ ਟਰੱਕ ਗੁਜਰ ਰਿਹਾ ਸੀ ਟਰੱਕ ਡਰਾਈਵਰ ਉਤਰਿਆ ਤੇ ਉਸ ਨੇ ਕਾਰ ਦਾ ਨੁਕਸ ਦੂਰ ਕਰ ਦਿੱਤਾ,ਰਫੀ ਸਾਹਿਬ ਨੇ ਉਸ ਨੂੰ ਪਹਿਚਾਣ ਲਿਆ ਉਹ ਕੋਟਲਾ ਸੁਲਤਾਨ ਸਿੰਘ ਤੋਂ ਸੀ,ਰੱਜ ਕੇ ਗਲੇ ਮਿਲੇ ਤੇ ਫਿਰ ਉਸ ਨੂੰ ਆਪਣੇ ਬੰਗਲੇ ਤੇ ਲੈ ਜਾ ਕੇ ਖੂਬ ਆਓ ਭਗਤ ਕੀਤੀ।

ਗਾਇਕ ਮੁਹੰਮਦ ਅਜ਼ੀਜ਼ ਜਿਸ ਬਾਰੇ ਧਾਰਨਾ ਹੈ ਕਿ ਉਸ ਦੀ ਆਵਾਜ਼ ਰਫੀ ਸਹਿਬ ਦੀ ਆਵਾਜ਼ ਦਾ ਭੁਲੇਖਾ ਪਾਉਂਦੀ ਹੈ,ਨੇ ਦਸਿਆ ਕਿ ਉਹ ਮਨ ਹੀ ਮਨ ਰਫੀ ਜੀ ਨੂੰ ਗੁਰੂ ਧਾਰ ਚੁਕਿਆ ਸੀ ਉਸ ਨੇ ਉਹਨਾਂ ਨੂੰ ਮਿਲਣ ਦੀ ਖਾਹਿਸ਼ ਕੀਤੀ ਤਂ ਰਫੀ ਸਾਹਿਬ ਨੇ ਘਰ ਆਉਣ ਲਈ ਕਹਿ ਦਿੱਤਾ,ਅਗਲੀ ਸੁਬਹ ਉਹ ਜਦ ਘਰ ਗਿਆ ਤਂ ਰਫੀ ਜੀ ਆਪਣੀ ਫੁਲਾਂ ਵਾਲੀ ਕਿਆਰੀ ਦੀ ਗੋਡੀ ਕਰ ਰਹੇ ਸਨ,ਬੜੇ ਤਮਾਕ ਨਾਲ ਉਠ ਕੇ ਮੈਨੂੰ ਗਲੇ ਲਗਾਇਆ"।

"ਬਾਬੁਲ ਕੀ ਦੁਆਂਏ ਲੇਤੀ ਜਾ ਜਾ ਤੁਝ ਕੋ ਸੁਖੀ ਸੰਸਾਰ ਮਿਲੇ,ਮਾਏ ਕੀ ਕਭੀ ਨਾ ਯਾਦ ਆਏ ਸਸੁਰਾਲ ਮੇਂ ਇਤਨਾ ਪਿਆਰ ਮਿਲੇ"।

ਗੀਤ ਲਿਖਣ ਵਾਲੇ ਦੇ ਅਸ਼ਕੇ ਤੇ ਸਦਕੇ ਪਰ ਗੀਤ ਸੁਣਦੇ ਲਗਦਾ ਹੈ ਜਿਵੇਂ ਰਫੀ ਜੀ ਸਚ ਮੁੱਚ ਆਪਣੀ ਬੇਟੀ ਦੀ ਡੋਲੀ ਤੋਰ ਰਹੇ ਹੋਣ,ਇੰਝ ਭਰੇ ਗਲੇ ਚੋਂ ਸੱਤ ਸੁਰਾਂ ਨਿਕਲੀਆਂ ਕਿ ਬੱਸ......ਰਫੀ ਜੀ ਜਦ ਗੀਤ ਗਾਉਂਦੇ ਹਨ ਤੇ ਲਗਦਾ ਹੈ ਜਿਵੇਂ ਐਕਟਿੰਗ ਕਰ ਰਹੇ ਹੋਣ ਸਾਰਾ ਸੀਨ ਅੱਖਾਂ ਅੱਗੇ ਆ ਜਾਂਦਾ ਹੈ। ਇਸ ਕਦਰ ਵਜੂਦ ਵਿੱਚ ਆ ਜਾਂਦੇ ਹਨ ਕਿ ਅੰਤਰ ਕਰਨਾ ਮੁਸਕਿਲ ਹੁੰਦਾ ਹੈ ਕਿ ਪਲੇਬੈਕ ਮਿਉਜ਼ਕ ਹੈ ਕਿ ਸਿਲੇਕਡ ਸੀਨ,ਕਿਥੇ ਆਵਾਜ਼ ਬੁਲੰਦ ਕਰਨੀ ਹੈ,ਕਿਥੇ ਨੀਵੀਂ ਲੈ ਕੇ ਜਾਣੀ ਹੈ,ਕਿਥੇ ਨਚਣ ਟਪਣ ਵਾਲੀ ਤੇ ਕਿਥੇ ਰੋਣ ਹਸਾਉਣ ਵਾਲੀ ,ਸੁਰਾਂ ਦਾ ਇਹ ਭੇਦ ਕਿਸੇ ਹੋਰ ਨੇ ਨਹੀਂ ਪਕੜਿਆ।

"ਮੈਂ ਚਲਾ ਜਾਉਂਗਾ,ਆਖਰੀ ਗੀਤ ਮੁਹੱਬਤ ਕਾ ਸੁਨਾ ਲੂੰ ਤੋ ਚਲੂੰ"-ਤੇ ਇਹ ਆਖਰੀ ਗੀਤ ਗਾਉਂਦੇ ਹੋਏ 31 ਜੁਲਾਈ 1980 ਦੇ ਦਿਨ ਜਦ ਉਹ ਬੰਗਾਲੀ ਭਜਨ ਦੀ ਰਿਹਰਸਲ ਕਰ ਰਹੇ ਸਨ ਉਹਨਾਂ ਦੇ ਦਰਦ ਉਠਿਆ,ਜਾਲਮ ਨਾਲ ਲੈ ਕੇ ਗਿਆ,ਕੋਈ ਦਵਾ ਕੋਈ ਦੁਆ ਕੰਮ ਨਾ ਆਈ।

ਸੁਰਾਂ ਦੇ ਸ਼ੁਹਿਨਸ਼ਾਹ ਨੂੰ ਬੁਰੀ ਹਵਾ ਅਚਿੰਤੇ ਲੈ ਉਡੀ। ਤੇ ਆਸ਼ਕਾਂ ਨੂੰ ਇਸ ਹਰਮਨਪਿਆਰੇ ਚਹੇਤੇ ਸਖ਼ਸ਼ ਤੋਂ ਵਿਰਵੇ ਕਰ ਗਈ।

ਉਹ ਆਪ ਹੀ ਗਾ ਗਏ ,"ਦਿਲ ਕਾ ਸੂਨਾ ਸਾਜ਼ ਤਰਾਨਾ ਢੂੰਢੇਗਾ,ਮੁਝ ਕੋ ਮੇਰੇ ਬਾਦ ਜਮਾਨਾ ਢੂੰਢੇਗਾ"

ਸੱਚ ਹੈ ਕਿ ਜਮਾਨੇ ਦੀ ਤਲਾਸ਼ ਨਹੀਂ ਮੁੱਕੀ,ਹਾਂ ਜੇ ਰਫੀ ਸਾਹਿਬ ਆਪਣੇ ਬਚਿਆਂ ਚੋਂ ਇਕ ਜਾਨਸ਼ੀਂਨ ਦੇ ਜਾਂਦੇ ਤਾਂ ਇਹ ਕਮੀ ਥੋੜਾ ਘੱਟ ਦਿਲ ਦੁਖਾਂਉਂਦੀ।

" ਜਬ ਜਬ ਭੀ ਬਹਾਰ ਆਈ ਔਰ ਫੂਲ਼ ਮੁਕਰਾਏ,ਮੁਝੇ ਤੁਮ ਯਾਦ ਆਏ।ਜੀ ਹਾਂ ਤੁਮ ਯਾਦ ਆਏ।

" ਜਬ ਜਬ ਭੀ ਸੁਨੋਗੇ ਗੀਤ ਮੇਰੇ ਸੰਗ ਸੰਗ ਤੁਮ ਭੀ ਗੁਣਗਨਾਓਗੇ

ਹਾਂ ਤੁਮ ਮੁਝੈ ਯੂੰ ਭੁਲਾ ਨਾ ਪਾਓਗੇ। ---ਨਹੀ ਭੁਲਾ ਪਾਏ ਅਸੀਂ ਤੇ ਨਾ ਭੁਲਾਉਣਾ ਚਾਹੁੰਦੇ ਹਾਂ

ਰਫੀ ਜੀ ਤੁਸੀ ਸਾਡੇ ਦਿਲਾਂ ਵਿੱਚ ਘਰ ਕਰੀ ਬੈਠੈ ਹੋ ਤੇ ਅਰਸ਼ਾਂ ਤੇ ਸਿਤਾਰਾ ਬਣ ਕੇ ਚਮਕ ਰਹੇ ਹੋ।

ਬਹੁਤ ਕੁਝ ਹੋਰ ਵੀ ਹੈ ਲਿਖਣ ਵਾਸਤੇ ਪਰ ਜਾਲਮ ਵਕਤ ਹੀ ਸਾਥ ਨਹੀਂ ਦੇ ਰਿਹਾ,,ਮੁੱਕ ਗਏ ਅੱਠ ਮਿੰਟ....

" ਜਾਨੇ ਕੌਨ ਸਾ ਹੈ ਵੋ ਦੇਸ਼ ਜਹਾਂ ਤੁਮ ਚਲੇ ਗਏ" ।





## "ਰੱਬ ਕਰੇ ਤੇ ਕੀ ਕਰੇ"

ਸਾਡੀ ਆਖਰੀ ਪਹੁੰਚ  ਆਖਰੀ ਸਦਾਅ ਰੱਬ ਹੀ ਹੈ।ਰੱਬ ਲਈ ਇਹ ਬੜੀ ਵੱਡੀ ਕਠਨ ਰਾਹ ਹੈ ਕਿ ਉਹ ਇਕ ਇਕੱਲਾ ਤੇ ਚਰਾਸੀ ਲੱਖ ਜੂਨ,ਬੇਸੱਕ ਇੰਨੀਆਂ ਜੂਨਾਂ ਬਣਾਉਣ ਵੇਲੇ ਉਹਨੇ ਸੋਚਿਆ ਸਮਝਿਆ ਹੋਵੇਗਾ ਕਿ ਆਪੇ ਸਾਰੇ ਮਿਲ ਜੁਲ ਕੇ ਜੀ ਲੈਣਗੇ।ਇੰਨੀਆਂ ਜੂਨਾਂ ਵਿਚੋਂ ਸੱਭ ਤੋਂ ਸਰਵੋਤਮ ਮਨੁੱਖ ਹੈ।ਮਨੁੱਖ ਦੇ ਹਰੇਕ ਆਉਣ ਵਾਲੇ ਸਾਹ ਵਿੱਚ ਚਰਾਸੀ ਲੱਖ ਸੇਵਾਵਾਂ ਸ਼ਾਮਲ ਹਨ,ਜਿਹਨਾਂ ਦਾ ਅਹਿਸਾਸ ਮਨੁੱਖ ਨੇ ਕਦੀ ਵੀ ਨਹੀਂ ਕੀਤਾ।

ਮਨੁੱਖ ਨੂੰ ਤਾਂ ਬੱਸ ਇੰਨਾ ਹੀ ਪਤਾ ਹੈ ਕਿ ਰੁੱਖ ਆਕਸੀਜਨ ਦੇਂਦੇ ਹਨ,ਵਾਤਾਵਰਣ ਵਿੱਚ ਘੁਲੀ ਹਵਾ ਬਾਰੇ,  ਕਦੇ ਜਾਣਨ ਜਾਂ ਗੌਲਨ ਦਾ ਯਤਨ ਹੀ ਨਹੀਂ ਕੀਤਾ ਉਹਨੇ।

ਹਸਦਿਆਂ ਨਾਲ ਹੱਸਦਾ ਹੈ ਹਰ ਕੋਈ,ਪਰ ਰੋਂਦਿਆ ਨਾਲ ਰੋਂਦਾ ਕੋਈ ਨਹੀਂ।ਰੋਣੇ ਚਿਹਰੇ ਵੀ ਦੂਸਰਿਆਂ ਨੂੰ ਪਸੰਦ ਨਹੀਂ।ਰੋਂਦਿਆਂ ਨੂੰ ਇਸ ਕਰਕੇ ਮੂੰਹ ਨਹੀਂ ਲਗਾਇਆ ਜਾਂਦਾ ਕਿ ਕਿਤੇ ਗਲ ਹੀ ਨਾਂ ਪੈ ਜਾਣ।ਸਵਾਰਥ ਜੋ ਪ੍ਰਧਾਨ ਹੈ।

ਰੱਬ ਨੇ ਸੱਭ ਨੂੰ ਇਕੋ ਜਿਹਾ ਦਿਲ ਦਿਮਾਗ ਦੇ ਕੇ ਧਰਤੀ ਤੇ ਭੇਜਿਆ ਸੀ।ਪਰ ਕੁਝ ਚੰਦ ਕੁ ਦਿਮਾਗ ਸ਼ੈਤਾਨ ਨੂੰ ਵੀ ਨਾਲ ਲੈ ਆਏ,ਤੇ ਸ਼ੈਤਾਨੀ ਨਾਲ ਉਹਨਾਂ ਮੁੱਠੀ ਭਰ ਮਨੁੱਖਾਂ ਨੇ ਬਾਕੀ ਸੱਭ ਤੇ ਗਲਬਾ ਪਾ ਲਿਆ।ਉਹ ਨਹੀਂ ਚਾਹੁੰਦੇ ਕਿ ਲੋਕ ਜਾਗਰੂਕ ਜਾਂ ਚੇ ਤੰਨ ਹੋਣ ।ਲੇਕਿਨ ਬਹੁਤੇ ਲੋਕ ਚਾਹੁੰਦੇ ਹਨ ਕਿ ਨਵੇਂ ਯੁੱਗ ਦੇ ਨਾਲ ਚਲ ਸਕਣ ਤਾਂ ਜੋ ਦੇਸ਼ ਕੌਮ ਦੀ ਉਨਤੀ ਹੋਸਕੇ,ਉਹ ਦੁਆ ਮੰਗਦੇ ਹਨ," ਹੇ ਰੱਬ ਸਾਡੀ ਕੌਮ ਨੂੰ ਸਾਡੀ ਸ਼੍ਰੇਣੀ ਨੂੰ ਜਾਗਰੂਕਤਾ,ਬਖ਼ਸ਼,ਇੰਨੀ ਚੇਤਨਤਾ ਦੇ ਦੇ ਕਿ ਖੁਲ੍ਹ ਕੇ ਸਾਹ ਲੈ ਸਕਣ।

ਦੂਜੇ ਪਾਸੇ ਮੁੱਠੀ ਭਰ ਸ਼ੈਤਾਨ ਦੁਆ ਮੰਗਦੇ ਹਨ ਕਿ ਹੇ ਰੱਬ ਇਹ ਲੋਕ ਮੂਰਖ ਰਹਿਣ ਦੇ ਇਹਨਾਂ ਨੂੰ ਕਦੀ ਜਗਾਵੀਂ ਨਾ,ਸੁੱਤੇ ਰਹਿਣ ਦੇ ਗੂੜ੍ਹੀ ਨੀਂਦੇ।ਇਹ ਮੁੱਠੀ ਭਰ ਜਨ ਉਹ ਹਨ ਜਿਹਨਾਂ ਨੇ ਆਪਣੀ ਸ਼ੈਤਾਨ ਦਿਮਾਗਾਂ ਨਾਲ ਰੱਬ ਨੂੰ ਕਮਲਾ ਕਰ  ਰੱਖਿਆ ਹੈ।ਰੱਬ ਕਰੇ ਤੇ ਕੀ ਕਰੇ,ਉਸ ਲਈ ਸੱਭ ਬਰਾਬਰ ਹਨ ਪਰ ਇਹ ਸਾਧੂ ਤੇ ਨੇਤਾ ਰੱਬ ਤੇ ਇੰਨੇ ਪ੍ਰਭਾਵ ਪਾਏ ਹੋਏ ਹਨ ਕਿ ਰੱਬ ਦਾ ਦਿਲ ਆਪਣੇ ਕਬਜੇ ਵਿੱਚ ਰੱਖਦੇ ਹਨ,ਆਮ ਆਦਮੀ ਤੇ ਬੱਸ ਹੱਥ ਜੋੜਨ ਤੱਕ ਹੀ ਰਹਿ ਗਿਆ ਹੈ।ਰੱਬ ਕਿਧਰ ਜਾਵੇ,ਕੀ ਕਰੇ,?

ਇਹ ਸੱਭ ਕੁਝ ਵਿਚਾਰ ਕੇ ਕਈ ਵਾਰ ਤਾਂ ਦਿਮਾਗ ਪੁੱਠੀ ਭੋਣੀ ਭੌਂ ਜਾਂਦਾ ਹੈ,ਕਿ ਕਿਤੇ ਰੱਬ ਜੀ ਸ਼ੈਤਾਨਾਂ ਨਾਲ ਆਪ ਹੀ ਤਾਂ ਨੀ ਰੱਲ ਗਿਆ,ਜਾਂ ਫਿਰ ਰੱਬ ਜੀ ਵੱਢੀ ਖੋਰ ਹੋ ਗਿਆ ਹੈ।

ਕਦੇ ਕਦੇ ਰੱਬ ਦੀ ਸਾਰੀ ਸ਼ਕਤੀ ਨਿਲਾਮ ਹੋ ਗਈ ਲਗਦੀ ਹੇ।ਆਸ਼ਕ ਕਹਿੰਦਾ ਹੈ,

"ਰੁੱਸੇ ਰੱਬ ਨੂੰ ਮਨਾਉਣਾ ਆਸਾਨ ਹੈ,ਰੁੱਸੇ ਯਾਰ ਨੂੰ ਮਨਾਉਣਾ ਮੁਸ਼ਕਿਲ"।

" ਰੱਬਾ ਕਿਸੇ ਦਾ ਯਾਰ ਨਾਂ ਰੁੱਸੇ ਭਾਵੇ ਸਾਰਾ ਜੱਗ ਰੁੱਸ ਜਾਏ।"

ਕਦੀ ਰੱਬ ਦੋ ਬੇੜੀਆਂ ਦਾ ਮਲ੍ਹਾ ਹੈ,ਕਦੀ ਮੰਝਧਾਰ ਵਿੱਚ ਡੁੱਬਿਆ ਫਸਿਆ ਹੈ।ਤੇ ਕਦੇ ਰੱਬ ਤੇ ਜੱਗ ਨਦੀ ਦੇ ਦੋਕਿਨਾਰੇ ਜੋ ਕਦੀ ਆਪਸ ਵਿੱਚ ਮਿਲ ਨਹੀਂ ਸਕਦੇ,ਤੇ ਜਾਂ ਫਿਰ ਸਮੁੰਦਰ ਜਿਸਦਾ ਕੋਈ ਕਿਨਾਰਾ ਹੀ ਨਹੀਂ ਹੈ।

ਕਹਿੰਦੇ ਨੇ ਦੋ ਘਰਾਂ ਦਾ ਪ੍ਰਾਹੁਣਾ ਭੁੱਖਾ ਰਹਿ ਜਾਂਦਾ ਹੈ,ਫਿਰ ਰੱਬ ਤਾਂ ਕਈ ਘਰਾਂ ਦਾ ਪ੍ਰਾਹੁਣਾ ਹੈ।

ਬਾਬਾ ਬੁਲ੍ਹਾ ਕਹਿੰਦਾ ਹੈ," ਰੱਬ ਦਾ ਕੀ ਪਾਉਣਾ ਇਧਰੋਂ ਪੁਟਣਾ ਤੇ ਇਧਰ ਲਾਉਣਾ"।

ਰੱਬ ਤਾ ਆਲੂ ਹੈ ਹਰ ਥਾਂ ਸਮਾ ਜਾਂਦਾ ਹੈ,ਹਰ ਥਾਂ ਫਿਟ ਹੋ ਜਾਂਦਾ ਹੈ ਜਦ ਕੁਝ ਨਾ ਲੱਭੇ ਇਹ ਲੱਭ ਜਾਂਦਾ ਹੈ,ਜਦ ਕੋਈ ਨਾ ਪੁਛੈ ਤੇ ਇਸਦੀ ਪੁਛ ਵੱਧ ਜਾਂਦੀ ਹੈ।

ਰੱਬ ਜੀ ਨੂੰ ਵੀ ਇਕ ਬੜੀ ਵੱਡੀ ਸ਼ਕਾਇਤ ਹੈ,ਕਿ ਬੰਦਾ ਕੁਵੇਲੇ ਯਾਦ ਕਰਦਾ ਹੈ।

"ਦੁੱਖ ਮੇਂ ਸਿਮਰਨ ਸੱਭ ਕਰੇਂ ਸੁੱਖ ਮੇਂ ਕਰੇ ਨਾਂ ਕੋਇ"

"ਕਾਲੀ ਜਿੰਨੈ ਨਾ ਰਾਵਿਆ,ਧੋਲੀ ਰਾਵੇ ਕੋਇ"।

,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,,

" ਗੌਡ, ਅਲ੍ਹਾ, ਭਗਵਾਨ ਨੇ ਬਣਾਇਆ ਇਕ ਇਨਸਾਨ,

ਜਿਸਨੂੰ ਦੇਖ ਕੰਬਣ ਲਗੇ ਹਰ ਸ਼ੇਤਾਨ।"..........

ਜੋ ਮਿਲਾ ਕਭੀ 'ਖੁਦਾ' ਤੋ ਪੁਛੂੰਗਾ ਜਰੂਰ

ਇਤਨੇ ਮਕਾਨੋ ਕੇ ਰਹਤੇ ਤੂੰ ਬੇਮਕਾਂ ਕਿਉਂ ਹੈ?

ਹਮ ਨੇ ਦੇਖਾ ਹੈ ਐਸੇ ਐਸੇ ਖੁਦਾਓਂ ਕੋ

ਜਿਨਕੇ ਸਾਮਨੇ "ਵੋ ਖੁਦਾ' ਕੁਸ਼ ਭੀ ਨਹੀਂ॥



## "ਰਿਸ਼ਤਾ"

ਮਿਸਟਰ ਤੇ ਮਿਸਿਜ਼ ਰਾਜ ਕੁਮਾਰ....ਸ਼ਿਮਲੇ ਦੇ ਇਕ ਹੋਟਲ ਦੇ ਰਜਿਸਟਰ ਤੇ ਉਸਨੇ ਇਹੀ ਨਾਮ ਦਾ ਇੰਦਰਾਜ ਕੀਤਾ।ਹੋਟਲ ਮੈਨੇਜਰ ਨੇ ਨਵੇ ਵਿਆਹੇ ਜੋੜੇ ਦਾ ਮੁਸਕਰਾ ਕੇ ਸਵਾਗਤ ਕੀਤਾ ਤੇ ਕਮਰੇ ਦੀ ਚਾਬੀ ਅਟੇਂਡੈਂਟ ਨੂੰ ਫੜਾਂਉਂਦੇ ਹੋਏ ਕਿਹਾ,'ਸਾਹਬ ਦਾ ਸਾਮਾਨ ਲੈ ਜਾਓ।

ਬੈਰੇ ਨੇ ਕਮਰਾ ਖੋਲ ਕੇ ਸਮਾਨ ਰੱਖ ਕੇ ਬਾਹਰ ਮੁੜਦਿਆਂ ਕਿਹਾ,'

'ਸਾਹਬ,ਸ਼ਾਦੀ ਮੁਬਾਰਕ ਹੋ' ਤੇ ਮੋਟੀ ਟਿਪ ਲੈ ਕੇ ਅਗਲੇ ਹੁਕਮ ਲਈ ਬਾਹਰ ਨਿਕਲ ਗਿਆ।

ਖਿੜੇ ਹੋਏ ਕੰਵਲ ਜਿਹੀ ਸਪਨਾ ਗੁਲਾਬੀ ਸਾੜੀ ਵਿੱਚ ਡੌਲ ਹੀ ਤੇ ਲਗ ਰਹੀ ਸੀ।ਰਾਜ ਦੀ ਅੱਖ ਉਸੀ ਤੇ ਟਿਕੀ ਹੋਈ ਸੀ।

ਸਪਨਾ ਤੈਨੂੰ ਬੁਰਾ ਤੇ ਨਹੀਂ ਲਗਾ ਉਸਦਾ ਸ਼ਾਦੀ ਮੁਬਾਰਕ ਕਹਿਣਾ ? ਰਾਜ ਨੇ ਯੂੰ ਹੀ ਪੁਛ ਲਿਆ।

ਸ਼ਪਨਾ-ਰਾਜ ਮੈਂ ਬਹੁਤ ਥੱਕ ਗਈ ਹਾਂ ਇਸ ਭਾਰੀ ਸਾੜੀ ਚ,ਕਹੋ ਮੈਂ ਸੂਟ ਪਾ ਲਵਾਂ?

ਰਾਜ ਕੁਮਾਰ-ਓ ਸ਼ੁਅਰ ਇਹ ਵੀ ਕੋਈ ਪੁਛਣ ਵਾਲੀ ਗਲ ਹੈ।ਵੈਸੇ ਵੀ ਆਪਾਂ ਚਲਦੇ ਹਾਂ ਕੁਦਰਤ ਦਾ ਨਜ਼ਾਰਾ ਲੈਣ।

( ਸੂਟ ਵਿੱਚ ਸਪਨਾ ਹੋਰ ਵੀ ਆਕਰਸ਼ਕ ਲਗਣ ਲਗੀ,ਦਰਵਾਜੇ ਵਲ ਨੂੰ ਹੁੰਦੇ ਹੋਏ ਉਹ ਰਾਜ ਨਾਲ ਟਕਰਾ ਗਈ,ਰਾਜ ਨੇ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸਪਨਾ ਨੂੰ ਬਾਹਾਂ ਚ ਭਰ ਲਿਆ ਤੇ ਚੁੱਕ ਕੇ ਇੰਜ ਘੁੰਮੇਰਨੀ ਦਿੱਤੀ ਜਿਵੇਂ ਤਿੰਨ ਚਾਰ ਸਾਲ ਦੀ ਬੱਚੀ ਹੋਵੇ)

ਮੈਂ ਤੁਮਹੇਂ ਕੈਸਾ ਲਗਤਾ ਹੂੰ ?ਰਾਜ ਕੁਮਾਰ ਨੇ ਪੁਛਿਆ।

ਇਹ ਕੈਸਾ ਸਵਾਲ ਹੈ? ਸਪਨਾ ਨੇ ਝੱਟ ਕਿਹਾ-

ਜੈਸਾ ਸਵਾਲ ਹੈ ਵੈਸਾ ਸਹੀ ਤੇ ਸੱਚਾ ਜਵਾਬ ਦੇਨਾ-ਰਾਜ ਨੇ ਕਿਹਾ।

ਤੁਮ ਤੋ ਬਹੁਤ ਸਵੀਟ ਹੋ,ਅੱਛੇ ਲਗਤੇ ਹੋ-ਸਪਨਾ ਨੇ ਕਿਹਾ


ਫਿਰ ਤੂੰ ਮੇਰੇ ਨਾਲ ਸ਼ਾਦੀ ਕਿਉਂ ਨਹੀਂ ਕਰਨਾ ਚਾਹੁੰਦੀ ਸੀ?

ਐਸੀ ਗਲ ਨਹੀਂ ਮੈਂ ਅਜੇ ਦੋ ਸਾਲ ਹੋਰ ਪੜ੍ਹਨਾ ਚਾਹੁੰਦੀ ਸੀ।ਹੁਣ ਸੱਭ ਅੱਛਾ ਲਗ ਰਹਾ ਹੈ,ਸਪਨਾ ਨੇ ਨਮਰ ਭਾਵ ਕਿਹਾ।

ਰਾਜ ਸਮਝ ਗਿਆ ਕਿ ਉਹ ਬੈਹੇਰੇ ਦੇ ਸ਼ਾਦੀ ਮੁਬਾਰਕ ਆਖਣ ਤੇ ਉਹ ਸਹੀ ਮੁਸਕਾਈ ਸੀ,ਮਲਕੜੇ ਹੀ ਰਾਜ ਦੇ ਅੰਦਰਲਾ ਰਿਸ਼ਤਾ ਚੋਰ ਤੋਂ ਸਾਧ ਹੋ ਗਆ।

“ ਤੂੰ ਨੇ ਮੁਹੱਬਤ ਸੇ ਮੇਰਾ ਦਿਲ ਭਰ ਦਿਆ

ਅਪਨਾ ਬਨਾਨੇ ਵਾਲੇ ਤੇਰਾ ਸ਼ੁਕਰੀਆ “।





## “ਸੁਰੱਖਿਆ ਕਵਚ“

“ ਖੁਦਾ ਭੀ ਜਬ ਆਸਮਾਂ ਸੇ ਦੇਖਤਾ ਹੋਗਾ-

ਇਸ ਕੁੜੀ ਕੋ ਕਿਸਨੇ ਬਨਾਇਆ ਸੋਚਤਾ ਹੋਗਾ”।

ਉਸਨੂੰ ਵੇਖ ਕੇ ਮੈਂ ਇਹੋ ਸੋਚਿਆ ਕਰਦੀ ਸੀ।

ਮੈਂ ਅੰਮ੍ਰਿਤਸਰ ਫੋਰ ਐਸ ਸਕੂਲ ਚੋਂਕ ਵਿੱਚ ਕਿਸੇ ਖਾਸ ਕੰਮ ਲਈ ਖੜੀ ਸੀ ,ਦੂਜੇ

ਪਾਸੇ ਸਾਮਨੇ ਵਾਲੀ ਸੜਕ ਤੋਂ ਇਕ ਗੋਰੀ ਚਿੱਟੀ ਲੜਕੀ ਤੇਜ਼ ਤੇਜ਼ ਚਲ ਰਹੀ ਸੀ,ਉਸਦੀ ਝਲਕ ਤੋਂ ਮੈਨੂੰ ਉਹ ਚਿਹਰਾ ਕੁਝ ਜਿਵੇਂ ਕਿਤੇ ਤੱਕਿਆ ਜਿਹਾ ਲਗਿਆ,ਪਰ ਨਹੀਂ ਉਹ ਤੇ ਇਸ ਤਰਾਂ ਦਾ ਲਿਬਾਸ ਨਹੀਂ ਪਾ ਸਕਦੀ ਉਹ ਤੇ ਜੀਨ ਟਾਪ ਵਾਲੀ ਫੈਸ਼ਨ ਪਸੰਦ ਹੈ,ਮੈਂ ਸੋਚ ਕੇ ਧਿਆਨ ਪਰੇ ਕਰ ਲਿਆ।

ਆਂਟੀ ਜੀ ਸਤਿ ਸ੍ਰੀ ਅਕਾਲ -ਐਨ ਮੇਰੇ ਕੋਲ ਆ ਉਹ ਬੋਲੀ-

ਮੈਂ ਚੌਂਕੀ ਇਹ ਤਾਂ ਉਹੋ ਸੀ,ਆਵਾਜ਼ ਵੀ ਵਾਕਫ਼ ਜਾਪੀ,ਪਰ ਹੁਲੀਆ?

ਆਂਟੀ ਮੈਨੂੰ ਪਛਾਣਿਆ ਨ੍ਹੀ,ਮੈਂ ਗੀਤੂ ਸ਼ਰਮਾ

ਮੈਨੂੰ ਆਪਣੀ ਨਜ਼ਰ ਤੇ ਸ਼ੱਕ ਹੋਣ ਲਗਾ

ਮੈਂ ਹੁਣ ਰੋਜ਼ ਤਰਨ ਤਾਰਨ ਘਰ ਜਾਣ ਲਗ ਪਈ ਹਾਂ,ਮੇਰੀ ਬੱਸ ਆਉਣ ਵਾਲੀ ਹੈ।

ਇੰਨੇ ਨੂੰ ਸਾਡੀ ਕਾਰ ਆ ਗਈ ਤੇ ਮੈਂ ਉਸਨੂੰ ਕਿਹਾ ਚਲ ਤੂੰ ਸਾਡੇ ਨਾਲ ਹੀ ਚਲ,ਅਸੀਂ ਵਾਪਸ ਜਾ ਰਹੇ ਹਾਂ।ਮੈਂ ਹੁਣ ਪਹਿਚਾਣ ਗਈ ਸੀ ਕਿ ਸਾਡੀ ਕਲੋਨੀ ਦੀ ਸ਼ਰਮਾ ਫੈਮਲੀ ਦੀ ਬੇਟੀ ਹੈ। ਮੈਨੂੰ ਉਹਦੇ ਚ ਆਏ ਬਦਲਾਵ ਬਾਰੇ ਜਾਣਨ ਦੀ ਭਚਤਰੀ ਲਗ ਗਈ।

ਨਾਂਹ ਨਾਹ ਕਰਦੇ ਮੈਂ ਉਸਨੂੰ ਆਪਣੇ ਨਾਲ ਬਿਠਾ ਲਿਆ।

ਉਹਨੇ ਬੜੀ ਨਿਮਰਤਾ ਨਾਲ ਦਸਿਆ--

ਆਂਟੀ ਪੀ.ਜੀ. ਵਿੱਚ ਇਕ ਕਮਰੇ ਚ ਤਿੰਨ ਕੁੜੀਆਂ ਤੇ ਤਿੰਨ ਚਾਰ ਹੋਰ ਆ ਕੇ ਖਰਮਸਤੀ

ਕਰਨ ਲਗ ਪੈਂਦੀਆਂ।ਮੈਂ ਪੀ.ਜੀ ਛੱਡ ਦਿੱਤਾ ਤੇ ਰੋਜ਼ ਬੱਸ ਤੇ ਕਾਲਜ ਆਉਣ ਜਾਣ ਲਗੀ,ਪਰ ਆਂਟੀ ਇਥੇ ਵੀ ਪਰੇਸ਼ਾਨੀ,ਮਨਚਲੇ ਮੁੰਡਿਆਂ ਨੇ ਸਾਹ/ਰਾਹ ਮੁਸ਼ਕਲ ਕਰ ਦਿੱਤਾ,ਮੈਂ ਪੜ੍ਹਨਾ ਚਾਹੁੰਦੀ ਸੀ,ਜੇ ਘਰ ਦਸਦੀ ਤੇ ਉਹਨਾਂ ਪੜ੍ਹਨੋਂ ਹਟਾ ਲੈਣਾ ਸੀ।ਮੈਂ ਆਪਣੀ ਸਹੇਲੀ ਨਾਲ ਗਲ ਕੀਤੀ ।ਮੇਰੀ ਸਹੇਲੀ ਬੜੇ ਵੱਡੇ ਦਿਲ ਵਾਲੀ ਅੰਮ੍ਰਿਤਧਾਰੀ ਗੁਰਸਿੱਖ ਹੈ ਤੇ ਪੜ੍ਹਾਈ ਵਿੱਚ ਵੀ ਬਹੁਤ ਅੱਛੀ।ਉਸਨੇ ਮੈਨੂੰ ਕਿਹਾ ਤੂੰ ਕੇਸਕੀ ਸਜਾ ਲੈ।ਮੈਨੂੰ ਇਹ ਤਰੀਕਾ ਬੜਾ ਠੀਕ ਲਗਾ ਤੇ ਮੈਂ ਉਹਦੇ ਨਾਲ ਗੁਰੂਘਰ ਜਾ ਅੰਮ੍ਰਿਤ ਛੱਕ ਕੇਸਕੀ ਸਜਾ ਇਹ ਰੂਪ ਧਾਰਨ ਕਰ ਲਿਆ,ਹੁਣ ਮੈਂ ਰੋਜ਼ ਬੱਸਾਂ ਚ ਆਉਂਦੀ ਤੇ ਬਹੁਤ ਸਾਰਾ ਪੈਦਲ ਵੀ ਚਲਦੀ ਹਾਂ।

ਮਨਚਲੇ ਮੈਥੋਂ ਕੋਹਾਂ ਦੂਰ ਰਹਿੰਦੇ ਹਨ,ਮੇਰੇ ਵਲ ਤਕਣੋਂ ਵੀ ਝਿਜਕਦੇ ਨੇ।ਮੇਰੀ ਮੰਜਿਲ ਆਸਾਨ ਹੋ ਗਈ ਹੈ,ਸ਼ਰਾਰਤੀ ਕੁੜੀਆਂ ਵੀ ਮੈਥੋਂ ਪਰੇ ਹੀ ਰਹਿੰਦੀਆਂ ਹਨ।

ਮੈਨੂੰ ਉਸਦੇ ਸੁਰੱਖਿਆ ਕਵਚ ਵਾਲੀ ਇਸ ਸਕੀਮ ਤੇ ਬੜਾ ਮਾਣ ਮਹਿਸੂਸ ਹੋਇਆ।ਮੈਂ ਉਸਨੂੰ ਅੱਗੇ ਵਧਦੇ ਰਹਿਣ ਲਈ ਥੱਕ ਅੱਪ ਕੀਤਾ।

ਨਿਲੋਫਰ ਦੇ ਵਿਆਹ ਨੂੰ ਮਸਾਂ ਹੀ ਦੋ ਸਾਲ ਹੋਏ ਸੀ ਕਿ ਇਕ ਦਿਨ ਅਚਾਨਕ ਦਫ਼ਤਰ ਵਿੱਚ ਉਸਦੇ ਪਤੀ ਨੂੰ ਬਰੇਨ ਹੈਮਰੇਜ ਹੋ ਗਿਆ,ਨਾਂ ਡਾਕਟਰ ਕੁਝ ਕਰ ਸਕੇ ਤੇ ਨਾਂ ਹੀ ਉਪਰੋਂ ਮੁਅੱਜ਼ਜ਼ਾ ਹੋਇਆ ਤੇ ਉਹ ਨਿਲੋਫਰ ਨੂੰ ਉਦਾਸ ਕਰ ਇਕੱਲੀ ਛਡ ਗਿਆ।ਨਿਲੋਫਰ ਇਕ ਵਾਰ ਤਾਂ ਟੁੱਟ ਫੁੱਟ ਗਈ,ਵਕਤ ਦੀ ਮਲ੍ਹਮ ਨਾਲ ਉਹਨੇ ਆਪਣੇ ਆਪ ਨੂੰ ਜੋੜਿਆ ਤੇ ਡਿਊਟੀ ਜਾਣ ਲਗ ਪਈ।

ਦਫ਼ਤਰ ਵਿੱਚ ਹਰ ਵੱਡਾ ਛੋਟਾ ਹਮਦਰਦ ਆਪਣੇ ਰੁਮਾਲ ਨਾਲ ਉਸਦੇ ਹੰਝੂ ਪੂੰਝਣਾ ਚਾਹੁੰਦਾ ਸੀ।ਹਰ ਕੋਈ ਉਸਦੀ ਉਦਾਸ ਇਕੱਲਤਾ ਨੂੰ ਨਜ਼ਾਇਜ਼ ਨਜ਼ਰ ਲੈ ਰਿਹਾ ਸੀ।

ਮੱਖੀਆਂ ਮੱਛਰਾਂ ਵਾਂਗ ਮੰਡਲਾਉਂਦੀ ਇਸ ਬੇਈਮਾਨ ਹਮਦਰਦੀ ਤੋਂ ਨਿਲੋਫਰ ਆਜ਼ਜ਼ ਤਾਂ ਆ ਚੁੱਕੀ ਸੀ ਪਰ ਬੇਬਸ ਸੀ,ਕਈ ਵਾਰ ਹੀਆ ਕਰਦੀ, ਕਹੇ,'ਦੌੜ ਜਾਓ,ਨਹੀਂ ਲੋੜ ਮੈਨੂੰ ਤੁਹਾਡੀ,ਫਿਰ ਆਪਣੀ ਲਿਆਕਤ ਦੇ ਲਿਬਾਦੇ ਵਿੱਚ ਲੁਕ ਜਾਂਦੀ।

ਇਕ ਦਿਨ ਉਹ ਅੱਧੇ ਦਿਨ ਦੀ ਛੁੱਟੀ ਲੈ ਕੇ ਗਈ ਤੇ ਅਗਲੇ ਦਿਨ ਉਸਨੇ ਆਪਣੀ ਇਕ ਕੁਲੀਗ ਜੋ ਕਿ ਉਸਦੇ ਦਿਲ ਦੇ ਜਿਆਦਾ ਕਰੀਬ ਸੀ- ਨੂੰ ਪੇਪਰ ਦਿਖਾਉਂਦੇ ਦਸਿਆ ਕਿ ਇਸ ਰਿਪੋਰਟ ਅਨੁਸਾਰ ਉਸਨੂੰ ਐਚ.ਆਈ.ਵੀ.ਪੌਜ਼ੇਟਿਵ ਹੈ।ਅਗਲੀ ਸ਼ਾਮ ਤੱਕ ਇਹ ਖਬਰ ਪੂਰੇ ਦਫ਼ਤਰ ਵਿੱਚ ਅੱਗ ਵਾਂਗ ਫੈਲ ਗਈ।ਹਮਦਰਦਾਂ ਵਿੱਚ ਘੁਸਰ ਮੁਸਰ ਹੋਣ ਲਗ



ਲਗੀ ਕੋਈ ਕਹੇ ਵੇਖਣ ਨੂੰ ਕਿੰਨਾ ਸ਼ਰੀਫ਼ ਲਗਦਾ ਸੀ ਇਹਦਾ ਘਰਵਾਲਾ ਤੇ ਕੀ ਨਿਕਲਿਆ,ਐਡੀ ਸੋਹਣੀ ਜ਼ਿੰਦਗੀ ਬਰਬਾਦ ਕਰ ਗਿਆ,ਆਪ ਤੇ ਮਰਨਾ ਸੀ ਇਹਨੂੰ ਤੇ ਬਖ਼ਸ਼ ਦੇਂਦਾ,ਹੁਣ ਉਹ ਉਸਦੇ ਨੇੜੇ ਨਹੀਂ ਫਟਕਦੇ ਸਨ।ਨਾਂ ਮੱਛਰ ਨਾਂ ਮੱਖੀਆਂ ਤੇ ਨਾਂ ਕੁੜੀਆਂ ਬੁੜੀਆਂ-ਸੱਭ ਪਾਸਾ ਵੱਟਣ ਲਗੇ।ਨਿਲੋਫਰ ਫੋਕੀ/ ਮਸ਼ਕੂਕ ਸਹਾਨੁੰਭੂਤੀ ਤੋਂ ਰੋਡ ਆਸ਼ਕੀ ਤੋਂ

ਸੁਰਖ਼ਰੂ ਹੋ ਗਈ ਸੀ।

ਕੁਸਮ ,ਨਿਲੋਫਰ ਦੀ ਬਚਪਨ ਦੀ ਸਹੇਲੀ ਤੱਕ ਵੀ ਇਹ ਖਬਰ ਪੁੱਜ ਗਈ ਉਹ ਅਚਾਨਕ ਨਿਲੋਫਰ ਦੇ ਘਰ ਆ ਗਈ।ਪਹਿਲਾਂ ਜਦੋਂ ਉਹ ਦੋਨੋ ਇਕੱਠੀਆਂ ਹੁੰਦੀਆਂ,ਰੱਜ ਰੱਜ ਗਲੇ ਮਿਲਦੀਆਂ,ਇਕ ਪਲੇਟ ਵਿੱਚ ਖਾਂਦੀਆਂ ਤੇ ਇਕ ਹੀ ਮੰਜੇ ਤੇ ਸੌਂਦੀਆਂ ਸਨ,ਅੱਜ ਕੁਸਮ ਨੇ ਦੂਰੋਂ ਹੀ ਨਮਸਤੇ ਕੀਤੀ ਤੇ ਅਨਮਨੇ ਦੂਰ ਸੋਫੇ ਤੇ ਬੈਠ ਗਈ।ਸ਼ਾਇਦ ਉਹ ਸੋਚਦੀ ਹੋਵੇ,'ਦਵਾਈ ਨਾਲੋਂ ਪ੍ਰਹੇਜ਼ ਚੰਗਾ'

ਕੁਸਮ—ਨਿਲੋਫਰ,ਜੀਜਾ ਜੀ ਨੂੰ ਤਾ ਬਰੇਨ ਹੈਮਰੇਜ ਹੋਇਆ ਸੀ ਇਹ ਏਡਜ਼ ਦਾ ਪਤਾ ਕਿਵੇਂ ਲਗਿਆ?

ਨਿਲੋਫਰ-ਮਰ ਚੁਕੇ ਨੂੰ ਤੇ ਸੌ ਗੁਨਾਹ ਮਾਫ ਹੁੰਦੇ,ਪਰ ਮੇਰੀ ਬੇਬਸੀ ਨੂੰ ਕਿਤੋਂ ਸੁਰੱਖਿਆ ਨਹੀਂ ਸੀ ,ਤੇ ਨਿਲੋਫਰ ਨੇ ਹਮਦਰਦੀ ਦੀ ਕਹਾਣੀ ਕੁਸਮ ਨੂੰ ਕਹਿ ਸੁਣਾਈ।

ਲੋਹੇ ਤੋਂ ਵੀ ਮਜਬੂਤ, ਇਸ ਸੁਰੱਖਿਆ ਕਵਚ ਤੇ ਦੋਵੇਂ ਸਹੇਲੀਆਂ ਦਿਲ ਖੋਲ੍ਹ ਹੱਸੀਆਂ।

ਤਾਹਿਰਾ ਸਦੀਕੀ ਦੀ ਅਵਾਜ਼ ਬਹੁਤ ਸੁਰੀਲੀ ਹੈ,ਕੁਦਰਤ ਨੇ ਉਸਦੇ ਗਲੇ ਵਿੱਚ ਗਜ਼ਲ ਦੀ ਸਰਗਮ ਭਰੀ ਹੈ।ਘਰੋਂ ਉਸਨੂੰ ਮਹਿਫਲ ਵਿੱਚ ਗਜ਼ਲਾ ਗਾਉਣ ਦੀ ਆਗਿਆ ਨਹੀਂ ਸੀ । ਕਾਲਜ ਦੇ ਸਮਾਗਮਾਂ ਵਿੱਚ ਉਹ ਆਪਣੀ ਰੀਝ ਪੂਰੀ ਕਰ ਲੈਂਦੀ

ਉਸਦੈ ਅੰਦਰ ਐਕਟਿੰਗ ਦੇ ਜਰਾਸੀਮ ਵੀ ਵਾਧੂ ਸੀ।ਕਿਸੇ ਨਾਂ ਕਿਸੇ ਤਰਾਂ ਤਾਹਿਰਾ ਟੀ.ਵੀ ਸਰੀਅਲਾਂ ਵਿੱਚ ਨਿਕੇ ਪਰਦੇ ਤੇ ਆਉਣ ਲਗ ਪਈ।ਉਸਦੇ ਕਿਰਦਾਰ ਸਲਾਹੇ ਜਾਣ ਲਗੇ।

ਉਸਨੂੰ ਸੀਨ ਮੁਤਾਬਕ ਪੋਸ਼ਾਕ ਪਹਿਨਣੀ ਪੈਂਦੀ।ਕਾਦਰ ਨੇ ਉਸਨੂੰ ਭਰਪੂਰ ਹੁਸਨ ਦੇ ਕੇ ਠੋਡੀ ਤੇ ਕਾਲਾ ਤਿਲ ਵੀ ਲਾ ਰੱਖਿਆ ਸੀ।ਉਸਦੇ ਸਹੁਰੇ ਮਾਡਰਨ ਖਿਆਲ ਹਨ ਉਹਨਾਂ ਨੂੰ ਤੇ ਤਾਹਿਰਾ ਦੇ ਚਰਿੱਤਰ ਤੇ ਕੋਈ ਇਤਰਾਜ਼ ਜਾ ਸ਼ੱਕ ਨਹੀਂ ਪਰ ਰਸਤੇ ਵਿੱਚਲੇ ਰਾਹਗੀਰਾਂ ਨੂੰ ਪਤਾ ਨ੍ਹੀ ਪਿਆਰ ਸੀ ਜਾਂ ਤਕਲੀਫ।?

ਕੋਈ ਬੋਲਦਾ'ਤੇਰੇ ਚਿਹਰੇ ਕਾ ਤਿਲ ਕਾਲਾ,ਹੁਸਨ ਪੇ ਜੈਸੇ ਦਰਬਾਨ ਬਿਠਾ ਰੱਖਾ ਹੋ"

ਕੋਈ ਉਸਦੇ ਰੋਲ ਤੇ ਰੀਮਾਰਕਸ ਕਸਦਾ.ਤਾਹਿਰਾ ਕੋਈ ਜਵਾਬ ਨਾ ਦੇਂਦੀ,ਉਹ ਘਰਦਿਆਂ ਨੂੰ ਪੰਗਿਆ ਚ ਪਾਣਾ ਨ੍ਹੀ ਚਾਹੁੰਦੀ ਸੀ।ਤਾਹਿਰਾ ਆਪਣੀ ਮੰਜਿਲ ਨੂੰ ਅੱਧਵਾਟੇ ਛੱਡਣਾ ਵੀ ਨਹੀਂ ਚਾਹੁੰਦੀ ਸੀ।ਉਹ ਘਰ ਵਿੱਚ ਮੈਥਸ ਦੀ ਟਿਉਸ਼ਨ ਵੀ ਪੜ੍ਹਾਉਂਦੀ ਸੀ ਤੇ ਨਾਲ ਨਾਲ ਹੁਣ ਉਹ ਆਪਣੇ ਸ਼ਗਿਰਦਾਂ ਨੂੰ 'ਦੀਨ'ਦਾ ਇਲਮ ਵੀ ਵੰਡਣ ਲਗੀ।ਪਰ ਕਦੇ ਕਦੇ ਉਹ ਰਾਹਗੀਰਾਂ ਦਾ ਗੁੱਸਾ ਆਪਣੇ ਸ਼ਾਗਿਰਦਾ ਤੇ ਕੱਢ ਦੇਂਦੀ ।

ਇਕ ਦਿਨ ਉਸਨੂੰ ਸੋਝੀ ਆ ਗਈ।ਉਸਨੇ ਬਾਹਰ ਆਉਣ ਜਾਣ ਵੇਲੇ ਹਿਜਾਬ ਪਹਿਨਣਾ ਸ਼ੁਰੂ ਕਰ ਦਿੱਤਾ।ਰਾਹਗੀਰ ਰਾਹ ਬਦਲ ਗਏ,ਤੇ ਤਾਹਿਰਾ ਆਪਣੀ ਮੰਜਿਲ ਵੱਲ ।ਤਾਹਿਰਾ ਦਾ ਪਤੀ ਵੀ ਉਸਦੀ ਸੁਰੱਖਿਆ ਤੋਂ ਆਜ਼ਾਦ ਹੋ ਗਿਆ।

ਹਿਜਾਬ---ਹਿਜਾਬ ਦਸਤਾਰ,ਕੇਸਕੀ ਵਾਂਗ ਹੀ ਮੁਸਲਿਮ ਧਾਰਮਿਕ ਚਿਨ੍ਹਾਤਮਕ ਲਿਬਾਸ ਹੈ।॥

ਭੀੜ ਮੇਂ ਘਰ ਕੇ ਸਪੋਲੋਂ ਕੋ ਕਹਾਂ ਲੇ ਜਾਏਂ

ਆਸਤੀਨ ਮੇਂ ਛੁਪਾਏ ਬੀ ਨਹੀਂ ਜਾਤੇ

ਰਾਵਣ ਇਤਨੇ ਹੈਂ ਕਿ ਜਲਾਏ ਨਹੀਂ ਜਾਤੇ"॥

" ਦਿਲ ਕੇ ਆਇਨੇ ਮੇਂ ਤਸਵੀਰ ਤੇਰੀ ਰਹਤੀ ਹੈ

ਦਿਲ ਯੇ ਸਮਝਾ ਕੋਈ ਜੰਨਤ ਕੀ ਪਰੀ ਰਹਤੀ ਹੈ।"



## "ਸਾਨੂੰ ਕੀ , ਮੈਨੂੰ ਕੀ , ਤੈਨੂੰ ਕੀ"

ਹਮ ਹੈਂ, ਹਮਾਰਾ ਰੁਤਬਾ ਹੈ, ਹਮਾਰਾ ਮਹਿਲ ਹੈ

ਕੁਸ਼ ਮਕਬਰੇ ਨਸੀਬ-ਏ ਖਿਜ਼ਾਂ ਹੋ ਗਏ ਤੋ ਕਯਾ-॥

ਉਹ ਸੁਨਹਿਰਾ ਵਕਤ ਸੀ ਜਦ ਇਕ ਘਰ ਦਾ ਪ੍ਰਾਹੁਣਾ ਸਾਰੇ ਪਿੰਡ ਦਾ ਪ੍ਰਾਹੁਣਾ ਹੁੰਦਾ ਸੀ।ਚਾਚੀ, ਤਾਈ,ਗਵਾਂਢਣ ਮਾਸੀ,ਸਹੇਲੀ,ਬੇਲੀ ਜਿਸਦੇ ਘਰ ਜੋ ਵੀ ਪਕਵਾਨ ਪਕਿਆ ਹੁੰਦਾ ਸੱਭ ਕਟੋਰੀ ਕਟੋਰੀ ਪ੍ਰਾਹੁਣੇ ਵਾਲੇ ਘਰ ਭਿਜਵਾ ਦੇਂਦੇ,ਇਸ ਤਰਾਂ ਪ੍ਰਾਹੁਣੇ ਦੀ ਛੱਤੀ ਪਦਾਰਥ ਖਾਤਰਦਾਰੀ ਹੋ ਜਾਂਦੀ।ਧੀਆਂ,ਭੈਣਾਂ ਸੱਭ ਦੀਆਂ ਸਾਂਝੀਆਂ ਹੁੰਦੀਆਂ।ਪਿੰਡ ਦੀ ਧੀ ਭੈਣ ਦੇ ਸਹੁਰੇ ਪਿੰਡ ਕਿਤੇ ਕਿਸੇ ਜਾਣੂ ਦਾ ਗੇੜਾ ਲਗਦਾ ਤੇ ਉਹ ਨਾਰ ਦੇ ਸਹੁਰੇ ਘਰ ਜਰੂਰ ਜਾਂਦਾ ਉਸਦੀ ਚੰਗੀ ਆਓ ਭਗਤ ਕੀਤੀ ਜਾਂਦੀ।

ਜਿਵੇ ਕਹਿੰਦੇ ਸਨ ' ਪਿੰਡ ਦਾ ਤੇ ਕੁੱਤਾ ਵੀ ਪਿਆਰਾ ਲਗਦੈ"

ਇਕ ਆਹ ਵਕਤ ਕਿ ਕੋਈ ਰਾਹੀ ਘਰ ਦਾ ਪਤਾ ਵੀ ਪੁਛੈ ਤੇ ਉਸ ਨੂੰ ਸ਼ੱਕ ਦੀ ਤੱਕਣੀ ਤੱਕਿਆ ਜਾਂਦਾ ਹੈ।ਇਥੇ ਹੀ ਬੱਸ ਨਹੀਂ ਹੋ ਜਾਂਦੀ ਝੱਟ ਨੂੰਹ ਧੀ ਨੂੰ ਇਲਜ਼ਾਮ ਦੇ ਦਿੱਤਾ ਜਾਂਦਾ ਹੈ।( ਪੁਰਾਣਾ ਆਸ਼ਕ ਜਾਪਦੈ )

ਕਿਸੇ ਦੇ ਘਰ ਕੋਈ ਆਫਤ ਆ ਜਾਂਦੀ ਸੀ ਆਸ ਪਾਸ ਰਹਿਣ ਵਾਲੇ ਜੋ ਸਰਦੀ ਪੁਜਦੀ ਮਦਦ ਪਲਾਂ ਵਿੱਚ ਪੁਚਾ ਦੇਂਦੇ ਸਨ।ਇਕ ਦੀ ਪੀੜ ਸਾਰੇ ਇਲਾਕੇ ਦੀ ਪੀੜ ..

" ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਵਾਲੀ ਗਲ ਬਣ ਜਾਂਦੀ ਸੀ ।

ਅੱਜ ਦੀ ਸੋਚਣੀ,'ਸਾਨੂੰ ਕੀ ਆਪੇ ਨਜਿੱਠ ਲੈਣਗੇ,ਅਸੀ "ਐਂਵੇ ਆ ਬੈਲ ਮੁਝੇ ਮਾਰ"

ਸਕੂਲਾਂ ਦੀਆਂ ਫੀਸਾਂ ਵਧੀਆਂ,ਮਾਪਿਆਂ ਨੇ ਆਂਢੀਆਂ ਗੁਆਂਢੀਆਂ ਨੂੰ ਗੁਹਾਰ ਲਾਉਣ ਲਈ ਸਾਥ ਦੇਣ ਦੀ ਬੇਨਤੀ ਕੀਤੀ-ਉਹਨਾਂ ਦਾ ਜਵਾਬ "ਸਾਨੂੰ ਕੀ ਸਾਡੇ ਕਿਹੜਾ ਨਿਆਣੇ ਪੜ੍ਹਦੇ,"।

ਬੱਸ ਗੱਡੀ ਵਿੱਚ ਬੱਚਾ ਚੁੱਕੀ ਔਰਤ ਜਾਂ ਬੀਮਾਰ ਨੂੰ ਕੋਈ ਸੀਟ ਨ੍ਹੀ ਛੱਡਦਾ,ਹਾਂ ਬੈਗ ਚੁੱਕੀ,ਮੁਟਿਆਰ ਨੂੰ ਡਬਲ ਸੀਟ ਖਾਲੀ ਕਰ ਦਿੱਤੀ ਜਾਂਦੀ ਹੈ( ਬਦਨੀਅਤ ਨਾਲ )

ਕਿਤੇ ਲੜਾਈ ਝਗੜਾ ਹੁੰਦਾ ਹੋਵੇ ਤੇ ਕੋਈ ਹਮਦਰਦ ਵਿੱਚ ਜਾ ਖੜੇ-" ਤੈਨੂੰ ਕੀ, ਆ ਗਿਆ ਖਾਹਮਖਾਹ ਟੰਗ ਅੜਾਉਣ।

ਪਿਓ ਪੁੱਤ ਦੀ ਗਲਬਾਤ ਵਿੱਚ ਛੋਟਾ ਪੁੱਤ ਬੇਮਤਲਬ ਕੁੱਦ ਕੇ ਕਹਿੰਦਾ,ਤੁਹਾਡੇ ਲੈਣ ਦੇਣ ਚ ਮੈਂਨੂੰ ਕੀ ਲਗੇ ਮੈਂ ਆਪਣਾ ਬਣਦਾ ਹੱਕ ਲੈਣਾ।

ਪਿਓ ਦੇ ਪੁੱਤ ਦੂਰ ਪਿਛੈ ਰਹਿ ਗਏ ਹੁਣ ਤਾਂ ਪੈਸੇ ਦੇ ਪੁੱਤ ਬਾਕੀ ਹਨ।

ਸਕਾ ਸੰਬੰਧੀ ਜੇ ਸੇਵਾ ਪੇਸ਼ ਕਰੇ,ਅਜੋਕਾ ਬੰਦਾ ਬੋਲਦੈ'ਤੈਨੂੰ ਬੁਲਾਇਆਂ ਕਿਸੇ।"ਅਖੇ ਨਾ

ਸੱਦੀ ਨਾਂ ਬੁਲਾਈ,ਮੈਂ ਲਾੜੈ ਦੀ ਤਾਈ"।ਤੇਰੇ ਤੋਂ ਸੇਵਾ ਲੈ ਕੇ ਬਲਾ ਗਲ ਪਾਉਣੀ?।

ਭੂੰਡ ਆਸ਼ਕ ਕਿਸੇ ਮਾਸੂਮ ਦਾ ਰਾਹ ਰੋਕ ਰਹੇ ਹੋਣ ਕੋਈ ਭਦਰ ਪੁਰਸ਼ ਮਦਦ ਲਈ ਆ ਕੇ

ਕਹੇ' ਜਵਾਨੋ ਜਾਣ ਦਿਓ ਨਿਮਾਣੀ ਨੂੰ ਕਿਉਂ ਤੰਗ ਕਰਦੇ ਹੋ?ਉਹਦੀ ਸ਼ਾਮਤ ਆ ਜਾਂਦੀ ਹੈ

ਤੈਨੂੰ ਕੀ ਤੇਰੀ ਭੈਣ ਲਗਦੀ? ਜਾ ਆਪਣਾ ਰਸਤਾ ਨੱਪ।

ਸੱਜਣ ਨੇ ਗੱਜਣ ਨੂੰ ਕਿਹਾ,'ਤੁਹਾਡਾ ਪੁੱਤ ਨਸ਼ੇ ਕਰਨ ਲਗ ਪਿਆ,ਵੇਲਾ ਹਥੋਂ ਨਾ ਨਿਕਲ ਜਾਏ ਸੰਭਲ ਲਓ।

ਗੱਜਣ-ਤੈਨੂੰ ਕੀ ਤਕਲੀਫ਼? ਤੈਨੂੰ ਲਿਆ ਕੇ ਦੇਣਾ ਪੈਂਦਾ ਜਾਂ ਪੈਸੇ ਤਾਰਦੈਂ?

ਜਿਹੜੇ ਖਾਣਗੇ ਗਾਜਰਾਂ ਢਿੱਡ ਉਹਨਾਂ ਦੇ ਪੀੜ".....ਆਖ ਕੇ ਬੰਦਾ ਖੁਦ ਨੂੰ ਆਰਜ਼ੀ ਤਸੱਲੀ ਦੇ ਲੈਂਦੈ।

( ਤੂੰ ਆਪਣੀ ਨਬੇੜ ਤੈਂਨੂੰ ਹੋਰਾਂ ਨਾਲ ਕੀ )

ਇਸ ਸਾਨੂੰ ਕੀ ਮੈਨੂੰ ਕੀ ਦਾ ਇਕ ਹੋਰ ਤਖੱਲਸ ਵੀ ਹੈ-'ਖੂਨ ਸਫੇਦ'-ਤੇ ਖੂਨ ਦੀ ਲਾਲੀ ਵਿੱਚ ਸਿਆਸਤ ਦੇ ਸਫੇਦ ਸੈੱਲ ਵੜ ਜਾਣ ਕਾਰਨ ਇਹ ਸਫੇਦ ਹੋ ਗਿਆ ਹੈ,ਹਰ ਬੰਦਾ ਮਨੇ ਜਾਂ ਨਾ ਮਨੇ ਥੋੜਾ ਥੋੜਾ ਸਿਆਸੀ ਜਰੂਰ ਹੈ,ਇਹਦੀ ਸੀਮਾ ਘਰ ਤੱਕ ਜਾਂ ਫਿਰ ਗਲੀ ਮੁਹੱਲੇ ਤੱਕ ਹੀ ਹੋਵੇ ਚਾਹੇ।ਸਵਾਰਥ ਇਸਦਾ ਦੂਜਾ ਰੂਪ ਹੈ।'ਕਰ ਭਲਾ ਤੇ ਹੋ ਭਲਾ'ਵਾਲੀ

ਪੱਟੀ ਉਲਟ ਹੋ ਗਈ ਹੈ-ਤੂੰ ਆਪਣੀ ਸੰਭਾਲ'

ਸਾਨੂੰ ਕੀ ਮੈਨੂੰ ਕੀ ਦੀ ਇਸ ਸੰਸਕ੍ਰਿਤੀ ਨੇ ਸਮਾਜਿਕ ਵਿਕਾਸ ਦੇ ਹਰ ਰਾਹ ਚ ਅੜਚਨਾਂ

ਬਖੇਰੀਆਂ ਹਨ ਅਤੇ ਲੋਕ ਤੰਤਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ।



ਅਜਿਹਾ ਨਾਂ ਹੁੰਦਾ ਤਾਂ ਪਾਣੀ ਦੀ ਦੁਰਵਰਤੋਂ ਨਾਂ ਹੁੰਦੀ,ਨਸ਼ਿਆਂ ਦੀ ਬਰਸਾਤ ਨਾਂ ਹੋ ਪਾਉਂਦੀ,ਯੂੰ ਸ਼ਰੇਆਮ ਜਵਾਨੀ ਦੀ ਅਵਾਰਗੀ ਨਾਂ ਹੁੰਦੀ,ਲਚਰਤਾ ਤੇ ਅਸਲੀਲਤਾ ਦੀ ਮੰਡੀ ਵਿਕਸਿਤ ਨਾਂ ਹੁੰਦੀ।ਪੜ੍ਹੇ ਤੇ ਹੁਨਰਮੰਦ ਬੇਰੁਜਗਾਰਾਂ ਦੀ ਦੁਰਗਤੀ ਨਾਂ ਹੁੰਦੀ।

" ਨੈਣਾਂ ਦੇ ਵਿੱਚ ਨੈਣ ਡਬੋ ਕੇ ਜੇ ਨਾਂ ਕਦਮ ਮਿਲਾਵਾਂਗੇ

ਜੰਗਲ ਦੇ ਵਿੱਚ ਆਪਣਿਆਂ ਨੂੰ ਲੱਭਦੇ ਹੀ ਗੁੰਮ ਜਾਵਾਂਗੇ"।

ਅੰਤਿਕਾ—ਇਕ ਵਾਰ ਸਾਰੇ ਜਹਾਂ ਦਾ ਦਰਦ ਸੀਨੇ ਚ ਸਮੋ ਕੇ ਮੁਜ਼ਾਹਰਾ ਤਾਂ ਕਰੋ,ਵੇਖੋ ਕਿਵੇਂ ਉਲਟੀ ਹੋ ਗਈ ਗੰਗਾ, ਖੁਦ ਸਿੱਧੀ ਵਗਣ ਲਗੇਗੀ।"ਇੰਨਸ਼ਾ ਅਲ੍ਹਲਾਹ"।

## ''ਹੈਰਾਨੀ ਹੈ''

ਝੀਲ ਹੈ ਪਰ ਪਾਣੀ ਨਹੀਂ, ਹਵਾ ਹੈ ਪਰ ਲਹਿਰ ਨਹੀਂ ਹਿਲਦੀ,

ਫੂਲ ਹੈ ਪਰ ਖੁਸ਼ਬੂ ਨਹੀਂ

ਤਿਤਲੀਆਂ ਨੇ ਪਰ ਉਡ ਨਹੀਂ ਸਕਦੀਆਂ,ਮਛਲੀਆਂ ਨੇ ਪਰ ਤੈਰ ਨਹੀਂ ਸਕਦੀਆਂ,

ਕਲੀਆਂ ਨੇ ਪਰ ਖਿਲ ਨਹੀਂ ਸਕਦੀਆਂ,ਸੋਚੋ ਭਲਾ ਕੀ ਹੈ ਇਹ ?ਕੈਸੀ ਝੀਲ਼ ਹੈ ਇਹ?

ਇਹ ਕਾਦਰ ਦੀ ਕੁਦਰਤ ਦਾ ਕਰਿਸ਼ਮਾ ਹੈ,ਵੇਖ ਵੇਖ ਅੱਖਾਂ ਹੈਰਾਨ ਭਰੀ ਠੰਢਕ ਖਾਣ ਲਗਦੀ ਹੈ,ਇੰਜ ਲਗਦਾ ਹੈ ਝੀਲ ਦੇ ਪਾਣੀ ਤੇ ਸ਼ੀਸ਼ੇ ਦਾ ਢੱਕਣ ਹੈ,ਜਾਂ ਕਹਿ ਲਓ

ਆਇਨਾ ਪਿਆ ਹੈ ਝੀਲ਼ ਵਿੱਚ।ਜੀ ਹਾਂ ਇਹ ਝੀਲ਼ ਹੀ ਹੈ।

ਮਿਕਔਨ ਨਾਮ ਦੀ ਇਹ ਝੀਲ 'ਤਨਜ਼ਾਨੀਆਂ' ਵਿੱਚ ਸਥਿਤ ਹੈ।ਇਸ ਦੇ ਪਾਣੀ ਵਿੱਚ

ਕੇਲਸ਼ੀਅਮ ਤੇ ਫਾਸਫੋਰਸ ਦੀ ਮਾਤਰਾ ਬਹੁਤ ਜਿਆਦਾ ਹੈ,ਇਸੇ ਲਈ ਪਾਣੀ ਸ਼ੀਸ਼ਾ

ਪੱਥਰ ਬਣ ਗਿਆ ਹੈ,ਅਤੇ ਜੋ ਵੀ ਫੁੱਲ ਪੌਦਾ ਜਾਂ ਜੀਵ ਇਸ ਨੂੰ ਛੂਹ ਜਾਂਦਾ ਹੈ ਪੱਥਰ

ਬਣ ਜਾਂਦਾ ਹੈ।

2. ਮ੍ਰਿਤ ਸਾਗਰ --------

ਜਿਸ ਧਰਤੀ ਤੇ ਜੀਵਨ ਹੈ,ਇਸ ਦਾ 71% ਹਿੱਸਾ ਪਾਣੀ ਹੈ ਨਾਲ ਢੱਕਿਆ ਹੈ ਤੇ ਇਸ ਪਾਣੀ ਦਾ 96.5 % ਹਿੱਸਾ ਸਮੁੰਦਰ ਹਨ।ਪਾਣੀ ਦੇ ਇਸ ਵੱਡੇ ਹਿੱਸੇ ਨੇ ਅਨੇਕਾਂ ਰਾਜ਼ ਸੰਭਾਲੇ ਹੋਏ ਹਨ।ਇਹਨਾਂ ਪਾਣੀਆਂ ਚੋਂ ਇਕ ਪਾਣੀ ਹੈ,'ਮ੍ਰਿਤ ਸਾਗਰ'

ਇਸਦਾ ਨਾਮ ਸਾਗਰ ਜਰੂਰ ਹੈ ਪਰ ਇਹ ਸਾਗਰ ਜਾਂ ਸਮੁੰਦਰ ਨਹੀਂ ਹੈ।ਏਸ਼ੀਆ ਮਹਾਂਦੀਪ ਵਿੱਚ ਇਹ ਖਾਰੇ ਪਾਣੀ ਦੀ ਝੀਲ ਹੈ।ਇਸਦੇ ਪੂਰਬ ਵਿੱਚ ਜੌਰਡਨ ਅਤੇ ਪੱਛਮ ਵਿੱਚ ਪੈਲਿਸਟਾਇਨ ਅਤੇ ਇਜ਼ਰਾਇਲ ਸਥਿਤ ਹਨ।'ਮ੍ਰਿਤ ਸਾਗਰ'ਸਰਿਸ਼ਟੀ ਦੀ ਸੱਭ ਤੋਂ ਨੀਵੀਂ ਥਾਂ ਹੈ।ਇਸਦੀ ਸਤ੍ਹਾ ਸਮੁੰਦਰੀ ਤਲ ਤੋਂ 417 ਮੀਟਰ ਨੀਵੀਂ ਹੈ।

ਇਸਦੀ ਲੰਬਾਈ ਲਗਭਗ 50 ਕਿਲੋਮੀਟਰ ਅਤੇ ਚੌੜਾਈ 15 ਕਿਲੋਮੀਟਰ ਹੈ,ਤੇ ਡੂੰਘਾਈ 304 ਕਿਲੋਮੀਟਰ ਹੈ।



ਮ੍ਰਿਤ ਸਾਗਰ ਦੇ ਪਾਣੀ ਮੁਖ ਸੋਮਾ ਜੌਰਡਨ ਨਦੀ ਹੈ,ਪਰ ਇਹ ਵਰਨਣ ਯੋਗ ਹੈ ਕਿ ਮ੍ਰਿਤ ਸਾਗਰ ਚੋਂ ਪਾਣੀ ਦੇ ਨਿਕਾਸ ਦਾ ਕੋਈ ਸਰੋਤ ਨਹੀਂ ਹੈ।ਪਾਣੀ ਇਸ ਝੀਲ਼ ਵਿਚ ਜਾ ਤਾ ਸਕਦਾ ਹੈ ਪਰ ਬਾਹਰ ਨਹੀਂ ਆ ਸਕਦਾ।ਮ੍ਰਿਤ ਸਾਗਰ ਵਿੱਚ ਪਾਣੀ ਦੀ ਆਮਦ ਘੱਟ ਹੈ,ਪਰ ਵਾਸ਼ਪੀਕਰਣ ਕਾਰਨ ਪਾਣੀ ਦੀ ਖਪਤ ਜਿਆਦਾ ਹੈ,ਜਿਸ ਕਾਰਨ ਇਸ ਵਿੱਚ ਲੂਣ ਦੀ ਮਾਤਰਾ ਬਹੁਤ ਵੱਧ ਹੈ।ਇਕ ਲੀਟਰ ਪਾਣੀ ਵਿੱਚ 340 ਗਰਾਮ ਲੂਣ ਦੀ ਮਾਤਰਾ ਹੁੰਦੀ ਹੈ।ਇਸ ਵਿੱਚ ਜੀਵ ਪੌਦੇ ਜਿਉਂਦੇ ਨਹੀਂ ਰਹਿ ਸਕਦੇ।ਇਸੀ

ਕਰਕੇ ਇਸ ਨੂੰ 'ਮ੍ਰਿਤ ਸਾਗਰ ਦਾ ਨਾਮ ਦਿੱਤਾ ਗਿਆ ਹੈ।

ਮ੍ਰਿਤ ਸਾਗਰ ਨੂੰ ਦੇਖਣ ਲਈ ਸੰਸਾਰ ਦੇ ਵੱਖ ਵੱਖ ਭਗਾਂ ਤੋ ਦਰਸ਼ਕ ਆਉਂਦੇ ਹਨ।

ਇਸਦੇ ਪਾਣੀ ਵਿੱਚ ਲੂਣਾਂ ਅਤੇ ਖਣਿਜਾਂ ਦੀ ਮੌਜੂਦਗੀ ਹੋਣ ਕਰਕੇ ਬਹੁਤ ਸਾਰੀਆਂ ਬੀਮਾਰੀਆਂ ਨੂੰ ਦੂਰ ਕਰਨ ਦੀ ਸਮਰਥਾਂ ਹੈ ਅਤੇ ਦਵਾਈਆਂ ਬਣਾਉਣ ਲਈ ਪਾਣੀ ਵਰਤਿਆ ਜਾਂਦਾ ਹੈ।ਮ੍ਰਿਤ ਸਾਗਰ ਦੇ ਤਲ ਤੇ ਕਾਲੇ ਰੰਗ ਦਾ ਗਾਰਾ ਜਮ੍ਹਾ ਹੈ,ਇਸ ਗਾਰੇ ਨੂੰ ਸਰੀਰ ਤੇ ਮਲਣ ਨਾਲ ਚਮੜੀ ਨੂੰ ਦੇਣ ਵਾਲੇ ਬਹੁਤ ਸਾਰੇ ਤੱਤ ਪ੍ਰਾਪਤ ਹੋ ਜਾਂਦੇ ਹਨ।

ਮ੍ਰਿਤ ਸਾਗਰ ਦੀ ਇਕ ਹੋਰ ਬਹੁਤ ਵੱਡੀ ਵਿਸ਼ੇਸ਼ਤਾ ਹੈ ਕਿ ਕੋਈ ਵਿਅਕਤੀ ਇਸ ਵਿੱਚ ਡੁੱਬ ਨਹੀਂ ਸਕਦਾ ਕਿਉਂਕਿ ਇਸ ਵਿੱਚ ਲੂਣ ਦੀ ਮਾਤਰਾ ਅਧਿਕ ਹੋਣ ਕਾਰਨ ਪਾਣੀ ਬਹੁਤ ਸੰਘਣਾ ਹੈ ਤੇ ਪ੍ਰਾਣੀ ਲਕੜ ਦੀ ਤਰਹ ਉਪਰ ਤੈਰਨ ਲਗਦਾ ਹੈ।

ਮ੍ਰਿਤ ਸਾਗਰ ''ਜੂਡੀਆਨ ( ਯਹੂਦਿਯਾ) ਦੇ ਕਿਨਾਰੇ ਤੇ ਸਥਿਤ ਹੈ।ਇਥੇ ਵਰਖਾ ਬਹੁਤ

ਘੱਟ ਹੁੰਦੀ ਹੈ।ਸਾਲ ਦੇ 330 ਦਿਨ ਆਸਮਾਨ ਸਾਫ ਰਹਿੰਦਾ ਹੈ,ਕੋਈ ਬੱਦਲ ਨਹੀ ਦਿਸਦਾ।

ਮ੍ਰਿਤ ਸਾਗਰ ਸਮੁੰਦਰ ਤਲ ਤੋਂ ਬਹੁਤ ਜਿਆਦਾ ਨੀਵਾਂ ਹੋਣ ਕਾਰਨ ਇਥੇ ਸੰਸਾਰ ਦਾ ਸੱਭ ਤੋਂ ਵੱਧ ਵਾਯੂ ਦਬਾਵ ਨੋਟ ਕੀਤਾ ਗਿਆ ਹੈ।

ਜੇਕਰ ਮ੍ਰਿਤ ਸਾਗਰ ਦਾ ਪਾਣੀ ਜਿਆਦਾ ਮਾਤਰਾ ਵਿੱਚ ਸਰੀਰ ਅੰਦਰ ਚਲਿਆ ਜਾਵੇ ਤਾਂ ਇਹ ਗੁਰਦੇ ਅਤੇ ਦਿਲ ਨੂੰ ਭਾਰੀ ਨੁਕਸਾਨ ਪੁਚਾ ਸਕਦਾ ਹੈ ਅਤੇ ਪ੍ਰਾਣੀ ਨੂੰ ਮੌਤ ਦੇ ਮੂੰਹ ਵਿੱਚ ਧੱਕ ਸਕਦਾ ਹੈ।

ਪੰਜਾਬੀ ਟ੍ਰਿਬਿਉਨ 6-5-2015

## “ਬੀਬੀ ਕਾ ਮਕਬਰਾ”

ਇਕ ਸਤਿਕਾਰਤ ਕਬਰ---

ਜਿਆਦਾ ਗਿਣਤੀ ਭਾਰਤੀ ਸੈਰੋ ਤਫ਼ਰੀ ,ਮਜੇ ਮਨੋਰੰਜਨ ਜਾਂ ਪਿਕਨਿਕ ਲਈ ਪੈਸਾ ਨਹੀਂ ਜੁਟਾ ਪਾਉਂਦੇ,ਜੇ ਉਹ ਕਿਤੇ ਘੁੰਮਣ ਫਿਰਨ ਲਈ ਸੋਚ ਵੀ ਲੈਣ ਤਾਂ ਨੀਂਵੀਂ ਸੋਚ ਉਹਨਾਂ ਦੇ ਆੜੇ ਆ ਅੜਿਕਾ ਲਾਉਂਦੀ ਹੈ।ਤੇ ਮੁਲਾਂ ਦੀ ਦੌੜ ਮਸੀਤ ਤੱਕ ਵਾਂਗ”ਜਦ ਬਹੁਤਾ ਹੀ ਜੀ ਤੜਪੇ ਤੇ ਭਾਰਤੀ ਮੰਦਰ,ਗੁਰਦਵਾਰੇ ਜਾਣ ਲਈ ਜਾਂ ਕਹਿ ਲਓ ਤੀਰਥ ਯਾਤਰਾ ਵੀ ਤੇ

ਸੈਰੋ ਤਫ਼ਰੀ ਤੇ ਪਿਕਨਿਕ ਵੀ।‘ਇਕ ਪੰਥ ਦੋ ਕਾਜ’।

ਜਿਥੇ ਜਾਓ ਪੇਟ ਨਾਲ ਜਾਂਦਾ ਹੈ,ਤੇ ਬਾਰਸ਼ ਤੇ ਧੁੱਪ ਤੋਂ ਬਚਣ ਲਈ ਛੱਤ ਵੀ ਜਰੂਰੀ ਹੁੰਦੀ ਹੈ,ਮੱਧ ਵਰਗੀ ਆਰਥਿਕਤਾ ਲਈ ਬਾਹਰ ਜਾ ਕੇ ਇਹ ਦੋਵੇਂ ਡੈਸ਼ਾਂ ਦੀ ਪੂਰਤੀ ਕਰਨਾਂ ਕਠਨ ਹੁੰਦਾ ਹੈ,ਇਸ ਲਈ ਉਹ ਤੀਰਥ ਯਾਤਰਾ ਦੀ ਰਾਹ ਨਿਕਲ ਜਾਂਦੇ ਹਨ,ਤੇ ਇਹ ਰਾਹ ਉਹਨਾਂ ਦੇ ਕੁਝ ਹੱਦ ਤੱਕ ਬੁੱਤਾ ਸਾਰ ਹੀ ਦੇਂਦੀ ਹੈ।ਅਸੀਂ ਵੀ ਇਸੀ ਪੱਥ ਦੇ ਰਾਹਗੀਰ ਹਾਂ ,ਅੱਜ ਆਪਣੀ ਇਹੀ ਯਾਤਰਾ ਬਨਾਮ ਪਿਕਨਿਕ ਤੁਸਾਂ ਤੱਕ ਪੁਚਾਉਣ ਦਾ ਯਤਨ ਕਰਨਾ ਹੈ।

ਮੁਲਾਂ ਦੀ ਦੌੜ ਮਸੀਤ ਤੱਕ ਦੀ ਅਖਾਉਤ ਅਨੁਸਾਰ ਉਮਰ ਦੇ ਆਖਰੀ ਪੜਾਅ ਵਿੱਚ ਰੇਲ ਟਿਕਟਾਂ ਬੁੱਕ ਕਰਾਈਆਂ।ਜਾਣਦੇ ਨੇ ਸਾਰੇ ਹਜੂਰ ਸਾਹਬ ਵਾਹਿਗੁਰੂ ਦੀ ਮੇਹਰ ਤੇ ਕਿਰਪਾ ਸਦਕਾ ਸੰਗਤਾਂ ਦੇ ਹਜੂੰਮ ਅਪੜਦੇ ਨੇ ਤੇ ਕਮਰੇ ਦੀ ਡਾਢੀ ਮੁਸ਼ਕਲ ਆਉਂਦੀ ਹੈ,ਪ੍ਰਭੂ ਪ੍ਰੇਮੀ ਤਾਂ ਇਧਰ ਉਧਰ ਹਾਲ ਵਿੱਚ ਰਾਤ ਗੁਜਾਰ ਲੈਂਦੇ ਹਨ ਪਰ ਅਸੀਂ......ਕਹਿ ਕਹਾ ਕੇ ਕਮਰਾ ਲੈ ਲਿਆ।ਸਤਿਗੁਰ ਦੀ ਹਜੂਰੀ ਚ ਨਤਮਸਤਕ ਹੋ ਸਰੀਰਕ ਕਿਰਿਆ ਤੋਂ ਵਿਹਲੇ ਹੋ ਨਾਲ ਲਗਦੇ ਹੋਰ ਗੁਰਦਵਾਰਿਆਂ ਦੇ ਦਰਸ਼ਨਾਂ ਲਈ ਸੰਗਤਾ ਤਿਆਰ ਸਨ ਤੇ ਸਵਾਰੀ ਵੀ ਤਿਆਰ ਸੀ।

ਨੌਜਵਾਨਾ ਨੇ ਹੋਰ ਇਤਿਹਾਸਕ ਥਾਵਾਂ ਵੇਖਣ ਦੀ ਸਲਾਹ ਬਣਾ ਲਈ ਤੇ ਅਸੀਂ ਜਿਵੇਂ ਬੁੱਢੇ ਨੂੰ ਨਾਲ ਲਿਜਾਣਾ ਜਰੂਰੀ ਹੁੰਦਾ ਹੈ ਨੋਜਵਾਨਾਂ ਨਾਲ ਹੋ ਲਏ।ਇਕ ਦੋ ਜਣਿਆਂ ਨਾਲ ਗਲਬਾਤ ਕਰਨ ਤੇ ਪਤਾ ਚਲਿਆ ਕਿ ਔਰੰਗਾਬਾਦ ਵਿੱਚ ਵੇਖਣ ਯੋਗ ਕਈ

ਜਗਾਹ ਹਨ।ਅਜੰਤਾ ਤੇ ਅਲੋਰਾ ਦੀਆਂ ਗੁਫਾਵਾਂ ਬਾਰੇ ਪੜ੍ਹਿਆ ਸੀ।ਸੰਗਤਾਂ ਨਾਲ ਗੁਰੂ ਘਰ ਨਤਮਸਤਕ ਹੁੰਦੇ ਅਸੀਂ ਅਗਲੇ ਦਿਨ ਔਰੰਗਾਬਾਦ ਨੂੰ ਕੈਬ ਕਰ ਲਈ।ਅਸੀਂ ਰਾਹ ਵਿੱਚ ਰੁਕ ਰੁਕ ਹਰ ਥਾਂ ਵੇਖਣਾ ਚਾਹੁੰਦੇ ਸੀ ਦੋ ਚਾਰ ਵਾਰ ਡਰਾਈਵਰ ਨੂੰ ਬੇਨਤੀ ਕੀਤੀ-



ਉਹ ਕਰੜੀ ਸ਼ਰਤ ਨਾਲ ਰੁਕਣ ਲਗਾ।ਅਜੰਤਾ ਅਲੋਰਾ ਦੀਆਂ ਗੁਫਾਵਾਂ ਦੇਖਣ ਪੁਜੇ।ਮੂਰਤੀਆਂ ਦੀਆਂ ਕਲਾਵਾਂ ਤੇ ਪੱਥਰ ਤੇ ਸ਼ਿਲਪਕਾਰੀ ਤੇ ਜਮੀਆਂ ਅੱਖਾਂ ਮਸਾਂ ਪੁਟੀਆਂ,ਇਹ ਮੇਰੇ ਦੇਸ਼ ਦੇ ਕਾਰੀਗਰੀ ਦਾ ਕਮਾਲ ਹੈ,ਉਹ ਹੱਥ ਸਾਡੇ ਲਈ ਕਿੰਨਾ ਕੁਝ ਕਰ ਗਏ।ਅਸੀਂ ਬੜਾ ਕੁਝ ਜਾਣਨਾ ਚਾਹੁੰਦੇ ਸੀ ਪਰ ਸਾਡਾ ਗਾਈਡ ਪਤਾ ਨਹੀਂ ਕਿਉਂ ਅੱਕਿਆ ਪਿਆ ਸੀ ਜਾਂ ਫਿਰ ਸਾਡੇ ਸਵਾਲ ਕਰਨ ਤੇ ਉਹਨੂੰ ਸਾਡੇ ਨਾਲ ‘ਲਵ ਐਟ ਡਸਟ ਸਾਈਟ’ਹੋ ਗਿਆ ਸੀ।ਜੋ ਕੁਝ ਉਥੇ ਲਿਖਿਆ ਸੀ ਉਸ ਤੋਂ ਅਸੀਂ ਅਨੁਪੜ੍ਹ ਸੀ।ਅਧੂਰੇ ਇੰਤਜ਼ਾਮਾਂ ਤੇ ਸਬਰ ਕਰਦੇ ਹੋਏ ਅੱਗੇ ਚਲ ਪਏ ਕਿਲਾ ਦੌਲਤਾਬਾਦ ਦੇਖਣ।

ਬਾਦਸ਼ਾਹ ਤੁਗਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਸ਼ਿਫ਼ਟ ਕਰ ਇਸ ਕਿਲੇ ਵਿੱਚ ਲੈ ਆਂਦੀ ਸੀ।ਇਸ ਕਿਲੇ ਤੇ ਕਬਜਾ ਕਰਨ ਲਈ ਕਈ ਰਾਜਿਆਂ ਵਲੋਂ ਅਕਸਰ ਹਮਲੇ ਕੀਤੇ ਜਾਂਦੇ ਰਹੇ।ਇਹ ਕਿਲਾ ਇੰਨਾ ਵੱਡਾ ਹੈ ਕਿ ਇਕ ਦਿਨ ਵਿੱਚ ਵੇਖਣਾ ਮੁਸ਼ਕਲ ਹੈ ਤੇ ਸਾਡੇ ਕੋਲ ਦਿਨ ਵੀ ਪੂਰਾ ਨਹੀਂ ਸੀ,ਔਰੰਗਜੇਬ ਵੀ ਇਸ ਕਿਲੇ ਵਿੱਚ ਰਿਹਾ ਸੀ ਤੇ ਇਥੋਂ ਨੇੜੇ ਉਸ ਦੀ ਕਬਰ ਵੀ ਹੈ।ਅਸੀਂ ਕਬਰ ਵੱਲ ਰੁਖ ਕੀਤਾ।ਇਸ ਕਬਰ ਕੋਲ ਬਹੁਤ ਵੱਡੀ ਮਸਜਿਦ ਹੈ।ਔਰੰਗਜੇਬ ਦੀ ਕਬਰ ਉਸਦੇ ਕੀਤੇ ਜੁਲਮਾਂ ਦੀ ਤਫ਼ਸੀਲ ਦਸਦੀ ਮਹਿਸੂਸ ਹੁੰਦੀ ਹੈ।ਇਹ ਕਬਰ ਉਪਰੋਂ ਕੱਚੀ ਹੈ,ਅਤੇ ਨਾਂਹੀ ਇਸ ਤੇ ਕੋਈ ਛੱਤ ਹੈ,ਸੂਰਜ ਇਸਨੂੰ ਤਪਾ ਕੇ ਸਕੂਨ ਭਾਲਦਾ ਹੈ,ਤੇ ਬਾਰਿਸ਼ ਇਸਦਾ ਕੱਚਾ ਲਿਬਾਸ ਖੋਰਦੀ ਰਹਿੰਦੀ ਹੈ।ਇਸਦੇ

ਆਸ ਪਾਸ ਕੋਈ ਛਾਂਦਾਰ ਰੁੱਖ ਨਹੀਂ ਲਗਾਏ ਗਏ।ਸ਼ਾਇਦ ਜਾਣ ਕੇ’।ਇਕ ਨੇਤਰਹੀਣ ਵਿਅਕਤੀ ਆਪ ਹੀ ਆਪ ਦੱਸੀ ਜਾ ਰਿਹਾ ਸੀ ਕਿ ਰਾਜਾ ਔਰੰਗਜੇਬ ਕਈ ਸਾਲ ਦਿਲੀ ਰਾਜ ਕਰਦਾ ਰਿਹਾ,ਅਰੰਗਾਬਾਦ ਵੀ ਰਿਹਾ ਤੇ ਇਥੇ ਹੀ ਉਸਦੀ ਮੌਤ ਹੋਈ ਤੇ ਇਥ ਹੀ ਉਸਦੀ ਕਬਰ ਬਣਾ ਦਿੱਤੀ ਗਈ।ਔਰੰਗਜੇਬ ਦੀ ਆਖਰੀ ਇੱਛਾ ਅਨੁਸਾਰ ਹੀ ਉਸਦੀ ਕਬਰ ਤਪਦੀ,ਠਰਦੀ ਤੇ ਭਿੱਜਦੀ ਬਣਾਈ ਗਈ।

ਔਰੰਗਾਬਾਦ ਦੇ ਬਾਹਰਵਾਰ ਪਹਾੜੀਆਂ ਵਿੱਚ ਸੱਤ ਗੁਫ਼ਾਵਾਂ ਬਣੀਆ ਹਨ ਜਿਥੇ ਬੁੱਧਾ ਦੀਆਂ ਬਹੁਤ ਸਾਰੀਆਂ ਮੂਰਤੀਆਂ ਕਲਾ ਦਾ ਨਮੂਨਾ ਹਨ।ਅਸੀਂ ਇਹ ਤਾਂ ਪੜ੍ਹਿਆ ਸੀ ਕਿ ਮੁਗਲ ਕਾਲ ਦੌਰਾਨ ਜਿੰਨੀਆਂ ਸੁੰਦਰ ਤੇ ਸੁਰਿਖਅਤ ਇਮਾਰਤਾਂ ਬਣਾਈਆਂ ਗਈਆਂ,ਇੰਨੀਆਂ ਕਿਸੇ ਵੀ ਹੋਰ ਰਾਜਾ ਕਾਲ ਸਮੇਂ ਨਹੀਂ ਬਣਾਈਆਂ ਗਈਆਂ,ਮੁਗਲ ਸਮੇਂ ਦੀ ਸ਼ਿਲਪਕਲਾ ਭਾਰਤੀ ਕਲਾਕਾਰਾਂ ਦੀਆਂ ਸਰਵਸਰੇਸ਼ਟ ਕਲਾਕ੍ਰਿਤਾਂ ਹਨ।

ਹੋਰ ਵੇਖਣ ਯੋਗ ਪੁਛਣ ਤੇ ਇਕ ਗਾਈਡ ਨੇ ਦਸਿਆ ‘ਬੀਬੀ ਕਾ ਮਕਬਰਾ’ਦੇਖੋ, ਨੇੜੇ ਹੀ ਹੈ।ਅਸੀਂ ਉਧਰ ਚਲ ਪਏ।

ਔਰੰਗਜੇਬ ਦੀ ਪਹਿਲੀ ਸ਼ਾਦੀ ਸ਼ਾਹ ਨਵਾਜ਼ ਖਾਨ ਦੀ ਨਿਹਾਇਤ ਖੁਬਸੂਰਤ ਬੇਟੀ ਦਿਲਰਾਜ ਬਾਨੋ ਨਾਲ 8 ਮਈ 1622 ਨੂੰ ਹੋਈ। ਉਸ ਵਕਤ ਦਿਲਰਾਜ ਬਾਨੋ ਕੇਵਲ ਪੰਦਰਾਂ ਸਾਲ ਦੀ ਸੀ। ਦਿਲਰਾਜ ਬਾਨੋ ਦੇ ਪੰਜ ਬੱਚੇ ਹੋਏ। ਪੰਜਵੇਂ ਬੱਚੇ ਦੀ ਪੈਦਾਇਸ਼ ਤੇ ਦਿਲਰਾਜ ਬਾਨੋ ਨੂੰ ਐਸਾ ਬੁਖਾਰ ਹੋਇਆ ਜੋ ਉਸਨੂੰ ਨਾਲ ਹੀ ਲੈ ਗਿਆ। 8ਅਕਤੂਬਰ 1657 ਨੂੰ ਕੇਵਲ ਪੈਂਤੀ ਸਾਲ ਦੀ ਉਮਰ ਵਿੱਚ ਔਰੰਗਜੇਬ ਦੇ ਦਿਲ ਦੀ ਰਾਣੀ ਦਿਲਰਾਜ ਬਾਨੋ ਹਮੇਸ਼ਾਂ ਲਈ ਉਸਨੂੰ ਅਲਵਿਦਾ ਕਹਿ ਗਈ। ਭਾਂਵੇ ਔਰੰਗਜੇਬ ਨੂੰ ਭਵਨ ਉਸਾਰੀ ਦਾ ਸ਼ੌਂਕ ਨਹੀਂ ਸੀ ਤੇ ਮਕਬਰੇ ਕਬਰਾਂ ਪੱਕੀਆਂ ਕਰਨਾ ਤਾਂ ਉਸਨੂੰ ਪਸੰਦ ਹੀ ਨਹੀਂ ਸੀ। ਫਿਰ ਵੀ ਉਸਨੇ ਆਪਣੀ ਦਿਲਰੁਬਾ ਬੇਗਮ ਦਾ ਮਕਬਰਾ ਆਪਣੀ ਮਾਂ ਮੁਮਤਾਜ਼ ਦੇ ਤਾਜ ਮਹੱਲ ਦੀ ਮੁਕਾਬਲ ਤਰਜ਼ ਤੇ ਬਣਾਉਣ ਦਾ ਫੈਸਲਾ ਲੈ ਕੇ ਹੁਕਮ ਦਿੱਤਾ ਤੇ ਉਸਾਰੀ ਆਰੰਭ ਕਰਾ ਦਿੱਤੀ।

ਦੱਖਣ ਭਾਰਤ ਵਿਚਲਾ ਕਲਾਮਈ ਸ਼ਹਿਰ ਔਰੰਗਜੇਬ ਨੇ ਆਪ ਵਸਾਇਆ ਤੇ ਇਥੇ ਹੀ ਬਾਨੋ ਬੇਗਮ ਨੂੰ ਦਫ਼ਨਾਇਆ ਗਿਆ ਤੇ ਮਕਬਰਾ ਬਨਾਇਆ ਗਿਆ,'ਇਸ ਮਕਬਰੇ ਨੂੰ-

'ਬੀਬੀ ਕਾ ਮਕਬਰਾ' ਕਹਿੰਦੇ ਹਨ। ਇਹ ਛੋਟਾ ਤਾਜ ਮਹੱਲ ਤੇ ਦੱਖਣੀ ਤਾਜ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। 'ਬੀਬੀ ਕਾ ਮਕਬਰਾ ਦਾ ਡੀਜ਼ਾਇਨ ਉਸਤਾਦ ਅਹਿਮਦ ਲਾਹੌਰੀ ਦੇ ਪੁੱਤਰ 'ਅੱਤਾ ਉਲ੍ਹਾ ਨੇ ਤਿਆਰ ਕੀਤਾ ਤੇ ਹੰਸਮਤ ਰਾਏ ਦੀ ਦੇਖ ਰੇਖ ਹੇਠ ਉਸਾਰੀ ਕਰਾਈ ਗਈ। ਇਥੇ ਲਿਖਿਆ ਹੈ,ਔਰੰਗਜੇਬ ਨੇ ਆਪਣੇ ਪੁੱਤਰ ਆਜ਼ਮ ਸ਼ਾਹ ਨੂੰ ਉਸ ਵਕਤ ਦੇ ਸੱਤ ਲੱਖ ਰੁਪਏ ਦੇ ਕੇ ਹਦਇਤ ਕੀਤੀ ਕਿ ਉਹ ਆਪਣੀ ਮਾਂ ਦੀ ਯਾਦਗਾਰ ਆਲੀਸ਼ਾਨ ਮਕਬਰਾ ਆਪਣੀ ਜਿੰਮੇਵਾਰੀ ਤੇ ਨਿਗਰਾਨੀ ਹੇਠ ਤਿਆਰ ਕਰਾਵੇ।

ਇਸਦੀ ਉਸਾਰੀ ਲਈ 300 ਗੱਡੇ ਸੰਗਮਰਮਰ ਜੈਪੁਰ ਦੀਆਂ ਖਾਣਾ ਤੋਂ ਮੰਗਾਇਆ ਗਿਆ।

ਇਸ ਤੇ ਕੁੱਲ ਖਰਚ '6,68,203 ਰੁਪਏ ਆਇਆ। ਦਿਲਰਾਜ ਬੇਗਮ ਦੀ ਕਬਰ ਇਸ ਇਮਾਰਤ ਦੇ ਵਿਚਕਾਰ ਅੱਠ ਕੋਨਿਆ ਵਾਲੇ ਜੰਗਲੇ ਵਿੱਚ ਧਰਤੀ ਦੀ ਸਤਹਿ ਤੋਂ ਕਾਫ਼ੀ ਨੀਂਵੀ ਕਰਕੇ ਬਣਾਈ ਗਈ ਹੈ ਤੇ ਕਬਰ ਤਕਣ ਲਈ ਪੌੜੀ ਰਾਹੀ ਨੀਚੇ ਜਾਣਾ ਹੁੰਦਾ ਹੈ।

ਕਬਰ ਦੀ ਛੱਤ ਵੀ ਅੱਠ ਕੋਨਿਆ ਵਾਲੀ ਹੈ ਤੇ ਕੰਧਾਂ ਤੇ ਦਿਲਕਸ਼ ਮੀਨਾਕਾਰੀ ਕੀਤੀ ਗਈ ਹੈ। ਇਮਾਰਤ ਦੁਆਲੇ ਚਾਰ ਮੀਨਾਰ ਤੇ ਉਪਰ ਗੁੰਬਦ ਬਣਾਏ ਗਏ ਹਨ। ਕਾਲੇ ਅਤੇ ਚਿੱਟੇ ਚਮਕਦੇ ਸੰਗਮਰਮਰ ਦੀ ਵਰਤੋ ਕੀਤੀ ਗਈ ਹੈ।

ਮੁਖ ਦੁਆਰ ਲੰਘਦੇ ਹੀ ਫਰ ਫਰ ਕਰਦੇ ਫੁਹਾਰੇ ਸੁਆਗਤ ਕਰਦੇ ਹਨ ਤੇ ਆਲੇ ਦਆਲੇ ਸੁੰਦਰ ਫੁੱਲਦਾਰ ਬਗੀਚੀ ਹੈ। ਮਕਬਰੇ ਦੀ ਉਸਾਰੀ ਦੇ ਡੀਜ਼ਾਇਨ ਵਿਚ ਮੀਨਾਰਾ ਗੁਬੰਦਾ ਬਾਰੀਆ,ਗਲੀਆਂ ਦੇ ਆਕਾਰ ਵਿਚਲੀ ਬਰਾਬਰ ਵਿੱਥ ਦਾ ਖਾਸ ਧਿਆਨ ਰੱਖਿਆ ਗਿਆ ਹੈ। ਪੂਰੀ ਕਲਾਕਿਰਤੀ



ਵੇਖਣ ਯੋਗ ਹੈ। ਅਸ਼ਕੇ ਕਾਰੀਗਰਾਂ ਦੇ। ਹਜਾਰਾਂ ਦੀ ਗਿਣਤੀ ਵਿੱਚ ਰੋਜ਼ ਟੂਰਿਸਟ ਇਸ ਮਕਬਰੇ ਨੂੰ ਵੇਖਣ ਆਉਂਦੇ ਹਨ,ਥੱਕ ਜਾਣ ਕਾਰਨ ਹੇਠਾ ਕਬਰ ਤੱਕ ਘੱਟ ਦਰਸ਼ਕ ਜਾਂਦੇ ਹਨ,ਉਪਰੋਂ ਹੀ ਕਬਰ ਤੇ ਪੈਸੇ ਸੁਟਕੇ ਪ੍ਰਨਾਮ ਕਰ ਦੇਂਦੇ ਹਨ,ਰੋਜ਼ ਅੱਛੀ ਖਾਸੀ ਰਕਮ ਇਕੱਠੀ ਹੋ ਜਾਦੀ ਹੈ। ਰਾਣੀ ਦੀ ਕਬਰ ਤੇ ਪੇਸੇ ਟੇਕਣ ਦਾ ਕਾਰਨ ਪਤਾ ਨਾ ਚਲ ਸਕਿਆ। ਸ਼ਰਧਾਂਜਲੀ ਹੈ,ਅਕੀਦਾ ਹੈ ਜਾਂ ਅੰਧਵਿਸ਼ਵਾਸ -ਨਹੀਂ ਪਤਾ?

'ਬੀਬੀ ਕਾ ਮਕਬਰਾ' ਦੀ ਮੁਕਾਬਲਤਨ ਔਰੰਗਜੇਬ ਰਾਜੇ ਦੀ ਕਬਰ ਤੇ ਦਰਸ਼ਕ ਘੱਟ ਹੀ ਜਾਂਦੇ ਹਨ ਸ਼ਾਇਦ ਆਕਰਸ਼ਕ ਸੁੰਦਰਤਾ ਨਹੀਂ ਹੈ ਤਾਂ..

ਕੁਝ ਵੀ ਹੈ,ਇਸ ਖ਼ੂਬਸੂਰਤ ਇਮਾਰਤ ਨੂੰ ਵੇਖ ਨਿਰਮਾਣ ਕਲਾਕਾਰਾਂ ਦੇ ਅਸ਼ਕੇ ਜਾਣ ਨੂੰ ਜੀ ਕਰਦਾ ਹੈ। ਇਹ ਇਕ ਦਿਲਕਸ਼ ਟੂਰਿਸਟ ਸਪਾਟ ਹੈ।

ਉਜਾਲੇ ਅਪਨੀ ਯਾਦੋਂ ਕੇ ਹਮਾਰੇ ਸਾਥ ਰਹਨੇ ਦੋ

ਨਾਂ ਜਾਨੇ ਕਿਸ ਗਲੀ ਮੇਂ ਜਿੰਦਗੀ ਕੀ ਸ਼ਾਮ ਹੋ ਜਾਏ।........

ਜਹਾਂ ਨਾ ਤੇਰੀ ਮਹਿਕ ਹੋ,ਉਧਰ ਨਾ ਜਾਊਂ ਮੈਂ

ਤੇਰੀ ਤਲਾਸ਼ ਮੇਂ ਖੁਦ ਸੇ ਗੁਜਰ ਜਾਊਂ ਮੈਂ ।।।।

## ''ਸੁੱਚਾ ਕੱਚ''

ਪੂਰਨ ਨਿਕੇ ਜਿਹੇ ਪਿੰਡ ਵਿੱਚ ਆਪਣੇ ਦੋ ਬਚਿਆਂ ਤੇ ਬੀਵੀ ਨਾਲ ਨਿਕੇ ਜਿਹੇ ਘਰ ਵਿੱਚ ਰਹਿੰਦਾ ਹੈ।ਉਸੀ ਨਿਕੇ ਜਿਹੇ ਘਰ ਵਿੱਚ ਵਿਹੜੈ ਦੇ ਇਕ ਪਾਸੇ ਉਸ ਦੀ ਵਰਕਸ਼ਾਪ ਹੈ,ਮਸਲਨ ਉਹ ਖੇਤੀ ਦੇ ਸੰਦ ਬਣਾਉਂਦਾ ਤੇ ਹੋਰ ਲੋਹੇ ਦਾ ਕੰਮ ਕਰਦਾ।ਆਪਣੀ ਮਿਹਨਤ ਨਾਲ ਉਸ ਨੂੰ ਇਹ ਬੜਾ ਚਾਅ ਸੀ ਕਿ ਉਸ ਦੇ ਦੋਵੇਂ ਬੱਚੇ ਚੰਗਾ ਪੜ੍ਹ ਲਿਖ ਜਾਣ,ਕਿਉਂਕਿ ਆਉਣ ਵਾਲੇ ਵਕਤ ਵਿੱਚ ਸੱਭ ਕੁਝ ਮਸ਼ੀਨੀ ਹੋ ਰਿਹਾ ਸੀ,ਇਸ ਲਈ ਦੋਹਾ ਪਤੀ ਪਤਨੀ ਨੇ ਮਿਲ ਜੁਲ ਕੇ ਬੱਚਿਆਂ ਦੀ ਪੜ੍ਹਾਈ ਵੱਲ ਖਾਸ ਧਿਆਨ ਦਿੱਤਾ।ਪੂਰਨ ਦਾ ਲੜਕਾ ਦੀਪ ਕਾਲਜ ਜਾਂਦਾ ਤੇ ਘਰ ਆਕੇ ਆਪਣੇ ਬਾਪ ਦਾ ਹੱਥ ਵਟਾਉਂਦਾ।

ਪਿਤਾ ਪੁਰਖੀ ਕਿਤੇ ਵਿੱਚ ਉਹ ਮਾਹਰ ਹੋ ਗਿਆ ਸੀ ਤੇ ਪੜ੍ਹਾਈ ਵਿੱਚ ਵੀ ਬਹੁਤ ਚੰਗਾ,ਹਰ ਕੋਈ ਸਿਫ਼ਤ ਕਰਦਾ ਕਿ ਦੀਪ ਬੜਾ ਸਾਊ ਮੁੰਡਾ ਹੈ।ਪੂਰਨ ਦੀ ਬੇਟੀ 'ਨਾਜੋ'ਵੀ ਬਹੁਤ ਚੰਗੀ ਸਲੀਕੇ ਵਾਲੀ ਤੇਰਾਂ ਚੌਦਾਂ ਸਾਲ ਦੀ ਅੱਠਵੀਂ ਚ ਪੜ੍ਹਦੀ ਹੈ।ਸਕੂਲ ਤੋਂ ਸਿੱਧਾ ਘਰ ਤੇ ਘਰ ਆਕੇ ਮਾ ਬਾਪ ਦਾ ਹੱਥ ਵਟਾਉਣਾ।ਗਲ ਕੀ ਪੂਰਨ ਲੁਹਾਰ ਦਾ ਘਰ ਸੁਰਗੀ ਜਿਉੜੇ ਦੀ ਜਿੰਦਾ ਤਸਵੀਰ ਵਰਗਾ ਸੀ।ਪੂਰੇ ਮੁਹੱਲੇ ਵਿੱਚ ਪੂਰਨ ਦੇ ਪਰਵਾਰ ਦੇ ਅਨੁਸ਼ਾਸਨ ਦੀਆਂ ਸਿਫ਼ਤਾਂ ਹੁੰਦੀਆਂ।ਮੁਹੱਲੇ ਦੀ ਲੋੜ ਵੇਲੇ ਇਹ ਪਰਿਵਾਰ ਸੱਭ ਤੋਂ ਪਹਿਲਾਂ ਹਾਜਰ ਖੜਾ ਹੁੰਦਾ ਤੇ ਵਿਤੋਂ ਵੱਧ ਸੇਵਾ ਵੀ ਕਰਦਾ।

ਨਾਜੋ,ਹਰ ਰੋਜ਼ ਆਪਣੀ ਮੁਹੱਲੇ ਦੀ ਸਹੇਲੀ ਗੀਤਾ ਨਾਲ ਸਕੂਲ ਜਾਂਦੀ ਤੇ ਦੋਨੋ ਇਕੱਠੀਆਂ ਛੁੱਟੀ ਵੇਲੇ ਘਰ ਆਉਂਦੀਆਂ।ਦੋਵੇ ਕੁੜੀਆਂ ਬੇਹੱਦ ਸੁਸ਼ੀਲ,ਹਰ ਮਨ ਪਿਆਰੀਆਂ-

ਇਕ ਦਿਨ ਦੁਪਹਿਰ ਨੂੰ ਸਕੂਲ ਤੋਂ ਛੁੱਟੀ ਵੇਲੇ ਦੋਨੋ ਸਹੇਲੀਆਂ ਸਕੂਲ ਤੋਂ ਨਿਕਲ ਘਰ ਵੱਲ ਰੋਜ਼ ਦੀ ਤਰਾਂ ਪੈਦਲ ਆ ਰਹੀਆਂ ਸਨ ,ਮੁਹੱਲੇ ਵਿੱਚ ਪਹੁੰਚ ਕੇ,ਗੀਤਾ ਆਪਣੀ ਗਲੀ ਚ ਵੜ ਗਈ ਤੇ ਨਾਜੋ ਆਪਣੀ ਗਲੀ ਵੱਲ।ਨਾਜੋ ਦੀ ਮਾਂ ਅੱਧਾ ਘੰਟਾ ਬੂਹੇ ਚ ਖੜੀ ਨਾਜੋ ਨੂੰ ਉਡੀਕ ਰਹੀ ਸੀ,ਨਾਜੋ ਜੋ ਕਦੀ ਪੰਜ ਮਿੰਟ ਵੀ ਲੇਟ ਨਹੀਂ ਸੀ ਹੁੰਦੀ ਅੱਜ ਇੰਨੀ ਦੇਰ..ਮਾ ਦਾ ਦਿਲ ਡੁੱਬਣ ਲਗਾ,ਉਸ ਨੇ ਪੂਰਨ ਨੂੰ ਕਿਹਾ,"ਨਾਜੋ ਦੇ ਡੈਡੀ,ਨਾਜੋ ਕਿਉਂ ਨਹੀਂ ਆਈ ਅੱਜ? ਦਸਿਆ ਸੀ ਉਹਨੇ ਕੁਝ ਦੇਰ ਨਾਲ ਆਉਣ ਬਾਰੇ?

ਪੂਰਨ-ਨਹੀਂ ਮੈਨੂੰ ਤੇ ਕੁਝ ਨਹੀਂ ਕਿਹਾ ਉਹਨੇ,ਆ ਜਾਂਦੀ ਹੈ,ਤੂੰ ਫਿਕਰ ਨਾ ਕਰ,ਪਰ ਅੰਦਰੋ ਉਹ ਵੀ ਜਿਵੇਂ ਹਿੱਲ ਗਿਆ ਹੋਵੇ,ਰੱਬ ਮਿਹਰ ਕਰੇ,ਉਸ ਠੰਢਾ ਸਾਹ ਭਰਿਆ।ਦੱਸ ਮਿੰਟ ਹੋਰ ਉਡੀਕਣ ਤੋਂ ਬਾਦ ਉਹ ਸਕੂਲ ਵੱਲ ਤੁਰ ਪਿਆ,ਉਹਦੇ ਮਨ ਚ ਖਿਆਲ ਆਇਆ,ਗੀਤਾ ਦਾ ਪਤਾ ਲਵੇ,

ਪਹਿਲਾਂ! ਉਸ ਗੀਤਾ ਦੇ ਬੂਹੇ ਦਸਤਕ ਦਿੱਤੀ,

ਗੀਤਾ ਦਾ ਡੈਡੀ ਬਾਹਰ ਆਇਆ-ਆ ਪੂਰਨ ਕਿਦਾਂ ਮਾਰਿਆ ਗੇੜਾ?

ਪੂਰਨ-ਭਾਜੀ ਗੀਤਾ ਤੇ ਨਾਜੋ ਸਕੂਲੋਂ ਨਹੀਂ ਆਈਆਂ ਤੁਹਾਨੂੰ ਪਤਾ ਕੁਝ?



ਗੀਤਾ ਦਾ ਡੈਡੀ-ਕੀ ਗਲ ਨਾਜੋ ਅਜੇ ਨਹੀਂ ਆਈ? ਗੀਤਾ ਤਾਂ ਕਦੇ ਦੀ ਆ ਗਈ,ਉਹ ਵੀ ਹੈਰਾਨ ,ਪਰੇਸ਼ਾਨ ਹੋ ਗਿਆ।ਉਸ ਨੇ ਗੀਤਾ ਨੂੰ ਵਾਜ਼ ਦਿੱਤੀ,'ਗੀਤਾ,ਨਾਜੋ ਕਿਉਂ ਨਹੀ ਆਈ ਸਕੂਲੋਂ ਅੱਜ ਕੀ ਗਲ ਹੋ ਗਈ,ਕੋਈ ਖੇਡਾ,ਖੁਡਾਂ ਸੀ ?

ਗੀਤਾ-ਨਾਜੋ ਤੇ ਮੇਰੇ ਨਾਲ ਹੀ ਆਈ ਸੀ,ਕਿਉਂ ਕੀ ਗਲ ਹੋ ਗਈ ?

ਇੰਨਾ ਸੁਣਦੇ ਹੀ ਪੂਰਨ ਪਿਛੇ ਨੂੰ ਭੱਜ ਲਿਆ,ਉਹਨੇ ਸਾਰੀਆਂ ਗਲੀਆ ਛਾਣ ਮਾਰੀਆਂ,ਸਕੂਲ ਦਾ ਕੋਨਾ ਕੋਨਾ ਫੋਲ ਲਿਆ,ਨਾਜੋ ਦੀ ਮਾਂ ਵੱਖ ਕੱਖਾਂ ਨੂੰ ਵੀ ਫੋਲਦੀ ਫਿਰੇ।ਕਈਆ ਨੂੰ ਪੁਛਿਆ,ਕੋਈ ਨਾ ਪਾਵੇ ਦੱਸਾਂ ਨਾਜੋ ਦੀਆਂ।ਸਾਰਾ ਮੁਹੱਲਾ ਫਿਕਰ ਮੰਦ ਹੋ ਰਿਹਾ ਸੀ ਕਿਹੜੀ ਹੋਣੀ ਬੂਹੇ ਅੱਗੋਂ ਚੁੱਕ ਕੇ ਲੈ ਗਈ।ਨਾਜੋ ਦੇ ਘਰ ਅੱਗੇ ਇਕ ਕਾਲਾ ਕੁੱਤਾ ਹਮੇਸ਼ ਬੈਠਾ ਰਹਿੰਦਾ,ਸਾਰਾ ਟੱਬਰ ਉਹਨੂੰ ਪਿਆਰ ਕਰਦਾ,ਪਰ ਰੱਸਾ ਨਾ ਕਦੇ ਪਾਉਂਦੇ,ਤੇ ਉਹ ਵੀ ਮੁਫ਼ਤ ਦਾ ਪਹਿਰੇਦਾਰ।ਕਾਲੂ ਨੂੰ ਹੋਣੀ ਖੂੜਕ ਗਈ ਸੀ,ਤੇ ਉਸ ਨਾਜੋ ਦਾ ਪਤਾ ਵੀ ਸੁੰਘ ਲਿਆ ਸੀ।ਪਰ ਨਾਜੋ ਦੇ ਮਾਬਾਪ ਤਾਂ ਬੌਦਲੇ ਪਏ ਸਨ ਉਹਨਾਂ ਨੂੰ ਕਾਲੂ ਦੀ ਕੀ ਸਮਝ ਲਗੇ।ਦੀਪ ਨੂੰ ਘਰ ਵੜਨ ਤੋਂ ਪਹਿਲਾਂ ਹੀ ਬਾਹਰ ਖਬਰ ਹੋ ਗਈ ਤੇ ਉਹ ਗੀਤਾ ਦਾ ਵੀਰ ਬੀਰਾ ਦੋਵੇਂ ਜਣੇ ਸਾਰਾ ਪਿੰਡ ਫੋਲਣ ਤੁਰ ਪਏ।ਕਾਲੂ ਉਹਨਾ ਦੇ ਨਾਲ ਨਾਲ ਪਰ ਉਹਨਾਂ ਕਾਲੂ ਵੱਲ ਕੋਈ ਧਿਆਨ ਨਾ ਦਿੱਤਾ।ਰਾਤ ਗੁਜਰ ਗਈ ਦਿਨ ਚੜ੍ਹ ਪਿਆ ਪਰ ਨਾਜੋ ਦੀ ਕੋਈ ਉਘ ਸੁਘ ਨਹੀਂ।ਗਲ ਸਕੂਲ ਤੱਕ ਵੀ ਪਹੁੰਚੀ।ਸਕੂਲ ਦਾ ਹੈਂਡ ਨਾਜੋ ਦੇ ਘਰ ਆਇਆ ਤੇ ਪੂਰਨ ਨੂੰ ਨਾਲ ਲੈ ਥਾਣਾ ਚੌਕੀ ਪੁੱਜੇ।ਉਸ ਥਾਣੇਦਾਰ ਨਾਲ ਬੜੀ ਨਿਮਰਤਾ ਨਾਲ ਗਲ ਕੀਤੀ,ਤੇ ਰਪਟ ਲਿਖਣ ਦੀ ਬੇਨਤੀ ਕੀਤੀ।

ਥਾਣੇਦਾਰ-ਵੇਖ ਮਾਹਟਰਾ,ਏਦਾਂ ਦੀਆਂ ਕੁੜੀਆਂ ਨੀ ਘਰ ਟਿਕਦੀਆਂ,ਆਪੇ ਦੋ ਚਾਰ ਦਿਨ ਖੇਹ ਖਾ ਕੇ ਮੁੜ ਆਊ।ਤੁਹੀਂ ਜਾਓ ਘਰਾਂ ਨੂੰ।

ਹੈਡ ਮਾਸਟਰ-ਥਾਣੇਦਾਰ ਜੀ ਨਾਜੋ ਕੇਵਲ ਤੇਰਾਂ ਚੌਦਾਂ ਵਰ੍ਹੇ ਦੀ ਮਾਸੂਮ ਜਿਹੀ ਕੁੜੀ ਹੈ,ਉਸ ਨਾਲ ਜਰੂਰ ਕੋਈ ਹਾਦਸਾ ਹੋਇਆ ਹੈ।ਤੁਸੀਂ ਇਸ ਬਾਪ ਦੀ ਮਦਦ ਕਰੋ।

ਥਾਣੇਦਾਰ-ਅਸੀਂ ਕੋਈ ਨਜੂਮੀ ਤੇ ਨਹੀਂ,ਇਥੇ ਤੇ ਰੋਜ਼ ਇਹੋ ਕੁਝ ਹੁੰਦਾ,ਅਸੀਂ ਕੀ ਕਰੀਏ?

(ਥਾਣੇਦਾਰ ਨੂੰ ਸਰਪੰਚ ਦਾ ਮੁੰਡਾ ਪਹਿਲਾਂ ਹੀ ਨੱਥ ਗਿਆ ਸੀ।ਉਸ ਨੇ ਪੀੜਤਾਂ ਦੀ ਕੋਈ ਗਲ ਨਾਂ

ਸੁਣੀ ਤੇ ਉਲਟਾ ਆਖੇ,ਗੀਤਾ ਨੂੰ ਲਿਆਓ,ਉਹਦੀ ਮਰਜੀ ਨਾਲ ਗਈ ਕੁੜੀ ਤੁਹਾਡੀ।॥

ਕਾਨੂੰਨ ਦੀਆਂ ਅੱਖਾਂ ਤੇ ਪੱਟੀ ਬੰਨ੍ਹੀ ਹੁੰਦੀ ਹੈ ਇਸ ਲਈ ਕਿ ਸਭ ਨੂੰ ਹੱਕ ਦਾ ਇਨਸਾਫ ਮਿਲੇ,ਪਰ ਇਥੇ ਤੇ ਕਾਨੂੰਨ ਅੰਨ੍ਹਾ ਬੋਲਾ ਨਿਹੱਥਾ ਸੀ।

ਉਥੋਂ ਉਠ ਉਹ ਸਰਪੰਚ ਵੱਲ ਗਏ ਖੋਰੇ ਉਹਦੀ ਥਾਣੇਦਾਰ ਮੰਨ ਲਵੇ।ਅੱਗੋਂ ਸਰਪੰਚ ਵੀ ਉਹੋ ਬੋਲ ਬੋਲਿਆ,ਗੀਤਾ ਨੂੰ ਚੰਡੋ,ਉਹਨੇ ਬੱਕ ਦੇਣਾ ਸੱਭ ਕੁਝ।ਗੀਤਾ ਤੇ ਆਪ ਕਮਲੀ ਹੋਈ ਫਿਰਦੀ ਸੀ,

ਨਾਜੋ ਨੂੰ ਅਸਮਾਨ ਨਿਗਲ ਗਿਆ ਜਾਂ ਧਰਤੀ?

ਦੀਪ ਦੇ ਕਾਲਜ ਦੇ ਦੋਸਤ ਵੀ ਆਣ ਪਹੁੰਚੇ,ਮੁੰਡਿਆਂ ਨੇ ਪਿੰਡ ਦੀਆਂ ਜੂਹਾਂ ਫੌਲੀਆਂ।ਉਹ ਵੀ ਥਾਣੇ ਗਏ ।ਮੁੰਡਿਆ ਨੇ ਥਾਣੇਦਾਰ ਨੂੰ ਬੇਨਤੀ ਕੀਤੀ,ਥਾਣੇਦਾਰ ਨੇ ਉਲਟਾ ਸਾਰੇ ਮੁੰਡੇ ਅੰਦਰ ਡੱਕ ਦਿੱਤੇ ।

ਰਾਤ ਨੌਂ ਵਜੇ ਮੁੰਡਿਆਂ ਨੂੰ ਧਮਕੀ ਦੇ ਕੇ ਬਾਹਰ ਕਰ ਦਿੱਤਾ ਜੇ ਮੁੜ ਇਧਰ ਦਾ ਮੂੰਹ ਕੀਤਾ ਤਾਂ ਇੰਨਕਾਉਂਟਰ ਬਣਾ ਦੂੰ,ਭੱਜ ਜੋ..ਥਾਣੇਦਾਰ ਦੇ ਅੰਦਰੋ ਸਰਪੰਚ ਦਾ ਮਾਲ ਬੋਲਦਾ ਸੀ।

ਕਾਲੂ ਨਾਜੋ ਦੀ ਚੁੰਨੀ ਧੂਹ ਲਿਆਇਆ,ਦੀਪ ਤੇ ਬੀਰਾ ਕਾਲੂ ਦੇ ਨਾਲ ਤੁਰ ਪਏ,ਦੂਰ ਅਗਲੇ ਪਿੰਡ

ਸਰਪੰਚ ਦੇ ਖੇਤਾਂ ਚ ਨਾਜੋ ਦੀ ਲਾਸ਼ ਪਈ ਸੀ।

ਸਾਰਾ ਮੁਹੱਲਾ ਸਰਪੰਚ ਦੇ ਘਰ ਗਿਆ,ਪਰ ਸਰਪੰਚ ਤੇ ਆਪਣੇ ਜਵਾਨ ਮੁੰਡੇ ਨੂੰ ਭਜਾ ਚੁੱਕਾ ਸੀ।

ਉਸ ਪੂਰਨ ਨੂੰ ਆਖਿਆ,ਪੂਰਨ ਕੁੜੀ ਮੂੰਹ ਕਾਲਾ ਕਰ ਗਈ,ਕਫ਼ੰਨ ਦਫ਼ਨ ਕਰ ਤੇ ਧੂੰ ਨਾਂ ਕੱਢ।ਐਂਵੇ ਥੂਹ ਥੂਹ ਹੋਵੇਗੀ।

ਪੂਰਨ ਨੂੰ ਤਾਂ ਕੀ ਕਿਸੇ ਨੂੰ ਵੀ ਇਹ ਗਲ ਹਜਮ ਨਹੀਂ ਸੀ ਹੋ ਰਹੀ। ਨਾਜੋ ਦੀ ਮਾਂ ਪਾਗਲ ਹੋ ਗਈ।ਗੀਤਾ ਦਾ ਸਕੂਲ ਜਾਣਾ ਬੰਦ ਹੋ ਗਿਆ।ਬੀਰੇ ਨੂੰ ਆਪਣੇ ਘਰ ਦੇ ਸੁੱਚੇ ਕੱਚ ਨੂੰ ਕਿਰਚਣ ਤੋਂ ਬਚਾਉਣਾ ਸੀ ।ਉਸ ਦੀਪ ਦਾ ਸਾਥ ਦੇਣ ਦੀ ਠਾਣ ਲਈ।ਮੁਹੱਲੇ ਦੇ ਪੰਜ ਛੇ ਸਿਆਣੇ ਮੁੰਡੇ ਮਾਰਸ਼ਲ ਆਰਟ ਸਿਖਣ ਲਗ ਪਏ।ਸਰਪੰਚ ਤੇ ਥਾਣੇਦਾਰ ਸਮਝਿਆ ਮਾਮਲਾ ਠੱਪਿਆ ਗਿਆ।ਪਰ ਕਾਲੂ ਸਰਪੰਚ ਦੇ ਬੂਹੇ ਅੱਗੋ ਨਾਂ ਉਠਿਆ।ਨਾਜੋ ਦੇ ਘਰ ਕਦੇ ਉਸ ਤੋਂ ਬਾਦ ਚੁਲ੍ਹਾ ਨਾ ਬਲਿਆ।ਦੀਪ ਤੇ ਬੀਰੇ ਦੀ ਟੀਮ ਆਪੋ ਆਪਣੇ ਘਰਾਂ ਦੀ ਲੱਜ ਵੀ ਪਾਲਦੇ ਰਹੇ ਤੇ,ਪੜ੍ਹਦੇ ਰਹੇ ਤੇ ਨਾਲ ਨਾਲ ਨਾਜੋ ਨਾਲ ਹੋਈ ਬੀਤੀ ਦਾ ਖੁਰਾ ਖੋਜ ਵੀ ਲਾਉਂਦੇ ਰਹੇ।

ਤਿੰਨ ਮਹੀਨੇਂ ਬਾਦ –ਪਿੰਡ ਵਿੱਚ ਹਾਲ ਦੁਹਾਈ ਮੱਚ ਗਈ ਸਰਪੰਚ ਦੇ ਦੋਵੇਂ ਮੁੰਡੇ ਭੇਦ ਭਰੀ ਹਾਲਤ ਵਿੱਚ ਮੋਏ ਪਾਏ ਗਏ,ਉਹਨਾਂ ਦੇ ਨਾਲ ਤਿੰਨ ਜਣੇ ਹੋਰ ਵੀ ਸੀ।ਥਾਣੇਦਾਰ ਨੇ ਸਰਪੰਚ ਦੇ ਕੰਨ ਵਿੱਚ ਫੂਕ ਮਾਰੀ ਮੁਕਾਬਲਾ ਬਣਾ ਦੇਨੇ ਜੋ ਹੋਣਾ ਸੀ ਉਹ ਤੇ ਹੋ ਗਿਆ,ਸਰਪੰਚਾ ਤੇਰੀ ਇਜ਼ਤ ਵੀ ਰਹਿ ਜੂ ਤੇ ਮੈਨੂੰ ਸਟਾਰ ਲਗ ਜੂ।

ਤੇ ਇੰਨਕਾਉਟਰ ਦੇ ਪੇਪਰ ਬਣਨ ਲਗੇ।

ਸਰਪੰਚ ਦੇ ਮੁੰਡੇ ਗੁੰਡਿਆਂ ਦਾ ਮੁਕਾਬਲਾ ਕਰਦੇ ਮਾਰੇ ਗਏ।

ਮੂੰਹ ਸਿਰ ਬੰਨ੍ਹੀ ਇਕ ਜਵਾਨ ਥਾਣੇ ਵੜਿਆ ਉਸ ਨਾਲ ਇਕ ਨਾ ਬਾਲਗ ਕੁੜੀ ਸੀ,ਉਸ ਦਾ ਸਿਰ ਮੂੰਹ ਢੱਕਿਆ ਸੀ,ਕੁੜੀ ਜਾਰ ਜਾਰ ਰੋ ਰਹੀ ਸੀ।'ਥਾਣੇਦਾਰਾ ਕੁੜੀ ਦੇ ਬਿਆਨ ਲਿਖ,ਜਵਾਨ ਬੋਲਿਆ'।'ਕੁੜੀਏ ਚਲ ਉਧਰ ਅੰਦਰ,ਥਾਣੇਦਾਰ ਬੜ੍ਹਕਿਆ'।



ਡੈਡੀ ਡੈਡੀ ਕੁੜੀ ਚੀਖਣ ਲਗੀ।( ਕੁੜੀ ਨੇ ਆਪਣੇ ਥਾਣੇਦਾਰ ਬਾਪ ਦੀ ਆਵਾਜ਼ ਪਛਾਣ ਲਈ ਸੀ ) ਕੁੜੀ ਨੇ ਪਿਓ ਨੂੰ ਆਪਣੇ ਨਾਲ ਹੋਈ ਬੀਤੀ ਸੁਣਾਈ ਤੇ ਦਸਿਆ,ਡੈਡੀ ਜੇ ਇਹ ਰੱਬ ਵਰਗੇ ਵੀਰ ਕੁਝ ਦੇਰ ਹੋਰ ਨਾਂ ਬਹੁੜਦੇ ਤਾਂ ਤੁਹਾਨੂੰ ਮੇਰੀ ਲਾਸ਼ ਮਿਲਣੀ ਸੀ।

ਓਇ ਕਿਹਦੀ ਇਹ ਮਜਾਲ,ਮੇਰੀ ਇਜ਼ਤ ਨੂੰ ਹੱਥ ਪਾਵੇ,ਥਾਣੇਦਾਰ ਸ਼ਰਮਿੰਦਾ ਹੁੰਦਾ ਬੜ੍ਹਕੀ ਜਾਵੇ।

ਥਾਣੇਦਾਰਾ ਇਹ ਉਸੇ ਦੀ ਮਜਾਲ ਜਿਹਨਾਂ ਦੇ ਤੂੰ ਟੁਕੜੇ ਬੋਚਦਾ ਸੀ,ਤੇ ਜਿਹਨਾਂ ਨਾਜੋ ਮਾਰੀ ਸੀ।

ਦੀਪ ਨੇ ਮੂੰਹ ਤੋ ਨਕਾਬ ਲਾਹ ਕੇ ਮੋੜਾ ਦਿੱਤਾ।

ਥਾਣੇਦਾਰ ਦੀਪ ਦੇ ਪੈਰੀਂ ਪੈ ਗਿਆ,ਅਗਾਂਹ ਗਲ ਨਾਂ ਕਰੀਂ ਹੁਣ ਮੈਂ ਵੇਖਦਾਂ ਸਰਪੰਚ ਨੂੰ।

"ਥਾਣੇਦਾਰਾ ਧੀਆਂ ਭੈਣਾਂ ਸੁੱਚਾ ਕੱਚ ਹੁੰਦੀਆਂ,ਛਿਲੜਾਂ ਤੇ ਟੁਕੜਿਆਂ ਨਾਲ ਨਹੀਂ ਤੋਲੀਦੀਆਂ-

ਬੀਰਾ ਬੋਲਿਆ"।

ਆਪੋ ਆਪਣੇ ਘਰਾਂ ਦੇ ਸੁੱਚੇ ਕੱਚ ਨੂੰ ਕਿਰਚਣ ਤੋਂ ਬਚਾਉਣ ਲਈ ਸਾਰੇ ਮੁੰਡੇ ਰੱਖੜੀ ਦੀ ਲੱਜ

ਰੱਖਣ ਕਮਰ ਕੱਸ ਕੇ ਬੂਹੇ ਬਨੇਰਿਆਂ ਤੇ ਡੱਟ ਗਏ।

ਵਰ੍ਹੇ ਬੀਤ ਗਏ ਉਸ ਪਿੰਡ ਤੇ ਲਾਗਲੇ ਪਿੰਡਾਂ ਚ ਵੀ ਕਦੇ ਕੋਈ ਵੱਟਾ ਸੁੱਚੇ ਕੱਚ ਨੂੰ ਟਕਰਣ ਦਾ

ਹੀਆ ਨਾ ਕਰ ਸਕਿਆ।,....,.,.,.,.,.,...,.,.,..,...,.,..,.,.,..,.,.,..

ਪੈਸੇ ਨਾਲ ਚਲਣ ਵਾਲਾ ਕਾਨੂੰਨ ਪਨਾਹ ਦੀ ਭੀਖ ਮੰਗ ਰਿਹਾ ਸੀ।

"   ਖਿਲੇਂ ਕਿਸ ਤਰਾਂ ਯੇ ਕਲੀਆਂ ਬਤਾਓ

ਨਾਂ ਤੁਮ ਬੋਲਤੇ ਹੋ ਨਾਂ ਹਮ ਬੋਲਤੇ ਹੈ,

ਤੇਰੀ ਜੁਲਫ਼ ਕੇ ਪੇਚ-ਓ-ਖੰਮ ਬੋਲਤੇ ਹੈਂ

ਜਿਸੇ ਸੁਨ ਕੇ ਗੂੰਗੇ ਕਲਮ ਬੋਲਤੇ ਹੈਂ।॥......

" ਮੇਰੀ ਇਕ ਤਮੰਨਾ "

ਮੇਰੀ ਤਮੰਨਾ ਬੱਸ ਇੰਨੀ ਹੈ----

" ਲਬ ਪੇ ਆਤੀ ਹੈ ਦੁਆ ਬਨ ਕੇ ਤਮੰਨਾ ਮੇਰੀ

ਹੇ ਵਾਹਿਗੁਰੂ ਮੇਰੀ ਇਕ ਤਮੰਨਾ ਹੈ,ਮੇਰੇ ਦੇਸ ਵਿੱਚ ਖੁਸਹਾਲੀ ਹੋਵੇ ਆਰਥਿਕ ਬਰਾਬਰੀ ਹੋਵੇ,ਬੱਸ ਇੰਨੀ ਕੁ ਤਮੰਨਾ ਹੈ-

ਹੇ ਸਤਿਗੁਰੂ',ਇਕ ਇਹੋ ਤਮੰਨਾ ਹੈ ਮੇਰੀ, ਮੇਰੇ ਦੇਸ਼ ਦੇ ਕਿਸਾਨਾਂ ਤੇ ਜਵਾਨਾਂ ਦੀ ਸਦਾ ਜੈ ਹੋਵੇ— !

ਹੇ ਰਾਮ, ਬੱਸ ਇੰਨੀ ਤਮੰਨਾ ਹੈ ਮੇਰੀ,ਆਉਣ ਵਾਲੀ ਪੀੜ੍ਹੀ ਨੂੰ ਮਿਆਰੀ ਤੇ ਜੇਬ ਮੁਤਾਬਕ ਸਕੂਲ ਤੇ ਹਸਪਤਾਲ ਮਿਲਣ !

ਹੇ ਰਾਮ ,ਇਕ ਤਮੰਨਾ ਹੈ ਮੇਰੀ ਬੱਸ ਇੰਨੀ ਕੁ ਕਿ,ਹਰੇਕ ਦੇ ਹਿੱਸੇ ਲੋੜੀਂਦੀ ਤਾਲੀਮ / ਹੁਨਰ ਆਵੇ॥

ਹੇ ਅਲਲ੍ਹਾਹ, ਇਕ ਤਮੰਨਾ ਹੈ ਮੇਰੀ,ਮੈਨੂੰ ਇੰਨਾ ਕੁ ਰੁਜ਼ਗਾਰ ਦੇ ਦੇ ਜੋ ਬੱਸ ਰੋਟੀ ਕਪੜਾ ਮਕਾਨ ਦੇ ਦੇਵੇ ॥

ਹੇ ਸੱਚੇ ਪਾਤਸ਼ਾਹ,ਇਕ ਤਮੰਨਾ ਹੈ ਮੇਰੀ, ਸਾਡੀ ਆਉਣ ਵਾਲੀ ਨਸਲਾਂ ਨੂੰ ਫਸਲੀ ਬਟੇਰਿਆਂ ਤੋਂ ਬਚਾ ਕੇ ਰੱਖੀਂ॥

ਹੇ ਈਸ਼ਵਰ,; ਮੇਰੀ ਇੰਨੀ ਕੁ ਤਮੰਨਾ ਹੈ ਕਿਸੇ ਨਾਲ ਬੇ ਇਨਸਾਫੀ ਨਾ ਹੋਵੇ ਕੋਈ ਜਿਆਦਤੀ ਨਾਂ ਹੋਵੇ॥

ਸ਼ਾਮਜੀ,ਬੱਸ ਇੰਨੀ ਕੁ ਤੰਮਨਾ ਹੈ ਮੇਰੀ-ਕੌਮ ਵਿਚੋਂ ਭ੍ਰਿਸ਼ਟਾਚਾਰ,ਕਮੀਨਗੀ,ਸਵਾਰਥੀ ਤੇ ਸੌੜੀ ਸੋਚ ਦਾ ਬੇੜਾ ਡੁੱਬ ਜਾਵੇ!

ਹੇ ਸੱਚੇ ਪਾਤਸ਼ਾਹ' ਇਕ ਇਹੋ ਤੰਮਨਾ ਹੈ ਮੇਰੀ-ਅੱਜ ਦੇ ਬੱਚੇ ਕਲ ਦੇ ਨੇਤਾ ਹੋਣ !

ਹੇ ਗੁਰੂ ਜੀ,ਇੰਨੀ ਕੁ ਇਕ ਤੰਮਨਾ ਹੈ ਮੇਰੀ-ਘਰ ਘਰ ਭਗਤ ਸਿੰਘ,ਸੁਖਦੇਵ ਰਾਜਗੁਰੂ,ਉਧਮ ਸਿੰਘ,ਕਰਤਾਰ ਸਿੰਘ ਸਰਾਭ੍ਹਾ,ਬਿਸਮਿਲ ਖਾਨ ਚੰਦਰ ਸੇਖਰ,ਸੁਭਾਸ਼ ਚੰਦਰ ਬੋਸ,ਤੇ ਹੋਰ ਯੋਧੇ ਜੋ ਮਿਟ ਕੇ ਨਾਂ ਮਿਟੇ ,ਪੈਦਾ ਹੋਣ।

ਹਰ ਮੁਹੱਲੇ ਵਿੱਚ ਦੁੱਲੇ ਭੱਟੀ ਤੇ ਜੱਗੇ ਤੇ ਮਲੰਗੀ ਹੋਣ,ਸਰਵਣ ਤੇ ਅਰਸਤੂ ਹੋਣ।

ਹੇ ਪ੍ਰਮਾਤਮਾ ਇਕ ਤਮੰਨਾ ਹੈ ਮੇਰੀ-ਇਨਸਾਨ ਕਾ ਹੋ ਇਨਸਾਨ ਸੇ ਭਾਈਚਾਰਾ !



ਵਾਹਿਗੁਰੂ ਜੀਓ,ਮੇਰੀ ਇਕ ਬੱਸ ਇੰਨੀ ਕੁ ਤੰਮੰਨਾ ਹੈ ਕਿ ਮੇਰੇ ਸੋਹਣੇ ਪੰਜਾਬ ਦਾ ਰੱਬ ਜੋ ਬਾਪੂ ਦਾ ਗੁਰੂ ਬਣ ਕੇ ਕਿਤੇ ਰੁਸ ਕੇ ਲੁਕਿਆ ਬੈਠਾ ਹੈ, ਜਾਂ ਫਿਰ ਆਪੇ ਬਣੇ ਹਜਾਰਾਂ ਰੱਬਾਂ ਨੇ ਉਸਦੀ ਬੇਆਵਾਜ਼ ਲਾਠੀ ਖੋਹ ਲਈ ਹੈ,ਉਸਨੂੰ ਮਨਾ ਕੇ ਮੁੜ ਪੰਜਾਬ ਵਿੱਚ ਮੋੜ ਲਿਆਓ ਜੀ,ਤੇ ਲਾਠੀ ਵਾਪਸ ਕਰਾਓ ਜੀ।

ਸਤਿਗੁਰੂ ਜੀਓ'ਮੇਰੀ ਇਕ ਤਮੰਨਾ ਹੈ,ਗੋਲਿਆਂ ਨੂੰ ਬੀਬਾ ਬਣਾ ਕੇ, ਬੇਮੁਖ ਹੋ ਚੁੱਕੇ ਸਿਖਾਂ ਨੂੰ ਗੁਰਮੁਖ ਬਣਾ ਘਰ ਮੋੜ ਲਿਆਓ ਜੀ

ਹੇ ਸੱਚੇ ਪਾਤਸ਼ਾਹ ਜੀਓ, ਬੱਸ ਇਕ ਤੰਮੰਨਾ ਹੈ ਕਿ ਮੀਡੀਆ ਗੁਲਾਮੀ,ਅੰਧਵਿਸ਼ਵਾਸ਼,ਇਸ਼ਤਿਹਾਰਬਾਜ਼ੀ,ਨੰਗੇਜ਼,ਗੱਪ ਤੋਂ ਬਾਜ ਆ ਜਾਵੇ!ਮੀਡੀਆ ਚਾਨਣ ਵੰਡੇ ਤੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਬੱਚ ਕੇ ਰਹਿਣ ਦਾ ਮਾਰਗ ਦਸਦਾ ਰਹੇ।



## "ਤਮੰਨਾਂ/ਖਾਬ"

"ਤੇਜ਼ ਹਵਾ ਨੇ ਪੁਛਿਆ,ਰੇਤ ਤੇ ਕੀ ਲਿਖਦੇ ਰਹਿੰਦੇ ਹੋ?

ਉਤਰ ਮਿਲਿਆ-ਨੌਕਰੀ,ਅਸਲੀ ਰਾਸ਼ਨ, ਅੱਛੈ ਦਿਨ........

ਭਾਰਤ ਦੇਸ਼ ਮਹਾਨ ਦੇ ਆਮ ਆਦਮੀ ਦਾ ਖਵਾਬ ਤੇ ਤਮੰਨਾ ਦੀ ਤਸਵੀਰ .......

ਘਰ ਦੀ ਦਾਲ-ਮੁਰਗੀ ਬਰਾਬਰ,

ਪਿਆਜ਼- ਦੂਰ ਦੀ ਪ੍ਰਵਾਜ਼

ਸੂਰਜ ਜਰਾ ਆ ਪਾਸ ਆ

ਆਜ ਸਪਨੋਂ ਕੀ ਰੋਟੀ ਪਕਾਏਂਗੇ

ਐ ਆਸਮਾਂ'ਤੂੰ ਬੜਾ ਮੇਹਰਬਾਂ

ਆਜ ਤੁਝ ਕੋ ਭੀ ਦਾਅ੍ਵਤ ਖਿਲਾਏਂਗੇ।

ਚੁਲ੍ਹਾ ਹੈ ਠੰਡਾ ਬੜਾ,ਔਰ ਪੇਟ ਮੇਂ ਆਗ ਹੈ

ਗਰਮਾ ਗਰਮ ਰੋਟੀਆਂ ਕਿਤਨਾਂ ਹਸੀਂ ਖਾਬ ਹੈ।

ਆਲੂ,ਟਮਾਟਰ ਦਾ ਸਾਗ,ਇਮਲੀ ਦੀ ਚਟਨੀ ਬਨੇ

ਰੋਟੀ ਕਰਾਰੀ ਸਿਕੇ,ਘੀ ਉਸ ਪੇ ਅਸਲੀ ਲਗੇ।

ਬੈਠੈ ਕਹੀਂ ਛਾਂਵ ਮੇਂ,ਆ ਆਜ ਪਿਕਨਿਕ ਹੀ ਸਹੀ,

ਐਸੇ ਕਿਸੀ ਦਿਨ ਕੀ ਹੀ ਸਦਾ ਹਮ ਕੋ ਤਮੰਨਾ ਰਹੀ

ਪਿਛਲੇ ਅਠਾਹਠ ਸਾਲਾਂ ਤੋਂ ਬਹੁਤੇ ਭਾਰਤੀ ਇਹੀ ਖਵਾਬ ਦੇਖ ਰਹੇ ਹਨ ਤੇ ਇਹੀ ਉਹਨਾਂ ਦੀ ਤੰਮੰਨਾ ਰਹੀ ਹੈ। ਕੜੀ ਧੁੱਪ ਵਿੱਚ ਕਿਸੇ ਫੁਟਪਾਥ ਤੇ ਬੈਠੈ,ਜਾਂ ਕਿਸੇ ਪੁਲ ਹੇਠ ਬੈਠੈ ਬਾਰਸ਼ ਤੋਂ ਬਚਣ ਦਾ ਨੰਨ੍ਹਾ ਯਤਨ ਕਰ ਰਹੇ ਹਨ।



ਇਹ ਦੇਵੀ ਦੇਵਤਿਆਂ ਫਰਿਸ਼ਤਿਆਂ ਦਾ ਦੇਸ਼,ਜਿਸਦੇ ਮੰਦਿਰ ਗੁਰਦਵਾਰੇ ਧਨ ਦੌਲਤ ਨਾਲ ਲੱਦੇ ਪਏ ਹਨ।ਜਿਸ ਦੇਸ਼ ਵਿਚੋਂ ਹਰ ਸਾਲ ਟਨਾਂ ਅਨਾਜ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ ਹੈ।ਜਿਸ ਦੇਸ਼ ਦੇ ਵਾਸੀ ਦਾਨ ਦੇਣ ਵੇਲੇ ਆਪਣੇ ਪੇਟ ਦੀ ਵੀ ਨਹੀਂ ਸੁਣਦੇ ਖੁਲੇ ਦਿਲ ਨਾਲ ਕਰੋੜਾਂ ਧਰਮ ਦੇ ਨਾਮ ਤੇ ਬਨਾਉਟੀ ਰੱਬ ਤੋਂ ਵਾਰ ਦੇਂਦੇ ਹਨ।

ਮਨੁੱਖਾਂ ਦੇ ਇਸ ਜੰਗਲ ਵਿੱਚੋਂ ਮਨੁੱਖਤਾ ਘਟਦੀ ਜਾ ਰਹੀ ਹੈ,ਇਨਸਾਨੀਅਤ ਦੂਰ ਦੀ ਬਾਜੀ ਬਣ ਕੇ ਰਹਿ ਗਈ ਹੈ।

ਇਸੇ ਦੇਸ਼ ਦੇ ਵਾਸੀਆਂ ਦੀ ਮਜਬੂਰੀ ਹੈ ਕਿ ਉਹਨਾਂ ਨੂੰ ਚੋਰਾਂ ਦੇ ਕਾਲੇ ਬਾਜਾਰ ਦੀ ਸ਼ਰਨ ਵਿੱਚ ਗੁਲਾਮੀ ਕਰਨੀ ਪੈ ਰਹੀ ਹੈ। ਮੁੱਠੀ ਭਰ ਸ਼ੇਤਾਨ ਜੋ ਮਨੁੱਖ ਦੀ ਹੀ ਨਸਲ ਹਨ,ਲਹੂ ਪੀਣੇ ਸੱਪਾਂ ਤੋਂ ਵੀ ਜਿਆਦਾ ਜਹਿਰੀਲੇ ਹਨ,ਕਾਲੇ ਧਨ ਤੇ ਨਾਗ ਬਣੀ ਬੈਠੈ ਸੋਚ ਰਹੇ ਹਨ ਕਿ ਧਨ ਕਬਰ ਵਿੱਚ ਨਾਲ ਕਿਵੇਂ ਨਾਲ ਲਿਜਾਇਆ ਜਾਵੇ?।

'ਡਾਢੇ ਦਾ ਸੱਤੀਂ ਵੀਹੀਂ ਸੌ ਹੈ ਇਥੇ"।

ਅੰਬ ਦਾ ਆਚਾਰ,ਗੰਢਾ ਤੇ ਲੱਸੀ,ਮੱਖਣ ਪੰਜਾਬੀਆਂ ਦੀ ਪੌਸ਼ਟਿਕ ਖੁਰਾਕ ਸੀ।ਰੋਜ਼ ਰਾਤ ਨੂੰ ਦਾਲ ਨਾਲ ਭੰਨਿਆਂ ਗੰਢਾ ਜਾਂ ਗੰਢੇ ਦੀ ਚਟਨੀ।ਬੜਾ ਚਿਰ ਹੋਇਆ ਦਾਲ ਨੂੰ ਪਾਣੀ ਚ ਟੁੱਬੀਆਂ ਮਾਰਦੇ,ਤੇ ਪਿਛਲੇ ਕਈ ਸਾਲਾਂ ਤੋਂ ਗੰਢਾ ਵੀ ਖਾਸ ਮੌਕਾ ਪਾ ਕੇ ਚੁਰਾ ਲਿਆ ਜਾਂਦਾ ਹੈ।ਗੰਢੇ ਤੇ ਦਾਲ ਗਾਇਬ ਕਰਨ ਵਾਲੇ ਨੂੰ ਕੋਈ ਟੈਕਸ ਨਹੀਂ ਦੇਣਾ ਪੈਂਦਾ,ਨਾਂ ਕੋਈ

ਕਾਨੂੰਨ ਇਹਨਾਂ ਦਾ ਕੁਝ ਵਿਗਾੜ ਸਕਦਾ ਹੈ।ਸਗੋਂ ਇਹ ਤੇ ਮੰਤਰਾਲੇ ਦਾ ਸੱਜਾ ਹੱਥ ਹਨ।

ਪਹਿਲਾਂ ਆਮ ਆਦਮੀ,ਪੂਣੀ,ਤੰਦ.ਦਾਣਾ,ਸਾਂਭ ਵੇਚ ਵੱਟ ਕੇ ਵਿਸਾਖੀ ਦੇ ਮੇਲੇ ਜਾ ਦਮਾਮੇ ਮਾਰਦਾ ਸੀ ਤੇ ਹੁਣ ਸਿਰੇ ਤੋਂ ਹੀ ਕਿੱਲਾ ਵੇਚ ਕੇ ਵਲਇਤ ਜਾ ਵੜਦਾ ਹੈ।

ਪਹਿਲਾਂ ਮੁੱਠੀ ਵਿੱਚ ਪੈਸੇ ਜਾਂਦੇ ਸਨ ਤੇ ਬੋਰੀ ਵਿੱਚ ਅਨਾਜ ਆਉਂਦਾ ਸੀ ਤੇ ਹੁਣ ਬੋਰੇ ਚ ਪੈਸੇ ਜਾਂਦੇ ਹਨ ਤੇ ਲਿਫਾਫੇ ਚ ਆਟਾ ਆਉਂਦਾ ਹੈ। ਸਾਡੇ ਵਡੇਰੇ ਲਿਫਾਫੇ ਵਿੱਚ ਆਟਾ ਜਾਂ ਅਨਾਜ ਪਾਉਣਾ ਬਦਸ਼ਗਨ ਤੇ ਬੇਬਰਕਤਾ ਸਮਝਦੇ ਹਨ,ਹੁਣ ਉਹ ਵੀ ਹਾਲਾਤ ਨਾਲ ਹੱਥ ਮਿਲਾ ਕੇ ਬਦ ਤੋਂ ਅੱਖਾਂ ਫੇਰੀ ਬੈਠੇ ਹਨ।

ਬਹੁਤ ਕੁਝ ਗਵਾ ਚੁੱਕੇ ਹਨ,ਬਹੁਤ ਕੁਝ ਲੁਟਾਈ ਜਾ ਰਹੇ ਹਨ,ਰੱਬ ਹੀ ਜਾਣੇ ! ਮੇਰੇ ਪਿਆਰੇ ਦੇਸ਼ ਵਾਸੀਆਂ ਦਾ ਕੀ ਬਣੇਗਾ ?

" ਛੇਤੀ ਬਹੁੜੀਂ ਵੇ ਤਬੀਬਾ......"

## “ਨਾਂ ਦੇ ਹਵਾ ਇਨ ਕੋ“

( ਛੇੜੋਂ ਨਾਂ ਦਿਲ ਕੇ ਤਾਰ ਕਿ ਰਾਤ ਬਾਕੀ ਹੈ,
ਬਾਕੀ ਹੈ ਸਾਰੀ ਰਾਤ ਕਿ ਰਾਤ ਬਾਕੀ ਹੈ।)

ਠੰਡੀ ਹਵਾ ਕੇ ‘ਝੋਕੋ’ ਚਲਤੇ ਹੈਂ ਹਲਕੇ ਹਲਕੇ
ਐਸੇ ਮੇਂ ਦਿਲ ਨਾਂ ਤੋੜੋਂ,ਵਾਦੇ ਕਰੋ ਨਾਂ ਕਲ ਕੇ।
ਬਿਸਤਰ ਕੀ ਸਿਲਵਟੋਂ ਸੇ ਮਹਿਸੂਸ ਯੇ ਹੋ ਰਹਾ ਹੈ
ਗੁਜਾਰੀ ਹੈ ਰਾਤ ਕਿਸੀ ਨੇ ਕਰਵਟੇਂ ਬਦਲ ਬਦਲ ਕੇ।

ਨਾਂ ਦੇ ਦਵਾ ਇਨ ਕੋ, ਨਾਂ ਛੂ ਇਨਹੇਂ ਗਰਮ ਹੋਂਠੋ ਸੇ,
ਸੋ ਜਾਏਂਗੇ ਅਰਮਾਨ ਕੁਸ਼ ਔਰ ਦੇਰ ਮਚਲ ਮਚਲ ਕੇ,
ਰਹਨੇ ਦੋ ਕੁਸ਼ ਔਰ ਦੇਰ ਮੇਰੇ ਜਖ਼ਮੋਂ ਕੋ ਹਰੇ,
ਗੁਜਰਤੇ ਹੈ ਯੇ ਰੂਹ ਸੇ, ਦਿਲ ਕੋ ਮਸਲ ਮਸਲ ਕੇ।

ਠੰਢੀ ਹਵਾ ਕੇ ਝੌਂਕੇ,ਚਲਤੇ ਹੈਂ ਹਲਕੇ ਹਲਕੇ,
ਐਸੇ ਮੇਂ ਦਿਲ ਨਾਂ ਤੋੜੋਂ,ਵਾਦੇ ਕਰੋ ਨਾਂ ਕਲ ਕੇ।

ਤਾਰੋਂ ਭਰੀ ਰਾਤ ਹੈ,ਚਾਂਦ ਭੀ ਸਾਥ ਸਾਥ ਹੈ,
ਐਸੇ ਮੇਂ ਤੂੰ ਆ ਜਾਏ, ਫਿਰ ਕਿਆ ਬਾਤ ਹੈ, ਕਿਆ ਹੀ ਬਾਤ ਹੈ?



## “ਟੌਹਰ ਪੰਜਾਬੀ ਦੀ“

“ਜਦ ਗੋਰੇ ਤੇ ਮੇਮ ਨੇ ਪੰਜਾਬੀ ਸਿਖੀ ਤੇ ਬੋਲੀ “--

ਪਿਛਲੇ ਕੁਝ ਅਰਸੇ ਤੋਂ ਇਕ ਰੌਲਾ ਹੈ -ਪੰਜਾਬੀ ਬੋਲੀ ਤੇੑ ਪੰਜਾਬੀ ਭਾਸ਼ਾ ਮਰ ਰਹੀ ਹੈ।

ਕੁਝ ਕੁ ਨੇ ਤਾਂ ਇਹ ਵੀ ਅੰਕਿਤ ਕਰ ਦਿੱਤਾ ਕਿ ਆਉਣ ਵਾਲੇ ਪੰਜਾਹ ਸਾਲਾਂ ਚ ਪੰਜਾਬੀ ਬੋਲੀ ਬੀਤੇ ਦੀ ਬਾਤ ਹੋ ਕੇ ਰਹਿ ਜਾਵੇਗੀ। ਐਸਾ ਕਹਿਣਾ ਜ਼ੇਬ੍ਹ ਤਾਂ ਨਹੀਂ ਦੇਂਦਾ ਪਰ ਇਸਦਾ ਕੁਝ ਲਾਭ ਇਹ ਹੋਇਆ ਕਿ ਪੰਜਾਬੀ ਪ੍ਰਤੀ ਧਿਆਨ ਜਰੂਰ ਪੈ ਗਿਆ। ਜਿਥੇ ਜਿਥੇ ਵੀ ਪੰਜਾਬੀ ਵਸਦੇ ਹਨ ਉਹ ਵਿਆਹ ਤੇ ਹੋਰ ਰੀਤਾਂ,ਰਸਮਾਂ ਪੰਜਾਬੀ ਵਿੱਚ ਹੀ ਕਰਦੇ ਹਨ ਤੇ ਘਰਾਂ ਵਿੱਚ ਆਮ ਬੋਲ ਚਾਲ ਦੀ ਭਾਸ਼ਾ ਪੰਜਾਬੀ ਹੀ ਹੈ।ਹਾਂ ਊਲ ਜਲੂਲ ਗੀਤਾਂ ਦੀ ਮੰਡੀ ਨੇ ਇਸਦੇ ਵਕਾਰ ਨੂੰ ਵੱਡੀ ਢਾਹ ਲਾਈ ਹੈ,ਫਿਰ ਵੀ ਇਹ ਆਪਣਾ ਦਾਮਨ ਸੰਭਾਲੇ ਹੋਏ ਹੈ।

ਅਸੀਂ ਦੂਸਰੇ ਰਾਜਾਂ ਤੋਂ ਆਏ ਮਜਦੂਰਾਂ ਨੂੰ ਆਪਣੀ ਬੋਲੀ ਸਿਖਾਉਣ ਦੀ ਬਜਾਏ ਉਹਨਾਂ ਦੀ ਬੋਲੀ ਬੋਲਣ ਲਗਦੇ ਹਾਂ।ਜੋ ਕੁਝ ਪੜ੍ਹੇ ਹਨ ਉਹ ਅੰਗਰੇਜੀ ਵਰਤਦੇ ਹਨ,ਅਗਲੇ ਦੀ ਬੋਲੀ ਪੰਜਾਬੀ ਝੱਟ ਸਿੱਖ ਲੈਂਦੇ ਹਨ ਤੇ ਉਹਦੇ ਨਾਲ ਉਹੋ ਬੋਲਣ ਲਗਦੇ ਹਨ।ਫੋਜੀ ਵੀ ਟੁੱਟੀ ਫੁੱਟੀ ਰੰਗ ਬਰੰਗੀ ਖਿਚੜੀ ਭਾਸ਼ਾ ਬੋਲਣ ਲਗ ਪੈਂਦੇ ਹਨ। ਅਸਲ ਵਿੱਚ ਅਸੀਂ ਆਪ ਹੀ ਮਹਿਸੂਸ ਨਹੀਂ ਕੀਤਾ ਕਦੇ ਕਿ ਸਾਡੀ ਪੰਜਾਬੀ ਅਵੇਸਲੀ ਹੋ ਰਹੀ ਹੈ।

ਪੰਜਾਬੀ ਜਲਦ ਸਮਝ ਆਉਣ ਵਾਲੀ ਭਾਸ਼ਾ ਹੈ ਤੇ ਇਸਦਾ ਰੂਪ ਬਦਲਣ ਦੀ ਲੋੜ ਨਹੀਂ ਹੁੰਦੀ।

ਸਾਡੀ ਬੇਟੀ ‘ਸਨਮ’ ਅੰਗਰੇਜੀ ਮੁਲਕ ਵਿੱਚ ਹੀ ਪੜ੍ਹੀ ਤੇ ਕਈ ਸਾਲ ਤੋਂ ਉਥੇ ਹੀ ਰਹੀ ਹੈ।ਉਸ ਲਈ ਉਹਨਾਂ ਦੀ ਭਾਸ਼ਾ ਸਿਖਣੀ ਜਰੂਰੀ ਸੀ।ਅੰਗਰੇਜ ਲੋਕ ਸਾਡੀ ਇਹ ਸਿਫ਼ਤ ਕਰਦੇ ਹਨ ਕਿ ਅਸੀਂ ਉਹਨਾਂ ਦੀ ਭਾਸ਼ਾ ਬਾਖੂਬੀ ਲਿਖ ਬੋਲ ਸਕਦੇ ਹਾਂ,ਤੇ ਉਹ ਮੰਨਦੇ ਹਨ ਕਿ ਉਹ ਕੋਈ ਵੀ ਹੋਰ ਭਾਸ਼ਾ ਸਿਖਣ ਦੀ ਕਾਬਲੀਅਤ ਨਹੀਂ ਰਖਦੇ,ਜਾਂ ਫਿਰ ਅਸੀਂ ਕਦੇ ਯਤਨ ਹੀ ਨਹੀਂ ਕੀਤਾ ਉਹਨਾਂ ਨੂੰ ਸਿਖਾਉਣ ਦਾ।

ਬਾਹਰਲੇ ਮੁਲਕ ਅਸੀਂ ਜਦੋਂ ਆਪਸ ਚ ਗਲਬਾਤ ਕਰਦੇ ਹਾਂ ਤਾਂ ਸਾਡੀ ਪਰਾਈਵੇਸੀ ਕਾਇਮ ਰਹਿੰਦੀ ਹੈ ਪਰ ਉਹਨਾਂ ਦੀ ਪਰਾਈਵੇਸੀ ਚ ਸੇਂਧ ਲਗ ਜਾਂਦੀ ਹੈ।

ਮੈਂ ਇਕ ਦਿਨ ਬੇਟੀ ਨੂੰ ਕਿਹਾ ਅਸੀਂ ਇਹਨਾਂ ਦੀ ਭਾਸ਼ਾ ਸਿਖੀ ਇਹ ਸਾਡੀ ਕਿਉਂ ਨਹੀਂ ਸਿਖਦੇ? ਬੇਟੀ ਨੇ ਦਸਿਆ-‘

ਮੰਮੀ ਇਹ ਇਸ ਕਾਬਲ ਨਹੀਂ ਹੁੰਦੇ ਇਹ ਆਸਾਨ ਤੇ ਜਲਦੀ ਮੁਕਾਉਣ ਵੱਲ ਗੌਰ ਰਖਦੇ ਹਨ।

ਮੈਂ ਕਿਹਾ ਆਪਾਂ ਆਪਣੀ ਭਾਸ਼ਾ ਨੂੰ ਖਿੰਡਾਈਏ,ਕੋਸ਼ਿਸ਼ ਤਾਂ ਕਰੀਏ,ਜਿਵੇਂ ਡਾ.ਹਰਸ਼ਿੰਦਰ ਕੌਰ ਨੇ ਯੂ ਐਨਂ ਓ ਚ ਪੰਜਾਬੀ ਦਾ ਝੰਡਾ ਗੱਡਿਆ।ਇਹ ਗੱਲ ਬੇਟੀ ਦੇ ਦਿਲ ਵਿੱਚ ਘਰ ਕਰ ਗਈ,ਤੇ ਉਸਨੇ ਇਸਨੂੰ ਗੰਭੀਰਤਾ ਨਾਲ ਲੈਂਦੇ ਹੋਏ ਯਤਨ ਆਰੰਭ ਦਿੱਤੇ।

ਕੁਝ ਦਿਨ ਪਹਿਲੇ ਉਸ ਨੇ ਮੈਨੂੰ ਫੋਨ ਤੇ ਕਿਹਾ – ਮੰਮੀ ਮੇਰੇ ਅੰਗਰੇਜ ਦੋਸਤ ਤੁਹਾਨੂੰ ਵਿਸ਼ ਕਰਨਾਂ ਚਾਹੁੰਦੈ,ਤੁਸੀਂ ਲਾਇਨ ਤੇ ਬਣੇ ਰਹਿਣਾ-

ਦੂਸਰੇ ਪਾਸੇ ਤੋਂ ਅਮਰੀਕਨ ਮੇਮ ਫੋਨ ਤੇ)-ਅੰਟੀ 'ਸਤਿ ਸ੍ਰੀ ਅਕਾਲ' ਉਸਨੇ ਮਿੱਠੀ ਪੰਜਾਬੀ ਚ ਜਦ ਕਿਹਾ ਤਾਂ ਜਿਵੇਂ ਮੇਰੇ ਕੰਨ ਮਿਸ਼ਰੀ ਰੱਸ ਨਾਲ ਲਰਜ਼ ਗਏ।

ਫਿਰ ਬੇਟੀ ਨੇ ਦੂਜੇ ਦੋਸਤ ਨੂੰ ਫੋਨ ਫੜਾਇਆ

ਅੰਗਰੇਜ ਅਮਰੀਕਨ ਗੋਰਾ -ਅੰਟੀ ' ਸਤਿ ਸ੍ਰੀ ਅਕਾਲ'।

ਬੇਟੀ-ਮੰਮੀ ਇਹ ਤੁਹਾਨੂੰ ਪੰਜਾਬੀ ਵਿੱਚ ਗਿਣਤੀ ਸੁਣਾਏਗਾ ਸੁਣੋ-ਤੇ ਗੋਰੇ ਅਮਰੀਕਨ ਨੇ

ਮੈਨੂੰ ਫੋਨ ਤੇ ਇਕ ਤੋਂ ਦੱਸ ਤੱਕ ਦੀ ਗਿਣਤੀ ਸੁਣਾਈ।ਤੇ ਬਾਏ ਕਹਿਣ ਦੀ ਥਾਂ ਉਹਨਾਂ

ਬੜੇ ਪਿਆਰ ਨਾਲ ਮੈਨੂੰ 'ਰੱਬ ਰਾਖਾ 'ਕਿਹਾ।ਸੱਚ ਜਾਣੋ ਬੜਾ ਲੁਤਫ਼ ਆਇਆ ਗੋਰਿਆਂ

ਦੇ ਮੁਖਾਰਬਿੰਦ ਚੋਂ ਆਪਣੀ ਜਬਾਨ ਸੁਣ ਕੇ।ਇਹ ਮੇਰੀ ਬੇਟੀ ਦਾ ਵੀ ਆਪਣੀ ਬੋਲੀ ਨਾਲ

ਪਿਆਰ ਮਿਸਾਲ ਕਾਇਮ ਕਰ ਗਿਆ ਸੀ।

ਇਸਦੇ ਨਾਲ ਹੀ ਆਪਣੀ ਸਭਿਅਤਾ ਅਤੇ ਆਪਣੀ ਗੁਰੂਬਾਣੀ ਜੋ ਕਿ ਮੈਡੀਕਲ ਸਾਇੰਸ ਵੀ ਹੈ ਦੀ ਜਾਣਕਾਰੀ ਲਈ ਬੇਟੀ ਆਪਣੇ ਗੋਰੇ ਦੋਸਤਾਂ ਨੂੰ ਗੁਰਦਵਾਰੇ ਵੀ ਲੈ ਕੇ ਗਈ ਤੇ ਉਹਨਾਂ ਨੂੰ ਗੁਰਦਵਾਰੇ ਤੋਂ ਦਸਤਾਰਾਂ ਲੈ ਕੇ ਸਿਰ ਤੇ ਬਨ੍ਹ ਕੇ ਸਿਰ ਢਕਾਏ।ਇਸ ਨਾਲ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਸਮਝ ਆ ਗਿਆ।

ਉਹਨਾਂ ਨੇ ਦੋ ਹੱਥ ਕਰ ਕੇ ਪ੍ਰਸ਼ਾਦ ਲਿਆ ਤੇ ਖਾਧਾ,ਫਿਰ' ਸਨਮ' ਨੇ ਉਹਨਾਂ ਨੂੰ ਪੰਗਤ ਵਿੱਚ ਬੈਠ ਕੇ ਲੰਗਰ ਪ੍ਰਸ਼ਾਦਾ ਵੀ ਛਕਾਇਆ,ਤੇ ਉਹਨਾਂ ਨੇ ਦਾਲ ਸਭਜੀ ਰੋਟੀ ਸਵਾਦ ਲਗਣ ਦਾ ਇਜ਼ਹਾਰ ਵੀ ਕੀਤਾ।ਉਥੇ ਹੀ ਗੁਰਦਵਾਰੇ ਚ ਹੋ ਰਹੇ ਪੰਜਾਬੀ ਵਿਆਹ ਦਾ ਆਨੰਦ ਵੀ ਉਹਨਾਂ ਨੇ ਮਾਣਿਆ,ਲਾਵਾਂ ਦਾ ਸੀਨ ਉਹਨਾਂ ਨੂੰ ਬੜਾ ਦਿਲਚਸਪ ਲਗਾ।



ਮੈਨੂੰ ਅਹਿਸਾਸ ਹੋਇਆ ਕਿ ਜੇ ਮਾਂ ਬਾਪ ਚਾਹੁਣ ਤਾਂ ਪੰਜਾਬੀ ਪੂਰੀ ਦੁਨੀਆਂ ਦੀ ਸਮਝ ਵਿੱਚ ਆਉਣ ਵਾਲੀ ਪਹਿਲੀ ਭਾਸ਼ਾ ਬਣ ਸਕਦੀ ਹੈ।ਤੇ ਪੰਜਾਬੀਆਂ ਦੀ ਟੌਹਰ ਵੱਖਰੀ ਸਿਰਫ਼ ਕਹਿਣ ਨੂੰ ਨਹੀਂ ਸੱਚ ਮੁੱਚ ਹੋ ਸਕਦੀ ਹੈ।

ਸਾਡੀ ਦੋ ਸਾਲ ਦੀ ਬੇਟੀ ਅੰਗਰੇਜੀ ਬੋਲਦੀ ਹੈ,ਪਰ ਪੰਜਾਬੀ ਵੀ ਪੂਰੀ ਤਰਾ ਸਮਝਦੀ ਹੈ,

ਕਿਉਂਕਿ ਘਰ ਵਿੱਚ ਉਸਨੂੰ ਪੰਜਾਬੀ ਮਾਹੌਲ ਦਿੱਤਾ ਜਾਂਦਾ ਹੈ।ਪੂਰਾ ਦਿਨ ਉਸਨੇ ਪਲੇਅ ਸਕੂਲ ਵਿੱਚ ਆਪਣੇ ਨਨ੍ਹੇ ਅੰਗਰੇਜ਼ ਦੋਸਤਾਂ ਨਾਲ ਅੰਗਰੇਜੀ ਬੋਲ ਕੇ ਗੁਜਾਰਨਾ ਹੁੰਦਾ ਹੈ।

ਕਈ ਵਾਰ ਮੈਨੂੰ ਤਰਸ ਆਉਂਦਾ ਹੈ ਇਕ ਨੰਨ੍ਹੀ ਜਾਨ ਤੇ ਤਿੰਨ ਤਿੰਨ ਭਾਸ਼ਾ ਦਾ ਗਿਆਨ।

ਬੱਚੀ ਨੂੰ ਹਿੰਦੀ ਪੰਜਾਬੀ ਤੇ ਸਾਡੀ ਦੇਸੀ ਅੰਗਰੇਜ਼ੀ ਵੀ ਸਮਝਣੀ ਪੈਂਦੀ ਹੈ।ਉਸਨੂੰ ਇਹ ਵੀ ਸਮਝ ਹੋ ਗਈ ਹੈ ਕਿ ਅਮਰੀਕਾ ਵਿੱਚ ਗਰੈਂਡ ਮਾਂ ਤੇ ਪੰਜਾਬ ਵਿੱਚ ਨਾਨੀ ਮਾਂ.....।

ਦਸਣਾ ਉਚਿਤ ਰਹੇਗਾ ਕਿ ਗੋਰਿਆਂ ਦੀ ਇੰਗਲਿਸ਼ ਪਰੋਨਾਉਂਸੀਏਸ਼ਨ ਸਾਡੇ ਨਾਲੋਂ ਫਰਕ ਹੁੰਦੀ ਹੈ,ਤੇ ਉਹਨਾਂ ਦੀ ਲਿਖਣ ਪੜ੍ਹਨ ਵਾਲੀ ਭਾਸ਼ਾ ਵੀ ਸਾਡੀ ਸਿੱਖੀ ਅੰਗਰੇਜ਼ੀ ਨਾਲੋਂ ਫਰਕ ਹੁੰਦੀ ਹੈ,ਕਿਉਂਕਿ ਇਹ ਉਹਨਾਂ ਦੀ ਇਲਾਕਾਈ ਤੇ ਮਜ਼ਬ੍ਹੀ ਜਬਾਨ ਹੈ,ਤੇ ਸਾਡੇ ਲਈ ਸਿਲੇਬਸ ਅਤੇ ਪਰੋਫੈਸ਼ਨਲ ਮੀਡੀਅਮ ਹੈ।

ਸਾਡੇ ਨੇੜੇ ਮਿੱਟੀ ਦੇ ਭਾਂਡੇ ਬਣਾਉਣ ਵਾਲੇ ਘੁਮਿਆਰ ਕਲੌਨੀ ਹੈ,ਇਹ ਕਬੀਲਾ ਬੜੇ ਸਾਲ ਪਹਿਲਾਂ ਗੁਜਰਾਤ ਤੇ ਹਰਿਆਣਾ ਤੋਂ ਇਥੇ ਆ ਕੇ ਵਸਿਆ,ਇਹ ਆਪਣੇ ਘਰ ਪਰਿਵਾਰ ਵਿੱਚ ਆਪਣੀ ਮਾਂ ਬੋਲੀ ਬੋਲਦੇ ਹਨ ਤੇ ਆਲੇ ਦੁਆਲੇ ਪੰਜਾਬੀ।ਪਹਿਲਾਂ ਇਹਨਾਂ ਦੇ ਘਰਾਂ ਦੀ ਚਾਰਦਿਵਾਰੀ ਟੁੱਟੇ ਭਾਂਡਿਆਂ ਦੀ ਬਣਾਉਂਦੇ ਸਨ,ਤੇ ਇਸ ਕਲੌਨੀ ਨੂੰ ਸਾਡੇ ਦੋਸਤ ਮਿੱਟੀ ਦੇ ਭਾਂਡਿਆਂ ਦੀ ਯੁਨੀਵਰਸਿਟੀ ਕਹਾ ਕਰਦੇ ਸਨ,ਪਰ ਅੱਜ ਕਲ ਉਹਨਾਂ ਟੁੱਟੇ ਘੜਿਆਂ ਦੀ ਬਣੀ ਝੌਂਪੜੀਆਂ ਦੀ ਥਾਂ ਆਲੀਸ਼ਾਂਨ ਕੋਠੀਆਂ ਨੇ ਲੈ ਲਈ ਹੈ,ਇਹਨਾਂ ਲੋਕਾਂ ਪੰਜਾਬ ਦੇ ਸਕੂਲਾਂ ਕਾਲਜਾਂ ਵਿੱਚ ਪੜ੍ਹ ਕੇ ਬਹੁਤ ਤਰੱਕੀ ਕਰ ਲਈ ਹੈ,ਚੰਗੇ ਕਾਰੋਬਾਰ ਹਨ,ਦੱਸਣ ਵਾਲੀ ਗਲ ਇਹ ਹੈ ਕਿ ਇਹ ਲੋਕ ਹੁਣ ਬਹੁਤ ਵਧੀਆਂ ਠੇਠ ਪੰਜਾਬੀ ਬੋਲਦੇ ਹਨ, ਲੁਤਫ਼ ਦੀ ਗੱਲ ਹੈ ਕਿ ਇਹਨਾਂ ਦੇ ਮੂੰਹੋ ਬੋਲੀ ਜਾਂਦੀ ਪੰਜਾਬੀ ਵਿੱਚ ਗੁਜਰਾਤੀ ਜਬਾਨ ਵਾਲਾ ਰੱਸ ਹੈ,ਨਮਰ ਤੇ ਭਿੰਨਾ।ਪਰ ਇਹਨਾਂ ਨੇ ਕੋਠੀਆਂ ਅੱਗੇ ਮਿੱਟੀ ਦੇ ਭਾਂਡੇ ਰੱਖ ਕੇ ਆਪਣੀ ਪਹਿਚਾਣ ਕਾਇਮ ਰੱਖੀ ਹੈ।

ਸੜਕਾਂ ਦੇ ਕੰਢੇ ਝੌਂਪੜੀਆਂ ਵਿੱਚ ਰਹਿੰਦੇ ਮੂਰਤੀਆਂ ਬਣਾਉਣ ਵਾਲੇ ਵੀ ਆਪਣੀ ਜਬਾਨ ਵਿੱਚ ਪੰਜਾਬੀ ਬੋਲੀ ਬੋਲਣ ਲਗ ਪਏ ਹਨ।ਸੱਚਮੁੱਚ ਬੜੀ ਟੌਹਰ ਹੈ ਪੰਜਾਬੀ ਦੀ।

" ਪੰਜਾਬੀਏ ਜਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ"॥

## “ਆਹ ਦੋ ਕਿਤਾਬਾਂ“

ਮੈਂ ਜਿਆਦਾ ਅੰਗਰੇਜ਼ੀ ਸਾਹਿਤ ਹੀ ਪੜ੍ਹਿਆ ਹੈ,ਤੇ ਮੇਰੀ ਬਹੁਤੀ ਦਿਲਚਸਪੀ ਇਸੀ ਵਿੱਚ ਰਹੀ ਹੈ,ਪਰ ਆਹ ਦੋ ਕਿਤਾਬਾਂ ਜੋ ਮੇਰੀ ਮਾਮਾ ਨੇ ਲਿਖੀਆਂ ਹਨ,ਇਹਨਾਂ ਦੀ ਬਾਹਰੀ ਦਿੱਖ ਨੇ ਹੀ ਮੈਨੂੰ ਪੜ੍ਹਨ ਦੀ ਧੂਹ ਪਾਈ ।

1. ਗੁੱਡੀ,ਪਟੋਲਾ,ਖਿਦੋ ਖੂੰਡੀ---ਮੰਮਾ ਦੀ ਇਹ ਪਲੇਠੀ ਪੁਸਤਕ ਹੈ।ਇਸ ਤੋਂ ਪਹਿਲਾਂ ਮੰਮਾ ਦੀਆਂ ਰਚਨਾਵਾਂ ਅਖਬਾਰਾਂ,ਪਤਰਕਾਵਾਂ,ਤੇ ਨੈੱਟ ਤੇ ਛਾਇਆ ਹੁੰਦੀਆਂ ਰਹੀਆਂ ਹਨ।ਇਸ ਵਿੱਚ ਜਾਣਕਾਰੀਆਂ,ਸਮਾਜਿਕ ਊਣਤਾਈਆਂ,ਧਾਰਮਿਕ ਸਮਾਜਿਕ ਸੇਧਾਂ,ਨਸੀਹਤਾਂ,ਫੋਕੀਆਂ ਰਹੁ-ਰੀਤਾਂ ਸੱਭ ਕੁਝ ਹੈ।ਮਾਨੋ ਜਿਉਂ ਗਾਗਰ ਵਿੱਚ ਸਾਗਰ ਭਰ ਰੱਖਿਆ ਹੈ।ਇਹ ਪੁਸਤਕ ਹਰੇਕ ਵਰਗ,ਉਮਰ ਦੇ ਪਾਠਕਾਂ ਲਈ ਜੀਵਨ ਜਾਚ ਸਿੱਧ ਹੁੰਦੀ ਹੈ।

ਬਚਪਨ ਦੀਆਂ ਖੇਡਾਂ,ਅਲ੍ਹੜ ਉਮਰ ਦੀਆਂ ਨਦਾਨੀਆਂ,ਔਰਤ ਜਾਤੀ ਦਾ ਸਮਾਜਕ ਰੁਤਬਾ,ਪਹਿਲਾ ਸਕੂਲ ਮਾਂ ਹੈ,ਤੇ ਮਾਂ ਹਰ ਉਮਰ ਵਿੱਚ ਰਾਹ ਦਸੇਰਾ ਹੈ।ਗਲ ਕੀ ਮਾਮਾ ਦੀ ਇਹ ਪੁਸਤਕ,ਧਰਤੀ ਤੋਂ ਆਸਮਾਨ ਤੱਕ ਵਿਚਰ ਰਹੇ ਹਰ ਇਨਸਾਨ ਵਿੱਚ ਨਵ-ਜੀਵਨ ਦਾ ਉਤਸ਼ਾਹ ਭਰਦੀ ਹੈ ਤੇ ਸਾਹਿਤ ਪੜ੍ਹਨ ਲਈ ਪ੍ਰੇਰਦੀ ਹੈ।

2—ਆ ਸੱਜਣਾ ਓਇ—ਮਾਮਾ ਦੀ ਦੂਸਰੀ ਪੁਸਤਕ ਹੈ।“ਅੱਜ' 'ਅਤੀਤ' ਬਣ ਜਾਂਦਾ ਹੈ।

ਤੇ ਭਵਿੱਖ ਜੋ ਕਿ ਅੱਜ ਦੀ ਦੇਣ ਹੁੰਦਾ ਹੈ,ਉਹ ਵੀ ਭੂਤ ਵਿੱਚ ਵੱਟ ਜਾਂਦਾ ਹੈ,ਬਾਕੀ ਅੱਜ ਹੀ ਰਹਿੰਦਾ ਹੈ,ਜੋ ਅਤੀਤ ਦੀ ਡੋਰੀ ਨਾਲ ਭਵਿੱਖ ਨੂੰ ਖਿੱਚੀ ਚਲੇ ਆਉਂਦਾ ਹੈ,ਅਤੀਤ ਦੀਆਂ ਖੱਟੀਆਂ ਮਿੱਠੀਆਂ ,ਨਿਕੀਆਂ ,ਮੋਟੀਆਂ ਯਾਦਾਂ ਕਦੇ ਮੁਸਕਣੀਆਂ ਤੇ ਕਦੇ ਉਦਾਸੀਆਂ ਉਮਰ ਦੇ ਨਾਲ ਨਾਲ ਕਦਮ ਬ ਕਦਮ ਚਲਦੀਆਂ ਹਨ”।ਤੇ ਇਸਦੇ ਨਾਲ ਹੀ ਕੁਝ ਅਰਮਾਨ,ਕੁਝ ਸਪਨੇ,ਤੇ ਕੁਝ ਕਲਪਨਾਵਾਂ ਦਾ ਮਿਸ਼ਰਣ ਰਲਾ ਕੇ ਮਾਮਾ ਨੇ ਇਹ ਦੂਸਰੀ ਕਿਤਾਬ ਬਣਾਈ ਹੈ।

ਆਪਣੀਆ ਲਿਖਤਾਂ ਰਾਹੀਂ ਮਾਮਾ ਨੇ ਭਰੀ ਭੀੜ ਵਿੱਚ ਤਨਹਾ ਤਨਹਾ ਰਹਿ ਗਏ ਮਨੁੱਖ ਨੂੰ ਮੁੜ ਸੱਥ ਵਿੱਚ ਇਕੱਠੇ ਹੋਣ,ਅਤੇ ਅਜੋਕੇ ਯੁੱਗ ਵਿੱਚ ਪੈਸੇ ਦੀ ਚੂਹਾ ਦੌੜ ਵਿੱਚ ਕਿਤੇ ਰੁੱਲ ਗਏ ਇਨਸਾਨੀਅਤ ਦੇ ਰਿਸ਼ਤੇ ਨੂੰ ਮੋੜ ਲਿਆਉਣ ਦੀ ਗੁਹਾਰ ਲਗਾਈ ਹੈ।ਮਾਮਾ ਨੇ ਬੁਝੀਆਂ ਰੂਹਾਂ ਨੂੰ ਰੁਸ਼ਨਾਉਣ,ਸੁੱਤੀਆਂ ਜਮੀਰਾਂ ਨੂੰ ਜਗਾਉਣ ਦਾ ਨੰਨ੍ਹਾ ਉਪਰਾਲਾ ਕੀਤਾ ਹੈ।



ਸਾਰ—“ ਉਭਰਦੇ ਖਾਬ'ਨਜ਼ਰਾਂ ਨੂੰ ਮੰਜਿਲ ਤੱਕ ਲੈ ਜਾਂਦੇ ਹਨ”

ਮੇਰਾ ਖਿਆਲ ਹੈ ਤੇ ਮੇਰਾ ਸੁਝਾਅ ਹੈ ਕਿ ਇਹ ਦੋਨੋ ਕਿਤਾਬਾਂ ਸਮਾਜ ਵਿੱਚ ਵਿਚਰਦੇ ਹਰ ਪੁਸਤਕ ਪ੍ਰੇਮੀ ਨੂੰ ਪੜ੍ਹਨੀਆਂ ਚਾਹਦੀਆਂ ਹਨ।

ਮੇਰੇ ਦੋਸਤਾਂ ਨੇ ਕਿਤਾਬਾਂ ਪੜ੍ਹ ਕੇ ਮੈਨੂੰ ਵਧਾਈ ਦਿੱਤੀ ਹੈ ।ਉਹਨਾਂ ਦੇ ਪਰਿਵਾਰ ਵਿੱਚ ਸੱਭ ਨੇ ਪੜ੍ਹੀਆਂ ਹਨ। ਉਹਨਾਂ ਦਾ ਕਹਿਣਾ ਹੈ ਕਿ' “ਲਿਫਾਫਾ ਦੇਖ ਕੇ ਮਜ਼ਮੂਨ ਭਾਂਪ ਲੇਤੇ ਹੈਂ'ਵਾਲੀ ਕਹਾਵਤ ਇਹਨਾਂ ਕਿਤਾਬਾਂ ਤੇ ਖ਼ੂਬ ਢੁੱਕਦੀ ਹੈ।

ਇਹਨਾਂ ਕਿਤਾਬਾਂ ਦੀ ਦਿੱਖ ਹੀ ਤੁਹਾਨੂੰ ਕਿਤਾਬ ਖ਼੍ਰੀਦਣ ਲਈ ਉਤਸ਼ਾਹਤ ਕਰੇਗੀ,

ਇਹ ਕਿਤਾਬਾਂ ਹੇਠ ਲਿਖੇ ਪਤੇ ਤੋਂ ਵਾਜਬ ਕੀਮਤ ਤੇ ਆਸਾਨੀ ਨਾਲ ਮਿਲ ਸਕਦੀਆਂ ਹਨ,

“ ਕਿਤਾਬ ਤਨਹਾਈ ਦੀ ਬੇਹਤਰੀਨ ਰਫ਼ੀਕ”

“ ਕੁਤਬਦੀਨੀ ਦਾ ਸ਼ੌਕ ਸਖ਼ਸ਼ੀਅਤ ਦਾ ਨਮੂਨਾ ਹੈ”

ਆਜ਼ਾਦ ਬੁੱਕ ਡਿਪ

ਹਾਲ ਬਾਜਾਰ,ਨੇੜੈ ਕੋਤਵਾਲੀ ਗੇਟ

ਅੰਮ੍ਰਿਤਸਰ।।।ਬੁੱਕ ਡਿਪੂ ਦਾ ਫੋਨ
ਨੰ.0183.2292513,9463170369

' ਸਨਮ'

## "ਕਦੀ ਤਾਂ ਕੱਟੀ ਜਾਵੇਗੀ ....!"

ਬਾਤ ਹੋਤੀ ਗੁਲੋਂ ਤੱਕ ਤੋ ਸਹਿ ਲੇਤੇ ਹਮ,

ਅਬ ਤੋ ਕਾਂਟੋ ਪੇ ਭੀ ਹੱਕ ਹਮਾਰਾ ਨਹੀਂ।

ਅੱਜ ਚਿਰਾਂ ਬਾਦ ਨੀਤੀ ਅਚਾਨਕ ਮਿਲਣ ਆਈ ਤਾਂ ਮੈਨੂੰ ਜਿਵੇਂ ਬੇਸ਼ਕੀਮਤੀ ਗਵਾਚਾ ਹੀਰਾ ਲੱਭ ਗਿਆ ਹੋਵੇ।ਅੰਤਾਂ ਦੇ ਚਾਅ ਵਿੱਚ ਮੈਂ ਧਾਅ ਮਿਲੀ ਨੀਤੀ ਨੂੰ,ਪਰ ਨੀਤੀ ਤਾਂ ਠੰਢੀ ਠਾਰ ਪਈ ਸੀ,ਉਹ ਤੇ ਝੱਟ ਮੰਜੇ ਤੇ ਢਹਿ ਪਈ,ਤੇ ਲੰਬਾ ਸਾਰਾ ਠੰਢਾ ਹੌਕਾ ਭਰਦਿਆਂ ਫਿਸ ਪਈ," ਰੱਬਾ ਹੁਣ ਤੇ ਕੱਟ ਦੇ,ਹੁਣ ਤੇ ਬੁਲਾ ਲੈ,ਹੋਰ ਨਹੀਓਂ ਜੀਵਿਆ ਜਾਂਦਾ ਮੈਥੋਂ"।

" ਤੇਰੀ ਦੁਨੀਆ ਸੇ ਦਿਲ ਭਰ ਗੈਆ,ਵਾਪਸ ਬੁਲਾ ਲੇ....ਉਹ ਗੁਣਗਨਾਉਣ ਲਗੀ.........

ਮੈਂ- ਹਾਏ ਹਾਏ,ਰੱਬ ਸੁੱਖ ਰੱਖੇ ਕੀ ਹੋ ਗਿਆ ? ਨੀਤੀ,ਐਸੀ ਕਿਹੜੀ ਆਫਤ ਆਣ ਪਈ ? ਮੈਂ ਤੇ ਤਰਸੀ ਪਈ ਸਾਂ ਤੇਰੇ ਹਾਸੇ ਦੀ ਝਣਕਾਰ ਸੁਣਨ ਨੂੰ,ਤੇ ਤੂੰ ਆਹ ਕੀ ਰੋਣਾ ਅਲਾਪ ਰਹੀ ਹੈਂ,ਕੀ ਹੋਇਆ ਕੀ ਹੈ ?

ਨੀਤੀ-ਮਾਂ ਦਸਿਆ ਕਰਦੀ ਸੀ,ਨਾਨੀ ਪਾਠ ਕਰਦੇ ਕਰਦੇ,ਆਖਣਾ,ਰੱਬਾ ਹੁਣ ਤੇ ਕੱਟ ਦੇ.ਫਿਰ ਜਦੋ ਮੈਂ ਹੋਸ਼ ਸੰਭਾਲੀ ਮਾਂ ਨੂੰ ਕਈ ਵਾਰ ਇਹੋ ਪ੍ਰਾਰਥਨਾ ਕਰਦੇ ਸੁਣਿਆ,'ਰੱਬਾ ਹੁਣ ਤੇ ਆਪਣੇ ਚਰਨਾ ਚ ਥਾਂ ਦੇ ਦੇ,ਕੱਟ ਦੇ ਹੁਣ ਬੱਸ ਕਰ"।ਮੇਰੀ ਨਿਕੀ ਜਿਹੀ ਮੱਤ ਨੇ ਸਮਝਣਾ ਮਾਂ ਭਗਤੀ ਭਾਵਨਾ ਚ ਲੀਨ ਹੈ।ਅੱਜ ਸਮਝ ਆਈ ਮਾਂ ਤਾਂ ਮੌਤ ਮੰਗਿਆ ਕਰਦੀ ਸੀ ਰੱਬ ਕੋਲੋਂ।ਮੈਂ ਆਪਣੀ ਨਾਨੀ ਤਾਂ ਨਹੀਂ ਵੇਖੀ ਪਰ ਮੇਰਾ ਖਿਆਲ ਹੈ ਨਾਨੀ ਦੀ ਨਾਨੀ ਵੀ ਇਹੋ ਜਿਹੀ ਪ੍ਰਾਰਥਨਾ ਕਰਦੀ ਹੋਵੇਗੀ!ਇਹ ਤਾਂ ਨਾਰੀ ਜਾਤੀ ਦੀ ਜਾਤੀ ਅਰਦਾਸ ਹੋਵਗੀ।

ਮੈਂ—ਪਰ ਹੋਇਆ ਕੀ ਹੈ,ਪੂਰੀ ਗਲ ਤਾਂ ਦੱਸ..।

ਨੀਤੀ—ਜੇ ਨਾਨੀ ਨਾਂ ਹੁੰਦੀ ਤੇ ਮਾਂ ਵੀ ਨਾਂ ਹੁੰਦੀ,ਤੇ ਫਿਰ ਮੈਂ ਵੀ ਨਹੀ ਸੀ ਹੋਣਾ,ਸਾਰੀ ਗਲਤੀ ਨਾਨੀ ਦੀ ਹੈ ਉਹ ਦੁਨੀਆ ਤੇ ਆਈ ਕਿਉਂ? ਫਿਰ ਮਾਂ ਕਿਉਂ ਆਈ।ਮਾਂ ਨੇ ਮੈਨੂੰ ਕਿਉਂ ਜੰਮਿਆ ,ਜੇ ਜਨਮ ਲੈਣ ਹੀ ਦਿੱਤਾ ਸੀ ਤਾਂ ਵਿਆਹ ਕਿਉਂ ਕੀਤਾ ?

ਮੈਂ—ਹਾੜਾ,ਰੱਬ ਖੈਰ ਕਰੇ,,ਮੇਰੀ ਸੋਲਾਂ ਕਲਾ ਸੰਪੂਰਨ ਸਖੀ ਨੂੰ ਕਿਹਦੀ ਨਜ਼ਰ ਆ ਲਗੀ,ਐਸੀ ਕੀ ਤੈਸੀ ਇਹਨਾਂ ਬੁਰੀਆ ਬਲਾਵਾਂ ਦੀ।"ਜਲਾਅ ਜਲਾਲ ਤੂੰ ਆਈ ਬਲਾ ਟਾਲ



ਤੂੰ.............ਕਮਲੀ ਨਾ ਹੋਵੇ ਤੇ ਚਲ ਸ਼ਾਂਤ ਹੋ ਜਾ ਹਿੰਮਤ ਕਰ,ਤੂੰ ਤੇ ਸਾਡੇ ਸਾਰਿਆਂ ਚੋਂ ਜਿੰਦਾ ਦਿਲ ਸੀ,ਲੈ ਪਾਣੀ ਪੀ ਠੰਢ ਰੱਖ ਤੇ ਮੈਨੂੰ ਦੱਸ ਮੇਰੀ ਜਾਨ ਕੀ ਹੋਇਆ ਕੀ ਹੈ? ਆਪਾਂ ਮਿਲ ਕੇ ਕੁਝ ਹੱਲ ਲੱਭ ਲਵਾਂਗੇ –

ਨੀਤੀ—ਯਾਰ ਕੀ ਦਸਾਂ,ਕਿਥੋਂ ਸ਼ੁਰੂ ਕਰਾਂ ? ਮੇਰਾ ਰੱਬ ਜਾਣੇ ਕਿਉਂ ਅੰਨ੍ਹਾ ਹੋਇਆ ਪਿਆ।ਉਮਰ ਹੋ ਗਈ ਹੈ, ਸਸੁਰਾਲ ਦੇ ਕੀੜੇ ਕੰਡੇ ਕਢਦਿਆਂ,ਪਰ ਮਜਾਲ ਹੈ ਕਦੀ ਕਿਸੇ ਨੇ ਸ਼ੁਕਰਾਨੇ ਦੇ ਦੋ ਬੋਲ ਬੋਲੇ ਹੋਣ,ਤਾਰੀਫ਼ ਨਾ ਸਹੀ ਇਕ ਭਲੀ ਨਿਗਾਹ ਹੀ ਸਹੀ,ਪਰ ਕਾਹਨੂੰ ਹਰ ਵਕਤ ਦੀ ਟੋਕਾ ਟਾਕੀ ਨੁਕਤਾਚੀਨੀ,ਖ਼ਵਰੇ ਕਿਤੇ ਜਿਵੇਂ ਭੂੰਡ ਚੱਬ ਲਿਆ ਹੋਵੇ।ਅਖੇ ਇਹੋ ਟੀਂਡੇ ਮਾਂ ਇਹੋ ਮਸਾਲਾ ਭਰ ਕੇ ਇੰਨੇ ਸਵਾਦ ਬਣਾਉਂਦੀ ਸੀ,ਉਦੋਂ ਤੇ ਮਾਂ ਕੋਲ ਗੈਸ ਚੁਲ੍ਹੇ ਦੀ ਸਹੂਲਤ ਵੀ ਨਹੀਂ ਸੀ,ਤੂੰ ਆਹ ਕੀ ਬਣਾ ਛਡਦੀ ? ਢਿੱਡ ਈ ਭਰਨਾ ਲਿਆ-

ਤੂੰ ਦੱਸ ਰਾਣੀ ਮਾਂ ਨੂੰ ਕਿਥੋਂ ਲੱਭਾਂ ਤੇ ਕਿਥੋਂ ਲਿਆਵਾਂ ਉਹ ਕਪਾਹੀ ਟੀਂਡੇ ਤੇ ਮਸਾਲੇ,ਰਸਾਇਣਾਂ, ਨੇ ਹਰ ਚੀਜ਼ ਬੇ ਸਵਾਦ ਕੀਤੀ ਪਈ ,ਮਾਂ ਵਾਲੀ ਬੂਰੀ ਮੱਝ ਕਿਥੈ?ਟੀਕੇ ਵਾਲਾ ਦੁੱਧ ਦੀ ਦਹੀਂ ਮਾਂ ਵੇਲੇ ਦੀ ਨਹੀਂ ਬਣਦੀ,ਚਾਹ ਵੀ ਬਕਬਕੀ ਹੁੰਦੀ ਮੇਰਾ ਇਹਦੇ ਚ ਕੀ ਕਸੂਰ?ਮੈਂ ਸਾਰਾ ਦਿਨ ਜਾਨ ਮਾਰਦੀ,ਕਦੀ ਨੀ ਪੁਛਣਾ-

ਤੈਨੂੰ ਕੁਝ ਚਾਹੀਦਾ?ਤੇਰਾ ਕੀ ਹਾਲ ? ਫੋਕੀ ਸੁਲਾਹ ਨੀ ਮਾਰੀ ਕਦੇ!ਉਤੋਂ ਹਰ ਚੈਨਲ ਤੇ ਡਾਕਟਰ ਬੋਲਦੇ ਆਹ ਨਾਂ ਖਾਓ,ਔਹ ਖਾਓ,ਨਮਕ ਮਿੱਠਾ ਘੱਟ ਖਾਓ,ਮਾਂ ਦੇ ਵੇਲੇ ਇਹ ਸੱਭ ਜਾਣਕਾਰੀ ਕਿਥੇ ਸੀ!ਕੀ ਕਰੀਏ ਦੱਸ ਡਾਕਟਰਾਂ ਦੇ ਕਹੇ ਮੰਨੀਏ ਕਿ ਜੀਭ ਦੇ ਸਵਾਦ ਲਾਈਏ,ਨਿੱਤ ਦੇ ਕਲੇਸ਼ ਨਾਲ ਸਿਰ ਭਾਰੀ ਰਹਿੰਦਾ।

ਰਾਣੀ—ਅੜੀਏ ਇਥੇ ਵੀ ਬਿਲਕੁਲ ਇਹੋ ਸੱਭ ਕੁਝ,ਮੈਂ ਵੀ ਸਾਰੇ ਵਤਰ ਵਾਹ ਕੇ ਵੇਖ ਲੈ,ਕੁਝ ਨੀ ਸੰਵਰਿਆ ਹੁਣ ਤੇ ਮੈ ਮੋਟੀ ਮੱਤ ਕਰ ਲੀ',ਮੋਟੀ ਮੱਤ ਦਾ ਰਾਖਾ ਆਪ ਵਾਹਿਗੁਰੂ,''ਜੋ ਮਰਜੀ ਕੋਈ ਬੋਲੀ ਜਾਵੇ,ਪ੍ਰਵਾਹ ਨੀ ਖਾਣੈ,ਖਾਓ,ਨਹੀਂ ਜਦੋਂ ਭੁੱਖ ਸਤਾਇਆ ਆਪੇ ਖਾਣਗੇ।ਜੀਅ ਤਾਂ ਮੇਰਾ ਵੀ ਉਛਲਦਾ ਕੁਝ ਖਾ ਕੇ ਮਰ ਜਾਵਾਂ,ਪਰ ਆਪੇ ਹੌਂਸਲਾ ਵੀ ਤੇ ਨਹੀਂ ਪੈਂਦਾ,ਜਾਂ ਰੰਗਲ਼ੀ ਦੁਨੀਆਂ ਛਡਣ ਨੂੰ ਜੀਓ ਨ੍ਹੀ ਕਰਦਾ।ਜਿੰਨੀ ਲਿਖੀ ਤੇ ਜਿਵੇਂ ਲਿਖੀ ਕਟਣੀ ਪੈਣੀ,ਰੱਬ ਨੇ ਬੜੀ ਬੇਨਿਆਂਈ ਕੀਤੀ ਔਰਤ ਬਣਾ ਕੇ।

ਮੈਂ ਤੇ ਆਪਣੀ ਸੱਸ ਨੂੰ ਵੀ ਐਵੇਂ ਹੀ ਰੱਬ ਨੂੰ ਹਾਕਾਂ ਮਾਰਦਿਆਂ ਸੁਣਿਆ,ਉਸ ਵੀ ਪਾਠ ਕਰਦੀ ਨੇ ਬੋਲਣਾ,

'ਰੱਬਾ ਮੈਂ ਤੇਰੇ ਦਰ ਤੇ ਇਹੋ ਬੀਜਿਆ ਸੀ ਜੋ ਵੱਢਣ ਡਹੀ ਹਾਂ',ਮਾਂ ਦਾ ਤੇ ਤੈਨੂੰ ਪਤਾ ਹੀ ਹੈ,ਆਖਰੀ ਸਾਲਾਂ ਚ ਹਰ ਵਕਤ ਇਹੋ ਬੋਲਦੀ ਰਹਿੰਦੀ ਸੀ ,"ਸਾਡੇ ਵਾਸਤੇ ਤੇ ਰੱਬ ਕੋਲ ਮੌਤ ਵੀ ਨਹੀ ਹੈਗੀ"ਜਿਨ੍ਹਾਂ ਦੀ ਇਥੈ ਲੋੜ ਉਹਨਾਂ ਨੂੰ ਧਿੰਗੋਜੋਰੀ ਲਈ ਜਾਂਦਾ"।

ਨੀਤੀ ਤੈਨੂੰ ਮੈਂ ਆਪਣੀ ਚਾਚੀ ਗਿਆਨੋ ਦੀ ਦਾਸਤਾਨ ਸੁਣਾਵਾਂ ਤੇ ਤੂੰ ਸੋਚੇਂਗੀ ਚਾਚੀ ਦੇ ਮੁਕਾਬਲੇ ਤੇਰਾ ਦੁੱਖ ਬਹੁਤ ਘੱਟ ਹੈ,ਮੇਰੇ ਤਾਂ ਚਾਚੀ ਨੂੰ ਯਾਦ ਕਰ ਹਿੰਮਤ ਬੱਝ ਜਾਂਦੀ।ਚਾਹ ਪੀਏਂਗੀ ? ਬਣਾਵਾਂ ?

ਨੀਤੀ-ਚਾਹ ਵੀ ਪੀਣੀ ਤੇ ਨਾਲ ਨਾਲ ਚਾਚੀ ਦੀ ਦਾਸਤਾਨ ਵੀ ਸੁਣਾ—

ਲੈ ਸੁਣ-

ਚਾਚੀ ਗਿਆਨੋ ਸਾਡੀ ਮੰਮੀ ਦੀ ਸਕੀ ਸਹੇਲੀ ਸੀ,ਜਿੰਨੀ ਸੋਹਣੀ ਸੂਰਤ ਉਨੀ ਮਿੱਠੀ ਜਬਾਨ,ਹਰ ਕੰਮ ਚ ਮਾਹਰ,ਚਾਚੀ ਦੇ ਘਰ ਉਹਦੀ ਸੱਸ ਦੀ ਹਕੂਮਤ ਹਿਟਲਰ ਵਰਗੀ,ਚਾਚਾ ਤੇ ਆਪਣੀ ਨੂੰਹ ਦੇ ਆਜਾਣ ਤੱਕ ਵੀ ਮਾਂ ਦੇ ਆਖੇ ਲਗਦਾ ਰਿਹਾ।ਚਾਚੀ ਨੂੰ ਸੱਸ ਨੇ ਇਕ ਦਿਨ ਵੀ ਨੂੰਹਰਾਣੀ ਦਾ ਰੁਤਬਾ ਨਾਂ ਦਿੱਤਾ ਸਦਾ ਨੌਕਰਾਣੀ ਬਣਾ ਕੇ ਰੱਖਿਆ,ਚਾਚੀ ਅੰਮ੍ਰਿਤ ਵੇਲੇ ਉਠਦੀ ਤੇ ਅੱਧੀ ਰਾਤ ਬਾਦ ਕਿਤੇ ਮੰਜੀ ਤੇ ਡਿਗਣਾ ਮਿਲਦਾ,ਫੇਰ ਵੀ ਕੋਈ ਦਿਨ ਖਾਲੀ ਨੀ ਜਾਣਾ ਜਦ ਸੱਸ ਨੇ ਪੁੱਤ ਨੂੰ ਚੁਗਲੀ ਲਾ ਚਾਚੀ ਨੂੰ ਕਟਾਉਣਾ ਨੀ।ਪਤਾ ਨੀ ਸੱਸ ਨੂੰ ਰੱਬ ਦਾ ਡਰ ਹੀ ਨਹੀਂ ਸੀ?ਚਾਚੀ ਹਰ ਵਕਤ ਮੂੰਹ ਚ ਮੂਲ ਮੰਤਰ ਪੜ੍ਹਦੀ,ਕਈ ਵਾਰ ਕੰਨੀ ਪੈਣਾ,ਸਤਿਗੁਰ ਆਪਣੇ ਚਰਨਾਂ ਚ ਥਾਂ ਦੇ"।ਚਾਚੀ ਦੇ ਧੀਆਂ ਪੁੱਤ ਜਵਾਨ ਹੋਏ ਤੇ ਚਾਚੀ ਸੋਚਿਆ ਹੁਣ ਤੇ ਕੱਟੀ ਗਈ,ਹੁਣ ਕੋਈ ਨੀ ਮੇਰੇ ਪੁੱਤਾਂ ਸਾਹਵੈਂ ਆਉਂਦਾ।

ਪਰ ਜੀ ਕਿਥੇ ਔਰਤਾਂ ਦੇ ਕਰਮ ਉਪਰ ਵਾਲੇ ਨੇ ਤਰਾਸ਼ ਤਰਾਸ਼ ਲਿਖੇ।ਚਾਚੀ ਦੇ ਦੋ ਪੁੱਤ ਤੇ ਇਕ ਧੀ ਤਾਂ ਮਾਂ ਦਾ ਧਿਆਨ ਰੱਖਦੇ ਭਾਵੇਂ ਦਾਦੀ ਉਹਨਾਂ ਦੀ ਪੇਸ਼ ਨਾਂ ਜਾਣ ਦੇਂਦੀ,ਪਰ ਵਿਚਲਾ ਮੁੰਡਾ ਜਿਹੜਾ ਐਮ,ਬੀ.ਬੀ.ਐਸ ਡਾਕਟਰ ਬਣ ਗਿਆ ਸੀ ਤੇ ਵਲਾਇਤ ਵਿਆਹਿਆ ਗਿਆ ਸੀ,ਉਹ ਤੇ ਬੈਠਾ ਖਲੋਤਾ ਵੀ ਨਾਂ ਵੇਖਦਾ ਤੇ ਦਾਦੀ ਦੀ ਚੁਕਣਾ ਚ ਮਾਂ ਤੇ ਹੱਥ ਚੁੱਕ ਲੈਂਦਾ।ਜਿਸ ਮਾਂ ਦੀ ਮਦਦ ਤੇ ਅਸ਼ੀਰਵਾਦ ਨਾਲ ਉਹ ਪਿੰਡੋਂ ਰੋਜ਼ ਸ਼ਹਿਰ ਪੜ੍ਹਨ ਜਾਂਦਾ ਸੀ ਉਸੀ ਮਾਂ ਨੂੰ ਉਹ ਕੁਟਦਾ ਸੀ ਖ਼ਵਰੇ ਉਹਨੂੰ ਕੀ ਰੋਗ ਸੀ,ਜੋ ਉਹ ਆਪਣੇ ਵੱਡੇ ਛੋਟੇ ਵੀਰ ਦੀ ਰੀਸ ਵੀ ਨਹੀਂ ਸੀ ਕਰਦਾ।

ਚਾਚੀ ਦੀ ਸੱਸ ਚਾਰ ਸੌ ਚਾਲੀ ਚਲਿੱਤਰ ਬਾਜ਼ ਤੇ ਨਿਪੁੰਨ ਨਾਟਕਕਾਰ।ਚਾਚੀ ਦੀ ਨੂੰਹ ਉਸਨੂੰ ਮਾਂ ਵਾਲੀ ਇਜ਼ਤ ਦੇਂਦੀ ਸੀ।ਜਦ ਉਸ ਕੋਲ ਹਾਲਾਤ ਠੀਕ ਹੋਏ ਤੇ ਉਸ ਨੇ ਚਾਚੀ ਨੂੰ ਆਪਣੇ ਕੋਲ ਨਾਲ ਲੈ ਕੇ ਜਾਣ ਦੀ ਤਿਆਰੀ ਕਰ ਲਈ,ਸਮਾਨ ਪੈਕ ਤੇ ਟਿਕਟਾਂ ਬੁੱਕ ਸਵੇਰੇ ਗੱਡੀ ਫੜਨੀ ,ਚਾਚੀ ਨੇ ਖਾਣਾ ਦਾਣਾ ਨਾਲ ਵਾਸਤੇ ਬੰਨ੍ਹ ਲਿਆ।ਤੁਰਨ ਹੀ ਲਗੇ ਕਿ ਸੱਸ/ ਦਾਦੀ ਨੇ ਹਾਲ



ਪਾਹਰਿਆ ਚੁੱਕ ਲੀ,ਉੱਚੀ ਉੱਚੀ ਹੂੰਘਣ ਲਗੀ,ਹਾਏ ਮੈਂ ਮਰ ਗੀ,'ਵੇ ਪੁੱਤ ਮੇਰਾ ਬੁਲਾਵਾ ਆ ਗਿਆ,ਤੇ ਦਾਦੀ ਨੇ ਚੰਗਾ ਡਰਾਮਾ ਕੀਤਾ ਕਿ ਉਹ ਬੇਹੋਸ਼ ਹੋ ਗਈ,ਚਾਚੇ ਨੇ ਪਹਿਲਾਂ ਇਕ ਵਾਰ ਵੀ ਨਾਂ ਚਾਚੀ ਤੇ ਨਾ ਨੂੰਹ ਨੂੰ ਆਖਿਆ ਕਿ ਚਾਚੀ ਨਾ ਜਾਵੇ,ਪਰ ਮਾਂ ਦੇ ਡਰਾਮੇ ਤੋਂ ਡਰ ਕੇ ਚਾਚੀ ਨੂੰ ਭੰਨ ਸੁਟਿਆ,ਨੂੰਹ ਪੁੱਤ ਨੇ ਤੇ ਨੌਕਰੀ ਤੇ ਜਰੂਰੀ ਜਾਣਾ ਸੀ ਉਹ ਭਰੇ ਮਨ ਨਾਲ ਚਲੇ ਗਏ,ਤੇ ਸੱਸ ਚੰਗੀ ਭਲੀ ਬੜ੍ਹਕਣ ਲਗ ਪਈ।

ਅਕਸਰ ਚਾਚੀ ਦਸਿਆ ਕਰਦੀ ਸੀ ਕੋਈ ਗਲ ਹੋਰ ਨਾਂ ਲੱਭੈ ਤੇ ਬੇਬੇ ਸਭਜੀ ਚ ਲੂਣ ਠੋਕ ਦੇਂਦੀ ਆਪੇ ਪੁੱਤ ਦੀ ਪੱਗ ਭੁੰਞੇ ਸੁੱਟ ਕੇ ਮੈਨੂੰ ਚਪੇੜਾਂ ਮਰਾਉਣੀਆਂ। -ਹਾ

ਚਾਚੀ ਨੂੰ ਵੇਖ ਲਗਦਾ—

" ਹੁਣ ਮੈਂ ਨਹੀਂਉਂ ਰੋਂਦੀ ਵੇ ਸੱਜਣਾ,ਮੈਂ ਨਹੀਂਉਂ ਰੋਂਦੀ,

ਮੈਨੂੰ ਵੇਖ ਕੇ ਲੋਕ ਰੋਂਦੇ ਨੇ " ਹਾਅਏ ਹੁਣ ਮੈਂ.........."।

ਚਾਚੀ ਨੂੰ ਕਦੇ ਕਿਸੇ ਨੇ ਮੰਦਾ ਬੋਲਦੇ ਨਾਂ ਸੁਣਿਆ,ਹਰੇਕ ਨੂੰ ਅਸੀਸਾ ਦੇਂਦੀ।ਧੀਆਂ ਧਿਰਾਂ ਹੁੰਦੀਆਂ ਪਰ ਚਾਚੀ ਦੀ ਵੱਡੀ ਧੀ ਦਾਦੀ ਵਾਂਗ ਹਿਟਲਰ ਹੀ,ਮਾਂ ਨੂੰ ਨੱਕ ਤੇ ਰੱਖਦੀ।ਉਸਦਾ ਜਦੋਂ ਵਿਆਹ ਹੋਇਆ ਫਿਰ ਉਸ ਨੂੰ ਮਾਂ ਦੀ ਮਮਤਾ ਸਮਝ ਆਈ।ਛੋਟੀ ਧੀ ਤੇ ਛੋਟਾ ਪੁੱਤ ਮਾਂ ਤੇ ਤਰਸ ਕਰਦੇ ਸਨ,ਦਾਦੀ ਨੇ ਦੋਨਾ ਦੇ ਵਿਆਹ ਮੰਦਿਆਂ ਨਾਲ ਕਰਾ ਦਿੱਤੇ,ਤੇ ਉਹ ਆਪਣੀ ਜਿੰਦਗੀ ਤੋਂ ਵੀ ਔਖੇ ਹੋ ਗਏ।ਬੇਬੇ ਦੇ ਸਾਹਮਣੇ,ਬੇਬੇ ਦਾ ਪੁੱਤ ਦਮ ਤੋੜ ਗਿਆ ਪਰ ਬੇਬੇ ਨਾਂ ਢਲੀ।ਚਾਚੀ ਮੌਤ ਲੱਭਦੀ ਸੱਠਵਿਆਂ ਚ ਅਪੜ ਗਈ।ਬੇਬੇ ਮੰਜੀ ਤੇ ਅੱਡੀਆਂ ਰਗੜ ਮਰੀ ਤਾਂ ਚਾਚੀ ਸੋਚਿਆ ਸ਼ਾਇਦ ਕਿਤੇ ਕੱਟੀ ਗਈ ਹੋਵੇ।ਉਹ ਕਦੀ ਘਰੋਂ ਬਾਹਰ ਨਹੀਂ ਸੀ ਨਿਕਲੀ,ਬੇਬੇ ਨੇ ਉਹਨੂੰ ਕਦੀ ਨਵਾਂ ਸੂਟ ਪਾਉਣ ਨਾਂ ਦੇਣਾ,ਕਿਤੇ ਸਮਾਗਮ ਚ ਉਹਨੇ ਚੰਗਾ ਕਪੜਾ ਪਾਉਣਾ ਤਾਂ ਬੇਬੇ ਨੇ ਸੂਟ ਤੇ ਹਲਦੀ ਜਾਂ ਤੇਲ ਜਾਂ ਕਾਲੋ ਆਪੇ ਲਾ ਕੇ ਉਸਦੀ ਭਰੀ ਸਭਾ ਚ ਉਹ ਬੇਜ਼ਤੀ ਕਰਨੀ ਜੋ ਰਹੇ ਰੱਬ ਦਾ ਨਾਂ।ਬੇਬੇ ਦੇ ਮਰਨ ਬਾਦ ਉਸ ਚੱਜ ਦੇ ਸੂਟ ਪਾਏ,ਉਹ ਰੋਜ਼ ਗੁਰਦਵਾਰੇ ਜਾਣ ਲਗੀ,ਆਪਣੀ ਖੁਸ਼ਹਾਲੀ ਲਈ ਨਹੀਂ,ਗੁਰੂ ਕੋਲੋਂ ਪਨਾਹ ਮੰਗਣ।

ਚਾਚੀ ਨੇ ਪ੍ਰੰਾਰਥਨਾ ਕਰਨੀ,ਹੇ ਸੱਚੇ ਪਾਤਸ਼ਾਹ ਮੇਰੀਆਂ ਭੁੱਲਾਂ ਬਖ਼ਸ਼ ਦੇ ਮੇਰੇ ਕਰਮ ਕੱਟ ਦੇ ਤੇ ਆਪਣੇ ਚਰਨਾ ਚ ਥਾਂ ਦੇ ਦੇ।

ਤੇ ਫਿਰ ਇਕ ਦਿਨ ਸ਼ਾਇਦ ਸਤਿਗੁਰ ਨੇੜੈ ਖੜਾ ਸੀ ਜਾਂ ਉਸਨੂੰ ਚਾਚੀ ਤੇ ਤਰਸ ਆ ਗਿਆ ਜਾਂ ਫਿਰ ਚਾਚੀ ਦੀ ਕੱਟੀ ਗਈ ਸੀ,ਚਾਚੀ ਨੇ ਸੀ ਗੁਰੂ ਗਰੰਥ ਸਹਿਬ ਨੂੰ ਮੱਥਾ ਟੇਕਿਆ ਤੇ ਉਥੇ ਦੀ ਉਥੇ ਰਹਿ ਗਈ,ਬਾਕੀ ਸ਼ਰਧਾਲੂ ਸਮਝ ਨਾ ਸਕੇ,ਤੇ ਲਾਗਿਓਂ ਮੱਥਾ ਟੇਕ ਤੁਰਦੇ ਗਏ,ਜਦ ਸਮਾਪਤੀ

ਹੋ ਗਈ ਤਾ ਭਾਈ ਜੀ ਨੇ ਵੇਖਿਆ ਚਾਚੀ ਉਠੀ ਹੀ ਨੀ,ਉਸ ਸੇਵਾਦਾਰਨੀ ਨੂੰ ਵਾਜ਼ ਦਿੱਤੀ ਉਸਨੇ ਹਿਲਾਇਆ ਤਾਂ ਚਾਚੀ ਤਾਂ......

.ਚਾਚੀ ਦੀ ਮਨਸ਼ਾ ਪੂਰੀ ਹੋ ਗਈ ਸੀ,ਸਤਿਗੁਰ ਨੇ ਉਸਨੂੰ ਆਪਣੇ ਚਰਨਾ ਚ ਨਿਵਾਸ ਦੇ ਦਿੱਤਾ ਸੀ।ਚਾਚੀ ਦੇ ਦੁਸ਼ਮਣ (ਨੂੰਹਾਂ) ਵੀ ਉਸਦੀ ਮੌਤ ਤੇ ਰਸ਼ਕ ਕਰਨ ਲਗੇ।ਚਾਚੀ ਦੀਆ ਹਾਣਨਾਂ ਇਹੋ ਜਿਹੀ ਮੌਤ ਮੰਗਣ ਰੋਜ਼ ਉਸੀ ਗੁਰੂਦੁਆਰੇ ਮੱਥੇ ਰਗੜਨ ਲਗੀਆਂ ।ਪਰ ਚਾਚੀ ਜਿਹੀ ਕਿਸੇ ਦੀ ਨਾਂ ਪੁੱਗੀ।

ਨੀਤੀ- ਮੈਂ ਤੇ ਅੜੀਏ ਚਾਚੀ ਕੋਲੋਂ ਸਿਖਿਆ,ਮਨੁੱਖਾ ਜਨਮ ਇਕ ਵਾਰ ਹੀ ਮਿਲਦਾ ਜੀਅ ਭਰ ਜੀਓ।

"ਦੁੱਖਾਂ ਨਾਲ ਤੂੰ ਕਿਉਂ ਮਰਨੈਂ ਢੀਠਾਂ ਵਾਂਗੂ ਜੀ "।

ਮੈਂ ਤੇ ਸੋਚ ਲਿਆ ਜੇ ਮਰਦਾਂ ਨੂੰ ਜੀਣ ਦਾ ਹੱਕ ਤੇ ਸਾਨੂੰ ਕਿਉਂ ਨਹੀਂ।ਹੁਣ ਬਾਕੀ ਦੇ ਦਿਨ ਆਪਣੇ ਲਈ ਜੀਣਾ।

ਅਪਨੀ ਖਾਤਰ ਜੀਨਾ ਹੈ,ਅਪਨੀ ਖਾਤਰ ਮਰਨਾ ਹੈ,

ਹੋਨੇ ਦੋ ਜੋ ਹੋਤਾ ਹੈ,ਹਮ ਕੋ ਕਿਆ ਕਰਨਾ ਹੈ। ॥ ॥ ॥ ॥ ॥ ॥ ॥ ॥

.,,,,,,,,,,,,...................................................

0–0–0–0–0–0–0–0–0–0–0–0–0–0–0–0–0–0–0–0–0–0–0–0–0–0–0–0–0–0–0–0–0—

ਦੁਨੀਆਂ ਸੇ ਹਮ ਨੇ ਪਿਆਰ ਮਾਂਗਾ,ਦੁਨੀਆ ਨੇ ਹਮੇਂ ਦੁਤਕਾਰ ਦਿਆ"।

ਆਜ ਹਮ ਨੇ ਇਸ ਦੁਨੀਆ ਕੋ ਦੁਤਕਾਰ ਦੀਆ।



## "ਜਦ ਉਪਰ ਵਾਲੇ ਨੂੰ ਮਾਤ ਹੋਈ"

ਖੁਦ ਹੀ ਰੱਬ ਨੇ ਉਸ ਨੂੰ ਇਕ ਮਾਂ ਦੀ ਕੁੱਖ ਵਿੱਚ ਪਲਣ,ਵੱਧਣ, ਫੁਲਣ,ਲਈ ਧਰਤੀ ਵੱਲ ਤੋਰਿਆ,ਪਤਾ ਨਹੀਂ ਕੀ ਹੋਇਆ ਫਿਰ ਉਸ ਦੇ ਮੂਡ ਨੂੰ,ਕੇ ਉਹ ਨੰਨ੍ਹੀ ਜਾਨ ਜੋ ਕੇਵਲ ਥੋੜਾ ਬਹੁਤ ਹਿਲਜੁਲ ਹੀ ਸਕਦੀ ਸੀ ਉਸ ਨੂੰ ਰੱਬ ਨੇ ਇੰਨੀ ਵੱਡੀ ਸਜ਼ਾ ਕਿਉਂ ਦੇ ਦਿੱਤੀ।ਕੇਵਲ ਮਾਂ ਦੇ ਨਾੜੂ ਦੇ ਆਸਰੇ ਸਾਹ ਲੈਣ ਵਾਲਾ ਬੱਚੇ ਕੋਲੋਂ ਉਸ ਨੇ ਦੋਨੋ ਲੱਤਾਂ ਕਿਉਂ ਖੋਹ ਲਈਆ,ਜਾਂ ਕਹਿ ਲਓ ਕਿ ਜਾਣ ਬੁਝ ਕੇ ਲੱਤਾਂ ਲਾਉਣੀਆਂ ਭੁੱਲ ਗਿਆ ਉਪਰਵਾਲਾ।

ਸਾਨਫਰਾਂਸਿਸਕੋ ( ਅਮਰੀਕਾ ) ਵਿੱਚ ਸਾਡੇ ਘਰ ਦੇ ਨਾਲ ਵਾਲੇ ਘਰ ਦੇ ਅੱਗੇ ਇਕ ਬਹੁਤ ਵੱਡੀ ਸੋਹਣੀ ਕਾਰ ਆ ਕੇ ਰੁਕੀ।ਕਾਰ ਹੁਣ ਕੋਈ ਅਜੂਬਾ ਨਹੀਂ ਰਹੀ ਜਿਸ ਨੂੰ ਵੇਖਣ ਲਈ ਕੋਈ ਖੜਾ ਰਹੇ,ਕੁਝ ਸਾਲ ਪਹਿਲੇ ਇਸ ਤਰਾ ਹੁੰਦਾ ਸੀ,ਪਰ ਇਸ ਕਾਰ ਵਿਚੋਂ ਉਹ ਵਿਅਕਤੀ ਨੇ ਬਾਹਰ ਆਉਣ ਵੇਲੇ ਬਹੁਤ ਦੇਰ ਲਗਾਈ।ਮੈਨੂੰ ਸ਼ੱਕ ਹੋਣ ਲਗਾ,ਕਿਤੇ ਇਹ ਕੋਈ ਵਾਰਦਾਤੀਆ ਨਾ ਹੋਵੇ ? ਜਦ ਉਹਨੇ ਕਾਰ ਦੀ ਪੂਰੀ ਖਿੜਕੀ ਖੋਲੀ ਤੇ ਵੀਲ੍ਹਚੇਅਰ ਦਿਸੀ ਤਾ ਮੈਂ ਆਪਣੇ ਆਪ ਨੂੰ ਲੱਖ ਲਾਹਨਤ ਪਾਈ।ਐਂਵੇ ਮੈਂ ਸ਼ੱਕ ਕਰ ਰਹੀ ਸੀ,ਬੇਮਤਲਬ ਡਰ ਰਹੀ ਸੀ।ਉਂਜ ਜੇ ਥੋੜਾ ਨਰਮ ਹੋ ਕੇ ਸੋਚਿਆ ਜਾਏ ਤਾਂ ਮੇਰਾ ਕਸੂਰ ਬਹੁਤਾ ਨਹੀਂ ਸੀ,

ਇਹ ਤੇ ਸਾਡੇ ਭਾਰਤ ਵਿੱਚ ਰੋਜ਼ ਹੁੰਦੀਆਂ ਵਾਰਦਾਤਾਂ ਨੇ ਸਾਡੀ ਫਿਤਰਤ ਹੀ ਸ਼ੱਕੀ ਮਿਜਾਜ ਬਣਾ ਦਿੱਤੀ ਹੈ,ਸੋ ਮੈਂ ਮਨ ਹੀ ਮਨ ਆਪਣੇ ਆਪ ਤੋਂ ਮਾਫੀ ਮੰਗੀ।ਉਸ ਵੀਲਚੇਅਰ ਦਾ ਭੇਦ ਜਾਣਨ ਲਈ ਮੇਰੀ ਉਤੇਜਨਾਂ ਵੱਧ ਗਈ।

ਅਗਲੇ ਦਿਨ ਸੁਬਹ ਮੈਂ ਘਰ ਦੇ ਬਾਹਰ ਸਾਫ ਸ਼ੁਧ ਹਵਾ ਖਾ ਰਹੀ ਸੀ ਕਿ ਉਹ ਪੜੋਸੀ ਵਿਅਕਤੀ ਆਪਣੀ ਵੀਲ੍ਹਚੇਅਰ ਤੇ ਆਪਣੇ ਘਰ ਦੇ ਸੜਕ ਨਾਲੋਂ ਥੋੜੇ ਉੱਚੇ ਬਰਾਮਦੇ ਵਿਚੋਂ ਬਾਹਰ ਆ ਕੇ ਆਪਣੀ ਕਾਰ ਤੇ ਝਾੜ ਪੂੰਝ ਕਰਨ ਲਗ ਪਿਆ।ਫਿਰ ਉਹ ਉਸ ਤਰਾਂ ਹੀ ਵਾਪਸ ਅੰਦਰ ਗਿਆ ਤੇ ਡਰੇਸਅੱਪ ਹੋ ਉਵੇਂ ਹੀ ਵੀਲ੍ਹਚੇਅਰ ਤੇ ਬਾਹਰ ਆਇਆ,ਕਾਰ ਦੀ ਅਗਲੀ ਬਾਰੀ ਖੋਲੀ ਚੇਅਰ ਕਾਰ ਦੇ ਨਾਲ ਲਾ ਕੇ ਉਸ ਨੇ ਆਪਣੀ ਚੇਅਰ ਦਾ ਇਕ ਵੀਲ ਉਤਾਰਿਆ ਤੇ ਪਿਛਲੀ ਸੀਟ ਤੇ ਵਗਾਤਾ ਮਾਰਿਆ,ਆਪ ਡਰਾਈਵਰ ਸੀਟ ਵੱਲ ਝੁਕ ਗਿਆ ਤੇ ਫਿਰ ਉਸ ਨੇ ਦੂਜਾ ਵੀਲ ਉਤਾਰਿਆ ਤੇ ਉਹ ਵੀ ਪਹਿਲੇ ਦੇ ਨਾਲ ਹੀ ਸੁਟ ਦਿੱਤਾ ।ਹੱਥਾਂ ਦੇ ਆਸਰੇ ਉਹ ਸੀਟ ਤੇ ਸੈਟ ਹੋਣ ਲਈ ਕੋਸ਼ਿਸ਼ ਕਰਨ ਲਗਾ ਤੇ ਫੇਰ ਸੈਟ ਹੋ ਉਹ ਕਾਰ ਸਟਾਰਟ ਕਰ ਔਹ ਗਿਆ।ਏਂਨੇ ਹਿੰਮਤੀ ਬੰਦੇ ਦੀ ਜੀਵਨੀ ਚ ਝਾਤੀ ਮਾਰਨ ਦੀ ਮੇਰੀ ਉਤਸਕਤਾ ਹੋਰ ਵੀ ਤੇਜ ਹੋ ਗਈ।

ਜਿਵੇਂ ਸੱਭ  ਜਾਣਦੇ ਨੇ ਦੂਸਰੇ ਮੁਲਕਾਂ ਵਿੱਚ ਬਿਨਾਂ ਇਜ਼ਾਜ਼ਤ ਕੋਈ ਕਿਸੇ ਦੇ ਘਰ ਨਹੀਂ ਜਾਂਦਾ,ਬੇ ਵਕਤ ਫੋਨ ਵੀ ਨਹੀਂ ਕਰ ਸਕਦਾ,ਫਿਰ ਅਸੀਂ ਤੇ ਬਹੁਤ ਬੇਗਾਨੇ ਸੀ।

ਐਤਵਾਰ ਦੀ ਸੁਬਹ ਅਸੀਂ ਬਾਹਰ ਸੀ ਉਹ ਵੀ ਆਪਣੇ ਮਾਮੂਲ ਅਨੁਸਾਰ ਕਾਰ ਵਿੱਚ ਬੈਠਣ ਦੀ ਕੋਸ਼ਿਸ਼ ਵਿੱਚ ਸੀ,"ਅਸਕਿਉਜ਼ ਮੀ " ਕਹਿ ਕੇ ਗਲ ਕਰਨ ਦੀ ਆਗਿਆ ਲਈ।ਉਸਦੀ ਹਿੰਮਤ ਤੇ ਮੁਹਾਰਤ ਲਈ ਸ਼ਾਬਾਸ਼ ਦਿੱਤੀ ,ਥੱਕ ਅੱਪ ਕੀਤਾ,ਉਸ ਥੈਂਕਸ ਉਤਰ ਦਿੱਤਾ।ਅੱਗੇ ਉਸਨੇ ਦਸਿਆ ਕਿ ਉਹ ਬਿਨਾਂ ਲੱਤਾਂ ਤੋਂ ਪੈਦਾ ਹੋਇਆ ਸੀ।ਉਸ ਦੇ ਸਿਰਫ ਚੂਲੇ ਸਨ।ਉਹ ਤਿੰਨ ਪਹੀਆਂ ਵਾਲੀ ਕਾਰ ਸਪੈਸ਼ਲ ਬਣਵਾ ਕੇ ਮਜਦੂਰੀ ਵੀ ਕਰਦਾ ਤੇ ਪੜ੍ਹਾਈ ਵੀ ਕਰਦਾ।ਉਸਨੇ ਦਸਿਆ ਕਿ ਉਹ ਜਹਾਜ ਉਡਾਉਣ ਦੀ ਇੱਛਾ ਰੱਖਦਾ ਸੀ ਪਰ ਇਜ਼ਾਜ਼ਤ ਨਾ ਮਿਲੀ,ਉਹ ਖਾਸੀ ਕਮਾਈ ਕਰਦਾ ਹੈ,ਵਧੀਆ ਕਾਰ ਤੇ ਵੱਡਾ ਘਰ ਹੈ ਉਸ ਕੋਲ।ਇਕੱਲਾ ਰਹਿੰਦਾ ਹੈ,ਆਪਣੇ ਸਾਰੇ ਕੰਮ ਆਪ ਕਰਦਾ ਹੈ।ਲੋੜਵੰਦਾਂ ਦੀ ਮਦਦ ਕਰਦਾ ਹੈ,ਆਪਣੇ ਖਰਚ ਤੋਂ ਵੱਧ ਪੈਸੇ ਉਹ ਭਲਾਈ ਇਦਾਰਿਆਂ ਨੂੰ ਦਾਨ ਕਰਦਾ ਹੈ।

'ਵਾਹ ਕਾਦਰ ਤੇਰੀ ਕੁਦਰਤ' ਇਕ ਗਲ ਚੰਗੀ ਹੈ ਕਿ ਉਹ ਅਮਰੀਕਾ ਵਿੱਚ ਅਪਾਹਜ ਪੈਦਾ ਹੋਇਆ।

ਖੰਨੇ ਸ਼ਹਿਰ ਵਿੱਚ ਇਕ ਲੜਕਾ ਬਿਨਾਂ ਬਾਹਵਾਂ ਤੋਂ ਪੇਦਾ ਹੋਇਆ।ਉਸ ਨੇ ਫਸਟ ਡਵੀਜ਼ਨ ਵਿੱਚ +2 ਪਾਸ ਕੀਤੀ ਹੈ,ਉਹ ਪੈਰਾਂ ਨਾਲ ਲਿਖਦਾ ਤੇ ਕੰਪਿਊਟਰ ਉਪਰੇਟ ਕਰਦਾ ਹੈ,ਹੱਥਾਂ ਦੇ ਥਾਂ ਪੈਰਾਂ ਤੋਂ ਸਾਰੇ ਕੰਮ ਲੈਂਦਾ ਹੈ।

ਉਸ ਨੂੰ ਦੋਹਰੀ ਮਾਰ ਪਈ ਹੈ,ਕੋਈ ਸਕੂਲ ਉਸ ਨੂੰ ਦਾਖਲਾ ਨਹੀਂ ਦੇਂਦਾ,ਹੁਨਰਮੰਦ ਹੋਣ ਤੇ ਵੀ ਉਸ ਨੂੰ ਕੋਈ ਕੰਮ ਨਹੀਂ ਦੇਂਦਾ,ਇਸ ਲਈ ਕਿ ਉਹ ਉਸ ਨੂੰ ਸਰਰਿਕ ਕਿਰਿਆ ਦੀ ਮਦਦ ਦੇਣ ਤੋਂ ਡਰਦੇ ਹਨ।ਪੰਜਾਬ ਸਰਕਾਰ ਨੇ ਉਸ ਨੂੰ ਪੈਨਸ਼ਨ ਲਾਈ ਪਰ ਉਹਨੇ ਲਿਖ ਕੇ ਦਿੱਤਾ, ਮੈਂ ਕੰਮ ਕਰ ਕੇ ਖਾਵਾਂਗਾ,ਉਹ ਕੰਮਪਿਉਟਰ ਤੇ ਕਾਰਡ ਬਣਾ ਕੇ ਥੋੜਾ ਜਿਹਾ ਕਮਾ ਲੈਂਦਾ ਹੈ,ਤੇ ਮਾਂ ਬਾਪ ਤੇ ਵੱਡੇ ਵੀਰ ਦੀ ਮਦਦ ਨਾਲ ਪੜ੍ਹ ਰਿਹਾ ਹੈ।

ਉਪਰਵਾਲੇ ਨੂੰ ਮਾਤ ਤਾਂ ਦਿੱਤੀ ਹੈ,ਉਸ ਨੇ ,ਪਰ ਉਸਨੂੰ ਭਾਰਤੀ ਸਰੋਕਾਰਾਂ ਨੇ ਪਨਾਹ ਨਹੀਂ ਦਿੱਤੀ,ਜਿਵੇਂ ਅਮਰੀਕਾ ਦੇ ਨਾਗਰਿਕ ਨੂੰ ਮਿਲੀ।

ਸ਼ਾਡੇ ਘਰ ਤੋਂ ਅਗਲ਼ੀ ਗਲੀ ਵਿੱਚ ਇਕ ਲੜਕੀ ਹੈ ਜੋ ਜਨਮ ਤੋਂ ਇੰਨੀ ਕੁ ਹੈ ਕਿ ਕੇਵਲ ਉਸਦਾ ਖੱਬਾ ਹੱਥ ਤੇ ਚਿਹਰਾ ਠੀਕ ਹੈ ਬਾਕੀ ਸੱਭ ਬੇਜਾਨ ਹੈ।ਉਸ ਦੇ ਮਾਂ ਬਾਪ ਨੇ ਉਸਨੂੰ ਟੋਕਰੀ ਵਿੱਚ ਪਾ ਕੇ ਪਾਲਿਆ ਹੈ।ਬਹੁਤ ਮਿਹਨਤ ਕੀਤੀ ਹੈ ਉਸ ਤੇ ਫਿਰ ਕੁੜੀ ਨੂੰ ਵੀ ਰੱਬ ਨੇ ਛਟੀ ਇਸ਼ਟ ਦੇ ਕੇ ਬਾਕੀ ਸੱਭ ਖੋਹ ਲਿਆ।ਉਸ ਦੀ ਯਾਦ ਸ਼ਕਤੀ ਇੰਨੀ ਤੇਜ਼ ਹੈ ਕਿ ਉਸ ਨੇ ਕੇਵਲ ਦਿਮਾਗ



ਅਤੇ ਖੱਬੇ ਹੱਥ ਦੇ ਆਸਰੇ ਪੀ ਐਚ.ਡੀ ਤੱਕ ਦੀ ਪੜ੍ਹਾਈ ਕੀਤੀ ਹੈ।ਆਪਣੇ ਪੜ੍ਹਨ ਦੇ ਨਾਲ ਉਹ ਦਸਵੀਂ ਜਮਾਤ ਤੋਂ ਹੀ ਮੁਹੱਲੇ ਦੇ ਨਿਆਣਿਆਂ ਨੂੰ ਪੜ੍ਹਾਉਣ ਲਗ ਪਈ।ਉਹਦੀ ਮਾਂ ਉਹਨੂੰ ਢਿੱਲੀ ਜਿਹੀ ਮੰਜੀ ਤੇ ਬਿਠਾ ਦੇਂਦੀ ਤੇ ਨਿਆਣੇ ਜਮੀਨ ਤੇ ਬੈਠੈ ਹੁੰਦੇ।ਨਿਆਣਿਆਂ ਨੂੰ ਉਸਦਾ ਪੜ੍ਹਾਉਣਾ ਚੰਗਾ ਲਗਦਾ ਤੇ ਉਹ ਵੀ ਸਟੇਪ ਬਾਈ ਸਟੇਪ

ਜਮਾਤਾਂ ਪਾਸ ਕਰਦੇ ਗਏ।ਉਹ ਕੁੜੀ ਨੇ ਉਸੀ ਝੱਲੀ ਵਰਗੀ ਮੰਜੀ ਤੇ ਬਹਿ ਕੇ ਪੰਜਾਬੀ ਦੀ ਐਮ.ਏ ਤੇ ਐੱਮ.ਫਿਲ ਕੀਤੀ,ਯੂ ਜੀ ਸੀ ਦਾ ਇਮਤਿਹਾਨ ਵੀ ਦਿੱਤਾ,ਨੌਕਰੀ ਲਈ ਸਰਕਾਰ ਦਾ ਦਰ ਵੀ ਕਈ ਵਾਰ ਖੜਕਾਇਆ,ਤੇ ਫੇਰ ਪੀ.ਐਚ ਡੀ ਦਾ ਵਿਸ਼ਾ ਲੈ ਕੇ,ਚਾਰ ਪੰਝ ਸਾਲ ਪੀ ਐਚ ਡੀ ਕਰਦੀ ਰਹੀ,ਗੁਰੂ ਨਾਨਕ ਦੇਵ ਯੁਨੀਵਰਸਿਟੀ ਤੋਂ ਪ੍ਰੋ.ਉਸ ਨੂੰ ਗਾਈਡ ਕਰਨ ਲਈ ਆਉਂਦਾ,ਬਾਨਵੇਂ ਸੌ ਤੋਂ ਲੈ ਕੇ ਬਾਰਾਂ ਹਜਾਰ ਤੱਕ ਮਾਹਵਾਰ ਉਸ ਨੂੰ ਵਜੀਫਾ ਮਿਲਦਾ ਸੀ।ਹੁਣ ਉਸਨੂੰ ਮੰਡੀ ਬੋਰਡ ਵਿੱਚ ਸਰਕਾਰੀ ਨੌਕਰੀ ਮਿਲ ਗਈ ਹੈ ਤੇ ਇਕ ਹਮਦਰਦ ਨੇ ਉਸ ਨਾਲ ਸ਼ਾਦੀ ਬਣਾ ਲਈ ਹੈ।

ਕਦੀ ਉਸ ਦਾ ਵੀਰ ਉਸ ਨੂੰ ਟੋਕਰੀ ਵਿੱਚ ਰੱਖ ਕੇ ਸਾਈਕਲ ਤੇ ਲੱਦ ਕੇ ਪੇਪਰ ਦਿਵਾਉਣ ਲੈ ਕੇ ਜਾਂਦੇ ਸੀ,ਫਿਰ ਉਹਦੀ ਹੀ ਕਮਾਈ ਨਾਲ ਸਕੂਟਰ ਆਇਆ ਤੇ ਫਿਰ ਪੀ.ਐਚ ਡੀ. ਕਰਦੇ ਵਕਤ ਕਾਰ ਆ ਗਈ,ਪਰ ਰੱਬ ਨੇ ਅੰਗ ਨਾਂ ਪੂਰੇ ਕੀਤੇ,ਤੇ ਉਹੀ ਖੱਬੇ ਹੱਥ ਤੇ ਮੋਟੀਆ ਮੋਟੀਆਂ ਅੱਖਾਂ ਤੇ ਦੰਦਾਂ ਨਾਲ ਉਸਨੇ ਉਪਰਵਾਲੇ ਨੂੰ ਮਾਤ ਪਾ ਦਿੱਤੀ ।

ਅਪਨੀ ਕਲਾਕ੍ਰਿਤੀਆਂ ਨੂੰ  ਅੱਧੀ ਤੋਂ ਵੀ ਘੱਟ ਬਾਡੀ ਦੇ ਕੇ ਤੇ ਹੁਣ ਉਹਨਾਂ ਨੂੰ ਵੇਖ ਕੇ ਤੇ ਉਹਨਾਂ ਦੀ ਤਰੱਕੀ ਜਾਣ ਕੇ ਮੈਨੂੰ ਲਗਦਾ ਹੈ ਉਪਰਵਾਲੇ ਨੇ ਉਹਨਾਂ ਨੂੰ ਸਜਦਾ ਜਰੂਰ ਕੀਤਾ ਹੋਵੇਗਾ,ਭਾਂਵੇ ਅੱਖ ਚੁਰਾ ਕੇ ਹੀ...-----------

" ਬਨਾ ਕੇ ਕਿਉਂ ਬਿਗਾੜਾ ਰੇ ਨਸੀਬਾ ਉਪਰਵਾਲੇ  ਉਪਰਵਾਲੇ "॥

" ਦੁਨੀਆਂ ਮੇਂ ਕਿਤਨਾ ਗਮ ਹੈ-

ਅਪਨਾ ਗਮ ਦੇਖਾ ਤੋ,  ਲਗਾ-

ਮੇਰਾ ਗਮ ਕਿਤਨਾ ਕਮ ਹੈ"।

## "ਪੁਰਾਣੀ ਨਿਸ਼ਾਨੀ"

"ਵੱਡੀ ਮਾਂ ਜੀ ਦੀ ਨਿਕੀ ਚਬਾਰੀ :"

ਸਾਡੇ ਘਰ ਦੇ ਬਿਲਕੁਲ ਨਾਲ ਵਾਲੇ ਘਰ ਵਿੱਚ ਮੇਰੀ ਜਮਾਤਣ ਤੇ ਮੇਰੀ ਸਹੇਲੀ ਦਾ ਬਹੁਤ ਵੱਡਾ ਪਰਿਵਾਰ ਸੀ।ਇਕ ਵਕਤ ਵਿੱਚ ਉਸ ਸਾਂਝੇ ਪਰਿਵਾਰ ਦੇ ਤ੍ਰੀਹ ਕੁ ਮੈਂਬਰਾਂ ਦੀ ਕੱਠੀ ਰੋਟੀ ਪਕਦੀ ਸੀ।ਉਸ ਘਰ ਵਿੱਚ ਬਹੁਤ ਬੁੱਢੀ ਉਮਰ ਦੀ ਨੇਤਰਹੀਣ ਔਰਤ ਵੀ ਸੀ।ਆਪਣੇ ਬਚਪਨ ਦੇ ਦਿਨਾਂ ਦੀ ਕਦੇ ਯਾਦ ਆ ਜਾਂਦੀ ਹੈ ਤੇ ਉਸ ਵੱਲ ਕਦੀ ਧਿਆਨ ਹੀ ਨਹੀਂ ਸੀ ਗਿਆ,ਪਰ ਜਦੋਂ ਜਗਜੀਤ ਸਿੰਘ ਨੇ ਉਹ ਗਜ਼ਲ ਗਾਈ,

" ਹਮਾਰੇ ਮੁਹੱਲੈ ਕੀ ਵੋ ਪੁਰਾਣੀ ਨਿਸ਼ਾਨੀ,ਵੋ ਬੁੜੀਆ ਜਿਸੇ ਹਮ ਕਹਤੇ ਥੇ ਨਾਨੀ "।

ਸੁਣੀ ਤੇ ਉਹ ਪਤਾ ਨਹੀਂ ਨਾਨੀ ਸੀ ਜਾਂ ਪੜਨਾਨੀ ਜਾ ਪੜਦਾਦੀ,ਸਾਨੂੰ ਕਦੇ ਜਾਣਨ ਦੀ ਲੋੜ ਹੀ ਨਹੀਂ ਪਈ ਕਿਉਂ ਜੋ ਉਹ ਜਗਤ ਵੱਡੀ ਮਾਂ ਜੀ,ਸੀ ,ਨਿੱਕੇ ਵੱਡੇ ਸਾਰੇ ਉਸ ਨੂੰ ਵੱਡੀ ਮਾਂ ਜੀ ਹੀ ਕਹਿੰਦੇ ਸੀ ।ਉਦੋਂ ਤੇ ਇਹ ਅਹਿਸਾਸ ਕਦੀ ਹੋਇਆ ਹੀ ਨਹੀਂ ਸੀ ਪਰ ਜਦ ਵੀ ਇਹ ਗਜ਼ਲ ਸੁਣਾਂ ਤੇ ਮੈਨੂੰ ਲਗਦਾ ਹੈ ਸ਼ਾਇਰ ਨੇ ਸ਼ਾਇਦ ਉਸੀ ਵੱਡੀ ਮਾਂ ਜੀ ਦੀ ਤਸਵੀਰ ਉਲੀਕੀ ਹੈ।

ਵੱਡੀ ਮਾਂ ਜੀ ਅੱਖਾਂ ਤੋਂ ਮੁਨਾਖੀ ਸੀ,ਪਰ ਉਹ ਆਪਣੇ ਸਾਰੇ ਕੰਮ ਆਪ ਕਰਦੀ ਸੀ।ਸਾਰਾ ਦਿਨ ਉਹ ਪੀੜ੍ਹੇ ਤੇ ਬੈਠ ਚਰਖਾ ਕੱਤਦੀ,ਉਸ ਘਰ ਵਿੱਚ ਦਰੀਆਂ ਖੇਸ ਚਾਦਰਾਂ ਉਸੀ ਦੇ ਕੱਤੇ ਸੂਤ ਦੀਆਂ ਸਨ।ਨਿਆਣੀ ਉਮਰ ਵਿੱਚ ਤਾਂ ਪਤਾ ਨਹੀਂ ਸੀ ਪਰ ਅਜ ਲਗਦਾ ਹੈ ਵੱਡੀ ਮਾਂਜੀ ਦੀ ਕੋਠੜੀ ਕਿੰਨੀ ਨਿੱਘੀ ਤੇ ਕਿੰਨੀ ਸੀਤਲ ਸੀ।

ਪਸ਼ੂਆਂ ਦੇ ਕੋਠੇ ਤੇ ਬਣੀ ਉਹ ਕੱਚੀ ਚੁਬਾਰੀ ਅੰਤਾਂ ਦੀ ਰਮਣੀਕ ਸੀ।ਅਸੀਂ ਕਿੰਨੇ ਸਾਰੇ ਨਿਕੇ ਨਿਆਣੇ ਬਹੁਤਾ ਵਕਤ ਉਸੀ ਨਿਕੀ ਜਿਹੀ ਚਬਾਰੀ ਵਿੱਚ ਗੁਜਾਰਦੇ।ਬਿਨਾਂ ਅੱਖਾਂ ਦੇ ਵੀ ਵੱਡੀ ਮਾਂ ਜੀ ਅਪਨੀ ਚਬਾਰੀ ਨੂੰ ਸਾਫ ਸੁਥਰਾ ਲਿੰਬ ਪੋਚ ਕੇ ਸਵਾਰ ਕੇ ਰੱਖਦੀ।ਪਤਾ ਨਹੀਂ,ਅੱਜ ਤੱਕ ਸਮਝ ਨਹੀਂ ਆਈ ਉਸ ਚਬਾਰੀ ਜਿਸ ਦੀ ਨੀਵੀਂ ਜਿਹੀ ਛੱਤ ਸੀ ਪੱਖਾ ਨਹੀਂ ਸੀ,ਬਿਜਲੀ ਹੀ ਨਹੀਂ ਸੀ ਪੱਖਾ ਕਿਥੋਂ ਹੁੰਦਾ,ਸ਼ਾਇਦ ਮਾਂਜੀ ਨੂੰ ਚਾਨਣ ਦੀ ਲੋੜ ਨਹੀਂ ਸੀ।ਪਰ ਅਸੀਂ ਹੈਰਾਨ ਹੁੰਦੇ ਸੀ ਵੱਡੀ ਮਾਜੀ ਨੂੰ ਦਿਨ ਚੜ੍ਹਨ ਤੇ ਤਰਕਾਲਾਂ ਪੈ ਜਾਣ ਦਾ ਪਤਾ ਕਿਵੇਂ ਲਗ ਜਾਂਦਾ ਸੀ।ਨਿਆਣੇ ਬਹੁਤ ਰੌਲਾ ਪਾਉਂਦੇ,ਪਰ ਉਹ ਕਦੇ ਨਾਂ ਖਿਝਦੀ,ਪਰ ਸ਼ਾਮ ਹੁੰਦੇ ਹੀ ਉਹ ਸਾਨੂੰ ਪੁਚਕਾਰ ਕੇ ਘਰਾਂ ਨੂੰ ਭਜਾ ਦੇਂਦੀ।



ਅਸੀਂ ਉਸ ਨੂੰ ਕਹਾਣੀ ਸੁਣਾਉਣ ਲਈ ਤੰਗ ਕਰਦੇ ਤਾਂ ਉਹ ਕਹਿੰਦੀ,'ਜਵਾਨੋ ਐਸ ਵੇਲੇ ਬਾਤ ਨਹੀਂ ਪਾਈਦੀ,ਰਾਹੀ ਰਾਹ ਭੁੱਲ ਜਾਂਦੇ,ਪਰ ਉਹ ਸਾਨੂੰ ਆਪਣੀ ਕੋਈ ਗਲ ਜਰੂਰ ਸੁਣਾ ਦੇਂਦੀ,ਹਾਂ ਉਹ ਬੁਝਾਰਤਾਂ ਪਾਉਂਦੀ ਤੇ ਸਾਨੂੰ ਉਤਰ ਦੇਣ ਲਈ ਜੋਰ ਪਾਉਂਦੀ,ਇਸ ਤਰਾਂ ਸਾਨੂੰ ਵੀ ਬੁਝਾਰਤਾਂ ਯਾਦ ਹੋ ਜਾਂਦੀਆ ਤੇ ਅਸੀਂ ਵੀ ਸਕੂਲ ਦੀ ਬਾਲ ਸਭਾ ਚ ਪਾ ਕੇ ਲੀਡਰ ਬਣ ਜਾਂਦੇ।ਪਹਿਲੇ ਦਿਨ ਉਹਨੇ ਬੁਝਾਰਤ ਪਾਈ ਜੋ ਸਾਨੂੰ ਕਿਸੇ ਨੂੰ ਨਾ ਆਈ, ਉਹ ਸੀ ----"ਬਾਤ ਪਾਵਾਂ ਬਤੌਲੀ ਪਾਵਾਂ,ਬਾਤ ਨੂੰ ਲਗੇ ਮੋਤੀ,ਮੋਤੀ ਮੋਤੀ ਝੜ ਗਏ ਤੇ ਬਾਤ ਰਹੀ ਖਲੋਤੀ"—ਬੁਝੋ ਕੀ ?

ਹਰੀ ਸੀ ਮਨ ਭਰੀ ਸੀ,ਨਾਲ ਮੋਤੀਆਂ ਜੜੀ ਸੀ,ਲਾਲਾ ਜੀ ਦੇ ਬਾਗ ਵਿੱਚ ਲੈ ਦੁਸ਼ਾਲਾ ਖੜੀ ਸੀ-ਬੁਝੋ ਕੀ? ਪੂਰਨਮਾਸ਼ੀ ਦੀ ਰਾਤ ਨੂੰ ਉਹ ਸਾਨੂੰ ਰਾਜ ਕੁਮਾਰ ਤੇ ਪਰੀਆਂ ਦੀ ਕਹਾਣੀ ਸੁਣਾ ਦੇਂਦੀ।ਉਦੋਂ ਦਾ ਪੂਰਨ ਚੰਨ ਅੱਜ ਵਾਂਗ ਘਸਮੈਲਾ ਨਹੀਂ ਸੀ,ਹੁੰਦਾ,ਪੂਰਨ ਚੰਨ ਬਲਬ ਵਾਂਗ ਚਮਕੀਲਾ ਹੁੰਦਾ ਸੀ।ਕਈ ਵਾਰ ਚਾਨਣੀ ਰਾਤ ਨੂੰ ਅਸੀਂ ਉਥੇ ਹੀ ਵੱਡੀ ਮਾਂਜੀ ਕੋਲ ਬਾਤ ਸੁਣਦੀਆ ਹੀ ਸੌਂ ਜਾਂਦੀਆਂ।

ਇਸ ਤਰਾਂ ਉਸ ਨੂੰ ਬਹੁਤ ਸਾਰੀਆ ਬਾਤਾਂ ਯਾਦ ਸਨ।ਹਾਂ ਉਹ ਗੀਤ ਬਹੁਤ ਵਧੀਆ ਗਾਉਂਦੀ ਸੀ,ਭਾਂਵੇ ਉਸ ਦੇ ਮੂੰਹ ਚ ਦੰਦ ਥੋੜੇ ਹੋਣ ਕਰਕੇ ਆਵਾਜ਼ ਕੁਝ ਤੋਤਲੀ ਸੀ ,ਉਹ ਸ਼ਬਦ ਗਾਇਨ ਕਰਦੀ,ਜਬਾਨੀ ਜਪੁਜੀ ਸਾਹਬ ਦਾ ਪਾਠ ਪੜ੍ਹਦੀ,ਨਿਤਨੇਮ ਉਹਨੇ ਕਦੀ ਨਾ ਖੂੰਝਾਇਆ।ਤਿੱਥ,ਤਿਉਹਾਰ,ਦਿਨ ਵਾਰ ਸੱਭ ਉਸ ਨੂੰ ਯਾਦ ਰਹਿੰਦੇ,ਤੇ ਉਹ ਗੁਰੂ ਨਾਨਕ ਦੇਵ ਦੇ ਗੁਰਪੂਰਬ ਤੇ ਗਾਉਂਦੀ,'

'ਚਲ ਦਸੀਏ ਬੇਬੇ ਨਾਨਕੀ ਨੂੰ ਤੇਰਾ ਵੀਰ ਆਇਆ ਈ,ਚਿੱਟਾ ਚੋਲਾ ਗਲ ਵਿੱਚ ਮਾਲਾ ਬਣ ਕੇ ਫਕੀਰ ਆਇਆ ਈ "।ਫੁਲਕਾ ਤਵੇ ਤੇ ਫੁਲਿਆ,ਭੈਣ ਦਾ ਪਿਆਰ ਪਿਆ ਡੁਲ੍ਹਿਆ"।

ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਤੇ ਉਹ ਗਾਉਂਦੀ,'ਮਾਤਾ ਗੁਜਰੀ ਨੂੰ ਮਿਲਣ ਵਧਾਈਆਂ"।ਉਸ ਦਿਨ ਉਹ ਸਾਨੂੰ ਆਪ ਕਲਗੀਆਂ ਵਾਲੇ ਦੇ ਚੋਜ ਸੁਣਾਉਂਦੀ,।ਸਾਹਬਜਾਦਿਆ ਦੇ ਸ਼ਹੀਦੀ ਦਿਵਸ ਤੇ ਉਹਨੇ ਗਾਉਣਾ

'ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,ਫੁਲਾਂ ਨਾਲ ਗੁੰਦੋ ਲੜੀ ਹਰਿਆ ਦੇ ਹਾਰ ਦੀ'ਤੇ ਉਹ ਕਿੰਨਾ ਚਿਰ ਹੰਝੂ ਪੂੰਝਦੀ ਰਹਿੰਦੀ।ਉਦੋਂ ਸੱਭ ਨੂੰ ਹੀ ਗੁਰਪੁਰਬਾਂ ਦਾ ਬੜਾ ਉਤਸ਼ਾਹ ਹੁੰਦਾ ਸੀ,ਸਾਨੂੰ ਧਰਮ ਭਗਤੀ ਤਾ ਨਹੀਂ ਸੀ ਪਤਾ ਹੁੰਦੇ ਬਸ ਵੱਡੇ ਦਿਨਾਂ ਦਾ ਚਾਅ ਬੜਾ ਹੁੰਦਾ ਸੀ।ਉਦੋਂ ਗੁਰਪੁਰਬ ਅੱਜ ਵਾਂਗ ਦੀਵਾਲੀ ਦੇ ਤਿਉਹਾਰ ਵਾਂਗ ਨਹੀਂ ਸੀ ਮਨਾਏ ਜਾਂਦੇ,ਸ਼ਰਧਾ ਤੇ ਭਗਤੀ ਦਾ ਹੁਲਾਸ ਹਰ ਮਨ ਵਿੱਚ ਹੁੰਦਾ ਸੀ।

ਵੱਡੀ ਮਾਂਜੀ ਸਾਨੂੰ ਸੱਭ ਨੂੰ ਆਵਾਜ਼ ਤੋਂ ਪਹਿਚਾਣਦੀ ਸੀ ਤੇ ਸਾਡੇ ਸੱਬ ਦੇ ਨਾਮ ਪਤਾ ਹੁੰਦੇ ਸੀ।ਜੇ ਕੋਈ ਨਿਆਣਾ ਗੈਰਹਾਜਰ ਹੁੰਦਾ ਤਾਂ ਉਹ ਝੱਟ ਜਾਣ ਜਾਂਦੀ,ਤੇ ਉਹਦੀ ਸੁਖਸਾਂਦ ਪੁਛਦੀ।ਉਹ ਸਿਖਿਆ,ਸਿਹਰੇ ਸੁਹਾਗ,ਘੋੜੀਆਂ ਗਾਉਂਦੀ।

ਉਸ ਦੇ ਪੀੜੇ ਤੇ ਆਸੇ ਪਾਸੇ ਬੈਠ ਨਿਆਣੇ ਉਸ ਨੂੰ ਬਹੁਤ ਸਤਾਉਂਦੇ,ਚਰਖੇ ਦੀ ਮਾਹਲ ਟੁੱਟ ਜਾਂਦੀ,ਤਕਲਾ ਵਿੰਗਾ ਹੋ ਜਾਂਦਾ,ਸੱਭ ਆਪੇ ਠੀਕ ਕਰ ਲੈਂਦੀ,ਟੁੱਟੀ ਤੰਦ ਵੀ ਥੁੱਕ ਲਾ ਕੇ ਜੋੜ ਲੈਂਦੀ।ਉਸਦੀ ਚਬਾਰੀ ਦੇ ਹੇਠਾਂ ਇੰਨੀ ਨਿਕੀ ਖੂਹੀ ਸੀ ਕਿ ਨਿਆਣੇ ਖੂਹੀ ਟੱਪਣ ਦੀ ਖੇਡ ਖੇਡਦੇ।ਉਸ ਵਿਚੋਂ ਪਾਣੀ ਤਾਰੇ ਜਿਹਾ ਦਿਸਦਾ।ਇਸ ਖੂਹੀ ਵਿੱਚ ਜਦ ਨਲਕਾ ਲਾ ਦਿੱਤਾ ਗਿਆ ਤਾਂ ਨਿਆਣਿਆਂ ਨੇ ਖੇਡ ਖੇਡ ਵਿੱਚ ਹੀ ਰੋੜੇ ਢੀਮਾਂ ਸੁਟ ਕੇ ਖੂਹੀ ਭਰ ਦਿੱਤੀ,ਵਰਿਆਂ ਤੱਕ ਉਹ ਉਵੇਂ ਹੀ ਰਹੀ,ਹੁਣ ਤਾਂ ਉਥੇ ਆਲੀਸ਼ਾਨ ਕੋਠੀ ਹੈ।ਅਸੀਂ ਵੱਡੀ ਮਾਂਜੀ ਤੋ ਬੜਾ ਕੁਝ ਸਿੱਖਿਆ,ਜਿਸਦਾ ਅਹਿਸਾਸ ਅੱਜ ਹੋਇਆ ਹੈ।ਅਸੀਂ ਚੀਚੋ ਚੀਛ ਗਨੇਰੀਆਂ ਦੀ ਖੇਡ ਵਿੱਚ ਮਾਂਜੀ ਦੀ ਚਬਾਰੀ ਦੀਆਂ ਕੰਧਾਂ ਭਰ ਦੇਂਦੇ ,ਉਹਦੀ ਰੂੰ ਪੂਣੀਆਂ ਦੇ ਛਿਕੂ ਹੇਠਾਂ ਵੀ ਲੀਕਾਂ ਵਾਹ ਦੇਂਦੇ,ਉਹਦਾ ਪੋਚਾ ਖਰਾਬ ਕਰ ਦੇਂਦੇ।ਉਥੇ ਬੰਟੇ ਖੇਡਦੇ।ਵੱਡੀ ਮਾਂਜੀ ਮੁੰਡਿਆਂ ਨੂੰ ਲੀਰਾਂ ਦਾ ਖਿਦੋ ਬਣਾ ਦੇਂਦੀ,ਉਤੇ ਆਪਣਾ ਸੂਤ ਲਪੇਟ ਦੇਂਦੀ,ਕੁੜੀਆਂ ਨੂੰ ਗੁੱਡੀਆਂ,ਗੁੱਡੇ ਬਣਾ ਦੇਂਦੀ,ਅਸੀ ਉਹਨੂੰ  ਸੂਈ ਚ ਧਾਗਾ ਪਾ ਦੇਂਦੇ ਤੇ ਉਹ ਨਿਕੇ ਨਿਕੇ ਪਟੋਲੇ ਸੀ ਦੇਂਦੀ,ਉਹ ਸਾਨੂੰ ਘਰ ਘਰ ਖੇਡਣਾ ਸਿਖਾਂਉਂਦੀ,ਸਾਨੂੰ ਮਿੱਟੀ ਗਿਲੀ ਕਰ ਕੇ ਭਾਡੇ ਬਣਾਉਣੇ ਦਸਦੀ,ਉਸਦੀ ਅਗਵਾਈ ਵਿੱਚ ਅਸੀਂ ਗੁੱਡੀ ਗੁੱਡੇ ਦਾ ਵਿਆਹ ਕਰਦੇ।ਗੁਰਦਵਾਰੇ ਤੌਂ ਮਿਲੇ ਫੂਲੀਆਂ ਪਤਾਸੇ ਦੇ ਪ੍ਰਸ਼ਾਦ ਦੀ ਭਾਜੀ ਵੰਡੀ ਜਾਂਦੀ।ਆਪਣੇ ਖਾਣ ਵਾਲੀ ਰੋਟੀ ਘਰਾਂ ਤੋਂ ਲੁਕਾ ਕੇ ਲੈ ਜਾਣੀ ਤੇ ਜੰਝ ਦੀ ਰੋਟੀ ਖਵਾਉਣੀ।ਮਾਂਜੀ ਨੇ ਡੋਲੀ ਦਾ ਗੀਤ ਗਾਉਣਾ,

"ਮੇਰੀ ਅੱਜ ਦੀ ਰਾਤ ਰੱਖ ਡੋਲੀ ਨੀ ਮਾਂ,ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ"।"ਤੇਰੇ ਮਹਿਲਾਂ ਦੇ ਵਿੱਚ ਵਿੱਚ ਬਾਬਲ, ਡੋਲਾ ਨਹੀਂਓਂ ਲੰਘਦਾ,ਇਕ ਇੱਟ ਪਟਾ ਦੇਵਾਂ, ਧੀਏ ਘਰ ਜਾ ਆਪਣੇ"।


ਸਾਡੀ ਇਸ ਖੇਡ ਵਿੱਚ ਵੱਡੇ ਛੋਟੇ ਸਾਰੇ ਸ਼ਾਮਲ ਹੁੰਦੇ।ਇਹ ਵਰਤਾਰਾ ਆਮ ਜਿਹਾ ਸੀ।ਅੱਜ ਟੀ.ਵੀ ਦੇ ਜਮਾਨੇ ਵਿੱਚ ਉਹ ਸੱਭ ਖਾਸ ਤੇ ਬਹੁਤ ਰੌਚਕ ਲਗਦਾ ਹੈ।ਉਹ ਕਿੰਨੇ ਸੁਹਾਵਣੇ ਦਿਨ ਸਨ।ਰੋਮਾਂਸ,ਰੁਮਾਂਚਕ,ਹਾਰ ਸ਼ਿੰਗਾਰ,ਰੁਸੇਵੇਂ,ਝਗੜੈ,ਕੱਟੀ ਕਰਨੀ,ਅੱਬਾ ਕਰਨਾ,ਪਰ ਲਚਰਤਾ ਦਾ ਪਤਾ ਕਿਤੇ ਨਹੀਂ ਸੀ।ਵੱਡੀ ਮਾਂਜੀ ਦੀ ਚਬਾਰੀ ਵਿੱਚ ਲੜ ਪੈਣਾ ਤੇ ਜਿਹਨੇ ਰੋਂਦ ਮਾਰਨਾਂ,ਮਾਂਜੀ ਨੇ ਉਹਦੀ ਖਸਿਆਨੀ ਕਰਾ ਕੇ ਰਸਾਈ ਕਰਾ ਦੇਣੀ।ਇਸ ਤਰਾਂ ਮਾਂਜੀ ਨੇ ਚਰਿਤਰ ਨਿਰਮਾਣ ਦੀ ਨੀਂਹ ਵੀ ਬੰਨ੍ਹ ਦਿਤੀ। ਉਸ ਚਬਾਰੀ ਨੂੰ ਕੋਈ ਬੂਹਾ ਨਹੀਂ ਸੀ,ਉਸ ਵਿੱਚ ਆਹਮੋ ਸਾਹਮਣੇ ਦੋ ਦੋ ਬਾਰੀਆਂ ਸੀ ਜਿਹਨਾਂ ਨੂੰ ਤਾਕ ਨਹੀਂ ਸੀ।ਪਤਾ ਨਹੀਂ ਕਿਉਂ ਉਥੇ ਮੱਖੀ ਮੱਛਰ ਨਹੀਂ ਸੀ ਹੁੰਦਾ,ਪਤਾ ਨਹੀਂ ਕਿਉਂ ਉਥੇ ਘੱਟਾ ਮਿੱਟੀ ਨਹੀਂ ਸੀ ਹੁੰਦੇ,ਹਨੇਰੀ ਵੀ ਆਉਂਦੀ ਸੀ ਤਾਂ ਖਵ੍ਰੇ ਮਾਂਜੀ ਦਾ ਲਿਹਾਜ ਰੱਖਦੀ ਸੀ।ਖੁਲ੍ਹੇ ਬੂਹੇ ਦੇ ਨਾਲ ਹਰ ਵੇਲੇ ਕਾਲਾ ਕੁੱਤਾ ਪਹਿਰਾ ਦੇਂਦਾ।ਅਸਾਂ ਸੋਚਣਾ ਮਾਂਜੀ



ਨੇ ਦਰਬਾਨ ਰੱਖਿਆ।ਬਿਟੂ ਨੇ ਇਕ ਦਿਨ ਪੁਛਿਆ,'ਮਾਂਜੀ ਤੈਨੂੰ ਠੰਢ ਨਹੀਂ ਲਗਦੀ ਰਾਤ ਨੂੰ?' ਮਾਂਜੀ ਨੇ ਉਸ ਨੂੰ ਸਮਝਾਇਆ,ਪੁੱਤ ਬੂਹੇ ਬੰਦ ਕਰ ਕੇ ਸੌਣ ਨਾਲ ਨਜ਼ਲਾ ਹੋ ਜਾਂਦਾ ਹੈ,ਬੂਹਾ ਖੋਲਿਆਂ ਬੁਲਾ ਜੋ ਵਜ ਜਾਂਦਾ ਹੈ"।

ਵੱਡੇ ਹੋਏ ਤੇ ਵੱਡੀ ਮਾਂਜੀ ਦੇ ਘਰ ਜਾਣਾ ਬੰਦ ਹੋ ਗਿਆ,ਜਾਨੋ ਸ਼ਹਿਰ ਬਦਲ ਗਿਆ।ਫਿਰ ਇਕ ਦਿਨ ਘਰ ਕਿੰਨੇ ਸਾਰੇ ਮਖਾਣੇ ਆਏ ਤੇ ਪਤਾ ਲਗਾ ਵੱਡੀ ਮਾਂਜੀ ਦੀ ਬਦਲੀ ਹੋ ਗਈ ਹੈ,ਉਹ ਅਗਲੇ ਜਹਾਨ ਚਲੀ ਗਈ ਹੈ{ਮਾਂਜੀ ਦੀ ਇਕ ਨੂੰਹ ਨੂੰ ਸਾਰੇ ਬੇਬੇ ਜੀ ਕਹਿੰਦੇ ਸਨ,ਉਸ ਨੇ ਮਾਂਜੀ ਦੀ ਚਬਾਰੀ ਵਾਲੇ ਨਿਆਣਿਆਂ ਨੂੰ ਬੁਕਾਂ ਭਰ ਭਰ ਮਖਾਣੇ ਦਿੱਤੇ,ਜਾਓ ਖਾਓ ਰੱਬ ਤੁਹਾਡੀ ਵੱਡੀ ਵੱਡੀ ਉਮਰ ਕਰੇ।ਮਾਂਜੀ ਦੀ ਅਰਥੀ ਨੂੰ ਝੰਡੀਆਂ ਲਾ ਕੇ ਗੁਲਾਬੀ ਕਫ਼ਨ ਨਾਲ ਸਜਾ ਕੇ ਢੋਲ ਵਜਾ ਕੇ ਸ਼ਮਸ਼ਾਨ ਘਾਟ ਲਿਜਾਇਆ ਗਿਆ।

ਜਿੰਦੇ ਨੀ ਹੁਣ ਬਚਪਨ ਕਿਥੋਂ ਲੱਭੈ,ਤੇ ਕਿਥੋਂ ਲੱਭੈ ਉਹ ਵੱਡੀ ਮਾਂਜੀ ਦੀ ਨਿਕੀ ਚਬਾਰੀ (ਕੋਠੜੀ) ਦੀ ਨਿੰਘੀ ਨਿੰਘੀ ਠੰਢ। ?ਜਿਥੋਂ ਮਾਂਜੀ ਨੂੰ ਬ੍ਰਿਧ ਘਰ ਜਾਣ ਦਾ ਡਰ ਨਹੀਂ ਸੀ ਸਤਾਉਂਦਾ ਤੇ ਜਿਥੇ ਸਾਨੂੰ ਆਪਣਿਆਂ,ਪਰਾਇਆਂ ਤੋਂ ਧੋਖਾ ਹੋ ਜਾਣ ਦਾ ਖਦਸ਼ਾ ਨਹੀਂ ਸੀ ਹੁੰਦਾ।---ਕਿਤੇ ਨਹੀਂ ਸੁਣਦਾ ਹੁਣ 'ਚੀਚੋ ਚੀਚ ਗਨੇਰੀਆਂ ਦਾ ਹਉਕਾ"।



ਮੰਜਿਲ ਨਾ ਦੇ,ਚਿਰਾਗ ਨਾ ਦੇ ਹੌਸਲਾ ਤੋ ਦੇ

ਤਿਨਕੇ ਕਾ ਹੀ ਸਹੀ ਮਗਰ ਤੂੰ ਆਸਰਾ ਤੋ ਦੇ

ਮੈਂ ਨੇ ਯੇ ਕਬ ਕਹਾ ਕੇ ਮੇਰੇ ਹੱਕ ਮੇਂ ਹੋ ਜਵਾਬ

ਲੇਕਿਨ ਖਾਮੋਸ਼ ਕਿਉਂ ਹੈਂ ਤੂੰ ਕੋਈ ਫੈਸਲਾ ਤੋ ਦੇ

ਬਰਸੋਂ ਮੈਂ ਤੇਰੇ ਨਾਮ ਪਰ ਖਾਤਾ ਰਹਾ ਫਰੇਬ

ਮੇਰੇ ਖੁਦਾ ਕਹਾਂ ਹੈ ਤੂੰ ਅਪਨਾ ਪਤਾ ਤੋ ਦੇ

ਬੇ ਸ਼ੱਕ ਮੇਰੇ ਨਸੀਬ ਪਰ ਰੱਖ ਅਪਨਾ ਅਕਤਿਆਰ

ਲੇਕਿਨ ਮੇਰੇ ਨਸੀਬ ਮੇਂ ਕਿਆ ਹੈ ਬਤਾ ਤੋ ਦੇ ।....

" ਸੁਬਹ ਸੇ ਸ਼ਾਮ ਤੱਕ ਬੋਝ ਢੋਤਾ ਹੂਆ

ਅਪਨੀ ਹੀ ਲਾਸ਼ ਕਾ ਖੁਦ ਮਜ਼ਾਰ ਆਦਮੀ"। -----ਜਗਜੀਤ ਸਿੰਘ

## "ਦਮ ਘੁਟਦੀ ਤਸਕੀਨ"

ਵਹਿਮ ਤੇ ਅੰਧ ਵਿਸਵਾਸ ਦੋ ਦੋ ਅਲੱਗ ਅਲੱਗ ਨੁਕਤੇ ਹਨ ਪਰ ਕਦੀ ਕਦੀ ਇਹ ਇਕ ਥਾਂ ਹੀ ਮਿਲ ਬੈਠਦੇ ਹਨ।ਵਹਿਮ ਖਾਣ ਪੀਣ ਦੀਆਂ ਵਸਤਾਂ ਵਿੱਚ ਵੀ ਹੋ ਸਕਦਾ ਹੈ ਤੇ ਅੰਧ ਵਿਸਵਾਸ ਵੇਖਣ ਸੁਣਨ ਵਿਚੱ ਵੀ ਹੋ ਸਕਦਾ ਹੈ।

ਕੋਈ ਬੰਦਾ ਸਫਾਈ ਦੇ ਪੱਖ ਤੋਂ ਬਾਹਰ /ਬਜ਼ਾਰ ਦੀ ਵਸਤੂ ਨਹੀਂ ਖਾਂਦਾ,ਜਾਂ ਉਸਨੂੰ ਦੂਜੇ ਥਾਂ ਦਾ ਪਾਣੀ ਨਹੀਂ ਸੁਖਾਂਉਂਦਾ ਤਾ ਉਸਨੂੰ ਫੋਕਾ ਵਹਿਮ ਕਹਿ ਕੇ ਨਕਾਰਿਆ ਜਾਂਦਾ ਹੈ।

ਇਹ ਵਹਿਮ ਸੱਭ ਨੂੰ ਹੋਣਾ ਚਾਹੀਦਾ ਹੈ ਕਿਉਂਕਿ ਇਸਦਾ ਸਿੱਧਾ ਸੰਬੰਧ ਸਿਹਤ ਨਾਲ ਹੈ।

ਵੀਰਵਾਰ ਕਪੜੇ ਨਾਂ ਧੋਣਾ,ਮੰਗਲਵਾਰ,ਸ਼ਨੀਵਾਰ ਸਿਰ ਨਾਂ ਧੋਣਾ,ਲੋਕ ਕਹਾਵਤ ਹੈ ਕਿ–

'ਮੰਗਲਵਾਰ ਤੇ ਮੱਝਾਂ ਵੀ ਸਿਰ ਨਹੀਂ ਭਿਉਂਦੀਆਂ,

'ਸ਼ੁਕਰ ਛੱਡ ਸ਼ਨਿਸ਼ਰ ਨਹਾ,ਭਾਰ ਪਤੀ ਦੇ ਸਿਰ ਪਾ'

ਪਰ ਵੀਰਵਾਰ,ਮੰਗਲਵਾਰ,ਸਨਿਸ਼ਰਵਾਰ ਜੇ ਲੜਕਾ ਪੈਦਾ ਹੋ ਜਾਵੇ ਤਾਂ ਕੀ ਉਸਨੂੰ ਮੋੜ ਦਿੱਤਾ ਜਾਂਦਾ ਹੈ ਜਾਂ ਵਧਾਈ ਨਹੀਂ ਸਮਝਿਆ ਜਾਂਦਾ?

ਮੌਤ ਤੇ ਜਨਮ ਵਾਰ ਤਿਉਹਾਰ ਨਹੀਂ ਵੇਖਦੇ,ਤਾਂ ਫਿਰ ਆਪੇ ਬਣਾਇਆ ਅੰਧ ਵਿਸਵਾਸ/ਵਹਿਮ ਹੀ ਹੋਇਆ ਨਾਂ।

ਕੋਈ ਕਹਿੰਦਾ ਹੈ,ਘਰੋਂ ਬਾਹਰ ਪਾਣੀ ਪੀ ਕੇ ਨਿਕਲਨਾ ਚਾਹੀਦਾ ਹੈ ਤੇ ਕਿਸੇ ਦਾ ਕਹਿਣਾ ਹੈ,ਪਾਣੀ ਨਹੀਂ ਦਹੀਂ ਖਾ ਕੇ ਨਿਕਲਨਾ ਚਾਹੀਦਾ ਹੈ।

ਨਸੀਹਤ ਸਪਸ਼ਟ ਹੈ ਕਿ ਭੁੱਖੇ ਸਫ਼ਰ ਕਰਨਾ ਮੁਸ਼ਕਲ ਹੁੰਦਾ ਹੈ,ਇਸ ਲਈ ਖਾ ਪੀ ਕੇ.ਨਿਕਲਨਾ ਚਾਹੀਦਾ ਹੈ॥

" ਘਰੋਂ ਨਿਕਲੋ ਖਾ ਕੇ ਅਗੋਂ ਮਿਲੇ ਪਕਾ ਕੇ"।

ਬਾਹਰ ਨਿਕਲਣ ਵੇਲੇ ਜੇ ਪਾਲਤੂ ਕੁੱਤਾ ਵੀ ਛਿੱਕ ਮਾਰ ਦੇਵੇ ਤਾਂ ਸਵਾਰ ਉਤਰ ਕੇ ਪੰਜ ਦਸ ਮਿੰਟ ਬੈਠ ਕੇ ਫਿਰ ਤੁਰਦਾ ਹੈ ਨਾਲੇ ਨਾਲ ਛਿੱਕ ਮਾਰਨ ਵਾਲੇ ਨੂੰ ਬੁਰਾ ਭਲਾ ਕਹੀ ਜਾਂਦਾ ਹੈ।ਵਹਿਮ ਹੀ ਹੋਇਆ ਨਾਂ,ਛਿੱਕ ਆਉਣੀ ਤਾਂ ਕੁਦਰਤੀ ਵਰਤਾਰਾ ਹੈ।



ਕਾਲੀ ਬਿੱਲੀ ਅੱਗੇ ਚਲ ਰਹੀ ਹੋਵੇ ਤੇ ਵਹਿਮ ਕੀਤਾ ਜਾਂਦਾ ਹੈ ਕਿ ਬਿੱਲੀ ਰਸਤਾ ਕੱਟ ਗਈ,ਕੰਮ ਨਹੀਂ ਬਣਨਾ ਹੁਣ,ਵਿਚਾਰੀ ਬਿੱਲੀ ਕੀ ਜਾਣੇ ਸਾਡੇ ਕੰਮ ਉਹ ਤੇ ਆਪਣੇ ਕੰਮ ਜਾ ਰਹੀ ਹੈ।( ਵੈਸੇ ਅੱਜ ਕਲ ਬਿੱਲੀ ਵੀ ਵੇਖ ਚਾਕ ਕੇ ਗਲੀ ਚ ਨਿਕਲਦੀ ਹੈ,ਕਿਤੇ ਨਹਿਸ਼ ਮਨੁੱਖ ਉਹਦਾ ਰਸਤਾ ਤੇ ਨਹੀਂ ਖੋਟਾ ਕਰ ਰਿਹਾ )

ਬਾਹਰਲਾ ਬੂਹਾ ਪਾਰ ਕਰਨ ਵੇਲੇ ਜੋ ਕੋਈ ਪਿਛੋਂ ਆਵਾਜ਼ ਦੇ ਲਵੇ ਬੇਸ਼ੱਕ ਏਮਰਜੇਂਸੀ ਹੀ ਹੋਵੇ ਫਿਰ ਵੀ ਆਵਾਜ਼ ਦੇਣ ਵਾਲੇ ਦੀ ਸ਼ਾਮਤ ਆ ਜਾਂਦੀ ਹੈ ਤੇ ਬਾਹਰ ਜਾਣ ਵਾਲਾ ਮੁੜ ਕੇ ਆ ਕੇ ਜੁੱਤੀ ਲਾਹ ਕੇ ਕੁਝ ਦੇਰ ਮੰਜੇ ਤੇ ਬੈਠ ਕੇ ਫਿਰ ਜੁੱਤੀ ਝਾੜ ਕੇ ਫਿਰ ਪਾ ਕੇ ਬਾਹਰ ਨਿਕਲਦਾ ਹੈ,ਕਈ ਵਾਰ ਤਾਂ ਬਹਾਰਲੇ ਕੰਮ ਵਿੱਚ ਜੇ ਕਿਸੇ ਖਾਸ ਕਾਰਨ ਵੀ ਵਿਘਨ ਪੈ ਜਾਵੇ ਤਾਂ ਉਹੋ ਜੁੱਤੀ ਆਵਾਜ਼ ਦੇਣ ਵਾਲੇ ਦੇ ਸਿਰ ਭੰਨਣ ਦੇ ਜੋਰ ਲਾ ਦਿੱਤੀ ਜਾਂਦੀ ਹੈ।

ਸੋਮਵਾਰ ਕੰਮ ਸ਼ੁਰੂ ਨਹੀਂ ਕੀਤਾ ਜਾਂਦਾ ਕਿ ਕੰਮ  ਸੁੱਤਾ ਰਹਿੰਦਾ ਹੈ,ਮੁਕਦਾ ਨਹੀਂ,ਬੁੱਧ ਕੰਮ ਸੁਧ।ਸੁਧ।ਅਖੰਡ ਪਾਠ ਵੀ ਕਰਨਾ ਹੋਵੇ ਤਾਂ ਬੁੱਧ ਜਾਂ ਸ਼ੁਕਰ ਵੇਖਿਆ ਜਾਂਦਾ ਹੈ।

ਜਗਰਾਤਾ,ਸ਼ਨੀ ਤੇ ਮੰਗਲ ਗ੍ਰਹਿ ਦੇ ਵਿਰੁਧ ਰਾਤ ਨੂੰ ਕਰਦੇ ਹਨ।

ਵਹਿਮ ਕੀਤਾ ਜਾਂਦਾ ਹੈ ਕਿ ਮੰਗਲਵਾਰ ਤੇ ਸ਼ਨਿਚਰਵਾਰ ਲੋਹਾ ਅਤੇ ਤੇਲ ਨਹੀਂ ਖ੍ਰੀਦਣਾ

ਸ਼ੰਗਰਾਂਦ ਵਾਲੇ ਦਿਨ ਦਵਾਈ ਨਹੀਂ ਖਾਣੀ,ਨਹੀਂ ਤੇ ਸਾਰਾ ਮਹੀਨਾ ਖਾਣੀ ਪਏਗੀ,

ਸੰਗਰਾਂਦ ਵਾਲੇ ਦਿਨ ਕਿਸੇ ਨੂੰ ਅਦਾਇਗੀ ਨਹੀਂ ਕਰਨੀ ਨਹੀਂ ਤੇ ਸਾਰਾ ਮਹੀਨਾ ਦੇਣਾ ਹੀ ਪਵੇਗਾ ਆਮਦਨ ਨਹੀਂ ਹੋਵੇਗੀ।--ਸੋਚੋ ਜੇ ਅਜਿਹਾ ਹੋਵੇ ਤੇ ਕਾਰੋਬਾਰ ਕਿਵੇਂ ਚਲਣ?

ਕੁਝ ਕੁ ਸਾਲਾਂ ਤੋਂ ਪੰਡਤਾਂ ਜੋਤਸ਼ੀਆਂ ਦੇ ਕਾਰੋਬਾਰ ਮੰਦੇ ਹੋ ਰਹੇ ਸਨ ਇਸ ਲਈ ਉਹਨਾਂ ਨੇ ਨਵੀਂ ਚਾਲ ਚਲੀ,ਜਿਸ ਘਰ ਬੱਚਾ ਹੋਣ ਵਾਲਾ ਹੋਵੇ,ਉਸ ਘਰ ਇਕ ਵਹਿਮ ਪੁਚਾ ਦੇਣਾ ਕਿ ਅਗਰ ਇਹ ਬੱਚਾ ਇੰਨੀ ਤਰੀਕ ਨੂੰ ਇਸ ਵਾਰ ਏਨੇ ਵਜੇ ਪੈਦਾ ਹੋਵੇ ਤੇ ਘਰ ਪਰਿਵਾਰ ਲਈ ਸ਼ੁਭ ਹੋਵੇਗਾ,ਮਾਪਿਆਂ ਨੇ ਕੁਦਰਤ ਦੀ ਨਿਗਾਹ ਵਿੱਚ ਧੂਲ ਝੋਂਕ ਕੇ ਧੜਾ ਧੜ ਸਜੇਰੀਅਨ ਕਰਾ ਪੰਡਤ ਜੀ ਦਾ ਪਾਇਆ ਵਹਿਮ ਪਾਲਣਾ ਸ਼ੁਰੂ ਕਰ ਦਿੱਤਾ।ਪੰਡਤ ਦੀ ਮਰਜੀ ਨਾਲ ਪੈਦਾ ਕੀਤੇ ਬੱਚੇ ਕਿਹੋ ਜਿਹੇ ਨਿਕਲੇ ਇਹ ਤਾਂ ਪਤਾ ਨਹੀਂ,ਪਰ ਡਾਕਟਰਾਂ ਦੀ ਚਾਂਦੀ ਤੋਂ ਸੋਨਾ ਬਣਨ ਲਗਾ ਹੈ ਤੇ ਪੰਡਤਾ ਦੇ ਵੀ ਘਿਓ ਚ ਪੰਜੇ ਹਨ।

ਮੈਨੂੰ ਹੁਣੇ ਹੁਣੇ ਪਤਾ ਲਗਾ ਹੈ,ਘਰ ਵਿੱਚ ਅਨਾਰ ਦਾ ਬੂਟਾ ਨਹੀਂ ਲਾਉਣਾ ਚਾਹੀਦਾ।ਦਸਣ ਵਾਲਾ ਵਜਾਹਤ ਨਹੀਂ ਕਰ ਸਕਿਆ ਕਿ ਐਸਾ ਕਿਉਂ ਕਰ ਕਿਹਾ ਗਿਆ ਹੈ।

ਬੱਚਿਆ ਦੇ ਟੇਵੇ ਬਣਾਉਣੇ, ਮੰਗਲੀਕ ਦਾ ਵਹਿਮ ਪਾਉਣਾ,ਫਿਰ ਕੁੰਡਲੀਆਂ ਮਿਲਾ ਕੇ ਵਿਆਹ ਯੋਗ ਬਣਾਉਣਾ।ਸੱਭ ਕੁਝ ਅੱਖਾਂ ਨਾਲ ਵੇਖ ਕੇ ਕੰਨਾਂ ਨਾਲ ਸੁਣ ਕੇ ਵੀ ਲੋਕ ਮੰਗਲੀਕ ਦਾ ਵਹਿਮ ਮਨੋਂ ਨਹੀਂ ਕੱਢ ਸਕਦੇ।

ਮੇਰੀ ਇਕ ਸਹੇਲੀ ਦਾ ਬੇਟਾ ਪੰਡਤ ਨੇ ਟੇਵੇ ਚ ਮੰਗਲੀਕ ਲਿਖ ਦਿੱਤਾ,ਮੁੰਡਾ ਉੱਚ ਵਿਦਿਆ ਹਾਸਲ ਕਰਕੇ ਚੰਗੀ ਨੌਕਰੀ ਲਗ ਗਿਆ,ਉਸਨੇ ਆਪਣੇ ਲਈ ਕੁੜੀ ਪਸੰਦ ਕਰਕੇ ਮਾਪਿਆਂ ਨੂੰ ਜਦ ਦਸਿਆ ਤਾਂ ਵਿਚਾਰੇ ਦੀ ਖਾਨਿਓਂ ਗਈ,ਮਾਪਿਓ ਨੇ ਜਦ ਕੁੜੀ ਦਾ ਟੇਵਾ ਮੰਗਾਇਆ ਤਾਂ ਕੁੜੀ ਕੋਲ ਹੈ ਨਹੀਂ ਸੀ ,ਪੰਡਤ ਤੋਂ ਪੁਛਿਆ ,ਪੰਡਤ ਆਖਿਆ,ਹੁਣੇ ਟੇਵਾ ਬਣਾ ਲੈਨੇ ਹਾਂ,ਟੇਵੇ ਚ ਕੁੜੀ ਮੰਗਲੀਕ ਨਹੀਂ ਸੀ,ਤੇ ਮਾਪੇ ਬੜੇ ਖੁਸ਼ ਕਿਉਂਕਿ ਉਹ ਮੁੰਡਾ ਆਪਣੀ ਮਰਜੀ ਵਾਲੇ ਥਾਂ ਵਿਆਹੁਣਾ ਚਾਹੁੰਦੇ ਸੀ ।ਅਖਬਾਰਾਂ ਵਿੱਚ ਇਸ਼ਤਿਹਾਰ ਕਢਾਇਆ,ਨੈੱਟ ਤੇ ਪਾਇਆ,ਹਰ ਵਾਰ ਪੰਡਤ ਕਹੇ ਯੋਗ ਨਹੀਂ ਮਿਲਦਾ।ਮੁੰਡੇ ਦੀ ਉਮਰ ਨਿਕਲ ਚੁੱਕੀ ਤਾਂ ਪੰਡਤ ਨੂੰ ਵੱਢੀ ਦੇ ਕੇ ਉਪਾਅ ਕਰਾਇਆ ਤੇ ਉਸਨੇ ਚੰਗੇ ਪੈਸੇ ਖਾ ਕੇ ਧਿੰਗੋਜੋਰੀ ਦਾ ਯੋਗ ਬਣਾ ਦਿੱਤਾ।

ਇਕ ਵਾਕਿਆ ਜੋ ਰੌਂਗਟੇ ਖੜੇ ਕਰ ਗਿਆ।ਰੀਤ ਤੇ ਰਾਜ ਨਿਕੇ ਹੁੰਦੇ ਤੋਂ ਸਾਥ ਪੜ੍ਹਦੇ ਸੀ ਤੇ ਫਿਰ ਉਹ ਨੌਕਰੀ ਕਰਨ ਲਗੇ ਤਾਂ ਵਿਆਹ ਦਾ ਫੈਸਲਾ ਮਾਂਬਾਪ ਨੂੰ ਦਸਿਆ।ਸੱਭ ਸਹੀ ਸੀ ਦੋਨਾਂ ਦੇ ਗੁਣ ਔਗੁਣ ਆਦਤਾਂ ਸੁਭਾਅ ਮਿਲਦਾ ਸੀ ਪਰ ਰੀਤ ਮੰਗਲੀਕ ਸੀ। ਦੋਨਾਂ ਧਿਰਾਂ ਨੇ ਪੰਡਤਜੀ ਨਾਲ ਮਸਵਰਾ ਕੀਤਾ ਤਾਂ ਉਸ ਉਪਾਅ ਦਸਿਆ ਕਿ ਕੁੜੀ ਦਾ ਪਹਿਲੇ ਕਿਸੇ ਐਸੀ ਥਾਂ ਵਿਆਹ ਕੀਤਾ ਜਾਏ ਜੋ ਇਸਨੂੰ ਪਸੰਦ ਨਾ ਹੋਵੇ।ਰੀਤ ਨੇ ਰਾਜ ਨੂੰ ਕਿਹਾ ਸਾਇੰਸ ਦੇ ਯੁੱਗ ਵਿੱਚ ਇਹ ਸੱਭ ਕੀ ਹੈ? ਮੈਂ ਐਸਾ ਕੁਝ ਨਹੀਂ ਕਰੂੰਗੀ,ਪਰ ਰਾਜ ਆਪਣੇ ਮਾਂਬਾਪ ਦਾ ਕਹਾ ਟਾਲਣਾ ਨਹੀਂ ਸੀ ਚਾਹੁੰਦਾ।ਰੀਤ ਨੂੰ ਕੁੱਤਿਆਂ ਤੋਂ ਬਹੁਤ ਨਫ਼ਰਤ ਸੀ,ਪੰਡਤ ਦੇ ਮਸ਼ਵਰੇ ਤਹਿਤ ਰੀਤ ਦਾ ਕੁੱਤੇ ਨਾਲ ਵਿਆਹ ਕਰ ਦਿੱਤਾ ਗਿਆ।ਰੀਤ ਨੇ ਕੁੱਤੇ ਨੂੰ ਪਤੀ ਮੰਨ ਕੇ ਰਾਜ ਜਿਹੇ ਅੰਧ ਵਿਸ਼ਵਾਸੀ ਵਹਿਮੀ ਨਾਲ ਕੋਈ ਵੀ ਰਿਸ਼ਤਾ ਰੱਖਣ ਤੋਂ ਕੋਰਾ ਇਨਕਾਰ ਕਰ ਦਿੱਤਾ। ꞉

ਇਕ ਤਾਂ ਇਹ ਧਾਰਨਾ ਹੈ ਕਿ ਵਿੱਧ ਮਾਤਾ ਧੁਰੋਂ ਜੋੜੇ ਬਣਾਉਂਦੀ ਹੈ,ਤੇ ਫਿਰ ਵੀ ਪੰਡਤ ਜੋਤਸ਼ੀ ਆਪਣੀ ਟੰਗ ਅੜਾਉਂਦੇ ਹਨ,ਤੇ ਆਪਣੀ ਚਾਂਦੀ ਬਣਾਉਂਦੇ ਹਨ।

ਇਕ ਹੋਰ ਮੰਗਲੀਕ ਜੋੜਾ ਬਣਾ ਕੇ ਬੜੀ ਧੂੰਮ ਧਾਮ ਨਾਲ ਵਿਆਹ ਕੀਤਾ ਗਿਆ,ਦੋਹਾਂ ਨੇ ਇਕ ਦੂਜੇ ਨੂੰ ਦਸਿਆ ਕਿ ਉਹ ਇਸ ਵਿਆਹ ਨੂੰ ਨਿਭਾਉਣਾ ਨਹੀਂ ਚਾਹੁੰਦੇ,ਦੋਹਾਂ ਨੇ ਖੁਸ਼ੀ ਖੁਸ਼ੀ ਅਲਹਿਦਗੀ ਲੈ ਲਈ ਤੇ ਆਪਣੀ ਮਰਜੀ ਦੇ ਵਿਆਹ ਕਰ ਲਏ,ਉਹ ਦੋਵੇਂ ਰੱਜ ਕੇ ਖੁਸ਼ਹਾਲ ਗ੍ਰਹਿਸਤੀ ਨਿਭਾ ਰਹੇ ਹਨ।ਇਥੇ ਪੰਡਤ ਜੀ ਦੀ ਰੇਖ ਚ ਮੇਖ ਨਾਂ ਵੱਜ ਸਕੀ।

ਸ਼ਾਡੇ ਇਕ ਜਾਣਨ ਵਾਲਿਆਂ ਦਾ ਮੁੰਡਾ ਬੜਾ ਲਾਡਲਾ ਹੋਣ ਕਰਕੇ ਪੜ੍ਹਾਈ ਚ ਸੱਤਨਾਮ ਹੀ ਸੀ,ਇਲੇਕਸ਼ਨ ਦੇ ਦਿਨ ਹੋਣ ਕਰਕੇ,ਨੇਤਾ ਦੀ ਸਿਫਾਰਸ਼ ਨਾਲ ਮੁੰਡਾ ਇੰਜਨੀਰਿੰਗ ਕਾਲਜ ਦਾਖਲ



ਹੋ ਗਿਆ।ਮਾਂਪਿਓ ਨੇ ਮੁੰਡੇ ਦਾ ਟੇਵਾ ਪੰਡਤ ਨੂੰ ਦਿਖਾਇਆ ਤਾਂ ਉਸ ਦਸਿਆ ਇਹ ਮੁੰਡਾ ਜਾਂ ਤਾ ਰਾਜਾ ਹੋਵੇਗਾ ਤੇ ਵੰਡਦਾ ਫਿਰੇਗਾ ਜਾਂ ਫਕੀਰ ਸਾਧੂ ਹੋਵੇਗਾ।ਮਾਪੇ ਬੜੈ ਖੁਸ਼,ਕਿਉਂ ਜੋ ਫਕੀਰ ਤੇ ਉਹ ਹੋ ਨਹੀਂ ਸਕਦਾ ਪੂੰਜੀਪਤੀ ਦਾ ਪੁੱਤ ਹੈ,ਰਾਜਾ ਹੀ ਹੋਵੇਗਾ-

ਚਾਰ ਸਾਲ ਬਾਦ ਜਦ ਆਖਰੀ ਸਮੇਸਟਰ ਦਾ ਰਜ਼ਲਟ ਆਉਣਾ ਸੀ ਮਾਂਬਾਪ ਮੁੰਡੇ ਨੂੰ ਵਿਦੇਸ਼ ਭੇਜਣੇ ਦੇ ਮਨਸੂਬੇ ਲੜਾਉਣ ਲਗੇ।ਵਿਦੇਸ਼ ਰਹਿੰਦੀ ਵੱਡੀ ਉਮਰ ਦੀ ਕੁੜੀ ਦੀ ਸੀੜੀ ਲੱਭ ਲਈ ਗਈ.ਮੁੰਡੇ ਨੂੰ ਤੇ ਪਤਾ ਸੀ ਨਤੀਜਾ ਕੀ ਹੈ,ਉਸਨੇ ਰਾਤ ਢਿੱਡਪੀੜ ਦਾ ਬਹਾਨਾ ਕਰਕੇ ਸਲਫਾਸ ਖਾ ਲਈ,ਤਾਂ ਜੇ ਪਤਾ ਲਗਿਆ ਮੁੰਡਾ ਤੇ ਪਹਿਲੇ ਸਮੇਸਟਰ ਚ ਹੀ ਕਾਲਜ ਤੋਂ ਫਾਰਗ ਕਰ ਦਿੱਤਾ ਗਿਆ ਸੀ,ਰਾਜਾ ਬਣਨ ਵਾਲਾ ਮੁੰਡਾ ਘਰੋਂ ਪੈਸੇ ਲੈ ਕੇ ਜੂਆ ਖੇਡ ਕੇ ਹਾਰਦਾ ਰਿਹਾ,ਸੱਟਾ ਲਾਉਂਦਾ ਰਿਹਾ।ਮਾਂ ਗਵਾਂਢਣਾਂ ਤੇ ਟੂਣੇ,ਜਾਦੂ ਦਾ ਇਲਜ਼ਾਮ ਲਾ ਆਪਣਾ ਦਿਲ ਹਲਕਾ ਕਰਦੀ ਰਹੀ।

ਪੰਚਸ਼ੀਲ ਜੋਤਸ਼ੀ ਮੁੰਡੇ ਹੋਣ ਦੇ ਉਪਾਅ ਦੱਸ ਰੱਜ ਕੇ ਲੁਟਦਾ ਹੈ,ਜਾਣਦੇ ਹਨ ਸਾਰੇ ਕਿ ਉਸ ਦੀਆਂ ਚਾਰ ਧੀਆਂ ਹਨ,ਪੁੱਤ ਮੁੰਡਾ ਕੋਈ ਨਹੀਂ।ਅੰਧਵਿਸਵਾਸ/ ਵਹਿਮ ਕਹਿੰਦੇ ਨੇ ਵਹਿਮ ਬੀਮਾਰੀ ਹੈ ਤੇ ਵਹਿਮ ਦਾ ਇਲਾਜ ਹਕੀਮ ਲੁਕਮਾਨ ਕੋਲ ਵੀ ਨਹੀਂ ਸੀ।

ਸ਼ਰਧਾ ਤੋਂ ਬਣਿਆ ਸ਼ਰਾਧ,ਸ਼ਾਇਦ ਸ਼ਰਾਧ ਤੋਂ ਇਹ ਭਾਵ ਸੀ ਕਿ ਪਿਤਰਾਂ ਨੂੰ ਕਦੇ ਨਾਂ ਭੁੱਲੋ,ਵਡੇਰੇ ਜੋ ਆਪ ਮਰ ਕੇ ਔਲਾਦ ਲਈ ਸੁੱਖ ਸਹੂਲਤਾਂ ਛੱਡ ਜਾਂਦੇ ਹਨ ਉਹਨਾਂ ਨੂੰ ਵਰ੍ਹੇ ਚ ਇਕ ਵਾਰ ਸ਼ਰਾਧ ਦੇ ਬਹਾਨੇ ਯਾਦ ਕਰ ਲਓ।ਪਰ ਪੰਡਤਾਂ ਨੇ ਇਸਦਾ ਵੀ ਅੰਧਵਿਸ਼ਵਾਸ ਫੈਲਾ ਕੇ ਆਪਣਾ ਵਪਾਰ ਚਮਕਾ ਲਿਆ।ਤੇ ਹੁਣ ਸਰਾਧ,ਤੋਂ ਸਰਾਪ ਬਣ ਕੇ ਰਹਿ ਗਿਆ ਹੈ।ਮਰਦ ਨੇ ਆਪਣੇ ਆਨੰਦ ਦਾ ਕੋਈ ਮੌਕਾ ਹਥੋਂ ਨਹੀਂ ਜਾਣ ਦਿੱਤਾ।ਦੀਵਾਲੀ ਤੇ ਲਛਮੀ ਪੂਜਾ ਦਾ ਬਹਾਨਾ ਕਰ ਕੇ ਜੂਆ ਖੇਡਿਆ ਜਾਂਦਾ ਹੈ,ਜੋ ਦੀਵਾਲਾ ਬਣ ਜਾਂਦਾ ਹੈ।ਪਟਾਖੈ,ਚਲਾਉਣਾ ਵੀ ਧਾਰਮਿਕ ਵਹਿਮ ਹੈ।ਦੁਸਹਿਰਾ ਸਾੜਨਾ ਕੇਵਲ ਸ਼ੁਗਲ ਹੈ,ਪਰ ਇਹ ਵਹਿਮ ਅਤੇ ਅੰਧਵਿਸ਼ਵਾਸ ਦਾ ਵਪਾਰਕ ਰੂਪ ਧਾਰ ਚੁੱਕਾ ਹੈ। ਵੇਖਿਆ ਜਾਵੇ ਤਾਂ ਵਹਿਮ ਤੇ ਅੰਧਵਿਸ਼ਵਾਸ ਪਾਲਣੇ ਮਨੋਰੰਜਨ ਦਾ ਹੀ ਇਕ ਤਰੀਕਾ ਹਨ,।

ਵਰਤ ਰੱਖਣਾ ਸਿਹਤ ਸੰਭਾਲਣਾ ਹੈ,ਪਰ ਵੱਖ ਵੱਖ ਦਿਨਾਂ ਨੂੰ ਵੱਖ ਵਰਤਾਂ ਦਾ ਤਖੱਲਸ ਦੇ ਕੇ ਅੰਧਵਿਸਵਾਸ ਨਾਲ ਜੋੜ ਕੇ ਅਣਹੋਣੀ ਦਾ ਡਰ ਫੈਲਾ ਕੇ ਮਨਾਂ ਚ ਵਹਿਮ ਭਰ ਦਿੱਤਾ ਗਿਆ ਹੈ।ਮੰਦਿਰ,ਮਸਜਦ ਗੁਰਦਵਾਰੇ ਜਾ ਕੇ ਕਸਮਾਂ ਖਾਣੀਆਂ,'ਮੈਂ ਅੱਜ ਤੋਂ ਬਤਾਊਂ ਖਾਣੇ ਛੱਡੇ,ਮੈਂ ਅੱਜ ਤੋਂ ਮੀਟ ਅੰਡਾ ਛੱਡਿਆ,ਇਹ ਤਾਂ ਬਹੁਤੇ ਕਰ ਲੈਂਦੇ ਹਨ,ਪਰ ਕੋਈ ਵੀ ਇਹ ਕਸਮ ਨ੍ਹੀਂ ਖਾਂਦਾ 'ਮੈਂ ਅੱਜ ਤੋਂ ਘੱਟ ਨਹੀਂ ਤੋਲਾਂਗਾ,ਬੇਈਮਾਨੀ ਨਹੀਂ ਕਰਾਂਗਾ'।ਮੈਂ ਝੂਠ ਬੋਲ ਕੇ ਲੁਟਾਂਗਾ ਨਹੀਂ

ਕਰਵਾਚੌਥ ਦਾ ਵਰਤ ਫੈਸ਼ਨ ਭਰਪੂਰ ਵਹਿਮ ਹੈ।

ਲੜਕੇ ਦੇ ਪੈਦਾ ਹੋਣ ਤੇ ਬਾਹਰਲੇ ਬੂਹੇ ਤੇ ਸ਼ਰੀਂਹ ਬੰਨ੍ਹਿਆ ਜਾਂਦਾ ਹੈ,ਮਿਰਚਾਂ,ਨਿੰਬੂ,ਨਿਮ ਦਾ ਹਾਰ ਬਣਾ ਕੇ ਟੰਗਿਆ ਜਾਂਦਾ ਹੈ,ਅਤੇ ਚਾਲੀ ਦਿਨ ਤੱਕ ਕਿਸੇ ਦਾ ਵੀ ਜੱਚਾ ਤੇ ਬੱਚਾ ਨੂੰ ਮਿਲਣਾ ਬਦਸ਼ਗਨ ਸਮਝਿਆ ਜਾਂਦਾ ਹੈ,ਮੁੰਡੇ ਨੂੰ ਕਾਲਾ ਟਿੱਕਾ'ਨਜ਼ਰਵੱਟੂ'ਵੀ ਲਾਇਆ ਜਾਂਦਾ ਹੈ,ਲੜਕਾ ਪੈਦਾ ਕਰਨ ਵਾਲੀ ਮਾਂ ਨੂੰ ਪੂਰਾ ਆਰਾਮ ਦਿੱਤਾ ਜਾਂਦਾ ਹੈ,ਨਿਸਬਤਨ ਲੜਕੀ ਪੈਦਾ ਹੋਣ ਤੇ ਇਹ ਸੱਭ ਅਡੰਬਰ ਦਾ ਜਿਕਰ ਵੀ ਨਾਮੁਨਾਸਬ ਸਮਝਿਆ ਜਾਂਦਾ ਹੈ।ਮਨਾਂ ਵਿੱਚ ਧਸੀ ਮੈਲ ਦਾ ਕੋਈ ਵਹਿਮ ਨਹੀਂ ਕਰਦਾ,ਗੰਗਾ ਨਹਾ ਕੇ ਤਨ ਦੀ ਮੈਲ ਤਾਂ ਬਥੇਰੇ ਲਾਹ ਆਉਂਦੇ ਹਨ।

"ਪਾਣੀ ਧੋਤਿਆਂ ਉਤਰਸ ਖੇਹ, ਮੂਤ ਪਲੀਤੀ ਕਪੜ ਹੋਇ, ਦੇ ਸਾਬਣੁ ਲਈਏ ਧੋਇ"।

ਜੇ ਇਸ਼ਨਾਨ ਕੀਤਿਆਂ ਜਾਂ ਤੀਰਥ ਨ੍ਹਾਤਿਆਂ ਰੱਬ ਮਿਲਦਾ ਤਾਂ ਡੱਡੂਆਂ,ਮੱਛੀਆਂ ਦੀ ਜੂਨ ਵੀ ਸਾਫ ਹੋ ਜਾਂਦੀ-"ਜੇ ਰੱਬ ਮਿਲਦਾ ਨਾਤ੍ਰਿਆਂ ਧੋਤਿਆਂ ,ਮਿਲਦਾ ਡੱਡੀਆਂ ਮੱਛੀਆਂ"।

ਜੇ ਵਰਤ ਰੱਖਣ ਨਾਲ ਸਾਰੇ ਸੁੱਖ ਮਿਲ ਜਾਦੇ ਤਾਂ ਭੁੱਖ ਨਾਲ ਕੋਈ ਨਾਂ ਤੜਪਦਾ,ਸਗੋਂ ਭੁੱਖੇ ਰਹਿਣ ਵਾਲੇ ਸਿੱਕਿਆਂ ਨਾਲ ਮਾਲਾਮਾਲ ਹੁੰਦੇ।ਵਰਤ ਤਾਂ ਪੇਟ ਨੂੰ ਆਰਾਮ ਦੇਣ ਲਈ ਜਰੂਰੀ ਹੁੰਦਾ ਹੈ।ਵੈਸੇ ਅੰਨ ਛੋਡੇ ਕਰੇ ਪਖੰਡ..........

ਮਕਾਨ-ਰਹਿਣ ਲਈ ਅੱਜ ਦੇ ਜਮਾਨੇ ਚ ਘਰ ਬਣਾਉਣਾ ਅਸਮਾਨ ਨੂੰ ਟਾਕੀ ਲਾਉਣ ਜਿੰਨਾ ਮੁਸ਼ਕਲ ਹੈ,ਤੇ ਇਸ ਲਈ ਵੀ ਪੰਡਤਾ ਜੋਤਸ਼ੀਆਂ ਨੇ ਵਾਸਤੂਕਲਾ ਤੇ ਸ਼ੇਰਮੂੰਹਾਂ ਤੇ ਗਊਮੁਖਾ ਦਾ ਵਹਿਮ ਫੈਲਾ ਕੇ ਕਈ ਬਣੇ ਘਰ ਢਵਾ ਦਿੱਤੇ ਹਨ ਤੇ ਕਈ ਵਿਕਾ ਦਿੱਤੇ ਹਨ।ਜਦ ਕਿ ਵਾਸਤੂਕਲਾ ਤੇ ਸ਼ੇਰਮੂੰਹੇ ਦਾ ਮਤਲਬ ਸਿਰਫ ਇੰਨਾ ਹੈ ਕਿ ਘਰ ਵਿੱਚ ਹਵਾ ਤੇ ਰੌਸ਼ਨੀ ਦੇ ਆਉਣ ਜਾਣ ਦਾ ਖਾਸ ਧਿਆਨ ਰੱਖਿਆ ਜਾਵੇ,ਨੀਂਹ ਮਜਬੂਤ ਹੋਵੇ।ਕਰਜਾ ਲੈ ਕੇ ਬੇਘਰੇ ਘਰ ਬਣਾਉਣ ਦਾ ਸਪਨਾ ਪੂਰਾ ਕਰਦੇ ਹਨ,ਜੋਤਸ਼ੀ ਪੰਡਤ ਬਾਬੇ ਗ੍ਰਿਹਿ ਪ੍ਰਵੇਸ਼ ਤੇ ਕਈ ਕਿੰਤੂ ਪ੍ਰੰਤੂ ਠੋਕ ਦੇਂਦੇ ਹਨ।ਕਰਜੇ ਦਾ ਭਾਰ ਅੰਧਵਿਸ਼ਵਾਸ ਵਾਂਗ ਸਿਰੋਂ ਪਾਰ ਹੋਣ ਲਗਦਾ ਹੈ।ਕਈ ਵਾਰ ਮਾਲਕ ਬੇਘਰਾ ਹੀ ਚਲ ਵਸਦਾ ਹੈ।ਜਿਉਂਦਿਆਂ ਦੇ ਸੌ ਸੰਸੇ ਹਨ ਹੀ,ਮੋਇਆਂ ਦੀ ਵੀ ਖੈਰ ਨਹੀਂ।ਮਰ ਚੁਕੇ ਨੂੰ ਜਲਾ ਦਿੱਤਾ ਜਾਂਦਾ ਹੈ ਤੇ ਉਸਦੀ ਰਾਖ ਵੀ ਪਾਣੀ ਚ ਪ੍ਰਵਾਹ ਕਰੀਦੀ ਹੈ।।।।।ਰਾਖ ਨੂੰ ਵੀ ਮਾਫ਼ੀ ਨਹੀਂ,ਹਰਦੁਆਰ ਦੇ ਪਾਂਡੇ ਦਸਦੇ ਹਨ ਇਹਦੀ ਗਤੀ ਨਹੀਂ ਹੋਈ ਸੌ ਉਪਾਅ ਕਰੋ,ਲੱਖਾਂ ਦਾ ਦਾਨ ਕਰੋ।

ਕਿਤੇ ਲਿਖਿਆ ਨਹੀਂ ਮਿਲਦਾ ਈਦ ਤੇ ਬਕਰੀਦ ਤੇ ਬੇਜੁਬਾਨ ਜਾਨਵਰਾਂ ਦਾ ਘਾਣ ਕਰੋ,ਸਦੀਆਂ ਤੋਂ ਸੈਤਾਨ ਨੂੰ ਵੱਟੇ ਮਾਰੇ ਜਾ ਰਹੇ ਹਨ ,ਸ਼ੈਤਾਨ ਸਗੋਂ ਬਲਵਾਨ ਹੋ ਗਿਆ ਹੈ,ਅੱਜ ਵੀ ਵੱਟੇ ਮਾਰਨ ਵਾਲੇ ਵਹਿਮ/ਅੰਧਵਿਸ਼ਵਾਸ ਚ- ਆਪਣੀ ਜਾਨ ਤੋਂ ਹੱਥ ਧੋ ਰਹੇ ਹਨ।ਮਜ਼ਾਰ ਪੂਜਾ,ਪੱਥਰ ਪੂਜਾ,ਬੁੱਤ ਪ੍ਰਸਤੀ ਵੀ ਇਸਦੀ ਉਪਜ ਹਨ।



ਸ਼ਨੀਵਾਰ ਮੰਦਿਰ ਵਿੱਚ ਤੇਲ ਚੜਾਇਆ ਜਾਂਦਾ ਹੈ,ਬਿਜਲੀ ਦੇ ਯੁੱਗ ਵਿੱਚ ਮੂਰਤੀਆਂ ਅੱਗੇ ਤੇਲ ਦੇ ਦੀਵੇ ਜਗਾਏ ਜਾਂਦੇ ਹਨ।ਮੂਰਤੀਆਂ ਨੂੰ ਦੁੱਧ ਨਾਲ ਧੋਤਾ ਜਾਂਦਾ ਹੈ,ਜਦ ਕਿ ਦੁੱਧ ਨੂੰ ਅੰਮ੍ਰਿਤ ਜਾਣਿਆ ਜਾਂਦਾ ਹੈ ਤੇ ਅੰਮ੍ਰਿਤ ਦੁੱਧ ਦਾ ਪੈਰਾਂ ਵਿੱਚ ਪੈਣਾ ਅਸੁੱਭ ਹੈ।ਨੌਂਵੇ ਦਿਨ ਸੱਜ ਵਿਆਹੀ ਪੇਕਿਆਂ ਤੋਂ ਸਹੁਰੇ ਨਹੀਂ ਤੋਰੀਦੀ,ਵਿਆਹ ਦੇ ਪਹਿਲੇ ਸਾਵਣ ਵਿਚ ਨੂੰਹ ਸੱਸ ਮੱਥੇ ਨਹੀਂ ਲਗਦੀਆਂ ਇਸ ਦਾ ਅਸਲ ਸੰਬੰਧ ਸੱਜ ਵਿਆਹੀ ਦੀ ਸਿਹਤ ਨਾਲ ਹੈ ਪਰ ਇਹਨੂੰ ਤੱਕੜੇ ਵਹਿਮ ਦੀ ਉਪਾਧੀ ਮਿਲੀ ਹੋਈ ਹੈ,( ਬੇਸ਼ੱਕ ਨੌਕਰੀਆਂ ਕਰਦੀਆਂ ਨੂੰਹਾਂ ਲਈ ਇਹ ਵਹਿਮ ਕਾਫ਼ੀ ਢਿੱਲਾ ਹੋ ਗਿਆ ਹੈ )

ਮੈਂ ਅਕਸਰ ਧਰਮ ਸਥਾਨਾਂ ਤੇ ਵੇਖਿਆ ਹੈ,ਜੇਬ ਚੋਂ ਰੁਮਾਲ ਕੱਢ ਕੇ ਸੰਗਤ ਦੇ ਜੋੜੇ(ਜੁੱਤੀਆਂ) ਸਾਫ ਕਰਦੇ ਸ਼ਰਧਾਲੂਆਂ ਨੂੰ,ਫ਼ਿਰ ਉਹ ਰੁਮਾਲ ਉਹ ਬੜਾ ਸੰਭਾਲ ਕੇ ਜੇਬ ਵਿੱਚ ਪਾ ਲੈਂਦੇ ਹਨ,ਜੋੜਾ ਘਰ ਵਿੱਚ ਪਏ ਸਾਰੇ ਜੋੜਿਆਂ ਨੂੰ ਹੱਥੀਂ ਪਾਲਸ਼ ਕਰਦੇ ਹਨ ਤੇ ਝੋਲੀ ਵਿੱਚ ਜੋੜਾ ਰੱਖ ਉਸਤੇ ਪ੍ਰਸ਼ਾਦਾ ਰੱਖ ਛਕਦੇ ਹਨ।ਇਹ ਭਗਤੀ ਹੈ,ਸ਼ਰਧਾ ਹੈ,ਦੁੱਖ ਨਿਵਾਰਨ ਹੈ ਗੁਨਾਹਾਂ ਦਾ ਗੁਫ਼ਾਰਾ ਹੈ? ਨਹੀਂ ਅੰਨ੍ਹਾ ਵਿਸਵਾਸ ਹੈ,ਅੰਦਰਲੀ ਲਾਲਸਾ ਨੂੰ ਧਰਵਾਸ ਹੈ।

'ਮਨ ਨੂੰ ਆਰਜ਼ੀ ਤਸੱਲੀ ਹੈ, ਦਿਲ ਨੂੰ ਦਮ ਘੁੱਟਦੀ ਤਸਕੀਨ ਹੈ।

ਇਕ ਹੋਰ ਵਹਿਮ ਅੰਧਵਿਸ਼ਵਾਸ ਹੈ ਕਿ ਮਰਨ ਤੋਂ ਬਾਦ ਗਤੀ / ਮੁਕਤੀ ਨਹੀਂ ਹੁੰਦੀ,ਤੇ ਗਤੀ ਕਰਾਉਣੀ ਜਰੂਰੀ ਹੈ ਨਹੀਂ ਤੇ ਮਰ ਚੁਕੇ ਦੀ ਆਤਮਾ ਭਟਕਦੀ ਰਹਿੰਦੀ ਹੈ।ਰਾਖ ਦੀ ਪੋਟਲੀ ਲਈ ਗਤੀ ਕਰਾਉਣ ਜਾਂਦੇ ਕਈ ਵਾਰਸ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ,ਪਾਂਧਿਆਂ ਦੇ ਇਛਾਰੇ ਤੇ ਪੈਸਾ ਵੀ ਉਜਾੜ ਲੈਂਦੇ ਹਨ। ਪਾਂਧੇ ਦਸਦੇ ਨੇ ਜੇ ਗਤੀ ਨਾਂ ਹੋਵੇ ਤੇ ਮੁਕਤੀ ਨਹੀਂ ਮਿਲਦੀ ਤੇ ਜੇ ਮੁਕਤੀ ਨਾ ਮਿਲੇ ਤਾਂ ਬੰਦਾ ਜਾਨਵਰ ਦੀ ਜੂਨ ਜਾ ਸੱਪ ਦੀ ਜੂਨ ਪੈ ਜਾਦਾ ਹੈ।ਅੱਗਾ ਸਵਾਰਨ ਦੀ ਕਾਹਲ ਵਿੱਚ ਹਾਅਲ ਤਬਾਹ ਕਰ ਬੈਠਦੇ ਹਨ,ਹੁੰਦਾ ਕੀ ਹੈ-'ਅੱਗਾ ਦੌੜ,ਪਿੱਛਾ ਚੌੜ— ਸਿਆਣੇ ਕਹਿੰਦੇ ਹਨ,"ਮਾਨਸ ਜਨਮ ਅਮੋਲਵੇ ਮਿਲੇ ਨਾਂ ਬਾਰਮ ਬਾਰ" -ਇਹ ਜੱਗ ਮਿੱਠਾ, ਦੂਜਾ ਕਿਹਨੇ ਡਿੱਠਾ"।ਵਹਿਮ ਅੰਧਵਿਸਵਾਸ ਵਿੱਚ ਕੀਤੇ ਗਏ ਉਪਾਅ ਝੂਠੀ ਤਸਕੀਨ ਦੇਂਦੇ ਤੇ ਸਗੋਂ ਵਹਿਮ ਵਧਾ ਦੇਂਦੇ ਹਨ,ਲਿਹਾਜਾ ਇਹ ਤਸਕੀਨ ਦਮ ਘੁਟਣ ਲਗਦੀ ਹੈ।

ਅਫਸੋਸ " ਮਾਨਵ ਨੇ ਆਪਣੇ ਅੰਦਰ ਵਸਦੇ ਦਾਨਵ ਨੂੰ ਮਾਰਨ ਦਾ ਕੋਈ ਵਹਿਮ/ਅੰਧਵਿਸਵਾਸ ਨਹੀਂ ਪਾਲਿਆ"।

" ਹਵਾ ਦਾ ਕਹਿਣਾ ਹੈ,ਚਿਰਾਗ ਨੇ ਘਰ ਜਲਾਇਆ ਹੈ

ਚਿਰਾਗ ਕਹਿੰਦੈ,'ਇਸ ਦੌਰ ਦੀ ਹਵਾ ਹੈ ਭਰਮਣ'।

"ਕਲ ਜੋ ਸੀ,ਉਹ ਅੱਜ ਨਹੀਂ,ਅੱਜ ਜੋ ਹੈ ਉਹ ਕਲ ਮਿਟ ਜਾਵੇਗਾ,

## "ਮੇਰਾ ਸਾਥ ਦੇਨਾ"

" ਸ਼ਬ-ਏ ਗਮ ਕੀ ਦਾਸਤਾਂ ਯੂੰ ਸੁਨਾਈ

ਕਭੀ ਰੋ ਕੇ ਮੁਸਕਰਾਏ,ਕਭੀ ਮੁਸਕਰਾ ਕੇ ਰੋਏ"।

ਇਸਤ੍ਰੀ ਜਾਤੀ ਦਾ ਇਸਤ੍ਰੀਤਵ ਆਂਸੂਆਂ ਹੰਝੂਆਂ ਚ ਚੁੱਭੀਆਂ ਲਾਉਂਦੇ ਕਰਦੇ ਹੀ ਵੱਧਦਾ,ਫੁਲਦਾ, ਬਸਰ ਹੁੰਦਾ ਹੈ।

ਖੁਸ਼ੀ ਮਿਲੀ ਤੇ ਖੁਸ਼ੀ ਦਾ ਇਜ਼ਹਾਰ ਵੀ ਨੈਣਾਂ ਦੇ ਨੀਰ ਵਿੱਚ ਧੋ ਕੇ ਕੀਤਾ,ਸ਼ੁਕਰਾਨੇ-ਏ ਖੁਦਾ ਵੀ ਸੇਜਲ ਅੱਖਾਂ ਨਾਲ ਕਰਨਾਂ।ਗਮ ਮਿਲਿਆ ਤਾਂ ਆਂਸੂ ਕਦੀ ਪੀ ਲਏ ਤੇ ਕਦੀ ਜੀ ਭਰ ਸਸਡੋਲ੍ਹ ਲਏ,ਕਦੀ ਸਰਾਹਣੇ ਚ ਮੂੰਹ ਲਕੋ ਹੰਝੂ ਪੂੰਝ ਲਏ।ਆਪਣਿਆ ਤੋਂ ਆਪਣੇ ਹੰਝੂ ਲਕੋਏ ਇਸ ਲਈ ਕਿ ਕਿਤੇ ਆਪਣੇ ਪਿਆਰੇ ਪ੍ਰੇਸ਼ਾਨ ਨਾ ਹੋ ਜਾਣ ,ਬੇਗਾਨਿਆਂ ਤੋਂ ਗਮ ਇਸ ਲਈ ਛੁਪਾਏ ਕਿ ਕਿਤੇ ਇਜ਼ਤ-ਏ ਨਫ਼ਸ ਨੂੰ ਹਾਨ ਨਾ ਹੋ ਜਾਵੇ।

ਅੰਦਰ ਬਾਹਰ ਵੜਦੇ ਇਹੋ ਫਰਿਆਦ ਕਰਨੀ

"ਮੇਰੇ ਆਂਸੂਓ ਮੇਰਾ ਸਾਥ ਦੇਨਾ,ਕਿਸੇ ਨੂੰ ਕੁਝ ਦਸਣ ਦਾ ਯਤਨ ਨਾਂ ਕਰਨਾਂ।"

ਰਾਣੀਆਂ,ਰਾਜਕੁਮਾਰੀਆਂ ਹੋਣ ਜਾਂ ਦਾਸੀਆਂ ,ਅੱਖਾਂ ਚੋਂ ਵਗਦੇ ਖਾਰੇ ਨੀਰ ਨਾਲ ਆਪਣਾ ਗਮ ਗਲਤ ਕਰ ਲੈਂਦੀਆਂ ਹਨ।ਇਹੋ ਖਾਰਾ ਪਾਣੀ ਅਚੇਤੇ ਹੀ ਬਹੁਤੀ ਵਾਰ ਦਾਰੂ ਦਾ ਕੰਮ ਕਰ ਜਾਂਦਾ ਹੈ।ਪਿਆਜ਼ ਕੱਟਣ ਦੇ ਬਹਾਨੇ ਡੋਲ੍ਹ ਲੈਣਾ,ਤੇ ਕਦੇ ਧੂੰਏ ਦੇ ਬਹਾਨੇ ਬੇ ਮੁਹਾਰੇ ਹੋਏ ਇਸ ਖਾਰੇ ਪਾਣੀ ਨਾਲ ਪੱਲੂ ਗਿੱਲਾ ਕਰ ਸੁਕਣੇ ਲਾ ਦੇਣਾ।

ਅੱਖਾਂ ਦੇ ਜਲ ਨੂੰ ਜੇਵਰ ਬਣਾ ਕੇ ਸੰਭਾਲਣਾ ਤੇ ਦਿਲ ਦੇ ਜ਼ਖ਼ਮਾਂ ਨੂੰ ਜਾਇਦਾਦ ਦੀ ਤਰਾਂ ਸਮਝਣਾ।ਕਾਇਨਾਤ ਵਿੱਚ ਇਹੋ ਕੁਝ ਹਿੱਸਾ ਹੈ ਨਾਰੀ ਕੋਲ।

ਨੈਣਾਂ ਦਾ ਇਹ ਨੀਰ ਹੈ ਬੜਾ ਡਰਾਮੇਬਾਜ਼,ਨਿਪੁੰਨ ਕਲਾਕਾਰ ਹੈ।ਸੀ ਸੀ ਟੀ ਵੀ ਕੈਮਰੇ ਜਿਹੀ ਕਸ਼ਮਤਾ ਹੈ ਇਸ ਵਿੱਚ।ਚੇਹਰੇ ਪੜ੍ਹਨੇ ਤੇ ਰਾਜ਼ ਛੁਪਾਉਣੇ ਇਸ ਦਾ ਧੰਦਾ ਹੈ।

ਪਤਨੀ ਦੀ ਅੱਖ ਚੋਂ ਨਿਕਲੇ ਤਾਂ ਪਤੀ ਸਹਿਜ ਜਾਏ।ਪਰ ਜੇ ਮਾਸ਼ੂਕਾ ਦੀ ਅੱਖ ਚੋਂ ਬੂੰਦ ਛਲਕ ਜਾਏ ਤਾਂ ਕਿਆਮਤ ਬਰਪਾ ਕਰ ਦੇਵੇ।" ਹਜਾਰ ਲਫ਼ਜ਼-ਇਕ ਆਸੂ "।



ਮਾਂ ਦੇ ਹੰਝੂ ਤਾਂ ਧੀਆਂ,ਪੁੱਤਾਂ ਨੂੰ ਭੁਲੇਖਾ ਪਾ ਅਲੋਪ ਹੋ ਜਾਂਦੇ ਹਨ।

ਇਕ ਬੇਟਾ ਜਿਵੇ ਮਹਿਸੂਸਦਾ ਹੈ,ਕਹਿੰਦਾ ਹੈ,---ਮੈਂ ਐਮ,ਬੀ.ਬੀ,ਐਸ,ਕਰ ਬੜਾ ਡਾਕਟਰ ਬਣ ਜਾਵਾਂ,ਪੀ. .ਐਚ. ਡੀ ਕਰ ਲਵਾਂ,ਮਾਹਿਰੇ,ਨਫ਼ਿਸਿਆਤ ਬਣ ਜਾਵਾਂ,ਮਾਂ ਨੂੰ ਕਦੀ ਨਹੀਂ ਪੜ੍ਹ ਸਕਦਾ,ਤੇ ਮੇਰੀ ਮਾਂ ਚਾਹੇ ਕੁਝ ਵੀ ਨਾ ਪੜ੍ਹੀ ਹੈ,ਮੇਰੀ ਮੁਸਕਰਾਹਟ ਦੇ ਪਿਛੈ ਛੁਪੀ ਮੇਰੀ ਪ੍ਰੇਸ਼ਾਨੀ ਪੜ੍ਹ ਲੈਂਦੀ ਹੈ।ਕਦੇ ਕਦੇ ਤਾਂ ਹੱਦ ਹੋ ਜਾਂਦੀ ਹੈ,ਮੈਂ ਪੂਰੀ ਵਾਹ ਲਾ ਦੇਨਾ ਮਾਂ ਨੂੰ ਸਮਝ ਨਾਂ ਆਵੇ ਮੇਰੇ ਗਮ ਦੀ,ਮੈਂ ਗੁਣਗਣਾਉਂਦਾ ਹਾਂ,ਰੱਜ ਕੇ ਖਾ ਪੀ ਵੀ ਲੈਨਾ ਹਾਂ,ਹਰ ਮੁਮਕਿਨ ਕੋਸ਼ਿਸ਼ ਕਰਦਾ ਹਾਂ ਤਦ ਵੀ ਮਾਂ ਦੀ ਕੰਮਜੋਰ ਜਿਹੀ ਨਿਗਾਹ ਵੀ ਸੱਭ ਭਾਂਪ ਲੈਂਦੀ ਹੈ," ਬੇਟਾ ਕੀ ਗਲ ?ਕੋਈ ਪਰੇਸ਼ਾਨੀ ਹੈ? ਮੈਨੂੰ ਦੱਸ ਪੁੱਤ"।ਮੈਨੂੰ ਲਗਦਾ ਹੈ ਮਾਂ ਕੋਲ ਤੋਤਾ ਚਸ਼ਮ ਨਿਗਾਹ ਹੈ।

ਪਤਾ ਨਹੀਂ ਮਾਂ ਦੀ ਛਟੀ ਇਸ਼ਟ ਹੈ ਜਾਂ ਮਾਂ ਅਲ਼ੌਕਿਕ ਅੰਤਰਯਾਮੀ ਹੈ?

ਧੀਆਂ,ਸਹੁਰੇ ਜਾ ਕੇ, ਗਮ ਖਾਣਾ ਸਹਿਜੇ ਹੀ ਸਿਖ ਲੈਂਦੀਆਂ ਹਨ,ਵੱਡਾ ਦੁੱਖ ਵੀ ਦੰਦਾਂ ਹੇਠ ਚਿੱਥ ਲੈਂਦੀਆਂ ਹਨ,ਮਾਂ ਨੂੰ ਮਿਲਦੇ ਹੀ ਗਲੇ ਲਗ ਕੇ ਮੋਢਾ ਭਿਗੋ ਕੇ ਪਾਸੇ ਹੋ ਜਦ ਪੱਲੂ ਨਾਲ ਅੱਖ ਪੂੰਝਣ ਤਾਂ ਮਾਂ ਝੱਟ ਕਹਿ ਉਠਦੀ ਹੈ, ਧੀਏ,ਨਾਂ ਮਨ ਖਰਾਬ ਕਰ ਸੱਭ ਠੀਕ ਹੋ ਜਾਵੇਗਾ ਮੈਂ ਹਾਂ ਨਾ ਤੇਰੀ ਮਾਂ।

ਧੀ -ਮਾਂ ਤੈਨੂੰ ਕਿਸ ਨੇ ਦਸਿਆ?

ਮਾਂ—ਪੁੱਤ,ਮੈਂ ਤੇਰੀ ਮਾਂ ਹਾਂ,ਮੈ ਤੈਨੂੰ ਜਨਮ ਦਿੱਤਾ ਹੈ,ਮੈਨੂੰ ਕਿਸੇ ਤੋਂ ਕੁਝ ਪੁਛਣ,ਜਾਣਨ ਦੀ ਕੀ ਲੋੜ ਹੈ।

ਮਾਂ ਦਾ ਤਜੁਰਬਾ ਮਾਂ ਦੀ ਛਟੀ ਇਸ਼ਟ ਬਣ ਜਾਂਦਾ ਹੈ।

( ਸਾਸ ਦੇਵੇ ਝਿੜਕੀ,ਦੇਵਰ ਜੀ ਸਮਝਾ ਲੇਵੇ ਸਸੁਰਾਲ ਗੇਂਦਾ ਫੂਲ—ਬੱਸ ਇਹੀ ਸੋਚ ਕੇ ਉਮਰ ਤੁਰੀ ਜਾਂਦੀ ਹੈ।

ਇਕ, ਮਾਂ ਨਹੀਂ ਹਰ ਨਾਰੀ ਵਿੱਚ ਕੁਦਰਤ ਨੇ ਇੰਨਾ ਜਬਤ ਭਰਿਆ ਹੈ ਕਿ ਉਹ ਆਪਣੇ ਜਖਮਾਂ ਨੂੰ ਸਬਰ ਦਾ ਘੁੱਟ ਪਿਲਾ ਕੇ, ਲਾਰਿਆਂ ਦੀ ਲੋਰੀ ਦੇ ਕੇ ,ਵਰਚਾ,ਪਰਚਾ ਕੇ ਗੂੜ੍ਹੀ ਨੀਂਦ ਸਵਾ ਦੇਂਦੀ ਹੈ।

ਉਰਲਿਆਂ,ਪਰਲਿਆਂ ਵਲੋਂ ਵਕਤਨ,ਪੁਵਕਤਨ ਇਹਨਾਂ ਨੂੰ ਜਗਾਉਣ।(ਕੁਰੇਦਣ) ਦੀ ਕੋਈ ਕੋਸ਼ਿਸ਼ ਵੀ ਕਰੇ ਤੇ ਉਹ ਕਹਿ ਉਠਦੀ ਹੈ,

" ਮੇਰੇ ਦਿਲ ਕੇ ਜ਼ਖ਼ਮੋਂ ਕੋ ਨੀਂਦ ਆ ਗਈ ਹੈ,ਇਨਹੇਂ ਤੁਮ ਜਗਾਨੇ ਕੀ ਕੋਸ਼ਿਸ਼ ਨਾਂ ਕਰਨਾ—

ਮੇਰੇ ਆਂਸੂਓਂ ਤੁਮ ਮੇਰਾ ਸਾਥ ਦੇਨਾ,ਕਿਸੀ ਕੋ ਕੁਸ਼ ਬਤਾਨੇ ਕੀ ਕੋਸ਼ਿਸ਼ ਨਾ ਕਰਨਾ।

ਇਕ ਮਾਂ ਨਹੀਂ ਹਰ ਨਾਰੀ ਦੀ ਅਕਸਰ ਇਹੋ ਦੁਆ ਤੇ ਫਰਿਆਦ ਹੁੰਦੀ ਹੈ..."

" ਮੇਰੇ ਆਂਸੂਓ ਤੁਮ ਮੇਰਾ ਸਾਥ ਦੇਨਾ,ਉਨਹੇਂ ਕੁਸ਼ ਬਤਾਨੇ ਕੀ ਕੋਸ਼ਿਸ਼ ਨਾਂ ਕਰਨਾਂ,

ਬਨਾਤੇ ਰਹੋ ਹੋ ਜਿੰਦਗੀ ਭਰ ਹਮੇਂ,ਅਬ ਔਰ ਬਨਾਨੇ ਕੀ ਕੋਸ਼ਿਸ਼ ਨਾ ਕਰਨਾ ।

ਬੜੈ ਬੇਮੁਰਵੱਤ ਹੈਂ ਯੇ ਦੁਨੀਆਂ ਵਾਲੇ,ਕਹੀਂ ਦਿਲ ਲਗਾਨੇ ਕੀ ਕੋਸ਼ਿਸ਼ ਨਾਂ ਕਰਨਾਂ।

ਦੁੱਖਾਂ ਦੀ ਰੋਟੀ,ਸੂਲਾਂ ਦਾ ਸਾਲਣ,ਆਹੀਂ ਦਾ ਬਾਲਣ.......ਮਾਏ ਨੀ ਮੈਂ ਕੀਹਨੂੰ ਆਖਾਂ "

ਨਾਰੀ ਨੈਣਾਂ ਦੇ ਰਸਤੇ ਦੁਸਰਿਆਂ ਨੂੰ ਅਪਨਾਉਂਦੀ ਹੈ ,ਤੇ ਅੱਖੀਆਂ ਨਾਲ ਖੁਦ ਨੂੰ ਠੁਕਰਾਉਂਦੀ ਹੈ।

ਇਸਤ੍ਰੀਆਂ ਨੂੰ ਕਿਸੇ ਦੇ ਸਾਹਮਣੇ ਰੋਣ ਦੀ ਪ੍ਰਵਾਨਗੀ ਹੀ ਨਹੀਂ ਦਿੱਤੀ ਗਈ।

ਇਸਤ੍ਰੀਆਂ ਨੂੰ ਇਸ ਖੁਸ਼ਫਹਿਮੀ ਚ ਜਿੰਦਾ ਰਹਿਣਾ ਹੁੰਦਾ ਹੈ ਕਿ ਉਹਨਾਂ ਦੇ ਜੀਵਨ ਵਿੱਚ ਦੁੱਖਾਂ ਦਾ ਕੋਈ ਵਜੂਦ ਨਹੀਂ ਹੈ,ਗਮ ਦੀ ਕੋਈ ਅਹਿਮੀਅਤ ਨਹੀਂ ਹੈ।

ਕਈ ਚਿਰ ਉਹਨਾਂ ਰਿਸ਼ਤਿਆਂ ਤੌਂ ਟੁੱਟ ਕੇ ਜੀਣਾ ਪੈਂਦਾ ਹੈ,ਜਿਹਨਾਂ ਨਾਲੋਂ ਅਲੱਗ ਹੋਣ ਦਾ ਕਦੇ ਤਸੁੱਵਰ ਵੀ ਨਹੀਂ ਕੀਤਾ ਹੁੰਦਾ।

ਉਮਰ ਦਾ ਬਹੁਤਾ ਹਿੱਸਾ ਆਪਣੇ ਆਪ ਨਾਲ ਹੀ ਬੋਲ ਕੇ ਗੁਜਰਦਾ ਹੈ।

,.,.,.,.,.,.,

" ਜਹਰ ਮਿਲਤਾ ਰਹਾ,ਹਮ ਜਹਰ ਪੀਤੇ ਰਹੇ,ਰੋਜ਼ ਮਰਤੇ ਰਹੇ ਰੋਜ਼ ਜੀਤੇ ਰਹੇ"।

ਹੋਂਠ ਜਲਤੇ ਹੈਂ ਮੁਸਕਰਾਨੇ ਸੇ,ਫਿਰ ਭੀ ਗਿਲਾ ਨਹੀਂ ਜਮਾਨੇ ਸੇ"।

"ਐ 'ਸੂਰਜ' ਤੂੰ ਕੀ ਜਾਨੇ,ਰਾਤ ਦਾ ਆਲਮ,

ਕਿਸੀ ਰੋਜ਼ ਆ ਮੇਰੇ ਘਰ ਮੇਂ,ਸ਼ਾਮ ਕੇ ਬਾਦ"।

ਚਲਦੇ ਚਲਦੇ------



ਹਮ ਦਿਲ ਕੇ ਆਗੇ ਘੁਟਨੇ ਕਿਉਂ ਟੇਕ ਦੇਤੇ ਹੈਂ?. ਜਬ ਤੱਕ ਜਿੰਦਗੀ ਸਦਮਾ ਨਹੀਂ ਦੇਤੀ ਹਮਾਰੀ ਬੇਹੋਸ਼ੀਆਂ ਟੂਟਤੀ ਨਹੀਂ।ਔਰ ਕਹੀਂ ਤੋ ਆਦਮੀ ਹਮੇਸ਼ਾਂ ਕੇ ਲੀਏ ਇਸ ਬੇਹੋਸ਼ੀ ਮੇਂ ਖੋ ਸਾ ਜਾਤਾ ਹੈ।

"ਇਹ ਦਰਦ ਬੜਾ ਬੇਦਰਦ,ਬੇਸ਼ੱਕ ਮੇਰਾ ਹਮਦਰਦ,ਮੇਰਾ ਹਮਰਾਜ਼,ਮੇਰਾ ਹਮਸਫ਼ਰ,

ਮੇਰਾ ਹਮਨੁਮਾ,ਮੇਰੀ ਤਨਹਾਈ ਦਾ ਦੋਸਤ,ਮੇਰੇ ਆਖਿਰੀ ਸਾਹ ਤੱਕ ਦਾ ਸਾਥੀ'।"



## ''ਔਲਾਦ ਵਾਲੋ ਫੂਲੋ ਫਲੋ''

ਫਿਰੰਗੀਆਂ ਵਾਲੀ ਗਲੀ ਵਿੱਚ ਰੰਗੀਂ ਵੱਸਦਾ ਉਹ ਈਸਾਈ ਪਰਿਵਾਰ ,ਉਹ ਹਰ ਵਕਤ ਹਰ ਲੋੜਵੰਦ ਦੀ ਮਦਦ ਲਈ ਅੱਗੇ ਅੱਗੇ ਹੁੰਦੇ।ਸੱਭ ਲੋਕ ਉਹਨਾਂ ਨੂੰ ਦੁਆਵਾਂ ਦੇਂਦੇ,ਉਹਨਾਂ ਦੀ ਸਹਿਯੋਗੀ ਮਾਨਵਤਾ ਦੇ ਕਿੱਸੇ ਅਕਸਰ ਕਹੇ ਸੁਣੇ ਜਾਂਦੇ।ਈਸਾਈਆਂ ਦੀ ਨੂੰਹ 'ਨੈਂਨਸੀ' ਨੂੰ ਪੰਜਾਬਣਾਂ ਵਾਗ ਵੱਡਿਆਂ ਦੇ ਮੱਥਾ ਟੇਕਣਾ ਬੜਾ ਅੱਛਾ ਲਗਦਾ ਪੰਡਤਾਂ ਦੀ ਨੂੰਹ ਉਸਦੀ ਗੂੜ੍ਹੀ ਸਹੇਲੀ ਸੀ ਜਦ ਵੀ ਵਿਹਲ ਮਿਲਦੀ ਉਹ ਉਹਨਾਂ ਦੇ ਘਰ ਚਲੀ ਜਾਂਦੀ ਤੇ ਜਾਂਦਿਆਂ ਹੀ ਘਰ ਦੀ ਵਡੇਰੀ ਬੇਬੇ ਦੇ ਚਰਨ ਛੂਹ ਪੱਲਾ ਰੱਖ ਮੱਥਾ ਟੇਕਦੀ,ਤੇ ਬੇਬੇ ਉਸਨੂੰ ,ਦੁੱਧੀ ਨਾਹਵੇਂ,ਪੁੱਤੀਂ ਖੇਡੇਂ ਸੱਤ ਪੁਤਰੀਂ ਹੋਵੇਂ' ਦੀਆਂ ਦੁਆਵਾਂ ਨਾਲ ਉਸਦਾ ਸੀਨਾ ਸਰਸ਼ਾਰ ਕਰ ਦਿੰਦੀ,ਪਰ ਬੇਬੇ ਨਹੀਂ ਜਾਣਦੀ ਸੀ ਕਿ ਉਹ ਤੇ ਔਲਾਦ ਤੋਂ ਹੀ ਤਰਸੀ ਹੋਈ ਹੈ।

ਗਲੀ ਵਿੱਚ ਇਕ ਮੰਗਤਾ ਕਦੇ ਕਦਾਂਈ ਆਉਂਦਾ,ਉਹ ਕਿਸੇ ਦੇ ਬੂਹੇ ਤੇ ਖੜੌਂ ਨਾ ਮੰਗਦਾ ਉਹ ਤੇ ਗਾਉਂਦਾ ਜਾਂਦਾ,'ਔਲਾਦ ਵਾਲੋ ਫੂਲੋ'ਫਲੋ'..ਨੈਂਨਸੀ ਨੂੰ ਕਿਰਨ ( ਪੰਡਤਾਂ ਦੀ ਨੂੰਹ) ਨੇ ਇਸ ਗੀਤ ਦੇ ਮਾਇਨੇ ਸਮਝਾਏ ਤਾਂ ਨੈਂਸੀ ਮੰਗਤੇ ਦਾ ਰਾਹ ਵੇਖਣ ਲਗ ਪਈ,ਜਦ ਵੀ ਉਹ ਆਉਂਦਾ ਨੈਂਨਸੀ ਉਹਦਾ ਝੋਲਾ ਭਰ ਦੇਂਦੀ,ਫਿਰ ਉਹ ਮਹੀਨਿਆਂ ਬਾਦ ਆਉਂਦਾ।ਉਹ ਗਾਉਂਦਾ--

'ਔਲਾਦ ਵਾਲੋ ਫੂਲੋ ਫਲੋ,ਭੂਖੇ ਗਰੀਬ ਕੀ ਯੇ ਹੀ ਦੁਆ ਹੈ,ਤੇਰਾ ਸੁਖੀ ਬਸੇ ਸੰਸਾਰ,ਬੱਚੋਂ ਕੀ ਕਿਲਕਾਰੀ ਸੇ ਗੂੰਜੇ ਤੇਰਾ ਘਰ ਬਾਰ' ਤੇਰਾ ਘਰ ਬੱਚੋਂ ਸੇ ਭਰਾ ਰਹੇ,ਗੁੱਡਾ ਗੁੜੀਆ,ਬਾਜਾ ਮੋਟਰ,ਇਕ ਸ਼ੋਰ ਹਮੇਸ਼ ਮਚਾ ਰਹੇ,ਔਲਾਦ ਵਾਲੋ ਫੂਲੋ ਫਲੋ.....''

ਨੈਂਨਸੀ ਦੀ ਹਮਰਾਜ਼ ਕਿਰਨ ਨੇ ਇਕ ਵਾਰ ਉਸਨੂੰ ਗਲਵਕੜੀ ਚ ਲੈ ਕਿਹਾ,ਨੈਂਨੋ ਮੇਥੋਂ ਤੇਰੀ ਉਦਾਸੀ ਨਹੀਂ ਵੇਖੀ ਜਾਂਦੀ ਜੇ ਤੁਸੀਂ ਜਾਤ ਪਾਤ ਨਾ ਮੰਨੋ ਤੇ ਮੇਰਾ ਹੋਣ ਵਾਲਾ ਬੱਚਾ ਮੈਂ ਤੇਰੀ ਗੋਦ ਪਾ ਦਿਆਂਗੀ? ਨੈਂਨਸੀ ਖੁਸ਼ੀ ਨਾਲ ਟੱਪ ਉਠੀ,'ਇਕ ਵਾਰ ਫਿਰ ਆਖ ਕੀ ਆਖਿਆ ਈ'-ਆਹੋ ਜੋ ਤੂੰ ਸੁਣਿਆ ਸਹੀ ਸੁਣਿਆ,ਕਿਰਨ ਬੋਲੀ

,ਦੋਵੇਂ ਸਹੇਲੀਆਂ ਝੁਮਣ ਲਗੀਆਂ।ਗਲੀ ਚੋਂ ਆਵਾਜ਼ ਆ ਰਹੀ ਸੀ '' ਭਲਾਈ ਕਾ ਬਦਲਾ ਸਦਾ ਭਲਾਈ ਮਿਲਾ ਹੈ,ਅਪਨੇ ਘਰ ਕੇ ਦੀਪਕ ਸੇ ਜੋ ਦੂਜੇ ਕੀ ਰੌਸ਼ਨ ਕਰੇ ਦੁਨੀਆ........

ਇਹ ਗਲ ਕਿਰਨ ਨੇ ਆਪਣੇ ਪਤੀ ਤੋਂ ਤੇ ਪੁਛ ਕੇ ਕੀਤੀ ਸੀ,ਪਰ ਪਰਿਵਾਰ ਚ ਹੋਰ ਕੋਈ ਨਹੀਂ ਸੀ ਜਾਣਦਾ,ਰੱਬ ਦੀ ਕਰਨੀ ਕਿਰਨ ਦੇ ਮੁੰਡਾ ਹੋਇਆ,ਉਹਨਾਂ ਆਪਣੇ ਵਾਅਦੇ ਤੇ ਇਰਾਦੇ ਅਨੁਸਾਰ ਬੱਚਾ ਨੈਂਨਸੀ ਦੀ ਝੋਲੀ ਪਾ ਦਿੱਤਾ।ਕੁਦਰਤ ਨੂੰ ਸ਼ਾਇਦ ਇਹ ਮੰਨਜੂਰ ਨਹੀਂ ਸੀ ਮੁੰਡਾ ਬਹੁਤ ਬੀਮਾਰ ਹੋ ਗਿਆ,ਮਾਹਰ ਡਾਕਟਰ ਨੇ ਮਸ਼ਵਰਾ ਦਿਤਾ ਕਿ ਛੇ ਮਹੀਨੇ ਤੱਕ ਬੱਚੇ ਨੂੰ ਸਿਰਫ਼ ਮਾਂ ਦਾ



ਦੁੱਧ ਦਿਓ,ਅਜੇਹਾ ਕਰਨ ਲਈ ਬੱਚਾ ਮੋੜ ਲਿਆਉਣਾ ਪਿਆ,ਨੈਂਨਸੀ ਤੇ ਉਸਦੇ ਪਰਿਵਾਰ ਦਵਾਲੇ ਬਹੁਤ ਰਹਿਮ ਦਿਲ ਸਨ,ਉਹ ਬੱਚੇ ਨੂੰ ਮਾਂ ਨਾਲੋਂ ਵਿਛੋੜਨਾਂ ਠੀਕ ਨਹੀਂ ਸੀ ਸਮਝਦੇ।ਉਹ ਯਤੀਮਖਾਨੇ ਤੋਂ ਬੱਚਾ ਲੈਣ ਗਏ ਤੇ ਯਤੀਮਖਾਨੇ ਦੇ ਸਰਪ੍ਰਸਤ ਨੇ ਵੱਡੀ ਰਕਮ ਦਾਨ ਮੁਤਾਲਬਾ ਕਰ ਲਿਆ,ਉਹ ਨਿਰਾਸ਼ ਮੁੜ ਆਏ।ਕਿਰਨ ਨੇ ਸਲਾਹ ਦਿੱਤੀ 'ਆਪਾਂ ਹਸਪਤਾਲ ਨੋਟ ਕਰਾ ਦਿੰਨੇ ਹਾਂ,ਕਿਤੇ ਜੁਗਤ ਲਗ ਸਕਦੀ ਹੈ।ਉਹ ਹਸਪਤਾਲ ਵਿੱਚ ਇਸ ਬਾਰੇ ਗਲਬਾਤ ਕਰ ਰਹੀਆ ਸੀ ਕਿ ਕੋਲ ਖੜੀ ਪ੍ਰੀਤੋ ਦਾਈ ਇਹ ਸੱਬ ਸੁਣ ਰਹੀ ਸੀ,ਉਸਦਾ ਮੱਥਾ ਆਸਮਾਨੇ ਜਾ ਪੁਜਾ।ਉਹ ਕਾਹਲੀ ਕਾਹਲੀ ਤੁਰ ਕੇ ਬਾਹਰ ਵੇਖਣ ਲਗੀ ਕਿ ਇਹਨਾਂ ਦਾ ਕੋਈ ਜਾਣੂ ਮਿਲ ਜਾਵੇ ਤੇ ਉਹ ਅਗਲਾ ਸੌਦਾ ਕਰ ਸਕੇ।ਉਹ ਇਸ ਤਰਾਂ ਕਈ ਵਾਰ ਕਰ ਚੁਕੀ ਸੀ।ਪ੍ਰੀਤੋ ਨੇ ਉਹਨਾਂ ਦੀ ਕਾਰ ਤਾਂ ਵੇਖੀ ਸੀ ਉਹ ਆਪਣੀ ਲੂੰਬੜ ਚਾਲ ਲੈ ਡਰਾਈਵਰ ਨੂੰ ਜਾ ਬੋਲੀ–

ਪ੍ਰੀਤੋ—ਵੇ ਵੀਰਾ ਵੇਖ ਰੱਬ ਦਾ ਨਿਆਂ ਜਿਹਨਾਂ ਦੇ ਘਰ ਡੁੱਲ੍ਹਦਾ ਰੁੜ੍ਹਦਾ ਪਿਆ ਉਥੇ ਕੋਈ ਖਾਣ/ ਸਾਂਭਣ ਵਾਲਾ ਨ੍ਹੀ ਤੇ ਜਿਥੇ ਖਾਣ ਨੂੰ ਨ੍ਹੀ ਉਥੇ,ਕਿੰਨੇ ਹੀ ਬਲੂੰਅ ਬਲੂੰਅ ਕਰਦੇ ਫਿਰਦੇ'।

ਡਰਾਈਵਰ-ਸਹੀ ਆਖਿਐ ਮਾਸੀ ਤੂੰ।ਡਰਾਈਵਰ ਨੂੰ ਆਪਣੇ ਅੰਨਦਾਤੇ ਨਾਲ ਹਮਦਰਦੀ ਤਾਂ ਸੀ।ਉਸ ਪ੍ਰੀਤੋ ਨਾਲ ਉਹਨਾਂ ਦਾ ਕਿੱਸਾ ਤਹਿ ਕਰ ਦਿੱਤਾ।ਉਸ ਆਖਿਆ ਜੇ ਮਾਸੀ ਤੂੰ ਇਹਨਾਂ ਦੀ ਗੋਦ ਭਰਾ ਦੇਵੈਂ ਤੇ ਇਹ ਤੇਰੀ ਝੋਲ ਭਰ ਦੇਣਗੇ।

ਪ੍ਰੀਤੋ ਦੀ ਸੋਚ ਨੀਲੇ ਆਸਮਾਨ ਚ ਮਖ਼ਮਲ ਝੂਟਣ ਲਗੀ,ਉਸ ਡਰਾਈਵਰ ਤੋਂ ਅੱਤਾ ਪਤਾ ਲੈ ਲਿਆ।ਪ੍ਰੀਤੋ ਦਾਈ ਦੀ ਆਪਣੀ ਇਕ ਪੰਦਰਾ ਸਾਲ ਦੀ ਲੜਕੀ ਸੀ ਜੋ ਸਕੂਲ ਕਦੀ ਨਹੀਂ ਸੀ ਗਈ।ਪ੍ਰੀਤੋ ਜਦ ਵੀ ਬੱਚਾ ਲੈ ਕੇ ਆਉਂਦੀ ਸੌਦਾ ਹੋਣ ਤੱਕ ਬੱਚਾ ਉਸਦੀ ਲੜਕੀ ਉਸ ਬੱਚੇ ਨੂੰ ਖਿਡੌਣਾ ਸਮਝ ਖੇਡ ਖੇਡ ਵਿੱਚ ਪਾਲ ਦੇਂਦੀ,ਕਈ ਵਾਰ ਦੱਸ ਦਿਨ ਲਗਦੇ ਤੇ ਕਈ ਵਾਰ ਮਹੀਨਾ ਡੇਢ ਵੀ ਸੌਦਾ ਨਾ ਹੁੰਦਾ।ਪ੍ਰੀਤੋ ਨਾਲ ਉਸਦੇ ਕੁਝ ਸਾਥੀ ਹੋਰ ਵੀ ਸਨ,ਜਿਹਨਾਂ ਚ ਦੋ ਪੁਲਸ ਵਾਲੇ ਵੀ ਸਨ,ਜੋ ਕਿ ਮਹਿਕਮੇ ਚੋਂ ਕੱਢੇ ਹੋਏ ਸਨ ਪਰ ਵਰਦੀ ਪਾ ਕੇ ਰੱਖਦੇ ਸਨ।ਪ੍ਰੀਤੋ ਨੂੰ ਉਹ ਕੁਝ ਹਜਾਰ ਦੇ ਕੇ ਤੇ ਦਬਕਾ ਮਾਰ ਭਜਾ ਦੇਂਦੇ ਆਪ ਵੱਡਾ ਨਾਵਾਂ ਰੱਖ ਲੈਂਦੇ।

ਗਿਆਰਾਂ ਸਾਲ ਬਾਦ ਇਸ ਜੋੜੀ ਦੇ ਬੱਚਾ ਹੋਇਆ ਸੀ,ਹਸਪਤਾਲ ਵਿੱਚ ਲੰਗਰ ਲਗੇ ਮਠਿਆਈਆਂ ਵੰਡੀਆਂ ਜਾ ਰਹੀਆਂ ਸਨ। ਬੱਚੇ ਨੂੰ ਹੀਟ ਵਿੱਚ ਰੱਖਿਆ ਗਿਆ।ਰਾਤ ਦੀ ਡਿਊਟੀ ਪ੍ਰੀਤੋ ਦੀ ਸੀ। ਹਸਪਤਾਲ ਦੇ ਆਸਰੇ ਜੱਚਾ ਬੱਚਾ ਸੁਰਖਿਅਤ ਸਮਝ ਸਾਰਾ ਪਰਿਵਾਰ ਆਪਣੀ ਖੁਸੀ ਚ ਰੁਝਾ ਰਿਹਾ।ਪ੍ਰੀਤੋ ਨੇ ਦਾਅ ਲਾ ਕੇ ਬੱਚਾ ਆਈ ਸੀ ਯੂ. ਚੋਂ ਚੁੱਕ ਬੁਕਲ ਚ ਲੁਕਾ ਘਰ ਪੁਚਾ ਦਿੱਤਾ।ਉਸਦੀ ਕੁੜੀ ਨੂੰ ਕਈ ਦਿਨਾਂ ਤੋਂ ਬੱਚਾ ਨਹੀਂ ਸੀ ਮਿਲਿਆ ਖੇਡਣ ਨੂੰ ਤੇ ਉਹ ਝੱਲੀ ਹੋਈ ਫਿਰਦੀ ਸੀ।ਉਹ ਪ੍ਰਾਹੁਣੇ ਬੱਚਿਆਂ ਨੂੰ ਆਪਣਾ ਬੱਚਾ ਸਮਝਣ ਲਗ ਪਈ ਸੀ,ਉਹ ਨਹੀਂ ਸੀ ਜਾਣਦੀ ਕਿ ਉਸਦੀ ਮਾਂ ਘਿਨਾਉਣਾ ਅਪਰਾਧ ਕਰਦੀ ਹੈ।ਬੱਚਾ ਵੇਖ ਉਹ ਖਿੜ ਗਈ ਤੇ ਉਚੀ

ਉਚੀ ਬੋਲਣ ਲਗੀ ਮੰਮੀ ਇਹ ਨਹੀਂ ਮੈਂ ਤੈਨੂੰ ਲਿਜਾਣ ਦੇਣਾ ਤੂੰ ਹਰ ਵਾਰ ਮੇਰਾ ਬੱਚਾ ਖੋਹ ਕੇ ਲੈ ਜਾਨੀ ਐਂ,ਇਸ ਵਾਰ ਮੈਂ ਤੈਨੂੰ ....

ਓ ਚਲ ਚੁੱਪ ਕਰ ਬਹੁਤਾ ਬੜ ਬੜ ਨਾ ਕਰ ਕੋਈ ਸੁਣ ਲਏਗਾ।ਕਿਸੇ ਨੂੰ ਪਤਾ ਨਾਂ ਲਗੇ ਬੱਚੇ ਨੂੰ ਰੋਣ ਨਾਂ ਦੇਵੀਂ ਇਹਨੂੰ ਤੇ ਨਾ ਕਿਸੇ ਨੂੰ ਬੂਹਾ ਖੋਲੀਂ।ਮੈਂ ਚਲੀ ਆਂ।ਤੇ ਉਹ ਦਲਾਲਾਂ ਵੱਲ ਚਲੀ ਗਈ।ਦਲਾਲ ਵਿਚੋਲੇ ਤਾਂ ਜਿਵੇਂ ਉਹਦੀ ਰਾਹ ਹੀ ਵੇਖਦੇ ਸਨ, ਹਾਂ ਬੀਬੀ ਮਾਲ ਹੈਗਾ? ਰੌਕੀ ਬੋਲਿਆ? ਪ੍ਰੀਤੋ—ਇਸ ਵਾਰ ਮੇਰਾ ਸੌਦਾ ਹੋ ਗਿਆ ਮੈਂ ਤੁਹਾਡੇ ਨਾਲ ਨੀ ਰਲਣਾ।

ਓ ਗਲ ਸੁਣ ਬੀਬੀ ਸਿੱਧੀ ਤਰਾਂ ਬੱਚਾ ਫੜਾ ਤੇ ਆਹ ਪੈਸੇ ਚੁੱਕ ਬਹੁਤੀ ਚੂੰ ਚਰਾਂ ਕੀਤੀ ਤੇ ਭਾਂਡਾ ਭੰਨ ਦਿਆਂਗਾ,ਸੜੀਂ ਫੇਰ ਜੇਹਲ ਚ,ਕਮਲ ਬੋਲਿਆ। ਚੰਦ ਕੁ ਸਿੱਕੇ ਮੁੱਠ ਚ ਲੈ ਪ੍ਰੀਤੋ ਘੁੱਟੀ ਵੱਟੀ ਘਰ ਮੁੜੀ ਤੇ ਕੁੜੀ ਕੋਲੋਂ ਹੱਸਦਾ ਖੇਡਦਾ ਬੱਚਾ ਖੋਹ ਕੇ ਬੁੱਕਲ ਚ ਲਕੋ ਦੱਬੇ ਪੈਰੀ ਗਲੀ ਚੋਂ ਨਿਕਲ ਗਈ।ਉਹਦਾ ਚੋਖੀ ਰਕਮ ਦਾ ਸਪਨਾ ਟੁੱਟ ਗਿਆ ਸੀ ਤੇ ਬੇਜਬਾਨ ਬੱਚੇ ਦਾ ਸੱਭ ਕੁਝ ਲੁਟ ਗਿਆ ਸੀ।

ਰੱਬ ਦੀ ਰਜ਼ਾ ਕਦੇ ਕਦੇ ਇੰਜ ਵੀ ਤੁਰ ਪੈਂਦੀ ਹੈ-ਇਕ ਦਿਨ ਇਕ ਮੁਟਿਆਰ ਪ੍ਰੀਤੋ ਦੇ ਘਰ ਹੌਕਦੀ ਤ੍ਰਹਿੰਦੀ ਆਣ ਡਿਗੀ ਉਹ ਪੂਰੇ ਦਿਨਾ ਤੇ ਸੀ।ਪ੍ਰੀਤੋ ਬਿਨਾਂ ਉਹਦੇ ਕੁਝ ਪੁਛੈ ਦੱਸੇ ਉਸਦੀ ਹਾਲਤ ਤੇ ਤਰਸ ਕਰ ਕੇ ਉਸਦਾ ਇਲਾਜ ਸ਼ੁਰੂ ਕਰ ਦਿੱਤਾ,ਉਸਦੇ ਤਜਰਬੇ ਨੇ ਰੰਗ ਵਿਖਾਇਆ ਤੇ ਬੜਾ ਸੁੰਦਰ ਰਾਜ ਕੁਮਾਰ ਜਿਹਾ ਕਾਕਾ ਪੈਦਾ ਹੋ ਗਿਆ ਤੇ ਮਾਂ ਵੀ ਹੋਸ਼ ਵਿੱਚ ਠੀਕ ਸੀ।ਪ੍ਰੀਤੋ ਨੂੰ ਖੁਸੀ ਸੀ ਕਿ ਮੁੰਡੇ ਦੇ ਵਾਰਸ ਖੁਸ਼ ਹੋ ਕਿ ਉਸਦੀ ਝੋਲ ਭਰ ਦੇਣਗੇ ਤੇ ਉਸ ਜੱਚਾ ਬੱਚਾ ਦੀ ਵਿਤੋਂ ਵੱਧ ਸੇਵਾ ਕੀਤੀ।ਪਤਾ ਨਹੀਂ ਕਿਹੜੇ ਵੇਲੇ ਰਾਤ ਉਹ ਮੁਟਿਆਰ ਬੱਚਾ ਉਥੇ ਹੀ ਛੱਡ ਖਿਸਕ ਗਈ।ਕਿਧਰੋਂ ਆਈ ਤੇ ਕਿਧਰ ਗਈ ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

ਪ੍ਰੀਤੋ ਅਣਜਾਣੀ ਹੋਣੀ ਤੋਂ ਸਹਿਮ ਗਈ।ਕੋਈ ਅਤਾ ਪਤਾ ਨਹੀਂ ਨਾ ਕੁਝ ਨਿਸ਼ਾਨੀ,ਤੇ ਨਾਂ ਉਸਦੀ ਮਿਹਨਤ ਮਿਲੀ ਉਲਟਾ ਇਹ ਤੇ ਕਿੱਸਾ ਹੀ ਕੋਈ ਹੋਰ ਬਣ ਗਿਆ।ਦੋ ਦਿਨ ਦੱਸ ਦਿਨ ਮਹੀਨਾ ਕੋਈ ਨਾ ਬਹੁੜਿਆ ਉਸਦਾ ਵਾਰਸ।ਕੁੜੀ ਨੂੰ ਤੇ ਨਵਾਂ ਖਿਲੌਣਾ ਮਿਲ ਗਿਆ ਸੀ ਤੇ ਉਹਵੀ ਉਸਦਾ ਆਪਣਾ ਇਹ ਬੱਚਾ ਤੇ ਸਰਾਸਰ ਉਹਦਾ ਆਪਣਾ ਸੀ ਨਾ।ਸੱਭ ਜਾਇਜ਼ ਸੀ।ਪ੍ਰੀਤੋ ਦਾ ਤਨ ਮਨ ਡਰਨ ਲਗਾ।ਉਹ ਛੇਤੀ ਦੇਣੇ ਇਸ ਬੱਚੇ ਦਾ ਸਬੂਤ ਮਿਟਾਉਣ ਦੇ ਨਾਲ ਆਪਣਾ ਮਾਲ ਵੀ ਪੂਰਾ ਕਰਨਾ ਚਾਹੁੰਦੀ ਸੀ।ਉਸਨੇ ਬਾਹਰ ਜਾ ਕੇ ਨੈਂਸੀ ਦੇ ਡਰਾਈਵਰ ਨੂੰ ਫੋਨ ਕੀਤਾ।ਅੱਧੇ ਘੰਟੇ ਚ ਉਹ ਆ ਗਿਆ।ਪ੍ਰੀਤੋ ਨੇ ਉਸਨੂੰ ਸਾਰੀ ਗਲ ਦਸੀ ਤੇ ਆਪਣਾ ਮੁਤਾਲਬਾ ਵੀ ਸੁਣਾ ਦਿੱਤਾ।ਡਰਾਈਵਰ ਪੈਸੇ ਵਾਲਾ ਤੇ ਨਹੀਂ ਸੀ ਪਰ ਉਹ ਮਨੁੱਖ ਦੇ ਬੱਚੇ ਦਾ ਭੇਡਾਂ ਵਾਂਗ ਸੌਦਾ ਕਰਨਾ ਨਹੀਂ ਸੀ ਚਾਹੁੰਦਾ ।ਉਸ ਪ੍ਰੀਤੋ ਨੂੰ ਆਖਿਆ ਮੈਂ ਮਾਲਕਣ ਨਾਲ ਗਲ ਕਰੂੰਗਾ ਉਹ ਜਾਣਨ ਤੇ ਤੂੰ ਜਾਣ।



ਪੂਰੀ ਗਲ ਸੁਣ ਨੈਂਨਸੀ ਤੇ ਉਸਦਾ ਪਤੀ ਪ੍ਰੀਤੋ ਨੂੰ ਮਿਲਣ ਆ ਗਏ।ਉਹ ਪ੍ਰੀਤੋ ਦੀ ਬਾਤ ਤੇ ਬੇਯਕੀਨੀ ਵਿੱਚ ਯਕੀਨ ਕਰਨ ਲਗੇ। ਪ੍ਰੀਤੋ ਨੇ ਉਹਨਾ ਤੋਂ ਕੁੜੀ ਦੇ ਦਹੇਜ ਦੀ ਰਕਮ ਮੰਗ ਲਈ।ਨੈਂਨਸੀ ਦਾ ਪਤੀ ਉਸਨੂੰ ਉਸਦੀ ਮੰਗ ਤੋਂ ਦੁਗਣੀ ਰਕਮ ਦੇਣ ਲਈ ਹਾਮੀ ਭਰ ਗਿਆ ਪਰ ਅੱਛਾ ਪਰਿਵਾਰ ਹੋਣ ਕਰਕੇ ਉਸ ਆਖਿਆ ਅਸੀਂ ਕੁਝ ਲਿਖਤ ਪੜ੍ਹਤ ਕਰਨੀ ਚਾਹਵਾਂਗੇ,ਜਿਸਦਾ ਸਬੂਤ ਸਿਰਫ਼ ਸਾਡੇ ਕੋਲ ਰਹੇਗਾ।

ਨਾਂ ਬਾਬਾ ਨਾ ਮੈਂ ਕੋਰਟ ਕਚਿਹਰੀ ਨਹੀ ਜਾਣਾ-ਪ੍ਰੀਤੋ ਨੂੰ ਆਪਣਾ ਪਾਲਾ ਮਾਰ ਰਿਹਾ ਸੀ।

ਤੂੰ ਬੀਬੀ ਕਿਤੇ ਨਹੀਂ ਜਾਣਾ ਅਸੀਂ ਇਥੇ ਪੇਪਰ ਲੈ ਆਵਾਂਗੇ।ਨੈਂਨਸੀ ਆਖਿਆ-

ਪ੍ਰੀਤੋ ਨੇ ਕੁੜੀ ਨੂੰ ਦਸਿਆ ਇਹਦੀ ਮਾਂ ਲੈਣ ਆ ਗਈ ਹੋਰ ਵੀ ਕਿੰਨੇ ਸਾਰੇ ਬੰਦੇ ਹਨ,ਲਿਆ ਮੈਨੂੰ ਫੜਾ ਕਾਕਾ,ਦੇ ਆਈਏ।ਕੁੜੀ ਅੜ ਗਈ ਮੈਂ ਨੀ ਦੇਣਾ ਇਹ ਮੇਰਾ ਬੱਚਾ ਮੈਂ ਨੀ ਦੇਣਾ।ਉਸ ਨੈਂਨਸੀ ਨੂੰ ਫੋਨ ਤੇ ਕਿਹਾ ਰਾਤ ਉਹ ਆਪੇ ਕਾਕਾ ਲੈ ਕੇ ਆ ਜਾਵੇਗੀ ਗਲੀ ਦੇ ਬਾਹਰ ਆ ਜਾਣਾ।ਕੁੜੀ ਦੇ ਸੁੱਤਿਆਂ ਉਹ ਬੱਚਾ ਚੁੱਕ ਚੁਪਕੇ ਨਿਕਲ ਗਈ।ਨੈਨਸੀ ਪੰਜ ਲੱਖ ਰੁਪਏ ਬੈਗ ਵਿੱਚ ਪਾ ਕਾਰ ਵਿੱਚ ਬੈਠੀ ਸੀ।

ਲੁਟੇਰਿਆਂ ਦੇ ਵਧੀਆ ਸੌ ਦਿਨ ਅਜੇ ਪੂਰੇ ਨਹੀਂ ਸੀ ਹੋਏ ਜਾਂ ਫਿਰ ਸਾਧ ਦਾ ਵਕਤ ਮਾੜਾ ਸੀ।ਉਂਜ ਵੀ ਚੋਰਾਂ ਡਾਕੂਆਂ ਦੀ ਸੁੰਘਣ ਸਕਤੀ ਕੁਤਿਆਂ ਵਰਗੀ ਹੁੰਦੀ ਹੈ।ਅਕਸਰ ਹੀ ਉਹ ਪ੍ਰੀਤੋ ਨੂੰ ਸੁੰਘਦੇ ਰਹਿੰਦੇ।ਧੜਾਕ=ਧੜਾਕ,ਇਕ ਜਣੇ ਨੇ ਨੈਂਨਸੀ ਤੋਂ ਬੈਗ ਖੋਹ ਲਿਆ ਤੇ ਦੂਜੇ ਨੇ ਪ੍ਰੀਤੋ ਕੋਲੋਂ ਬੱਚਾ।ਨੈਂਨਸੀ ਦੇ ਡਰਾਈਵਰ ਨੇ ਸੌ ਨੰਬਰ ਘੁਮਾਉਣ ਲਈ ਫੋਨ ਕੱਢਿਆ,ਤੇ ਉਹਨਾਂ ਨੈਂਸੀ ਨੂੰ ਧਮਕੀ ਦਿੱਤੀ ਕਿ ਉਹ ਡਕੈਤੀ ਦਾ ਕੇਸ ਪਾ ਕੇ ਬੱਚੇ ਸਮਗਲ ਦਾ ਕੇਸ ਵੀ ਪਵਾ ਦੇਣਗੇ,ਮੂੰਹ ਬੰਦ ਕਰਕੇ ਪਤਲੀ ਗਲੀ ਨਿਕਲ ਲਓ।ਨੈਂਨਸੀ ਬਹੁਤ ਪਰੇਸ਼ਾਨ ਹੋਈ,ਕਰੇ ਤੇ ਕੀ ਕਰੇ ਪੈਸਾ ਵੀ ਗਿਆ ਤੇ ਬੱਚਾ ਵੀ ਨਸੀਬ ਨਾਂ ਹੋਇਆ ਉਲਟਾ ਹੋਰ ਹੀ ਆਫ਼ਤ ਆਉਣ ਨੂੰ ਫਿਰਦੀ।ਉਹ ਰੋਣ ਲਗੀ।ਫੋਨ ਉਹਨਾ ਕੋਲ ਰਿਹਾ ਨਹੀਂ ਸੀ।ਡਰਾਈਵਰ ਮਾਲਕਣ ਨੂੰ ਕਾਹਲੀ ਨਾਲ ਘਰ ਲੈ ਗਿਆ। ਨੈਂਨਸੀ ਮਧਹੋਸ਼ ਸੀ,ਉਹ ਕੁਝ ਵੀ ਨਾ ਬੋਲ ਸਕੀ।ਡਰਾਈਵਰ ਵੀ ਦੁਬਕਿਆ ਪਿਆ ਸੀ ਪਰ ਉਸ ਹਿੰਮਤ ਜੁਟਾ ਕੇ ਸਾਰਾ ਕਿੱਸਾ ਬਿਆਨ ਕਰ ਹੀ ਦਿੱਤਾ।ਉਹਨਾਂ ਦਾ ਇਕ ਦੂਰ ਦਾ ਰਿਸ਼ਤੇਦਾਰ ਪੁਲੀਸ ਵਿੱਚ ਉੱਚ ਅਹੁਦੇ ਤੇ ਸੀ,ਨੈਨਸੀ ਦੇ ਪਤੀ ਨੇ ਉਸ ਨਾਲ ਗਲ ਕਰ ਦਿੱਤੀ।ਉਹ ਰਹਿਮ ਦਿਲ ਅਫ਼ਸਰ ਸੀ ਤੇ ਡਿਉਟੀਸ਼ਨਾਸ ਵੀ।ਉਹ ਚਾਹੁੰਦਾ ਸੀ ਸਮਾਜ ਵਿਚੋਂ ਐਸੇ ਅੰਸਰ ਉਠਾ ਦਿੱਤੇ ਜਾਣ।ਉਸਨੇ ਆਪਣਾ ਇਕ ਬੰਦਾ ਪ੍ਰੀਤੋ ਨੂੰ ਬਹਾਨੇ ਨਾਲ ਲੈ ਕੇ ਆਉਣ ਲਈ ਭਿਜਵਾ ਦਿੱਤਾ।ਪ੍ਰੀਤੋ ਆਪਣਾ ਬੈਗ ਲੈ ਕੇ ਆ ਗਈ ਕੁਝ ਪਿਆਰ ਤੇ ਕੁਝ ਝਟਕਾਰ ਨਾਲ ਅਫ਼ਸਰ ਨੇ ਉਹਨਾਂ ਲੁਟੇਰਿਆਂ ਦਾ ਛਜਰਾ ਪ੍ਰੀਤੋ ਤੋ ਕਢਵਾ ਲਿਆ।

ਸਿਆਣਾ ਅਫ਼ਸਰ ਸੱਪ ਮਾਰ ਕੇ ਲਾਠੀ ਤੇ ਬਚਾਅ ਹੀ ਰਹਾ ਸੀ ਨਾਲ ਹੀ ਉਹ ਆਪਣਾ ਇਕ ਹੋਰ ਸਟਾਰ ਵੀ ਵਧਾਉਣਾ ਚਾਹੁੰਦਾ ਸੀ ਉਹਦੇ ਹੱਥ ਸੁਨਹਿਰੀ ਮੌਕਾ ਲਗਿਆ ਸੀ।ਉਸਨੇ ਪ੍ਰੀਤੋ ਦੀ ਸੁਰੱਖਿਆ ਦਾ ਵਾਅਦਾ ਕਰ ਕੇ ਉਸਨੂੰ ਸੁਲਤਾਨੀ ਗਵਾਹ ਬਣਾ ਲਿਆ ਤੇ ਲੁਟੇਰੇ ਬਨਾਮ ਨਕਲੀ ਪੁਲਸ ਨੂੰ ਦਬੋਚ ਧਰਿਆ।ਇੰਨੇ ਦਿਨਾਂ ਚ ਪੈਸਾ ਤੇ ਉਹ ਅੱਧਾ ਹੜੱਪ ਗਏ ਸਨ ਫਿਰ ਵੀ ਕੁਝ ਮਿਲ ਹੀ ਗਿਆ।ਪਰ ਇਸ ਨਾਲ ਕਾਲਾ ਬਜਾਰ ਬੇਨਕਾਬ ਹੋ ਗਿਆ।ਕਈ ਵੱਡੀਆਂ ਖੇਪਾਂ ਫੜੀਆਂ ਗਈਆਂ।

ਉਪਰਵਾਲੇ ਨੂੰ ਨੈਂਨਸੀ ਦੀ ਹੂਕ ਸੁਣ ਗਈ ਸੀ ਜਾਂ ਫਿਰ ਉਸਦੀ ਦੁਆਵਾਂ ਦੀ ਕਬੂਲੀਅਤ ਦਾ ਵਕਤ ਹੋ ਗਿਆ ਸੀ।ਜਾਂ ਫਿਰ ਕਹਿ ਲਓ ਕਿ ਬਾਰੀਂ ਵਰੀਂ ਰੂੜੀ ਦੀ ਵੀ ਸੁਣੀ ਗਈ ਸੀ।ਹਸਪਤਾਲ ਵਿੱਚ ਕੈਲੀ ਦੀ ਚੌਥੀ ਕੁੜੀ ਹੋਈ ਤਾਂ ਉਸਨੇ ਉਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ ਕਿ ਸਾਨੂੰ ਤਾਂ ਡਾਕਟਰ ਨੇ ਟੈਸਟ ਕਰ ਕੇ ਦਸਿਆ ਸੀ ਕਿ ਮੁੰਡਾ ਆ ਅੰਦਰ,ਤੁਸਾਂ ਨਿਆਣਾ ਵਟਾ ਦਿੱਤੈ।ਡਾਕਟਰ ਨਰਸਾਂ ਸੱਭ ਨੇ ਉਸਨੂੰ ਸਮਝਾਇਆ ਕਿ ਐਸਾ ਕੁਝ ਨਹੀਂ ਕੀਤਾ ਗਿਆ,ਜਦ ਉਹ ਨਾਂ ਹੀ ਮੰਨੇ ਤੇ ਡਾਕਟਰ ਨੇ ਆਪਣਾ ਸਿੱਕਾ ਸੁਟਿਆ, ਉਸ ਕੜਕ ਕੇ ਬੋਲਿਆ ‘ਬੀਬੀ ਲਿੰਗ ਟੈਸਟ ਕਰਾਉਣਾ ਅਪਰਾਧ ਹੈ,ਤੂੰ ਚੁੱਪ ਵੱਟ ਜਾ ਨਹੀਂ ਤੇ ਤੇਰੇ ਸਾਰੇ ਟੱਬਰ ਨੂੰ ਪੁਲੀਸ  ਫੜ ਕੇ ਲੈ ਜਾਏਗੀ।‘ਕੈਲੀ ਸਹਿਮ ਗਈ। ਉਹ ਹੱਥ ਜੋੜ ਕੇ ਬੋਲੀ,’ਸਾਹਬ ਜੀ ਮੇਰੇ ਸਹੁਰਿਆਂ ਨੇ ਮੈਨੂੰ ਘਰ ਨਹੀਂ ਵੜਨ ਦੇਣਾ,ਤੁਸੀਂ ਕੋਈ ਹੱਲ ਦਸੋ’।ਉਸਨੇ ਆਪਣੀ ਹੱਡ ਬੀਤੀ ਸਟਾਫ਼ ਨੂੰ ਸੁਣਾ ਦਿੱਤੀ।

ਪ੍ਰੀਤੋ ਹੁਣ ਆਪਣੇ ਕੁਕਰਮਾਂ ਦਾ ਪਛਚਾਤਾਪ ਕਰਨਾ ਚਾਹੁੰਦੀ ਸੀ ਜਾਂ ਕੈਲੀ ਦੀ ਮਦਦ।ਉਸਨੇ ਕੈਲੀ ਨੂੰ ਕਿਹਾ ਕੀ ਤੂੰ ਬੱਚੀ ਕਿਸੇ ਨੂੰ ਦੇ ਸਕਦੀ ਹੈਂ? ਕੋਈ ਬੇਔਲਾਦ ਇਹਨੂੰ ਆਪਣੀ ਔਲਾਦ ਵਾਂਗ ਪਾਲੇਗਾ,ਤੇ ਤੇਰੇ ਸਿਰੌਂ ਬੋਝ ਲੱਥ ਜਾਏਗਾ,ਤੇ ਉਹ ਔਲਾਦ ਵਾਲੇ ਹੋ ਜਾਣਗੇ?।ਪ੍ਰੀਤੋ ਉਸਨੂੰ ਸੋਚਣ ਲਈ ਛੱਡ, ਬਾਹਰ ਚਲੀ ਗਈ।

ਕੁਝ ਦੇਰ ਬਾਦ ਕੈਲੀ ਆਪ ਹੀ ਉਠ ਕੇ ਪ੍ਰੀਤੋ ਦੇ ਕੰਨ ਕੋਲ ਕਹਿ ਗਈ ਠੀਕ ਹੈ ਪਰ ਤੁਸਾਂ ਮੇਰੇ ਪਤੀ ਨੂੰ ਆਖਣਾ ਬੱਚਾ ਨਹੀਂ ਬਚਾਇਆ ਜਾ ਸਕਿਆ।-ਪ੍ਰੀਤੋ ਨੇ ਡਾਕਟਰ ਨੂੰ ਸਾਰੀ ਗਲ ਦੱਸ ਦਿੱਤੀ।ਡਾਕਟਰ ਨੇ ਸੋਚ ਵਿਚਾਰ ਕੇ ਪੇਪਰ ਕਾਰਵਾਈ ਕੀਤੀ ਤੇ ਪ੍ਰੀਤੋ ਨੇ ਨੈਂਨਸੀ ਨੂੰ ਬੁਲਾ ਕੇ ਬੱਚੀ ਉਹਦੀ ਗੋਦ ਪਾ ਦਿੱਤੀ।ਇਹ ਸਾਰੀ ਕਾਰਵਾਈ ਡਾਕਟਰ ਨੇ ਇਕ ਬੱਚੀ ਨੂੰ ਜੀਵਨ ਦਾਨ ਦੇਣ ਲਈ ਰੱਬ ਤੋਂ ਖਿਮਾ ਮੰਗ ਕੇ ਕੀਤੀ।ਉਹ ਜਾਣਦੀ ਸੀ ਕਿ ਕੈਲੀ ਦੇ ਘਰ ਵਾਲਿਆਂ ਇਸਨੂੰ ਜਿੰਦਾ ਨਹੀਂ ਛਡਣਾ।

ਨੈਨਸੀ ਦੇ ਪਰਿਵਾਰ ਵਾਲੇ ਤੇ ਕਿਰਨ ਦੇ ਪਰਿਵਾਰ ਵਾਲਿਆਂ ਦੀ ਖੁਸ਼ੀ ਸਮੇਟੀ ਨਹੀਂ ਸੀ ਜਾ ਰਹੀ।ਸਹੀ ਤਰੀਕੇ ਨਾਲ ਉਹ ਔਲਾਦ ਵਾਲੇ ਬਣ ਗਏ ਸਨ।ਸ਼ਾਇਦ ਰੱਬ ਨੂੰ ਇਹੀ ਚੰਗਾ ਲਗਿਆ ਸੀ।



ਪ੍ਰੀਤੋ ਨੂੰ ਮਾਨਸਿਕ ਤਸੱਲੀ ਹੋ ਗਈ ਸੀ।।ਨੈਨਸੀ ਨੇ ਉਸਨੂੰ ਇਕ ਲੱਖ ਰੁਪਏ ਵੀ ਦੇ ਦਿੱਤੇ।

ਚਿਰਾਂ ਬਾਦ ਗਲੀ ਚ ਫਕੀਰ ਦੀ ਸੁਰ ਸੁਣੀ,’ਔਲਾਦ ਵਾਲੋ ਫੂਲੋ ਫਲੋ’—ਨੈਨਸੀ ਲਈ ਉਸਦੀ ਦੁਆ ਵੀ ਦਰਗਾਹੇ ਕਬੂਲ਼ ਹੋ ਗਈ ਸੀ।

ਕਰ ਦੇ ਮਦਦ ਗਰੀਬ ਕੀ ਤੇਰਾ ਸੁਖੀ ਬਸੇ ਸੰਸਾਰ ਬੱਚੋਂ ਕੀ ਕਿਲਕਾਰੀ ਸੇ ਗੂੰਜੇ ਤੇਰਾ ਘਰ ਬਾਰ---

ਨੈਂਨਸੀ ਨੇ ਫਕੀਰ ਨੂੰ ਘਰ ਬਠਾ ਕੇ ਖੁਬ ਸੇਵਾ ਕਰਨੀ ਚਾਹੀ ਪਰ ਉਹ ਦੋ ਫੁਲਕੇ ਤੇ ਮੂੰਹ ਮਿੱਠਾ ਕਰ ਗੁਣਣਣਾਉਂਦਾ ਤੁਰ ਗਿਆ...

ਭੂਖੇ ਗਰੀਬ ਕੀ ਯੇ ਹੀ ਦੁਆ ਹੈ ਔਲਾਦ ਵਾਲੋ ਫੂਲੋ ਫਲੋ ਯੇ ਬਾਗ ਹਮੇਸ਼ਾ ਹਰਾ ਰਹੇ ।

"ਅਪਨੇ ਘਰ ਕਾ ਦੀਪਕ ਦੇਕਰ ਰੌਸ਼ਨ ਕਰ ਦੇ ਦੂਸਰੇ ਕੀ ਦੁਨੀਆ “ਧੰਨ ਹੈ ਵੋ ਇਨਸਾਨ,ਧੰਨ ਹੈ ਵੋ........



# ‘‘ਉਹ ਤੇ ਮੈਂ‘‘

ਉਸਦੇ ਮੁਖਾਰਬਿੰਦ ਤੋਂ ਸੁਣਿਆ ਉਸਦਾ ਆਪਣਾ ਰਚਿਆ ਅਫਸਾਨਾ-

‘ਮੇਰੇ ਅਜ਼ੀਜ਼ ਤਿੰਨ ਦੋਸਤ ,ਇਕ ਪ੍ਰੋਫੈਸਰ ਹੈ,ਇਕ ਮਹਾਨ ਸ਼ਾਇਰ ਹੈ,ਤੇ ਇਕ ਸਹਾਫ਼ੀ (ਪੱਤਰਕਾਰ ) ਹੈ।ਮੇਰੇ ਤਿੰਨਾਂ ਦੋਸਤਾਂ ਨੇ ਇਕ ਇਕ ਕੁੱਤਾ ਪਾਲਿਆ ਹੋਇਆ ਹੈ। ਇਹਨਾਂ ਤਿੰਨਾਂ ਦੀ ਰਿਹਾਇਸ਼ ਮੇਰੇ ਰਾਹ ਵਿੱਚ ਹੈ ਤੇ ਮੈਂ ਗਾਹੇ ਬਗਾਹੇ ਉਹਨਾਂ ਵੱਲ ਜਾਂਦਾ ਰਹਿੰਦਾ ਹਾਂ ਲੰਘਦਾ ਰੋਜ਼ ਹੀ ਇਸੀ ਰਾਹ ਤੋਂ ਹਾਂ।

ਮੈਂ ਪ੍ਰੋਫੈਸਰ ਸਾਹਿਬ ਦੇ ਘਰ ਗਿਆ,ਘੰਟੀ ਵਜਾਈ,ਪ੍ਰੋਫੈਸਰ ਦਾ ਸ਼ੇਰ ਜਿੱਡਾ ਕੁੱਤਾ ਜੰਜੀਰਾਂ ਵਿੱਚ ਜਕੜਿਆ ਮੇਰੇ ਵੱਲ ਉਲਰਨ ਲਗਾ ਉਹ ਕੈਦ ਦਾ ਗੁੱਸਾ ਮੇਰੇ ਤੇ ਕੱਢਣ ਲਈ ਸਾਰਾ ਜੋਰ ਲਾ ਰਿਹਾ ਸੀ,ਤੇ ਮੈਨੂੰ ਵੱਢ ਖਾਣ ਲਈ ਪੱਕਾ ਤਿਆਰ,ਹਾਲਾਂ ਕਿ ਉਹ ਮੈਨੂੰ ਚੰਗੀ ਤਰਾਂ ਪਛਾਣਦਾ ਹੈ।ਪ੍ਰੋਫੇਸਰ ਸਾਹਿਬ ਬਾਹਰ ਆਏ ਮੇਰੇ ਨਾਲ ਹੱਥ ਮਿਲਾਇਆ ਤਾਂ ਉਹ ਕੁਝ ਝੈਂਪ ਗਿਆ।ਮੈਂ ਤੁਰਨ ਲਗਾ ਤੇ ਉਸ ਫਿਰ ਦਹਾੜਨਾ ਸ਼ੁਰੂ ਕਰ ਦਿੱਤਾ,ਮੇਰਾ ਦੋਸਤ ਉਸਨੂੰ ਚੁੱਪ ਕਰਨ ਦੀ ਪੂਰੀ ਵਾਹ ਲਾ ਰਿਹਾ ਸੀ ਪਰ ਉਸਨੂੰ ਤਾਂ ਜਿਵੇਂ ਮੇਰੇ ਨਾਲ ਸਾੜਾ ਸੀ ਕਿ ਮੈਂ ਬਿਨਾ ਜੰਜੀਰ ਆਜ਼ਾਦ ਫਿਰ ਰਿਹਾ ਹਾਂ ਉਹ ਆਪਣੀ ਮਜਬੂਤ ਸੰਗਲੀ ਸਮੇਤ ਮੇਰੇ ਨਾਲ ਭੱਜਣ ਲਈ ਤਰਲੋ ਮੱਛੀ ਹੋ ਰਿਹਾ ਸੀ।ਜੰਜੀਰਾਂ ਦੀ ਗੁਲਾਮੀ ਉਸਨੂੰ ਪਸੰਦ ਨਹੀਂ ਸੀ ਤੇ ਇਹ ਲਿਹਾਫ਼ ਉਹ ਗਲੋਂ ਲਾਹੁਣਾ ਚਾਹੁੰਦਾ ਸੀ

ਮੇਰੇ ਘਰ ਦਾ ਫੋਨ ਅਕਸਰ ਬੰਦ ਰਹਿੰਦਾ ਹੈ,ਮੈਂ ਫੋਨ ਕਰਨ ਲਈ ਆਪਣੇ ਯਾਰ ਸ਼ਾਇਰ ਦੇ ਘਰ ਜਾਂਦਾ ਹਾਂ।ਉਸਦਾ ਸ਼ੈਫਰਡ ਬਿਨਾਂ ਸੰਗਲੀ ਮੇਰੇ ਗਲ ਨੂੰ ਆਉਂਦਾ ਹੈ,ਉਸਦਾ ਮਾਲਕ ਉਸਨੂੰ ਹੋੜਦਾ ਹੈ,ਕੁਝ ਪਲਾਂ ਲਈ ਉਹ ਮੁੜ ਵੀ ਜਾਂਦਾ ਹੈ,ਮੈਂ ਫੋਨ ਫੜਦਾ ਹਾਂ ਤੇ ਉਹ ਮੈਥੋਂ ਫੋਨ ਖੋਹਣ ਦੀ ਨਾਕਾਮ ਕੋਸ਼ਿਸ ਵੀ ਕਰਦੈ।ਜਿੰਨੀ ਦੇਰ ਮੈਂ ਉਥੇ ਖੜ੍ਹਦਾ ਉਹ ਉਨੀ ਦੇਰ ਅਟੇਂਸ਼ੈਂਨ ਖੜਾ ਰਿਹਾ।ਉਹ ਆਪਣੇ ਮਾਲਕ ਦਾ ਪੂਰਾ ਸਾਥ ਦੇ ਰਿਹਾ ਸੀ ਕਿ ਉਸਦੇ ਘਰ ਦੀ ਹਰ ਚੀਜ਼ ਉਹਦੀ ਹੈ ਤੇ ਇਹ ਬਾਹਰਲਾ ਬੰਦਾ ਫੋਨ ਕਿਵੇਂ ਫੜ ਸਕਦਾ ਹੈ।ਮੈਨੂੰ ਲਗਾ ਕਿ ਉਹ ਇਹੀ ਸੋਚਦਾ ਹੈ।ਉਹਨੇ ਮਜਬੂਤ ਲੋਹੇ ਦੀ ਸੰਗਲ ਨਹੀਂ ਸੀ ਪਾਈ ਪਰ ਉਸਦੇ ਗਲ ਵਿੱਚ ਉਸਦੇ ਮਾਲਕ ਦੀ ਵਫ਼ਾ ਦਾ ਹਾਰ ਸੀ।

ਫਿਰ ਮੈਂ ਆਪਣੇ ਸਾਥੀ ਸਹਾਫ਼ੀ ਦੇ ਘਰ ਜਾਦਾ ਹਾਂ,ਇਹ ਵੈਸੇ ਵੀ ਮੇਰਾ ਸਹਿਕਰਮੀ ਹੈ,ਸਾਡਾ ਸੱਭ ਕੁਝ ਇਕੋ ਜਿਹਾ ਹੈ,ਸਿਵਾ ਇਸਦੇ ਕਿ ਉਹਦੇ ਕੁੱਤੇ ਜਿਹਾ ਕੁੱਤਾ ਮੇਰੇ ਕੋਲ ਨਹੀਂ ਹੈ।ਮੈਂ ਗੇਟ ਘੰਟੀ ਵਜਾਉਂਦਾ ਹਾਂ ਤੇ ਮੇਰੇ ਸਾਥੀ ਸਹਾਫ਼ੀ ਦਾ ਵਫਾਦਾਰ ਖੂੰਖਾਰ ਸ਼ੈਫ਼ਰਡ ਮੇਰੇ ਵੱਲ ਦੌੜਿਆ ਆਉਂਦਾ ਹੈ।ਜਿੰਨੀ ਦੇਰ ਮੈਂ ਉਥੇ ਰਿਹਾ ਉਹ ਮੇਰੇ ਸਾਥੀ ਸਹਾਫੀ ਦੇ ਨਾਲ ਖੜ੍ਹਾ ਮੈਂਨੂੰ ਘੂਰਦਾ ਰਿਹਾ। ਉਹ ਮੇਰੇ ਯਾਰ ਦਾ ਬੜਾ ਲਾਡਲਾ ਹੈ,ਭਾਂਵੇ ਉਹ ਉਹਨੂੰ ਕੁੱਤੇ ਤੋਂ ਵੱਧ ਨਹੀਂ ਸਮਝਦਾ, ਤੇ ਮੈਂ ਵੀ ਇਹੋ



ਸਮਝਦੈਂ ਪਰ ਸ਼ੈਫ਼ਰਡ ਤੇ ਖੁਦ ਨੂੰ ਮੇਰੇ ਤੋਂ ਆਲ੍ਹਾ ਸਮਝਦੈ।ਮੈਂ ਮਹਿਸੂਸ ਕਰ ਰਿਹਾ ਸੀ ਉਸਦਾ ਮੇਰੇ ਨਾਲੋਂ ਫ਼ਰਕ।ਉਹ ਡਿਊਟੀ ਦਾ ਕਿੰਨਾ ਫਿਕਰਮੰਦ ਹੈ!

‘ਮੇਰੇ ਰਾਹ ਵਿੱਚ ਹੋਰ ਵੀ ਕੁੱਤੇ ਹਨ ਜੋ ਸੈਮੀ ਗੁਲਾਮ ਹਨ ਤੇ ਬਾਕੀ ਅੱਧੇ ਆਜ਼ਾਦ।ਉਹ ਮੇਰੇ ਨੇੜੇ ਆਉਂਦੇ ਹਨ ਭੌਂਕਦੇ ਹਨ ਤੇ ਭੌਂਕਦੇ ਭੌਂਕਦੇ ਪਰਾਂ ਚਲੇ ਜਾਂਦੇ ਹਨ,ਜਿਵੇਂ ਟਰੇਫਿਕ ਕੰਟਰੋਲ ਕਰ ਰਹੇ ਹੋਣ। ਕੁਝ ਆਵਾਰਾ ਕੁੱਤੇ ਵੀ ਹਨ ਜਿਹਨਾਂ ਦੀ ਭੁੱਖ ਤੇ  ਤਾਂ ਪਾਬੰਦੀ ਹੈ ਪਰ ਉਹਨਾਂ ਦੀ ਆਬਾਦੀ ਤੇ ਕੋਈ ਬੰਧਨ ਨਹੀਂ। ਪੇਟ ਦੀ ਜੰਗ ਜਿੱਤਣ ਲਈ ਸ਼ਰੇਆਮ ਸਰੇਰਾਹ ਭੱਜੇ ਫਿਰਦੇ ਹਨ।

ਪ੍ਰੋਫੈਸਰ,ਸ਼ਾਇਰ,ਸਹਾਫ਼ੀ ਦੇ ਕੁੱਤੇ ਮੈਂਨੂੰ ਚੰਗੇ ਨਹੀਂ ਲਗਦੇ ਕਿਉਂਕਿ ਉਹ ਮੈਨੂੰ ਕੁਝ ਨਹੀਂ ਸਮਝਦੇ,ਜੇ ਸਮਝਦੇ ਵੀ ਹਨ ਤਾਂ ਆਪਣੇ ਤੋਂ ਕੰਮਤਰ।ਮੇਰੀ ਗਲੀ ਦੇ ਥੜੇ ਵਾਲਾ ਕੁੱਤਾ ਮੈਨੂੰ ਬਹੁਤ ਅੱਛਾ ਲਗਦਾ ਹੈ,ਇਸ ਲਈ ਕਿ ਉਸਨੂੰ ਮੇਰੇ ਵਾਂਗ ਹੀ ਭੁੱਖ ਲਗਦੀ ਹੈ,ਤੇ ਮੈਂ ਕਦੀ ਕਦੀ ਉਹਨੂੰ ਆਪਣੇ ਹਿੱਸੇ ਚੋਂ ਕੁਝ ਖਾਣ ਲਈ ਦੇ ਦੇਂਵਾਂ ਤਾਂ ਉਹ ਥੋੜੇ ਨਾਲ ਬਹੁਤੀ ਤਸੱਲੀ ਕਰ ਲੈਂਦਾ ਹੈ।ਸ਼ੁਕਰ ਗੁਜਾਰ ਹੋ ਆਪਣੀ ਥਾਂ ਜਾ ਕੇ ਸ਼ਾਂਤੀ ਦੀ ਨੀਂਦ ਸੌਂ ਜਾਂਦਾ ਹੈ।ਇਹ ਮੈਨੂੰ ਇਸ ਲਈ ਵੀ ਚੰਗਾ ਲਗਦਾ ਹੈ ਕਿ ਇਹ ਮੇਰੀ ਕਲਾਸ ਦਾ ਹੈ। ਮੇਰੀ ਮਿਡਲ ਕਲਾਸ ਦਾ।ਜੋ ਉਪਰ ਵੇਖ ਨਹੀਂ ਸਕਦਾ ਨੀਚੇ ਝਾਕ ਨਹੀਂ ਸਕਦਾ।ਮੇਰੇ ਵਾਂਗ ਇਸਨੂੰ ਵੀ ਪੇਟ ਭਰਨ ਦੇ ਲਾਲੇ ਪਏ ਰਹਿੰਦੇ ਹਨ।

ਇਸ ਅਫ਼ਸਾਨੇ ਦਾ ਉਦੇਸ਼,ਸੰਦੇਸ਼,ਮਕਸਦ ਤੇ ਮਤਲਬ ਆਪ ਸਮਝ ਗਏ ਹੋਵੋਗੇ ਤੇ ਸ਼ੀਸ਼ਾ ਨਿਹਾਰ ਰਹੇ ਹੋਵੋਗੇ।

“ ਧੂਲ ਤੋ ਚਿਹਰੇ ਪੇ ਥੀ, ਹਮ ਆਇਨਾ ਸਾਫ ਕਰਤੇ ਰਹੇ, “।

## “ਤਿਕੜੀ ਮਸ਼ਾਲ“

ਭਗਤ ਸਿੰਘ ,ਸੁਖਦੇਵ , ਰਾਜਗੁਰੂ, -ਮੇਰਾ ਰੰਗ ਦੇ ਬਸੰਤੀ ਚੋਲਾ ਮਾਏ,ਤੇ ਸਰਫ਼ਰੋਸ਼ੀ ਕੀ ਤਮੰਨਾ ਦਿਲ ਚ ਲੈ ਕੇ ਗੁਣਗਣਾਉਂਦੇ॥

ਉਹ ਚਲਨ ਲਗਾ ,ਲੋਗ ਮਿਲਦੇ ਗਏ,ਕਾਰਵਾਂ ਬਨ ਗੇਆ।ਬੇਸ਼ੱਕ ਉਸਨੂੰ ਜੰਮਦੇ ਹੀ ਦੇਸ਼ ਭਗਤੀ ਦੀ ਗੁੜ੍ਹਤੀ ਮਿਲ ਗਈ ਸੀ,ਇਸੇ ਗੁੜ੍ਹਤੀ ਨੇ ਉਸਨੂੰ ਜੰਮਦਿਆਂ ਹੀ ਜਵਾਨ ਕਰ ਦਿੱਤਾ।ਉਸਦਾ ਬਚਪਨ ਤਾਂ ਕਿਤੇ ਪਿਛੇ ਰਹਿ ਗਿਆ ਸੀ ਉਹ ਤੇ ਜਿਵੇਂ ਪੈਦਾ ਹੀ 18 ਸਾਲ ਦਾ ਹੋ ਕੇ ਹੋਇਆ ਸੀ।ਗੁਲਾਮੀ ਦੀਆਂ ਬਾਤਾਂ ਸੁਣਨੀਆਂ ਤੇ ਆਪਣੇ ਧੁਰ ਅੰਦਰੋ ਉਹਨਾਂ ਦੇ ਹੱਲ ਲੱਭਣਾ,ਕਾਲਜ ਪਹੁੰਚਦੇ ਪਹੁੰਚਦੇ ਹੀ ਉਹ ਵੱਡਾ ਗੁਣੀ ਗਿਆਨੀ ਹੋ ਗਿਆ ਸੀ।ਇਨਕਲਾਬੀ ਕਿਤਾਬਾਂ ਪੜ੍ਹਨੀਆਂ ਉਸਦਾ ਸ਼ੋਕ ਨਹੀਂ ਸੀ ਉਹ ਅਧਿਅਨ ਸੀ ਜਿਸਦੀ ਉਸ ਵਕਤ ਦੇਸ਼ ਵਾਸੀਆਂ ਨੂੰ ਸਖ਼ਤ ਜਰੂਰਤ ਸੀ।ਉਸੀ ਇਨਕਲਾਬ ਦਾ ਬਿੰਬ ਪੂਰੇ ਭਾਰਤ ਅਤੇ ਅਜੇ ਵੀ ਪਾਕਿਸਤਾਨ ਦੇ ਅਵਚੇਤਨ ਮਨ ਵਿੱਚ ਮਸ਼ਾਲ ਵਾਂਗ ਬਲਦਾ ਹੈ।ਦੇਸ਼ ਦੀ ਵੰਡ ਨੂੰ ਸੱਤਰ ਸਾਲ ਹੋਣ ਨੂੰ ਆਏ ਹਨ,ਜਿਉਂ ਜਿਉਂ ਦਿਨ ਵਧਦੇ ਜਾ ਰਹੇ ਹਨ,ਅਤੇ ਜਿਉਂ ਜਿਉ ਇਤਿਹਾਸ ਦੀਆਂ ਪਰਤਾਂ ਅਸਲ ਖੁਲ੍ਹ ਰਹੀਆਂ ਹਨ, ਹਿੰਦਸਤਾਨ ਤੇ ਪਾਕਿਸਤਾਨ ਦੇ ਵਾਸੀਆਂ ਵਿੱਚ ਖਾਸ ਕਰ ਨਵਯੁਵਕਾਂ ਵਿੱਚ ਭਗਤ ਸਿੰਘ ਦੇ ਵਿਚਾਰਾਂ ਦੀ ਹੋੜ ਲਗ ਰਹੀ ਹੈ।ਉਸ ਵਕਤ ਵੀ ਆਰਥਿਕ ਨਾਬਰਾਬਰੀ ਦਾ ਪਾੜਾ ਸੀ ਜੋ ਅੱਜ ਵੱਧ ਕੇ ਦਰਿਆ ਦੇ ਕਿਨਾਰਿਆਂ ਜੇਡਾ ਹੋ ਗਿਆ ਹੈ,ਤੇ ਇਸੇ ਕਰਕੇ ਹਰ ਆਮ ਬਸ਼ਿੰਦਾ ਇਸ ਤਿਕੜੀ ਮਸ਼ਾਲ ਨੂੰ ਹਰ ਪਲ ਜਗਾਉਦਾ ਹੈ।ਆਪਣੇ ਸਾਥੀਆਂ ਵਿੱਚ ਭਗਤ ਸਿੰਘ ਉਮਰ ਵਿੱਚ ਸੱਭ ਤੋਂ ਛੋਟਾ ਸੀ ਪਰ ਇਸਦੇ ਬਾਪ ਚਾਚੇ ਦੀ ਉਮਰ ਵਾਲੇ ਵੀ ਇਸਦੀ ਵਿਚਾਰਧਾਰਾ ਤੇ ਚਲਦੇ ਸਨ।ਇਸਦੀ ਅਵਾਜ਼ ਨਾਲ ਅਵਾਜ਼ ਮਿਲਾਉਂਦੇ ਕਦਮ ਨਾਲ ਕਦਮ ਰਲਾਉਂਦੇ।

ਸਾਲ 1921 ਵਿੱਚ ਦੇਸ਼ ( ਅਣਵੰਡੇ ਦੇਸ) ਅੰਦਰ ਨਾਮਿਲਵਰਤਨ ਦੀ ਲਹਿਰ ਪੈਦਾ ਹੋ ਗਈ।ਚਾਰੇ ਪਾਸੇ ਹਾ ਹਾ ਕਾਰ ਮੱਚੀ ਹੋਈ ਸੀ।ਸਕੂਲਾਂ ਕਾਲਜਾ ਦੇ ਵਿਦਿਆਰਥੀ ਜਮਾਤਾ ਛੱਡ ਇਸ ਲਹਿਰ ਵਿੱਚ ਕੁਦਣ ਲਗੇ,ਭਗਤ ਸਿੰਘ ਉਸ ਵੇਲੇ ਲਹੌਰ ਵਿਖੇ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ,ਐਫ਼.ਏ ਕਰਨ ਤੱਕ ਉਹ ਇਸ ਲਹਿਰ ਵਿੱਚ ਸਰਗਰਮ ਹੋ ਚੁਕਾ ਸੀ,'ਗਨੇਸ ਸ਼ੰਕਰ ਵਿਦਿਆਰਥੀ ਕੋਲ ਇਨਕਲਾਬੀ ਸਾਹਿਤ ਦੀ ਚੋਖੀ ਲਾਇਬ੍ਰੇਰੀ ਸੀ ਤੇ ਇਥੋਂ ਹੀ ਭਗਤ ਸਿੰਘ ਨੇ ਇਨਕਲਾਬ ਦਾ ਅਧਿਅਨ ਕੀਤਾ।ਇਥੋਂ ਹੀ ਉਸਨੇ ਸਾਥੀ ਬੀ.ਕੇ.ਦੱਤ,ਚੰਦਰ ਸ਼ੇਖਰ ਆਜਾਦ,ਜੈਦੇਵ ਕਪੂਰ,ਸ਼ਿਵ ਵਰਮਾ,ਵਿਜੈ ਸਿਨਹਾ ਤੇ ਹੋਰ ਸਾਥੀਆਂ ਨਾਲ ਮਿਲ ਕੇ 'ਹਿੰਦਸਤਾਨ ਰੀਪਬਲਿਕਨ ਐਸੋਸੀਏਸ਼ਨ' ਵਿੱਚ ਸ਼ਮੂਲੀਅਤ ਕੀਤੀ,ਇਹ ਹਥਿਆਰ ਬੰਦ ਸੰਗਠਿਤ ਪਾਰਟੀ ਸੀ ਜਿਸਨੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਵਿੱਚੋ ਬਾਹਰ ਕੱਢਣ ਦਾ ਸੁਪਨਾ ਵੇਖਿਆ ਤੇ ਵਿਖਾਇਆ ਤੇ ਫੇਰ ਸੁਪਨੇ ਦੀ ਸਕਾਰਤਾ ਲਈ ਜੂਝ ਗਏ।



ਇਸ ਸਮੇਂ ਤੱਕ ਭਗਤ ਸਿੰਘ ਦੀ ਸੰਘਰਸ਼ ਵਿਚਾਰਧਾਰਾ ਸਰਗਰਮ ਜੋਰ ਫੜ ਗਈ ਸੀ,ਤੇ ਉਸਨੇ ਕਾਮਰੇਡ ਕਿਰਤੀ ਕਿਸਾਨ ਪਾਰਟੀ ਨਾਲ ਲਾਹੌਰ ਵਿਖੇ ਅੱਡਾ ਬਣਾ ਲਿਆ।ਆਪਣੇ ਵਿਚਾਰਾਂ ਨੂੰ ਜਨ ਜਨ ਤੱਕ ਪੁਚਾਉਣ ਲਈ ਕਿਰਤੀ ਅਖਬਾਰ ਵਿੱਚ ਲੇਖ ਲਿਖਣੇ ਸ਼ੁਰੂ ਕਰ ਦਿੱਤੇ।ਪਾਰਟੀ ਕੋਲ ਪੈਸੇ ਦੀ ਘਾਟ ਸੀ,ਜੋ ਭਗਤ ਸਿੰਘ ਨੇ ਸੋਚਿਆ ਹੁਣ ਇਨਕਲਾਬੀਆਂ ਨੂੰ ਅੱਗੇ ਹੋ ਅੱਗਵਾਈ ਦੇਣ ਦਾ ਵੇਲਾ ਆ ਗਿਆ ਹੈ।ਤੇ ਇਸੇ ਧਾਰਾ ਨੂੰ ਲੈ ਕੇ ਲਾਹੌਰ ਵਿੱਚ,ਸੁਖਦੇਵ,ਭਗਵਤੀਚਰਨ ਵੋਹਰਾ ਤੇ ਯਸ਼ਪਾਲ ਨਾਲ ਮਿਲ ਕੇ 13 ਮਾਰਚ 1926 ਨੂੰ'ਭਾਰਤ ਨੌਜਵਾਨ ਸਭਾ' ਦਾ ਗਠਨ ਕੀਤਾ।ਇਸਦੇ ਕੁਝ ਰਾਜਨੀਤਕ ਨੁਕਤੇ ਮਿਥੇ ਗਏ ਤਾਂ ਜੋ ਹਰ ਥਾਂ ਆਜ਼ਾਦੀ ਲਈ ਮਾਹੌਲ ਪੈਦਾ ਕੀਤਾ ਜਾ ਸਕੇ।ਇਹਨਾਂ ਦੇ ਸਿਰੜ ਸਦਕਾ ਚਿਰ ਹੀ ਨਾਂ ਲਗਾ ਤੇ ਇਹ ਸਭਾ ਜਗਾਹ ਜਗਾਹ ਫੈਲ ਗਈ।ਇਸਦੇ ਚਲਦੇ ਹੀ 1928 ਵਿੱਚ ਭਗਤ ਸਿੰਘ ਨੇ 'ਸਟੂਡੈਂਟ ਯੂਨੀਅਨ ਦੀ ਸਥਪਨਾ ਕਰਾ ਦਿੱਤੀ।ਨਿੱਕੀ ਉਮਰੇ ਵੱਡੇ ਵੱਡੇ ਮਸਲੇ ਗਲ ਪਾ ਲਏ,ਉਹ ਇਕ ਮਿੰਟ ਵੀ ਵਿਹਲਾ ਬਹਿੰਦਾ ਖਲੋਂਦਾ ਨਾਂ ਤੇ ਹਰ ਵਕਤ ਉਸਦੇ ਹੱਥ ਵਿੱਚ ਕਲਮ ਕਾਪੀ ਤੇ ਕਿਤਾਬ ਹੁੰਦੀ ਜੋ ਪੜ੍ਹਦਾ ਆਪਣੇ ਜਿਹਨ ਵਿੱਚ ਨੋਟ ਕਰ ਲਿਖ ਕੇ ਦੂਸਰਿਆਂ ਲਈ ਛਪਵਾ ਕੇ ਪਰਚੇ ਵੰਡ ਦੇਂਦਾ।ਇਹਨਾਂ ਪਰਚਿਆਂ ਵਿੱਚ ਉਹ ਹਮੇਸ਼ਾਂ ਵਿਚਾਰਧਾਰਾ ਵਿੱਚ ਦ੍ਰਿੜ ਰਹਿਣ ਦਾ ਸੰਦੇਸ਼ ਦਿੰਦਾ।ਇਕ ਸੰਦੇਸ਼ ਇਹ ਸੀ ਜੋ 22 ਅਕਤੂਬਰ 1929 ਨੂੰ ਛਾਆ ਹੋਇਆ ਸੀ-

“ਕੌਮੀ ਇਤਿਹਾਸ ਦੇ ਇਸ ਨਾਜ਼ੁਕ ਸਮੇਂ ਨੌਜਵਾਨਾਂ ਦੇ ਸਿਰ ਮਣਾ ਮੂੰਹੀ ਜਿੰਮੇਵਾਰੀਆਂ ਹਨ,ਤੇ ਵਿਦਿਆਰਥੀਆਂ ਨੂੰ ਬੰਬ ਤੇ ਪਿਸਤੌਲ ਚੁਕਣ ਦੀ ਸਲਾਹ ਨਹੀਂ ਦਿੱਤੀ ਜਾ ਸਕਦੀ,ਉਹਨਾਂ ਦੇ ਕਰਨ ਲਈ ਕਈ ਹੋਰ ਵੱਡੇ ਕੰਮ ਹਨ,ਆਜਾਦੀ ਦੀ ਲੜਾਈ ਦੀ ਮੁਹਰਲੀਆਂ ਸਫਾਂ ਵਿੱਚ ਵਿਦਿਆਰਥੀ ਸੱਭ ਤੋਂ ਵੱਧ ਸ਼ਹੀਦ ਹੋਏ ਹਨ,ਤੇ ਹੁਣ ਕੀ ਭਾਰਤੀ ਇਸ ਪੀਖਿਆ ਸਮੇਂ ਵੈਸਾ ਇਰਾਦਾ ਵਿਖਾਉਣ ਤੋਂ ਝਿਜਕਣਗੇ ? ....ਉਸਨੇ ਕਿਹਾ,'ਇਨਕਲਾਬ ਖੂਨ ਖਰਾਬੇ ਨਾਲ ਲਿਬੜਿਆ ਸੰਘਰਸ਼ ਨਹੀਂ ਹੈ।

ਸਰਕਾਰੀ ਪੱਖ ਤੋਂ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਨਾ ਕਰਤਾ ਗੁਨਾਹ ਲਈ ਡੱਕ ਦਿੱਤਾ ਗਿਆ ਤੇ ਕੇਸ ਚਲਾਉਣ ਦੀ ਪੈਰਵੀ ਵੀ ਕਰਨ ਦੀ ਇਜ਼ਾਜ਼ਤ ਨਾਂ ਦਿੱਤੀ ਗਈ ਕਿਉਂ ਜੋ ਭਗਤਸਿੰਘ ਦੀ ਸ਼ੋਹਰਤ ਤੋਂ ਕੋਝੇ ਤੇ ਸਵਾਰਥੀ ਅੰਸਰ ਬੌਖਲਾਹਟ ਵਿੱਚ ਆ ਗਏ ਸਨ॥ਭਗਤ ਸਿੰਘ ਦੀ ਹਰ ਅਰਜ਼ੀ ਖਾਰਜ ਕਰ ਦਿੱਤੀ ਜਾਦੀ ਰਹੀ।

ਭਗਤ ਸਿੰਘ ਦਾ ਚਿਹਰਾ ਨਿਕੀ ਉਮਰੇ ਹੀ ਵੱਡਾ ਅਭਿਆਸੀ ਜਾਪਦਾ ਸੀ।ਦਿਲ ਖਿਚਵਾਂ,ਤੇਜੱਸਵੀ ਨਾਲ ਹੀ ਸ਼ਾਂਤ ਤੇ ਸੰਯਮੀ ਵੀ,ਗਲਬਾਤ ਕਰਨ ਦਾ ਢੰਗ ਬੜਾ ਸਾਊ,ਰੋਸ ਤੇ ਗੁੱਸੇ ਦਾ ਇਜ਼ਹਾਰ ਵੀ ਸਹਿਜਤਾ ਨਾਲ ਕਰਨਾ,ਜੋਸ਼ ਵਿੱਚ ਹੋਸ ਸੰਭਾਲ ਕੇ ਰੱਖਣਾ ਮਹਾਤਮਾ ਗਾਂਧੀ ਦਾ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਹਮੇਸ਼ ਇਖਤਲਾਫ ਰਿਹਾ ਫਿਰ ਵੀ ਉਸਨੂੰ ਫਾਸੀ ਦਿੱਤੇ ਜਾਣ ਤੋਂ ਬਾਦ ਗਾਂਧੀ ਨੇ ਕਿਹਾ,'ਭਗਤ ਸਿੰਘ ਦੀ ਬਹਾਦਰੀ ਤੇ ਬਲੀਦਾਨ ਸਾਹਮਣੇ ਸਾਡਾ ਸਿਰ ਝੁਕ ਜਾਦਾ ਹੈ”।

ਸੁਭਾਸ ਚੰਦਰ ਬੋਸ ਨੇ ਕਿਹਾ,'ਭਗਤ ਸਿੰਘ ਅੱਜ ਇਕ ਵਿਅਕਤੀ ਨਹੀਂ ਸਗੋ ਇਕ ਚਿਨ੍ਹ ਬਣ ਗਿਆ ਹੈ,ਇਹ ਇਨਕਲਾਬੀ ਭਾਵਨਾ ਦਾ ਚਿਨ੍ਹ ਹੈ ਜਿਹੜੀ ਸਾਰੇ ਦੇਸ਼ ਵਿੱਚ ਛਾ ਗਈ ਹੈ"।ਭਗਤ ਸਿੰਘ ਦੇ ਕਥਨ'ਸੱਚ ਹੋਏ,"ਵਿਵਸਥਾ ਨਹੀਂ ਬਦਲੀ,ਆਰਥਿਕ ਆਜਾਦੀ ਨਹੀਂ ਮਿਲੀ ਸੱਤਰ ਸਾਲ ਵਿੱਚ ਵੀ, ਇਸੇ ਲਈ ਹੁਣ ਵੀ ਇਸ ਤਿਕੜੀ ਮਸ਼ਲ ਦੀ ਜਰੂਰਤ ਦੇਸ਼ ਵਾਸੀਆਂ ਨੂੰ ਬੜੀ ਸ਼ਿਦਤ ਨਾਲ ਮਹਿਸੂਸ ਹੋ ਰਹੀ ਹੈ।

ਭਗਤ ਸਿੰਘ ਦੇ ਲਿਖੇ ਅੰਤਿਮ ਸ਼ਬਦ -ਦਿਲ ਸੇ ਨਿਕਲੇਗੀ ਨਾ ਮਰ ਕਰ ਭੀ ਵਤਨ ਕੀ ਉਲਫ਼ਤ....

ਮੇਰੀ ਮਿਟੀ ਸੇ ਭੀ ਖੁਸ਼ਬੂ-ਏ ਵਤਨ ਆਏਗੀ।

ਅਮਰ ਸ਼ਹੀਦ ਯੋਧਿਆਂ ਦੀ ਇਸ ਤਿਕੜੀ ਮਸ਼ਾਲ ਨੂੰ ਲੱਖ ਵਾਰ ਸਲਊਟ,'

"ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ,ਵਤਨ ਪੇ ਮਿਟਨੇ ਵਾਲੋਂ ਕਾ ਯੇ ਹੀ ਬਾਕੀ ਨਿਸ਼ਾਂ ਹੋਗਾ"।

" ਕਰ ਚਲੇ ਹਮ ਫਿਦਾਅ ਜਾਨ-ਓ-ਤਨ ਸਾਥੀਓ,ਅਬ ਤੁਮਹਾਰੇ ਹਵਾਲੇ ਵਤਨ ਸਾਥੀਓ"॥



## " ਰੁੱਤਾਂ ਵਿੱਚੋਂ ਰੁੱਤ ਸੁਣੀਂਦੀ , 'ਬਸੰਤ ਰੁੱਤ'"

'ਗਰਮੀ , ਸਰਦੀ .ਪੱਤਝੜ,ਬਸੰਤ ਬਹਾਰ,,ਏਕ ਸਾਲ ਦੇ ਮੌਸਮ ਚਾਰ "

ਚਾਰਾਂ ਰੁੱਤਾਂ ਵਿਚੋਂ ਸੱਭ ਤੋਂ ਵੱਧ ਪਿਆਰੀ ਜਾਣ ਵਾਲੀ ਰੁੱਤ ਦੁਲਾਰੀ ਰੁੱਤ ਹੈ ਬਸੰਤ ਰੁੱਤ'।ਇਹ ਠੰਢੀ ਮਿੱਠੀ ਨਿੱਘੀ ਮੋਹ ਮਮਤਾ ਨਾਲ ਭਿੱਜੀ ਬਹਾਰ ਹੈ।ਇਸ ਰੁੱਤ ਨੂੰ ਕਾਇਨਾਤ ਵਿੱਚ ਨਵਾਂ ਖੇੜਾ,ਨਵੀਂ ਰੰਗਤ ਨਵੀਂ ਦਿਖ ਲਿਆਂਉਣ ਲਈ 'ਜੀ ਆਇਆਂ' ਕਹਿ ਸਵਾਗਤ ਕੀਤਾ ਜਾਂਦਾ ਹੈ।ਇਸ ਦੇ ਆਉਣ ਤੋਂ ਪਹਿਲਾਂ ਜੀਵ ਜੰਤੂ ਕੋਹਰੇ,ਧੁੰਦ ਦੇ ਸਤਾਏ ਦੁੱਬਕੇ ਹੁੰਦੇ ਹਨ।ਵੈਸੇ ਤਾਂ ਮਾਂ(ਮਾਘੀ)ਦਾ ਪ੍ਰਵੇਸ਼ ਹੀ ਇਹਨਾਂ ਨੂੰ ਠੁਲ ਪਾ ਦੇ ਦੇਂਦਾ ਹੈ,ਪਰ ਬਸੰਤ ਰੁੱਤ ਇਹਨਾਂ ਨੂੰ ਭਜਾ ਕੇ ਆਪਣੇ ਰਾਜ ਦਾ ਨਾਹਰਾ ਲਾ ਕਾਬਜ਼ ਹੋ ਜਾਂਦੀ ਹੈ ਤੇ ਕੁਝ ਹੀ ਦਿਨਾ ਵਿੱਚ ਪਤਝੜ ਤੋਂ ਸਭਜ਼ਾ ਨਿਖਰ ਆਉਂਦੀ ਹੈ,ਇਹ ਰੁੱਤ ਵਿਸਾਖੀ ਤੋਂ ਪਹਿਲਾਂ ਤੱਕ ਚਲਦੀ ਹੈ।ਕੁਝ ਸਾਲ ਪਹਿਲਾਂ ਤੱਕ ਇਸਦੀ ਆਮਦ ਤੇ ਕਿਹਾ ਜਾਂਦਾ ਸੀ,'ਆਈ ਬਸੰਤ ਪਾਲਾ ਉਡੰਤ" ਪਰ ਅੱਜ ਕਲ ਵਾਤਾਵਰਣ ਵਿੱਚ ਫੈਲੀ ਅਲਹੁਦਗੀ ਰੁੱਤਾਂ ਵਿੱਚ ਤਬਦੀਲੀ ਹੋਣ ਕਾਰਨ ਬਸੰਤ ਦੇ ਆਉਣ ਤੋਨ ਕਈ ਦਿਨ ਬਾਦ ਵੀ ਕਾਫ਼ੀ ਸਰਦੀ ਰਹਿੰਦੀ ਹੈ,ਕਈ ਵਾਰ ਤਾਂ ਜਿਵੇਂ 'ਆਈ ਬਸੰਤ ਪਾਲਾ ਅਮੰਤ"। ਪਰ ਫੇਰ ਵੀ ਇਸਦੀ ਆਮਦ ਤੇ ਜਿਵੇਂ ਕੁਦਰਤ ਰਾਣੀ ਮੁਕਲਾਵੇ ਆਉਂਦੀ ਹੈ।ਦਰਖਤਾਂ ਤੇ ਖੇੜਾ ਆਉਂਦਾ ਹੈ ਫੁੱਲ ਟਹਿਕਦੇ,ਮਹਿਕਾਂ ਬਿਖੇਰਦੇ ਤੇ ਜਿਵੇਂ ਚਾਟੇ ਪਾਸੇ ਸਰੂਰ ਛਾ ਜਾਂਦਾ ਹੈ।ਵਿਦਿਆਰਥੀਆਂ ਲਈ ਇਸਦੀ ਆਮਦ ਖਾਸ ਮਹੱਤਵ ਰਖਦੀ ਹੈ,ਜੋ ਉਹਨਾਂ ਦੇ ਸਾਰੇ ਸਾਲ ਦੀ ਮਿਹਨਤ ਦਾ ਫਲ ਮਿਲਣ ਵਾਲਾ ਹੁੰਦਾ ਹੈ,ਨਵੀਂ ਜਮਾਤ,ਨਵੇਂ ਬਸਤੇ,ਨਵੀਂ ਵਰਦੀ ਦਾ ਚਾਅ ਉਮੜ ਉਮੜ ਪੈਂਦਾ ਹੈ।

ਕਲਾ ਅਤੇ ਵਿਦਿਆ ਦੀ ਦੇਵੀ 'ਸਰਸਵਤੀ' ਦਾ ਜਨਮ ਵੀ ਇਸੀ ਰੁੱਤ ਵਿੱਚ ਬਸੰਤ ਪੰਚਮੀ ਨੂੰ ਹੋਇਆ ਮੰਨਿਆ ਜਾਂਦਾ ਹੈ।ਇਸ ਦੇਵੀ ਨੂੰ 'ਵੀਣਾ ਵਾਦਿਨੀ ; ਦੇ ਨਾਮ ਨਾਲ ਵੀ ਜਾਣਿਆ ਜਾਦਾ ਹੈ।ਤੇ ਬਸੰਤ ਪੰਚਮੀ ਦੇ ਦਿਨ ਨੂੰ ਵੀਣਾ ਦਿਵਸ ਵਜੋਂ ਮਨਾਇਆ ਜਾਂਦਾ ਹੈ।ਸੁਰਾਂ ਦੀ ਦੇਵੀ ਸਰਸਵਤੀ ਵੀਣਾ ਦੇ ਮਧੁਰ ਸੁਰਾਂ ਦੀ ਛਹਿਬਰ ਸਾਰੇ ਜੀਵ ਜੰਤੂ ਤੇ ਵਨਸਪਤੀ ਤੇ ਬਖੇਰ ਕੇ ਵਾਤਾਵਰਣ ਮਨਮੋਹਕ ਬਣਾ ਦੇਂਦੀ ਹੈ।

ਬਸੰਤ ਪੰਚਮੀ ਨੂੰ ਵੀਰ ਹਕੀਕਤ ਰਾਏ ਦਾ ਬਲੀਦਾਨ ਦਿਵਸ ਮਨਾਇਆ ਜਾਦਾ ਹੈ।ਬਾਲ ਹਕੀਕਤ ਰਾਏ ਇਸ ਦਿਨ ਬਾਲ ਅਵਸਥਾ ਵਿੱਚ ਹੀ ਫਿਰਕਾਪ੍ਰਸਤੀ ਦਾ ਸ਼ਿਕਾਰ ਹੋ ਗਿਆ ਸੀ।ਆਪਣੀ ਮਾਂ ਦੇ ਪ੍ਰਭਾਵ ਹੇਠ ਹੋਣ ਕਰਕੇ ਬਾਲ ਹਕੀਕਤ ਰਾਏ ਗੁਰੂ ਘਰ ਦਾ ਸ਼ਰਧਾਲੂ ਸੀ।ਨਿਡਰ,ਦਲੇਰ ਤੇ ਦ੍ਰਿੜ੍ਹ ਇਰਾਦੇ ਵਾਲੇ ਹਕੀਕਤ ਨੇ ਆਪਣਾ ਧਰਮ ਬਦਲਣ ਤੋਂ ਇਨਕਾਰ ਕੀਤਾ ਤਾਂ ਲਾਹੌਰ ਦੇ ਹਾਕਮ ਨੇ ਉਸਨੂੰ ਬਸੰਤਪੰਚਮੀ ਵਾਲੇ ਦਿਨ ਸ਼ਹੀਦ ਕਰਵਾ ਦਿੱਤਾ।ਲਾਹੌਰ ਵਿੱਚ ਵੀ ਇਸ ਦਿਨ

ਭਾਰੀ ਮੇਲਾ ਲਗਦਾ ਸੀ ਤੇ ਖੂਭ ਪਤੰਗਬਾਜੀ ਹੁੰਦੀ ਸੀ ,ਪਰ ਪਤੰਗਬਾਜੀ ਦੀ ਪਾਬੰਦੀ ਹੋ ਜਾਣ ਕਾਰਨ ਇਹ ਮੇਲਾ ਵੀ ਅਲੋਪ ਹੋ ਗਿਆ ਹੈ।

ਬਸੰਤ ਮਾਘ ਮਹੀਨੇ ਦੀ ਚਾਨਣੀ ਪੱਖ ਦੀ ਪੰਜਵੀਂ ਨੂੰ ਮਨਾਈ ਜਾਂਦੀ ਹੈ।ਭਾਰਤੀ ਸੰਗੀਤ ਪ੍ਰਣਾਲੀ ਵਿੱਚ ਇਕ ਰਾਗ ਬਸੰਤ ਰਾਗ ਹੈ ਤੇ ਇਸਨੂੰ ਸਰਗਮ ਵਿੱਚ ਵਿਸ਼ੇਸ ਦਰਜਾ ਹਾਸਲ ਹੈ।

ਇਤਿਹਾਸ ਦਸਦਾ ਹੈ,ਮਹਾਰਾਜਾ ਰਣਜੀਤ ਸਿੰਘ ਬਸੰਤ ਵਾਲੇ ਦਿਨ ਵਿਸ਼ੈਸ ਦਰਬਾਰ ਸਜਾਉਦਾ ਸੀ ਕਿਉਂ ਜੋ ਇਸ ਦਿਨ ਉਸਦੇ ਚਹੇਤੇ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਦੀ ਸ਼ਹਾਦਤ ਹੋਈ ਸੀ,ਦਰਬਾਰੀ ਪੀਲੇ ਵਸਤਰ ਪਹਿਨਦੇ ਸਨ ਤੇ ਸੇਨਾ ਪਰੇਡ ਕਰਦੀ ਸੀ,ਇਸ ਦਿਨ ਕਈ ਧਾਰਮਿਕ ਰਸਮਾਂ ਵੀ ਕੀਤੀਆ ਜਾਂਦੀਆ।ਹੁਣ ਵੀ ਰਾਜਸਥਾਨ, ਪੰਜਾਬ ,ਹਿਮਾਚਲ,ਹਰਿਆਣਾ,ਉਤਰਪ੍ਰਦੇਸ਼ ਤੇ ਮਹਾਰਾਸ਼ਟਰ ਵਿੱਚ ਪੀਲੇ ਵਸਤਰ ਪਹਿਨਣੇ,ਪੀਲੇ ਪਕਵਾਨ ਬਣਾਉਣੇ ਸ਼ਸੁਭ ਮੰਨਿਆ ਜਾਦਾ ਹੈ।ਪੀਲਾ ਰੰਗ ਸ਼ਾਤੀ ਦਾ ਪ੍ਰਤੀਕ ਹੈ।ਇਸ ਦਿਨ ਨਵਾਂ ਅੰਨ ਛੋਲੀਆ ਵੀ ਮੂੰਹ ਲਗਾਇਆ ਜਾਂਦਾ ਹੈ ਤੇ ਚਹਿਕਦੀ ਮਹਿਕਦੀ ਸਰਹੋਂ ਨੂੰ ਵੇਖ ਪਤੰਗਾਂ ਉਡਾ ਕੇ ਖੁਸ਼ੀ ਮਨਾਈ ਜਾਂਦੀ ਹੈ।ਭਗਤ ਸਿੰਘ ਤੇ ਉਸਦੇ ਸਾਥੀ ਵੀਰ ਯੋਧਿਆਂ ਨੇ ਵੀ ਸ਼ਾਤੀ ਤੇ ਕੁਰਬਾਨੀ ਦੇ ਬਸੰਤੀ ਚੋਲੇ ਦੀ ਸੋਬਤ ਵਿੱਚ ਗੀਤ ਗਾਇਆ।

ਅਧੁਨਿਕਤਾ ਨੇ ਬਾਕੀ ਰੀਤੀ ਰਿਵਾਜਾਂ ਤੇ ਰਸਮਾਂ ਦੀ ਤਰਾਂ ਇਸ ਮਨਮੋਹਕ ਤਿਉਹਾਰ ਨੂੰ ਵੀ ਡਸ ਲਿਆ ਹੈ।ਹੁਣ ਤਾ ਕਿਤੇ ਹੀ ਇਸਦੀ ਰੰਗਤ ਨਜ਼ਰ ਆਉਂਦੀ ਹੈ।ਉਸ ਵਕਤ ਸਕੂਲਾਂ ਵਿੱਚ ਵੀ ਪੀਲੀਆ ਦਸਤਾਰਾਂ ਤੇ ਪੀਲੀਆਂ ਚੁੰਨੀਆਂ ਲੈ ਕੇ ਬਸੰਤ ਰਾਗ ਦੇ ਗੀਤ ਗਾ ਕੇ ਇਸਦਾ ਸਵਾਗਤ ਕੀਤਾ ਜਾਂਦਾ ਸੀ।ਅਧਿਆਪਕ ਇਸਦੇ ਮਹੱਤਵ ਤੇ ਚਾਨਣਾ ਪਾਉਂਦੇ ਸਨ।ਅੱਜ ਸਕੂਲਾਂ ਵਿੱਚ ਇਸਦੀ ਆਮਦ ਦਾ ਪਤਾ ਵੀ ਨਹੀਂ ਲਗਦਾ,ਹਾਂ ਪੰਜਾਬ ਸਰਕਾਰ ਦੇ ਦਫ਼ਤਰਾਂ ਵਿੱਚ ਬਸੰਤ ਅਤੇ ਲੋਹੜੀ ਦੀ ਰਾਖਵੀਂ ਛੁਟੀ ਲੈ ਸਕਣ ਕਾਰਨ ਇਸਦੀ ਥੋੜੀ ਜਿਹੀ ਹੋਂਦ ਬਾਕੀ ਬਚੀ ਹੈ।

" ਬਹਾਰੋ ਫੂਲ ਬਰਸਾਓ ਬਸੰਤ ਆਈ ਹੈ।

ਜੀਅ ਤਾਂ ਕਰਦਾ ਹੈ,ਇਸ ਨਿਘੀ ਮਿੱਠੀ ਠੰਢ ਨੂੰ ਆਪਣੇ ਅੰਦਰ ਸਟੋਰ ਕਰ ਲਈਏ ਜੋ ਹਾੜਾਂ ਚ ਰੂਹ ਨੂੰ ਠੰਢਕ ਬਖ਼ਸ਼ੇ......

ਕਾਸ਼ ਇਸਨੂੰ ਵੀ ਆਮ ਤਿਉਹਾਰਾਂ ਵਿੱਚ ਫਿਰ ਤੋਂ ਸ਼ਾਮਲ ਕਰ ਲਿਆ ਜਾਵੇ,ਚਾਹੇ ਮਾਡਰਨ ਫੈਸ਼ਨ ਹੀ ਬਣਾ ਲਿਆ ਜਾਵੇ।



## "ਮੈਂ ਵੀ ਵੇਖਣੀ ਏਂ ਬਾਬੁਲ ਤੇਰੀ ਰੰਗਲੀ ਦੁਨੀਆ"

ਨਾਰੀ ਜਾਤੀ ਨਾਲ ਜੁੜੀਆਂ ਬਹੁਤ ਸੱਮਸਿਆਵਾਂ ਹਨ ਅਜੋਕੇ ਸਮਾਜ ਵਿੱਚ ਇਸ ਨਾਲ ਭਰੂਣ ਹੱਤਿਆ ਵਰਗੀ ਇਕ ਕੋਝੀ ਸੱਮਸਿਆ ਹੋਰ ਜੁੜ ਕੇ ਨਾਸੂਰ ਦਾ ਰੁਖ ਅਖਤਿਆਰ ਕਰ ਰਹੀ ਹੈ,ਤੇ ਜੋ ਇਸਤਰੀਜਾਤੀ ਦੀ ਹੋਂਦ ਦੇ ਖ਼ਾਤਮੇ ਵਲ ਜਾਂਦੀ ਰਾਹ ਬਣ ਰਹੀ ਹੈ।ਨਾਸੂਰ ਹੋਣ ਦੇ ਨਾਲ ਇਹ ਘੋਰ ਅਪਰਾਧ ਵੀ ਹੈ ਪਰ ਅਜੇ ਇਸਨੂੰ ਅਪਰਾਧ ਦਾ ਦਰਜਾ ਨਹੀਂ ਦਿੱਤਾ ਗਿਆ,ਜੇ ਵੇਲੇ ਸਿਰ ਇਸਨੂੰ ਅਪਰਾਧ ਮਨ ਲਿਆ ਜਾਂਦਾ ਤਾਂ ਇਹ ਇੰਨੀ ਨਾਂ ਵੱਧਦੀ ਫੁਲਦੀ।ਡਾਕਟਰਾਂ ਨੂੰ ਦੋਸ਼ ਦੇਣ ਦੇ ਥਾਂ ਇਕ ਮਾਂਪਿਓ ਨੂੰ ਕਾਤਲ ਕਰਾਰ ਦੇ ਕੇ ਫਾਂਸੀ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੁੰਦੀ ਤਾਂ ਇੰਨੀ ਕਰੂਪ ਤਸਵੀਰ ਨਾਂ ਹੁੰਦੀ।ਵੈਸੇ ਵੀ ਡਾਕਟਰ ਤਾਂ ਕਿਸੇ ਦੇ ਘਰ ਭਰੂਣ ਹੱਤਿਆ ਕਰਨ ਆਪ ਨਹੀਂ ਜਾਂਦੇ,ਹਤਿਆਰੇ (ਮਾਂਬਾਪ) ਹੀ ਉਹਨਾਂ ਦੀ ਸ਼ਰਨ ਵਿੱਚ ਜਾ ਪਹੁੰਚਦੇ ਹਨ।ਬੇਸ਼ੱਕ ਹੱਤਿਆ ਕਰਨਾ ਕਰਾਉਣਾ ਪਹਿਲਾਂ ਤੋਂ ਹੀ ਵਪਾਰਕ ਹੈ।

ਜਿਵੇਂਕਿ ਵਿਗਿਆਨ ਦੇ ਗੁਣ ਔਗੁਣ ਲਾਭ ਹਾਨੀਆਂ ਬਰਾਬਰ ਚਲਦੇ ਹਨ ਇਸ ਤਰਾਂ ਵਿਗਿਆਨ ਦੀ ਖੋਜ ਇੰਮਨੀ ਸਿੰਸਥੈਸ ਵੀ ਆਪਣੇ ਨਾਲ ਔਗੁਣ ਲੈ ਕੇ ਆਈ ਜਾਂ ਫਿਰ ਮਨੁੱਖ ਅੰਦਰਲੇ ਸ਼ੈਤਾਨ ਨੇ ਇਸਨੂੰ ਔਗੁਣ/ ਹਾਨੀ ਬਣਾ ਦਿੱਤਾ।ਇੰਮਨੀ ਸਿੰਸਥੈਸ ਦਾ ਉਦੇਸ਼ ਹੈ ਕਿ 'ਕੀ ਗਰਭ ਅੰਦਰ ਪਲ ਰਿਹਾ ਬੱਚੇ ਵਿੱਚ ਕੋਈ ਸਰੀਰਕ ਜਾਂ ਮਾਨਸਿਕ ਕਮੀ ਤਾਂ ਨਹੀਂ ਹੈ,ਜਾਂ ਕਿਸੇ ਐਸੀ ਕਮੀ ਦੇ ਲੱਛਣ ਹੋਣ ਜੋ ਬੱਚੇ ਦੇ ਵਿਕਾਸ ਦੀ ਰੁਕਾਵਟ ਬਣ ਰਹੇ ਹੋਣ ।ਜਰੂਰੀ ਸੀ ਕਿ ਇਹ ਵਿਧੀ ਮੁੰਡਾ ਕੁੜੀ ਦਾ ਲਿੰਗ ਵੀ ਦਸ ਦੇਂਦੀ, ਇਹ ਪਤਾ ਚਲਦੇ ਹੀ ਮਨੁੱਖ ਦੇ ਸਾਜਿਸ਼ੀ ਦਿਮਾਗ ਨੇ ਇੱਛਤ ਔਲਾਦ ਦੀ ਕਾਢ ਕੱਢ ਲਈ ਤੇ ਮੁੰਡੇ ਦੀ ਇੱਛਾ ਕਰ ਕੇ ਗਰਭ ਅੰਦਰਲੀ ਕੁੜੀ ਨੂੰ ਮਾਰ ਦੇਣ ਦਾ ਚਲਨ ਅਪਨਾ ਲਿਆ।

ਇਹ ਇਕ ਕੌੜੀ ਸਚਾਈ ਹੈ ਤੇ ਮੁੰਡਾ ਹੋਣ ਦੀ ਸੂਰਤ ਵਿੱਚ ਭਰੂਣ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਜਾਂਦੀ ਅਲਬੱਤਾ ਜੱਚਾ ਤੇ ਬੱਚਾ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ।ਇਸਦੇ ਨਤੀਜੇ ਜਾਣਨ ਤੋਂ ਬਿਨਾਂ ਹੀ ਪੂਰਾ ਸਮਾਜ ਕੁਦਰਤ ਤੇ ਕਾਦਰ ਦੇ ਕੰਮ ਵਿੱਚ ਦਖ਼ਲ ਦੇ ਕੇ ਕੰਨਿਆ ਭਰੂਣ ਹੱਤਿਆ ਦੀ ਰਾਹ ਤੇ ਤੁਰ ਪਿਆ।ਇਸਨੂੰ ਫੈਸ਼ਨ ਬਣਾ ਲਿਆ ਗਿਆ ਤੇ ਇਹ ਵੀ ਨਾਂ ਸੋਚਿਆ ਕੇ ਜੇ ਕੁੜੀਆਂ ਨਹੀਂ ਹੋਣਗੀਆਂ ਤਾਂ ਮਾਂ ਕਿਥੋਂ ਆਵੇਗੀ ਤੇ ਅਗੋਂ ਮੁੰਡੇ ਕੌਣ ਪੈਦਾ ਕਰੇਗਾ।ਚੂੰਕਿ ਲਿੰਗ ਪੁਲਿੰਗ ਦੀ ਸਹਿਹੋਂਦ ਹੀ ਅਗੋਂ ਵੰਸ਼ ਚਲਾਉਣ ਦੇ ਕਾਬਲ ਹੁੰਦੀ ਹੈ,ਜੇ ਇਸਤ੍ਰੀਲਿੰਗ ਖ਼ਤਮ ਹੋ ਜਾਵੇਗਾ ਤਾਂ ਫੇਰ ਤਾਂ ਮਨੁੱਖ ਦੀ ਪ੍ਰਜਾਤੀ ਵੀ ਵਾਤਾਵਰਣ ਦੀ ਭੇਂਟ ਚੜ ਜਾਵੇਗੀ।ਇਸ ਲਿੰਗ ਨਿਰਧਾਂਰਨ ਕਾਢ ਨਾਲ ਕਈ ਸਵਾਲ ਜੁੜਦੇ ਹਨ ਜਿਹਨਾਂ ਦਾ ਅਜੋਕਾ ਸਮਾਜ ਜਵਾਬ ਦੇਹ ਹੈ,ਅਹਿਮ ਸਵਾਲ ਇਹ ਹੈ ਕਿ 'ਬੱਚੀ ਨੂੰ ਦੁਨੀਆਂ ਦੇਖਣ ਦਾ ਅਧਿਕਾਰ ਕਿਉਂ ਨਹੀ ਹੈ ? ਇਹ ਹੱਕ ਕਿਉਂ

ਖੋਹ ਲਿਆ ਗਿਆ ਹੈ?ਦੂਜਾ ਸਵਾਲ ਇਹ ਉਠਦਾ ਹੈ ਕਿ 'ਮਾਂ'ਜੋ ਮਮਤਾ ਦੀ ਮੂਰਤ ਹੈ ਜੋ ਕੁਰਬਾਨੀ ਦੀ ਦੇਵੀ ਹੈ,ਤਿਆਗ ਦੀ ਪਾਤਰ ਹੈ,ਜਨਮਦਾਤੀ ਹੈ,ਜੀਵਨਦਾਤੀ ਹੈ,ਉਹ ਜੀਵਨ ਖੋਹਣ ਲਈ ਜਾਂ ਬਲੀ ਚੜ੍ਹਾਉਣ ਲਈ ਕਿਵੇਂ ਤਿਆਰ ਹੋ ਸਕਦੀ ਹੈ?ਉਹ ਕਾਤਲ /ਹਤਿਆਰੀ ਕਿਵੇਂ ਹੋ ਸਕਦੀ ਹੈ?

ਸੱਚੀ ਬਾਤ-ਇਕ ਲੇਡੀ ਡਾਕਟਰ ਕੋਲ ਇਕ ਮਹਿਲਾ ਆਪਣੇ ਪਤੀ ਤੇ ਸੱਸ ਨਾਲ ਲਿੰਗ ਨਿਰਧਾਰਣ ਲਈ ਆਈ,ਜਦ ਉਹ ਡਾਕਟਰ ਨਾਲ ਇਕੱਲੀ ਸੀ ਤੇ ਉਸਨੇ ਡਾਕਟਰ ਨੂੰ ਬੇਨਤੀ ਕੀਤੀ,ਉਹ ਉਸਦੇ ਪਤੀ ਤੇ ਸੱਸ ਨੂੰ ਝੂਠ ਬੋਲ ਦੇਵੇ ਕਿ ਮੁੰਡਾ ਹੈ।ਡਾਕਟਰ ਨੇ ਪੁਛਿਆ ਤੂੰ ਕੁੜੀ ਕਿਉਂ ਰੱਖਣਾ ਚਾਹੁੰਦੀ ਹੈਂ? ਉਸਨੇ ਉੱਤਰ ਦਿੱਤਾ,'ਇਸ ਲਈ ਕਿ ਉਹ ਮੇਰੀ ਅਗਲੀ ਪੀੜ੍ਹੀ ਦੀ ਮਾਂ ਬਣੇਗੀ"।ਹੋ ਸਕਦਾ ਹੈ ਉਹ ਤੁਹਾਡੀ ਤਰਾਂ ਮਹਿਲਾ ਡਾਕਟਰ ਹੀ ਬਣ ਜਾਵੇ"। ਜੇ ਕੁੜੀਆਂ ਮਾਰੀ ਜਾਵਾਂਗੇ ਤਾਂ ਔਰਤਾਂ ਦਾ ਇਲਾਜ ਕੌਣ ਕਰੇਗਾ? ਡਾਕਟਰ ਸਾਹਮਣੇ ਲਗੇ ਸ਼ੀਸ਼ੇ ਚ ਖੁਦ ਨੂੰ ਵੇਖ ਭੁਚੰਕ ਗਈ।

ਬਿਨਾਂ ਸ਼ੱਕ ਅਜੋਕੀ ਔਰਤ ਕਮਾਊ ਹੋਣ ਦੇ ਬਾਵਜੂਦ ਆਦਮੀ ਦੇ ਅਧੀਨ ਹੈ ਤੇ ਉਸਨੂੰ ਆਦਮ ਦੀ ਮਰਜੀ ਨਾਲ ਜੀਣਾ ਪੈਂਦਾ ਹੈ।

ਕੰਨਿਆ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਸਦੀਆਂ ਤੋਂ ਚਲਦਾ ਆ ਰਹਾ ਹੈ।ਰਾਜਸਥਾਨ ਦੀ ਇਕ ਦਾਈ ਨੇ ਦਸਿਆ ਕਿ ਉਸਨੇ ਆਪਣੀ ਹੋਸ਼ ਵਿੱਚ ਅਨੇਕਾਂ ਕੁੜੀਆਂ ਨੂੰ ਜਨਮਾ ਕੇ ਮਾਪਿਆਂ ਦੇ ਕਹਿਣ ਤੇ ਗਲ ਚ ਅੰਗੂਠਾ ਦੇ ਕੇ ਮਾਰਿਆ ਹੈ।ਪਹਿਲਾਂ ਉਸਨੂੰ ਵਿਅਜਮ ਦਾ ਮਿਹਨਤਾਨਾ ਮਿਲਦ।।।।ਸ਼ਾ ਹੈ ਤੇ ਫੇਰ ਕੰਨਿਆ ਨੂੰ ਮਾਰ ਕੇ ਦੱਬ ਦੇਣ ਦਾ ਇਵਜ਼ਾਨਾ ਮਿਲਦਾ ਹੈ।,ਇਹ ਓਸਦਾ ਰੁਜ਼ਗਾਰ ਹੈ ਜੋ ਪੁੱਤਰ ਪੈਦਾ ਹੋਣ ਤੇ ਮੂੰਹ ਮੰਗਿਆ ਇਨਾਮ ਮਿਲਦਾ ਹੈ।

ਪੁਨੂੰ ਵਾਲੀ ਸੱਸੀ ਵੀ ਧੋਬਣ ਨੂੰ ਰੁੜ੍ਹਦੇ ਜਾਂਦੇ ਬਕਸੇ ਚੋਂ ਮਿਲੀ ਸੀ।ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ 'ਸ਼ੇਰੇ ਪੰਜਾਬ'ਮਹਾਰਾਜਾ ਰਣਜੀਤ ਸਿੰਘ ਦੀ ਮਾਂ ਵੀ ਘੜੇ ਚ ਬੰਦ ਕਰ ਕੇ ਸੁੱਟ ਦਿੱਤੀ ਗਈ ਸੀ,ਜੋ ਕੋਈ ਰਾਹੀ ਇਹ ਸੱਭ ਦੇਖ ਰਿਹਾ ਸੀ ਤੇ ਉਹ ਘੜਾ ਆਪਣੇ ਘਰ ਲੈ ਗਿਆ ਤੇ ਵੇਲੇ ਸਿਰ ਬੱਚੀ ਨੂ ਬਚਾ ਲਿਆ,ਪਾਲਿਆ ਤੇ ਉਸ ਬੱਚੀ ਨੇ ਮਾਂ ਬਣ ਕੇ ਮਹਾਰਾਜੇ ਨੂੰ ਜਨਮ ਦਿੱਤਾ।ਤਦੇ ਹੀ ਤੇ ਬਾਬੇ ਨਾਨਕ ਨੇ ਉਚਾਰਣ ਕੀਤਾ'ਸੋ ਕਿਉਂ ਮੰਦਾ ਆਖਿਐ ਜਿੱਤ ਜਮੇਂ ਰਾਜਾਨ"।

ਪੱਥਰਾਂ ਨੂੰ ਤਰਾਸ਼ ਕੇ ਹੀਰਾ ਬਣਾ ਦੇਵੇ,ਚਾਹੇ ਤਾਂ ਪੱਥਰਾਂ ਨੂੰ ਪਿਘਲਾ ਦੇਵੇ,ਅੰਬਰਾਂ ਨੂੰ ਟਾਕੀਆਂ ਲਾ ਦੇਵੇ,ਮੌਤ ਨੂੰ ਮਾਤ ਦੇਵੇ,ਐਸੀ ਸਮਰੱਥਾ ਯੋਗ ਹੈ ਕੰਨਿਆ।ਕੰਨਿਆ ਹੈ ਤੇ ਕਾਨ੍ਹਾ ਹੈ ਸੀਤਾ ਹੈ ਤੇ ਰਾਮ ਹੈ ਰਾਧਾ ਹੈ ਤੇ ਕ੍ਰਿਸ਼ਨ ਹੈ।ਕ੍ਰਿਸ਼ਨ ਨੇ ਦਰੋਪਦੀ ਲਈ ਬਹੁਤ ਕੁਝ ਕੀਤਾ ਉਸਦੀ ਮਕਬੂਲੀਅਤ ਰਾਧਾ ਕੰਨਿਆ ਨਾਲ ਵੱਧ ਹੈ,ਪੂਜਾ ਕੀਤੀ ਜਾਂਦੀ ਹੈ।ਨੀਰਜਾ ਭਨੋਟ ਵੀ ਇਕ ਕੰਨਿਆ ਸੀ ਜਿਸਦੇ ਜਨਮ ਤੇ ਸ਼ਾਇਦ ਕੋਈ ਨਾਂ ਖੁਸ਼ ਹੋਇਆ ਹੋਵੇ ਪਰ ਵੱਡੀ ਹੋ ਉਸਨੇ ਕਿੰਨੀਆਂ ਖੁਸ਼ੀਆਂ ਦਾਨ ਕੀਤੀਆਂ।



ਸੱਸੀ ਸੋਹਣੀ,ਸਾਹਿਬਾ,ਹੀਰ ਰੋਲ ਮਾਡਲ ਹੋ ਗੁਜਰੀਆਂ ਹਨ।ਕੰਨਿਆ ਜੋ ਫਿਲਮੀ ਹੀਰੋਇਨ ਬਣ ਕੇ ਵੰਨ ਸਸੁਵੰਨੇ ਰੋਲ ਕਰਕੇ ਸਿਖਿਆ ਸਬਕ ਵੀ ਦੇ ਜਾਂਦੀ ਹੈ ਬਹਾਦਰੀ,ਗੈਰਤ ਦੇ ਜੌਹਰ ਵੀ ਦਿਖਾਂਦੀ ਹੈ ਰਹਿਨੁਮਾਈ ਵੀ ਕਰਦੀ ਹੈ ਤੇ ਮੰਨੋਰੰਜਨ ਵੀ ਕਰਦੀ ਹੈ।ਕੈਸੀ ਨੀਰਸ ਹੋਵੇਗੀ ਨਿਰੇ ਮੁੰਡਿਆਂ ਵਾਲੀ ਫਿਲਮ?ਜਰਾ ਕਿਆਸ ਕਰੋ।ਕਾਇਨਾਤ ਵਿੱਚ ਇਸ਼ਕ ਮਿਜਾਜੀ ਦੀ ਖੂਬ ਮਹੱਤਤਾ ਹੈ।ਕੰਨਿਆ ਜੇ ਇੰਜ ਹੀ ਜਿਬ੍ਹਾ ਹੁੰਦੀ ਰਹੀ ਤਾਂ,ਸ਼ਾਇਰ ਕਿਸ ਤੇ ਗਜ਼ਲ ਲਿਖੇਗਾ,ਨਹੀਂ ਦਿਸੇਗੀ ਬਾਗ ਦੀ ਕਲੀ।ਬੇਰੰਗ ਹੋ ਜਾਵਗੀ ਮਰਦ ਦੀ ਇਹ ਰੰਗਲੀ ਦੁਨੀਆ।

ਸਪਸ਼ਟ ਹੈ ਕਿ ਜੇ ਕੁੜੀ ਪੈਦਾ ਹੀ ਨਹੀਂ ਹੋਵੇਗੀ ਤਾਂ ਮਾਂ ਕਿਥੋਂ ਆਵੇਗੀ?ਕੌਣ ਦੇਵੇਗਾ ਇਸ ਸਵਾਲ ਦਾ ਜਵਾਬ? ਕਿਵੇਂ ਵਧੇਗੀ ਇਨਸਾਨ ਦੀ ਨਸਲ ਅੱਗੇ?ਬੰਦਾ ਆਪਣੀ ਨਸਲਕੁਸ਼ੀ ਆਪ ਕਰ ਰਿਹਾ ਹੈ।ਕਦੇ ਕਿਤੇ ਮੱਝ ਗਾਂ ਨੇ ਕਿਹਾ ਹੈ ਕਿ ਉਹ ਸਵੈ ਇਛੱਤ ਕਟੜੂ ਵਛੜੂ ਪੈਦਾ ਕਰੇਗੀ?ਧੀ ਪੈਦਾ ਹੁੰਦੀ ਹੈ,ਵੱਡੀ ਹੋ ਕੇ ਵਹੁਟੀ ਬਣਦੀ ਹੈ ਬਹੂ ਬਣਦੀ ਹੈ,ਪਤਨੀ ਬਣਦੀ ਹੈ ਤੇ ਫਿਰ ਮਾਂ ਬਣਦੀ ਹੈ-ਯਾਨੀ ਅੱਜ ਦੀ ਕੁੜੀ ਕਲ ਦੀ ਮਾਂ ਹੈ ਤੇ ਕੁੜੀ ਤੋਂ ਬਿਨਾ ਵਿਆਹ ਨਹੀਂ ਹੋ ਸਕਦਾ ਤੇ ਵਿਆਹ ਬਿਨਾਂ ਮਾਂ ਨਹੀ ਹੋ ਸਕਦੀ। ਬਹੁਤ ਪਹਿਲੇ ਹੀ ਗੀਤ ਰਾਂਹੀ ਦਸਿਆ ਗਿਆ ਸੀ'ਜੇ ਮੈਂ ਨਾ ਜੰਮਦੀ ਮਾਹੀ ਵੇ ਤੂੰ ਕਿਥੋਂ ਵਿਆਹੀ ਦਾ ਢੋਲਾ"।

"ਕਿਤੇ ਤਾਂ ਧੀ ਕੁਲਾਰ ਰਹੀ ਹੈ,ਬਾਬੁਲ ਮੈਂ ਵੀ ਵੇਖਣੀ ਹੈ ਮੇਰੇ ਵੀਰੇ ਵਾਂਗ ਤੇਰੀ ਇਹ ਰੰਗਲੀ ਦੁਨੀਆ"।

ਤੇ ਕਿਤੇ ਇਸ ਸਮਾਜ ਦੀਆਂ ਕੁਰੀਤੀਆਂ ਤੋਂ ਡਰਦੀ ਕੂਕਦੀ ਹੈ-'ਮਾਏ ਨਾਂ ਕੱਢੀਂ ਮੈਨੂੰ ਆਪਣੀ ਕੁੱਖ ਵਿਚੋਂ ਬਾਹਰ' ਮਾਏ ਤੇਰੀ ਇਸ ਹਸੀਨ ਕਾਇਨਾਤ ਦੇ ਬੰਦੇ,ਨੇ ਵਹਿਸ਼ੀ ਦਰਿੰਦੇ,ਮੈਂ ਆਖ ਰਹੀ ਮੈਂ ਵੇਖ ਰਹੀ ਮੈਂ ਵਾਸਤੇ ਪਾਵਾਂ ਨਾਂ ਕੱਢੀ ਮੈਨੂੰ ਆਪਣੀ ਗੋਦ ਵਿਚੋਂ ਬਾਹਰ,ਜੀਅ ਮੇਰਾ ਵੀ ਬਹੁਤ ਕਰਦੈ ਤੇਰੀ ਇਹ ਰੰਗਲੀ ਦੁਨੀਆ ਵੇਖਣ ਨੂੰ,ਪਰ ਤੂੰ ਜਾਣੈ ਮੇਰਾ ਹਸ਼ਰ'।

" ਪੰਡਤ ਮੌਲਾਨੇ ਆਖਣ-ਤੇਰੀ ਕੁੱਖ ਨਰਕ ਦੀ ਕੁੰਭੀ ਏ,ਮੈਨੂੰ ਤਾਂ ਲਗੈ ਸਵਰਗ ਦੀ ਚੁੰਘੀ ਏ।ਨਾਂ ਕੱਢੀਂ ਮੈਨੂੰ ਕੁੱਖ ਚੋਂ ਬਾਹਰ.....

ਮਾਂ ਦੇ ਗਰਭ ਵਿੱਚ ਬੱਚੀ ਕੁਦਰਤ ਦੇ ਹੱਥਾਂ ਰਾਂਹੀ ਮਹਿਫੂਜ਼ ਪਲਦੀ ਰਹਿੰਦੀ ਹੈ,ਬਾਹਰਲੀ ਕਰੂਪ ਦੁਨੀਆ ਚ ਨਿਕਲਣ ਨੂੰ ਉਸਦਾ ਹੁਣ ਮਨ ਨਹੀਂ ਮੰਨਦਾ।ਉਸਨੂੰ ਪਤਾ ਹੈ ਜਿੰਨੇ ਦਿਨ ਉਹ ਅੰਦਰ ਹੈ ਉਨੇ ਦਿਨ ਹੀ ਉਹ ਆਪਣੀ ਹੈ ਬਾਹਰ ਆਉਂਦੇ ਹੀ ਪਹਿਲੇ ਦਿਨ ਤੋਂ ਹੀ ਉਸਨੂੰ 'ਪਰਾਇਆ ਧਨ' ਦਾ ਦਰਜਾ ਦੇ ਦਿੱਤਾ ਜਾਂਦਾ ਹੈ।ਪੇਕੇ ਵੀ ਬੇਗਾਨੀ ਧੀ ਤੇ ਸਹੁਰੇ ਵੀ ਬੇਗਾਨੀ ਧੀ।ਪਰ ਮਨ ਤੇ ਬੇਗਾਨਗੀ ਦੀ ਛਾਪ ਨਹੀਂ ਲਗਣ ਦੇਂਦੀ,ਦੋਨਾਂ ਪਾਸੇ ਖਿਦਮਤਾਂ ਗੁਜਾਰਦੀ ਅਪਨਆਈਤ ਜਤਾਉਂਦੀ ਥੱਕਦੀ ਨਹੀਂ।ਗੁਲਾਮੀ ਕਰਦੀ,ਦੁਰਕਾਰ ਸਹਿੰਦੀ ਮਾਂ ਨਹੀਂ ਚਾਹੁੰਦੀ ਉਹਦੇ ਘਰ ਬੇਟੀ ਪੈਦਾ ਹੋਵੇ ਤੇ ਉਹਦੇ ਵਾਂਗ ਦੁਖੀ ਜਿੰਦਗੀ ਗੁਜਾਰੇ।

ਕੁਰਾਨ ਕਹਿੰਦਾ ਹੈ," ਖੁਦਾ ਜਬ ਖੁਸ਼ ਹੋਤਾ ਹੈ ਤੋ ਪੈਦਾ ਹੋਤੀ ਹੈਂ ਬੇਟੀਆਂ"।-ਅੱਜ ਦੀ ਕੁੜੀ ਕਲ ਦੀ ਮਾਂ ਹੈ,ਤੇ ਇਸੇ ਲਈ ਮਾਂ ਨੂੰ ਰੱਬ ਦਾ ਦੂਜਾ ਰੂਪ ਕਿਹਾ ਗਿਆ ਹੈ।ਰੱਬ ਸਾਰੇ ਥਾਂ ਆਪ ਨਹੀਂ ਸੀ ਸੰਭਾਲ ਸਕਦਾ ਤੇ ਇਸੇ ਲਈ ਉਸ ਮਾਂ ਬਣਾਈ,ਉਂਜ ਵੀ ਉਹਨੂੰ ਅਹਿਸਾਸ ਹੋ ਗਿਆ ਸੀ ਕਿ ਉਸਦੀ ਬਣਾਈ ਕ੍ਰਿਤੀ 'ਆਦਮ' ਨਾਂਮੁਕੰਮਲ ਰਹਿ ਗਈ ਹੈ,ਇਸੀ ਅਧੂਰੇਪਨ ਨੂੰ ਦੂਰ ਕਰਨ ਲਈ ਉਸ ਹਵਾ ਬਣਾਈ ਤੇ ਉਸਨੂੰ ਕੁੜੀ ਤੋਂ ਮਾਂ ਬਣਨ ਦਾ ਸ਼ਰਫ਼ ਹਾਸਲ ਹੋਇਆ'।ਇਹ ਆਦਮੀ ਦੀ ਸੋੜੀ ਮਾਨਸਿਕਤਾ ਹੈ ਜਾਂ ਚੌਧਰ ਦੀ ਭੁੱਖ ਹੈ ਕਿ ਉਹ ਜਿਸ ਤੋਂ ਜੀਵਨ ਲੈਂਦਾ ਹੈ ਉਸੀ ਦਾ ਜੀਵਨ ਖੋਹ ਲੈਂਦਾ ਹੈ।ਮਰਦ ਦੇ ਕੁਕਰਮਾ ਨੇ ਧੀਆਂ ਦੇ ਲੇਖਾਂ ਵਿੱਚ ਊਂ ਹੀ ਮੇਖ ਮਾਰ ਛੱਡੀ ਹੈ,ਕਿਤੇ ਤੇ ਕੁੜੀ ਜਿਉਂਦੀ ਲਾਸ਼ ਬਣ ਕੇ ਰਹਿ ਗਈ ਹੈ,ਫਿਰ ਜਨਮ ਤੋਂ ਪਹਿਲੇ ਮਾਰ ਦੇਣ ਦਾ ਗੁਨਾਹ ਕਰਨ ਦੀ ਲੋੜ ਵੀ ਨਹੀਂ ਹੈ।

ਸੰਤਵਾਣੀ ਕਹਿੰਦੀ ਹੈ-' ਜਿਸ ਘਰ ਨਾਰੀ ਦਾ ਆਦਰ ਹੁੰਦਾ ਹੈ ਉਥੇ ਦੇਵਤਾ ਵਾਸ ਕਰਦੇ ਨੇ"।ਤੇ ਇਹ ਸਾਫ਼ ਪ੍ਰਤੱਖ ਵੀ ਹੈ।

ਛੋਟੇ ਮਜਦੂਰ ਤਬਕੇ ਵਿੱਚ ਭਰੂਣ ਹੱਤਿਆ ਘੱਟ ਹੈ,ਕਿਉਂਕਿ ਉਹ ਸਾਰੇ ਨਿਕੇ ਹੁੰਦੇ ਤੋਂ ਹੀ ਆਪਣੀ ਰੋਟੀ ਕਮਾਉਣ ਲਗ ਪੈਂਦੇ ਹਨ,ਪੰਜ ਸਾਲ ਦੀ ਕੁੜੀ ਵੱਡੇ ਘਰੀਂ ਕੰਮ ਕਰਨ ਲਗ ਪੈਂਦੀ ਹੈ,ਜਾਂ ਘਰੇ ਨਿਕੇ ਵੀਰ ਨੂੰ ਸੰਭਾਲਦੀ ਹੈ,ਇਸ ਲਈ ਉਹਨਾਂ ਲਈ ਕੁੜੀ ਬਹੁਤੀ ਵਾਧੂ ਨਹੀਂ ਹੁੰਦੀ,ਹਾਂ ਹੁਣ ਫੈਸ਼ਨ ਦੀ ਅੱਗ ਤੇ ਵੱਡਿਆਂ ਦੀ ਰੀਸ ਇਹਨਾਂ ਵਿੱਚ ਵੀ ਆ ਚੁੱਕੀ ਹੈ।ਇਥੇ ਮੰਨੂ ਸਮ੍ਰਿਤੀ ਲਾਗੂ ਹੈ ਕਿ ' ਦੁਨੀਆ ਵਿੱਚ ਆਉਣ ਵਾਲਾ ਦੋ ਹੱਥ ਤੇ ਇਕ ਮੂੰਹ ਲੈ ਕੇ ਆਉਂਦਾ ਹੈ,ਤੇ ਦੋ ਹੱਥਾਂ ਨਾਲ ਕਮਾ ਕੇ ਅਪਨਾ ਮੂੰਹ ਤੇ ਪੇਟ ਭਰ ਸਕਦਾ ਹੈ।ਮੰਨੂੰ ਨੇ ਇਕ ਹੋਰ ਜਬਲੀ ਵੀ ਮਾਰੀ-'ਨਾਰੀ ਤੇ ਢੋਰ ਦੋਵੇਂ ਡੰਡੇ ਦੇ ਯਾਰ'।ਬੰਦੇ ਦੀ ਫਿਤਰਤ ਹੈ ਜਿਧਰ ਉਸਨੂੰ ਦਿਲਚਸਪੀ ਲਗੇ ਚਾਹੇ ਉਹ ਬੁਰੀ ਮੱਤ ਹੀ ਹੋਵੇ ਉਧਰ ਤੁਰ ਪੈਂਦਾ ਹੈ,ਉਸਨੇ ਮੰਨੂੰ ਦੀ ਇਹ ਪੁੱਠੀ ਮੱਤ ਅਪਨਾ ਲਈ ਤੇ 'ਬਾਬੇ ਨਾਨਕ ਦੀ ਬਾਣੀ ਵਿਸਾਰ ਦਿੱਤੀ।ਜਾਣ ਬੁੱਝ ਕੇ ਬੰਦਾ ਨਰਕਾਂ ਦਾ ਭਾਗੀ ਬਣ ਰਿਹਾ ਹੈ।ਬੰਦਾ ਭੁਲਾ ਬੈਠਾ ਹੈ ਕਿ -

" ਅੱਧਾ ਅੰਗ ਨਾਰ ਨੂੰ ਕਹਿੰਦੇ ਸਾਰੇ ਗ੍ਰੰਥ ਪਵਿੱਤਰ ਨੇ"।ਤੇ ਨਾਰ ਕੰਨਿਆ ਤੋਂ ਹੀ ਬਣਦੀ ਹੈ।

ਕੰਨਿਆ ਭਰੂਣ ਹੱਤਿਆ ਕਰਨ ਵੇਲੇ ਬੰਦਾ ਇਕੋ ਸਮੇਂ ਗੁਨਾਹ ਤਾਂ ਕਰ ਹੀ ਰਿਹਾ ਹੈ ਨਾਲ ਹੀ ਉਹ ਆਪਣੇ ਮੰਨੋਰੰਜਨ ਦਾ ਸਾਧਨ ਵੀ ਖ਼ਤਮ ਕਰ ਰਿਹਾ ਹੈ।ਜੂਆ ਖਾਨਾ,ਮੈਅਖਾਨਾ,ਕ੍ਰਿਕਟ ਮੈਚ ਕਬੱਡੀ ਮੈਚ,ਵਪਾਰ ਨੂੰ ਚਮਕਾਉਣ ਲਈ ਇਸ਼ਤਿਹਾਰ,ਨਾਚ ਗਾਣੇ, ਫਿਲਮਾਂ,ਨਾਟਕ,ਮੁਜਰੇ,ਤੇ ਅਜੋਕੀ ਇਲੈਕਸ਼ਨ ਕੰਮਪੇਨ ਵੀ ਕੁੜੀਆਂ ਤੋਂ ਬਿਨਾਂ ਨਹੀਂ ਹੁੰਦੀ,ਪਤਨੀ ਦੇ ਹੁੰਦਿਆਂ ਗਰਲ ਫਰੈਂਡ ਰੱਖਣਾ ਵੀ ਸਟੇਟਸ ਸਿੰਬਲ ਹੋ ਨਿਬੜਿਆ ਹੈ।ਹਵਨ,ਯੱਗ ਵੀ ਇਸਤ੍ਰੀ ਤੋਂ ਬਿਨਾਂ ਸੰਪਨ ਨਹੀਂ



ਹੁੰਦੇ।ਪੁੱਤਰਾਂ ਤੇ ਘਰ ਪਰਿਵਾਰ ਦੇ ਸੱਖ ਲਈ ਕੰਜਕ ਪੂਜਨ ਕੀਤਾ ਜਾਂਦਾ ਹੈ।ਪੈਦਾ ਨਹੀਂ ਹੋਣ ਦਿਆਂਗੇ ਤੇ ਕੰਜਕਾਂ ਕਿਥੋਂ ਲਿਆਵਾਂਗੇ,ਸੁੱਖ ਕਿਵੇਂ ਪਾਵਾਂਗੇ?ਜਰੂਰ ਸੋਚੋ॥ਸ

ਉਂਚੇ ਤਬਕੇ ਵਿੱਚ ਕੰਨਿਆ ਭਰੂਣ ਹੱਤਿਆ ਨਹੀਂ ਹੈ,ਉਹਨਾਂ ਦਾ ਖੁਦ ਬਖੁਦ ਪਰਿਵਾਰ ਨਿਯੋਜਿਤ ਹੋ ਜਾਂਦਾ ਹੈ।ਇਹ ਬੀਮਾਰੀ/ਪਾਪ ਜਿਆਦਾਤਰ ਮੱਧ ਵਰਗ (ਮਿਡਲ ਕਲਾਸ) ਵਿੱਚ ਫੈਲੀ ਹੈ।ਸਮਾਜ ਦੀ ਇਸ ਕੁਰੀਤਿ ਤੇ ਕਾਦਰ ਨੇ ਵੀ ਹਾਰ ਮੰਨ ਲਈ ਹੈ।ਦਾਜ, ਦੌਣ ਕੋਈ ਮਸਲਾ ਨਹੀਂ ਹੈ,ਸਗੋਂ ਅੱਜ ਕਲ ਵਧੇਰੇ ਮਸਲਾ ਹੈ ਸਾਊ,ਕਮਾਊ ਮੁੰਡੇ ਨਹੀਂ ਮਿਲ ਰਹੇ ਜੋ ਧੀਆਂ ਦੇ ਕਾਬਲ ਹੋਣ ਤੇ ਨਸ਼ਾ ਰੂਪੀ ਦੈਂਤ ਮਾਂ ਨੂੰ ਮਜਬੂਰ ਕਰਦਾ ਹੈ ਉਹ ਧੀ ਨਾ ਜੰਮਣ ਦੇਵੇ,ਉਹ ਨਹੀਂ ਚਾਹੁੰਦੀ ਇਸ ਮਰਦ ਪ੍ਰਧਾਨ ਸਮਾਜ ਵਿੱਚ ਉਹਦੀ ਧੀ ਵੀ ਉਹਦੇ ਵਾਂਗ ਰੋਜ਼ ਤਿਲ ਤਿਲ ਮਰੇ,ਇਸ ਭੱਦੀ ਜਿੰਦਗੀ ਨਾਲੋਂ ਉਹ ਨਾ ਹੀ ਜੰਮੇ ਤਾਂ ਭਲੀ'।ਦੂਜਾ ਕਿਸੇ ਵੀ ਉਮਰ ਵਿੱਚ ਕੁੜੀ ਇਸ ਸਮਾਜ ਵਿੱਚ ਸੁਰਖਿਅਤ ਨਹੀਂ ਹੈ।ਮਰਦ, ਮਰਦ ਦਾ ਮੁਕਾਬਲਾ ਤੇ ਕਰ ਨਹੀਂ ਸਕਦਾ ਆਪਣੀ ਦੁਸ਼ਮਣੀ ਦਾ ਬਦਲਾ ਉਹ ਦੁਸਮਣ ਦੀ ਧੀ ਨੂੰ ਫਨਾਹ ਕਰ ਕੇ ਲੈਂਦਾ ਹੈ,ਇਹ ਬਹਾਦਰੀ ਨਹੀਂ ਬੁੱਝਦਿਲੀ ਹੈ।ਸਮਾਜਿਕ ਕੁਰੀਤੀਆਂ ਤੇ ਹੋਰ ਵਧੀਕੀਆਂ ਦਾ ਖਮਿਆਜ਼ਾ ਹਰ ਹਾਲ ਵਿੱਚ ਔਰਤ ਨੂੰ ਹੀ ਭੁਗਤਣਾ ਪੈਂਦਾ ਹੈ।

ਬੰਦਾ ਭੁਲ ਰਿਹਾ ਹੈ ਕਿ ਬਹਾਦਰੀ ਜੀਵਨ ਦੇਣ ਵਿੱਚ ਹੈ ਨਾਂ ਕਿ ਜਾਨ ਲੈਣ ਵਿੱਚ "।

ਨਾਂ ਮਾਰ ਮਾਏ ਨੀ ਮੈਨੂੰ ਨਾ ਮਾਰ ਮੈਂ ਤੇਰੀ ਧਿਰ ਹਾਂ,ਤੇਰੇ ਵਜੂਦ ਦਾ ਹਿੱਸਾ ਹਾਂ।

ਮੇਰੇ ਪਿਆਰੇ ਬਾਬਲ ਮੈਂ ਵੀ ਵੇਖਣੀ ਏਂ ਤੇਰੀ ਰੰਗਲੀ ਦੁਨੀਆ-ਨਾ ਮਾਰ ਬਾਬਲਾ ਮੈਨੂੰ,ਮੈਂ ਤੇਰੀ ਬੁਢਾਪੇ ਦੀ ਲਾਠੀ ਹਾਂ।

"" ਬੜਾ ਨਾਜ਼ੁਕ ਹੈ ਦਿਲ ਬੰਦੇ ਦਾ,ਦਿਲ ਦਾ ਟੁਕੜਾ 'ਧੀ'

ਦਿਲ ਦੇ ਨੇੜੇ ਨੇੜੇ ਰੱਖੋ ਸਦਾ,ਕਦੇ ਨਾਂ ਆਖੋ ਪਰਾਇਆ 'ਜੀਅ'

ਇਕ ਕਵਿਤਰੀ ਨੇ ਕਿੰਨਾ ਸੋਹਣਾ ਦ੍ਰਿਸ਼ ਪੇਸ਼ ਕੀਤਾ ਹੈ---

ਬੇਟੀਆਂ ਰਹਿਮਤ ਨੇ ਰਹਿਬਰ ਨੇ.................

## ''ਜਾਣੈ , ਤੇਰੇ ਨਾਲ ਬੰਬਈ ਤੋਂ ਗੋਆ''

ਕੋਈ ਬੋਲਦਾ ਮੈਂ ਗੋਆ ਜਾ ਰਿਹਾਂ ਕੋਈ ਕਹਿੰਦੈ ਮੈਂ ਹਰ ਸਾਲ ਗੋਆ ਜਾਨੈ, ਰੋਜ਼ ਹੀ ਸੈਂਕੜੇ ਹਨੀਮੂਨ ਲਈ ਗੋਆ ਜਾ ਰਹੇ ਹਨ।ਮੈਂ ਵੀ ਜਾਣੈ ਬੰਬਈ ਤੇ ਗੋਆ ਤੇ ਜਾਣੈ ਤੇਰੇ ਨਾਲ ਆ ਜਾ ਆ ਜਾ ਚਲੀਏ ,ਚਲਾਂਗੇ ਤੇ ਪਹੁੰਚਾਗੇ।ਧਰਮਰਾਜ ਨੂੰ ਲੇਖਾ ਜੋਖਾ ਦੇਣ ਦੀ ਮਿਆਦ ਵੀ ਨੇੜੇ ਆ ਰਹੀ ਹੈ,ਜੇ ਉਹਨੇ ਪੁਛ ਲਿਆ ਗੋਆ.........

ਰਾਜਾ ਸਾਂਸੀ ਅੰਮ੍ਰਿਤਸਰ,ਸੀ ਗੁਰੂ ਰਾਮ ਦਾਸ ਇੰਟਰਨੇਸ਼ਨਲ ਹਵਾਈ ਅੱਡੇ ਪੁਜ ਸਮਾਨ ਜਮ੍ਹਾ ਕਰਾ ਕੇ ਵਿਹਲੇ ਹੋ ਇਧਰ ਉਧਰ ਝਾਕਣ ਲਗੀ,ਹਵਾਈ ਅੱਡੇ ਤੇ ਹਰਿਮੰਦਿਰ ਸਾਹਿਬ ਦਾ ਮਾਡਲ ਬਣਾਇਆ ਗਿਆ ਹੈ,ਇਹ ਮਾਡਲ ਚਾਰੇ ਪਾਸੇ ਤੋਂ ਗਰਿਲਡ ਹੈ,ਮੈਂ ਦੇਖਿਆ ਨੇੜੇ ਜਾ ਕੇ ਇਕ ਜਗਾਹ ਤੋਂ ਇਕ ਫੁੱਟ ਪਲਾਈਵੁੱਡ ਤੋੜ ਕੇ ਪਾਸੇ ਰੱਖੀ ਪਈ ਸੀ,ਕਿਉਂ?-ਨਕਦੀ ਦੇ ਰੂਪ ਵਿੱਚ ਮੱਥਾ ਟੇਕਣ ਲਈ,ਬਣਾਏ ਗਏ ਥੋੜੇ ਜਿਹੇ ਰਾਹ ਤੋਂ ਭਗਤਾਂ (ਬਗਲੇ) ਨੇ ਨੋਟ ਸੁਟ ਕੇ ਦਰਬਾਰ ਸਾਹਿਬ ਦੇ ਮਾਡਲ ਨੂੰ ਮੰਗਤਾ ਬਣਾ ਕੇ ਰੱਖ ਦਿੱਤਾ ਹੈ।ਮਾਡਲ ਦੀ ਇਹ ਕਸ਼ਕੋਲ ਕੌਣ ਖਾਲੀ ਕਰਦਾ ਹੈ ਇਹ ਪਤਾ ਨਹੀਂ ਲਗ ਸਕਿਆ।ਪਰ ਅਫਸੋਸ ਜਰੂਰ ਹੋਇਆ ਕਿ ਇਹ ਕੈਸੀ ਸ਼ਰਧਾ ਹੈ ਜਾਂ ਫਿਰ ਪੈਸੇ ਦਾ ਦਿਖਾਵਾ ਜਾਂ ਫਿਰ ਦਿਖਾਵੇ ਦੀ ਭਗਤੀ।

ਕਾਲਾ ਧੂੰਆ ਮਾਰਦੀ ਡੀਜ਼ਲ ਦੀ ਬਦਬੋ ਛੱਡਦੀ ਇਕ ਬੱਸ ਹਵਾਈ ਜਹਾਜ ਦੇ ਨੇੜੇ ਲੈ ਗਈ।ਜਹਾਜ ਤਾਂ ਬੁਹੁਤ ਖੁਬਸੂਰਤ ,ਵਾਹੋ..ਅ ਉਡਿਆ ਤੇ ਦੋ ਘੰਟੇ ਚ ਜਾ ਪੁਜਾ ਬੰਬਈ ਹਵਾਈ ਅੱਡੇ।ਵੀਹ ਮਿੰਟ ਪਹਿਲਾਂ ਪੁਜ ਕੇ ਪਾਇਲਟ ਨੇ ਮਾਹਰਕਾ ਮਾਰ ਲਿਆ ਸੀ,ਤਦੇ ਹੀ ਤੇ ਉਸ ਅਨਾਉਂਸ ਕੀਤਾ'ਸਪਾਈਸਜੇਟ ਕੋ ਬੀਸ ਮਿੰਟ ਅਡਵਾਂਸ ਪਹੁੰਚਨੇ ਪੇ ਗਰਵ ਹੈ"।ਪਾਇਲਟ ਜਹਾਜ ਭਜਾ ਰਿਹਾ ਸੀ ਤਾਂ ਮੈਨੂੰ ਲਗ ਰਿਹਾ ਸੀ,:'ਚਲ ਛੇਤੀ ਚਲ ਗੱਡੀਏ ਨੀ ਗੱਡੀਏ ਮੈਨੂੰ ਯਾਰ ਸੇ ਮਿਲਨਾ ਏ"।

ਬੰਬਈ ਹਵਾਈ ਅੱਡੇ ਤੇ ਕਿਆ ਸਫ਼ਾਈ,ਜਿਵੇਂ ਉਪਰ ਨੀਚੇ ਦਾਏਂ ਬਾਏਂ ਸ਼ੀਸ਼ੇ ਲਗੇ ਹੋਣ,ਤਿਣਕਾ ਡਿਗਦੇ ਹੀ ਸਫ਼ਾਈ ਸੇਵਕ ਭੱਜ ਕੇ ਬੋਚ ਲੈਂਦੈ।ਵਿਦੇਸ਼ੀ ਯਾਤਰੂਆਂ ਨੂੰ ਪੂਰੇ ਭਾਰਤ ਦੇ ਸਾਫ ਹੋਣ ਦਾ ਭੁਲੇਖਾ ਪਰਪੱਕ ਹੋ ਜਾਂਦਾ ਹੈ।ਸ਼ਿਵਾ ਜੀ ਇੰਟਰਨੇਸ਼ਨਲ ਹਵਾਈ ਅੱਡੇ ਤੇ ਸੰਭਾਲੇ ਹੋਏ ਇਤਿਹਾਸਕ ਦਰਵਾਜੇ,ਘੜੇ ਘੜਵੰਜੀਆਂ,ਕਿਸੇ ਪੁਰਾਣੇ ਕਿਲ੍ਹੇ ਦੀ ਯਾਦ ਦਿਵਾਉਂਦੇ ਹਨ। ਦਰਵਾਜਿਆਂ ਦੀ ਤਸਵੀਰਾਂ ਲੈਂਦੇ ਮੈਂ ਕੰਧਾਂ ਫਰੋਲੀਆਂ ਕਿਤੇ ਇਹਨਾਂ ਦਾ ਇਤਿਹਾਸ ਲਿਖਿਆ ਹੋਵੇ ਪਰ ਨਹੀਂ ਮਿਲਿਆ,ਘੜੇ ਤਾਂ ਮੇਰੇ ਘਰ ਦੇ ਨੇੜੇ ਤਰਨ ਤਾਰਨ ਬਣਦੇ ਹਨ ਤੇ ਮੈਂ ਦੇਖੈ ਵੀ ਹਨ ਬਣਦੇ, ਪਰ ਉਹ ਇਤਿਹਾਸਕ ਵਿਰਾਸਤੀ ਘੜਿਆਂ ਦੀ ਬਾਤ ਹੀ ਕੁਝ ਹੋਰ ਬਣਦੀ ਹੈ।ਘੜਵੰਜੀਆਂ ਤੇ ਰੱਖੇ ਘੜੇ ਤੇ ਉਪਰ ਕੁੱਜੇ ਢੱਕਣ ਦਿੱਤੇ ਹੋਏ,ਕਿਰਮਚੀ ਰੰਗ ਨਾਲ ਸ਼ਿੰਗਾਰੇ ਇਹ ਘੜੇ ਹੱਥ ਕਲਾ



ਦਾ ਨਮੂਨਾ ਹਨ।ਬਹੁਤ ਸਾਰੇ ਯਾਤਰੀ ਤੇ ਲੋੜ ਜੋਗਾ ਸੁਖਾਂਵਾ ਸ਼ੋਰ।ਕੋਈ ਖਲਬਲੀ ਨਹੀਂ।ਬਹੁਤ ਖੁਬਸੂਰਤ ਹਵਾਈ ਅੱਡਾ ਬੰਬਈ।

ਸਮੁੰਦਰ ਕੰਢੇ ਬਣੀਆਂ ਉਚੀਆਂ ਇਮਾਰਤਾਂ ਵਿੱਚੋਂ ਇਕ ਇਮਾਰਤ ਵਿੱਚ ਸਾਡੇ ਦੋਸਤ ਦੇ ਬੱਚਿਆਂ ਦਾ ਨਿਵਾਸ ਹੈ ਤੇ ਉਸੀ ਘਰ ਵਿੱਚ ਬੱਚਿਆਂ ਨੇ ਸਾਡੇ ਠਹਿਰਨ ਦਾ ਇੰਤਜ਼ਾਮ ਕੀਤਾ ਸੀ,ਇਹਨਾਂ ਦੀ ਦੋਸਤ ਸਾਡੀ ਬੇਟੀ ਆਪਣੇ ਕੰਮ ਅਮਰੀਕਾ ਤੋਂ ਆਈ ਸੀ ਤੇ ਇਥੇ ਉਹ ਵੀ ਸਾਡੇ ਨਾਲ ਹੀ ਸੀ ਫਿਰ ਕਹਾਂ ਤਾਂ ਇਹ ਸਾਰਾ ਐਤਮਾਮ ਸਾਡੀ ਲਾਡੋ ਬੇਟੀ ਨੇ ਕੀਤਾ ਸੀ।ਬੱਚਿਆਂ ਨੇ ਤਿੰਨ ਦਿਨ ਤੱਕ ਸਾਨੂੰ ਬੰਬਈ ਚ ਖੂਬ ਘੁੰਮਾਇਆ ਤੇ ਬਹੁਤ ਸਾਰੇ ਮਸ਼ਹੂਰ ਸਥਾਨ ਦਿਖਾਏ।'ਗੇਟ ਵੇ ਆਫ਼ ਇੰਡੀਆ ਦੇ ਬਿਲਕੁਲ ਸਾਹਮਣੇ ਤਾਜ ਹੋਟਲ,ਤੇ ਐਨ ਸਮੁੰਦਰ ਕੰਢੇ ਬਣੇ ਦੂਜਾ ਤਾਜ ਹੋਟਲ।ਸਟੇਜ ਥੇਟਰ ਵਿੱਚ ਇਕ ਪਲੇਅ ਦੇਖਿਆ ਜੋ ਪੰਜਾਬ ਚ ਹੁੰਦੇ ਸ਼ੋਰ ਸ਼ਰਾਬੇ ਵਾਲੇ ਤੇ ਪਾਣੀ ਖਰਾਬ ਕਰਨ ਵਾਲੇ ਵਿਆਹਾਂ,ਅਤੇ ਦੇਸ਼ ਦੀ ਸੌੜੀ ਸਿਆਸਤ ਤੇ, ਟਕੋਰ ਮਾਰਦਾ ਸੀ।ਲੁਤਫ਼ ਦੀ ਗਲ ਹੈ ਕਿ ਬੰਬਈ ਵਿੱਚ ਇਕ ਵੀ ਮੈਰਿਜ ਪੈਲੇਸ ਨਹੀਂ ਹੈ।ਬੰਬਈ ਅੱਧੀ ਰਾਤ ਦੇ ਸੂਰਜ ਦਾ ਸ਼ਹਿਰ ਹੈ,ਹਮੇਸ਼ ਜਾਗਦਾ,ਇਥੇ ਹਾਜਰ ਦਿਮਾਗ ਬੰਦਾ ਹੀ ਬਚ ਬਚਾਅ ਸਕਦਾ ਹੈ।

ਜੇ ਇਹ ਬੱਚੇ ਸਾਡੀ ਅਗਵਾਈ ਤੇ ਨਾਂ ਹੁੰਦੇ ਤਾਂ ਅਸੀਂ ਤਾਂ ਮਹਾਂਨਗਰ ਦੀਆਂ ਭੂਲਭਲਈਆਂ ਵਿੱਚ ਗਵਾਚ ਹੀ ਜਾਣਾ ਸੀ।ਸਮੁੰਦਰ ਦੇ ਨੇੜੇ ਬਣੀ ਚੰਨ ਨੂੰ ਚੁੰਮਦੀ ਅੰਬਾਨੀ 27 ਮੰਜਲਾ ਇਮਾਰਤ-ਬਾਹਰੋ ਇਕ ਦਮ ਸਾਧਾਰਨ ਤੇ ਅੰਦਰੋਂ ਸ਼ਾਹੀ ਮਹੱਲ।ਜਿਧਰ ਵੀ ਦੇਖੋ ਇਹ ਇਮਾਰਤ ਜਰੂਰ ਦਿਖ ਪੈਂਦੀ ਹੈ।ਸਮੁੰਦਰ ਕੰਢੇ ਕਮਲਾ ਨਹਿਰੂ ਪਾਰਕ ਹੈ ਤੇ ਇਸਦੇ ਸਾਹਮਣੇ ਇਕ ਹੋਰ ਦਿਲਕਸ਼ ਪਾਰਕ ਹੈ।ਕਮਲਾ ਨਹਿਰੂ ਪਾਰਕ ਦੇ ਦਾਖਲੇ ਤੇ ਬਾਹਰ ਇਕ ਵੱਡਾ ਬੂਟ ਬਣਿਆ ਹੈ,ਇਹ ਨਿਸ਼ਾਨ ਕਿਉਂ ਬਣਾਇਆ ਗਿਆ ਇਹ ਪਤਾ ਨਹੀ ਲਗ ਸਕਿਆ।ਇਥੇ ਇਕ ਚਬੂਤਰਾ ਹੈ ਜਿਥ ਬੈਠ ਕੇ ਸਕੂਨ ਮਿਲਦਾ ਹੈ।

ਧਿਆਨ ਦੇਣ ਯੋਗ ਹੈ ਕਿ ਬੰਬਈ,ਗੋਆ,ਤੇ ਪੂਨੇ ਵਿੱਚ ਮੱਖੀ ਮੱਛਰਾਂ ਨੇ ਤੰਗ ਨਹੀਂ ਕੀਤਾ ਬਲਕਿ ਕਿਤੇ ਨਜ਼ਰ ਹੀ ਨਹੀਂ ਆਏ,ਸਮੁੰਦਰ ਕੰਢੇ ਬਣੇ ਫੂਡ ਪਾਰਕ ਜੋ ਖੁਲੇ ਮੈਦਾਨ ਵਿੱਚ ਹਨ ਉਥੇ ਵੀ ਇਕ ਵੀ ਮੱਖੀ ਨਹੀਂ ਸੀ।ਜਿਵੇਂ ਅਲਹੂਦਗੀ ਦੇ ਕਾਰਨ ਕਈ ਪ੍ਰਜਾਤੀਆਂ ਖਤਮ ਹੋ ਗਈਆਂ ਹਨ,ਸ਼ਾਇਦ ਉਸੀ ਕਰਕੇ ਇਥੇ ਮੱਖੀ ਖਤਮ ਹੋ ਗਈ ਹੈ।(ਰੱਬ ਕਰੇ ਐਸਾ ਪੰਜਾਬ ਵਿੱਚ ਵੀ ਹੋ ਜਾਵੇ।)ਹਾਂ ਕੱਕੀ ਕੀੜੀ ਬਹੁਤ ਸੀ।

ਇਥੋਂ ਹੀ ਪੂਨੇ ਵਰਗੇ ਸੋਹਣੇ ਸ਼ਹਿਰ ਨੂੰ ਵੇਖਣ ਦਾ ਮੌਕਾ ਵੀ ਹਾਸਲ ਹੋਇਆ।

ਬੰਬਈ ਗੋਆ ਤੇ ਪੂਣੇ ਵਿੱਚ ਕੰਨ ਪਾੜਵੇਂ ਹਾਰਨ ਨਹੀਂ ਵਜਦੇ।ਡਰਾਈਵਰ ਸਮੂਥ ਡਰਾਈਵਿੰਗ ਕਰਦੇ ਹਨ ਤੇ ਟਰੇਫਿਕ ਨਿਯਮਾਂ ਦਾ ਪਾਲਨ ਕਰਦੇ ਹਨ।

ਬੰਬਈ ਤੋਂ ਉਡ ਗੋਆ ਜਾ ਪੁਜੇ,ਪੰਜਾਹ ਮਿੰਟ ਦੀ ਇਸ ਉੜਾਨ ਤੇ ਵੀ ਪਾਇਲਟ ਨੇ ਚਾਲੀ ਮਿੰਟ ਵਿੱਚ ਪੁਚਾ ਕੇ ਦੁਨੀਆਂ ਦੇ ਸਮੇਂ ਨਾਲ ਚਲਨ ਦਾ ਮੁਜ਼ਾਹਰਾ ਕੀਤਾ ਤੇ ਇੰਡੀਅਨ ਏਅਰਲਾਈਨਜ਼ ਨੂੰ ਝਕਾਨੀ ਦਿੱਤੀ ਜਾਂ ਸ਼ਾਇਦ ਇਥੇ ਵੀ ਪਾਇਲਟ ਨੂੰ ਆਪਣੇ ਮਹਿਬੂਬ ਨੂੰ ਮਿਲਣ ਦੀ ਸਿੱਕ ਸੀ ਗੋਆ ਵਿੱਚ ਸਾਡਾ ਤਿੰਨ ਦਿਨ ਦਾ ਸਟੇਅ ਸੀ।ਜੇਟ ਤੇ ਸਪਾਈਸਜੇਟ ਏਅਰਲਾਇਨਜ਼ ਵਿੱਚ ਕੋ-ਪਾਇਲਟ ਭਾਰਤੀ ਲੜਕੀਆਂ ਸਨ ਜੋ ਕਿ ਬੜੈ ਫ਼ਖ਼ਰ ਵਾਲੀ ਗਲ ਹੈ। ਗੋਆ ਸ਼ਹਿਰ ਚ ਘੁੰਮਣ ਲਈ ਹੋਟਲ ਦੀ ਹੀ ਵੈਨ ਬੁਕ ਕਰਾ ਲਈ,ਇਸ ਵਿਚ ਭੁਪਾਲ ਤੋਂ ਆਏ ਬਹੁਤ ਰੌਣਕੀ ਜਿੰਦਾਦਿਲ ਪਰਿਵਾਰ ਵੀ ਸਾਡੇ ਨਾਲ ਸਨ,ਹਸਦੇ ਖੇਡਦੇ ਸਹਿਰ ਦੇਖਦੇ ਰਹੇ ਪਰ ਕੁਝ ਯਾਤਰੂ ਤਾਂ ਜਿਵੇਂ ਹਫ਼ਤੋ ਤੋਂ ਭੁੱਖੇ ਸਨ ਹਰ ਥਾਂ ਖਾਣ ਖਲੋ ਜਾਂਦੇ।ਪੈਰਾਂ ਦੀ ਸੋਜ ਕਾਰਨ ਮੇਰਾ ਸਫ਼ਰ ਅੰਗਰੇਜੀ ਵਾਲਾ ਸਫ਼ਰ ਬਣ ਗਿਆ ਤਾਂ ਹਮਸਫ਼ਰਾਂ ਨੇ ਗੱਡੀ ਕਮਰੇ ਵਲ ਮੁੜਵਾ ਦਿੱਤੀ।ਅਫ਼ਸੋਸ ਰਿਹਾ ਕੇ ਮੈਂ ਸੈਰ ਦਾ ਆਨੰਦ ਨਾ ਲੈ ਸਕੀ।ਇਕ ਚੀਜ਼ ਜਿਨ੍ਹੇ ਮੈਨੂੰ ਬੜਾ ਮਜ਼ਾ ਦਿੱਤਾ," ਪੀ ਲੋ ਬਾਬੂ ਪੀ ਲੇ ਨਾਰੀਅਲ ਪਾਨੀ"-ਮੈਂ ਜੀਅ ਭਰ ਕੇ ਨਾਰੀਅਲ ਪਾਣੀ ਪੀਤਾ ਮਲਾਈ ਵਾਲਾ ਪਾਣੀ ਵੀ ਖ਼ੂਬ ਪੀਤਾ।ਇਹ ਇਲਾਕਾ ਬਹੁਤ ਗਰਮ ਹੋਣ ਦੇ ਬਾਵਜੂਦ ਬਹੁਤ ਹਰਿਆਲਾ ਹੈ।ਇਥੋਂ ਦੇ ਵਸਨੀਕਾਂ ਨੇ ਆਪਣੇ ਸ਼ਹਿਰਾਂ ਨੂੰ ਯਾਤਰੂਆਂ ਲਈ ਵਾਤਾਨਕੂਲ ਬਣਾ ਕੇ ਰੱਖਿਆ ਹੈ।ਨਰੋਏ ਪਾਣੀ ਤੇ ਹਵਾ ਲਈ ਕੁਦਰਤ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ।ਪੰਜਾਬ ਚੋਂ ਅਲੋਪ ਹੋ ਰਹੀ ਵਨਸਪਤੀ ਤੇ ਨਿਰਾਸ਼ਾ ਹੁੰਦੀ ਹੈ।ਬੰਬਈ ਅਤੇ ਗੋਆ ਵਿਚ ਵਿਦੇਸ਼ੀ ਦਰਸ਼ਕ ਬਹੁਤ ਆਉਂਦੇ ਹਨ,ਇਕਾ ਦੁਕਾ ਹਰਿਮੰਦਰ ਸਾਹਬ ਵੀ ਆ ਜਾਂਦੇ ਹਨ।ਪਰ ਬੰਬਈ ਜਾਗਦਿਆਂ ਦਾ ਨਗਰ ਹੈ,ਇਥੇ ਕਰੋੜਾਂ ਦੀ ਆਬਾਦੀ ਹੋਣ ਦੇ ਬਾਵਜੂਦ ਇਹ ਸ਼ਹਿਰ ਜਿਨਾਂ ਮੈਂ ਦੇਖਿਆ ਬਹੁਤ ਸਾਫ਼ ਹੈ,ਤੇ ਸਵੱਛ ਭਾਰਤ ਦੀ ਕਤਾਰ ਵਿੱਚ ਆ ਸਕਦਾ ਹੈ।ਯੋਗਤਾ ਅਨੁਸਾਰ ਹਰੇਕ ਨੂੰ ਕੰਮ ਮਿਲ ਜਾਂਦਾ ਹੈ।ਰੁਜਗਾਰ ਦੀ ਤਲਾਸ਼ ਵਿੱਚ ਦੂਸਰੇ ਰਾਜਾਂ ਵਿਚੋਂ ਵੀ ਬਹੁਤ ਜਨਤਾ ਇਥੇ ਪਸਰੀ ਹੋਈ ਹੈ।ਗਣੇਸ਼ ਵਿਸਰਜਨ ,ਹੋਲੀ,ਹਾਂਡੀ ਫੋੜ ਦੇ ਤਿਉਹਾਰਾਂ ਤੇ ਖ਼ੂਬ ਹੱਲਾ ਗੁੱਲਾ ਸ਼ੋਰ ਹੁੰਦਾ ਹੈ ਵਰਨਾ ਇਥੇ ਸੋਰ ਪ੍ਰਦੂਸ਼ਨ ਨਹੀਂ ਹੈ।ਹਾਰਨ ਵੀ ਬਹੁਤ ਘੱਟ ਵਜਾਏ ਜਾਂਦੇ ਹਨ।ਹਾਂ ਜਿਸ ਰਾਤ ਭਾਰਤ ਨੇ ਟਵੰਟੀ ਟਵੰਟੀ ਚ ਨਿਉਜ਼ੀਲੈਂਡ ਨੂੰ ਹਾਰ ਦਿੱਤੀ ਉਸ ਰਾਤ ਕੇਵਲ ਦੋ ਮਿੰਟ ਲਈ ਪਟਾਕਿਆਂ ਦਾ ਸ਼ੋਰ ਕੀਤਾ ਗਿਆ।

ਜੋ ਕੁਝ ਵੀ ਹੈ ਅਸਲੀਅਤ ਤਾਂ ਇਹ ਹੈ ਕੁਦਰਤ ਨੇ ਸਾਡੇ ਦੇਸ਼ ਨੂੰ ਆਪਣੇ ਹੱਥਾਂ ਨਾਲ ਸਿੰਗਾਰਿਆ ਹੈ,ਇਥੇ ਬਹੁਤ ਕੁਝ ਆਕਰਸ਼ਕ ਹੈ , ਦਿਲਕਸ਼ ਹੈ,ਪਰ ਅਫ਼ਸੋਸ-ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ .............................

ਵਾਪਸੀ ਤੇ ਆਖਰੀ ਹੋਲੀ ਸੀ।ਇਕ ਸਖ਼ਸ਼ ਜਹਾਜ ਦੀ ਐਂਟਰੈਸ ਤੇ ਖੜਾ ਹੋ ਕੇ ਹਰੇਕ ਨੂੰ ਕੇਸਰ ਦੇ ਰੰਗ ਦਾ ਟਿੱਕਾ ਲਗਾ ਰਿਹਾ ਸੀ,ਇਹ ਭਾਈਚਾਰੇ ਦਾ ਨਜ਼ਾਰਾ ਸੀ ਬੜਾ ਅੱਛਾ ਲਗ ਰਿਹਾ ਸੀ।ਆਪਣੀ ਮੰਜਿਲ ਤੇ ਪਹੁੰਚ ਸਪਾਈਸਜੈਟ ਏਅਰਲਾਈਨਜ਼ ਨੇ ਹੈਪੀ ਹੋਲੀ ਦੀ ਦੁਆ ਦਿੱਤੀ ਤੇ ਨਸੀਹਤ ਕੀਤੀ ਕਿ 'ਵਾਟਰ ਲੈਸ' ਹੋਲੀ ਮਨਾਓ।ਇਹ ਚਿਤਾਵਨੀ ਸੀ ਕਿ ਅਸੀਂ ਹੋਲੀ ਤੇ ਕਿੰਨਾ



ਪਾਣੀ ਖਰਾਬ ਕਰਦੇ ਹਾਂ।ਉਹ ਇਕ ਦੂਸਰੇ ਦੀ ਸ਼ਰਟ ਤੇ ਕਾਗਜ਼ ਦੇ ਬਣੇ ਰੰਗ ਬਰੰਗੇ ਸਟਿਕਰ ਲਗਾ ਰਹੇ ਸਨ ਜਿਹਨਾਂ ਨੂੰ ਹੱਥ ਨਾਲ ਆਸਾਨੀ ਨਾਲ ਉਤਾਰਿਆ ਜਾ ਸਕਦਾ ਹੈ ਤੇ ਕੋਈ ਪਾਣੀ ਜ਼ਾਇਆ ਨਹੀਂ ਹੁੰਦਾ।ਹਰੇਕ ਯਾਤਰੂ ਨੂੰ ਉਤਰਣ ਵੇਲੇ ਹੈਪੀ ਹੋਲੀ ਕਹਿ ਕੇ ਖ਼ੂਬਸੂਰਤ ਸ਼ੋਖ਼ ਰੰਗਾਂ ਦੇ ਸਟਿਕਰ ਦਿੱਤੇ ਗਏ।ਜੋ ਕਿ ਯਾਦ ਨਿਸ਼ਾਨੀ ਦੇ ਤੌਰ ਤੇ ਸੰਭਾਲ ਕੇ ਰੱਖੇ ਜਾ ਸਕਦੇ ਹਨ,ਤੇ ਮੈਂ ਰੱਖ ਲਏ ਹਨ, " ਨਾ ਜਾਨੇ ਹੁਣ ਦੁਬਾਰਾ ਕਦੀ ਐਸਾ ਮੌਕਾ ਆਵੇਂ! " ਨਦੀ ਨਾਮ ਸੰਯੋਗੀ ਮੇਲੇ "।ਫਿਰ ਵੀ ਯਾਦ ਰੱਖਣਾ ਹੈ---

" ਫਾਸਲੇ ਕਭੀ ਰਿਸ਼ਤੇ ਕੰਮ ਨਹੀਂ ਕਰਤੇ,ਔਰ ਨਜ਼ਦੀਕੀਆਂ ਰਿਸ਼ਤੇ ਬਨਾਤੀ ਨਹੀਂ-

ਖ਼ਲੂਸ-ਏ ਨੀਅਤ ਕਾ ਅਹਿਸਾਸ ਹੀ ਰਿਸ਼ਤੇ ਬਨਾਤਾ ਔਰ ਨਿਭਾਤਾ ਹੈ "।॥

ਚਲਦੇ ਚਲਦੇ—" ਆਪ ਸੇ ਹਮਾਰਾ ਰਾਬਤਾ ਹੋ ਗਿਆ ਦੇਖੈ ਬਗੈਰ..ਇਸ ਤਰਹ

ਹਵਾ ਗਲੇ ਮਿਲਤੀ ਹੈ ਦੇਖੇ ਬਗੈਰ,.ਜਿਸ ਤਰਹ"॥

ਚਲਦੇ ਚਲਦੇ---ਭੀਗੇ ਹੂਏ ਸਪਨੋਂ ਕੋ  ਧੂਪ ਲਗਨੇ ਦੀਜੀਏ,ਅੰਕ੍ਰਿਤ ਹੋਂਗੇ ਔਰ ਸਾਕਾਰ ਭੀ ਹੋ ਜਾਏਂਗੇ।

"ਪ੍ਰੀਤਮ ਅੱਜ ਦਿਲ ਖੁਸ਼ ਤਾਂ ਹੋਵੇ"

ਇਕ ਤੂੰ ਹੋਵੇਂ ਇਕ ਮੈਂ ਹੋਵਾਂ,ਇਕ ਵੱਖਰੀ ਜਿਹੀ ਕੋਈ ਥਾਂ ਹੋਵੇ,ਪ੍ਰੀਤਮ ਅੱਜ ਦਿਲ ਖੁਸ਼ ਤਾਂ ਹੋਵੇ

ਵਰ੍ਹ ਕੇ ਨਿਕਲੀ ਬਦਲੀ ਹੋਵੇ ਕੁਦਰਤ ਖਿੜ ਖਿੜ ਹੋਸਦੀ ਹੋਵੇ..........ਇਕ ਤੂੰ ਹੋਵੇਂ

## "ਢੋਲਾ ਓ ਢੋਲਾ"

ਹੌਕਿਆਂ ਹਾਅਵਾਂ ਨੂੰ ਫੋਕਾ ਲਾਰਾ ਲਾਇਆ ਏ,
ਨੈਣਾਂ ਦੇ ਨੀਰ ਨੂੰ ਵਰਚਾਇਆ ਏ
ਅੱਜ ਜਾਣ ਦੀ ਜਿੱਦ ਨਾ ਕਰ ਸੱਜਣਾ,
ਮੈਂ ਜਖ਼ਮਾਂ ਨੂੰ ਮਸਾਂ ਸਵਾਇਆ ਏ
ਚੀਸ ਵੱਟ ਕੇ,ਪੀੜਾਂ ਨੂੰ ਹਰਾਇਆ ਏ।

ਅੱਜ ਨਾਂ ਜਾਵੀਂ, ਨਾਂ ਜਾਵੀਂ ਅੱਜ ਢੋਲਾ ਵੇ,

ਅੱਜ ਦੀ ' ਸ਼ਾਮ' ਇਹ, ਮੇਰੀ ਏ,

ਕਲ ਦਾ ਸੂਰਜ ਤੇਰਾ ਏ,

ਨਾਂ ਜਾਵੀਂ ਅੱਜ ਢੋਲਾ ਵੇ।

ਤਾਰਿਆਂ ਸੰਗ ਹੰਢਾਈਆਂ ਰਾਤਾਂ ਜੋ,

ਚਾਨਣੀਆਂ ਨੇ ਪਾਈਆਂ ਤੇਰੀਆ ਬਾਤਾਂ ਜੋ,

ਤੈਨੂੰ ਸੁਣਾਵੇ ਇਹ ਰੰਗ ਭਰੀ ਸ਼ਾਮ,

ਨਾਂ ਜਾਵੀਂ ਅੱਜ ਢੋਲਾ ਵੇ....ਨਾਂ ਜਾਵੀਂ....

ਅੱਜ ਆਈਆਂ ਤੇਰੇ ਮਿਲਣ ਦੀਆ ਤਰੀਕਾਂ ਵੇ,

ਮਿਟ ਗਈਆ,ਕੰਧਾਂ ਤੇ ਪਾਈਆਂ ਲੀਕਾਂ ਵੇ।

ਹੱਥ ਬਨ੍ਹੇ ਮੇਰੇ , ਪਲਕਾਂ ਵਾਸਤੇ ਪਾਉਂਦੀਆਂ,

ਸੁਰਖ ਹੋਠਾਂ ਦੀਆਂ ਖੁਸ਼ਕ ਪੱਤੀਆਂ ਬੁਲਾਉਂਦੀਆਂ,

ਇਹੋ ਆਖੇ ਸੁਰਮਈ ਸ਼ਾਮ,ਨਾ ਜਾਵੀਂ ਢੋਲਾ ਵੇ,ਨਾਂ ਜਾਵੀਂ....ਅੱਜ..

ਅੱਜ ਨਾ ਜਾਵੀ ਨਾਂ ਜਾਵੀਂ ਅੱਜ ' ਢੋਲਾ ਵੇ.......



## "ਅੰਤਿਮ ਇੱਛਾ"

ਅੰਤਿਮ ਇੱਛਾ ਯਾ ਵਸੀਹਤ ਦੋਨੋ ਵਿੱਚ ਇਕ ਸਾਹ ਤੋਂ ਦੂਜੇ ਸਾਹ ਤੋਂ ਵੀ ਘੱਟ ਫਰਕ ਹੈ।ਇਹ ਹੈ ਅੰਤਿਮ ਇੱਛਾ ਬਹੁਤੀ ਵਾਰ ਆਖਰੀ ਸਾਹ ਤੋਂ ਪਹਿਲਾਂ ਪੂਰੀ ਹੋ ਜਾਂਦੀ ਹੈ ਜਾਂ ਕਰ ਦਿੱਤੀ ਜਾਂਦੀ ਹੈ,ਵਸੀਹਤ ਜਿਆਦਾਤਰ ਆਖਰੀ ਸਾਹ ਤੋਂ ਬਾਦ ਮੰਨੀ ਮਨਾਈ ਜਾਂਦੀ ਹੈ।ਇਹ ਆਖਰੀ ਇਛਾਵਾਂ / ਵਸੀਹਤਾਂ ਕਈ ਵਾਰ ਵਿਛੋੜੇ ਵੇਲੇ ਉਦਾਸ ਪਲਾਂ ਵਿੱਚ ਹਲਕੀ ਹਾਸੀ ਬਿਖੇਰ ਦਿੰਦੀਆਂ ਹਨ।

ਪਿਆਰੀ ਧਰਮਪਤਨੀ ਬਹੁਤ ਬੀਮਾਰ ਸੀ ਮੌਤ ਦੀਆਂ ਘੜੀਆਂ ਗਿਣਦੇ ਹੋਏ ਉਸਨੇ ਪਤੀ ਪ੍ਰਮੇਸ਼ਵਰ ਨੂੰ ਬੁਲਾ ਕੇ ਆਪਣੀ ਆਖਰੀ ਇੱਛਾ ਜਾਹਰ ਕੀਤੀ ਤੇ ਤੇ ਪੂਰੀ ਕਰਨ ਦਾ ਵਾਅਦਾ ਵੀ ਲੈਣਾ ਚਾਹਿਆ—

ਧਰਮਪਤਨੀ-ਸਵਾਮੀ ਮੇਰਾ ਆਖਰੀ ਵਕਤ ਆ ਗਿਆ ਹੈ,ਤੁਸੀਂ ਮੇਰੀ ਆਖਰੀ ਖਾਹਿਸ਼ ਜਰੂਰ ਪੂਰੀ ਕਰਨਾਂ ਜੀ ।

ਪਤੀਦੇਵ -ਮੇਰੀ ਜਾਨ ਸ਼ੁਭ ਸ਼ੁਭ ਬੋਲੋ,ਤੈਨੂੰ ਕੁਝ ਨਹੀਂ ਹੋਵੇਗਾ।

ਪਤਨੀ-ਸਵਾਮੀ ਆਪ ਸਾਰੀ ਉਮਰ ਮੇਰੇ ਵੀਰ ਨਾਲ ਨਹੀ ਬੋਲੇ,ਮੇਰੇ ਜਾਣ ਤੋਂ ਬਾਦ ਮੇਰੇ ਵੀਰ ਨੂੰ ਬੁਲਾਉਣਾ,ਮੇਰੇ ਜਨਾਜ਼ੇ ਨੂੰ ਇਕ ਕੰਧਾ ਤੁਸੀਂ ਦੇਣਾ ਹੈ ਤੇ ਇਕ ਕੰਧਾ ਮੇਰੇ ਵੀਰ ਦਾ ਹੋਵੇਗਾ।ਇਹ ਮੇਰੀ ਆਖਰੀ ਇੱਛਾ ਪੂਰੀ ਕਰਨਾਂ।

ਪਤੀ-ਬੇਗਮ ਮੈਂ ਤੇਰੀ ਇੱਛਾ ਜਰੂਰ ਪੂਰੀ ਕਰ ਦਿਆਂਗਾ ਪਰ ਜਨਾਜ਼ੇ ਦਾ ਮਜ਼ਾ ਨਹੀਂ ਰਹੇਗਾ।

ਪਿਤਾ ਜੋ ਆਖਰੀ ਸਾਹਾਂ ਤੇ ਹੈ ਆਪਣੇ ਬੇਟੇ ਨੂੰ ਬੁਲਾ ਕੇ ਕਹਿੰਦਾ ਹੈ " ਪੁੱਤ ਤੇਰੇ ਦਾਦੇ ਦੇ ਕਤਲ ਦਾ ਬਦਲਾ ਮੈਂ ਜਿਉਂਦੇ ਜੀਅ ਨਹੀਂ ਲੈ ਸਕਿਆ,ਪਰ ਤੂੰ ਆਪਣੇ ਦਾਦੇ ਦੇ ਕਤਲ ਦਾ ਬਦਲਾ ਕਾਤਲਾਂ ਤੋਂ ਜਰੂਰ ਲਵੀਂ।ਤੇ ਪਿਤਾ ਨੇ ਦਮ ਤੋੜ ਦਿੱਤਾ। ਬੇਟਾ ਹੁਣ ਗੁੱਗਲ,ਐਕਸਪਲੋਲਰ,ਯੂ ਟਿਊਬ,ਫੇਸ ਬੁੱਕ ਫਰੋਲ ਰਿਹਾ ਹੈ ਆਪਣੇ ਦਾਦੇ ਦੇ ਕਾਤਲ ਪਛਾਣਨ ਲਈ।

ਪਰਿਵਾਰ ਦੇ ਵਡੇਰੇ ਨੇ ਆਪਣੀ ਮੋਤ ਤੋਂ ਪਹਿਲਾਂ ਇਕ ਵਸੀਅਤ ਕੀਤੀ ਕਿ ਮਰਨ ਬਾਦ ਉਸਨੂੰ 'ਸਿਆਚਨ'ਦਫਨਾਇਆ ਜਾਂ ਜਲਾਆ ਜਾਵੇ,ਇਹ ਉਸਦੀ ਅੰਤਿਮ ਖਾਹਿਸ਼ ਹੈ।ਜਿਵੇਂ ਕਿ ਮਰਨ ਵਾਲੇ ਦੀ ਆਖਰੀ ਖਾਹਿਸ਼ ਪੂਰਾ ਕਰਨਾ ਵਾਰਸਾਂ ਦਾ ਪਹਿਲਾ ਧਰਮ ਕਰਮ ਹੁੰਦਾ ਹੈ,,ਇਸ ਤਰਾਂ ਹੀ ਵਸੀਅਤ ਪੜ੍ਹਦੇ ਹੀ ਘਰ ਵਾਲਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿ ਇਹ ਸਿਆਚਨ ਵਾਲੀ ਇੱਛਾ ਕਿਵੇਂ ਪੂਰੀ ਕੀਤੀ ਜਾਵੇ ਕੜਾ ਅਸੰਭਵ ਸੀ ਇਹ।ਦੋ ਦਿਨ ਗੁਜਰ ਗਏ ਕੁਝ ਨਾਂ ਸੁਝੇ।ਆਖਰ ਇਕ ਪੜੋਸੀ ਨੇ ਇਸਦਾ ਹੱਲ ਨਿਕਾਲ ਹੀ ਲਿਆ,ਉਸ ਆਖਿਆ ਤੁਹਾਨੂੰ ਭੁਲੇਖਾ ਲਗਾ ਹੈ ਇਹ

ਸਿਆਚਨ ਨਹੀਂ ਮਿਆਂਚੂਨੂ ਹੈ ( ਮਿਆਚੁਨੂੰ ਇਕ ਪਿੰਡ ਹੈ)।ਤੇ ਚਲੋ ਬਿਲਆਖਰ ਮਰਨ ਵਾਲੇ ਦੀ ਵਸੀਅਤ ਅਨੁਸਾਰ ਉਸਦੀ ਆਖਰੀ ਚਾਅ੍ਹ ਪੂਰੀ ਕਰ ਦਿੱਤੀ ਗਈ।

ਦੋ ਭਰਾ ਵਖੋ ਵੱਖ ਰਹਿੰਦੇ ਸੀ।ਇਕ ਭਰਾ ਮਿਹਨਤ ਕਰਦਾ ਖਾਂਦਾ ਪੀਂਦਾ ਤੇ ਦੂਜਾ ਅਵਾਰਾ ਕਿਸਮ ਦਾ ਮੰਗ ਤੰਗ ਖੋਹ ਮੋ ਕਰ ਕੇ ਖਾਣਾ ਜਾਂ ਭੁੱਖੇ ਰਹਿ ਲੈਣਾ।ਖਾਂਦਾ ਪੀਂਦਾ ਭਰਾ ਅਚਾਨਕ ਮਰ ਗਿਆ,ਤੇ ਉਸਨੇ ਆਪਣੀ ਡਾਇਰੀ ਵਿੱਚ ਲਿਖਿਆ ਸੀ ਕਿ ਉਸਦੀ ਬਾਡੀ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੂੰ ਪਰੇਕਟੀਕਲ ਲਈ ਦਾਨ ਕਰ ਦਿੱਤੀ ਜਾਵੇ।ਅਵਾਰਾ ਭਰਾ ਨੇ ਆਪਣੇ ਸਾਥੀ ਨਾਲ ਇਸਦਾ ਜਿਕਰ ਕੀਤਾ।ਸਾਥੀ ਨੇ ਐਵੇਂ ਹੀ ਕਹਿ ਦਿੱਤਾ'ਮੈਡੀਕਲ ਕਾਲਜ ਇਸਦੇ ਦੱਸ ਹਜਾਰ ਰੁਪਏ ਦੇਵੇਗਾ।ਭਰਾ ਦੀਆਂ ਵਾਸ਼ਾਂ ਖਿੜ ਗਈਆਂ।ਉਹ ਡੱਡ ਬਾਡੀ ਲੈ ਕੇ ਕਾਲਜ ਚਲਾ ਗਿਆ।ਕਾਲਜ ਦੇ ਕਰਮਚਾਰੀ ਨੇ ਉਸਨੂੰ ਕੋਰਾ ਜਵਾਬ ਦੇ ਦਿਤਾ ਕਿ ਉਹਨਾਂ ਦੇ ਕਾਲਜ ਨੂੰ ਇਸ ਬਾਡੀ ਦੀ ਕੋਈ ਲੋੜ ਨਹੀਂ ਹੈ।ਭਰਾ ਬੋਲਿਆ,ਠੀਕ ਹੈ ਫਿਰ ਤੁਸੀਂ ਮੇਰੇ ਭਰਾ ਦੀ ਵਸੀਅਤ ਮੁਤਾਬਕ ਮੈਨੂੰ ਦੱਸ ਹਜਾਰ ਰੁਪਏ ਦੇ ਦੇਵੋ ਨਹੀਂ ਤੇ ਮੇਰੇ ਮਰ ਚੁਕੇ ਭਰਾ ਦੀ ਵਸੀਅਤ ਦੀ ਰੁਸਵਾਈ ਹੋਵੇਗੀ।...

ਔਰਤਾਂ ਕੋਲ ਕੋਈ ਮਾਲਮੱਤਾ ਤੇ ਹੁੰਦਾ ਨਹੀਂ ਉਹਨਾਂ ਨੇ ਕੀ ਵਸੀਅਤ ਕਰਨੀ ਹੁੰਦੀ ਹੈ,ਪਰ ਅੰਤਿਮ ਇੱਛਾ ਤੇ ਉਹਨਾਂ ਦੀ ਵੀ ਹੋ ਸਕਦੀ ਹੈ।ਇਕ ਮਾਂ ਨੇ ਮਰਨ ਵੇਲੇ ਆਪਣੇ ਪੁੱਤਰਾਂ ਧੀਆਂ ਨੂੰ ਬੁਲਾ ਕੇ ਕਿਹਾ 'ਬੱਚਿਓ ਮੇਰੀ ਆਖਰੀ ਇੱਛਾ ਹੈ ਕਿ ਮੇਰੇ ਮਰਨ ਤੋਂ ਬਾਦ ਮੇਰੇ ਕੰਨਾ ਵਿੱਚ ਪਾਈਆਂ ਮੁਰਕੀਆਂ ਮੇਰੇ  ਨਾਲ ਹੀ ਦੱਬ ਦੇਣੀਆਂ।ਮਾਂ ਚਲ ਵਸੀ,ਪੁੱਤ ਅੰਦਰ ਬਹਿ ਸਲਾਹਾਂ ਕਰਨ ਲਗੇ ,ਨਿਕਾ ਮੁੰਡਾ ਜੋ ਮਾਂ ਦਾ ਲਾਡਲਾ ਸੀ ਉਸਨੇ ਕਿਹਾ ਮਾਂ ਦੀ ਇੱਛਾ ਮੁਤਾਬਕ ਮੁਰਕੀਆਂ ਕੋਈ ਨਾਂ ਉਤਾਰੋ।ਵੱਡੇ ਮੁੰਡੇ ਨੂੰ ਲਾਲਚ ਆ ਗਿਆ, ਨਿਕੇ ਨੂੰ ਸਮਝਾਇਆ ਮਾਂ ਦੇ ਦਿਮਾਗ ਵਿੱਚ ਕੁਝ ਦਿਨਾਂ ਤੋਂ ਫਰਕ ਪੈ ਗਿਆ ਸੀ ਇਸ ਲਈ ਉਹ ਕਈ ਬੇਥਵ੍ਹੀਆਂ ਮਾਰ ਦੇਂਦੀ ਸੀ,ਮਰੇ ਬੰਦੇ ਨਾਲ ਸੋਨਾ ਦਬਾ ਦੇਣਾ ਗੁਨਾਹ ਹੁੰਦੈ,ਪਾਪ ਹੁੰਦੇ।ਆਪਾਂ ਪਾਪ ਨਹੀਂ ਕਰਨਾ।ਮਾਂ ਨੇ ਮੁੜ ਥੋੜੋ ਆਉਣਾ।ਤੇ ਉਹਨਾ.ਨਿਕੇ ਮੁੰਡੇ ਨੂੰ ਭਰਮਾ ਲਿਆ।

"      ਕਸਮੇਂ ਵਾਅਦੇ ਪਿਆਰ ਵਫ਼ਾ ਸੱਭ ਬਾਤੇਂ ਹੈਂ ਬਾਤੋਂ ਕਾ ਪਿਆਰ

ਕੋਈ ਕਿਸੀ ਕਾ ਨਹੀਂ ਯੇ ਝੂਠੈ ਨਾਤੇ ਹੈਂ ਨਾਤੋਂ ਕਾ ਪਿਆਰ।",,,,,,,,,,

ਅੰਤਿਕਾ----

ਮੈਂ ਕਤਰਾ ਨੀਰ ਦਾ ਤੂੰ ਸਿੱਪੀ ਸਮੁੰਦਰ ਦੀ

ਸਮਾ ਲੈ ਆਪਣੇ ਚ ਤੇ ਮੋਤੀ ਬਣਾ ਦੇ ਮੈਨੂੰ ॥



## "ਤਜੁਰਬਾ ਬੋਲੇ"

'ਬਜੁਰਗ ਖੁਲਾਸੇ ਹਨ,ਸਫ਼ਲਤਾ ਦੀਆਂ ਕੁੰਜੀਆਂ ਹਨ "

ਪੜ੍ਹੋ, ਸਿਖੋਂ, ਗ੍ਰਹਿਣ ਕਰੋ,ਅਮਲ ਕਰੋ,ਸੁੱਖ ਲਓ,ਸ਼ਾਤੀ ਵੰਡੋ......।

ਬਜੁਰਗ ਘਰ ਦਾ ਜਿੰਦਰਾ ਤਾਂ ਹਨ ਹੀ ਨਾਲ ਹੀ ਘਰ ਪਰਿਵਾਰ ਦੇ ਸੁੱਖ ਦੀ ਸਫ਼ਲਤਾ ਦੀ ਕੁੰਜੀ ਵੀ ਹਨ।

ਪਿਛਲੀ ਸਦੀ ਦੀ ਗਲ ਹੈ ਜਦ ਬਰਾਤਾਂ ਘੋੜਿਆਂ,ਹਾਥੀਆਂ ਜਾ ਪੈਦਲ ਜਾ ਬੈਲ ਗੱਡੀ ਤੇ ਜਾਇਆ ਕਰਦੀਆਂ ਸਨ,ਸੜਕਾਂ ਨਹੀਂ ਸਨ ਰੇਲਾਂ ਨਹੀਂ ਸਨ।ਅਲਬੱਤਾ ਡਾਕੂ ਲੁਟੇਰੇ ਜਹਾਂ ਤਹਾਂ ਸਨ।ਇਸੇ ਲਈ ਬਰਾਤੀ ਸੈਂਕੜੈ ਹਜਾਰ ਹੁੰਦੇ ਸਨ।ਉਸ ਵਕਤ ਦੇ ਵਿਆਹ ਬਹੁਤ ਹਸੀ ਮਖੌਲ ਵਾਲੇ ਤੇ ਰਮਣੀਕ ਹੁੰਦੇ ਸਨ।ਪਿੰਡ ਵਿੱਚ ਜਾਗੋ ਕਢੀ ਜਾਂਦੀ ਸੀ ਮਤਲਬ ਕਿ ਪਿੰਡ ਵਾਸੀਓ ਜਾਗਦੇ ਰਹਿਣਾ ਵਿਆਹ ਸਮਾਗਮ ਹੈ ਕਿਤੇ ਲੁਟੇਰੇ ਨਾ ਪੈ ਜਾਣ।

ਇਕ ਵਿਆਹ ਵਿੱਚ ਲਾੜੀ ਦੇ ਘਰ ਵਾਲਿਆਂ ਸ਼ਰਤ ਰੱਖ ਦਿੱਤੀ ਕਿ'ਬਰਾਤ ਵਿੱਚ ਬੁੱਢਾ ਕੋਈ ਨਾਂ ਹੋਵੇ,ਸਾਰੇ ਜਵਾਨ ਜਵਾਨ ਹੋਣ'।ਲਾੜੇ ਦੀ ਤਰਫ਼ ਤੋਂ ਸਮਝਿਆ ਗਿਆ ਕਿ ਡਾਕੇ ਲੁੱਟ ਦਾ ਬਹੁਤ ਖ਼ਤਰਾ ਹੋਵੇਗਾ,ਇਸ ਲਈ ਉਹਨਾਂ ਬਰਾਤ ਦੇ ਰੂਪ ਵਿੱਚ ਜਵਾਨਾ ਦੀ ਫੋਜ ਤਿਆਰ ਕਰ ਲਈ।ਕੋਈ ਬੁੱਢਾ ਬਰਾਤ ਵਿੱਚ ਨਹੀਂ ਸੀ,ਲਾੜੇ ਦੇ ਚਾਚੇ ਮਾਮੇ ਨੂੰ ਡਰ ਆਵੇ ਕਿਤੇ ਮੁੰਡੇ ਖੁੰਡੇ ਜੋਸ਼ ਵਿੱਚ ਕੋਈ ਹੰਗਾਮਾ ਨਾ ਕਰ ਦੇਣ ਤੇ ਕੋਈ ਅਭੀ ਨਭੀ ਨਾ ਹੋ ਜਾਵੇ? ਇਸ ਲਈ ਉਹਨਾਂ ਨੇ ਇਕ ਬੁੱਧੀਮਾਨ ਸੂਝਵਾਨ ਬਜੁਰਗ ਸੰਦੂਖ ਵਿੱਚ ਬੰਦ ਕਰ ਨਾਲ ਤੋਰ ਦਿੱਤਾ ਤੇ ਜਵਾਨਾ ਨੂੰ ਤਾਕੀਦ ਕੀਤੀ ਜੋ ਕੋਈ ਹੱਲ ਜਦ ਨਾਂ ਸੁਝੇ ਤਾਂ ਬਜੁਰਗ ਨੂੰ ਪੁੱਛ ਲੈਣਾ ਜਰੂਰ। ਚੂੰ ਕਿ ਉਹਨਾਂ ਦਿਨਾ ਵਿੱਚ ਰਾਹ ਵਿੱਚ ਹੀ ਕਈ ਦਿਨ ਲਗ ਜਾਂਦੇ ਸਨ ਇਸ ਲਈ ਕਈ ਦਿਨ ਦਾ ਖਾਣਾਂ ਬਾਣਾ ਨਾਲ ਲਿਜਾਣਾ ਪੈਂਦਾ ਸੀ ਤੇ ਪੜਾਅ ਵੀ ਲਗਦੇ ਸਨ।

ਬਰਾਤ ਦੀ ਮਿਲਣੀ ਗਿਲਣੀ ਤੇ ਹੋਰ ਰਸਮਾਂ ਤੋਂ ਬਾਦ ਜਦ ਖਾਣੇ ਦਾ ਵਕਤ ਹੋਇਆ ਤਾਂ ਲਾੜੀ ਵਾਲਿਆਂ ਨੇ ਪੰਡਾਲ ਵਿੱਚ ਹਦਾਇਤ ਕੀਤੀ ਕਿ ਹਰੇਕ ਨੂੰ ਪੂਰਾ ਪੂਰਾ ਥਾਲ ਲਡੂਆਂ ਦਾ  ਖਾਣਾ ਹੋਵੇਗਾ ਜਿੰਨੇ ਬਰਾਤੀ ਸਨ ਉਨੇ ਥਾਲ ਆ ਗਏ।ਮੁੰਡੇ ਸ਼ਸੋਪੰਜ ਵਿੱਚ ਪੈ ਗਏ ਕਿ ਕੱਲਾ ਕੱਲਾ ਜਣਾ ਕਿਵੇਂ ਖਾਊ,ਮੁਕਾਊਗਾ?।ਕੋਈ ਢਿੱਡ ਫੜ ਕੇ ਬਹਿ ਗਿਆ ਤੇ ਕੋਈ ਸਿਰ ਫੜ ਕੇ,ਫਿਰ ਉਹ ਵਿਚਾਰ ਕਰਨ ਲਗੇ ਕਿ ਕੀ ਕਰੀਏ? ਇਕ ਜਣਾ ਉਠਿਆ ਤੇ ਚੌਂਕ ਕੇ ਬੋਲਿਆ'ਬਾਬਾ' ਉਹਨਾਂ ਨੇ ਬਾਬੇ ਵਾਲੇ ਸੰਦੂਕ ਨੇੜੇ ਜਾ ਪੁਛਿਆ,'ਬਾਬਾ ਜੀ ਕੀ ਕਰੀਏ ?ਬਾਬੇ ਨੇ ਸਮਝਾਇਆ,'ਪੁੱਤਰੋ ਸਾਰੇ ਜਣੇ ਇਕ ਥਾਲ ਨੂੰ  ਟੁੱਟ ਕੇ ਪੈ ਜਾਓ ਤੇ ਇੰਜ ਹਰੇਕ ਥਾਲ ਸਾਰੇ ਮਿਲ ਕੇ ਖਾਓ ਤੁਹਾਨੂੰ

ਪਤਾ ਹੀ ਨਹੀਂ ਲਗਣਾ,ਮੁੰਡਿਆਂ ਨੇ ਇੰਝ ਹੀ ਕੀਤਾ ਤੇ ਲਾੜੀ ਵਾਲਿਆਂ ਨੂੰ ਹਾਕ ਮਾਰੀ ਥਾਲ ਥੁੜ ਗਏ ਹੋਰ ਲੱਡੂ ਲਿਆਓ,ਕੁੜੀ ਵਾਲਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ।ਨਹਿਲੇ ਤੇ ਦਹਿਲਾ ਵੱਜਾ ਤੇ ਬਾਬੇ ਦੀ ਸਿਆਣਪ ਕੰਮ ਆਈ।ਕੁੜੀ ਵਾਲਿਆਂ ਫਿਰ ਸਿੱਕਾ ਸੁਟਿਆ-ਮੁੰਡਿਆਂ ਨੂੰ ਬਾਲਟੀ ਨੁਮਾ ਛਾਨਣੀ ਲਿਆ ਕੇ ਆਖਿਆ ਇਹ ਲਓ ਬਾਲਟੀ ਤੇ ਖੂਹ ਚੋਂ ਪਾਣੀ ਕੱਢ ਕੇ ਨਹਾ ਧੋ ਲਓ'।ਮੁੰਡੇ ਹੁਣ ਕੀ ਕਰਨ ? ਛਾਨਣੀ ਚ ਪਾਣੀ ਖਲੋਣਾ ਨਹੀਂ। ਉਹ ਫਿਰ ਬਾਬੇ ਕੋਲ ਗਏ,ਤੇ ਹੱਲ ਪੁਛਿਆ,ਬਾਬੇ ਨੇ ਕਿਹਾ'ਤੁਸੀਂ ਜਾ ਕੇ ਆਖੋ ਸਾਨੂੰ ਤੂੜੀ ਦੀ ਲੱਜ ਵੱਟ ਦਿਓ''।ਜਵਾਨਾ ਨੇ ਇੰਜ ਹੀ ਸੁਨੇਹਾ ਭਿਜਵਾ ਦਿੱਤਾ।ਕੁੜੀ ਵਾਲੇ ਨਿੰਮੋਝੂਨੇ ਹੋ ਗਏ ਕਿ ਇਹ ਜਵਾਨ ਤੇ ਇੰਨੇ ਸਿਆਣੇ ਨਹੀਂ ਹੋ ਸਕਦੇ,ਹੋਵੇ ਨਾਂ ਤਾਂ ਇਹਨਾ ਨਾਲ ਕੋਈ ਸਿਆਂਣਾ ਜਰੂਰ ਹੈ!ਜਦੋਂ ਉਹਨਾਂ ਨੂੰ ਜਵਾਨਾ ਦੀ ਸਕੀਮ ਪਤਾ ਲਗੀ ਉਹ ਮੁੰਡਿਆ ਦੀ ਸਿਆਣਪ ਤੇ ਬਹੁਤ ਖੁਸ਼ ਹੋਏ।

ਇਕ ਰਾਜੇ ਦਾ ਮਨ ਬੁਢਾਪਾ ਦੇਖ ਕੇ ਬਹੁਤ ਉਦਾਸ ਹੋ ਜਾਂਦਾ ਸੀ,ਉਸਨੇ ਐਲਾਨ ਕੀਤਾ ਕਿ ਸਾਰੇ ਬਜੁਰਗ ਰਾਜਧਾਨੀ ਤੋਂ ਬਾਹਰ ਭੇਜ ਦਿੱਤੇ ਜਾਣ।ਇਸ ਤਰਾਂ ਹੀ ਕੀਤਾ ਗਿਆ।ਪਰ ਇਕ ਲੜਕਾ ਜੋ ਕਿ ਚੰਗਾ ਚਿਤਰਕਾਰ ਸੀ ,ਉਸਨੇ ਆਪਣੇ ਪਿਤਾ ਨੂੰ ਬਾਹਰ ਨਾਂ ਕੱਢਿਆ ਤੇ ਅੰਦਰ ਛੁਪਾ ਲਿਆ।ਰਾਜਾ ਉਸਤੋਂ ਚਿੱਤਰ ਬਣਵਾਉਂਦਾ ਰਹਿੰਦਾ ਸੀ,ਰਾਜੇ ਨੇ ਉਸਨੂੰ ਆਪਣੇ ਰਾਜ ਦੀ ਖੁਸ਼ਹਾਲ ਤਸਵੀਰ ਬਣਾ ਕੇ ਚੌਂਕ ਵਿੱਚ ਟੰਗਣ ਦਾ ਹੁਕਮ ਕੀਤਾ।ਲੜਕਾ ਚਿੱਤਰ ਬਣਾ ਕੇ ਚੌਂਕ ਵਿੱਚ ਟੰਗ ਆਇਆ।ਅਗਲੀ ਰਾਤ ਉਸ ਦੇਖਿਆ ਤਸਵੀਰ ਤੇ ਸਿਆਹੀ ਮੱਲ ਦਿੱਤੀ ਗਈ ਸੀ।ਉਹੁ ਬਹੁਤ ਉਦਾਸ ਹੋਇਆ ਕਿ ਉਹਦੀ ਮਿਹਨਤ ਬੇਕਾਰ ਗਈ ਤੇ ਰਾਜਾ ਵੀ ਖ਼ਵਰੇ ਕੀ ਸਲੂਕ ਕਰੇ?।ਬਾਪ ਨੇ ਬੇਟੇ ਨੂੰ ਨਿਰਾਸ਼ ਜਾਣ ਕੇ ਸਲਾਹ ਦਿੱਤੀ ਕਿ ਤੂੰ ਉਹੋ ਜਿਹਾ ਇਕ ਹੋਰ ਚਿੱਤਰ ਬਣਾ ਕੇ ਉੱਥੇ ਹੀ ਰੱਖ ਆ'।ਲੜਕੇ ਨੇ ਅਜਿਹਾ ਕੀਤਾ ਤੇ ਅਗਲੇ ਦਿਨ ਉਸ ਦੇਖਿਆ ਕਿਸੇ ਨੇ ਚਿੱਤਰ ਤੇ ਸਿਆਹੀ ਨਹੀਂ ਸੀ ਲਾਈ।

ਰਾਜਾ ਸੱਭ ਜਾਣਦਾ ਸੀ,ਉਸਨੇ ਚਿਤਰਕਾਰ ਤੋਂ ਪੁਛਿਆ ਕਿ ਜਦ ਤੇਰਾ ਚਿੱਤਰ ਨਸ਼ਟ ਕਰ ਦਿੱਤਾ ਗਿਆ ਸੀ,ਤਾਂ ਹੋਰ ਬਣਾ ਕੇ ਉਥੇ ਹੀ ਰੱਖ ਦਿੱਤਾ,ਕਿਉਂ ? ਲੜਕੇ ਨੇ ਦਸਿਆ ਕਿ ਮੇਰੇ ਬਾਪ ਨੇ ਮੈਨੂੰ ਅਜਿਹਾ ਕਰਨ ਲਈ ਕਿਹਾ,ਤੇ ਹਦਾਇਤ ਕੀਤੀ ਕਿ ਜੇ ਦੂਸਰੇ ਚਿੱਤਰ ਦਾ ਹਸ਼ਰ ਵੀ ਹੋ ਜਾਵੇ ਤੇ ਤੀਸਰਾ ਬਣਾਵੀਂ'।ਰਾਜੇ ਨੇ ਬੇਟੇ ਦੀ ਆਗਿਆਕਾਰਤਾ ਤੋਂ ਨਿਹਾਲ ਹੋ ਕੇ ਅਤੇ ਬਜੁਰਗਾਂ ਦੀ ਚੰਗੀ ਨਸੀਹਤ ਸਮਾਜ ਲਈ ਬਹੁਤ ਜਰੂਰੀ ਮੰਨ ਕੇ ਸਾਰੇ ਬਜੁਰਗ ਜੋ ਬਾਹਰ ਕੱਢੇ ਸੀ ਵਾਪਸ ਘਰ ਬੁਲਾ ਲਏ।

ਇਕ ਕਿਸਾਨ ਦਾ ਖੇਤ ਉਜੜ ਗਿਆ,ਉਹ ਬਹੁਤ ਉਦਾਸ ਤੇ ਨਿਰਾਸ਼ ਹੋ ਗਿਆ,ਇਕ ਸਾਧੂ ਬਾਬਾ ਨੇ ਉਸਨੂੰ ਕਿਹਾ ਤੂੰ ਮੁੜ ਬੀਜ ਖਿਲਾਰ ਦੇ,ਨਿਰਾਸ਼ ਨਾਂ ਹੋ,ਕਿਸਾਨ ਨੇ ਬਜੁਰਗ ਸਾਧੂ ਦੀ ਗਲ ਮੰਨ ਮੁੜ ਧਰਤੀ ਵਾਹੀ ਤੇ ਬੀਜੀ, ਰੱਜਵੀਂ ਫਸਲ ਹਾਸਲ ਕੀਤੀ।ਬੁੱਢੈ ਪਿਤਾ ਨੇ ਆਪਣੇ ਆਖਰੀ ਵਕਤ ਆਪਣੇ ਪੁੱਤਰਾਂ ਨੂੰ ਬੁਲਾ ਕੇ ਕਿਹਾ,'ਮੇਰੇ ਪੁਤਰੋ ਆਪਣੇ ਖੇਤਾਂ ਵਿੱਚ ਸੋਨਾ ਦਬਿਆ ਹੋਇਆ ਹੈ,ਮੇਰੇ



ਮਰਨ ਤੋਂ ਬਾਦ ਤੁਸੀਂ ਸੋਨਾ ਕੱਢ ਲੈਣਾ ਤੇ ਬਰਾਬਰ ਵੰਡ ਵਰਤਣਾ।ਪਿਤਾ ਦੇ ਕਿਰਿਆ ਕਰਮ ਤੋਂ ਬਾਦ ਪੁੱਤਰਾਂ ਨੇ ਪੂਰਾ ਖੇਤ ਚਾਰ ਫੁੱਟ ਡੂੰਘਾ ਪੁੱਟ ਸੁਟਿਆ,ਪਰ ਸੋਨਾ ਕਿਤੇ ਨਾਂ ਲੱਭਾ।ਉਹ ਆਪਣੇ ਪਿਤਾ ਨੂੰ ਕੋਸਣ ਲਗੇ,'ਬੁੱਢਾ ਮਰਨ ਲਗਾ ਸਾਨੂੰ ਝੂਠ ਬੋਲ ਗਿਆ,ਕਿਤੇ ਸੋਨਾ ਨਹੀਂ ਹੇਗਾ,ਐਂਵੇ ਸਾਡੇ ਹੱਥੀਂ ਛਾਲੇ ਪਵਾ ਦਿੱਤੇ।ਮੁੰਡਿਆਂ ਨੇ ਕਦੀ ਮਿਹਨਤ ਨਹੀਂ ਸੀ ਕੀਤੀ ਪਿਤਾ ਦੇ ਹੁੰਦੇ ਵਿਹਲਿਆਂ ਖਾਂਦੇ ਸੀ,ਉਹ ਬੜਾ ਔਖਾ ਹੋਏ,ਤੇ ਪਿਤਾ ਨੂੰ ਉਬਾ ਤਬਾ ਬੋਲਦੇ ਕਹੀਆਂ ਰੰਬੇ ਸੁੱਟ ਸਿਰ ਫੜ ਬੈਠ ਗਏ।ਇਕ ਬਜੁਰਗ ਸਿਆਣਾ ਉਹਨਾ ਨੂੰ ਇੰਜ ਬੈਠ ਵੇਖ ਪੁਛਿਆ,ਕੀ ਗਲ ਜਵਾਨੋ ਕਿਉਂ ਹਾਰ ਬੈਠੈ?,ਮੁੰਡਿਆਂ ਨੇ ਉਸ ਬਜੁਰਗ ਨੂੰ ਸਾਰੀ ਹੋਈ ਬੀਤੀ ਕਹਿ ਸੁਣਾਈ।ਬਜੁਰਗ ਨੇ ਕਿਹਾ,ਜਵਾਨੋ ਤੁਹਾਡੀ ਜਮੀਨ ਬਹੁਤ ਵਧੀਆ ਤਿਆਰ ਹੈ,ਹੁਣ ਤੁਸੀਂ ਇਸ ਵਿੱਚ ਕਣਕ ਬੀਜ ਦਿਓ'।ਮੁੰਡਿਆਂ ਨੇ ਅਨਮੰਨੇ ਬੀਜ ਖਿਲਾਰ ਦਿਤਾ,ਵਕਤ ਆਇਆ,ਕਣਕ ਦੇ ਸੁਨਿਹਰੀ ਮੋਤੀਆਂ ਦੀ ਭਰਵੀਂ ਫਸਲ ਨਿਕਲੀ।

ਉਹੀ ਬਜੁਰਗ ਫਿਰ ਦ੍ਰਿਸਮਾਨ ਹੋਏ ਤੇ ਮੁੰਡਿਆਂ ਨੂੰ ਦਸਿਆ ਇਹ ਹੈ ਉਹ ਸੋਨਾ ਜੋ ਤੁਹਾਡੇ ਪਿਤਾ ਨੇ ਤੁਹਾਨੂੰ ਦਸਿਆ ਸੀ।ਪੁਤਰਾਂ ਨੇ ਫਸਲ ਵੇਚ ਖੁਬ ਧਨ ਕਮਾਇਆ।ਇਹ ਸੀ ਬਜਰਗਾਂ ਦੇ ਤਜਰੁਬੇ ਦੀ ਨਸੀਹਤ।ਅੰਬ ਦੇ ਰੁੱਖ ਤੇ ਬਹੁਤ ਵਧੀਆ ਮਿੱਠੇ ਅੰਬ ਲਟਕ ਰਹੇ ਸਨ,ਬੱਚਿਆਂ ਨੇ ਅੰਬ ਵੇਖੈ ਤੇ ਲਲਚਾ ਕੇ ਪੱਥਰ ਮਾਰ ਮਾਰ ਅੰਬ ਸੁਟਣ ਲਗੇ,ਨੇੜੈ ਹੀ ਗੌਤਮ ਬੁੱਧ ਆਪਣੀ ਭਗਤੀ ਚ ਲੀਨ ਬੈਠੇ ਸਨ,ਕਿ ਅਚਾਨਕ ਇਕ ਪੱਥਰ ਉਹਨਾ ਦੇ ਮੱਥੇ ਆਣ ਵੱਜਾ ਤੇ ,ਗੌਤਮ ਬੁੱਧ ਦੀਆਂ ਅੱਖਾਂ ਚ ਆਂਸੂ ਆ ਗਏ ਤੇ ਬੱਚਿਆਂ ਨੂੰ ਲਗਾ ਕਿ ਮਹਾਤਮਾ ਨੂੰ ਬਹੁਤ ਚੋਟ ਆਈ ਹੈ,ਤੇ ਦਰਦ ਨਾਲ ਰੋਣ ਲਗ ਪਏ ਹਨ,ਬੱਚੇ ਭੈਅਭੀਤ ਹੋ ਗਏ,ਕਿ ਗੌਤਮ ਉਹਨਾਂ ਨੂੰ ਬਹੁਤ ਕੁਟਣਗੇ!।ਬੱਚੇ ਮਾਹਾਤਮਾ ਤੋਂ ਮਾਫੀ ਮੰਗਣ ਦੇ ਰੌਂਅ ਚ ਪੁਛਣ ਲਗੇ,'ਬਾਬਾ ਬਹੁਤ ਚੋਟ ਆਈ ਹੈ?ਤੁਸੀਂ ਕਿਉਂ ਰੋਣ ਲਗੇ?ਮਹਾਤਮਾ ਨੇ ਕਿਹਾ,;ਬੱਚਿਓ ਤੁਸਾਂ ਦਰਖਤ ਨੂੰ ਵੱਟੇ ਮਾਰੇ ਤੇ ਉਸਨ੍ਹੇ ਤੁਹਾਨੂੰ ਮਿੱਠੇ ਫਲ ਦਿੱਤੇ ਤੇ ਮੈਨੂੰ ਪੱਥਰ ਵੱਜਾ ਤੇ ਮੈਂ ਤੁਹਾਨੂੰ ਭੈਅ ਦਿੱਤਾ'।

ਇਕ ਲੜਕੇ ਨੇ ਆਪਣੇ ਪਿਤਾ ਨੂੰ ਪੁਛਿਆ,ਪਿਤਾ ਜੀ ਉੱਚੇ ਕਿਵੇਂ ਬਣੀਦਾ ਹੈ?'ਪਿਤਾ ਨੇ ਉਸਨੂੰ ਪਤੰਗ ਤੇ ਡੋਰ ਲੈ ਕੇ ਆਉਣ ਲਈ ਕਿਹਾ,ਉਸਨੇ ਤਲਾਵਾਂ ਪਾਈਆਂ,ਤੇ ਪੁੱਤਰ ਨੂੰ ਕੰਨੀ ਦੇਣ ਲਈ ਕਿਹਾ,ਉਹ ਡੋਰ ਛਡਦਾ ਰਿਹਾ ਪਤੰਗ ਉਡ ਕੇ ਉੱਚੀ ਹੁੰਦੀ ਜਾਂਦੀ,ਜਦ ਪਤੰਗ ਬੁਲੰਦੀ ਤੇ ਪਹੁੰਚ ਗਈ ਤਾਂ ਲੜਕੇ ਨੇ ਕਿਹਾ ਪਿਤਾ ਜੀ ਇਸਨੂੰ ਇਕੱਲੀ ਛਡ ਦਿਓ,ਪਿਤਾ ਨੇ ਇਵੇਂ ਕੀਤਾ,ਪਤੰਗ ਡੋਰ ਨਾਲੋਂ ਛੁੱਟ ਕਿਤੇ ਜਾ ਅੜੀ,ਤੇ ਫਿਰ ਖ਼ਵਾਰ ਹੋ ਗਈ।ਪਿਤਾ ਨੇ ਆਪਣੇ ਬੇਟੇ ਨੂੰ ਸਮਝਾਇਆ ਕਿ'ਜੀਵਨ ਪਤੰਗ ਦੀ ਤਰਾਂ ਹੈ ਲਗਨ ਤੇ ਮਿਹਨਤ ਕਰੋ ਉੱਚੇ ਹੋ ਜਾਓ,ਜਦ ਵੀ ਅਵੇਸਲੇ ਹੋ ਜਾਓਗੇ,ਪਤੰਗ ਦੀ ਤਰਾਂ ਖ਼ਵਾਰ ਹੋ ਜਾਓਗੇ।ਜਦ ਇਮਾਨਦਾਰੀ ਦਾ ਪਲੂ ਫੜ ਕੇ ਪੁਰਸ਼ਾਰਥ ਕਰਦੇ ਰਹਿਣ ਤੇ ਖੁਦਾ ਵੀ ਸਹਾਈ ਹੁੰਦਾ ਹੈ,ਤੇ ਇਹੋ ਤਰੱਕੀ ਤੇ ਬੁਲੰਦੀ ਦਾ ਰਾਜ਼ ਹੈ,'"ਯੇ ਦੁਨੀਆਂ ਪਤੰਗ,ਨਿੱਤ ਬਦਲੇ ਯੇ ਰੰਗ,ਨਾ ਜਾਨੇ ਉੜਾਨੇ ਵਾਲਾ ਕੌਨ ਹੈ"।

ਸੰਦੇਸ਼—ਬੁੱਢੇ ਵਾਧੂ ਨਹੀਂ ਹੁੰਦੇ,ਬਜੁਰਗ ਤਾਂ ਮੁਸਕਲਾਂ ਦੇ ਹਲ ਦਾ ਖਜਾਨਾ ਹੁੰਦੇ ਹਨ,ਘਰਾਂ ਦਾ ਜਿੰਦਰਾ ਹੁੰਦੇ ਹਨ,ਬਜੁਰਗਾਂ ਦੇ ਜੀਵਨ ਦੇ ਤਜੁਰਬੇ ਤੋਂ ਸਿਖਿਆ ਲੈਂਦੇ ਰਹਿਣਾ ਚਾਹੀਦਾ ਹੈ।ਇਸੇ ਲਈ ਤਾਂ ਕਹਿੰਦੇ ਹਨ 'ਭਈ ਬੁੱਢਾ ਤਾ ਸੰਦੂਖ ਵਿੱਚ ਸਾਂਭਣ ਵਾਲਾ ਹੈ।

ਅੰਤਿਕਾ—ਰਿਸ਼ਤੋਂ ਮੇਂ ਦੂਰੀਆਂ ਚਾਹੇ ਆ ਜਾਏਂ ਪਰ ਰਿਸ਼ਤਾ ਟੂਟਨਾ ਨਹੀਂ ਚਾਹੀਏ।ਦੂਰੀ ਸੇ ਪਹਲੇ ਰਾਹ ਰੋਕ ਲੋ।ਕਹਿੰਦੇ ਨੇ ਸਿਆਣੇ 'ਲੜਨ ਰਾਤ ਹੋਵੇ , ਪਰ, ਵਿਛੜਨ ਰਾਤ ਨਾਂ ਹੋਵੇ ਕਦੀ ;।"

" ਛੁਪਾ ਲੋ ਦਿਲ ਮੇਂ ਅਪਨੇ ਯੂੰ ਪਿਆਰ ਮੇਰਾ ਕਿ ਜੈਸੇ ਮੰਦਿਰ ਮੇਂ ਲੋਅ ਦੀਏ ਕੀ "।।॥



## "ਅਜ਼ੀਮ ਗੁਰੂ" " ੧ੳ"

ਮੇਰਾ ਪਿਆਰਾ ਤੇ ਅਤਿ ਸਤਿਕਾਰਤ ਗੁਰੂ' ਸ੍ਰੀ ਗੁਰੂ ਨਾਨਕ ਦੇਵ ਜੀ ' ( ਬਾਬਾ ਨਾਨਕ )

ਫਿਰ ਉਠੀ ਅਖਿਰ ਸਦਾਅ ਤੌਹੀਦ ਕੀ ਪੰਜਾਬ ਸੇ

ਹਿੰਦ ਕੋ ਏਕ ਮਰਦ-ਏ ਕਾਮਿਲ ਨੇ ਜਗਾਇਆ ਖੁਆਬ ਸੇ" । ਡਾ, ਅਲਾਮਾ ਇਕਬਾਲ

ਅਜ਼ੀਮ ਸ਼ਾਇਰ ਨੇ ਅਜ਼ੀਮ ਗੁਰੂ ਲਈ ਅਜ਼ੀਮ ਸ਼ਬਦ ਰਚੇ।ਕਾਦਰ ਨੇ ਗੁਰੂ ਨਾਨਕ ਦੇਵ ਜਿਹੇ ਨਾਯਾਬ ਤੋਹਫੇ ਨਾਲ ਹਿੰਦ ਦੀ ਭੁਮੀ ਦੀ ਗੋਦ ਸਰਸ਼ਾਰ ਕਰ ਦਿੱਤੀ।ਭਾਰਤ ਸਦਾ ਤੋਂ ਹੀ 'ਏਕੋਬ੍ਰਹਮ ਦੀਵਤੀਆ ਨਾਸਤੀ'ਦੀ ਧਾਰਨਾ ਤੇ ਵਿਸਵਾਸ ਕਰਦਾ ਰਿਹਾ ਹੈ।ਪਰ ਗੁਰੂ ਨਾਨਕ ਦੇ ਸਮੇਂ ਤੱਕ ਆਉਂਦੇ ਆਉਂਦੇ ਇਹ ਦੇਸ਼ ਕਰਮ ਕਾਂਡਾਂ ਦੇ ਚੱਕਰ ਵਿੱਚ ਪੈ ਕੇ 'ਤੌਹੀਦ '(ਏਕਮ) ਦੇ ਫਲਸਫੇ ਨੂੰ ਵਿਸਾਰ ਚੁਕਾ ਸੀ ਅਤੇ ਬ੍ਰਾਹਮਣਵਾਦ ਵਲੋਂ ਵਿਖਾਏ ਜਾ ਰਹੇ ਲੋਕ ਪ੍ਰਲੋਕ ਦੇ ਸੁਫਨਿਆ ਵਿੱਚ ਗੁਆਚ ਗਿਆ ਸੀ।ਕਰਮਾਂ ਕਾਂਡਾ ਦੇ ਡਰਾਉਣੇ ਸੁਫਨਿਆ ਵਿੱਚ ਗੁੰਮ ਸੁਮ ਨੀਂਦਰ ਵਿਗੁੱਤੇ ਸਮਾਜ ਨੂੰ ਜਿਸ ਮਰਦ-ਏ ਕਾਮਿਲ ਨੇ ਆਣ ਹਲੂਣਿਆ ਉਹੀ ਹੈ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ।ਉਸ ਵਕਤ ਐਸੇ ਸੰਪੂਰਨ ਮਨੁੱਖ ਦੀ ਅਤਿ ਜਰੂਰਤ ਸੀ ਜਿਵੇਂ ਕਿ ਅੱਜ ਵਿਗਿਆਨਕ ਅਧੁਨਿਕਤਾ ਦੇ ਦੌਰ ਵਿੱਚ ਫਿਰ ਉਹੀ ਕਰਮ ਕਾਂਡਾਂ ਵਾਲਾ ਦੌਰ ਮੁੜ ਆਇਆ ਲਗਦਾ ਹੈ ਤੇ ਇਸ ਵਕਤ ਵੀ ਬਾਬਾ ਨਾਨਕ ਜਿਹੇ ਮਰਦ-ਏ ਕਾਮਿਲ ਜਿਹੇ ਸੰਪੂਰਨ ਮਨੁੱਖ ਦੀ ਲੋੜ ਬੜੀ ਸ਼ਿਦਤ ਨਾਲ ਮਹਿਸੂਸ ਹੋ ਰਹੀ ਹੈ।

ਗੁਰੂ ਨਾਨਕ ਦੇ ਚਲਾਏ ਸਿੱਖ ਮੱਤ ਅਤੇ ਸੂਫੀ ਮੱਤ ਦਾ ਆਪਸੀ ਸੰਬੰਧ ਤਾਂ ਇਸ ਤਰਾਂ ਸਪਸ਼ਟ ਹੋ ਜਾਦਾ ਹੈ ਕਿ ਗੁਰੂ ਨਾਨਕ ਆਪ ਚਲ ਕੇ ਪਾਕ-ਪਟਨ ਗਏ ਅਤੇ ਬਾਬ ਫਰੀਦ ਦੀ ਦਰਗਾਹ ਦੀ ਦਰਗਾਹ ਦੇ ਬਾਰ੍ਹਵੇਂ ਖਲੀਫਾ ਸ਼ੇਖ ਇਬਰਾਹੀਮ ਪਾਸੋਂ ਬਾਬਾ ਫਰੀਦ ਦੀ ਬਾਣੀ ਲੇ ਕੇ ਆਏ,ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੱ ਸਾਮਲ ਕੀਤਾ।ਪੀਰ ਬੁੱਢਣ ਸ਼ਾਹ ਅਤੇ ਗੁਰੂ ਨਾਨਕ ਵਿਚਕਾਰ ਹੋਈਆਂ ਮੁਲਾਕਾਤਾਂ ਵੀ ਇਸ ਗੂੜ੍ਹੇ ਸੰਬੰਧ ਨੂੰ ਦਰਸਾਉਂਦੀਆਂ ਹਨ।ਸੂਫੀ ਸੰਤਾ ਤੇ ਗੁਰੂ ਸਹਿਬਾਨ ਦੇ ਪ੍ਰੇਮ ਸੰਬੰਧ ਉਸ ਸਮੇ ਸਿਖਰ ਤੇ ਪਹੁੰਚ ਗਿਆ ਜਦੋਂ ਹਜ਼ਰਤ ਮੀਰਾਂ ਭੀਖ ਨੇ ਉਸ ਦਿਨ ਪੱਛਮ ਵੱਲ ਮੂੰਹ ਕਰਕੇ ਨਮਾਜ਼ ਅਦਾ ਕਰਨ ਦੀ ਪਰੰਪਰਾ ਤੋਂ ਬੇਮੁੱਖ ਹੋ ਕੇ ਪੂਰਬ ਵਲ ਮੂੰਹ ਕਰਕੇ ਨਮਾਜ਼ ਅਦਾ ਕੀਤੀ,ਜਿਸ ਦਿਨ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਾਹਿਬ ਦਾ ਜਨਮ ਹੋਇਆ ਸੀ।ਹੈਰਾਨ ਪਰੇਸ਼ਾਨ ਚੇਲਿਆਂ ਦੇ ਪੁਛਣ ਤੇ ਕਿ ਉਹਨਾਂ ਅਜਿਹਾ ਕਿਉਂ ਕੀਤਾ? 'ਹੁਜ਼ਰਤ ਨੇ ਉੱਤਰ ਦਿੱਤਾ,'ਅੱਜ ਪੂਰਬ ਵਿੱਚ ਨੂਰ-ਏ ਇਲਾਹੀ ਦਾ ਜਨਮ ਹੋਇਆ ਹੈ"।ਅਗਲੇ ਦਿਨ ਹਜ਼ਰਤ ਮੀਰਾਂ ਭੀਖ ਆਪਣੇ ਕਈ ਚੇਲਿਆਂ ਬਾਲਕਾਂ ਨੂੰ ਨਾਲ ਲੈ ਕੇ ਪਟਨਾ

ਵਲ ਨੂੰ ਤੁਰ ਪਏ।ਕਦਮ ਕਦਮ ਚਲਦੀ ਇਹ ਫਕੀਰਾਂ ਦੀ ਟੋਲੀ ਜਦ ਪਟਨਾ ਪੁੱਜੀ ਤਾਂ ਬਾਲ ਗੁਰੂ ਇੱਕੀ ਦਿਨਾਂ ਦੇ ਹੋ ਗਏ ਸਨ।ਹਜ਼ਰਤ ਸਾਹਿਬ ਨੇ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ ਪਰ ਸਮੇਂ ਦੀ ਪਰਥਾ ਅਨੁਸਾਰ ਨਵਜੰਮੇ ਨੂੰ ਚਾਲੀ ਦਿਨਾਂ ਤੱਕ ਬਾਹਰ ਨਹੀਂ ਕੱਢਿਆ ਜਾਂਦਾ ਸੀ।ਫਕੀਰਾਂ ਦਾ ਉਤਸ਼ਾਹ,ਪਿਆਰ ਅਤੇ ਘਾਲਣਾ ਨੂੰ ਬਾਲ ਗੁਰੂ ਦੇ ਮਾਮਾ ਕ੍ਰਿਪਾਲ ਚੰਦ ਨੇ ਪ੍ਰਚਲਿਤ ਪ੍ਰਥਾ ਦੀ ਉਲੰਘਣਾ ਕਰਦਿਆਂ ਬਾਲ ਗੁਰੂ ਨੂੰ ਬਾਹਰ ਲੈ ਆਦਾ।ਹਰਜ਼ਤ ਮੀਰਾਂ ਭੀਖ ਨੇ ਦੋ ਕੂਜੇ ਬਾਲ ਗੁਰੂ ਦੇ ਸਾਹਮਣੇ ਕਰ ਦਿੱਤੇ ਇਹਨਾਂ ਵਿਚੋਂ ਇਕ ਕੂਜੇ ਵਿੱਚ ਪਾਣੀ ਤੇ ਦੂਸਰੇ ਵਿੱਚ ਦੁੱਧ।ਹਜ਼ਰਤ ਨੇ ਆਪਣੇ ਮੁਰੀਦਾਂ ਨੂੰ ਦੱਸ ਛਡਿਆ ਸੀ ਕਿ ‘ ਜੇਕਰ ਬਾਲ ਗੁਰੂ ਪਾਣੀ ਵਾਲੇ ਕੂਜੇ ਨੂੰ ਛੂਹਣਗੇ ਤਾਂ ਉਹ ਵੱਡੇ ਹੋ ਕੇ ਮੁਸਲਮਾਨਾਂ ਦਾ ਪੀਰ ਬਣਨਗੇ ਤੇ ਜੇ ਕਰ  ਦੁੱਧ ਵਾਲੇ ਨੂੰ ਛੂਹਣਗੇ ਤਾਂ ਹਿੰਦੂਆਂ ਦੇ ਗੁਰੂ ਬਣਨਗੇ।ਬਾਲ ਗੁਰੂ ਨੇ ਆਪਣੇ ਮਾਮੇ ਦੀਆਂ ਬਾਹਵਾਂ ਵਿੱਚ ਲੇਟਿਆਂ ਲੇਟਿਆਂ ਆਪਣੇ ਨਿਕੇ ਨਿਕੇ ਹੱਥ ਉਲਾਰੇ ਅਤੇ ਇਕੋ ਸਮੇਂ ਦੋਹਾਂ ਕੂਜਿਆਂ ਨੂੰ ਛੂਹ ਦਿੱਤਾ।ਹਜ਼ਰਤ ਬਹੁਤ ਖੁਸ਼ ਹੋਏ ਤੇ ਅਪਾਰ ਖੁਸ਼ੀ ਵਿੱਚ ਐਲਾਨ ਕਤਿਾ ਕਿ’ਬਾਲਕ ਸਾਂਝਾ ਪੀਰ ਬਣੇਗਾ’।

ਦੋਹਾਂ ਮਤਾਂ ਦੀ ਨੇੜਤਾ ਇਸ ਘਟਨਾ ਵਿੱਚੋ ਵੀ ਵਿਖਾਈ ਦੇਂਦੀ ਹੈ ਕਿ’ਜਦੋਂ ਗੁਰੂ ਗੋਬਿੰਦ ਸਿੰਘ ਦੀ ਫੌਜ ਪਹਾੜੀ ਰਾਜਿਆਂ ਵਿਰੁੱਧ ਭੰਗਾਣੀ ਦਾ ਯੁੱਧ ਲੜ ਰਹੀ ਸੀ ਤਾਂ ਪੀਰ ਬੁੱਧੂ ਸ਼ਾਹ ਆਪਣੇ 700 ਸਾਥੀਆਂ ਸਹਿਤ ਜੰਗ ਵਿੱਚ ਸ਼ਰੀਕ ਹੋਇਆ ਸੀ।ਉਸਦੇ ਦੋ ਭਰਾ ਤੇ ਚਾਰ ਪੁੱਤਰ ਵੀ ਸਨ।ਇਸ ਜੰਗ ਵਿੱਚ ਪੀਰ ਦੇ ਦੋ ਪੁੱਤਰਾਂ ਤੇ ਇਕ ਭਰਾ ਤੇ ਕਈ ਮੁਰੀਦਾਂ ਨੇ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਦਰਜ ਕਰਾਈ ਸੀ।ਦੋਹਾਂ ਮਤਾਂ ਦਾ ਆਪਸੀ ਪਰੇਮ ਉਸ ਵਕਤ ਸਿਖਰਾਂ ਤੇ ਜਾ ਪੁਜਦਾ ਹੈ,ਜਦੋਂ ਸਿਖਾਂ ਦੇ ਮੱਕੇ ਮਦੀਨੇ’’ਸ੍ਰੀ ਹਰਮੰਦਰ ਸਾਹਿਬ ਦਾ ਨੀਂਹ ਪੱਥਰ ਸੂਫੀ ਸੰਤ ਹਜ਼ਰਤ ਮੀਆਂ ਮੀਰ ਦੁਆਰਾ ਰੱਖਿਆ ਗਿਆ ਜਾਂਦਾ ਹੈ ਆਪਸੀ ਸੰਬੰਧਾਂ ਦੀ ਗਾਥਾ ਤੋਂ ਅਗਾਂਹ ਦਾਰਸ਼ਨਿਕ ਪੱਧਰ ਤੇ ਵੀ ਸਿੱਖਮਤ ਅਤੇ ਸੂਫੀ ਮੱਤ ਵਿਚ ਕਾਫੀ ਸਮਾਨਤਾ ਦਿਖਦੀ ਹੈ। ਕਟੜ ਪੰਥੀਆਂ ਵਲੋਂ ਇਸਲਾਮ ਵਿਰੋਧੀ ਆਖੇ ਜਾਣ ਤੇ ਫਾਂਸੀਆਂ ਦੇ ਫੰਦੇ ਚੁੰਮਣ ਦੇ ਬਾਵਜੂਦ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੂਫੀ ਸੱਚੇ ਸੁੱਚੇ ਮੁਸਲਮਾਨ ਸਨ।ਕਲਮੇ ਤੇ ਉਹਨਾਂ ਦਾ ਈਮਾਨ ਸੀ।ਕਲਮਾ ਇਸਲਾਮ ਦੀ ਬੁਨਿਆਦਿ ਹੈ।ਕਲਮੇ ਦਾ ਪੂਰਬ-ਅੱਧ”ਲਾ ਇਲਾਹ ਇਲਿਲਾਹ” ਹੈ’,ਜਿਸ ਦਾ ਅਰਥ ਹੈ-ਨਹੀਂ ਕੋਈ ਖੁਦਾ ਨਹੀਂ,ਸਿਵਾਇ ਇਕ ਖੁਦਾ  ਦੇ”।ਇਧਰ ਗੁਰੂਬਾਣੀ ਦੇ’ਪ੍ਰਮਾਤਮਾ’ ਦੇ ਸਰੂਪ ਦੀ ਵਿਆਖਿਆ ਇਕ ਓਂਕਾਰ ਆਖ ਕੇ ਕਰਦੀ ਹੈ।ਗੁਰਬਾਣੀ ਦਾ ਬ੍ਰਹਮ ਕਾਲ ਅਤੀਤ ਹੈ, ਕਰਤਾ ਹੈ,ਨਿਰਭੈ ਹੈ ਨਿਰਵੈਰ ਹੈ।ਸੂਫੀਆਂ ਦਾ ਰਬੁੱਲ-ਇਜ਼ਤ ਵੀ ਲਾ’ਸ਼ਰੀਕ ਹੈ,ਉਸਦੀ ਪ੍ਰਭੁਤਾ ਵਿੱਚ ਕਿਸੇ ਹੋਰ ਸ਼ਕਤੀ ਦਾ ਦਖ਼ਲ ਨਹੀਂ ਹੈ।‘ਉਹ ‘ਲਾ ਜਵਾਲ ਹੈ’,ਉਸਦਾ ‘ਲਾ ਮਹਿਦੂਦ ਹੈ,ਉਸਦੀ ਪ੍ਰਭੂਤਾ ਬੇਅੰਤ ਹੈ,ਉਹ ਆਦਿ ਹੈ,ਨਾਂ ਉਸ ਤੋਂ ਪਹਿਲਾਂ ਕੋਈ ਹੋਂਦ ਸੀ ਅਤੇ ਨਾ ਉਸਦੀ ਮਰਜੀ ਤੋਂ ਬਿਨਾਂ ਕੋਈ ਹੋਂਦ ਸੰਭਵ ਹੈ,ਉਹ ਜਨਮ ਮ੍ਰਿਤੂ ਤੋਂ ਆਜਾਦ ਹੈ’।‘ਗੁਰੂਬਾਣੀ ਅਨੁਸਾਰ



“ਏਕ ਓਂਕਾਰ ਅਵਰ ਨਹੀਂ ਦੂਜਾ,ਨਾਨਕ ਏਕ ਸਮਾਇ”।      ------ਪ੍ਰਭੂ ਦੇ ਏਕਤਵ ਬਾਰੇ ਵਿਸ਼ਵਾਸ ਵਿੱਚ ਕੀਤੇ_ਬਿਨਾਂ ਕੋਈ ਵਿਅਕਤੀ ਪੂਰਨ ਮਨੁੱਖ ਨਹੀਂ ਬਣ ਸਕਦਾ,ਕਿਉਂਕਿ ਇਸ ਵਿਸ਼ਵਾਸ ਦੀ ਅਣਹੋਂਦ ਹੀ ਹਊਮੇ ਨੂੰ ਜਨਮ ਦੇਂਦੀ ਹੈ।ਜਦੋਂ ਤੱਕ ਵਿਅਕਤੀ ਇਸ ਪਰਮ ਸਚਾਈ ਨੂੰ ਆਪਣੇ ਅੰਗ ਸੰਗ ਨਹੀਂ ਕਰਦਾ,ਉਦੋਂ ਤੱਕ ਉਸ ਪਰਮ ਸ਼ਕਤੀ ਦੇ ਸਰਬਵਿਆਪੀ,ਸਰਬਸ਼ਕਤੀ ਮਾਨ,ਜਰੇ-ਜਰੇ ਵਿੱਚ ਮੌਜੂਦ ਹੋਣ ਬਾਰੇ ਨਿਸਚਾ ਨਹੀਂ ਹੋ ਸਕਦਾ।ਇਸ ਨਿਸਚੇ ਦੇ ਹੋਣ ਤੇ ਹੀ ਸਾਰੇ ਭਰਮ ਦੂਰ ਹੋ ਜਾਂਦੇ ਹਨ,ਤੇ ਜੀਵ ਪ੍ਰਭੂ ਦਾ ‘ਬੰਦਾ ਤੇ ਪ੍ਰਭੂ ਦਾ ਦਾਸ ਬਣ ਜਾਂਦਾ ਹੈ।ਜਦੋਂ ਇਸ ਓਂਕਾਰ ਦਾ ਮੂਲ ਮੰਤਰ ਹਿਰਦੇ ਵਿੱਚ ਸਮਾ ਜਾਂਦਾ ਹੈ ਤੇ ਉਹ ਹਉਮੈਂ ਮੁਕਤ ਹੋ ਜਾਂਦਾ ਹੈ।

“ਏਕਕੋ ਏਕ ਕਹੇਂ ਸਭ ਕੋਈ ਹਉਮੈ ਗਰਭ ਨਾ ਵਿਆਪੇ॥ਅੰਤਰ ਬਾਹਰ ਏਕ ਪਛਾਣੈ ਇਉਂ ਘਰੁ ਮਹਿਲੁ ਸਿਞਾਪੇ॥

ਇਸ ਦਾਰਸ਼ਨਿਕ ਨੁਕਤੇ ਨੂੰ ਗੁਰੂ ਨਾਨਕ ਨੇ ਬੜੈ ਸਰਲ ਸ਼ਬਦਾਂ ਵਿੱਚ ਬਖਾਨਿਆ ਹੈ।,”


“ ਹਊਮੈਂ ਨਾਵੈਂ ਨਾਲਿ ਵਿਰੋਧੁ ਹੈ,,ਦੁਇ ਨਾ ਵਸੁਹ ਏਕ ਠਾਇ”।

ਅਕਾਲ ਉਸਤਤਿ ਵਿੱਚ ਹਊਮੇ ਤੋਂ ਮੁਕਤੀ ਲਈ ਉਸੇ ਤਰਾਂ ਇਕ ਓਂਕਾਰ ਨੂੰ ਹਿਰਦੇ ਵਿੱਚ ਵਸਾਉਣ ਦਾ ਉਪਦੇਸ਼ ਦਿੱਤਾ ਗਿਆ ਹੈ, ਜਿਸ ਤਰਾਂ ਸੂਫੀ ਕਲਮੇ ਤੇ ਈਮਾਨ ਦ੍ਰਿੜ ਕਰਨ ਦਾ ਉਪਦੇਸ਼ ਦਿੰਦੇ ਹਨ।ਓਂਕਾਰ ਦੀ ਦਾਰਸਨਿਕਤਾ ਹੈ-ਗੁਰੁ ਨਾਨਕ ਦੇਵ ਜੀ ਨੇ’ ਓਕਾਰ ਤੋਂ ਪਹਿਲਾਂ ੧ੳ ਏਕ ਲਿਖ ਕੇ ਸ੍ਰਿਸਿਟੀ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ,ਸਿਫ਼ਰ ਜਾਂ ਜੀਰੋ ਸੁੰਨ ਦੀ ਪ੍ਰਤੀਕ ਹੈ।ਇਸ ਲਈ ਗੁਰੂ ਜੀ ਨੇ ਸੁੰਨ ( ਸ਼ੁਨਯ) ਦਾ ਪ੍ਰਯੋਗ ਨਾ ਕਰਕੇ ੧ੳ ਦਾ ਪ੍ਰਯੋਗ ਕੀਤਾ ਹੈ।ਏਕ ਪ੍ਰਤੀਕ ਹੈ ਹੋਂਦ ਦਾ ਵਜੂਦ ਦਾ,ਇਸਦਾ ਅਰਥ ਹੈ ਕਿ ਗੋਚਰ ਅਗੋਚਰ ਸਭ ਉਥੇ 1 ਦਾ ਪਸਾਰ ਹਨ,ਆਪਣੀ ਮਰਜੀ ਨਾਲ ਨਾ ਕੋਈ ਵਜੂਦ ਹੁੰਦਾ ਹੈ ਤੇ ਨਾਂ ਕੋਈ ਹੋਂਦ ਪੈਦਾ ਹੁੰਦੀ ਹੈ। ਇਹੋ ਨੁਕਤਾ ਸੂਫੀ ਮੱਤ ਵਿੱਚ ਤਿੰਨ ਅਵਸਥਾਵਾਂ ਵਿੱਚ ਬਿਆਨ ਕੀਤਾ ਗਿਆ ਹੈ,ਜਿਸਨੂੰ ‘ਫਲਸਫਾ-ਏ ਜਬਰੋ-ਕਦਰ’ਕਿਹਾ ਜਾਂਦਾ ਹੈ।ਸੂਫੀ ਸਾਧਕਾਂ ਦੇ ਵਿਸਵਾਸ ਦੀ ਇਕ ਅਵਸਥਾ ਇਹ ਹੈ ਕਿ ਇਨਸਾਨ ਕੁਝ ਵੀ ਵਿਚਾਰ ਕਰਨ ਦੇ ਸਮਰੱਥ ਨਹੀਂ ਹੈ,ਇਸ ਵਿਸਵਾਸ ਨੂੰ’ਜਬਰ’ ਆਖਦੇ ਹਨ ਅਤੇ ਇਸ ਨੂੰ ਮੰਨਣ ਵਾਲੇ ‘ਜਬਰੀਆ’ਅਖਵਾਉਂਦੇ ਹਨ।ਵਿਸ਼ਵਾਸ਼ ਦੀ ਦੂਜੀ ਅਵਸਥਾ ਇਹ ਹੈ ਕਿ ਸਭ ਕੁਝ ਕਰਨ ਕਰਾਵਣਹਾਰ ਤਾਂ ਪਰਮਾਤਮਾ ਹੀ ਹੈ,ਪਰ ਇਨਸਾਨ ਆਪਣੇ ਕਰਮਾਂ ਲਈ ਆਪ ਜਵਾਬਦੇਹ ਹੈ।ਕਰਮ ਇਨਸਾਨ ਆਪ ਕਰਦਾ ਹੈ,ਪ੍ਰਭੂ ਦੀ ਰਜ਼ਾ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।ਇਸ ਅਵਸਥਾ ਨੂੰ’ਕਦਰ’ਆਖਿਆ ਜਾਂਦਾ ਹੈ ਅਤੇ ਇਸ ਦੇ ਧਾਰਨੀ’ਕਦਰੀਆ’ਅਖਵਾਉਂਦੇ ਹਨ।ਤੀਜੀ ਅਵਸਥਾ ਇਹ ਹੈ ਕਿ ਸਮੂਹ ਕਰਮਾਂ ਦਾ ਮਾਲਕ ਪ੍ਰਮਾਤਮਾ ਹੈ ਪਰ ਆਪਣੇ ਕਰਮਾ ਦਾ ਕਾਰਨ ਇਨਸਾਨ ਆਪ ਹੈ।ਇਸੇ ਕਾਰਨ ਇਨਸਾਨ ਆਪਣੇ ਕਰਮਾ ਲਈ ਆਪ ਜਵਾਬਦੇਹ ਹੈ,ਇਸ ਧਾਰਨਾ ਨੂੰ’ਬੈਨੁਲ-ਜਬਰੋ-ਕਦਰ’ਆਖਦੇ ਹਨ।

ਗੁਰੂਬਾਣੀ ਵਿੱਚ ਇਹ ਤਿੰਨੇ ਅਵਸਥਾਵਾਂ ਦਰਜ ਹਨ।ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰੂ ਸਹਿਬਾਨ ਦਾ ਜੋ ਪ੍ਰੇਮ ਸੰਬੰਧ ਸੂਫੀ ਸੰਤਾਂ ਨਾਲ ਰਿਹਾ ਹੈ ਅਤੇ ਜੋ ਸੰਵਾਦ ਨਿਰੰਤਰ ਉਨ੍ਹਾਂ ਵਿਚਕਾਰ ਚਲਦਾ ਰਿਹਾ ਹੈ,ਉਸਦੀ ਰੌਸ਼ਨੀ ਵਿੱਚ ਵੇਖੀਏ ਤਾਂ ਸਾਨੂੰ ਗੁਰਬਾਣੀ ਵਿੱਚ ਸੂਫੀ ਸ਼ਬਦਾਵਲੀ ਦੇ ਦਰਸ਼ਨ ਵੀ ਹੁੰਦੇ ਹਨ ਅਤੇ ਕਈ ਇਸਲਾਮੀ ਮਾਨਤਾਵਾਂ ਵੀ ਨਜ਼ਰ ਆਉਂਦੀਆਂ ਹਨ।ਦੋਵਾਂ ਮਤਾਂ ਦੀ ਇਸ ਨੇੜਤਾ ਨੂੰ ਸਮਝਣ ਦੀ ਲੋੜ ਵੀ ਹੈ ਤੇ ਸਾਂਭਣ ਦੀ ਵੀ ਹੈ।

ਇਹ ਸਾਡੇ ਅਜ਼ੀਮ ਗੁਰੂਆਂ ਦੀ ਅਜ਼ੀਮ ਖੋਜ ਵੀ ਹੈ ਤੇ ਇਸੀ ਤੋਂ" ਏਕ ਪ੍ਰਭੂ ਏਕਸ ਕੇ ਹਮ ਬਾਲਕ"ਦਾ ਸਬੂਤ ਵੀ ਮਿਲਦਾ ਹੈ।

"ਏਕ ਪਿਤਾ ਏਕਸ ਕੇ ਹਮ ਬਾਲਕ " ।ਮਾਨੁਸ ਕੀ ਜਾਤਿ ਸਬੈ ਏਕ ਪਹਿਚਾਨਬੋ"।





## " ਹਾਏ ' ਤਬੁਸਮ ਤੇਰਾ "

"ਤੁਮ ਆਜ ਮੇਰੇ ਸੰਗ ਹਸ ਲੋ,ਤੁਮ ਆਜ ਮੇਰੇ ਸੰਗ ਗਾ ਲੋ,

ਹੰਸਤੇ ਗਾਤੇ, ਹੰਸਤੇ ਗਾਤੇ,ਜੀਵਨ ਕੀ ਹਰ ਰਾਹ ਅਪਨਾ ਲੋ"॥

"ਇਕ ਬਾਰ ਮੁਸਕਰਾ ਦੋ-------

ਇਕ ਸੀ ਚਿੜਾ,ਇਕ ਸੀ ਚਿੜੀ,ਦੋਨੋਂ ਕੀ ਸ਼ਾਦੀ ਹੋ ਗਈ ,ਔਰ ਦੋਨੋ ਹੋ ਗਏ ਚਿੜਚਿੜੇ ॥.---ਹਹਹਹਹ ਜਰਾ ਮੁਸਕਰਾ ਦੋ....।

ਹਾਸਾ ਪਰੇਮ ਦੀ ਭਾਸਾ,ਦਿਲ ਦੀ ਜੁਬਾਨ.ਅਪਣੱਤ ਦਾ ਮੁਹਾਂਦਰਾ ਹੈ।ਹਸਦੇ ਚਿਹਰੇ ਖੁਸ਼ਖਬਰੀ ਦੇ ਸੂਹੀਏ ਹੁੰਦੇ ਹਨ,ਤਾਹੀਓਂ ਤੇ ਹਸਦਿਆਂ ਨਾਲ ਹਰ ਕੋਈ ਹਸਦਾ ਹੈ,ਰੋਣ ਵਾਲਾ ਇਕੱਲਾ ਰਹਿ ਜਾਦਾ ਹੈ।ਉਮਰ ਵਿੱਚ ਹਸਣ ਦੇ ਮੌਕੇ ਬਹੁਤ ਘੱਟ ਮਿਲਦੇ ਹਨ ਕਿਉਂਜੋ ਦੁਨੀਆਂਦਾਰੀ ਦੇ ਝਮੇਲੇ ਇਹਨਾਂ ਤੇ ਭਾਰੂ ਪੈ ਜਾਦੇ ਹਨ।ਪਰ ਇਹ ਜਿੰਨੇ ਵੀ ਮਿਲਣ ਜਿਸ ਉਮਰ ਵਿੱਚ ਵੀ ਮਿਲਣ ਪਾਸਾ ਮਾਰ ਕੇ ਨਹੀਂ ਲੰਘਣ ਦੇਣੇ ਚਾਹੀਦੇ ਬਲਕਿ ਲੁਟ, ਖੋਹ ਲੈਣੇ ਚਾਹੀਦੇ ਹਨ।

ਹੱਸ ਲੈ ਨੀ ਕੁੜੀਏ ਖੇਡ ਲੈ ਨੀ ਅੜੀਏ

ਹੱਸਣਾ ਤੇ ਖੇਡਣਾ ਰਹਿ ਜਾਊਗਾ,ਲੰਘ ਗਿਆ ਜੋ ਦਿਨ ,ਮੁੜ ਨਹੀਂ ਆਊਗਾ।

-ਸੁਭਾਅ ਦੀ ਵੰਨਗੀ ਹੈ ਕਿ,ਖੁਸਕ ਮਿਲਾਪੜਾ,ਕੌੜਾ ਕਸੈਲਾ,ਹਸਮੁਖ,ਸੁਭਾਅ ਦੀਆਂ ਵੰਨਗੀਆਂ ਵਿਚੋਂ ਮਿਲਾਪੜਾ ਤੇ ਹੱਸਮੁਖ ਜਿਆਦਾ ਪਸੰਦ ਕੀਤਾ ਜਾਂਦਾ ਹੈ।ਬੰਦੇ ਦੇ ਤੁਰ ਜਾਣ ਬਾਦ ਵੀ ਬਾਕੀ ਹੱਸ ਦੰਦਾ ਦੀ ਪ੍ਰੀਤ ਹੀ ਰਹਿ ਜਾਂਦੀ ਹੈ।

"ਹੱਸ-ਹੱਸ ਸੱਭ ਨੂੰ ਮਿਲੇ 'ਉਲਫ਼ਤ',,--ਰੋ ਰੋ ਕੇ ਦੁਨੀਆਂ ਯਾਦ ਕਰੇ "

ਹੱਸਮੁਖ ਚਿਹਰਾ ਖੁਬਸੂਰਤ ਦਿਖਣ ਦੇ ਨਾਲ ਸੁਖ-ਸ਼ਾਂਦ,ਰਾਜ਼ੀ ਖੁਸ਼ੀ ਦਾ ਸੁਨੇਹਾ ਵੀ ਛੱਡਦਾ ਹੈ।ਹਾਸਾ ਪ੍ਰੀਤ ਪਿਆਰ ਦੀ ਭਾਸ਼ਾ ਹੈ,ਰੂਹ ਦੀ ਜੁਬਾਨ ਹੈ,ਦਿਲ ਦੀ ਖੁਸ਼ੀ ਹੈ।" ਹਾਏ ਤਬੁਸਮ ਤੇਰਾ, ਜੰਨਤ ਕਾ ਜੈਸੇ ਸਵੇਰਾ"......

" ਹਾਏ ਰੋਕੋ ਨਾਂ ਅਪਨੀ ਹੰਸੀ ਕੋ , ਜੀਨੇ ਦੋ 'ਵੱਲਾ' ਕਿਸੀ ਕੋ ਹੋ"॥

ਗੁਰੂਬਾਣੀ ਦਰਸਾਉਂਦੀ ਹੈ,ਹੱਸਣਾ ਖੇਡਣਾ ਮਨ ਕਾ ਚਾਓ,ਮਸਲਨ ਬਾਕੀ ਦੇ ਪੰਜ ਤੱਤਾਂ ਦੇ ਨਾਲ ਤੇ ਹੋਰ ਦੁਨੀਆਵੀ ਚਾਅਵਾਂ ਦੇ ਨਾਲ ਹਸਨਾ ਖੇਡਣਾ ਤੇ ਖੁਸ਼ ਹੋਣਾ ਤੇ ਖੁਸ਼ ਰਹਿਣਾ ਵੀ ਮਨੁੱਖੀ ਸਿਹਤ

ਦਾ ਚਾਅ ਹੈ।ਆਤਮਿਕ ਖੁਸ਼ੀ ਨੂੰ ਗੁਰੂਬਾਣੀ ਵਿਚ ਸਰੀਰਕ ਤੇ ਮਾਨਸਿਕ ਜਰੁਰਤ ਦਾ ਦਰਜਾ ਦੇ ਕੇ ਮਾਨਤਾ ਦਿੱਤੀ ਦਿੱਤੀ ਗਈ ਹੈ।ਡਾਕਟਰ ਤੇ ਨਰਸ ਦੇ ਚਿਹਰੇ ਦੀ ਮੁਸਕਾਨ,ਹੱਸਦੀ ਤੱਕਣੀ ਮਰੀਜ਼ ਦਾ ਅੱਧਾ ਦੁੱਖ ਹਰਨ ਕਰ ਦੇਂਦੀ ਹੈ।ਮੈਡੀਕਲ ਸਾਇੰਸ ਨੇ ਇਕ ਨਵੀ ਖੋਜ ਕੀਤੀ ਹੈ ਕਿ ਇਕ ਵਾਰ ਦਿਲ ਦੇ ਦੌਰੇ ਚੋਂ ਬੱਚ ਜਾਵੇ ਤਾਂ ਰੋਜ਼ ਪੰਦਰਾਂ ਮਿੰਟ ਖੁਲ੍ਹ ਕੇ ਹਸਦਾ ਰਹੇ ਤਾਂ ਦੁਬਾਰਾ ਦੌਰਾ ਪੈਣ ਦੀ ਸੰਭਾਵਨਾ ਘਟ ਜਾਂਦੀ ਹੈ,ਇਸੇ ਲਈ ਤਾਂ ਨਵੀਂ ਥੇਰੇਪੀ, 'ਲਾਫ਼ਟਰ ਥੇਰੇਪੀ' ਹੋਂਦ ਵਿੱਚ ਆ ਗਈ ਹੈ।ਮਾਸ ਪੇਸ਼ੀਆਂ ਨੂੰ ਖੋਲ੍ਹਣ ਲਈ ਲੋਕ ਰੋਜ਼ ਸਵੇਰੇ ਪਾਰਕਾਂ ਵਿੱਚ ਠਹਾਕੇ ਲਾਉਂਦੇ ਹਨ। ਯੋਗਾ ਵਿੱਚ ਵੀ ਹਾਸੇ ਨੂੰ ਅਹਿਮ ਸਥਾਨ ਦਿੱਤਾ ਗਿਆ ਹੈ।ਹਾਸਾ ਬੀ.ਪੀ ਨਾਰਮਲ ਰੱਖਦਾ ਹੈ।ਇਸ ਨਾਲ ਸਟੀਰਾਇਡ ਰਸਾਇਣ ਦਾ ਪੱਧਰ ਵੀ ਘੱਟ ਜਾਂਦਾ ਹੈ।ਮੈਡੀਕਲ ਖੋਜ ਇਹ ਵੀ ਦਸਦੀ ਹੈ ਕਿ'ਪੰਜ ਮਿੰਟ ਹੱਸਣ ਨਾਲ ਬੀਮਾਰੀਆਂ ਨਾਲ ਲੜਨ ਦੀ ਸਮਰੱਥਾ 53 ਫੀ ਸਦੀ ਤੱਕ ਵੱਧ ਜਾਦੀ ਹੈ।

ਜਾਨਵਰ ਤੇ ਪਰਿੰਦੇ ਵੀ ਖੁਸ਼ ਹੁੰਦੇ ਹਨ ਤੇ ਖੁਸ਼ੀਆਂ ਵੰਡਦੇ ਹਨ,ਪੌਦੇ ਪੇੜ ਵੀ ਖੁਸ਼ੀ ਵਿੱਚ ਝੂਮਦੇ ਹਨ,ਫੁੱਲ ਖਿੜਦੇ ਹਨ,ਹਰੇ ਪੱਤੇ ਝੁਮਦੇ ਹਨ,ਮੋਰ ਪੈਲ ਪਾਉਂਦਾ ਹੈ,ਕੋਇਲ ਗਾਉਂਦੀ ਹੈਂ,ਖੂੰਖਾਰ ਸ਼ੇਰਨੀ ਵੀ ਖੁਸ਼ੀ ਵਿੱਚ ਆਪਣੇ ਬੱਚੇ ਨੂੰ ਚੁੰਮਦੀ ਚਟਦੀ ਹੈ।ਪਰ ਖੁਸ਼ੀ ਵਿੱਚ ਹਾਸੇ ਦਾ ਟਣਕਣਾ ਸਿਰਫ਼ ਮਨੁੱਖ ਦੇ ਹਿੱਸੇ ਹੀ ਆਇਆ ਹੈ।ਬਹੁਤ ਪੁਰਾਣੀ ਗਲ ਨਹੀਂ ਹੈ,ਜਦ ਬੰਦੇ ਨੂੰ ਹਾਸੇ ਦੀ ਇਹ ਮਹੱਤਤਾ ਦਾ ਪਤਾ ਨਹੀਂ ਸੀ ਕੋਈ ਠਹਾਕਾ ਲਾਉਂਦਾ ਤਾ ਦੂਸਰਾ ਉਹਨੂੰ ਗੰਵਾਰ ਸਮਝਦਾ,ਕੁੜੀਆਂ ਨੂੰ ਤੇ ਵੱਡਿਆਂ ਸਾਹਮਣੇ ਤਾਂ ਬਿਲਕੁਲ ਵੀ ਖੁਲ੍ਹ ਕੇ ਹੱਸਣ ਦੀ ਆਜਾਦੀ ਨਹੀਂ ਸੀ,ਕਿਤੇ ਕੋਈ ਹਾਸਾ ਨਾ ਰੋਕ ਸਕਦੀ ਤਾਂ ਮਾਂ ਦਾਦੀ ਝੱਟ ਟੋਕ ਦਿੰਦੀਆਂ,ਬਲਾਏ ਦੰਦੀਆਂ ਨਾਂ ਕੱਢੀ ਜਾ,ਚਲ ਅੰਦਰ ਜਾ'।ਮਾਹੀਏ ਨਾਲ ਹੱਸਣ ਖੇਡਣ ਦਾ ਚਾਅ ਪੂਰਾ ਕਰਨ ਲਗਦੀ ਤੇ ਉਥੇ ਵੀ ਪਨਾਹ ਨਹੀਂ,---"ਚਿੱਟੇ ਦੰਦ ਹਸਣੋ ਨਹੀਂ ਰਹਿੰਦੇ ਤੇ ਲੋਕੀਂ ਭੈੜੈ ਸ਼ੱਕ ਕਰਦੇ'।-ਅਕਾਰਨ ਹੀ ਮਾਹੀਏ ਦਾ ਮੱਥਾ ਸੱਪਾਂ ਦੀ ਪਟਾਰੀ ਬਣ ਜਾਂਦਾ, ਵਿਚਾਰੀ ਆਪਣੀ ਨਣਦ ਨੂੰ ਸੁਣਾ ਕੇ ਕਹਿੰਦੀ,ਹਰੀਆਂ ਪੱਤੀਆਂ ਵਿੱਚ ਫੁੱਟੀ ਕਪਾਹ ਨੂੰ ਵੇਖ ਉਹਦਾ ਵੀ ਜੀਅ ਕਰਦਾ ਜੋ ਮਾਹੀ ਉਹਦੇ ਨਾਲ ਇੰਜ ਹੀ ਖਿਲਖ਼ਲਾਵੇ-"

'ਚਿੱਟੀਆਂ ਕਪਾਹ ਦੀਆ ਫੁੱਟੀਆਂ ਹਾਏ ਨੀ ਪੱਤ ਹਰੇ ਹਰੇ

,ਆਖ ਨੀ ਨਣਾਨੇ ਤੇਰੇ ਵੀਰ ਨੂੰ ਕਦੇ ਤੇ ਭੈੜਾ ਹੱਸਿਆ ਕਰੇ"।

ਆਮ ਜੀਵਨ ਤਾਂ ਤਾਨਪੁਰੇ ਵਰਗਾ ਹੈ,ਚੋਟ ਖਾਤਾ ਹੈ ਔਰ ਗੁਨਗੁਨਾਤਾ ਹੈ ,ਮੁਸਕਾਤਾ ਹੈ।ਬੰਸਰੀ ਦੇ ਸੀਨੇ ਵਿੱਚ ਕਿੰਨੇ ਛੇਦ ਹੁੰਦੇ ਨੇ ਫਿਰ ਵੀ ਉਹ ਮਿੱਠਾਸ ਛੱਡਦੀ ਹੈ।ਕੋਈ ਦੁੱਖ ਉਮਰ ਭਰ ਲਈ ਨਹੀਂ ਹੁੰਦਾ ਖੁਸ਼ੀ ਵੀ ਆਉਂਦੀ ਜਾਂਦੀ ਰਹਿੰਦੀ ਹੈ।ਤੇ ਵਕਤ ਕੋਲ ਤਾਂ ਮਰਹਮ ਦੇ ਭਰੇ ਕਈ ਡੱਬੇ ਹਨ,ਉਸਦਾ ਕੰਮ ਹੈ ਜਖ਼ਮ ਕੁਰੇਦਣਾ ਤੇ ਮਰਹਮ ਲਾਉਣਾ,ਫਿਰ ਕਾਹਦਾ ਘਬਰਾਉਣਾ,ਹੱਸ ਲੇ...



ਇਹ ਤਾਂ ਹੁਣ ਹੀ ਕੁਝ ਚਿਰ ਤੋਂ ਨਸ਼ਰ ਕੀਤਾ ਜਾਣ ਲਗਾ ਹੈ ਕਿ ਹਾਸਾ ਦਿਲ, ਦਿਮਾਗ ਦੀ ਤੰਦਰੁਸਤੀ ਲਈ ਕਿੰਨਾ ਮਹੱਤਵਪੂਰਣ ਹੈ।ਨੰਨਾ ਮੁੰਨਾ ਸੱਭ ਤੋਂ ਪਹਿਲੇ ਰੋਣਾ ਤੇ ਹੱਸਣਾ ਸਿਖਦਾ ਹੈ,ਬੱਚੇ ਨੂੰ ਹੋਠਾਂ ਤੇ ਉਂਗਲੀ ਰੱਖ ਕੇ ਸ਼ੀ..ਕਰ ਕੇ ਹਸਾਇਆ ਜਾਂਦਾ ਹੈ ਤੇ ਵਿੱਧ ਮਾਤਾ ਉਸਨੂੰ ਨੀਂਦ ਵਿੱਚ ਹਸਾਉਦੀ ਹੈ,ਬੱਚਾ ਸੁੱਤਾ ਹੋਇਆ ਕਈ ਵਾਰ ਮੁਸਕਰਾਉਂਦਾ ਤੇ ਕਈ ਵਾਰ ਖਿੜਖਿੜਾ ਕੇ ਹੱਸਦਾ ਹੈ ਤੇ ਇਹ ਉਸਦੇ ਸਰੀਰਕ ਤੇ ਮਾਨਸਿਕ ਵਿਕਾਸ ਦਾ ਜਰੀਆ ਹੈ।ਜਿੰਨਾ ਹਾਸਾ ਜਰੂਰੀ ਹੈ ਲਗਭਗ ਉਤਨਾ ਹੀ ਰੋਣਾ ਜਰੂਰੀ ਹੈ,ਮੂੰਹ ਖੋਲ੍ਹ ਕੇ ਜੋਰ ਦੀ ਰੋਣ ਨਾਲ ਮਾਸ-ਪੇਸ਼ੀਆਂ ਦਾ ਵਿਕਾਸ ਹੁੰਦਾ ਹੈ।ਇਹ ਵਿਚਾਰਨ ਵਾਲੀ ਗਲ ਹੈ ਕਿ ਗਰੀਬ ਬੱਚੇ ਜੋ ਬਹੁਤ ਘੱਟ ਖਾਂਦੇ ਹਨ,ਜਿਨ੍ਹਾਂ ਨੂੰ ਖਾਣ ਲਈ ਮਿਲਦਾ ਹੀ ਘੱਟ ਹੈ,ਇਹ ਬੱਚੇ ਮਿੱਟੀ ਨਾਲ ਮਿੱਟੀ ਹੋ ਰੱਜ ਕੇ ਹੱਸਦੇ ਖੇਡਦੇ ਤੇ ਰੱਜ ਕੇ ਉੱਚੀ ਉੱਚੀ ਰੋਂਦੇ ਹਨ,ਖੂਬ ਲੜਦੇ,ਕੁੱਟਦੇ,ਕੁੱਟ ਖਾਂਦੇ,ਫਿਰ ਉਸ ਵੇਲੇ ਹੀ ਘੁਲ ਮਿਲ ਜਾਂਦੇ ਤੇ ਕਿਲਕਾਰੀਆਂ ਮਾਰਨ ਲਗਦੇ ਹਨ ਐਸੇ ਕੁਪੋਸ਼ਣ ਵਾਲੇ ਬੱਚਿਆਂ ਦੇ ਚਿਹਰੇ ਅਮੀਰਾਂ ਦੇ ਬੱਚਿਆਂ ਨਾਲੋਂ ਨਰੋਏ ਤੇ ਦਿਲਕਸ਼ ਦਿਸਦੇ ਹਨ,ਇਹਨਾਂ ਦੇ ਖੁਲ੍ਹੇ ਹੱਡ ਪੈਰ,ਤੇ ਮਜਬੂਤ ਡੌਲੇ, ਗੋਲ ਭਰਵੇਂ ਚਿਹਰੇ,ਅਮੀਰਾਂ ਦੇ ਬੱਚਿਆਂ ਦੀ ਨਿਸਬਤਨ ਖਿੱਚ ਭਰਪੂਰ ਹੁੰਦੇ ਹਨ।ਸਪਸ਼ਟ ਹੈ ਕਿ ਵੱਧਣ ਫੂਲਣ ਲਈ ਖਾਣੇ ਤੋਂ ਇਲਾਵਾ ਸ਼ਾਂਤ ਮਾਹੌਲ ਤੇ ਖੁਲ੍ਹਾ ਹਾਸਾ, ਰੋਣਾ ਲੋੜੀਂਦਾ ਹੈ।

ਮਾਨਸਿਕ ਵਿਕਾਸ ਲਈ ਗੁੱਸਾ ਆਉਣਾ ਵੀ ਜਰੂਰੀ ਹੈ ਪਰ ਇਕ ਹੱਦ ਤੱਕ,ਗੁੱਸੇ ਵਿੱਚ ਹੋਸ਼ ਕਾਇਮ ਰੱਖਣਾ ਅਤਿ ਜਰੂਰੀ ਹੈ।ਹਮਲੇ ਵੇਲੇ ਗੁੱਸੇ ਦਾ ਵੱਡਾ ਰੋਲ ਹੈ ,ਬਾਹਰੋਂ ਗੁਸਾ ਅੰਦਰੋਂ ਹਾਸਾ,ਤੇ ਬਾਹਰੋਂ ਹਾਸਾ ਅੰਦਰੋਂ ਗੁੱਸਾ ਵੀ ਬਚਾਓ ਲਈ ਮੱਤਵਪੂਰਣ ਹੈ।ਸਾਜਿਸ਼ ਰਚਣੀ ਤੇ ਸਾਜਿਸ਼ ਫੇਲ੍ਹ ਕਰਨ ਵਿੱਚ ਹਾਸੇ ਦਾ ਬਹੁਤ ਮਹੱਤਵ ਹੈ।ਇਹ ਹਾਸਾ ਕਦੀ ਕਦੀ ਹਾਸੇ ਦਾ ਮੜਾਸਾ ਬਣ ਕੇ ਅੱਗ ਵੀ ਲਗਾ ਸਕਦਾ ਹੈ,ਜਰਾ ਸੰਭਲ ਕੇ।

ਹਾਸਾ ਸ਼ੇਖਚਿਲੀ ਵੀ ਹੁੰਦਾ ਹੈ,ਹਸਦਾ ਹਸਾਉਂਦਾ,ਖੱਟਦਾ ਖਟਾਉਂਦਾ. ਜਾਗਦੇ ਖਵਾਬ ਵੇਖਦਾ ਖਿਆਲੀ ਪਲਾਓ ਪਕਾਉਂਦਾ,ਵਕਤ ਦੀ ਖਿੱਲੀ ਉਡਾਉਂਦਾ ਤੁਰਿਆ ਰਹਿੰਦਾ।ਅਪਨਾ ਕੁਝ ਨਾ ਸਵਾਰ ਸਕਦਾ।

ਹਸਿਆ ਤੇ ਫਸਿਆ-ਹਾਸਾ ਦਿਲ ਕੱਢ ਕੇ ਵੀ ਲੈ ਜਾਂਦਾ ਤੇ ਦਿਲ ਵਧਾ ਵੀ ਦੇਂਦਾ ਹੈ।ਬੜਾ ਲਾਭਦਾਇਕ ਹੈ ਦੋਵੇਂ ਤਰਾਂ।

" ਚੰਨ ਮੇਰੇ ਮੱਖਣਾ'ਰਤਾ ਹੱਸ ਕੇ ਐਧਰ ਤੱਕਣਾ,ਰਤਾ ਹੱਸ ਕੇ ਐਧਰ ਤੱਕਣਾ

,ਨਜ਼ਰਾਂ ਰੱਸ ਨੈਣਾਂ ਦਾ ਚੱਖਣਾ'"॥

ਪਰਿਵਾਰ ਜਾਂ ਦੋਸਤਾਂ ਵਿੱਚ ਝਗੜਾ ਛਿੜ ਪਵੇ ਤੇ ਕੋਲੋਂ ਹੀ ਕੋਈ ਮਸਖਰਾ ਕੋਈ ਨੁਕਤਾ ਫੜ ਮਜ਼ਾਕ / ਕਹਾਵਤ ਕਰ ਦੇਵੇ,ਜਿਵੇਂ : "ਅਖੇ ਡਿੱਗਾ ਖੋਤੇ ਤੋਂ ਤੇ ਗੁੱਸਾ ਘੁਮਿਆਰ ਤੇ "।ਜਿਵੇਂ

'ਘਰੇ ਸ਼ੇਰ ਬਣਿਆ,ਬਾਹਰ ਭਿੱਜੀ ਬਿੱਲੀ"।ਠਣਕਦਾ ਹਾਸਾ ਅਦਾਲਤ ਤੇ ਪੰਚਾਇਤ ਮੁਖੀਆ ਨਾਲੋਂ ਕਾਹਲਾ ਤੇ ਮਨ ਭਾਉਂਦਾ ਫੈਸਲਾ ਮੁਕਾ ਦੇਂਦਾ ਹੈ।ਨਾਂ ਝਗੜਾ ਰਿਹਾ ਨਾਂ ਝੇੜਾ,ਬੱਸ ਨਿਕਾ ਜਿਹਾ ਹਾਸਾ.. ਹਾਸੇ ਤੋਂ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।ਗੁੱਸੇ ਵਿੱਚ ਹੋਸ਼ ਖੋ ਦੇਣ ਨਾਲ ਬਹੁਤ ਕੁਝ ਖੋ ਸਕਦਾ ਹੈ।ਫੁਲਸਟਾਪ ਵੀ ਲਗ ਸਕਦਾ ਹੈ। ਬੱਸ ਆਪਣੀ ਰਫ਼ਤਾਰ ਤੇ ਚਲ ਰਹੀ ਸੀ,ਜਿੰਨੀਆਂ ਸਵਾਰੀਆਂ ਬੈਠੀਆਂ ਸੀ ਉਸਤੋਂ ਅੱਧੀਆਂ ਖੜੀਆਂ ਸੀ,ਦੋ ਔਰਤਾਂ ਖੜੀਆਂ ਗਲਾਂ ਕਰ ਰਹੀਆਂ ਸਨ,ਖੜੌਤਾ ਨਹੀਂ ਜਾਂਦਾ,ਸੀਟ ਕੋਈ ਖਾਲੀ ਨਹੀਂ ਹੋ ਰਹੀ।ਸਟਾਪ ਆਇਆ ਤੇ ਉਹਨਾਂ ਦੇ ਕੋਲ ਦੀ ਇਕ ਸੀਟ ਖਾਲੀ ਹੋ ਗਈ,ਇਕ ਬੋਲੀ ਤੂੰ ਬੈਠ ਜਾ,ਦੂਜੀ ਕਹਿੰਦੀ ਨਾ ਸਰਲਾ ਤੂੰ ਬੈਠਜਾ,ਅਨੀਤਾ ਤੂੰ ਬੈਠ ਜਾ ਕੋਈ ਹੋਰ ਖਾਲੀ ਹੁੰਦੀ ਤੇ ਫੇਰ...ਸਰਲਾ ਤੂੰ ਬੈਠ,ਤੂੰ ਬੈਠ ਤੂੰ ਬੈਠ ਹੋ ਰਹੀ ਸੀ ਕੋਲੋਂ ਇਕ ਗਿਆਨੀ ਜੀ ਬੋਲੇ'ਬੀਬੀ ਭੈਣਾ ਜਿਹੜੀ ਤੁਹਾਡੇ ਦੋਨਾਂ ਚੋਂ ਵੱਡੀ ਹੈ ਉਹ ਬਹਿ ਜਾਵੇ-ਦੋਵੇਂ ਚੁੱਪ-ਕੋਈ ਤੀਸਰੀ ਬੈਠ ਗਈ--ਹਹਹਹਹਹਹਹਹਹਹ

" ਨੈਣਾ ਸੇ ਨੈਣਾ ਜੋ ਮਿਲਾ ਕੇ ਦੇਖੈ

ਨਜ਼ਰੋਂ ਸੇ ਜੋ ਮੁਸਕਰਾ ਕੇ ਦੇਖੇ

ਦੁਨੀਆ ਉਸੀ ਕੀ ਹੈ ਜੋ ਆਗੇ ਦੇਖੇ"------ਦੁਸਰਿਆਂ ਦੀ ਖੁਸੀ ਵਿੱਚ ਖੁਸ਼ ਹੋਣ ਵਾਲੇ ਹਮੇਸ਼ ਹਸਦੇ,ਮੁਸਕਰਾਉਂਦੇ ਅੱਗੇ ਵਧਦੇ ਜਾਂਦੇ ਹਨ,ਤੇ ਤਨ ਮਨ ਧਨ ਤਿੰਨੇ ਭਰਪੂਰ ਪਾ ਲੈਂਦੇ ਹਨ।

"ਕਿਸੀ ਕੀ ਮੁਸਕਰਾਹਟ ਪੇ ਹੋ ਨਿਸਾਰ '।ਲਾ ਅਪਨੇ ਚਿਹਰੇ ਪੇ ਤਬੁੱਸਮ ਕਾ ਨਿਖਾਰ'

ਬੇਲੋੜਾ ਤੇ ਬੇਮਤਲਬ ਹੱਸੀ ਜਾਣ ਵਾਲੇ ਸ਼ੈਤਾਨ ਹੁੰਦੇ ਹਨ,ਜਰਾ ਬੱਚ ਕੇ -ਹਾਸੇ ਹਾਸੇ ਚ ਲੁੱਟੇ ਵੀ ਜਾਈਦਾ ਹੈ।ਅਕਸਰ ਵੋਟਰ ਇਸ ਤਰਾਂ ਹੀ ਛਲਿਆ ਜਾਂਦਾ ਹੈ।

ਦੋ ਸਹੇਲੀਆਂ) ਪਹਿਲੀ-ਮੈਂ ਗਾਏ ਭੈਂਸ,ਬੱਕਰੀ ਕੀ ਤਰਹ ਸ਼ਾਦੀ ਨਹੀਂ ਕਰੂੰਗੀ॥

ਦੂਜੀ—ਤੋ ਠੀਕ ਹੈ,ਤੁਮ ਗਧੈ ਘੋੜੈ ਕੀ ਤਰਹ ਕਰ ਲੇਨਾ।----ਹਹਹਹਹਹ

ਸਹੇਲੀਆਂ ਦੀਆਂ ਗਲਾਂ ਹਾਸੇ ਹਾਸੇ ਨੇ ਵਿੱਚ ਕੁੜੀਆਂ ਨੂੰ ਕਿੰਨਾ ਵੱਡਾ ਸੰਦੇਸ਼ ਦੇ ਦਿੱਤਾ। ਕਦੇ ਕਦੇ ਹਾਸਾ ਸਿਖਿਆ ਦੇ ਜਾਂਦਾ ਹੈ ਇਸ ਲਈ ਸਦਾ ਹੱਸ ਕੇ ਮੁਸਕਰਾ ਕੇ ਵਿਚਰਨ ਦੀ ਆਦਤ ਖੂਬ ਹੋ ਨਿਬੜਦੀ ਹੈ।

ਬੇਟੀ—ਮੰਮੀ ਸੁਧੀਰ ਬਹੁਤ ਅੱਛਾ ਲੜਕਾ ਹੈ,ਉਹ ਮੈਨੂੰ ਪਿਆਰ ਕਰਦਾ,ਤੇ ਮੈਂ ਉਹਨੂੰ ਬਹੁਤ ਪਿਆਰ ਕਰਦੀ ਹਾਂ,ਉਹ ਮੇਰੇ ਲਈ ਕੁਝ ਵੀ ਕਰ ਸਕਦਾ ਹੈ,ਉਹ ਮੇਰੇ ਪੈਰਾਂ ਹੇਠ ਧਰਤੀ ਵਿਛਾ ਦੇਵੇਗਾ ।



ਮੰਮੀ—ਬੇਟੀ ਧਰਤੀ ਤੇ ਪਹਿਲਾਂ ਤੋਂ ਉਥੇ ਹੀ ਹੈ ,ਉਸਨੂੰ ਪੁਛੋ 'ਕੀ ਉਹ ਤੇਰੇ ਸਿਰ ਤੇ ਛੱਤ ਦੇ ਸਕਦਾ ਹੈ'? ਹਹਹਹਹਹਹਹਹ

ਪਤਨੀ ਦਾ ਅੰਤ ਸਮਾਂ ਨੇੜੈ ਆ ਗਿਆ ਸੀ,ਉਸਨੇ ਆਪਣੇ ਪਤੀ ਨੂੰ ਬੁਲਾ ਕੇ ਕਿਹਾ,'ਸਵਾਮੀ ਮੈਂ ਜਾ ਰਹੀ ਹਾਂ ਕੀ ਤੁਸੀਂ ਮੇਰੀ ਆਖਰੀ ਇਛਾ ਪੂਰੀ ਕਰੋਗੇ?

ਪਤੀ-ਕਿਉਂ ਨਹੀਂ ਬੋਲੋ ਮੇਰੀ ਜਾਨ

ਪਤਨੀ-ਤੁਸੀਂ ਸਾਰੀ ਉਮਰ ਮੇਰੇ ਇਕੋ ਇਕ ਵੀਰ ਨਾਲ ਨ੍ਹੀ ਬੋਲੇ,ਅੱਜ ਮੇਰੀ ਆਖਰੀ ਇੱਛਾ ਦਾ ਪਾਸ਼ ਰੱਖਣਾ ਮੇਰੀ ਜਨਾਜ਼ੇ ਨੂੰ ਇਕ ਕੰਧਾ ਤੁਸੀਂ ਤੇ ਇਕ ਮੇਰਾ ਵੀਰ ਦੇਵੇ!

ਪਤੀ-ਠੀਕ ਹੈ ਤੇਰੀ ਇੱਛਾ ਮੁਤਾਬਕ ਐਸਾ ਹੀ ਹੋਵੇਗਾ,ਪਰ 'ਜਾਨ' ਜਨਾਜ਼ੇ ਦਾ ਮਜਾ ਨਹੀਂ ਆਵੇਗਾ....ਹਹਹਹਹਹਹਹਹਹਹ

ਚਲ ਬੁਲਿਆ ਚਲ ਉਥੇ ਚਲੀਏ,ਜਿਥੇ ਹੋਵਣ ਸਾਰੇ ਅੰਨ੍ਹੇ- ਬਾਬਾ ਬੁੱਲੇ ਸ਼ਾਹ ਦੀ ਇਹ ਤੁੱਕ ਜੀਭ ਤੇ ਜਿਵੇਂ ਅਨਾਰਕਲੀ ਖਿਲ ਜਾਵੇ।

ਬੇਟਾ ਆਪਣੇ ਪਿਤਾ ਨਾਲ ਕਿਤੇ ਜਾ ਰਿਹਾ ਸੀ ਕਿ ਅੱਗੇ ਉਸਨੇ ਅਮਰੂਦ ਦੇਖੇ ਤੇ ਬੇਟਾ ਆਖਣ ਲਗਾ-ਭਾਪਾ ਅਮਰੂਦ ਲੈ ਦੇ-

ਪਿਤਾ-ਪੁੱਤ ਕਾਹਦੇ ਅਮਰੂਦ,ਅਮਰੂਦ ਰਹਿ ਗੇ ਪਕਿਸਤਾਨ ਚ,ਗੁਲਾਬੀ ਰਸੀਲੇ...

ਥੋੜਾ ਹੋਰ ਅੱਗੇ ਗਏ ਤੇ ਇਕ ਰੇਹੜੀ ਤੇ ਅੰਬ ਵਿਕ ਰਹੇ ਸਨ -ਬੇਟਾ-ਭਾਪਾ ਅੰਬ ਲੈਦੇ

ਪਿਤਾ-ਪੁੱਤ ਕਿਹੜੈ ਅੰਬ,ਅੰਬ ਰਹਿ ਗੇ ਪਾਕਿਸਤਾਨ ਚ ਸੰਧੂਰੀ ਖੰਡ ਮਿਸ਼ਰੀ..

ਅੱਗੇ ਗਏ ਤੇ ਹੱਟੀ ਤੇ ਮੁਰਮਰਾ ਵੇਖ ਕੇ ਮੁੰਡੇ ਨੇ ਸੋਚਿਆ ਚਲੋ ਮੁਰਮਰਾ ਲੈ ਲਈਏ,-ਭਾਪਾ ਮੁਰਮਰਾ ਲੈ ਦੇ-

ਪੁੱਤ ਕਾਹਦਾ ਮੁਰਮਰਾ ਇਹ,ਮੁਰਮਰਾ ਰਹਿ ਗਿਆ ਪਾਕਿਸਤਾਨ ਚ ਮੂੰਹ ਚ ਪਾਇਆ ਕੁਰਕਰੇ ਲਗਣੇ।-

ਉਹ ਦੋਵੇਂ ਤੁਰੇ ਜਾ ਰਹੇ ਸਨ ਅਗੋਂ ਮੁੰਡੇ ਦਾ ਸਕੂਲ ਟੀਚਰ ਮਿਲ ਪਿਆ,ਮੁੰਡੇ ਨੇ ਕਿਹਾ 'ਮਾਸਟਰਜੀ ਨਮਸਤੇ।

ਮਾਸਟਰ- ਨਮਸਤੇ ਕਾਕਾ, ਇਹ ਤੇਰਾ ਭਾਪਾ ਜੀ ਏ?

ਕਿਹੜੈ ਭਾਪਾ ਮਾਸਟਰ ਜੀ ਭਾਪੇ ਰਹਿ ਗੇ ਪਾਕਿਸਤਾਨ ਚ ਜਿਹੜੀ ਚੀਜ਼ ਮੰਗੀ ਦੀ ਸੀ ਉਸੇ ਵੇਲੇ ਲੈ ਦੇਂਦੇ ਸੀ।ਹਹਹਹਹਹ

ਦਫ਼ਤਰ ਦੇ ਹੈਂਡ ਬਾਬੂ ਸਵੇਰੇ ਦਫ਼ਤਰ ਨੂੰ ਜਾਣ ਲਗੇ ਲੇਟ ਤੇ ਪਹਿਲੇ ਹੀ ਸੀ,ਬੈਗ ਲਟਕਾ ਬਾਹਰ ਨਿਕਲ ਗਏ ਬਾਹਰੋਂ ਰਿਕਸ਼ਾ ਲੱਭਣ ਲਗੇ,ਫਿਰ ਘੜੀ ਵੇਖੀ,ਗੁਟ ਤੇ ਘੜੀ ਨਹੀਂ ਸੀ ,ਐਨਕ ਟੋਹੀ ਅੱਖਾਂ ਤੇ ਐਨਕ ਨਹੀਂ ਸੀ ,ਮੱਥੇ ਪਸੀਨਾ ਆ ਗਿਆ,ਜੇਬ ਚ ਹੱਥ ਪਾਇਆ ਰੁਮਾਲ ਨਹੀਂ ਸੀ।ਕਾਹਲੇ ਕਦਮ ਪੁੱਟਦੇ ਹੈਂਡ ਬਾਬੂਜੀ ਘਰ ਮੁੜੇ,

ਬਾਬੂਜੀ-ਭਾਗਵਾਨੇ ਮੇਰੀ ਐਨਕ,ਘੜੀ ਰੁਮਾਲ ਤੇ ਛਤਰੀ ਹੇਠਾਂ ਫੜਾ ਦਿਓ ਮੈਂ ਤੇ ਪਹਿਲਾਂ ਹੀ ਲੇਟ ਹਾਂ ਉਧ੍ਰ ਅੱਜ ਚੀਫ ਸਾਹਬ ਨੇ ਆਉਣੈ,ਛੇਤੀ ਕਰ ਸੁਨੀਤਾ,ਹੇਠਾਂ ਵੱਲ ਸੁੱਟ-

ਸੁਨੀਤਾ ਸਵਾਹ ਨਾਲ ਲਿਭੜੇ ਹੱਥਾਂ ਨਾਲ ਬਾਰੀ ਖੋਲ-ਐਨਕ ਸੁਟੀ ਘੜੀ ਸੁਟੀ ਦੋਵੇਂ ਚਕਨਾਚੂਰ-

ਬਾਬੂਜੀ-ਰਹਿਣ ਦੇ ਮੈਂ ਆਉਨਾ ਉਤੇ ਆਪੇ ਲੈ ਆਉਨਾ ਬਾਕੀ ਸਮਾਨ---ਹਹਹਹਹਹਹਹਹ

ਰੋਂਦਾ ਕਿਉਂ ਐਂ ? ਵਜ੍ਹਾ ਹੀ ਐਸੀ ਹੈ।ਦੰਦੀਆਂ ਕੱਢੀਆਂ? ਚਿੱਟੇ ਦੰਦ ਹਸਣੋ ਨੀ ਰਹਿੰਦੇ । ( ਮੁਸਕਰਾਉਂਦੇ ਖਿਲੇ ਚਿਹਰੇ )

ਯਾਂਦਾਂ ਵਿੱਚ ਮਹਿਫ਼ੂਜ਼ ਹਾਸੇ ਵਾਲੇ ਪਲ ,'ਜਿਉਣ ਦਾ ਮਕਸਦ ਹੋ ਨਿਬੜਦੇ ਹਨ।

"--ਮੇਰੀ ਅਰਬੀ ਖਜੂਰ,ਤੂੰ ਹੈਂ ਜੰਨਤ ਕੀ ਹੂਰ,ਤੇਰੇ ਸਾਏ ਮੇਂ ਜਿੰਦਗੀ ਬਿਤਾਏਂਗੇ

…..ਜਾਓ ਜਾਓ ਹਜੂਰ,ਯੇ ਹੈਂ ਖੱਟੇ ਅੰਗੂਰ ਐਸੇ ਹਾਥ ਨਹੀਂ ਆਏਂਗੇ"……..ਹਹਹਹਹਹਹ

ਦਿਲੀ ਕੀ ਮਿਰਚੀ ਸੇ ਤੀਖਾ ਮੇਰਾ ਬਾਲਮਾ,ਮੋਰਾ ਸਾਜਨਾ,

ਕੈਸੇ ਪਿਆਰ ਕਰੂੰ,ਮੇਰਾ ਮੂੰਹ ਕਹੀਂ ਜਲ ਨਾ ਜਾਏ…ਹਹਹਹਹਹਹ

ਓ ਛੋਕਰੀ---ਤੂੰ ਹੈ ਰੱਸ ਭਰੇ ਫੂਲੋਂ ਕੀ ਟੋਕਰੀ,

ਓ ਛੋਕਰੇ-ਪਿਟੇਗਾ ਜੋ ਫਿਰ ਸੇ ਬਾਤ ਐਸੀ ਕੀ ॥ਹਹਹਹਹਹਹਹ



## "ਹੋਣੀ ਨੂੰ ਅਣਹੋਣੀ ਕਰੇਂ ਤਾਂ ਮੰਨਾਂ"

ਬੜਾ ਪਿਆਰ ਕਰਦੇ ਸੀ ਸਾਰੇ ਸਿਮੀ ਨੂੰ।ਸਾਰੇ ਘਰ ਆਂਗਨ ਵਿੱਚ ਗੁਟਕਦੀ ਫਿਰਦੀ।ਇਕ ਚੁਕਦਾ ਇਕ ਰੱਖਦਾ।ਜਿੰਦਾ ਖਿਲੌਣਾ ਸੀ ਸੱਭ ਦਾ ਸਿਮੀਂ।ਸਕੂਲ ਜਾਣ ਜੋਗ ਹੋਈ ਤਾਂ ਚਾਚੂ ਰੋਜ਼ ਸਕੂਲ ਛੱਡ ਕੇ ਲਿਆਉਣ ਲਗਾ।ਘਰ ਆਈ ਤੋਂ ਸਾਰਾ ਟੱਬਰ ਵਾਰੇ ਵਾਰੇ ਜਾਂਦਾ।ਬੜੀ ਤੇਜ਼ੀ ਨਾਲ ਵੱਡੀ ਹੋ ਰਹੀ ਸੀ ਸਿਮੀ,ਆਪਣੇ ਹਾਣ ਦੇ ਬੱਚਿਆਂ ਨਾਲੋਂ ਦੋ ਸਾਲ ਵੱਡੀ ਦਿਸਦੀ ਸੀ।ਉਂਜ ਵੀ ਹਰ ਪੱਖ ਤੋਂ ਉਹਨਾ ਨਾਲੋਂ ਅੱਗੇ,ਹਾਜਰ ਦਿਮਾਗ ਹਾਜਰ ਜਵਾਬ,ਤੇਜ਼ ਯਾਦ ਸਕਤੀ।ਇਕ ਵਾਰ ਜੋ ਸੁਣ ਲੈਂਦੀ ,ਜੋ ਦੇਖ ਲੈਂਦੀ ਕਦੇ ਨਾਂ ਭੁਲਦੀ।ਹਰ ਜਮਾਤ ਵਿਚੋਂ ਪਹਿਲਾ ਸਥਾਨ।ਪੜਦੀ ਪੜ੍ਹਦੀ ਉਹ ਮਨੋਵਿਗਿਆਨ ਦੀ ਡਾਕਟਰ ਬਣ ਗਈ।ਉਸਦੇ ਲਈ ਵਰ ਘਰ ਢੂੰਢਿਆ ਜਾਣ ਲਗਾ।ਸਿਮੀ ਨੂੰ ਪੂਰੀ ਇਜ਼ਾਜ਼ਤ ਸੀ ਕਿ ਉਹ ਆਪਣੀ ਪਸੰਦ ਦੀ ਸ਼ਾਦੀ ਕਰ ਲਵੇ।ਉਸ ਕੋਲੋਂ ਪੁਛਿਆ ਵੀ ਗਿਆ ਪਰ ਉਹ ਤੇ ਸਤਯੁਗੀ ਧੀ ਸੀ।ਉਸ ਹੱਸ ਕੇ ਆਖਿਆ,

'ਪਾਪਾ ਮੰਮੀ ਮੈਂ ਇੰਨੀ ਸਮਝਦਾਰ ਨਹੀਂ ਹਾਂ ਮੈਂ ਕਿਤਾਬਾਂ ਪੜ੍ਹ ਕੇ ਇਮਤਿਹਾਨ ਪਾਸ ਕਰ ਸਕਦੀ ਹਾਂ ਪਰ ਆਪਣਾ ਭਵਿੱਖ ਨਹੀਂ ਪੜ੍ਹ ਸਕਦੀ"।

ਜੋ ਵੀ ਰਿਸ਼ਤਾ ਵੇਖਦੇ,ਉਹਨਾਂ ਨੂੰ ਸਿਮੀ ਦੇ ਮੁਕਾਬਿਲ ਨਾਂ ਲਗਦਾ।ਅਚਾਨਕ ਇਕ ਮੁੰਡੇ ਦੀ ਦੱਸ ਪਈ ਜੋ ਉਹਦੇ ਜਿੰਨਾ ਹੀ ਤਾਲੀਮਯਾਫ਼ਤਾ ਸੀ ਤੇ ਮਨੋਚਕਿਸਤਕ ਪਰੇਕਟਸ ਕਰਦਾ ਸੀ।ਸੱਭ ਕੁਝ ਫਿੱਟ ਤੇ ਮੈਚਿੰਗ ਜਾਣ ਕੇ ਗਲ ਬਣ ਗਈ।ਵਿਚੋਲਾ ਕਹੇ ਕੰਧ ਬੋਲਦੀ ਹੈ,ਪਰ ਇਹ ਮੁੰਡਾ ਨਹੀਂ ਬੋਲਦਾ,ਨਿਹਾਇਤ ਸ਼ਰੀਫ਼,ਸੁਚੱਜਾ,ਸੁਨੱਖਾ ਕੁੜੀਆਂ ਵਰਗਾ ਸ਼ਰਮਾਕਲ ਹੈ',ਘਰ ਚ ਹੈ ਨਹੀਂ ਹੈ ਕਿਸੇ ਨੂੰ ਕੋਈ ਪਤਾ ਨ੍ਹੀ ਚਲਦਾ ਬਚਪਨ ਤੋਂ ਹੀ ਸੁਲਝਿਆ ਹੋਇਆ।-

ਚਾਚਾ,ਮਾਮਾ,ਪਾਪਾ' ਕੁਮਾਰ' ਨੂੰ ਦੇਖ ਪਸੰਦ ਕਰ ਆਏ ਤੇ ਸਿਮੀ ਨੂੰ ਵੇਖਣ ਦਾ ਸੱਦਾ ਦੇ ਆਏ।ਕੁਮਾਰ ਸਿਮੀ ਨੂੰ ਵੇਖਦੇ ਹੀ ਗੁਮ ਜਿਹਾ ਹੋ ਗਿਆ,ਸਿਮੀ ਦੀ ਸੀਰਤ ਉਹ ਸੁਣ ਚੁੱਕਾ ਸੀ ਤੇ ਸੂਰਤ ਵੇਖ ਉਸਦੀ ਹਸਦ ਹੋਰ ਵੱਧ ਗਈ ਕਿਉਂ ਜੋ ਉਸਦੇ ਅੰਦਰ ਇਕ ਗਲ ਘਰ ਕਰ ਚੁਕੀ ਸੀ ਕਿ ਉਹ ਸੱਭ ਤੋਂ ਸੋਹਣਾ ਤੇ ਸੱਭ ਤੋਂ ਸਿਆਣਾ ਹੈ ਉਸਨੇ ਸਿਮੀ ਤੋਂ ਕੁਝ ਨਾਂ ਪੁਛਿਆ ਤੇ ਨਾਂ ਉਸਦੇ ਕਿਸੇ ਸਵਾਲ ਦਾ ਜਵਾਬ ਦਿੱਤਾ,ਬੱਸ ਹੂੰ ਹਾਂ---- ,

ਕੁਮਾਰ ਦੇ ਮਾਂਬਾਪ ਨੇ ਉਸਨੂੰ ਸੱਭ ਕੁਝ ਦਸਿਆ ਕਿ ਸਿਮੀ ਉਸ ਨਾਲੋਂ ਕਿਸੇ ਵੀ ਤਰਾਂ ਤੋਂ ਘੱਟ ਨਹੀ ਸੀ ਅਲਬੱਤਾ ਕੁਝ ਵੱਧ ਹੀ ਸੀ।ਕੁਮਾਰ ਦੀ ਮਾਨਸਿਕਤਾ ਅੰਦਰੋਂ ਐਸੀ ਸੀ ਕਿ ਉਹ ਆਪਾ ਕੇਂਦਰਤ ਸੀ ਜਾਂ ਕਹਿ ਲੋ ਕੰਮਪਲੈਕਸ ਦਾ ਸ਼ਿਕਾਰ।ਇਸਨੂੰ ਦੂਰ ਵਾਲੇ ਉਸਦਾ ਗੁਣ ਸਮਝਦੇ ਸਨ,ਉਹ ਨਹੀਂ ਜਾਣਦੇ ਕਿ ਇਹ ਮਨੋ ਰੋਗ ਹੈ।ਕੁਮਾਰ ਨੂੰ ਸਿਮੀ ਦੀ ਸਿਫ਼ਤ ਸੁਣ ਕੇ ਹਸਦ ਹੋਣ

ਲਗਦੀ।ਜਦ ਉਹ ਸਿਮੀ ਨੂੰ ਮਿਲਿਆ ਉਸ ਹੂੰ ਹਾਂ ਤੋਂ ਵੱਧ ਗਲ ਨਾ ਕੀਤੀ।ਮਾਂਬਾਪ ਉਸਦੇ ਸੁਭਾਅ ਤੋਂ ਵਾਕਫ਼ ਸਨ ਤੇ ਪਰੇਸ਼ਾਨ ਵੀ ਸਨ,ਉਹਨਾਂ ਸੋਚਿਆ,ਸ਼ਾਇਦ ਵਿਆਹ ਤੋਂ ਬਾਦ ਸੱਭ ਸਹੀ ਹੋ ਜਾਵੇ।ਕੁਮਾਰ ਨੇ ਵਿਆਹ ਲਈ ਹਾਂ ਕਹਿ ਦਿੱਤੀ ਤਾਂ ਕਿ ਉਹ ਆਪਣਾ ਸਿੱਕਾ ਮੰਨਵਾ ਸਕੇ।

( ਸਾਡੇ ਸਮਾਜ ਵਿੱਚ ਮੁੰਡੇ ਦੇ ਹਰ ਐਬ ਦੀ ਦਾਰੂ ਸ਼ਾਦੀ ਮੰਨੀ ਗਈ ਹੈ)

ਸਿਮੀ ਉਸਦੀਆਂ ਸਿਫ਼ਤਾਂ ਸੁਣ ਸੁਣ ਖੀਵੀ ਹੋ ਹੋ ਜਾਂਦੀ।ਜਰੂਰਤ ਨਾ ਹੋਣ ਕਾਰਨ ਸਿਮੀ ਨੂੰ ਨੌਕਰੀ ਕਰਨ ਹੀ ਨਹੀਂ ਦਿੱਤੀ ਗਈ ਸੀ ਤੇ ਉਸ ਵੀ ਕਦੇ ਚੂੰ ਚਰਾਂ ਨਾ ਕੀਤੀ।ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ।ਵਿਚਲੇ ਵਕਫੇ ਦੌਰਾਨ ਸਿਮੀ ਨੇ ਕੁੱਕਿੰਗ ਕੋਰਸ ਕਰ ਲਿਆ ਤੇ ਹੋਰ ਘਰਦਾਰੀ ਵੀ ਸਿਖ ਲਈ।ਉਹ ਸਲੂਕੇ ਸਲੀਕੇਮੰਦ ਤਾਂ ਸੀ ਹੁਨਰਮੰਦ ਵੀ ਹੋ ਗਈ।

ਰੀਤੀ ਰਿਵਾਜਾਂ ,ਪੂਰੀ ਸ਼ਾਨੋਸ਼ੌਕਤ ਸਹਿਤ ਸਿਮੀ ਡੋਲੀ ਬੈਠ ਸੁਹਰੇ ਘਰ ਆ ਗਈ।ਗਾਨਾ ਖੇਡਣ ਦੀ ਰਸਮ ਹੋਣ ਲਗੀ,ਸਿਮੀ ਨੇ ਪਹਿਲੀ ਵਾਰੀ ਮੁੰਦਰੀ ਜਿੱਤ ਲੀ।ਕੁਮਾਰ ਤਬੀਅਤ ਖਰਾਬ ਦਾ ਬਹਾਨਾ ਕਰ ਉਠ ਗਿਆ।ਪ੍ਰਾਹੁਣੇ ਵੀ ਆਪਣੇ ਆਪਣੇ ਆਸਨ ਤੇ ਚਲੇ ਗਏ,ਸਿਮੀ ਨੂੰ ਕੁਮਾਰ ਕੋਲ ਪੁਚਾ ਕੇ ਮਾਂ ਵੀ ਦੁੱਧ ਰੱਖ ਸੌਣ ਚਲੀ ਗਈ।ਇਕ ਘੰਟਾ ਬੀਤ ਗਿਆ ਪਰ ਕੁਮਾਰ ਨਾਂ ਹਿਲਿਆ, ਸਿਮੀ ਵੀ ਬਹੁਤ ਥਕੀ ਹੋਈ ਸੀ, ਬੈਠੈ ਬੈਠੇ ਹੀ ਉਸਦੀ ਅੱਖ ਲਗ ਗਈ।ਕੁਮਾਰ ਨੇ ਪਹਿਲੀ ਵਾਰ ਆਏ ਖਾਸ ਮਹਿਮਾਨ ਜਿੰਨੀ ਵੀ ਉਸਦੀ ਆਓਭਗਤ ਜਾਂ ਮਦਦ ਨਾਂ

ਕੀਤੀ।ਆਪਮੱਤਾ ਅਣਜਾਣ ਸੀ ਕਿ ਇਹ ਉਸੀਦੀ ਹੇਠੀ  ਹੈ।

ਸਿਮੀ ਅਭੜਵਾਹੇ ਉਠੀ ਨਹਾ ਧੋ ਕੇ ਪਾਠ ਪੂਜਾ ਤੋਂ ਵਿਹਲੀ ਹੋ ਆਪਣੇ ਸੱਸ ਸਹੁਰੇ ਨੂੰ ਪ੍ਰਨਾਮ ਕਰ ਕਿਚਨ ਵਿੱਚ ਨਾਸ਼ਤਾ ਤਿਆਰ ਕਰਨ ਚਲੀ ਗਈ।ਸੱਸ ਨੇ ਬਹੁਤ ਕਿਹਾ ਕਿ ਉਹ ਅਜੇ ਕੰਮ ਨਾ ਲਗੇ ਪਰ ਉਸ ਕਿਹਾ ਆਪਣੇ ਘਰ ਵਿੱਚ ਐਸੀ ਕੋਈ ਸ਼ਰਤ ਨਹੀਂ ਹੁੰਦੀ।ਉਸ ਨਾਸ਼ਤਾ ਤਿਆਰ ਕਰ ਮੇਜ ਤੇ ਸਜਾ ਦਿਤਾ ਤੇ ਸਾਰੇ ਆ ਕੇ ਬੈਠ ਗਏ ,ਕੁਮਾਰ ਵੀ ਡਰੇਸਅੱਪ ਹੋ ਚੁਕਾ ਸੀ,ਸਿਮੀ ਦੇਖਣ ਲਗੀ ਕੁਮਾਰ ਟੇਬਲ ਤੇ ਆਵੇ ਪਰ ਉਹ ਨਾਂ ਆਇਆ ਉਹ ਬੁਲਾਉਣ ਗਈ,ਕੁਮਾਰ ਨੇ ਬੈਗ ਚੁਕਿਆ ਤੇ ਬਾਹਰ ਵਲ ਤੁਰਦਾ ਬੋਲਿਆ,ਮੰਮੀ ਮੈਂ ਦਫ਼ਤਰ ਜਾ ਰਿਹਾਂ।ਮਾਂ ਬਾਪ ਹੈਰਾਨ ਪਰੇਸ਼ਾਨ ਇਹ  ਕੀ ਕਲ ਵਿਆਹ ਹੋਇਆ ਤੇ ਬਿਨਾਂ ਨਾਸ਼ਤਾ ਕੀਤੇ...ਉਹਨਾਂ ਸਿਮੀ ਵੱਲ ਤਕਿਆ,ਸਿਮੀ ਦੀਆਂ ਅੱਖਾਂ ਨਮ ਸਨ।ਕੁਮਾਰ ਨੂੰ ਦਫ਼ਤਰ ਵੇਖ ਸਾਰਾ ਸਟਾਫ਼ ਵੀ ਹੈਰਾਨ ਹੋਇਆ ਕੋਈ ਕੁਝ ਬੋਲੇ ਤੇ ਕੋਈ ਕੁਝ,ਪਰ ਉਸਦਾ ਕਿਸੇ ਨਾਲ ਤਾਅਲੁਕ ਨਾ ਹੋਣ ਕਾਰਨ ਕਿਸੇ ਪੁਛਿਆ ਕੁਝ ਨਾਂ।ਉਹ ਉਸ ਤਰਾਂ ਹੀ ਰੇਗੂਲਰ ਚਲਦਾ ਰਿਹਾ। ਸਿਮੀ ਨਾਲ ਸਹੁਰੇ ਫੇਰਾ ਪਾਉਣ ਵੀ ਨਾਂ ਗਿਆ,ਸਿਮੀ ਦਾ ਵੀਰ ਆਕੇ ਉਸਨੂੰ ਲੈ ਗਿਆ,ਦੋ ਦਿਨ ਚਾਰ ਦਿਨ ਕੁਮਾਰ ਲੈਣ ਨਹੀਂ ਗਿਆ,ਸਿਮੀ ਘਰਦਿਆਂ ਤੋਂ ਸੱਭ ਛੁਪਾ ਗਈ ਤੇ ਕੰਮ ਦਾ ਬਹਾਨਾ ਕਰ ਆਪ ਹੀ ਮੁੜ ਆਈ।ਸਿਮੀ ਦੇ ਸੱਸ ਸਹੁਰਾ ਉਸਦਾ ਦੁੱਖ ਸਮਝ ਰਹੇ ਸੀ,ਸੱਸ ਉਸਨੂੰ ਬੁੱਕਲ ਵਿੱਚ ਲੈ ਕਹਿੰਦੀ 'ਬੇਟੀ ਤੇਰੇ ਨਾਲ ਜਿਆਦਤੀ ਹੋ ਰਹੀ



ਹੈ'।ਪਰ ਸਿਮੀ ਮੱਥੇ ਸ਼ਿਕਨ ਨਾਂ ਆਉਣ ਦਿੰਦੀ ਕੁਮਾਰ ਦੇ ਮਾਪਿਆ ਦੀ ਸੇਵਾ ਚ ਕਮੀ ਨਾਂ ਆਉਣ ਦੇਂਦੀ।ਜੋ ਕੋਈ ਵੀ ਘਰ ਆਉਂਦਾ ਸਿਮੀ ਦੀ ਘਰਦਾਰੀ ਦੀ ਪ੍ਰਸ਼ੰਸਾ ਕਰਦਾ,ਥਾਂ,ਥਾਂ ਉਸਦੀ ਸੀਰਤ ਦੀ ਸਿਫ਼ਤਾਂ ਹੁੰਦੀਆਂ।ਸਿਮੀ ਦੇ ਦਿਲ ਤੇ ਕੀ ਗੁਜਰ ਰਹੀ ਸੀ ਉਹ ਹੀ ਜਾਣਦੀ ਸੀ।ਉਹ ਕੁਮਾਰ ਤੋਂ ਦੁਨੀਆਂਦਾਰੀ ਛਡ ਕੇ ਪੜ੍ਹਾਈ ਦੀ ਗਲ ਵੀ ਛੇੜਦੀ ਤਦ ਵੀ ਉਹ  ਮੂੰਹ ਬੰਦ ਕੀਤੇ ਹੀ ਹੂੰ ਕਰ ਛੱਡਦਾ ।

ਕੁਮਾਰ ਦੇ ਮਾਂ ਬਾਪ ਸੱਭ ਦੇਖ ਸਮਝਦੇ ਸੀ।ਇਕ ਦਿਨ ਕੁਮਾਰ ਦੀ ਮਾਂ ਨੇ ਦਿਲ ਦਿਮਾਗ ਤੇ ਪੱਥਰ ਰੱਖ ਕੇ ਸਿਮੀ ਨੂੰ ਕਹਿ ਦਿਤਾ,' ਬੇਟੀ ਤੂੰ ਉਮਰ ਖਰਾਬ ਨਾਂ ਕਰ ਤੇ ਇਥੋਂ ਚਲੀ ਜਾ ਸਾਨੂੰ ਮਾਫ਼ ਕਰ ਦੇਣਾ ਅਸੀਂ ਤੇਰੇ ਮੁਜਰਮ ਹਾਂ'।

ਮੰਮੀ ਤੁਸੀਂ ਇਹ ਕੀ ਕਹਿ ਦਿੱਤਾ,ਮੈਂ ਸਗੀ ਨਾ ਸਹੀ ਬਹੂ ਬੇਟੀ ਤੇ ਹਾਂ ਨਾਂ ਤੁਹਾਡੀ-ਤੇ ਉਹ ਸੱਸ ਦੀ ਗੋਦ ਵਿੱਚ ਸਿਰ ਰੱਖ ਡੁਸਕਣ ਲਗੀ,ਫਿਰ ਆਪ ਹੀ ਸੰਭਲ਼ ਗਈ ਤੇ ਕੰਮ ਵਿੱਚ ਰੁਝ ਗਈ।ਕੁਮਾਰ ਨੂੰ ਵੀ ਮਾਪਿਆਂ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਤੇ ਸਮਝ ਤੋਂ ਬਹੁਤ ਅੱਗੇ ਨਿਕਲ ਚੁਕਿਆ ਸੀ,ਪੱਥਰ ਪਿਘਲ ਸਕਦਾ ਹੈ ਪਰ ਕੁਮਾਰ ਤੇ ਬੰਦ ਦਿਮਾਗ ਸੀ।ਦੋਸਤ ਕੋਈ ਸੀ ਨਹੀਂ ਜਿਸ ਨਾਲ ਮਸ਼ਵਰਾ ਕੀਤਾ ਜਾਂਦਾ,ਨਾਂ ਹੀ ਉਹ ਸਿਮੀ ਦੇ ਵੀਰ ਨਾਲ ਮੇਲ ਬਣਾ ਸਕਿਆ।

ਬੜਾ ਹੀ ਜਿਗਰਾ ਕਰ ਕੇ ਇਕ ਦਿਨ ਕੁਮਾਰ ਦੇ ਪਿਤਾ ਨੇ ਉਸਨੂੰ ਕਿਹਾ,' ਬੇਟਾ ਸਿਮੀ ਜਵਾਨ ਹੈ ਔਰ ਹਰ ਪੱਖ ਤੋਂ ਪਿਆਰ ਤੇ ਇਜ਼ਤ ਦੇ ਕਾਬੁਲ ਹੈ,ਤੈਨੂੰ ਜੇ ਪਸੰਦ ਨਹੀਂ ਸੀ ਤਾਂ ਤੂੰ ਪਹਿਲੇ ਇਨਕਾਰ ਕਰ ਦੇਂਦਾ ਇਸ ਤਰਾਂ ਉਹਦੀ ਉਮਰ ਬਰਬਾਦ ਨਾਂ ਹੁੰਦੀ,

ਹੁਣ ਹੋਰ ਦੇਰ ਨਾ ਕਰ ਤੇ ਸਿਮੀਂ ਨੂੰ ਆਜ਼ਾਦ ਕਰ ਦੇ,ਜੀਣ ਦੇ ਉਹਨੂੰ ਇੰਝ ਤਿਲ ਤਿਲ ਕਰਕੇ ਨਾ ਮਾਰ'ਅਸੀਂ ਤੈਨੂੰ ਕਿਸੇ ਡਾਕਟਰ ਦੀ ਸਲਾਹ ਲੈਣ ਲਈ ਵੀ ਨਹੀਂ ਕਹਿ ਸਕਦੇ''।

ਉਸ ਦਿਨ ਕੁਮਾਰ ਦਾ ਦਿਮਾਗ ਥੋੜਾ ਜਿਹਾ ਸਾਫ਼ ਜਰੂਰ ਹੋਇਆ,ਬੱਸ ਇੰਨਾ ਹੀ ਫ਼ਰਕ ਪਿਆ ਕਿ ਉਹ ਦਫ਼ਤਰ ਬੈਠੈ ਸਿਮੀ ਬਾਰੇ ਸੋਚਦਾ ਮਨ ਹੀ ਮਨ ਉਹਨੂੰ ਪਿਆਰ ਵੀ ਕਰਦਾ ਪਰ ਘਰ ਆਉਂਦੇ ਹੀ ਉਹ ਫਿਰ ਉਹੀ ਪੋਜ਼ੀਸ਼ਨ ਅਖਤਿਆਰ ਕਰ ਲੈਂਦਾ,ਕੱਚੇ ਧਾਗੇ ਦੀ ਦੀਵਾਰ ਉਹਦੇ ਤੋਂ ਨਾਂ ਟੁਟਦੀ।ਸਿਮੀ ਉਹਦੇ ਆਉਣ ਤੇ ਪੂਰੇ ਸਲੀਕੇ ਨਾਲ ਚਾਹ ਨਾਸ਼ਤਾ ਲੈ ਕੇ ਆਉਂਦੀ ,ਉਹ ਖਾ ਕੇ ਵੀ ਨੁਕਤਾਚੀਨੀ ਕਰ ਦੇਂਦਾ।ਉਸਦੇ ਕੁਰੱਖਤ ਬੋਲਾਂ ਨੇ ਸਿਮੀ ਦਾ ਕੜ ਪਾੜ ਛਡਿਆ ਸੀ।

ਉਸ ਦਿਨ ਉਹਨਾਂ ਦੀ ਵਿਆਹ ਦੀ ਸਾਲ ਗਿਰਹ ਸੀ,ਸਿਮੀ ਨੇ ਖੂਬ ਤਿਆਰੀ ਕੀਤੀ ਸਾਰਾ ਪਰਵਾਰ ਖੁਸ਼ ਸੀ ਕਿ ਅੱਜ ਤੋਂ ਸੱਭ ਠੀਕ ਹੋ ਜਾਏਗਾ,ਇਕ ਨਵਾ ਮਾਹੌਲ ਹੋਵੇਗਾ ਤੇ ਖੁਸਗਵਾਰ ਵੀ।ਪੂਰੀ ਸਜੀ ਹੋਈ ਟਰੇ ਲੈ ਕੇ ਸਿਮੀ ਖੂਬਸੂਰਤ ਸਾੜ੍ਹੀ ਵਿੱਚ ਕੁਮਾਰ ਦੇ ਸਾਹਮਣੇ ਸੀ,ਕੇਕ ਕਟਣ

ਵਾਸਤੇ ਛੋਟੀ ਜਿਹੀ ਛੁਰੀ ਟਰੇ ਵਿਚੋਂ ਕੁਮਾਰ ਨੇ ਚੁਕਣੀ ਸੀ ਤੇ ਕੇਕ ਕਟਣਾ ਸੀ,ਇੰਨੀ ਸਜਾਵਟ ਇੰਨਾ ਸੁਖਾਂਵਾਂ ਵਾਤਾਵਰਣ ਵੀ ਕੁਮਾਰ ਨੂੰ ਲੁਭਾ ਨਾਂ ਸਕਿਆ ਉਸਨੇ ਸਿਮੀ ਵੱਲ ਤਕਿਆ ਤੇ ਜਿਵੇਂ ਉਸਦੀ ਅੰਦਰਲੀ ਈਰਖਾ ਛੁਪੀ ਨਾ ਰਹਿ ਸਕੀ,ਉਸਨੇ ਕੁਝ ਇਸ ਤਰਾਂ ਛੁਰੀ ਨੂੰ ਹੱਥ ਪਾਇਆ ਕਿ ਟਰੇ ਸਿਮੀ ਦੇ ਹੱਥ ਚੋਂ ਡਿਗ ਗਈ ਤੇ ਕਾਫ਼ੀ ਖੜਾਕ ਜਿਹਾ ਹੋਇਆ ਮਹਿਮਾਨ ਹੱਸਣ ਲਗੇ,ਸਿਮੀ ਜਾਣਦੀ ਸੀ ਕਿ ਕੁਮਾਰ ਨੇ ਇਹ ਜਾਣ ਕੇ ਕੀਤਾ ਸੀ।ਹਰ ਅੱਖ ਹਰ ਜੁਬਾਨ ਸਿਮੀ ਦੀ ਤਾਰੀਫ਼ ਕਰ ਰਹੀ ਸੀ,ਤੇ ਕੁਮਾਰ ਦੀ ਜੀਭ ਲਾਲ ਕੋਲੇ ਚਬ ਰਹੀ ਸੀ,ਉਸ ਕੇਕ ਦਾ ਪੀਸ ਲਿਆ ਤੇ ਪਰੇ ਜਾ ਬੈਠਾ।-ਪਾਰਟੀ ਖਤਮ ਹੋਈ ਸਾਰੇ ਮਹਿਮਾਨ ਇਹੀ ਕਹਿੰਦੇ ਹੋਏ ਬਾਹਰ ਨਿਕਲ ਰਹੇ ਸੀ,'ਬਈ ਵਾਹ ਮਜਾ ਆ ਗਿਆ ਇੰਨਾ ਸਵਾਦ ਇੰਨਾ ਸਲੀਕਾ,ਕਿੰਨਾ ਲੱਕੀ ਹੈ ਕੁਮਾਰ ਤੇ ਉਸਦੇ ਮਾਪੇ,ਬਈ ਸਾਨੂੰ ਤੇ ਹਮੇਸ਼ ਯਾਦ ਰਹੇਗੀ ਇਹ ਸ਼ਾਮ''।

ਸਿਮੀ ਨੂੰ ਜਿਸ ਤੋਂ ਪ੍ਰਸੰਸਾ ਦਾ ਇੰਤਜ਼ਾਰ ਸੀ ਉਸ ਆਖਿਆ,' ਮੈਨੂੰ ਇਹ ਭੀੜ ਭੜਕਾ ਚੰਗਾ ਨਹੀਂ ਲਗਦਾ ਤੂੰ ਆਪਣੇ ਘਰ ਜਾ ਕੇ ਇਹੋ ਜਿਹੇ ਅਡੰਬਰ ਕਰਿਆ ਕਰ।

ਸਿਮੀਂ ਦੇ ਹੰਝੂਆਂ ਨੂੰ ਸਿਰਹਾਣਾ ਬੋਚ ਲੈਂਦਾ,ਉਸਦਾ ਸਿਰ ਆਪਣੀ ਗੋਦ ਵਿੱਚ ਰੱਖ ਸਹਿਲਾਉਂਦਾ,ਬਸ ਉਹੀ ਹਮਦਰਦ ਸੀ ਸਿਮੀ ਦਾ

ਸਿਮੀ ਦੇ ਸਬਰ ਦਾ ਪਿਆਲਾ ਉਛਲ ਚੁੱਕਾ ਸੀ ਹੁਣ ਉਸ ਕੋਲ ਹੋਰ ਸਬਰ/ ਬਰਦਾਸ਼ ਦਾ ਮਾਦਾ ਨਹੀਂ ਸੀ ਇਕੱਠਾ ਹੋ ਰਿਹਾ।ਉਸਨੇ ਖੁਦ ਤੇ ਕੰਟਰੋਲ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਬੇਕਾਰ-ਉਹ ਉਠ ਕੇ ਕਿਚਨ ਚ ਗਈ ਤੇ ਸਾੜ੍ਹੀ ਤੇ ਤੇਲ ਛਿੜਕ ਕੇ ਪੱਲੂ ਨੂੰ ਅੱਗ ਲਗਾ ਕੇ ਕੁਮਾਰ ਦੇ ਬੈੱਡ ਕੋਲ ਪਹੁੰਚ ਗਈ,ਕੁਮਾਰ ਨੂੰ ਸੇਕ ਲਗਿਆ ਤੇ ਉਹ ਤ੍ਰਭਕ ਕੇ ਉਠਿਆ ਤੇ ਸਿਮੀ ਨੂੰ ਬਲ ਰਹੀ ਵੇਖ ਉਸ ਚੀਕ ਮਾਰੀ ਤੇ ਕੰਬਲ ਚੁਕ ਉਸ ਤੇ ਦੇਣ ਲਗਾ ਹੀ ਸੀ ਕਿ ਸਿਮੀ ਨੇ ਉਸਨੂੰ ਆਪਣੀਆਂ ਬਾਹਾਂ ਚ ਭਰ ਲਿਆ।

ਸਿਮੀ-ਸੰਯੋਗ ਤੈਨੂੰ ਮੰਨਜੂਰ ਨਹੀਂ ਸੀ, ਹੋਣੀ ਨੂੰ ਅਣਹੋਣੀ ਕਰੇਂ ਤਾਂ ਮੰਨਾਂ।

ਸਿਮੀ-ਤੂੰ ਮੇਰਾ ਜੀਵਨ ਸਾਥੀ ਸੀ ਪਰ ਜੀਵਨ ਦਾ ਸਾਥ ਨਾ ਨਿਭਾ ਸਕਿਆ, ਹੁਣ ਆਪਾਂ ਮੌਤ ਦਾ ਸਾਥ ਅਗਲੇ ਜਨਮ ਤੱਕ ਨਿਭਾਵਾਂਗੇ-ਤੇ ਉਹਦੇ ਬਾਹਰਲੀ ਅੱਗ ਕੁਮਾਰ ਦੇ ਅੰਦਰਲੀ ਅੱਗ ਨੂੰ ਗਲਵਕੜੀ ਪਾ ਬਰਾਬਰ ਹੋ ਗਈ।ਤੇ ਦੋ ਜਿਸਮ ਇਕ ਲਾਸ਼ ਹੋ ਗਏ।

ਸਾਡੀ ਭੂਆਜੀ ਬੜੈ ਚਾਅਵਾਂ ਨਾਲ ਫੁਲਾਂ ਵਾਲੀ ਡੋਲੀ ਚ ਬੈਠ ਸਹੁਰੇ ਪੁਜੀ ਸੀ ਸਾਰੇ ਰੀਤ ਰਿਵਾਜ ਨਿਭਾਏ ਗਏ।ਫੁੱਫਾ ਜੀ ਫੌਜ ਵਿੱਚ ਲੇਖਾ ਅਫ਼ਸਰ ਸਨ ਤੇ ਉਹ ਘਰ ਵਿੱਚ ਵੀ ਲੇਖਾ ਜੋਖਾ ਪੋਟਿਆਂ ਤੇ ਬਣਾ ਕੇ ਰਖਦੇ।ਮਜਾਲ ਹੈ ਜੇ ਕੋਈ ਦੋ ਤੋਂ ਤਿੰਨ ਕਰ ਸਕੇ।ਭੂਆਜੀ ਖੁਲ੍ਹਾ ਖਾਣ ਪੀਣ ਤੇ ਖੁਲ੍ਹਾ ਖਰਚ ਦੀ ਸ਼ੋਕੀਨ ਤਾਂ ਸੀ ਪਰ ਉਹ ਫ਼ਜੂਲ ਖਰਚ ਨਹੀਂ ਸੀ।



ਭੂਆ ਜੀ ਨੂੰ ਮਿੱਠਾ ਬਹੁਤ ਪਸੰਦ ਸੀ ਉਹ ਜਲੇਬੀਆਂ ਲਗਭਗ ਰੋਜ ਹੀ ਖਾਇਆ ਕਰਦੀ। ਫੁਫਾਜੀ ਨੂੰ ਕਿਸੇ ਦੀ ਵੀ ਪਸੰਦ ਨਾਂ ਪਸੰਦ ਦਾ ਕਦੇ ਧਿਆਨ ਨਾਂ ਆਉਂਦਾ,ਉਹ ਤੇ ਆਪਣੇ ਅੰਕੜਿਆਂ ਦੇ ਅਨੁਸ਼ਾਸਨ ਦਾ ਸ਼ਾਸਨ ਮੰਨਦੇ ਸਨ।ਕੋਈ ਦਿਨ ਦਿਹਾਰ,ਤਿਉਹਾਰ ਕੋਈ ਤੋਹਫ਼ਾ ਤਹਾਇਫ਼ ਦਾ ਤਾਂ ਕਿਆਸ ਵੀ ਕਦੇ ਨਾ ਕੀਤਾ।ਸੁਬਹ ਫੂਫਾਜੀ ਦੇ ਦਫ਼ਤਰ ਜਾਣ ਵੇਲੇ ਭੂਆਜੀ ਬੜੈ ਪਿਆਰ ਨਾਲ ਕਹਿੰਦੀ 'ਜੀ ਜਲੇਬੀਆਂ ਲੈ ਕੇ ਆਉਣਾ'।ਫੂਫਾ ਜੀ ਨੇ ਉਹ ਕਿਤਾਬ ਹੀ ਨਹੀਂ ਪੜ੍ਹੀ ਸੀ ਜਿਸ ਵਿੱਚ ਕੰਨ ਧਰਨੇ ਲਿਖਿਆ ਸੀ।ਭੂਆਜੀ ਜਦ ਕਦੀ ਪੇਕੇ ਜਾਂਦੀ ਤਾਂ ਰੱਜ ਕੇ ਮਿੱਠਾ ਤੇ ਜਲੇਬੀਆਂ ਖਾ ਕੇ ਆਉਂਦੀ।ਬੀਜੀ ਭੂਆਜੀ ਨੂੰ ਜੋ ਸ਼ਗਨ ਵਿਹਾਰ ਚ ਨਗਦੀ ਦੇਂਦੀ ਉਸ ਨਾਲ ਉਹ ਮੇਰੇ ਕੋਲੋਂ ਕਦੀ ਕਦੀ ਜਲੇਬੀਆਂ ਮੰਗਾ ਲੈਂਦੀ।

ਇਕ ਦਿਨ ਫੂਫਾ ਜੀ ਨੇ ਮੇਰੇ ਹੱਥ ਵਿੱਚ ਜਲੇਬੀਆਂ ਦਾ ਲਿਫਾਫਾ ਦੇਖ ਲਿਆ ਤੇ ਮਧੋਲ ਕੇ ਡਸਟਬਿਨ ਚ ਸੁੱਟ ਦਿੱਤਾ।ਫੂਫਾ ਜੀ ਨਿਰੇ ਹਿਸਾਬ ਦੇ ਹੀ ਕੋਰੇ ਨਹੀਂ ਸਨ ਉਹ ਪਿਆਰ ਮੁਹੱਬਤ ਤੋਂ ਵੀ ਅਣਭਿੱਜ ਸਨ।ਉਹ ਆਪਣੀ ਜਾਤ ਤੋਂ ਸਿਵਾ ਕਿਸੇ ਨਾਲ ਚਿੱਤ ਨਾਂ ਲਾਉਂਦੇ,ਉਂਜ ਪਾਠ ਪੂਜਾ ਬਥੇਰੀ ਕਰਦੇ।ਭੂਆਜੀ ਨਾਲ ਵਿਆਹ ਤਾਂ ਕਰਾ ਲਿਆ ਪਰ ਚਾਰ ਸਾਲ ਤੱਕ ਉਹ ਭੂਆਜੀ ਦੇ ਪਤੀ ਤਾਂ ਕੀ ਦੋਸਤ ਵੀ ਨਾਂ ਬਣ ਸਕੇ।ਕਿਸੇ ਦੀ ਸਮਝ ਵਿੱਚ ਨਾ ਆਓਂਦਾ ਕਿ ਇਹ ਕੈਸੀ ਨਾਅਹਿਲੀਅਤ ਸੀ,ਇਹ ਕੈਸੀ ਕੰਜੂਸੀ ਸੀ ।ਭੂਆ ਜੀ ਲਈ ਉਹ ਅੱਜ ਵੀ ਨਾਮਹਿਰਮ ਹੀ ਸੀ।ਅੰਦਰੋਂ ਸ਼ਾਇਦ ਉਹਨਾ ਨੂੰ ਲਗਦਾ ਸੀ ਮੇਰੇ ਨੇੜੇ ਆਕੇ ਇਹ ਨਿੱਤ ਨਵੀਆਂ ਮੰਗਾਂ ਕਰੇਗੀ।ਘਰਦਿਆਂ ਸੋਚਿਆ ਸੀ ਵਿਆਹ ਤੋਂ ਬਾਦ ਸੱਭ ਸਹੀ ਹੋ ਜਾਵੇਗਾ।ਫੂਫਾ ਜੀ ਦਾ ਮਾਮਾ ਹੱਸ ਕੇ ਕਿਹਾ ਕਰਦਾ ਸੀ 'ਵਿਆਹ ਨੇ ਵੱਡੇ ਵੱਡੇ ਫੰਨੇ ਖਾਂ ਪਟਕਾ ਤੇ ਇਹ ਕੀ ਚੀਜ਼ ਹੈ'।ਪਰ ਫੂਫਾ ਜੀ ਤਾਂ ਜਿਵੇਂ ਬਾਹਰਲੀ ਮਖ਼ਲੂਕ ਸੀ ਕੋਈ। ਕਹਿੰਦੈ,' 'ਜਿਸ ਅੱਖ ਵਿੱਚ ਨਮੀ ਨਾਂ ਹੋਵੇ ਉਹ ਕੀਮਤੀ ਪੱਥ੍ਰਰ ਤਾਂ ਹੋ ਸਕਦੀ ਹੈ ਪਰ ਨੂਰ ਨਹੀਂ'।ਭੂਆਜੀ ਅਪਨਾ ਮਨ ਮਾਰ ਕੇ ਖੁਦ ਕਈ ਲਾਰੇ ਲੱਪੇ ਲਾ ਕੇ ਅੱਛੇ ਦਿਨਾਂ ਦੀ ਆਸ ਵਿੱਚ ਉਮਰ ਕੱਟ ਰਹੀ ਸੀ।ਉਹ ਕੰਮ ਧੰਦਾ ਕਰਦੀ ਗੁਣਗਣਾਉਂਦੀ ਰਹਿੰਦੀ,

'ਤੁਮਹੇਂ ਚਾਹਾ,ਤੁਮਹੇਂ ਪੂਜਾ,ਤੁਮਹੇਂ ਅਪਨਾ ਖੁਦਾ ਬਨਾਇਆ''।

ਫਿਰ ਜਿਵੇਂ ਉਹ ਨੀਮ ਪਾਗਲ ਹੋ ਗਈ,ਉਹ ਗਾਉਂਦੀ,'ਉਮਰ ਕਟੀ ਹੈ,ਜਿੰਦਗੀ ਨਹੀਂ ਗੁਜਰੀ.......

''ਮੁਹੱਬਤ ਅੱਬ ਨਹੀਂ ਹੋਗੀ,ਯੇ ਕੁਸ਼ ਦਿਨ ਬਾਦ ਮੇਂ ਹੋਗੀ

ਗੁਜਰ ਜਾਏਂਗੇ ਜਬ ਯੇ ਦਿਨ , ਉਨਕੀ ਯਾਦ ਮੇਂ ਹੋਗੀ ''।

ਫੋਨ ਦੀ ਘੰਟੀ ਵਜੀ,ਹਸਪਤਾਲ ਚੋਂ ਕਾਲ ਸੀ ਫੁਫਾ ਜੀ ਦੀ ਡੈੱਡ ਬਾਡੀ ਲੈ ਆਉਣ ਦਾ ਸੁਨੇਹਾ ਸੀ। ਸੁਣ ਕੇ ਭੂਆਜੀ ਪੱਥਰ ਦੀ ਸਿਲ੍ਹ ਬਣ ਗਈ। ਡੈੱਡ ਬਾਡੀ ਘਰ ਆਈ ਤੇ ਔਰਤਾਂ ਨੇ ਭੂਆਜੀ ਨੂੰ ਰੁਆਉਣ ਦੀ ਹਰ ਵਾਹ ਲਾਈ ਪਰ ਉਸਦੀ ਅੱਖ ਗਿਲੀ ਨਾਂ ਹੋਈ। ਰਸੋਈ ਚੋਂ ਕੁਝ ਡਿਗਣ ਦੀ ਆਵਾਜ਼ ਆਈ ,ਸੱਭ ਦਾ ਧਿਆਨ ਉਧਰ ਗਿਆ,ਭੂਆਜੀ ਨੇ ਸੱਭ ਡੱਬੇ ਹੇਠਾਂ ਸੁੱਟ ਦਿੱਤੇ,ਉਹ ਦਾਲਾਂ ਖੰਡ ਮਿਰਚ ਲੂਣ ਦੇ ਫੱਕੇ ਮਾਰ ਰਹੀ ਸੀ,ਧੜਾਕ ਕਰ ਭੂਆਜੀ ਉਠੀ ਅੰਦਰ ਬੂਹਾ ਬੰਦ ਕੀਤਾ,ਸਾਰੇ ਡਰ ਗਏ ਕਿਤੇ ਫਾਹਾ ਨਾ ਲਾ ਲਵੇ।

ਸਾਹ ਚ ਸਾਹ ਆਇਆ ਬੂਹਾ ਖੁਲ੍ਹਿਆ,ਪਰ ਇਹ ਕੀ ਸੀ ਭੂਆਜੀ ਵਿਆਹ ਵਾਲੀ ਲਾਲ ਸਾੜ੍ਹੀ ਤੇ ਸ਼ੌਖ ਮੇਕਅੱਪ ਲਿਪਿਆ,ਗੁਲਾਬੀ ਸੁਨਹਿਰਾ ਬੈਗ ਫੜਿਆ,ਉੱਚੀ ਅੱਡੀ ਦੀ ਸੈਂਡਲ ਪਾਈ, ਬਾਹਰ ਆਈ,ਤੇ ਬੜੀ ਮਟਕ ਨਾਲ ਪੈਰ ਧਰਦੀ ਮੇਨ ਗੇਟ ਤੋਂ ਬਾਹਰ ਨਿਕਲ ਗਈ,ਇਹ ਕੀ ਸੀ, ਕੀ ਹੋ ਰਿਹਾ ਸੀ ਬਹੁਤਿਆਂ ਦਾ ਧਿਆਨ ਸਿਰਫ਼ ਲਾਸ਼ ਵਲ ਸੀ।

ਘੰਟੇ ਕੁ ਬਾਦ ਭੂਆਜੀ ਹੱਥ ਵਿੱਚ ਇਕ ਥਿੰਦਾ ਜਿਹਾ ਲਿਫਾਫਾ ਫੜੀ ਅੰਦਰ ਆਈ ਤੇ ਆਪਣੇ ਪਤੀ ਦੀ ਬਾਡੀ ਤੇ ਡਿਗ ਲਿਫਾਫੇ ਚੋਂ ਜਲੇਬੀਆਂ ਕੱਢ ਕਮਲਿਆਂ ਵਾਂਗ ਕਾਹਲੇ ਕਾਹਲੇ ਖਾਣ ਲਗ ਪਈ,ਉਸ ਜੀਅ ਭਰ ਜਲੇਬੀਆਂ ਖਾਧੀਆਂ ਉੱਚੀ ਉੱਚੀ ਠਹਾਕੇ ਲਾਏ ਤੇ ਫਿਰ ਇਕ ਲੰਬੀ ਚੀਖ— ਭੂਆਜੀ ਨੇ ਲਾਸ਼ ਦੇ ਸੀਨੇ ਤੇ ਸਿਰ ਟਿਕਾ ਦਿੱਤਾ ਤੇ ਕਦੇ ਨਾਂ ਅਲੱਗ ਹੋਣ ਦਾ ਲੰਬਾ ਸਾਹ ਲਿਆ।

ਦੋ ਜਿਸਮ ਇਕ ਜਾਨ,,ਇਕ ਆਤਮਾ,ਇਕ ਚਿਤਾ,ਧੂੰਆਂ ਉਠਿਆ,ਲਾਟ ਲਿਸ਼ਕੀ ,ਹਉਕੇ ਠੰਢੇ ਹੋ ਇਕ ਕਹਾਣੀ ਬਣੀ.........

" ਹਮ ਨੇ ਅਪਨਾ ਸੱਭ ਕੁਛ ਖੋਇਆ ਪਿਆਰ ਤੇਰਾ ਪਾਨੇ ਕੋ "।



## "ਇਨਸਾਫ ਦਾ ਤਕਾਜ਼ਾ"

" ਤੇਰਾ ਤੇਰਾ ਬੋਲਦਾ ਵੇ ਭਰ ਤੱਕੜੀ ਰਾਜਾ ਤੋਲਦਾ ਵੇ"।

ਤੱਕੜੀ ਫੜ ਕੇ ਜੋ ਉਸ ਮਾਲਕ ਨੂੰ ਧਿਆਨ ਵਿੱਚ ਰਖਦੈ ਕਦੇ ਕੂੜਾ ਨਹੀਂ ਤੋਲਦਾ ਤੇ ਕਦੇ ਕੌੜਾ ਨਹੀਂ ਬੋਲਦਾ।

ਸ਼ੇਖਾਂ ਮੁਹੱਲੇ ਵਿੱਚਲੀ ਏਕਤਾ ਕਿਸੇ ਸ਼ਬਦ ਦੀ ਮੁਹਤਾਜ ਨਹੀਂ ਸੀ। ਦੋ ਗਵਾਂਢਣਾਂ ਦੀ ਦੋਸਤੀ ਸਦਾ ਚਰਚਾ ਵਿੱਚ ਹੁੰਦੀ। ਦੋਹਾਂ ਕੋਲ ਇਕ ਇਕ ਮੱਝ ਰੁਜਗਾਰ ਦਾ ਸਾਧਨ ਸੀ। ਗੂੜ੍ਹੀ ਦੋਸਤੀ ਤਾਂ ਸੀ ਪਰ ਸੁਭਾਅ ਤੇ ਸਿਆਣਪ ਤੇ ਆਦਤ ਵਿੱਚ ਕਿਤੇ ਕਿਤੇ ਵਖਰੇਵਾਂ ਸੀ। ਨਿਮੋ ਸੰਯਮ ਤੇ ਸੰਤੋਖ ਵਾਲੀ ਔਖੇ ਵੇਲੇ ਨੂੰ ਧਿਆਨ ਚ ਰੱਖਦੀ ਤੇ ਕਿਰਪੀ ਬੇਧਿਆਨ ਖਾ ਲਿਆ ਹੰਢਾ ਲਿਆ,ਕਲ ਦਕਲ ਵੇਖੀ ਜਾਊ। ਕਿਰਪੀ ਦਾ ਕਹਿਣਾ ਸੀ,'ਖਾ ਗਏ ਰੰਗ ਲਾ ਗਏ ਜੋੜ ਗਏ ਸੋ ਰੋੜ੍ਹ ਗਏ'। ਅੱਜ ਖਾਓ,ਪੀਓ ਲਓ ਆਨੰਦ,ਕਲ ਆਪੇ ਦੇਵੇਗਾ ਪਰਮਾਨੰਦ"। ਉਹ ਕਦੇ ਨਾ ਸੋਚਦੀ ਕਿ ਜਦ ਮੱਝ ਦੁੱਧ ਦੇਣਾ ਬੰਦ ਕਰ ਦੇਵਗੀ ਤਾਂ ਉਹ ਕਿਵੇਂ ਗੁਜਾਰਾ ਕਰੇਗੀ।

ਨਿਮੋ ਦੁੱਧ ਘਿਓ ਵੇਚ ਕੇ ਘਰ ਦੇ ਖਰਚੇ ਵਿਚੋਂ ਕਈ ਕੁਝ ਬਚਾ ਲੈਂਦੀ ਤੇ ਜਦੋਂ ਮੱਝ ਸੂਣ ਵਾਲੀ ਹੁੰਦੀ ਤਾਂ ਉਹਨੂੰ ਘਿਓ,ਤੇ ਬਰਸਾਤਾਂ ਵਿੱਚ ਬਾਲਣ ਦੀ ਤੰਗੀ ਨਾਂ ਆਉਂਦੀ। ਪਾਥੀਆਂ ਘਿਓ ਵੇਚ ਲੂਣ ਤੇਲ ਖੰਡ ਲੈ ਲੈਂਦੀ ਤੇ ਵਧੀਆ ਗੁਜਾਰਾ ਕਰਦੀ,ਲੋੜ ਥੋੜ ਵੇਲੇ ਕਿਰਪੀ ਨੂੰ ਵੀ ਦੇ ਦੇਂਦੀ,ਤੇ ਕਿਸੇ ਵੀ ਲੋੜਵੰਦ ਦੀ ਮਦਦ ਕਰ ਦੇਂਦੀ।

ਦੁੱਧ ਤੇ ਬੁੱਧ ਫਿਟਦੇ ਕਿਹੜਾ ਦੇਰ ਲਗਦੀ ਹੈ,ਅਜਿਹਾ ਹੀ ਹੋਇਆ,ਕਿਰਪੀ ਦੀ ਬੱਧੀ ਮਾਰੀ ਗਈ,ਉਹ ਗਾਹੇ ਬਗਾਹੇ ਨਿਮੋ ਦੀ ਚੋਰੀ ਕਰਨ ਲਗੀ। ਨਿਮੋ ਓ ਜਾਣੈ'ਆਖ ਕੇ ਦਰ ਗੁਜਰ ਕਰ ਛੱਡਦੀ। ਨਿਮੋ ਦੀ ਮੱਝ ਸੂਣ ਵਾਲੀ ਸੀ ਤੇ ਫਿਰ ਵੀ ਉਸਦੇ ਘਰ ਖੁਲ੍ਹਾ ਘਿਓ ਵਰਤੀਂਦਾ ਵੇਖ ਕਿਰਪੀ ਨੂੰ ਹਸਦ ਹੋਣ ਲਗੀ,ਉਸਨੇ ਇਕ ਦਿਨ ਮੌਕਾ ਪਾ ਕੇ ਨਿਮੋ ਦੀ ਘਿਓ ਵਾਲੀ ਪੀਪੀ ਚੁੱਕ ਲਈ।

ਨਿਮੋ ਨਿਮੋਝੂਣੀ ਹੋ ਗਈ ਕਰੇ ਤੇ ਕੀ ਕਰੇ। ਉਸਨੇ ਕਦੀ ਵੀ ਨਹੀਂ ਸੋਚਿਆ ਸੀ ਕਿ ਕਿਰਪੀ ਇੰਜ ਕਰੇਗੀ। ਉਹਨੇ ਕਿਰਪੀ ਨੂੰ ਹੱਥ ਜੋੜੇ ਵਾਸਤੇ ਪਾਏ ਪਰ ਕਿਰਪੀ ਪੈਰਾਂ ਤੇ ਪਾਣੀ ਨਾ ਪੈਣ ਦਵੇ ਇਹੀ ਕਹੇ ਕਿ ਇਹ ਤੇ ਉਸ ਆਪ ਜੋੜਿਆ ਹੈ,ਉਸ ਚੋਰੀ ਨਹੀਂ ਕੀਤੀ। ਮੁਹੱਲੇ ਵਾਲੇ ਜਾਣਦੇ ਸਨ ਕਿਰਪੀ ਝੂਠੀ ਹੈ,ਪਰ ਉਹ ਅਟੱਲ ਸੀ। ਗਲ ਦਰਬਾਰੇ ਪੁੱਜੀ –

ਰਾਜੇ ਨੇ ਦੋਹਾਂ ਧਿਰਾਂ ਦੀ ਸੁਣੀ ਤੇ ਕਿਰਪੀ ਨੂੰ ਸਮਝਾਇਆ ਕਿ ਉਹ ਪੀਪੀ ਵਾਪਸ ਕਰ ਦੇਵੇ

,ਪਰ ਉਹ ਬੋਲੀ-' ਇਹ ਮੇਰੀ ਕਮਾਈ ਹੈ'।

ਰਾਜੇ ਨੇ ਦੋ ਮਟਕੇ ਪਾਣੀ ਮੰਗਾਇਆ ਤੇ ਦੋਨਾਂ ਔਰਤਾਂ ਨੂੰ ਦੇ ਕੇ ਕਿਹਾ'ਤੁਸੀ ਇਸੇ ਪਾਣੀ ਨਾਲ ਨਹਾਉਣਾ ਧੋਣਾ ,ਪਕਾਉਣਾ ਹੈ'। ਨਿਮੋ ਨੇ ਮਟਕੀ ਪਾਣੀ ਵਿਚੋ ਕੁਝ ਸਾਫ ਪਾਣੀ ਕੱਢ ਕੇ ਦੂਸਰੇ ਬਰਤਨ ਵਿੱਚ ਪਲਟ ਲਿਆ,ਤੇ ਬਾਕੀ ਪਾਣੀ ਨਾਲ ਮੂੰਹ ਹੱਥ ਧੋਤਾ ਖਾਣਾ ਪਕਾਇਆ,ਚਾਹ ਪਾਣੀ ਲਈ ਵਰਤਿਆ,ਭਾਂਡੇ ਧੋ ਕੇ ਮੈਲੇ ਪਾਣੀ ਨਾਲ ਚੌਂਕੇ ਵਿੱਚ ਪੋਚਾ ਵੀ ਲਾ ਲਿਆ।

ਕਿਰਪੀ ਨੇ ਸਾਰਾ ਪਾਣੀ ਹੱਥ ਮੂੰਹ ਧੋਣ ਤੇ ਰੋੜ੍ਹ ਦਿੱਤਾ।

ਰਾਜਾ ਸਮਝ ਗਿਆ ਕਿ ਕਿਰਪੀ ਚੋਰ ਹੈ ਤੇ ਉਸਨੇ ਨਿਮੋ ਦੀ ਘਿਓ ਦੀ ਪੀਪੀ ਕਿਰਪੀ ਤੋਂ ਨਿਮੋ ਨੂੰ ਵਾਪਸ ਕਰਾ ਦਿੱਤੀ।

ਨੂਰੀ ਆਪਣੇ ਵਾੜੇ ਵਿੱਚ ਪਸ਼ੂ ਸੰਭਾਲਦੀ ਜਾਂ ਜੋ ਵੀ ਕੰਮ ਕਰਦੀ ਆਪਣੇ ਪੁੱਤਰ ਨੂੰ ਕੁਛੜ ਚਾਈ ਰੱਖਦੀ,ਕਦੇ ਕਦੇ ਕਮਲਾ ਆਕੇ ਕਾਕਾ ਚੁੱਕ ਲੈਂਦੀ,ਤੇ ਘੰਟਿਆਂ ਬੱਧੀ ਉਸ ਨਾਲ ਰੁਝੀ ਰਹਿੰਦੀ,ਉਸਦੇ ਔਲਾਦ ਜੋ ਅਜੇ ਕੋਈ ਨਹੀਂ ਸੀ,ਉਸਨੂੰ ਕਾਕਾ ਬੜਾ ਪਿਆਰਾ ਲਗਦਾ।ਨੂਰੀ ਨੂੰ ਕੋਈ ਫਿਕਰ ਨਾਂ ਹੁੰਦਾ ਜਦ ਕਾਕਾ ਕਮਲਾ ਕੋਲ ਹੁੰਦਾ।ਚੰਗੀ ਭਲੀ ਕਮਲਾ ਨੂੰ ਪਤਾ ਨਹੀਂ ਇਕ ਦਿਨ ਕੀ ਹੋਇਆ ਉਹਨੇ ਕਾਕੇ ਬਾਹਰ ਖਿਡਾਉਣ ਦੇ ਬਹਾਨੇ ਚੁਕਿਆ,ਤੇ ਬਾਹਰ ਲੈ ਗਈ ਤੇ ਮੁੜ ਆਈ ਹੀ ਨਾਂ।

ਨੂਰੀ ਉਡੀਕ ਉਡੀਕ ਥੱਕ ਹਾਰ ਕੇ ਉਸਦੇ ਘਰ ਕਾਕੇ ਨੂੰ ਲੈਣ ਚਲੀ ਗਈ।ਲਓ ਉਥੇ ਤੇ ਦੁਨੀਆਂ ਹੀ ਬਦਲ ਗਈ ਸੀ,ਕਮਲਾ ਤੇ ਸੱਤੇ ਕਪੜੇ ਚੁੱਕ ਕੇ ਉਦ੍ਹੇ ਪਿਛੈ ਹੋ ਗਈ ਕਿ ਇਹ ਕਾਕਾ ਤੇਰਾ ਕਿਧਰੋਂ ਹੋ ਗਿਆ ਇਹ ਤੇ ਮੇਰਾ ਬੱਚਾ ਹੈ।

ਨੂਰੀ-ਅੜੀਏ ਕਿਉਂ ਮਜਾਕ ਕਰਦੀ ਹੈਂ ਸਵੇਰੇ ਫਿਰ ਆ ਜਾਵੀਂ ਕਾਕੇ ਨਾਲ ਖੇਡ ਲਵੀ ਜਿੰਨਾ ਚਿਰ ਮਰਜੀ,ਰਾਤ ਨੂੰ ਤੈਨੂੰ ਇਹ ਬੜਾ ਸਤਾਏਗਾ ਮੇਰੇ ਬਿਨਾਂ ਇਹ ਸੌਂਦਾ ਨਹੀਂ।

ਕਮਲਾ ਨੇ ਨੂਰੀ ਨੂੰ ਧੱਕੇ ਮਾਰ ਬਾਹਰ ਕੱਢ ਦਿੱਤਾ।ਝੂਠੀ ਚੋਰਨੀ,ਮੇਰਾ ਮੂੰਡਾ ਚੁਕਣ ਆਈ,।ਮੈਂ ਤੈਨੂੰ ਚੀਰ ਕੇ ਰੱਖ ਦਊਂ।

ਬੱਚਾ ਇੰਨਾ ਕੁ ਸੀ ਕਿ ਕੁਝ ਵੀ ਦਸਣ ਸਮਝਣ ਤੋਂ ਨਿੱਕਾ।ਉਹ ਬੇਖਬਰ ਮਿੱਠੀ ਨੀਂਦ ਸੌਂ ਰਿਹਾ ਸੀ।ਰੌਲਾ ਸੁਣਨ ਵਾਲੇ ਲੋਕ ਮੂੰਹ ਚ ਉਂਗਲਾਂ ਦੇਈ ਖੜੇ ਸੀ ਕਿ ਦੋਨਾਂ ਔਰਤਾ ਚ ਇੰਨਾ ਪਿਆਰ ਤੇ ਆਹ ਕੀ ਵਾ ਵਗ ਗੀ?ਵਿਚੋਂ ਆਵਾਜਾਂ ਵੀ ਆਂਈਆਂ ਕਿ ਕਮਲਾ ਨੂੰ ਇੰਜ ਨਹੀਂ ਕਰਨਾ ਚਾਹੀਦਾ,ਜੇ ਇਹ ਮਜਾਕ ਹੈ ਤਾਂ ਬਹੁਤਾ ਹੀ ਬੇਹੂਦਾ ਮਜਾਕ ਹੈ।ਸਿਆਣਿਆ ਨੇ ਕਮਲਾ ਨੂੰ ਬੱਚਾ ਵਾਪਸ ਕਰਨ ਲਈ ਵੀ ਕਿਹਾ,ਪਰ ਬੇਅਰਥ—



ਰਾਤ ਗੁਜਰੀ ਤੇ ਦਿਨੇ ਮਾਮਲਾ ਦਰਬਾਰੇ ਪੁੱਜ ਗਿਆ।ਨੂਰੀ ਰੋ ਰੋ ਕੇ ਆਖੈ ਇਹ ਮੇਰਾ ਬੱਚਾ ਹੈ ਮੈਂ ਇਸ ਨੂੰ ਜਨਮ ਦਿੱਤਾ,ਕਮਲਾ ਦੇ ਔਲਾਦ ਨਹੀਂ ਹੈ,ਕਮਲਾ ਮੇਰੀ ਸਹੇਲੀ ਭੈਣ ਹੈ ਇਹ ਕਾਕੇ ਨਾਲ ਰਚ ਮਿਚ ਗਈ ਸੀ,ਮੇਰੇ ਵਹਿਮੋ ਗੁਮਾਨ ਵਿੱਚ ਨਹੀਂ ਸੀ,ਕਿ ਇਹ.

ਕਮਲਾ ਕੁਰਲਾਉਣ ਲਗੀ-ਸਾਹਬ ਇਹ ਮੇਰਾ ਬੱਚਾ ਹੈ,ਇਹ ਔਰਤ ਝੂਠ ਬੋਲਦੀ ਹੈ,ਮੈਂ ਤੇ ਇਹਨੂੰ ਜਾਣਦੀ ਵੀ ਨ੍ਹੀਂ

ਨੂਰੀ ਦੇ ਹੱਕ ਵਿੱਚ ਕਈ ਬੋਲੇ,ਪਰ ਕਮਲਾ ਦੀ ਚਤੁਰਾਈ ਅੱਗੇ ਕੋਈ ਨਾਂ ਟਿਕ ਸਕਿਆ।

ਰਾਜੇ ਨੇ ਸੰਤਰੀ ਨੂੰ ਤਲਵਾਰ ਲਿਆਉਣ ਲਈ ਕਿਹਾ-ਤਲਵਾਰ ਫੜਾ ਰਾਜੇ ਨੇ ਜਲਾਦ ਨੂੰ ਹੁਕਮ ਦਿੱਤਾ 'ਬੱਚੇ ਦੇ ਦੋ ਟੁਕੜੇ ਕਰ ਦਿਓ,ਤੇ ਇਕ ਇਕ ਟੁਕੜਾ ਦੋਨਾਂ ਨੂੰ ਦੇ ਦਿਓ।

ਇਹ ਹੁਕਮ ਸੁਣਦੇ ਹੀ ਨੂਰੀ ਚੀਖ ਉਠੀ,ਨਹੀਂ ਸਾਹਬ ਨਹੀਂ ਬੱਚਾ ਕਮਲਾ ਨੂੰ ਦੇ ਦਿਓ,ਮੈਂ ਝੂਠੀ ਹਾਂ ਮੈਂ ਝੂ ਠ ਈ,ਤੇ ਉਹ ਨੀਮ ਬੇਹੋਸ਼ ਡਿਗਦੀ ਡਿਗਦੀ ਜਿਹੀ ਤੁਰਦੀ ਗਈ.........

ਰਾਜੇ ਨੇ ਐਲਾਨ ਕੀਤਾ ਇਹ ਨੂਰੀ ਅਸਲੀ ਮਾਂ ਹੈ। ਤੇ ਕਮਲਾ ਤੋਂ ਬੱਚਾ ਲੈ ਕੇ ਨੂਰੀ ਦੀ ਗੋਦ ਵਿੱਚ ਪਾ ਦਿੱਤਾ। - -

ਬੇਸ਼ੱਕ ਅਸਮਾਨ ਵੀ ਅਥਰੂ ਕੇਰਨ ਲਗਾ ਪਰ ਇਨਸਾਫ ਦਾ ਤਰਾਜੂ ਨਾਂ ਡੋਲਿਆ ।ਸਾਂਵਾ ਇਨਸਾਫ ਕਰ ਗਿਆ।

ਸਮੀਰ ਦੁਆ ਨੂੰ ਇੰਤਹਾ ਦੀ ਹੱਦ ਤੱਕ ਪਿਆਰ ਕਰਦਾ ਸੀ।ਦੁਆ ਉਸਦੀ ਇਸ ਕੰਮਜੋਰੀ ਨੂੰ ਖੂਬ ਜਾਣਦੀ ਸੀ।ਸਮੀਰ ਉਸਨੂੰ ਰੋਜ਼ ਸ਼ਾਦੀ ਲਈ ਕਹਿੰਦਾ।ਪਰ ਰੋਜ਼ ਦੁਆ ਟਾਲ ਦੇਂਦੀ। ਸਮੀਰ ਉਹਦੀ ਹਰ ਫਰਮਾਇਸ਼ ਪੂਰੀ ਕਰਦਾ।

ਸਮੀਰ ਦੁਆ ਮੈਂ ਤੇਰੇ ਲਈ ਤਾਰੇ ਤੋੜ ਕੇ ਤੇਰੀ ਝੋਲ ਭਰ ਦਿਆਂਗਾ।ਮੈਂ ਤੈਨੂੰ ਪੂਰੀ ਉਮਰ ਖ਼ੁਸ਼ ਰਖਾਂਗਾ।

ਦੂਆ—ਅੱਛਾ ਸਮੀਰ ਤੂੰ ਤਾਰੇ ਰਹਿਣ ਦੇ ਤੂੰ ਐਂ ਕਰ ਆਪਣੀ ਮਾਂ ਦਾ ਕਲੇਜਾ ਕੱਢ ਕੇ ਲਿਆ ਦੇ ਮੈਨੂੰ, ਤੇ ਫਿਰ ਮੈਂ ਤੇਰੇ ਨਾਲ ਉਸੀ ਵਕਤ ਸ਼ਾਦੀ ਕਰ ਲਵਾਂਗੀ।

ਸਮੀਰ ਪੈਰ ਸਿਰ ਤੇ ਰੱਖ ਘਰ ਵਲ ਦੌੜ ਪਿਆ ਉਸਨੂੰ ਆਪਣੀ ਮੰਜਿਲ ਨੇੜੇ ਨੇੜੈ ਦਿਸੀ।ਘਰ ਪਹੁੰਚ ਉਸ ਆਪਣੀ ਮਾਂ ਨੂੰ ਕਿਹਾ

ਸਮੀਰ- ਮਾਂ ਦੁਆ ਮੇਰੇ ਨਾਲ ਸ਼ਾਦੀ ਕਰਨ ਲਈ ਮੰਨ ਗਈ ਹੈ,ਉਸਨੇ ਕਿਹਾ ਹੈ ਮਾਂ ਦਾ ਕਲੇਜਾ ਲਿਆ ਦੇ ਫਿਰ ਮੈਂ ਸ਼ਾਦੀ ਕਰਾਂਗੀ

ਮਾਂ ਨੇ ਇਕ ਮਿੰਟ ਵੀ ਜ਼ਾਇਆ ਕੀਤੇ ਬਿਨਾਂ ਆਪਣਾ ਕਲੇਜਾ ਕੱਢ ਪੁੱਤਰ ਦੇ ਹੱਥ ਤੇ ਰੱਖ ਦਿੱਤਾ।

ਸਮੀਰ ਕਲੇਜਾ ਤਲੀ ਤੇ ਰੱਖ ਪੈਰ ਸਿਰ ਤੇ ਰੱਖ ਦੌੜ ਪਿਆ।ਦੌੜਦੇ ਦੌੜਦੇ ਉਸਦੇ ਪੈਰ ਨੂੰ ਠੇਡਾ ਲਗਾ ਤੇ ਉਹ ਡਿਗ ਪਿਆ- ਕਲੇਜੇ ਚੋਂ ਵਾਜ਼ ਆਈ," ਪੁੱਤਰ ਤੈਨੂੰ ਕਿਤੇ ਚੋਟ ਤੇ ਨ੍ਹੀ ਆਈ?।ਸਮੀਰ ਸੰਭਲਿਆ ਤੇ ਫਿਰ ਦੌੜ ਪਿਆ।

ਉਸਨੇ ਦੁਆ ਦੀ ਝੋਲੀ ਵਿੱਚ ਆਪਣੀ ਮਾਂ ਦਾ ਕਲੇਜਾ ਰੱਖ ਦਿੱਤਾ।

ਦੁਆ—ਜਾ ਦੂਰ ਹੋ ਜਾ ਮੇਰੀ ਨਜ਼ਰਾਂ ਤੋਂ ,ਜੋ ਆਪਣੀ ਮਾਂ ਦਾ ਸਕਾ ਨਹੀਂ ਉਹ ਮੇਰਾ ਸਕਾ ਕੀ ਹੋਵੇਗਾ।-

ਬਰਾਤ ਆਈ ਮਿਲਣੀ ਹੋਈ ਨਾਸ਼ਤਾ ਵਾਸਤਾ ਹੋਇਆ ਲਾਵਾਂ ਲਈ ਲਾੜੈ,ਲਾੜੀ ਨੂੰ ਬੁਲਾਇਆ ਗਿਆ।ਲਾੜਾ ਨਹੀਂ ਉਠਿਆ।ਫਿਰ ਬੁਲਾਵਾ ਆਇਆ,ਲਾੜਾ ਅਡੋਲ ਸੀ।ਤੀਜੀ ਵਾਰ ਬੁਲਾਵਾ ਆਇਆ ਤਾਂ ਲਾੜੇ ਦਾ ਬਾਪ ਬੋਲਿਆ,'ਕਾਕੇ ਨੂੰ ਕਾਰ ਮਿਲੇਗੀ ਤਦ ਕਾਕਾ ਲਾਵਾਂ ਲਵੇਗਾ।

ਲਾੜੀ ਦਾ ਬਾਪ ਸਾਰੇ ਮਹਿਮਾਨਾ ਸਮੇਤ ਹੱਥ ਪਲੱਾ ਜੋੜਨ ਲਗਾ।ਪਰ ਕਿਥੇ? ਲਾੜਾ ਨਹੀਂ ਮੰਨਿਆ।ਆਖਰ ਕੁਝ ਕਰਜਾ ਚੁੱਕ ਕੁਝ ਕਿਸ਼ਤਾਂ ਤੇ ਉਸੀ ਵਕਤ ਕਾਰ ਦਾ ਇੰਤਜ਼ਾਮ ਕੀਤਾ ਗਿਆ ਲਾੜਾ ਤੇ ਉਸਦਾ ਬਾਪ ਸਾਰੈ ਬਰਾਤੀ ਲੈ ਲਾਵਾਂ ਲੈਣ ਆ ਬੈਠਾ।ਉਹਨਾ ਲਾੜੀ ਨੂੰ ਬੁਲਾਇਆ,ਲਾੜੀ ਨਹੀਂ ਆਈ ਨਾ ਹੀ ਕੋਈ ਹੋਰ ਉਸ ਪੱਖ ਤੋਂ ਆਇਆ।ਬਾਰ ਬਾਰ ਸੁਨੇਹੇ ਭੇਜੇ ਗਏ,ਕੋਈ.....

ਲਾੜੇ ਦਾ ਬਾਪ ਆਪ ਉਠ ਕੇ ਆਇਆ ਉਸ ਪੁਛਿਆ ਲਾੜੀ ਨੂੰ ਲਾਵਾਂ ਲਈ ਕਿਉਂ ਨਹੀਂ ਲਿਆ ਰਹੇ?ਮਹੂਰਤ ਪਛੜ ਰਿਹਾ ਹੈ।

ਲਾੜੀਦਾ ਬਾਪ=ਭਾ ਜੀ ਤੁਸੀਂ ਕਾਰ ਲੈ ਜਾਓ ਮੈਂ ਆਪਣੀ ਬੇਟੀ ਤੁਹਾਡੇ ਮੁੰਡੇ ਨਾਲ ਨਹੀਂ ਵਿਆਵਾਂਗਾ।ਤੁਸੀਂ ਜਾ ਸਕਦੇ ਹੋ।

ਬਿੰਦਰ ਛੋਟੇ ਕਿਸਾਨ ਘਰਾਣੇ ਦੀ ਲਾਡਲੀ,ਸੋਹਣੀ,ਸੁਘੜ,ਸਿਆਣੀ ਧੀ,ਆਪਣੇ ਵਰਗੇ ਹੀ ਕਿਸਾਨ ਪਰਿਵਾਰ ਵਿੱਚ ਸੋਹਣੇ ਸੁਚੱਜੇ ਮਿਹਨਤੀ ਖੇਤੀ ਬਾੜੀ ਕਰਨ ਵਾਲੇ ਜਸਪਾਲ ਨਾਲ ਵਿਆਹੀ ਗਈ।ਅਲ੍ਹੜ ਜਿਹਾ ਪਿਆਰ,ਮੋਹ,ਜਿਸ ਵਿੱਚ ਕਿਤੇ ਵੀ ਦੋਗਲਾਪਨ ਨਹੀਂ ਸੀ,ਨਿਸਵਾਰਥ ਵਫ਼ਾ।ਜਸਪਾਲ ਪਹੁਫੁਟਾਲੇ ਖੇਤਾਂ ਨੂੰ ਨਿਕਲ ਜਾਂਦਾ,ਬਿੰਦਰ ਭੱਤਾ ਲੈ ਕੇ ਖੇਤ ਜਾਂਦੀ ਤੇ ਜਦ ਤੱਕ ਜਸਪਾਲ ਖਾਂਦਾ ਰਹਿੰਦਾ ਉਹ ਪੱਖੀ ਝੱਲਦੀ,ਫਿਰ ਉਹ ਜਸਪਾਲ ਨੂੰ ਕਹਿੰਦੀ ,'ਅੜਿਆ ਤੂੰ ਜਰਾ ਲੱਕ ਸਿੱਧਾ ਕਰ ਲੈ,ਜਸਪਾਲ ਦੀ ਅੱਖ ਲਗ ਜਾਂਦੀ ਤੇ ਉਹ ਅੱਧਾ ਖੇਤ ਵਾਹ ਦੇਂਦੀ ਗੋਡੀ ਕਰ



ਦੇਂਦੀ।ਬਿੰਦਰ ਜਸਪਾਲ ਦੇ ਮੋਢੇ ਨਾਲ ਮੋਢਾ ਜੋੜ ਔਖੈ ਕੰਮ ਵੀ ਕਰਾ ਦੇਂਦੀ।ਰੱਬ ਦੀ ਮਿਹਰ ਹੋਈ ਉਹ ਦੋ ਤੋਂ ਤਿੰਨ ਬਣਨ ਲਗੇ।

ਜਾਲਮ ਵਕਤ-ਇਕ ਦਿਨ ਬਿੰਦਰ ਦਾਤਰੀ ਨਾਲ ਪੱਠੇ ਵੱਢ ਰਹੀ ਸੀ ਕਿ ਉਸਦੇ ਪੈਰ ਦੇ ਅੰਗੂਠੇ ਤੇ ਸੱਪ ਕੱਟ ਗਿਆ।ਪਹਿਲਾਂ ਤਾਂ ਉਸਦੇ ਹੋਸ਼ ਉਡਣ ਲਗੇ ਪਰ ਝੱਟ ਹੀ ਉਸਨੂੰ ਆਪਣੇ ਬੱਚੇ ਦਾ ਖਿਆਲ ਆ ਗਿਆ ਜਿਸਨੂੰ ਜਸਪਾਲ ਆਪਣੀ ਸੱਜੀ ਬਾਂਹ ਆਖਣ ਲਗ ਪਿਆ ਸੀ।ਬਿੰਦਰ ਆਪਣਾ ਬੇਟਾ ਪੈਦਾ ਕਰਕੇ ਜਸਪਾਲ ਨੂੰ ਇਕ ਤੇ ਇਕ ਗਿਆਰਾਂ ਬਣਾਉਣਾ ਲੋਚਦੀ ਸੀ।ਮਾਹੀ ਦੀ ਇੱਛਾ ਦਾ ਧਿਆਨ ਆਉਦੇ ਹੀ ਉਸ ਵਿੱਚ ਜੋਸ਼ ਆ ਗਿਆ ਉਹ ਆਪਣੇ ਸੋਹਣੇ ਨੂੰ ਵਿਰਵਾ/ਮੁਥਾਜ ਨਹੀਂ ਸੀ ਵੇਖ ਸਕਦੀ,ਉਸ ਦਾਤਰੀ ਚੁਕੀ ਤੇ ਪੈਰ ਦਾ ਅੰਗੂਠਾ ਲਾਹ ਕੇ ਪਰਾਂ ਵਗਾਹ ਮਾਰਿਆ ਜੋ ਜਹਿਰ ਪੂਰੇ ਸਰੀਰ ਵਿੱਚ ਨਾ ਜਾ ਸਕੇ।ਉਤੇ ਮਿੱਟੀ ਲਾ ਦਿੱਤੀ।ਲਹੂ ਲੁਹਾਨ ਬਿੰਦਰ ਨੂੰ ਵੇਖ ਜਸਪਾਲ ਚੀਕ ਉਠਿਆ, ਬਿੰਦਰ ਆਖਿਆ ਨਾ ਸੋਹਣਿਆ ਨਾ ਸੱਭ ਭਲਾ ਹੋ ਗਿਆ।

ਚੰਨ ਜਿਹੇ ਪੁਤਰ ਨੂੰ ਵੇਖ ਵੇਖ ਦੋਵੇਂ ਫੁੱਲੇ ਨਾਂ ਸਮਾਉਂਦੇ।

ਨਿਰਛਲ ਨਿਸਵਾਰਥ ਵਫ਼ਾ ਦਾ ਬਦਲਾ ਵਫ਼ਾ ਇਹੀ ਇਨਸਾਫ਼ ਦਾ ਤਕਾਜ਼ਾ ਸੀ ।।।।

ਦੋ ਬੇਟੀਆਂ-ਇਕ ਬੇਟੀ ਮਿੱਟੀ ਦੇ ਬਰਤਨ ਬਣਾਉਣ ਵਾਲੇ ਪਰਿਵਾਰ ਵਿੱਚ ਵਿਆਹੀ ਸੀ ਤੇ ਦੂਸਰੀ ਬੇਟੀ ਖੇਤੀ ਬਾੜੀ ਕਰਨ ਵਾਲੇ ਪਰਿਵਾਰ ਵਿੱਚ ਵਿਆਹੀ ਸੀ।ਪਿਤਾ ਤੀਆਂ ਦਾ ਸੰਧਾਰਾ ਲੈ ਕੇ ਧੀਆਂ ਨੂੰ ਮਿਲਣ ਗਿਆ।ਉਹ ਆਪਣੀ ਵੱਡੀ ਬੇਟੀ ਦੇ ਘਰ ਬੈਠਾ ਸੀ ਤੇ ਵੱਡੀ ਬੇਟੀ ਨੇ ਪਿਤਾ ਨੂੰ ਬੇਨਤੀ ਕੀਤੀ।

ਬੇਟੀ- ਪਿਤਾ ਜੀ ਦੁਆ ਕਰਨਾ ਇਸ ਵਾਰ ਭਰਪੂਰ ਬਾਰਸ਼ਾਂ ਹੋਣ ਤੇ ਸਾਡੀ ਵਧੀਆਂ ਫਸਲ ਹੋ ਜਾਵੇ'।

ਪਿਤਾ-ਅੱਛਾ ਧਇ ਅਸੀਂ ਦੁਆ ਕਰਾਂਗੇ।-

ਤੇ ਪਿਤਾ ਦੂਸਰੀ ਬੇਟੀ ਦੇ ਘਰ ਚਲਾ ਗਿਆ,ਦੂਜੀ ਬੇਟੀ ਨੇ ਪਿਤਾ ਨੂੰ ਬੇਨਤੀ ਕੀਤੀ-

ਪਿਤਾ ਜੀ ਦੁਆ ਕਰਨਾ ਇਸ ਵਾਰ ਬਾਰਸ਼ਾਂ ਨਾਂ ਹੋਣ ਤੇ ਸਾਡੇ ਮਿੱਟੀ ਦੇ ਬਰਤਨ ਸੁੱਕ ਕੇ ਪੱਕ ਜਾਣ ਤੇ ਸਾਰੇ ਵਿੱਕ ਸਕਣ।

ਪਿਤਾ- ਅੱਛਾ ਧੀਏ ਅਸੀਂ ਦੁਆ ਕਰਾਂਗੇ।-

ਪਿਤਾ ਨੇ ਦੁਆ ਮੰਗੀ,'ਹੇ ਈਸ਼ਵਰ'ਮੇਰੀਆਂ ਧੀਆਂ ਦਾ ਘਰ ਪਰਿਵਾਰ ਸਦਾ ਸੁਖੀ ਵਸੇ।॥

ਡਰੇਨ ਤੇ ਨਿਕੂ ਜਿਹਾ ਲੇਲਾ ਪਾਣੀ ਪੀ ਰਿਹਾ ਸੀ,ਕੂਲਾ ਜਿਹਾ ਲੇਲਾ ਵੇਖ ਭੈੜੀਏ ਦੇ ਮੂੰਹ ਵਿੱਚ ਪਾਣੀ ਆ ਗਿਆ ਤੇ ਉਹ ਥੋੜੀ ਦੂਰੀ ਤੇ ਖਲੋ ਪਾਣੀ ਪੀਣ ਲਗ ਪਿਆ।ਭੇੜਿਆ ਲੇਲੇ ਨੂੰ ਮੁਖਾਤਿਬ ਹੋਇਆ-

ਭੇੜੀਆ—ਓਏ ਲੇਲੇ ਤੂੰ ਮੇਰਾ ਪਾਣੀ ਜੂਠਾ ਕਰੀ ਜਾਨੈਂ ਹੱਟ ਪਰੇ।

ਲ਼ੇਲਾ- ਜਨਾਬ ਪਾਣੀ ਤੇ ਆਪ ਜੀ ਵਲੋਂ ਮੇਰੇ ਵੱਲ ਆ ਰਿਹੈ,ਮੈਂ ਨੀਵੇਂ ਪਾਸੇ ਹਾਂ।

ਭੇੜੀਆ- ਗੁਸਤਾਖ ਭੇੜੀਏ ਦੀ ਚਾਲ ਨਾਕਾਮ ਹੋ ਗਈ ਸੀ,

ਲੇਲਾ ਸਹੀ ਕਹਿ ਰਿਹਾ ਸੀ ਤੇ ਉਸ ਮਾਫ਼ੀ ਨਾ ਮੰਗੀ।

ਫਿਰ ਭੇੜੀਏ ਨੇ ਹੋਰ ਸਿੱਕਾ ਸੁਟਿਆ,' ਤੂੰ ਮੈਨੂੰ ਪਿਛਲੇ ਸਾਲ ਗਾਲ੍ਹਾ ਕਿਉਂ ਕੱਢੀਆਂ ਸੀ?।

ਲ਼ੇਲਾ ਜਨਾਬ ਮੈਂ ਇਸੀ ਸਾਲ ਪੈਦਾ ਹੋਇਆ ਹਾਂ ਮੇਰੀ ਉਮਰ ਪੰਜ ਮਹੀਂਨੇ ਹੈ,ਮੈਂ ਜਨਾਬ ਨੂੰ ਗਾਲਾਂ ਕਿਵੇਂ ਕੱਢ ਸਕਦਾ ਸੀ।

ਭੇੜੀਆ-ਫਿਰ ਤੇਰੇ ਪਿਓ ਨੇ ਕੱਢੀਆਂ ਹੋਣਗੀਆਂ! ( ਤੇ ਇੰਨਾ ਕਹਿ ਭੇੜੀਆ ਨੰਨ੍ਹੇ ਲੇਲੇ ਤੇ ਝਪਟ ਪਿਆ ਤੇ ਹੜੱਪ ਗਿਆ।

ਭਾਰਤੀ ਇਨਸਾਫ---ਜੰਗਲ ਵਿੱਚ ਇਕ ਗਊ ਦੋੜੀ ਜਾ ਰਹੀ ਸੀ-ਹਾਥੀ ਨੇ ਸਾਹੋ ਸਾਹੀ ਹੋਈ ਗਊ ਦੀ ਮਦਦ ਕਰਨ ਹਿੱਤ ਪੁਛਿਆ," ਭੈਣ ਗਊ ਕੀ ਹੋਇਆ ਕਿਉਂ ਭੱਜ ਰਹੀ ਹੈ?

ਗਊ—ਕੀ ਦਸਾਂ ਵੀਰ ਹਾਥੀ,ਕਹਿੰਦੇ ਸਰਕਾਰ ਨੇ ਹੁਕਮ ਦਿੱਤਾ ਜੰਗਲ ਦੀਆਂ ਸਾਰੀਆਂ ਮੱਝਾਂ ਫੜ ਕੇ ਲੈ ਆਓ,ਤੇ ਸਰਕਾਰੀ ਕਰਿੰਦੇ ਮੱਝਾਂ ਫੜੀ ਜਾਂਦੇ।

ਹਾਥੀ—ਪਰ ਤੂੰ ਤੇ ਮੱਝ ਨਹੀਂ ਗਊ ਏਂ ਤੈਨੂੰ ਕਾਹਦਾ ਖਤਰਾ/

ਗਊ- ਹੈਗੀ ਤੇ ਮੈਂ ਗਊ ਹਾਂ ਇਹ ਸਾਰੇ ਜੰਗਲ ਨੂੰ ਪਤਾ ਪਰ ਜੇ ਉਹਨਾਂ ਦੇ ਹੱਥ ਆ ਗਈ ਤੇ ਅਦਾਲਤ ਵਿੱਚ ਵੀਹ ਸਾਲ ਲਗ ਜਾਣਗੇ ਇਹ ਸਾਬਤ ਕਰਨ ਲਈ,ਇਸ ਲਈ ਮੈਂ ਦੌੜੀ...

ਇਹ ਸੁਣ ਹਾਥੀ ਨਸਣ ਲਗਾ, ( ਗਲ ਹਾਸੇ ਦੀ ਲਗਦੀ ਹੈ )

ਇਨਸਾਫ ਦੀ ਗੰਭੀਰਤਾ.....) ਤੇ ਇਨਸਾਫ਼ ਦਾ ਤਕਾਜ਼ਾ...ਵੀ ਪੂਰਾ ਹੈ।

"



## "ਜੇ ਮੈਂ"

ਜੇ ਮੈਂ ਹੁੰਦੀ ਚਿੜੀ

ਮਾਏ ਜੇ ਮੇਂ ਚਿੜੀ ਹੁੰਦੀ !

ਮਾਂ ਨੀ ਮਾਂ ਜੇ ਮੈਂ ਹੁੰਦੀ ਚਿੜੀ !

ਤੇਰੇ ਬਨੇਰੇ ਤੇ ਬਹਿੰਦੀ

ਤੇਰੇ ਕੰਨਾਂ ਵਿੱਚ ਚੀਂ ਚੀਂ ਕਰਦੀ

ਤੇਰੀ ਪ੍ਰਛੱਤੀ ਵਿੱਚ ਆਲਣ੍ਹਾ ਬਣਾਉਂਦੀ

ਮਾਂ ਨੀ ਮਾਂ ਜੇ ਮੈਂ ਚਿੜੀ ਹੁੰਦੀ ।ਮਾਏ ਜੇ ਮੈ ਹੁੰਦੀ ਚਿੜੀ

ਪਹੁ ਫੁਟਾਲੇ ਚੂ ਚੂ ਚੂਕਦੀ

ਹਾਲੀ ਹੱਲ ਜੋ ਲੈਂਦੇ

ਤੂੰ ਪਾਉਂਦੀ ਮਧਾਣੀ

ਮਾਂ ਨੀ ਮਾਂ ਜੇ ਮੈਂ ਹੁੰਦੀ ਚਿੜੀ

ਮੈਂ ਅਮੋਲਕ ਹੁੰਦੀ

ਚੰਦ ਨੋਟ ਮੇਰੀ ਕੀਮਤ ਨਾਂ ਹੁੰਦੀ

ਆਇਲਟ ਦੇ ਬੈਂਡ ਮੇਰੀ ਔਕਾਤ ਨਾਂ ਹੁੰਦੀ

ਮੈਂ ਚਿੜੀ ਤੇ ਚਿੜੀ ਹੀ ਹੁੰਦੀ

ਕਿਸੇ ਗਧੇ ਦਾ ਵਿਦੇਸ਼ੀ ਵੀਜ਼ਾ ਨਾਂ ਹੁੰਦੀ

ਤੇਰੇ ਦਰ ਤੋਂ ਚੁੰਝ ਭਰ ਲੈ ਜਾਂਦੀ

ਨਾਂ ਦਾਜ ਦਾ ਦੈਂਤ ਤੈਨੂੰ ਡਰਾਉਂਦਾ

ਨਾਂ ਮੇਰੀ ਰਾਤ ਕੋਈ ਕਾਲੀ ਹੁੰਦੀ
ਨਾਂ ਮੇਰੀ ਜਾਤ ਬਦਹਾਲੀ ਹੁੰਦੀ
ਜਿਥੇ ਜੀ ਕਰਦਾ ਜਾ ਉੱਡ ਬਹਿੰਦੀ
ਤੇਰੇ ਦੇਸ਼ ਦੀਆਂ ਸੜਕਾਂ ਦੀ ਕੋਈ
ਸ਼ਰਤ ਮੇਰੇ ਤੇਰੇ ਤੇ ਲਾਗੂ ਨਾਂ ਹੁੰਦੀ
ਮੰਾਏ ਜੇ ਮੈਂ ਚਿੜੀ ਹੁੰਦੀ
ਮਾਂ ਨੀ ਮਾਂ ਜੇ ਮੈ ਹੁੰਦੀ ਚਿੜੀ
ਮੀਂਹ ਆਉਂਦਾ ਹਨੇਰੀ ਆਉਂਦੀ
ਝੱਖੜ ਝੁਲਦਾ ਸੁਨਾਮੀ ਆਉਂਦੀ
ਮੈਂ ਤੇਰੇ ਖੰਭਾਂ ਹੇਠ ਮਹਿਫ਼ੂਜ਼ ਹੁੰਦੀ
ਮਾਏ ਜੇ ਮੈਂ ਚਿੜੀ ਹੁੰਦੀ
ਐ ਕਾਸ਼ ਜੇ ਮੈਂ ਹੁੰਦੀ ਚਿੜੀ.......





## “ਜਵਾਬ---ਲਾਜਵਾਬ—ਹਾਜਰਜਵਾਬ “

ਮਹਾਂਭਾਰਤ ਦਾ ਇਕ ਕਿੱਸਾ ਹੈ-ਹਸਤਨਾਪੁਰ ਦਾ ਉਤਰਾਅਧਿਕਾਰੀ ਦਾ ਚੁਨਾਵ ਹੋਣਾ ਸੀ,ਇਹ ਸੀਨੀਆਰਤਾ ਦੇ ਆਧਾਰ ਤੇ ਨਾ ਕਰਕੇ ਸਗੋਂ ਯੋਗਤਾ ਦੇ ਆਧਾਰ ਤੇ ਕੀਤਾ ਜਾਣਾ ਸੀ।

ਯੁਧਿਸ਼ਟਰ ਜੋ ਕਿ ਖੁਦ ਧਰਮਰਾਜ ਦਾ ਵੱਡਾ ਬੇਟਾ ਸੀ ਤੇ ਬਹੁਤ ਯਹੀਨ ਸੀ।ਦੂਜੇ ਪਾਸੇ ਕੌਰਵ ਦਰਯੋਧਨ ਜੋ ਵੱਡਾ ਹੋਣ ਕਰਕੇ ਤਖ਼ਤ ਦਾ ਦਾਅ੍ਵਾ ਕਰਦਾ ਸੀ ਨਾਲੇ ਉਹ ਉਸ ਵੇਲੇ ਦੇ ਹਾਕਮ ਦਾ ਪੁੱਤਰ ਵੀ ਸੀ। ਰਾਜਕੁਮਾਰਾਂ ਦਾ ਇਹ ਯੋਗਤਾ ਟੇਸਟ’ ਦਾ ਕੰਮ ‘ਵਿਧੁਰ’ ਨੂੰ ਦਿੱਤਾ ਗਿਆ।‘ਵਿਧੁਰ’ ਇਕ ਮਾਹਰ ਮੁਸੱਵਰ ਹੋਣ ਦੇ ਨਲ ਬਹੁਤ ਹੁਸ਼ਿਆਰ ਦਾਨਿਸ਼ਵਰ ਵੀ ਸੀ।ਉਸਨੇ ਇਕ ਦਮ ਸਧਾਰਨ ਸਵਾਲ ਰਾਜਕੁਮਾਰਾਂ ਦੇ ਸਾਹਮਣੇ ਰੱਖਿਆ।

ਸਵਾਲ—ਜੇ ਕਿਤੇ ਰਾਜ ਵਿੱਚ ਕਤਲ ਹੋ ਜਾਵੇ ਤਾਂ ਕਾਤਲ ਸ਼ੁਦਰ ਹੋਵੇ ਤੇ ਉਸਨੂੰ ਕੀ ਸਜ਼ਾ ਹੋਣੀ ਚਾਹੀਦੀ ਹੈ ਤੇ ਜੇ ਕਾਤਲ,ਵੈਸ਼ਨਵ,ਕਸ਼ਤਰੀ,ਬ੍ਰਾਹਮਣ ਹੋਵੇ ਤਾਂ ਕੀ ਸਜਾ ਹੋਵਗੀ ?।

ਦਰਯੋਧਨ ਨੇ ਬੜੀ ਜਲਦੀ ਤੇ ਬੜੀ ਹੁਸ਼ਿਆਰੀ,ਖੁਦਇਤਮਾਮੀ ਨਾਲ ਝੱਟ ਉੱਤਰ ਦਿੱਤਾ-‘ਸਜਾ ਜਾਤ ਪਾਤ ਦੇ ਆਧਾਰ ਤੇ ਨਹੀਂ ਜੁਰਮ ਮੁਤਾਬਕ ਕਾਨੂੰਨ ਅਨੁਸਾਰ ਬਰਾਬਰ ਮਿਲਣੀ ਚਾਹੀਦੀ ਹੈ”।ਕਾਨੂੰਨ ਦੀ ਨਜ਼ਰ ਵਿੱਚ ਸੱਭ ਜਾਤਾਂ ਬਰਾਬਰ ਹਨ ਤੇ ਸਾਡਾ ਸੱਭ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਕਾਨੂੰਨ ਨੂੰ ਮੰਨੀਏ ਤੇ ਸਤਿਕਾਰ ਕਰੀਏ।ਇਹ ਕਿ ਕਾਨੂੰਨ ਅੰਨ੍ਹਾ ਨਹੀਂ ਹੈ”।

ਹਾਲ ਵਿੱਚ ਕੁਝ ਨੇ ਕਿਹਾ’ਬਿਲਕੁਲ ਠੀਕ ਉਤਰ ਹੈ,ਦਰਯੋਧਨ ਹੀ ਤਖ਼ਤ ਦੇ ਕਾਬਲ ਹੈ। ਪਰ ਵਿਧੁਰ ਨੇ ਕਿਹਾ,ਯੁਧਿਸ਼ਟਰ ਦਾ ਉੱਤਰ ਸੁਣਨਾ ਹੋਵੇਗਾ।

ਯੁਧਿਸ਼ਟਰ ਦਾ ਉੱਤਰ—ਜੇ ਛੋਟਾ ਬੰਦਾ ਜੁਰਮ ਕਰਦਾ ਹੈ ਤਾਂ ਉਸਨੂੰ ਕਾਨੂੰਨ ਅਨੁਸਾਰ ਸਜ਼ਾ ਵਾਜਬ ਹੈ।

ਉਹੀ ਜੁਰਮ ਜੇ ਵੈਸਨਵ ਕਰਦਾ ਹੈ ਤਾਂ ਉਸਨੂੰ ਡਬਲ ਸਜਾ ਹੋਣੀ ਚਾਹੀਦੀ ਹੈ,ਕਿਉਂਕਿ ਉਹ ਪੜਿਆ ਹੁੰਦਾ ਹੈ ਤੇ ਉਸਨੂੰ ਭਲੇ ਬੁਰੇ ਦੀ ਪਛਾਣ ਹੁੰਦੀ ਹੈ ਤੇ ਉਹ ਜੁਰਮ ਕਰਨ ਦਾ ਨਤੀਜਾ/ਫਲ ਵੀ ਜਾਣਦਾ ਹੁੰਦਾ ਹੈ। ਕਸ਼ਤਰੀ ਜੇ ਜੁਰਮ ਕਰੇ ਤਾਂ ਉਸਨੂੰ ਚਾਰ ਗੁਣਾ ਸਜ਼ਾ ਹੋਣੀ ਚਾਹੀਦੀ ਹੈ,ਕਿਉਂਕਿ ਉਸਤੇ ਆਪਣੇ ਲੋਕਾਂ ਦੀ ਹਿਫ਼ਜ਼ਤ ਲਾਜਿਮ ਹੁੰਦੀ ਹੈ ਤੇ ਜੇ ਉਹ ਆਪਣੇ ਸਾਥੀਆਂ ਨੂੰ ਸੁਰੱਖਿਆਂ ਮੁਹੱਈਆ ਕਰਾਉਣ ਦੇ ਥਾਂ ਉਹਨਾਂ ਚੋ ਇਕ ਦਾ ਕਤਲ ਕਰਦਾ ਹੈ ਤਾਂ ਉਹ ਵੱਡਾ ਮੁਜਰਮ ਹੈ।ਤੇ ਉਸਨੂੰ ਕੜੀ ਸਜ਼ਾ ਮਿਲਣੀ ਚਾਹੀਦੀ ਹੈ। ਬ੍ਰਾਹਮਣ ਨੂੰ ਕਸ਼ਤਰੀ ਤੇ ਵੈਸ਼ਨਵ ਤੋਂ ਵੀ ਵੱਧ ਅੱਠ ਗੁਣਾ ਸਜ਼ਾ ਹੋਣੀ ਚਾਹੀਦੀ ਹੈ ਕਿਉਂ ਜੋ ਉਸਦੀ ਡਿਊਟੀ ਹੈ ਕਿ ਜਨਤਾ ਦੀ ਅਗਵਾਈ

ਕਰੇ ਉਹਨਾਂ ਨੂੰ ਭਲੇ ਬੁਰੇ ਦੀ ਤਮੀਜ਼ ਸਿਖਾਵੇ।ਜੇ ਉਹ ਆਪ ਹੀ ਜੁਰਮ ਕਰਨ ਲਗੇਗਾ ਤਾਂ ਉਹ ਜਨਤਾ ਨੂੰ ਕੀ ਸੁੱਖ ਦੇ ਸਕੇਗਾ ਤੇ ਕਿਸ ਤਰਾਂ ਆਪਣੀ ਕੌਮ ਦਾ ਵਿਕਾਸ ਕਰੇਗਾ?ਬ੍ਰਾਹਮਣ ਚੂੰਕਿ ਸੁਰੱਅਖਿਕ ਇਸ ਲਈ ਉਸਨੂੰ ਸਖ਼ਤ ਸਜਾ ਚਾਹੀਦੀ ਹੈ।

'ਭਗਵਤ ਗੀਤਾ ਦਾ ਨੇਮ ਪੜ੍ਹਨ ਤੇ ਮੰਨਣ ਵਾਲੇ ਅੱਜ ਵੀ ਇਕੀਂਵੀ ਸਦੀ ਜਿਸਨੂੰ ਡਿਜੀਟਲ

ਜਾਗਰੂਕਤਾ ਦਾ ਯੁੱਗ ਗਰਦਾਨਿਆ ਗਿਆ ਹੈ,ਕਾਨੂੰਨ ਨੂੰ ਆਪਣੀ ਧੌਂਸ ਨਾਲ ਚਲਾ ਰਹੇ ਹਨ।ਕਾਨੂੰਨ ਦੀਆਂ ਅੱਖਾਂ ਤੇ ਕਾਲੀ ਪੱਟੀ ਬਨ੍ਹਣ ਤੇ ਤਕੜੀ ਦਾ ਸਿੰਮਲ ਰੱਖ ਕੇ ਅਸਾਵਾਂ ਤੋਲਿਆ ਜਾ ਰਹਾ ਹੈ।ਅਦਾਲਤ ਵਿੱਚ ਇਨਸਾਫ਼ ਨਹੀਂ ਫੈਸਲੇ ਕੀਤੇ ਜਾਂਦੇ ਹਨ।ਤੇ ਫੇਸਲੇ ਵਿਕਦੇ ਹਨ,ਫੈਸਲਿਆਂ ਦੀ ਬੋਲੀ ਲਗਦੀ ਹੈ।ਜਿੰਨਾ ਕੋਈ ਮਾੜਾ ਹੈ ,ਗਰੀਬ ਹੈ, ਉਸ ਲਈ ਉਤਨੀ ਵੱਡੀ ਸਜਾ ਹੈ।ਪੈਸੇ ਵਾਲੇ ਪੈਸੇ ਦਾ ਰੋਹਬ ਤੇ ਪ੍ਰਭਾਵ ਪਾ ਕੇ ਫੈਸਲਾ ਆਪਣੇ ਹੱਕ ਵਿੱਚ ਖ਼੍ਰੀਦ ਲੈਂਦੇ ਹਨ।ਹਕੂਮਤੀ ਪੱਧਰ ਦੇ ਮੁਜਰਮਾਂ ਨੂੰ ਤੇ ਸੱਤ ਖੂਨ ਵੀ ਮਾਫ਼ ਹਨ।ਅਜਿਹੇ ਚੋਰ ਚਤਰ ਵੀ ਹੁੰਦੇ ਹਨ ਤੇ ਉਲਟਾ ਕੋਤਵਾਲ ਨੂੰ ਡਾਂਟ ਕੇ ਪੈਰਾਂ ਤੋਂ ਕੱਢ ਦੇਂਦੇ ਹਨ।

ਇਹ ਜੋ ਹਰ ਰੋਜ਼ ਸਕੈਮ ਨਿਕਲਦੇ ਹਨ,ਹਜਾਰਾਂ ਦੀ ਗਿਣਤੀ ਵਿੱਚ ਜੁਰਮ ਹੁੰਦੇ ਹਨ,ਜੁਡੀਸ਼ਰੀ ਵਿੱਚ ਭ੍ਰਿਸ਼ਟਾਚਾਰ ਹੈ,ਸੁਰੱਖਿਆ ਸਾਧਨ ਖੁਦ ਅਸੁਰੱਖਿਅਤ ਹਨ।ਦਿਨ ਦਿਹਾੜੇ ਡਾਕੇ ਵਜਦੇ ਤੇ ਪੂਰਾ ਏ ਟੀ ਐਮ ਪੁੱਟ ਕੇ ਲੈ ਜਾਣਾ ਜੇਹਲ ਚੋਂ ਫਰਾਰ ਹੋਣਾ ਜਾਂ ਫਰਾਰ ਕਰਾਉਣਾ ਵੀ ਇਸੇ ਜਾਤ ਪਾਤ ਤੇ ਸਮਾਜਿਕ ਨਾਂਬਰਾਬਰੀ ਦੇ ਕਾਰਨ ਹੀ ਹੋ ਰਿਹਾ ਹੈ।ਲੋਕਤੰਤਰ ਵਿੱਚ ਚੁਣ ਕੇ ਬਣਾਏ ਗਏ ਹਾਕਮ ਧੱਕੇਸ਼ਾਹੀ ਨੂੰ ਆਪਣਾ ਸ਼ਾਹੀ ਹੱਕ ਸਮਝ ਕੇ ਇਸਤੇਮਾਲ ਕਰਨ ਲਗਦੇ ਹਨ।ਆਪਣੇ ਮਤਲਬ ਲਈ ਉਹ ਸੰਵਿਧਾਨ ਦੇ ਨਿਯਮ ਤੋੜ ਕੇ ਕਾਨੂੰਨ ਦੀਆਂ ਧੱਜੀਆਂ ਸਹਿਜੇ ਹੀ ਉਡਾ ਦੇਂਦੇ ਹਨ।ਪੁਲੀਸ ਕੋਲ ਜੋ ਸੁਰੱਖਿਆ ਤੇ ਮਦਦ ਲਈ ਜਾਵੇ ਤੇ ਉਸ ਕੋਲ ਪੈਸਾ ਤੇ ਸਪਾਰਸ਼ ਨਾ ਹੋਵੇ ਤਾ ਉਸ ਫਰਿਆਦਿ ਨੂੰ ਪੁਲੀਸ ਜਲੀਲ ਕਰ ਕੇ ਭਜਾ ਦੇਂਦੀ ਹੈ।ਸ਼ਰੀਫ਼ ਜ਼ੁਲਮ ਵੀ ਸਹਿੰਦਾ ਹੈ ਤੇ ਬੇਇਨਸਾਫ਼ੀ ਵੀ,ਪੁਲੀਸ ਤੋਂ ਡਰਦਾ ਜੋ ਹੈ।

ਭੱਦਰ ਪੁਰਸ਼ ਯੁਧਿਸ਼ਟਰ ਦੀ ਤਰਾਂ ਕਰ ਭਲਾ ਤੇ ਹੋ ਭਲਾ ਦੀ ਤਰਜ਼ ਤੇ ਚਲਦਾ ਭਲਾ ਕਰਕੇ ਜੁੱਤੀਆਂ ਖਾ ਲੈਂਦਾ ਹੈ।

ਉਚ ਨੀਚ ਭੇਦ ਭਾਵ ਵਿਚ ਗਲਤਾਨ ਇਸ ਸੋਸਾਇਟੀ ਵਿਚੋਂ ਭਲਾਈ ਦੀ ਕਿਰਨ ਸ਼ਾਇਦ ਹੀ ਫੁੱਟੇ।

" ਬਾਕੀ ਸੱਭ ਠੀਕ ਹੈ ਉਮੀਦ ਅਜੇ ਵੀ ਬਾਕੀ ਹੈ।



## "ਔਹ ਆ ਗਿਆ ਕਾਲਾ ਭਾਈ"

' ਸੋ ਜਾ ਬਬੂਆ ਮਾਣੋ ਬਿੱਲੀ ਆਈ ਆ "

'ਚੁਪਕੇ ਸੇ ਆ ਜਾ ਰੀ ਨਿੰਦਿਆ' ਮੇਰੇ ਮੁੰਨੇ ਕੋ ਸੁਲਾ ਜਾ ਰੀ ਨਿੰਦਿਆ "ਮਾਂ ਆਪਣੇ ਨੰਨ੍ਹੇ ਮੁੰਨੇ ਨੂੰ ਸਵਾਉਣ ਲਈ ਲੋਰੀਆਂ ਦੇਂਦੀ ਗੀਤ ਗੁਣਗਣਾਉਂਦੀ।ਪਾਲਨੇ ਨੂੰ ਹੁਲਾਰੇ ਦੇਂਦੀ,ਚੰਦਾ ਮਾਮਾ ਨੂੰ ਪੁਕਾਰਦੀ।ਪਤਾ ਨਹੀਂ ਕਿਉਂ ਅਜਿਹੇ ਗੀਤ ਤੇ ਲੋਰੀਆਂ ਨੰਨ੍ਹੀ ਨੂੰ ਸਵਾਉਣ ਜਾਂ ਵਰਾਉਣ ਵੇਲੇ ਕਿਉਂ ਨਹੀਂ ਸੁਣਾਏ ਜਾਂਦੇ? ਸ਼ਾਇਦ ਇਸ ਲਈ ਕਿ ਬੱਚੀਆਂ ਜਨਮ ਤੋਂ ਹੀ ਮਾਪਿਆਂ ਨੂੰ ਸੁੱਖ ਦੇਣਾ ਸਿੱਖ ਕੇ ਜੰਮਦੀਆਂ ਹਨ!

ਬੱਚਿਆਂ ਵਿੱਚ ਬਹੁਤੀਆਂ ਆਦਤਾਂ ਮਾ ਬਾਪ ਦੀਆਂ ਹੁੰਦੀਆਂ ਹਨ

ਜਦ ਲੋਰੀਆਂ ਦੀ ਉਮਰ ਤੋਂ ਵੱਡਾ ਹੋ ਜਾਏ ਮੁੰਨਾ ਬੋਲੀ ਸਮਝਣ ਲਗੇ,ਮਾਂ ਨੂੰ ਨੀਂ ਦ ਆਈ ਹੋਵੇ ਤੇ ਕਾਕੇ ਦਾ ਮੂਡ ਸ਼ਰਾਰਤਾਂ ਕਰਨ ਦਾ ਹੋਵੇ ਤੇ ਉਹ ਖਿੱਕੇ ਸਵਾਉਣ ਦੀ ਕੋਸ਼ਿਸ਼ ਕਰਦੀ ਹੈ,ਉਹ ਨਹੀਂ ਮੰਨਦਾ ਤੇ ਫਿਰ ਉਹ ਡਰਾਉਣਾ ਜਿਹਾ ਮੂੰਹ ਬਣਾ ਕੇ ਕਹਿੰਦੀ ਹੈ,( ਕਾਕੇ ਨੂੰ ਬੁੱਕਲ ਵਿੱਚ ਲਕੋ ਕੇ ) ਲੁਕ ਜਾ ਲੁਕ ਜਾ ਸੌਂ ਜਾ ਸੌਂ ਜਾ ਔਹ ਫੜਨ ਵਾਲਾ ਕਾਲਾ ਭਾਈ ਆ ਗਿਆ ਈ,ਸੌਂ ਜਾ ਸੌਂ ਜਾ ਮੇਰੇ ਲਾਲ ਕਾਲਾ ਭਾਈ ਫੜ ਕੇ ਲੈ ਜਾਂਦਾ।ਤੇ ਕਾਕਾ ਮਾਂ ਦੀ ਬੁੱਕਲ ਵਿੱਚ ਥੋੜਾ ਡਰਿਆ ਜਿਹਾ ਸੌਂ ਹੀ ਜਾਂਦਾ ਹੈ।'ਜੱਗੇ ਡਾਕੂ ਤੇ ਗੱਬਰ ਦੇ ਵੇਲੇ ਮਾਵਾਂ ਇਹਨਾਂ ਦੇ ਕਿੱਸੇ ਸੁਣਾ ਕੇ ਬੱਚਿਆਂ ਦੇ ਦਿਲ ਵਿੱਚ ਡਰ ਬਿਠਾ ਦੇਂਦੀਆਂ,ਗੱਬਰ ਆਜੇਗਾ ਛੇਤੀ ਛੇਤੀ ਦੁੱਧੂ ਪੀ ਜਾ,ਤੇ ਉਹ ਗੱਟ ਗੱਟ ਕਰ ਕੇ ਪੀ ਜਾਂਦਾ,ਇੰਜ ਹੀ ਕਿਸੇ ਨਾ ਕਿਸੇ ਡਰ ਹੇਠ ਹੀ ਉਹ ਆਖੈ ਲਗਦਾ ਜਾਂਦਾ।ਐਵੇਂ ਹੀ ਹੱਥ ਮਾਰ ਕੇ ਜਾ ਭੱਜ ਜਾ ਨੀ ਚੁੜੈਲੈ ਸੌਂ ਗਿਆ ਰਾਜਾ ਪੁੱਤ।ਕਾਲਾ ਭਾਈ ਤੇ ਚੁੜੇਲ ਬਚਪਨ ਦੇ ਡਰਾਉਣੇ ਖਿਲੌਣੇ ਸਾਥੀ ਹੁੰਦੇ।

ਮਾਵਾਂ ਦਾ ਬੱਚਿਆਂ ਨੂੰ ਡਾਂਟਣ ਦਾ ਤਰੀਕਾ ਵੀ ਸਭਿਅਕ ਤੇ ਅਸਭਿਅਕ ਤੌਰ ਤੇ ਬੜਾ ਫ਼ਰਕ ਹੁੰਦਾ ਹੈ।ਬੱਚੇ ਕੋਲੋਂ ਨਿਕੀ ਜਿਹੀ ਗਲਤੀ ਹੋ ਜਾਵੇ ਤਾਂ ਖੁਰਦਰੀ ਮਾਂ ਚੀਕ ਕੇ ਬੋਲਦੀ ਹੈ,ਖੋਤਾ ਜਿਹਾ ਮਾਸਾ ਅਕਲ ਨ੍ਹੀ।ਖੋਤਿਆ ਆਹ ਕੀ ਕੀਤਾ ਈ,ਅੰਦਰ ਈ ਪਾਣੀ ਡੋਲ੍ਹ ਕੇ ਉਤੇ ਕੁੱਤਿਆਂ ਵਾਂਗੂ ਪੈਰ ਮਾਰੀ ਜਾਂਦਾ।

ਪੰਜਾਬ ਦੇ ਬੱਚੇ ਅਕਸਰ ਜਿੱਦ ਵਿੱਚ ਭੌਂਇ ਤੇ ਲੇਟਣੀਆਂ ਲੈਣ ਲਗਦੇ ਹਨ,'ਵੇਖਾਂ ਕਿਵੇਂ ਡਿਹਾ ਕਰਨ ਜਿਵੇਂ ਖੋਤਾ ਆਫਰਿਆ ਹੁੰਦੈ' ਥੋੜੀ ਸਿਆਣੀ ਮਾਂ ਵੇਲਾ ਸੰਭਾਲ ਲੈਂਦੀ ਹੈ,ਨਾਂ ਪੁੱਤ ਉਠ ਜਾ ਉਠ ਜਾ ਔਹ ਵੇਖ ਜੀਤੂ ਤੇਰੇ ਵਲ ਵੇਖ ਹਸਦਾ ਈ,ਆ ਜਾ ਆਪਾਂ ਅੰਦਰ ਲੁਕ ਜਾਈਏ,ਮੇਰਾ ਪੁੱਤ ਤੇ ਬੜਾ ਹੀ ਚੰਗਾ ਬੜਾ ਹੀ ਮਿੱਠਾ।

ੇਇਹ ਦੌਰ ਹੁਣ ਬਹੁਤ ਪਿਛੈ ਰਹਿ ਗਿਆ ਹੈ -ਇਕੀਵੀਂ ਸਦੀ ਦੀਆਂ ਮਾਵਾਂ ਅਧਨਿਕਤਾ ਦਾ ਪਲੂ ਵ ੀ ਫੜੇ ਰੱਖਦੀਆਂ ਹਨ ਤੇ ਆਪਣੀ ਸਭਿਅਤਾ ਦਾ ਮੁਜ਼ਾਹਰਾ ਵੀ ਕਰ ਜਾਂਦੀਆਂ ਹਨ।ਗੋਆ ਰੇਸਟੋਰੇਂਟ ਵਿੱਚ ਖਾਣਾ ਖਾਣ ਬੈਠੈ ਸੀ,ਸਾਡੇ ਸਾਹਮਣੇ ਵਾਲੇ ਟੇਬਲ ਤੇ ਵਿਦੇਸ਼ੀ ਪਰਿਵਾਰ ਖਾਣਾ ਖਾ ਰਿਹਾ ਸੀ ਕਿ ਛੋਟੇ ਬੱਚੇ ਕੋਲੋਂ ਪੀਸ ਮੂੰਹ ਚ ਪਾਉਂਦੇ ਸਮੇਂ ਹੱਥ ਚੋਂ ਗਿਰ ਗਿਆ ਜੋ ਉਸੀਦੀ ਝੋਲੀ ਵਿੱਚ ਡਿੱਗ ਗਿਆ,ਉਸਦੀ ਮਾਂ ਨੇ ਉਸਨੂੰ ਬੜੇ ਸਹਿਜ ਲਹਿਜੇ ਵਿੱਚ ਕਿਹਾ;" ਬੀ ਕੇਅਰਫੁੱਲ,ਪੀਪਲ ਸੀ ਯੂ ਐਂਡ ਸਮਵਨ ਵਿਲ ਟੇਕ ਯੂਅਰ ਪਿਕਚਰ ਐਂਡ ਵਿਲ ਪੇਸਟਔਂਨ ਫੇਸਬੁੱਕ,ਏਵਰੀਬਾਡੀ ਵਿਲ ਸੀ ਇਟ"।ਬੱਚੇ ਨੇ ਸੌਰੀ ਬੋਲਿਆ ਤੇ ਸੰਭਲ ਗਿਆ।

ਸਾਡੇ ਨਾਲ ਦੀ ਟੇਬਲ ਵਾਲਾ ਬੱਚਾ ਵਿਦੇਸ਼ੀਆਂ ਵਲ ਵੇਖ ਅਚੰਭੇ ਵਿੱਚ ਸੀ ਤੇ ਟੱਪ ਵੀ ਰਿਹਾ ਸੀ,ਇਸੀ ਹਲਚਲ ਵਿੱਚ ਸਭਜੀ ਵਾਲੀ ਪੌਟ ਗਿਰੀ ਉਸਦੀ ਡਰੈਸ ਨੂੰ ਖਰਾਬ ਕਰਦੀ ਹੋਈ ਫ਼ਰਸ਼ ਤੇ ਜਾ ਗਿਰੀ।ਪਿਤਾ ਨੇ ਇਕ ਮੁੰਡੇ ਦੇ ਜੜ ਦਿੱਤੀ ਤੇ ਮਾਂ ਬੋਲਣ ਲਗੀ," ਕੁਤੂ ਜਿਹਾ ਘਰ ਬਾਹਰ ਇਹਦਾ ਇਹੋ ਹਾਲ ਹੈ ਮਜਾਲ ਐ ਜੇ ਕਿਤੇ ਟਿਕ ਕੇ ਬਹਿ ਜਾਵੇ ਤੇ ਬਹਿਣ ਦੇਵੇ,ਉਲੂ ਦਾ ਪੱਠਾ ਭੋਰਾ ਅਕਲ ਨੀ ਤੂੜੀ ਭਰੀ ਤੌੜੇ ਚ"।ਸੱਭ ਦਾ ਧਿਆਨ ਉਧਰ ਹੋ ਗਿਆ,ਵਿਦੇਸ਼ੀ ਬੱਚਾ ਜੋ ਪੰਜਾਬੀ ਹਿੰਦੀ ਤਾਂ ਨਹੀਂ ਸੀ ਸਮਝਦਾ ਪਰ ਉਸਨੂੰ ਆਪਣੀ ਮੰਮੀ ਦਾ ਕਿਹਾ ਯਾਦ ਆ ਰਿਹਾ ਸੀ ਸ਼ਾਇਦ ਜਾ ਉਸਨੂੰ ਲਗਾ ਕਿ ਅਜਿਹਾ ਉਸ ਕੋਲੋਂ ਵੀ ਹੋ ਸਕਦਾ ਸੀ,ਉਹ ਡਰਿਆ ਜਿਹਾ ਬੋਲਿਆ 'ਮੰਮ ਮੀ ਏ ਗੁੱਡ ਬੇਬੀ"।ਥੋੜੈ ਪਰੇਸ਼ਾਨ ਮਾਹੌਲ ਵਿੱਚ ਹਾਸਾ ਠਣਕਣ ਲਗਾ।

ਖੜਾਕ ਸੁਣ ਕੇ ਵੇਟਰ ਆ ਗਿਆ ਸੀ ਤੇ ਉਸ ਸਵੀਪਰ ਨੂੰ ਸਫ਼ਾਈ ਲਈ ਬੁਲਾਇਆ।ਇੰਨੇ ਚ ਹੀ ਉਹ ਵਿਦੇਸ਼ੀ ਲੇਡੀ ਨੇ ਕਿਨੇ ਸਾਰੇ ਟਿਸ਼ੂ ਪੇਪਰ ਫੜੈ ਤੇ ਉਹਨਾਂ ਦੀ ਟੇਬਲ ਤੇ ਫਰਸ਼ ਸਾਫ ਕਰਨ ਲਗੀ,ਇੰਨੇ ਨੂੰ ਸਫ਼ਾਈ ਵਾਲਾ ਆ ਗਿਆ ਸੀ।ਇਹ ਸੱਭ ਦੇਖ ਸੁਣ ਸਾਨੂੰ ਧਰਤੀ ਵਿਹਲ ਨਹੀਂ ਸੀ ਦੇ ਰਹੀ।ਬਹੁਤ ਰੌਲਾ ਹੈ ਕਿ ਪੰਜਾਬ ਵਿੱਚ ਪੱਛਮ ਦਾ ਪ੍ਰਭਾਵ ਹੈ।ਅਸੀਂ ਚੰਗਾ ਤੇ ਕੁਝ ਵੀ ਗ੍ਰਹਿਣ ਨਹੀਂ ਕਰ ਸਕੇ ਪਛਮ ਤੋਂ।

ਕੁਝ ਦਿਨ ਪਹਿਲਾਂ ਦੀ ਘਟਨਾ ਹੈ-ਸਾਡੇ ਘਰ ਮਹਿਮਾਨ ਬੈਠੈ ਚਾਹ ਪੀ ਰਹੇ ਸਨ ਬੱਚਿਆਂ ਨੂੰ ਜਿਵੇ ਪੌੜੀਆਂ ਚੜ੍ਹਨ ਉਤਰਨ ਦਾ ਚਾਅ ਹੀ ਹੁੰਦਾ ਹੈ,ਮਾਂ ਨੇ ਦੋ ਤਿੰਨ ਵਾਰ ਵੰਗਾਰਿਆ ਵੀ ਕਿ ਡਿਗ ਪਏਂਗੀ ਇੰਜ ਨਾਂ ਕਰ ਪਰ ਦੋਨੋਂ ਭੈਣ ਭਰਾ ਲਗੇ ਰਹੇ। ਛੇ ਸੱਤ ਸਾਲ ਦੀ ਬੱਚੀ ਆਪਣਾ ਕੱਪ ਚੁੱਕ ਕੇ ਤੀਜੀ ਪੌੜੀ ਤੇ ਬੈਠ ਗਈ ਤੇ ਫਿਰ ਉਹ ਹੋਰ ਇਕ ਸਟੇਪ ਉੱਤੇ ਹੋ ਗਈ ਇਕ ਹੋਰ ਇੰਜ ਕਰਦੇ ਉਸ ਕੋਲੋਂ ਕੱਪ ਡਿਗ ਗਿਆ,ਜੇ ਉਹ ਗਰਿਲ ਨੂੰ ਹੱਥ ਨਾਂ ਪਾਉਂਦੀ ਆਪ ਵੀ ਤਿਲਕ ਜਾਂਦੀ,ਉਸਦੀ ਦਾਦੀ ਉਠੀ ਤੇ ਉਸਨੂੰ ਕਾੜ ਕਰਦਾ ਇਕ ਮੋਟਾ ਥੱਪੜ ਜੜ ਦਿੱਤਾ ਤੇ ਨਾਲ ਹੀ ਗਾਲ੍ਹਾਂ ਦੀ ਬੁਛਾੜ,ਐਸੀਆਂ ਗਾਲ੍ਹਾਂ ਕਿ ਜਿਹਨਾਂ ਦਾ ਬੱਚੇ ਨੂੰ ਸਮਝ ਵੀ ਨਹੀਂ ਹੁੰਦੀ,ਨਾਲ ਹੀ ਉਸਨੇ ਉਹਦੀ ਮਾਂ ਨੂੰ ਸੁਣਾ ਦਿੱਤਾ,ਜਿਹੋ ਜ੍ਹੀ ਕੋਕੋ ਉਹੋ ਜ੍ਹੇ ਨਿਆਣੇ,ਤੂੜੀ ਖਾਣੇ ਖੋਤਿਆਂ ਨੂੰ ਸਮਝ ਆ ਗਈ ਪਰ ਇਹਦੇ ਨਿਆਣੇ ਨਾਂ ਬੰਦਾ ਬਣ ਸਕੇ"।ਨੂੰਹ ਸੱਸ ਦੀ ਤਕਰਾਰ ਚਲ ਪਈ ਤੇ ਨਿਆਣਿਆਂ



ਦੀਆਂ ਮੌਜਾ ਬਣ ਗਈਆਂ ਉਹ ਲਿਬੜੈ ਕਪੜੇ ਤੇ ਲਿਬੜੈ ਪੈਰਾਂ ਨਾਲ ਸੋਫੇ ਤੇ ਡਾਂਸ ਕਰਨ ਲਗੇ।ਮੇਜ਼ਬਾਨ ਨੇ ਜੀਭ ਦੰਦਾਂ ਥੱਲੇ ਦਬਾ ਲਈ ।

ਸਾਡੇ ਘਰ ਉਸਾਰੀ ਦਾ ਕੰਮ ਕਰਦਾ ਮਜਦੂਰ ਮੰਗਲਵਾਰ,ਵੀਰਵਾਰ,ਸ਼ਨੀਵਾਰ ਬਾਰਾਂ ਵਜੇ ਛੁਟੀ ਕਰ ਜਾਂਦਾ,ਇਕ ਦਿਨ ਮੈਂ ਉਸਨੂੰ ਪੁਛਿਆ ਕਿ ਬਾਕੀ ਅੱਧਾ ਦਿਨ ਕਿਤੇ ਹੋਰ ਕੰਮ ਕਰਦੈ? ਉਹ ਦਸਣ ਲਗਾ-'ਮੈਡਮ ਜੀ ਮੇਰਾ ਪੰਜ ਸਾਲ ਦਾ ਮੁੰਡਾ ਹੈ ਸਾਰੀ ਰਾਤ ਨਾਂ ਸੌਂਦਾ ਨਾਂ ਸੌਣ ਦੇਂਦਾ ਉਸਨੂੰ ਬਾਬੇ ਦੇ ਝਾੜਾ ਕਰਾਉਣ ਜਾਨੈ"।

ਮੈਂ-ਡਾਕਟਰ ਦੇ ਦਿਖਾਉਣਾ ਸੀ ਕੋਈ ਬੀਮਾਰੀ ਹੋਵੇਗੀ।(ਸਖ਼ਤ ਗਰਮੀ ਦੇ ਦਿਨ ਸਨ)

ਉਹ ਨਾਂਜੀਨਾ ਸਾਰਾ ਦਿਨ ਦੜੰਘੇ ਲਾਉਂਦਾ ਰੱਜ ਕੇ ਖਾਂਦਾ ਬੱਸ ਰਾਤ ਨੂੰ ਛਾਇਆ੍ ਹੁੰਦੀ।ਜਿੰਨੇ ਪੈਸੇ ਮੈਂ ਤੁਹਾਡੇ ਤੋਂ ਲੈਂਦਾ ਉਹ ਸਾਰੇ ਬਾਬੇ ਨੂੰ ਦੱਖਣਾ ਦੇਣੀ ਪੈਂਦੀ।ਫਿਰ ਹੁਣ ਸੌਣ ਲਗ ਪਿਆ ਮੁੰਡਾ ਬਾਬੇ ਦੇ ਝਾੜੇ ਨਾਲ ਮੈਂ ਪੁਛਿਆ?ਨਾਂ ਮੈਡਮ ਜੀ ਵੜੀਆਂ ਚੀਕਾਂ ਮਾਰਦਾ।ਸਾਡੇ ਪਿੰਡ ਛੱਪੜ ਹੈ ਉਥੇ ਵੀ ਜਾਂਦਾ ਰੋਜ਼ ਖੇਡਣ।ਦੁਪਹਿਰੇ ਬਥੇਰਾ ਰੋਕੀਦਾ ਮਾਂ ਕਹਿੰਦੀ ਕਾਲਾ ਭਾਈ ਫੜ ਕੇ ਲੈਜੂਗਾ।

ਮੈਂ ਪੁਛਿਆ ਨਲਕਾ ਹੈਗਾ ਤੁਹਾਡੇ ਘਰ?

ਕਹਿੰਦਾ ਹੈਗਾ,

ਮੈਂ ਕਿਹਾ ਅੱਜ ਰਾਤ ਨੂੰ ਮੁੰਡੇ ਨੂੰ ਠੰਢੇ ਪਾਣੀ ਨਾਲ ਨਵ੍ਹਾ ਕੇ ਸਾਫ ਕਪੜੈ ਪਾ ਕੇ ਆਪਣੇ ਨਾਲ ਪਾ ਲਵੀਂ,ਉਹਨੂੰ ਕੋਈ ਛਾਇਆ ਨਹੀਂ,ਉਹ ਗੰਦਗੀ ਤੇ ਗਰਮੀ ਦਾ ਮਾਰਿਆ ਹੈ,ਤੇ ਤੁਸੀਂ ਕਾਲਾ ਭੁਤ / ਛਾਇਆ ਬਣਾ ਲਈ ਹੈ।ਅਹੁ ਆ ਗਿਆ ਕਾਲਾ ਭਾਈ ਦਾ ਡਰ ਪਾਇਆ ਤੁਸੀਂ ਉਹਦੇ ਸਿਰ ਚ।

ਮੈਡਮ ਜੀ ਮੇਰੀ ਮਾਂ ਤੇ ਉਹਦੀ ਮਾ ਰਾਤ ਨੂੰ ਨਵ੍ਹਾਉਣ ਨ੍ਹੀ ਦੇਂਦੀ,ਉਹ ਕਹਿੰਦੀ ਬੁਲ੍ਹਾ ਵੱਜ ਜੂਗਾ।

ਕੋਲੋਂ ਇਕ ਜਣਾ ਮੇਰੀ ਸਹਿਮਤੀ ਚ ਬੋਲਿਆ,ਕਿਤੇ ਨੀ ਵਜਦਾ ਬੁਲ੍ਹਾ,

ਅਗਲੇ ਦਿਨ ਸ਼ਨੀਵਾਰ ਸੀ,ਉਹ ਪੂਰਾ ਦਿਨ ਕੰਮ ਕਰਦਾ ਰਿਹਾ,ਸ਼ਾਮ ਨੂੰ ਦਿਹਾੜੀ ਦੇਣ ਵੇਲੇ ਮੈਂ ਪੁਛਿਆ ਅੱਜ ਗਿਆ ਨ੍ਹੀ ਬਾਬੇ ਵੱਲ ਉਹ ਤੇ ਰਾਮ ਨਾਲ ਸੌਂ ਜਾਂਦਾ ਮੇਰੇ ਕੋਲ ਮੈਂ ਉਹਨੂੰ ਆਪਣੇ ਨਾਲ ਹੀ ਨਵ੍ਹਾ ਕੇ ਰੋਟੀ ਖਵਾ ਕੇ ,ਮੇਰੇ ਨਾਲ ਪੈ ਜਾਂਦਾ ਤੇ ਕਿਤੇ ਤੜਕੇ ਹਿਲਦਾ।ਮੈਡਮ ਜੀ ਬਾਬਾ ਤੇ ਐਂਵੇ... ਬੁੜ੍ਹੀਆਂ ਤਿੰਨ ਸੌ ਰੁਪਈਆ ਲਵਾ ਦੇਂਦੀਆਂ ਸੀ।

ਸ਼ਾਡੇ ਵੇਲੇ ਦੀਆਂ ਮਾਵਾਂ ਅਕਸਰ ਮੂੰਹ ਚ ਗੁਰਬਾਣੀ ਦਾ ਸ਼ਲੋਕ ਜਾਂ ਤੁੱਕ ਪੜ੍ਹਦੀਆਂ ਰਹਿੰਦੀਆਂ।ਜੇ ਕਿਤੇ ਗੁੱਸਾ ਆ ਜਾਂਦਾ ਤੇ ਇੰਨਾ ਹੀ ਉਚਰਦੀਆਂ ਜਾ ਦਫ਼ਾ ਹੋ ਜਾਨ ਈ ਖਾ ਗਿਆ ਆ ਲੈਣ ਦੇ ਅੱਜ ਤੇਰੇ ਪਿਉ ਨੂੰ ਘਰੇ ਤੇਰਾ ਬੰਦੋਬਸਤ ਕਰਾਉਣੀ ਹਾਂ।ਪਿਓ ਦੇ ਘਰ ਪੁਜਣ ਤੱਕ ਮਾਂ ਸ਼ਕਾਇਤ ਵਿਸਰ ਚੁੱਕੀ ਹੁੰਦੀ।ਜਾਂ ਫਿਰ ਪੁੱਤ ਨੂੰ ਆਖਣਾ ਤੇਰੀ ਬੇੜੀ ਤਰ ਜੇ,ਤੇਰਾ ਭਲਾ ਹੋ ਜੇ ਆਹ ਕੀ ਨਾਸ ਮਾਰ ਤਾ ਈ,ਪੁਆੜਾ ਮੇਰੇ ਜੋਗਾ'।ਧੀਆਂ ਨੂੰ ਮਾਵਾਂ ਬੋਲਦੀਆਂ 'ਜਾ ਮਰ ਪਰੇ,ਮਗਰੋਂ ਲਹਿ ਕਿਤੇ'।ਥੋੜੀ ਵੱਡੀ ਕੁੜੀ ਨੂੰ ਸਹੁਰੇ ਹੀ ਹਊਆ ਬਣਾ ਕੇ ਦਸਣਾ,ਬੇਗਾਨੇ ਘਰ ਜਾਣੈ ਤੈਂ ਬੇਗਾਨੀ ਮਾਂ ਤੈਨੂੰ ਸੂਤ ਕਰੂ'।ਵੇਹ ਕਿਦਾਂ ਪਿਓ ਨੇ ਸਿਰੇ ਚੜ੍ਹਾਈ'।

ਅੱਜ ਕਲ ਨਾਟਕਈ,ਡਰਾਮਈ,ਤੇ ਫਿਲਮੀ ਸਟਾਈਲ ਦਬਕੇ ਵੀ ਹਨ,'ਤੇਰੀ ਤੇ ਉਪਰ ਵਾਲੀ ਮੰਜਿਲ ਖਾਲੀ ਹੈ।ਤੇਰੀ ਅਕਲ ਘਾਹ ਚਰਨ ਗਈ ਹੈ',ਜਦ ਰੱਬ ਅਕਲ ਤਕਸੀਮ ਕਰ ਰਿਹਾ ਸੀ ਇਹ ਫਿਲਮ ਵੇਖਣ ਡਿਹਾ ਸੀ'।

(ਕਈ ਸਾਲ ਤੱਕ ਕਾਲੇ ਕੱਛੇ ਵਾਲੇ ਡਰਾਉਣੇ ਰਾਤਾਂ ਨੂੰ ਪੰਜਾਬ ਚ ਫਿਰਦੇ ਰਹੇ ਦਿਨੇ ਬਲੈਕ ਕੈਟਸ ਫਿਰਦੇ ਰਹੇ।)

" ਜਿਸਨੇ ਇਸ ਦੌਰ ਕੇ ਇਨਸਾਂ ਕਿਏ ਹੈਂ ਪੈਦਾ

ਅਗਰ ਵੋ ਮੇਰਾ ਭੀ ਖੁਦਾ ਹੈ -ਮੁਝੇ ਮੰਨਜੂਰ ਨਹੀਂ ਹੈ "।



## "ਕਮਲੀ ਰਮਲੀ ਖੁਸ਼ੀ"

ਯਮੀਂ ਯਮੀਂ—ਰਤਾ ਹੱਸ ਕੇ ਐਧਰ ਤੱਕ ਸਜਣਾ,ਨਜ਼ਰਾਂ ਰੱਸ ਨੈਣਾਂ ਦਾ ਚੱਖਣਾ......

ਖੁਸ਼ਗਵਾਰ ਵਾਤਾਵਰਣ ਹੋਵੇ ਤਾਂ ਬਹੁ ਭਾਂਤੀ ਖੁਸ਼ੀਆਂ ਬਿਖਰ ਰਹਿੰਦੀਆਂ ਹਨ।ਆਦਮੀ ਦੀ ਜੀਭ ਦੇ ਸੁਆਦ ਦਾ ਮਜ਼ਾ ਲਫ਼ਜ਼ਾਂ ਵਿੱਚ ਕਿਵੇਂ ਕੀਤਾ ਜਾਵੇ,ਇਹ ਬਹੁ ਰੰਗ ਤੇ ਬੇਅੰਤ ਹੈ।ਇਸੀ ਤਰਾਂ ਨਿਗਾਹਾਂ ਦੇ ਸੁਆਦ ਦੀ ਖੁਸੀ ਹੈ,ਸਾਰੀ ਦੁਨੀਆਂ ਇਕ ਦਰਸ਼ਨ ਹੈ।

ਬੰਦਾ ਰੰਗ ਨੌਂਰੰਗ,ਅਕਾਸ਼,ਜੰਗਲ,ਪਹਾੜ,ਨਦੀਆਂ ਲਹਿਰਾਂ,ਬਾਰਿਸ਼.ਨੀਲੇ ਪਾਣੀ,ਕਾਲੇ ਅਸਥਾਨ ਵੇਖ ਵੇਖ ਰੱਜਦਾ ਹੀ ਨਹੀਂ।ਅੱਖੀਆਂ " ਅੱਖੀਂ ਦੇਖ ਨਾਂ ਰਾਜੀਆਂ ਬਹ ਰੰਗ ਤਮਾਸ਼ੇ ਜੀ" । ਨਜ਼ਰਾਂ ਦੇ ਰੱਸ ਵੀ ਕਈ ਪ੍ਰਕਾਰ ਦੇ ਹਨ,ਕੁਦਰਤੀ ਨਜ਼ਾਰੇ,ਬਨਾਉਟੀ ਨਜ਼ਾਰੇ, ਮਿੱਠੈ,ਫਿਕੇ,ਖੱਟੇ ਨਜ਼ਾਰੇ,ਮੇਲੇ,ਰੂਹ ਫੁਕਦੇ ਨਜ਼ਾਰੇ,ਰੂਹ ਝੰਜੋੜਦੇ ਨਜ਼ਾਰੇ,ਵੇਖ ਕੇ ਵੀ ਨਜ਼ਰਾਂ ਤ੍ਰਿਪਤ ਨਹੀਂ ਹੁੰਦੀਆਂ,ਪਲ ਦੋ ਪਲ ਦੀ ਕਮਲੀ ਰਮਲੀ ਖੁਸ਼ੀ ਬਟੋਰਨ ਲਈ ਨਿਗਾਹ ਕਮਲੀ ਰਮਲੀ ਹੋ ਜਾਦੀ ਹੈ।ਇਥੋਂ ਤੱਕ ਕੇ ਉਡਾਰੀਆਂ ਮਾਰਦੇ ਪੰਛੀ ਤੇ ਟਪੂਸੀਆਂ ਮਾਰਦੇ ਜਾਨਵਰ ਬਹੁਤ ਅੱਛੇ ਲਗਦੇ ਹਨ,ਪਰ ਸ਼ਿਕਾਰ ਕਰਕੇ ਖੁਸ਼ੀ ਕਮਲੀ ਹੋਣਾ ਲੋਚਦੀ ਹੈ।'ਰੋਮ ਦਾ ਬਾਦਸ਼ਾਹ'ਨੀਰੋ ਨੂੰ ਅੱਗ ਬਹੁਤ ਖੁਸ਼ੀ ਦੇਂਦੀ ਸੀ,ਉਹ ਆਪਣੇ ਸ਼ਹਿਰ ਨੂੰ ਅੱਗ ਲਗਾ ਕੇ ਉੱਚੇ ਬੈਠ ਕੇ ਬੰਸਰੀ ਵਜਾਉਣ ਲਗਦਾ'।ਕੋਈ ਸੁੰਦਰ ਪੁਸ਼ਾਕ ਵੇਖ ਖੁਸ਼ ਹੁੰਦਾ ਹੈ ਤੇ ਕੋਈ ਨੰਗੇਜ ਤੋਂ ਲੁਤਫ ਲੈਂਦਾ ਹੈ।ਕੋਈ ਇੰਤਜ਼ਾਰ ਦੀ ਖੁਸ਼ੀ ਲਵੇ ਤੇ ਕੋਈ ਵਸਲ ਦਾ ਆਨੰਦ ਉਠਾਵੇ।ਕੋਈ ਜਹਿਰ ਪੀ ਕੇ ਚੜ੍ਹਦੀ ਕਲਾ ਚ ਹੈ ਤੇ ਕੋਈ ਮਿਸ਼ਰੀ ਸ਼ਹਿਦ ਪੀ ਨਿਹਾਲ ਹੋ ਰਿਹਾ ਹੈ।ਪਿਆਰ ਮੁਹੱਬਤਾਂ ਵਿੱਚੋਂ ਲੱਭਦਾ ਹੈ ਖੁਸੀ ਉਹ ਤੇ ਦੂਜਾ ਲੜਾਈਆਂ ਘੋਲਾਂ ਚੋਂ,ਤੇ ਤੀਜਾ ਮੋਹ ਮਾਇਆ ਚੋਂ।ਭਾਈ ਲਾਲੋ ਦੀ ਖੁਸ਼ੀ ਵੱਖਰੀ ਤੇ ਮਲਿਕ ਭਾਗੋ ਦਾ ਰੰਗ ਹੋਰ ਹੈ।

ਕੰਨਾਂ ਦੀ ਖੁਸੀ ਦਾ ਰੰਗ ਵੀ ਅੱਖਾਂ ਵਰਗਾ ਹੀ ਹੁੰਦਾ ਹੈ।ਕਿਤੇ ਕਲਾਸੀਕਲ ਤੇ ਲੁਭਾਉਂਦੇ ਨੇ ਕੰਨ ਤੇ ਕਿਤੇ ਲਚਰਤਾ ਲੁਭਾ ਰਹੀ ਹੈ। ਬੁਲੇਸ਼ਾਹ ਜਿਹਾ ਕਦੇ ਮਾਲਿਕ ਨੂੰ ਰਾਂਝਾ ਬਣਾ ਲੈਂਦਾ ਹੈ ਤੇ ਕਦੇ ਆਪ ਉਹਦੀ ਮਹਿਬੂਬਾ ਬਣ ਨਚਣ ਲਗਦਾ ਹੈ।ਕਿਸੇ ਨੂੰ ਇਸਕ ਦੀ ਨਾਕਾਮੀ ਕਾਮਯਾਬੀ ਦੀ ਖੁਸ਼ੀ ਦੇ ਗਈ ਤੇ ਕਿਸੇ ਨੂੰ ਕਮਲਾ ਬਣਾ ਗਲੀਆਂ ਚ ਫੇਰ ਗਈ।ਰਮਲੀ ਨੂੰ ਕਮਲੀ ਕਰਨ ਦਾ ਵੱਲ ਜੋ ਬਹੁਤ ਆਉਂਦੈ।ਜਿਵੇਂ ਕਿਸੇ ਨੂੰ ਚਾਹ ਮਲ੍ਹਾਰ ਦੇਂਦੀ ਹੈ ਤੇ ਕਿਸੇ ਨੂੰ ਸ਼ਰਾਬ ਨਾ ਮਿਲੇ ਤੇ ਮਰਨ ਲਗਦਾ ਹੈ।ਕੋਈ ਨਿਲੱਜ ਹੋ ਹੀ.ਹੀ ਹੀ.ਕਰਦਾ ਤੇ ਦੂਜਾ ਲੱਜਾ ਮਹਿਸੂਸ ਕੇ।ਆਪਣੀ ਪਸੰਦ ਸੁਣਨ ਤੋਂ ਕੰਨ ਆਪਣੀ ਮਰਜੀ ਦੀ ਖੁਸ਼ੀ ਖੋਜ ਲੈਂਦੇ ਹਨ,ਤੇ ਕਿਸੇ ਨੂੰ ਆਪਣਾ ਨਾਮ ਸੁਣਨ ਦਾ ਹੀ ਚਾਅ ਚੜ੍ਹਿਆ ਰਹਿੰਦਾ ਹੈ।ਬਦ ਨਾਲੋਂ ਬਦਨਾਮ ਹੋਰ ਵੀ ਖੀਵਾ ਹੋ ਜਾਦਾ ਹੈ।

ਨੱਕ ਵੀ ਖੁਸ਼ ਹੁੰਦੈ,ਆਪਣੀ ਪਸੰਦ ਦੀ ਖੁਸਬੂ ਸਾਹਾਂ ਚ ਭਰ ਕੇ।ਹੱਥ ਪੈਰ ਵੀ ਨਰਮ ਨਰਮ ਛੂਹਾਂ ਦਾ ਮਜ਼ਾ ਲੈ ਲੈਂਦੇ ਹਨ,ਮੂੰਹ ਵੀ ਸਵਾਦਾਂ ਚ ਖੁਸ ਹੁੰਦੈ,ਬਸ ਇਕ ਪੇਟ ਹੀ ਹੈ ਜਿਸਨੂੰ ਖੁਸ ਹੋਣ ਦਾ ਵੱਲ ਨਹੀਂ ਆਉਂਦਾ।

ਕੋਈ ਜੂਏ ਦੀ ਲੱਤ ਵਿੱਚ ਲੀਨ ਹੈ ਤੇ ਕੋਈ ਸੁੱਖੇ,ਭੰਗ ਵਿੱਚ,ਕੋਈ ਸੋਨਾ,ਚਾਂਦੀ ਇਕੱਠਾ ਕਰਨ ਵਿਚ ਖੁਸ ਹੈ।ਇਕ ਤਾਰੀਆਂ ਲਾ ਕੇ ਤੇ ਦੂਜਾ ਧੁਪੇ ਸੜ ਕੇ ਆਨੰਦਤ ਹੋ ਰਿਹਾ ਹੈ।ਗਮ ਕਿਸ ਨੂੰ ਚਾਹੀਦਾ ਹੈ,ਹਰ ਕੋਈ ਸੰਸਾਰਿਕ ਖੁਸ਼ੀ ਬਟੋਰਨ ਲਈ ਝੱਲਾ ਹੋਇਆ ਫਿਰਦਾ ਹੈ।ਫਰਾਂਸ ਦੀ ਕਹਾਵਤ ਹੈ'ਹਰ ਬੰਦੇ ਨੂੰ ਆਪਣੇ ਆਪਣੇ ਖਿਆਲ ਮਗਰ ਲਗ ਕੇ ਖੁਸ਼ੀ ਪ੍ਰਾਪਤ ਕਰਨ ਦਾ ਸ਼ੁਦਾ ਜਿਹਾ ਹੈ। ਖੁਸ਼ੀ ਬਟੋਰਨ ਦੇ ਇਸ ਰੁਝੇਂਵੇ ਵਿੱਚੋ ਕਿਸੇ ਦੀ ਕੀ ਝੋਲੀ ਭਰਦੀ ਹੈ,ਤੇ ਕਿਸੇ ਵਿਰਲੇ ਦੀ ਤ੍ਰਿਸ਼ਨਾ ਮਿਟਦੀ ਹੈ।ਖੁਸ਼ੀ ਦੀ ਲਾਲਸਾ ਸੀਮਾ ਰਹਿਤ ਹੈ,ਹੱਦ ਹੀਣ ਹੈ।

ਇਸ ਰੰਗਲੀ ਦੁਨੀਆਂ ਦੇ ਰੰਗ ਤੇ ਖੁਸ਼ੀਆਂ ਵਿਅਰਥ ਹਨ ਜਾਂ ਮਾਣਨ ਯੋਗ?ਇਹਨਾਂ ਤੋਂ ਭੱਜਿਆ ਵੀ ਨਹੀਂ ਜਾ ਸਕਦਾ ਤੇ ਕਈ ਵਾਰ ਅਪਨਾਇਆ ਵੀ ਜਾ ਸਕਦਾ।ਇਹ ਕਿਵੇਂ ਹੋ ਸਕਦਾ ਕਿ ਵਸਦੇ ਹੋਈਏ ਦਰਿਆ ਦੇ ਬਰੇਤੇ ਵਿੱਚ ਤੇ ਫਿਰ ਪਾਣੀ ਨੂੰ ਪੱਲੂ ਨਾਂ ਛੂਹਣ ਦਈਏ।ਦੁਨੀਆਂ ਦੇ ਰੰਗ ਤਮਾਸ਼ੇ ਵੇਖੇ ਬਿਨਾਂ ਹੀ ਤੇ ਖੁਸ਼ੀਆਂ ਦਾ ਸੁਆਦ ਚੱਖੇ ਬਿਨਾਂ ਕਿਵੇਂ ਜੀਵਿਤ ਰਿਹਾ ਜਾ ਸਕਦਾ ਹੈ? ਇੰਜ ਹੁੰਦਾ ਵੀ ਨਹੀਂ ਤੇ ਹੋਣਾ ਵੀ ਨਹੀਂ ਚਾਹੀਦਾ,ਕਿਉਂਕਿ ਜੀਵਨ ਤਾਂ ਮਿੱਠਾ ਲੱਡੂ ਹੈ,ਇਸਦੀਆਂ ਕਮਲੀਆਂ ਰਮਲੀਆਂ ਖੁਸ਼ੀਆਂ ਵਿੱਚ ਹੀ ਜਾਨ ਜਹਾਨ ਹੈ।ਬੱਚਾ ਡਿਗਦਾ ਹੈ,ਚੋਟ ਖਾਂਦਾ ਹੈ ਰੋਂਦਾ ਹੈ,ਫਿਰ ਉਠਦਾ ਹੈ,ਖਰਮਸਤੀਆਂ ਕਰ ਕੇ ਖੁਸ਼ ਹੁੰਦਾ ਹੈ ਤੇ ਇੰਜ ਹੀ ਸਾਲੋ ਸਾਲ ਵੱਡਾ ਹੋ ਕਿ ਬੁਢਾਪੇ ਚ ਜਾ ਪੁਜਦਾ ਹੈ।ਹਰ ਉਮਰ ਦੇ ਲੁਤਫਾਂ ਦੇ ਰੰਗ ਵੱਖੋ ਵੱਖਰੇ ਹੁੰਦੇ ਹਨ।ਮ੍ਰਿਗ ਤ੍ਰਿਸ਼ਨਾ ਚੋਂ ਵੀ ਖੁਸੀ ਤਲਾਸ਼ ਲੈਂਦਾ ਹੈ ਬੰਦਾ।ਖੁਸ਼ੀਆਂ ਸੁਆਦ ਆਪਣੇ ਅੰਦਰ ਹੁੰਦਾ ਹੈ।ਅਸਲ ਪ੍ਰਾਪਤ ਨਾ ਹੋਵੇ ਤਾਂ ਕਲਪਨਾ ਵਿਚੋਂ ਮੁਸਕਰਾਹਟ ਢੂੰਡ ਲੈਣਾ।ਬੱਚਾ ਬੇਸਵਾਦ ਦੁੱਧ ਚੁੰਘ ਕੇ ਸਕੂਨ ਦੀ ਨੀਂਦ ਸੁੱਤਾ ਨੀਂਦ ਵਿੱਚ ਮੁਸਕਰਾ ਤੇ ਕਈ ਵਾਰ ਖੁਲ੍ਹ ਕੇ ਹੱਸ ਲੈਣਾ।

ਮਨ ਜੇ ਚਾਹੇ ਹਰ ਹਾਲ ਵਿੱਚ ਖੁਸ਼ ਰਹਿ ਸਕਦਾ ਹੈ,ਬਚਪਨ ਦੀ ਤਰਾਂ ਜਵਾਨੀ ਤੇ ਬੁਢਾਪੇ ਵਿੱਚ ਵੀ।ਮਨ ਨੂੰ ਮਿੱਟੀ ਦੇ ਜ਼ਰੇ ਵਿੱਚ ਉਹ ਆਧਾਰ ਤੇ ਦੌਲਤਾਂ ਦਿਸ ਸਕਦੀਆਂ ਹਨ,ਜੋ ਕੋਈ ਕਾਬਲ ਮਦਾਰੀ ਜਾਂ ਜਾਦੂਗਰ ਵੀ ਨਹੀਂ ਵਿਖਾ ਸਕਦਾ।ਮਨ ਦੀ ਝੱਲ ਵਲਲੀ ਖੁਸ਼ੀ ਵਿੱਚ ਉਹ ਨਿਰਾਲੀ ਬਾਦਸ਼ਾਹੀ ਹੈ,ਜਿਸ ਵਿੱਚ ਤਖ਼ਤਾਂ,ਕੁਰਸੀਆਂ ਦੀ ਲੋੜ ਨਹੀਂ ਹੁੰਦੀ,ਬੱਸ ਤਾਕਤ ਤੇ ਕਮੰਜੋਰੀ ਵਿੱਚਲਾ ਨਕਸ਼ ਚੋਂਦੀ ਕਦੀ ਤੇ ਧੁੱਪ ਚ ਸੜਦੀ ਝੌਂਪੜੀ ਵਿੱਚ ਵੀ ਕਿਲਕਾਰੀਆਂ ਫੁਟਦੀਆਂ ਹਨ।

ਨਿਕੀਆਂ ਨਿਕੀਆਂ ਖੁਸ਼ੀਆਂ ਇਸ ਲਈ ਵੀ ਜਰੂਰੀ ਹਨ ਕਿ 'ਹਸਦਿਆਂ ਨਾਲ ਸਾਰੇ ਹਸਦੇ ਹਨ ਤੇ ਰੋਣ ਵਾਲਾ ਇਕੱਲਾ ਰੋਂਦਾ ਹੈ' ਰੱਸੀ ਦਾ ਸੱਪ ਬਣਾ ਲੈਣਾ ਯਾਰ ਦਾ ਸੱਪ ਦੀ ਰੱਸੀ ਬਣ ਖਿੜਕੀ ਚੋਂ ਲੰਘਣਾ,ਤੇ ਆਸ਼ਕ ਦਾ ਘਰ ਫੁਕ ਤਮਾਸ਼ਾ ਵੇਖਣਾ।



" ਘਰ ਸੇ ਮਸਜਿਦ ਹੈ ਬਹੁਤ ਦੂਰ

,ਚਲੋ ਐਸਾ ਕਰੇਂ ਕਿਸੀ ਰੋਤੇ ਹੁਏ ਬੱਚੇ ਕੋ ਹੰਸਾਇਆਂ ਜਾਏ"

" ਜੱਗ ਹੱਸ ਦੰਦਾਂ ਦੀ ਪ੍ਰੀਤ ਹੈ ਹੱਸ ਕੇ ਉਮਰ ਗੁਜਾਰ ਲੈ,

ਇਕ ਸਾਹ ਆਪਣਾ ਤੇ ਦੂਜਾ ਉਹਦੇ ਤੋਂ ਵਾਰ ਲੈ"।

" ਜਰਾ ਸੀ ਦੇਰ ਕੋ ਸੱਭ ਕੁਸ਼ ਭੁਲਾ ਕਰ ਦੇਖ ਲੇਤੇ ਹੈਂ

ਤੁਮਹੇਂ ਹਮ ਸਾਮਨੇ ਅਪਨੇ ਬਿਠਾ ਕਰ ਦੇਖ ਲੇਤੇ ਹੈਂ

ਵੋ ਚਿਹਰੇ ਕੈਸੇ ਹੋਤੇ ਹੈਂ,ਜਿਨਹੇਂ ਦੇਖ ਚਾਂਦ ਸ਼ਰਮਾ ਜਾਏ,

ਜਰਾ ਤੇਰੇ ਚਿਹਰੇ ਸੇ ਜੁਲਫੇਂ ਹਟਾ ਕਰ ਦੇਖ ਲੇਤੇ ਹੈਂ"।



## ‘‘ਕਾਬਲ-ਏ ਮੁਹੱਬਤ‘‘

ਨਿਕਾ ਜਿਹਾ ਪਿੰਡ ‘ ਕੁਕੜਾਂ ਵਾਲਾ ‘ ਕੈਸਾ ਫਨ੍ਹੀ ਨਾਮ ਹੈ ਪਿੰਡ ਦਾ ਅੱਜ ਕਲ ਦੇ ਬੱਚਿਆਂ ਨੂੰ ਕੁਕੜਾਂ ਦੀ ਵੈਸੇ ਹੀ ਪਛਾਣ ਨਹੀਂ ਤੇ ਜੇ ਕਿਤੇ ਦਿੱਖ ਜਾਵੇ ਤਾਂ ਮੁਰਗਾ ਬਰਾਇਲਰ ਦਸਦੇ ਹਨ)।ਮੀਨੂੰ ਨੇ ਕਦੇ ਸੁਣਿਆ ਵੀ ਨਹੀਂ ਸੀ ਇਹ ਪਿੰਡ ਕਿ ਉਹ ਇਥੇ ਵਿਆਹ ਕੇ ਆ ਗਈ।ਦੋ ਕੁ ਹਜਾਰ ਦੀ ਗਿਣਤੀ ਦੀ ਵਸੋਂ ਹੈ ਇਥੇ।ਇਸ ਪਿੰਡ ਵਿੱਚ ਸਰਕਾਰੀ ਸਹੂਲਤ ਤੇ ਕੋਈ ਨ੍ਹੀ ਕਾਗਜ਼ਾ ਵਿੱਚ ਸਰਕਾਰੀ ਡਿਸਪੈਂਸਰੀ ਵੀ ਹੈ ਤੇ ਹਾਈ ਸਕੂ਼ਲ ਵੀ,ਹਾਂ ਇਕ ਐਨ ਆਰ ਅਈ ਇਹਨਾਂ ਨੂੰ ਨਿਜੀ ਤੌਰ ਤੇ ਚਲਾ ਰਿਹਾ ਹੈ, ਪਿਛਲੇ ਸਾਲ ਉਸਨੇ ਇਥੇ ਪਾਣੀ ਦੀ ਟੈਂਕੀ ਵੀ ਲਵਾ ਦਿੱਤੀ ਸੀ।

ਛੇਕੁ ਸਾਲ ਪਹਿਲੇ ਮੀਨੂ ਇਥੇ ਵਿਆਹੀ ਆਈ,ਇਸ ਵਕਤ ਉਸਦੇ ਦੋ ਬੱਚੇ ਹਨ,ਪਤੀ ‘ਅਜੀਤ’ ਕਿਸਾਨ ਹੈ,ਫਾਰਗ ਵਕਤ ਵਿੱਚ ਸਿਲਾਈ ਦਾ ਕੰਮ ਕਰ ਲੈਂਦਾ ਹੈ,ਵਿਗੜੀ ਮਸ਼ੀਨਰੀ ਵੀ ਸਵਾਰ ਲੈਂਦੈ,ਇਸ ਤਰਾਂ ਪਿੰਡ ਵਿੱਚ ਉਸਦੀ ਸਾਖ਼ ਅੱਛੀ ਹੈ,ਤੇ ਉਸਦਾ ਰਹਿਣ ਸਹਿਣ ਵੀ ਸੌਖਾ ਸੀ।ਕੋਈ ਹੋਰ ਤਾਂ ਐਬ ਨਹੀਂ ਸੀ ਅਜੀਤ ਨੂੰ ਬੱਸ ਜਦ ਵੀ ਸ਼ਹਿਰ ਜਾਂਦਾ ਲਾਟਰੀ ਦਾ ਟਿਕਟ ਜਰੂਰ ਖ੍ਰੀਦਦਾ।ਅਜੀਤ ਮੈਟਰਿਕ ਪਾਸ ਸੀ।ਬੱਸ ਅੱਡੇ ਤੇ ਪਏ ਕੰਪਿਓਟਰ ਤੋਂ ਉਸ ਪਹਿਲੀ ਵਾਰ ਜਦ ਉਸਨੇ ਸਿੱਕਾ ਪਾ ਕੇ ਵਜ਼ਨ ਤੋਲਿਆ ਤਾ ਉਸ ਵਿਚੋਂ ਨਿਕਲੀ ਟਿਕਟ ਤੇ ਲਿਖਿਆ ਸੀ ‘ਤੂੰ ਇਕ ਦਿਨ ਬਹੁਤ ਅਮੀਰ ਹੋ ਜਾਵੇਂਗਾ’।ਤੇ ਬੱਸ ਇਹੋ ਕਾਰਨ ਸੀ ਕਿ ਉਹ ਲਾਟਰੀ/ ਕਿਸਮਤ ਪੁੜੀ ਕੱਢਦਾ ਰਹਿੰਦਾ।ਅੱਜ ਤੱਕ ਉਸਦਾ ਕਦੇ ਚੰਗਾ ਇਨਾਮ ਨਹੀ ਨਿਕਲਿਆ ਸੀ ਫਿਰ ਵੀ ਉਹਨੂੰ ਟਿਕਟ ਦੀ ਭਵਿੱਖਬਾਣੀ ਤੋਂ ਬੜੀ ਆਸ ਸੀ।ਮੀਨੂ ਵੀ ਸੁਘੜ ਸੀ।ਬੱਚੇ ਵੱਡੇ ਹੋ ਰਹੇ ਸੀ ਤੇ ਸ਼ੇਤਾਨ ਵੀ ਵਾਹਵਾ ਹੋ ਗਏ।ਅਜੀਤ ਆਪਣੇ ਕੰਮਾ ਚ ਰੁਝਿਆ ਰਹਿੰਦਾ ਮੀਨੂੰ ਕਈ ਵਾਰ ਬੱਚਿਆਂ ਦੇ ਰੌਲੇ ਗੌਲੇ ਤੋਂ ਖਿਝ ਕੇ ਆਖਦੀ,’ਕਿਤੇ ਸਾਡੇ ਕੋਲ ਇੰਨੇ ਪੈਸੇ ਹੁੰਦੇ ਤੇ ਇਹਨਾਂ ਨੂੰ ਸਹਿਰ ਪੜ੍ਹਨ ਲਾ ਦੇਂਦੇ।ਅਜੀਤ ਉਸਦੀ ਗੱਲ ਦਾ ਗੁੱਸਾ ਨਾਂ ਕਰਦਾ,ਪਰ ਅੰਦਰੋਂ ਸਪਨਾ ਵੇਖਦਾ ਇਕ ਦਿਨ ਐਸਾ ਹੋ ਜਾਵੇਗਾ।ਤੇ ਉਹ ਹੱਸ ਛਡਦਾ।

ਟੈਕੀ ਤੇ ਨੇੜੈ ਬਣੇ ਚਬੱਚੇ ਤੇ ਮੀਨੂ ਕਪੜੇ ਧੋਣ ਜਾਂਦੀ,ਉਥੇ ‘ਜੀਤੋ;ਵੀ ਓਕਸਰ ਉਹਨੂੰ ਮਿਲਦੀ।ਜੀਤੋ ਦਾ ਪਤੀ ਸ਼ੰਕਰ ਮਰੇ ਡੰਗਰਾਂ ਨੂੰ ਸੰਭਾਲਣ ਦਾ ਪਿਤਾ ਪੁਰਖੀ ਧੰਦਾ ਕਰਦਾ ਸੀ।ਇਕ ਦਿਨ ਜੀਤੋ ਅਚਾਨਕ ਮੀਨੂ ਦੇ ਘਰ ਆ ਗਈ ਪਹਿਲਾਂ ਤਾਂ ਮੀਨੂ ਨੂੰ ਉਸ ਕੋਲੋਂ ਘਿਨ ਆਈ,= ਨੱਕ ਤੇ ਕਪੜਾ ਰੱਖ,ਮੀਨੂ ਨੇ ਪੁਛਿਆ ,’ ਹਾਂ ਕਿਵੇਂ ਆਈ’?

ਜੀਤੋ -,ਦੋ ਤਿੰਨ ਦਿਨ ਤੋਂ ਭੈਣਜੀ ਤੈਨੂੰ ਵੇਖਿਆ ਨਹੀਂ ਸੀ ਬੱਸ ਵੇਖਣ ਹੀ ਆਈ ਸੀ। ਇੰਨੀ ਰਸੀਲੀ ਅਪਣਤ ਭਰੀ ਆਵਾਜ਼ ਸੀ ਜੀਤੋ ਦੀ ਕਿ ਮੀਨੂੰ ਦੀ ਘਿਨ ਜਾਂਦੀ ਰਹੀ।ਸਹੇਲੀਆਂ ਤੇ ਨਹੀਂ ਸੀ ਉਹ ਪਰ ਇੰਨਾ ਕਹਿ ਲੋ ਕਿ ਜੀਤੋ ਮੀਨੂ ਦੇ ਕੰਮ ਕਾਰ ਵਿੱਚ ਹੱਥ ਵਟਾਉਣ ਲਗੀ।ਜੀਤੋ



ਕਦੇ ਕਿਸੇ ਸਕੂਲ ਨਹੀਂ ਸੀ ਗਈ,ਪਰ ਉਹ ਤੇ ਸ਼ਿਸਟਾਚਾਰ ਦੀ ਮਿਸਾਲ ਸੀ।ਕਾਲੀ ਮੈਲੀ ਜੀਤੋ ਜਦ ਬੋਲਦੀ ਤਾਂ ਲੈਲਾ ਜਾਪਦੀ। ( ਸਕੂਲਾਂ ਵਿੱਚ ਤੇ ਹੁਣ ਵਕਤ ਹੀ ਨਹੀਂ ਸ਼ਿਸਟਾਚਾਰ ਸਿਖਾਉਣ ਦਾ) ਪਿੰਡ ਵਿੱਚ ਹੋਰ ਵੀ ਦੋ ਤਿੰਨ ਘਰਾਂ ਵਿੱਚ ਜਾਂਦੀ ਸੀ ਪਰ ਮੀਨੂ ਉਸਨੂੰ ਪਿਛਲੇ ਜਨਮ ਦੀ ਸਖੀ ਜਾਪਦੀ।ਬੱਚਿਆਂ ਨੇ ਮੀਨੂ ਨੂੰ ਖਪਾਉਣਾ ਵੀ ਘੱਟ ਕਰ ਦਿੱਤਾ।ਅਜੀਤ ਜਦ ਵੀ ਜੀਤੋ ਨੂੰ ਵੇਖਦਾ,ਮੀਨੂੰ ਨੂੰ ਝਿੜਕਦਾ ਕਿ ਇਹਦਾ ਸਾਡੇ ਘਰ ਆਉਣਾ ਬੰਦ ਕਰ ਮੀਨੂ ਬਥੇਰਾ ਕਹਿੰਦੀ ਕਿ ਇਹ ਵੀ ਤੇ ਆਪਣੇ ਵਾਂਗ ਹੀ ਹੱਡ ਮਾਸ ਦੀ ਬਣੀ ਹੈ,ਕੀ ਹੋਇਆ ਜੇ ਨਿਕੇ ਲੋਕ ਹਨ।ਜੀਤੋ ਜਾਣ ਗਈ ਸੀ ਤੇ ਉਹ ਅਜੀਤ ਤੋਂ ਉਂਜ ਵੀ ਪਰਦਾ ਕਰਦੀ ਸੀ,ਜਦ ਅਜੀਤ ਘਰ ਨਾ ਹੁੰਦਾ ਉਹ ਉਦੋਂ ਹੀ ਅੰਦਰ ਆਉਂਦੀ।ਬੱਚਿਆਂ ਨਾਲ ਖੇਡਦੀ,ਜਾਣ ਤੋਂ ਪਹਿਲਾਂ ਮੀਨੂ ਦੀ ਮਸਾਜ਼ ਵੀ ਕਰ ਦੇਂਦੀ। ਮੀਨੂ ਨੇ ਜੀਤੋ ਨੂੰ ਆਪਣੇ ਪੁਰਾਣੇ ਸੂਟ ਵੀ ਦੇ ਦਿੱਤੇ ਤੇ ਸਰਫ਼ ਵੀ ਲੈ ਦਿੱਤੀ,ਹੁਣ ਉਹ ਮੈਲੇ ਕਚੈਲੇ ਵਸਤਰ ਵੀ ਨਾਂ ਪਹਿਨਦੀ।ਸਮਝਦਾਰ ਜੋ ਸੀ।

ਅਕਸਰ ਅਜੀਤ ਨੂੰ ਸ਼ਹਿਰ ਜਾਣਾ ਪੈਂਦਾ,ਇਸ ਵਾਰ ਸ਼ਹਿਰ ਜਾਣ ਵੇਲੇ ਉਸ ਮੀਨੂ ਨੂੰ ਤਾੜਨਾ ਕੀਤੀ ਕਿ ਉਹ ਜੀਤੋ ਵਰਗੇ ਛੋਟੀ ਜਾਤ ਦੇ ਲੋਕਾਂ ਨੂੰ ਘਰ ਨਾ ਵਾੜੇ।ਮੀਨੂੰ ਪੌੜੀ ਤੋਂ ਡਿਗ ਪਈ,ਜੀਤੋ ਗੇੜੀ ਲਾਉਣ ਆਈ ਜਿਵੇਂ ਤਬੀਬ ਬਣ ਬਹੁੜੀ,ਉਸ ਮੀਨੂ ਨੂੰ ਵੱਡੀ ਬੇਬੇ ਬਣ ਸੰਭਾਲ ਲਿਆ ਹਲਦੀ ਦੁੱਧ ਪਿਆਇਆ,ਪੈਰ ਦੀ ਮਸਾਜ਼ ਕਰ ਗਰਮ ਟੁਕਰ ਬਨ੍ਹ ਦਿੱਤਾ ਪਰ ਮੀਨੂ ਦਾ ਚਲਨਾ ਮੁਸਕਲ ਸੀ,ਅਜੀਤ ਵੀ ਬਾਹਰ ਸੀ ਤੇ ਸਾਰਾ ਘਰ ਜੀਤੋ ਨੇ ਸ਼ਾਂਭ ਸੰਵਾਰ ਦਿੱਤਾ ਬੱਚੇ ਵੀ ਸਕੂ਼ਲ ਜਾਦੇ ਰਹੇ,ਮੀਨੂ ਦੀ ਗੈਰਹਾਜਰੀ ਦਾ ਬਹੁਤਾ ਫ਼ਰਕ ਨਾਂ ਪਿਆ ਮੱਝਾਂ ਗਾਈਆਂ ਤੇ ਪਹਿਲਾਂ ਵੀ ਉਹੋ ਸੰਭਾਲਦੀ ਸੀ।ਡਿਸਪੈਂਸਰੀ ਤੋਂ ਜੀਤੋ ਦਵਾ ਵੀ ਲੈ ਆਈ ਤੇ ਜਿਵੇਂ ਡਾਕਟਰ ਦੀ ਹਦਾਇਤ ਅਨੁਸਾਰ ਮੀਨੂ ਨੂੰ ਸਮੇਂ ਤੇ ਦੇਂਦੀ ਰਹੀ।ਆਰਾਮ ਕਰਨ ਨਾਲ ਉਹ ਚਾਰ ਕੁ ਦਿਨਾ ਵਿੱਚ ਆਪਣਾ ਆਪ ਸੰਭਾਲਣ ਯੋਗ ਹੋ ਗਈ।ਕਹਿੰਦੇ ਨੇ ਜਦ ਮੁਸੀਬਤ ਆਉਂਦੀ ਹੈ ਤਾ ਇਕੱਲੀ ਨ੍ਹੀ ਆਉਂਦੀ ਆਪਣੇ ਨਾਲ ਸੰਦ ਸੰਗੀ ਵੀ ਲੈ ਕੇ ਆਓਂਦੀ ਹੈ,ਤੇ ਇੰਜ ਹੀ ਮੀਨੂੰ ਤੇ ਪਈ ਹੀ ਸੀ ਉਸਦੀ ਬੇਟੀ ਨੂੰ ਵੀ ਪੀਲਿਆ ਹੋ ਗਿਆ,ਹੁਣ ਕੀ ਕਰੇ ਉਹ ? ਅਜੀਤ ਨੂੰ ਅਜੇ ਦੋ ਦਿਨ ਹੋਰ ਲਗਣੇ ਸੀ,ਉਹ ਆਪਣੀ ਮਾਜ਼ੂਰੀ ਤੇ ਸਿਸਕਣ ਲਗੀ ਕਿ ਜੀਤੋ ਨੇ ਬੇਟੀ ਨੂੰ ਉਠਾਇਆ ਤੇ ਡਾਕਟਰ ਨੂੰ ਦਿਖਾ ਦਵਾਈਆਂ ਵੀ ਲੈ ਆਈ,ਬੇਟੀ ਨੂੰ ਵੀ ਉਸ ਬਚਾਅਮਾਸਟਰ ਲਿਆ।ਅਜੀਤ ਆਇਆ ਤਾਂ ਸਾਰੇ ਹਾਲਾਤ ਜਾਣ ਕੇ ਉਸਨੂੰ ਮੀਨੂ ਦਾ ਜੀਤੋ ਨਾਲ ਸਾਂਗ ਸੁਖਾਂਵਾਂ ਲਗਿਆ,ਪਰ ਅੰਦਰੋਂ ਉਹ ਅਜੇ ਵੀ….ਕੁਝ ਦੇ ਦਿਲਾ ਕੇ ਉਹਦਾ ਅਹਿਸਾਨ ਲਾਹ ਦੇਂਵੀਂ ਮੀਨੂੰ,ਅਜੀਤ ਬੋਲਿਆ’।

ਅਜੀਤ ਜਦ ਵੀ ਸਮਾਨ ਲੈਣ ਜਾਂਦਾ ਲਾਟਰੀ ਟਿਕਟ ਜਰੂਰ ਲੈਂਦਾ।ਤੇ ਫਿਰ ਅਮੀਰ ਹੋਣ ਦੇ ਖਵਾਬ ਦੇਖਦਾ ਤੇ ਅਮੀਰ ਹੋ ਕੇ ਕਿਵੇਂ ਜਿਉਣਾ ਹੈ ਇਹ ਤਾਣੀ ਵੀ ਬੁਣ ਲੈਂਦਾ।ਹੁਣ ਉਹ ਮਹਿੰਗੀ ਟਿਕਟ ਲੈਣ ਲਈ ਮਿਹਨਤ ਵੀ ਵੱਧ ਕਰਨ ਲਗਾ,ਲਓ ਇਸ ਵਾਰ ਉਸਦੀ ਤਪਸਿਆ ਰੰਗ ਲੈ ਆਈ ਜਾਂ ਦਰਗਾਹੇ ਕਬੂਲੀਅਤ ਦਾ ਵਕਤ ਆ ਗਿਆ!ਅਜੀਤ ਦਾ ਨੰਬਰ ਅਖਬਾਰ ਵਿੱਚ ਜੇਤੂਆਂ ਦੇ ਖਾਨੇ

ਵਿੱਚ ਝਲਕ ਪਿਆ। ਉਹ ਅਖਬਾਰ ਲੈ ਲਾਟਰੀ ਦੇ ਦਫ਼ਤਰ ਨੱਠ ਲਿਆ,ਉਸਦਾ ਖਾਤਾ ਵੇਖ ਸਟਾਫ਼ ਨੇ ਉਸਨੂੰ ਹੱਥਾਂ ਤੇ ਚੁਕ ਲਿਆ,ਆਪੇ ਹੀ ਉਹਨਾਂ ਲੱਡੂ ਮੰਗਾ ਲਏ। ਪੂਰੇ ਪੰਜ ਲੱਖ ਦਾ ਇਨਾਮ ਨਿਕਲਿਆ ਸੀ ਅਜੀਤ ਦਾ। ਘਰ ਪੁਜ ਉਸਨੇ ਸੱਭ ਤੋਂ ਪਹਿਲਾਂ ਉਹ ਵਜ਼ਨ ਮਸ਼ੀਨ ਵਾਲੀ ਟਿਕਟ ਕੱਢੀ ਮੱਥੇ ਨੂੰ ਲਾਈ ਚੁੰਮ ਕੇ ਸੰਭਾਲ ਦਿੱਤੀ। ਫਿਰ ਉਹ ਸਕੂਲ ਮਾਸਟਰ ਵੱਲ ਇਹ ਪੁਛਣ ਗਿਆ ਕਿ ਇਹ ਰਕਮ ਉਸਨੂੰ ਕਿਵੇਂ ਤੇ ਕਿਥੋਂ ਮਿਲੇਗੀ,ਉਹ ਉਸਨੂੰ ਇਕ ਬਾਬੂ ਕੋਲ ਲੈ ਗਿਆ।

ਸਿੱਧੇ ਸਾਦੇ ਅਜੀਤ ਨੂੰ ਵੇਖ ਬਾਬੂ ਦੀ ਛਟੀ ਇਸ਼ਟ ਖੜਕੀ,ਉਸ ਅਜੀਤ ਨੂੰ ਕਿਹਾ ਕਿ ਉਹ ਟਿਕਟ ਉਹਨੂੰ ਦੇ ਦੇਵੇ,ਉਂਜ ਤੇ ਬਹੁਤ ਟੈਕਸ ਕਟਿਆ ਜਾਵੇਗਾ। ਅਜੀਤ -ਕੋਈ ਨਹੀਂ ਕਟ ਕਟਾ ਲਓ ਜੋ ਸਰਕਾਰ ਨੇ ਕਟਣਾ,।

ਬਾਬੂ ਨੇ ਇਕ ਸਰਮਾਏਦਾਰ ਨੂੰ ਫੋਨ ਖੜਕਾਇਆ,ਉਹ ਘੰਟੇ ਚ ਦਫ਼ਤਰ ਪੁਜ ਗਿਆ ਤੇ ਪੂਰੇ ਪੰਜ ਲੱਖ ਅਜੀਤ ਨੂੰ ਦੇ ਕੇ ਟਿਕਟ ਉਸ ਕੋਲੋਂ ਲੈ ਲਈ,ਕਿਉਂ ਜੋ ਸਰਮਾਏਦਾਰ ਨੇ ਆਪਣਾ ਕਾਲੀ ਦੌਲਤ ਧੋ ਕੇ ਚਿੱਟੀ ਕਰ ਲਈ ਸੀ, ਅਜੀਤ ਪੂਰੀ ਰਕਮ ਪਾ ਕੇ ਬਾਗੋ ਬਾਗ ਹੋ ਗਿਆ। ਉਹ ਖੁਸੀ ਖੁਸੀ ਘਰ ਪੁਜਿਆ,ਅੱਗੇ ਜੀਤੋ ਮੀਨੂੰ ਦੀ ਮਸਾਜ਼ ਕਰ ਰਹੀ ਸੀ। ਉਸਨੂੰ ਜੀਤੋ ਪਹਿਲਾਂ ਵੀ ਗਲੀਚ ਲਗਦੀ ਸੀ ਤੇ ਅੱਜ ਤਾਂ ਉਹ ਵੱਡਾ ਬੰਦਾ ਬਣ ਗਿਆ ਸੀ ਪਰ ਉਸਦੇ ਅੰਦਰਲਾ ਕੱਦ ਹੋਰ ਬੌਂਨਾ ਹੋ ਗਿਆ ਜੀਤੋ ਉਹਦੀ ਜੁੱਤੀ ਦਾ ਤਲਾ ਹੋ ਗਈ ਸੀ। ਉਸ ਜੀਤੋ ਨੂੰ ਬਾਹਰ ਦਾ ਦਰਵਾਜਾ ਦਿਖਾਇਆ ਤੇ ਮੀਨੂ ਨੂੰ ਖੁਸ਼ਖਬਰੀ ਤੋਂ ਪਹਿਲਾਂ ਕਈ ਸਲੋਕ ਸੁਣਾ ਦਿੱਤੇ,ਨਾਲ ਹੀ ਉਸਨੇ ਐਲਾਨ ਕਰ ਦਿੱਤਾ ਕਿ ਉਹ ਹੁਣ ਛੋਟੇ ਲੋਕਾਂ ਵਿੱਚ ਨਹੀਂ ਰਹਿਣਗੇ ਤੇ ਇਥੋਂ ਸੱਭ ਵੇਚ ਵੱਟ ਸ਼ਹਿਰ ਚਲੇ ਜਾਣਗੇ। ਕੁਝ ਕੁ ਦਿਨਾ ਵਿੱਚ ਉਸ ਸੱਬ ਕੁਝ ਨਵਾਂ ਕਰ ਲਿਆ। ਜੀਤੋ ਦਾ ਆਉਣਾ ਬਹੁਤ ਘੱਟ ਗਿਆ ਸੀ ਪਰ ਮੀਨੂ ਨੂੰ ਜੀਤੋ ਨਾਲ ਲੈਲਾ ਵਾਲਾ ਇਸ਼ਕ ਹੋ ਗਿਆ ਸੀ,ਉਹ ਅਕਸਰ ਦੂਖੀ ਹੁੰਦੀ,'ਨਿੱਜ ਨੂੰ ਨਿਕਲਦੀ ਲਾਟਰੀ ਜਿਸ ਮੇਰੀ ਮੁਹੱਬਤ ਖੋਹ ਲਈ। ਉਹ ਜੀਤੋ ਨਾਲੋਂ ਵਿਛੜਨ ਦਾ ਹੌਂਸਲਾ ਨਹੀਂ ਜਮਾ ਪਾ ਰਹੀ ਸੀ, ਅੰਤ,ਉਸਨੇ ਆਪਣੀ ਭਾਵਨਾਵਾਂ ਨੂੰ ਜਾਹਰ ਕਰਨ ਦਾ ਰਾਹ ਲੱਭਿਆ, ਮੀਨੂ ਨੇ ਕਲਮ ਪੈਂਨ ਲੈ ਜੀਤੋ ਨੂੰ ਖੱਤ ਲਿਖਿਆ...

ਪਿਆਰੀ ਜੀਤੋ,

ਬਹੁਤ ਬਹੁਤ ਪਿਆਰ, ਨਮਸਕਾਰ ।

ਤੂੰ ਮੇਰੀ ਜਿੰਦਗੀ ਚ ਕਿਵੇਂ ਸਮਾ ਗਈ ਪਤਾ ਹੀ ਨ੍ਹੀ ਚਲਿਆ। ਤੂੰ ਸੁਣ ਲਿਆ ਹੋਵੇਗਾ ਅਸੀਂ ਹਮੇਸ਼ਾਂ ਲਈ ਇਥੋਂ ਜਾ ਰਹੇ ਹਾਂ। ਅੱਗੇ ਤਾਂ ਚੋਰੀ ਛਿਪੇ ਮਿਲ ਲਈਦਾ ਸੀ,ਹੁਣ ਉਹ ਵੀ ਗਿਆ। ਮੈਂ ਵੱਡੇ ਛੋਟੇ,ਉਚ ਨੀਚ ਦੀ ਪ੍ਰਵਾਹ ਨਹੀਂ ਕਰਦੀ। ਤੇਰੇ ਵਿਅਕਤਤਵ ਨੇ ਮੇਰੇ ਸਾਰੇ ਭਰਮ ਧੋ ਦਿੱਤੇ। ਤੇਰਾ ਖਿਲਿਆ ਖਿਲਿਆ ਚਿਹਰਾ ਮੁਸਕਰਾਉਂਦਾ ਅਸਿਤਤਵ ਮੈਨੂੰ ਮੋਹ ਨਾਲ ਭਿਉਂ ਦੇਂਦਾ। ਤੇਰੀ ਕੋਇਲ ਜਿਹੀ ਬੋਲੀ,ਮੁਸ਼ਕੀ ਰੰਗ,ਹਿਰਨੀ ਅੱਖ ਮੈਨੂੰ ਸੋਹਣਿਆਂ ਤੋਂ ਵੀ ਸੋਹਣੀ



ਲਗਦੀ। ਜਿਸ ਤਰਾਂ ਤੂੰ ਮੁਸੀਬਤ ਵੇਲੇ ਸਾਡੀ ਮਦਦ ਕੀਤੀ.ਮੈਨੂੰ ਤਾ ਲਗੇ ਕਿ ਕੋਈ ਦੇਵਤਾ ਉਤਰ ਆਇਆ ਹੋਵੇ। ਜਾਂ ਫਿਰ ਪਿਛਲੇ ਜਨਮ ਦੀ ਮੁਹੱਬਤ ਅੱਜ ਮਿਲੀ। ਬੱਚੇ ਵੀ ਤੈਨੂੰ ਛੱਡ ਕੇ ਜਾਣ ਤੋਂ ਦੁਖੀ ਨੇ,ਤੂੰ ਹੈ ਹੀ ਕਾਬਿਲ-ਏ ਮੁਹੱਬਤ। ਪਤਾ ਨੀਂ ਅਜੀਤ ਨੂੰ ਇਹ ਕੀ ਸੁਝਿਆ?ਮੈਨੂੰ ਮਾਫ਼ ਕਰ ਦੇਣਾ ਜੀਤੋ,ਅਸੀਂ ਤੇਰੇ ਨਾਲ ਅੱਛਾ ਸਲੂਕ ਨਾ ਕੀਤਾ। ਕਦੇ ਵੀ ਤੇਰੀ ਪੇਸ਼ਾਨੀ ਤੇ ਸ਼ਿਕਨ ਨਾ ਆਈ ਤੇ ਤੂੰ ਖੁਦ ਨੂੰ ਰੋਕ ਨਾਂ ਪਾਉਂਦੀ ਤੇ ਸਾਨੂੰ ਮਿਲਣ ਦਾ ਰਾਹ ਬਣਾ ਲੈਂਦੀ। ਦਿਲ ਨੂੰ ਦਿਲ ਦੀ ਚਾਹ ਹੁੰਦੀ ਹੈ ਨਾ!ਤੇਰਾ ਨਾਮ ਜੀਤੋ ਸਹੀ ਹੈ,ਤੂੰ ਕਿਸੇ ਦਾ ਵੀ ਦਿਲ ਜਿੱਤ ਸਕਦੀ ਹੈਂ!। ਲਿਖਦੇ ਲਿਖਦੇ ਮੀਨੂੰ ਦੀਆਂ ਅੱਖਾਂ ਚੋਂ ਦੋ ਮੋਤੀ ਪੇਪਰ ਤੇ ਆ ਡਿਗੇ,....

ਜੀਤੋ ਅੜੀਏ ਰੱਬ ਵੀ ਕੀ ਕੀਤਾ,ਵਸਲ ਦੇ ਨਾਲ ਵਿਛੋੜਾ ਲਿਖ ਦਿੱਤਾ। ਕਿੰਨਾ ਚੰਗਾ ਹੁੰਦਾ ਜੇ ਮੈਂ ਜੰਗਲ ਦੀ ਹਿਰਨੀ ਹੁੰਦੀ ਤੇ ਸਮਾਜ ਦੀਆਂ ਉਚ ਨੀਚ ਦੀਆਂ ਧਾਰਾਵਾਂ ਤੋਂ ਬਾਹਰ ਨਸੀ ਫਿਰਦੀ,ਤੇ ਜਾਂ ਫਿਰ ਤੂੰ ਲਕੀ ਕਬੂਤਰੀ ਹੁੰਦੀ,ਤੇ ਉਡ ਮੇਰੇ ਬਨੇਰੇ ਆ ਬਹਿੰਦੀ,ਤੂੰ ਮੈਨਾ ਹੁੰਦੀ ਮੈਂ ਤੈਨੂੰ ਪਿੰਜਰੇ ਪਾ ਲੈਂਦੀ।........ਇਹ ਮਨੁੱਖੀ ਬੇੜੀਆਂ ਵੀ ਜੀਅ ਦਾ ਜੰਜਾਲ ਨੇ। ਮੇਰੇ ਹਿਰਦੇ ਚੋਂ ਤੇਰੇ ਲਈ ਹਮੇਸ਼ ਦੁਆ ਨਿਕਲੇਗੀ,ਤੂੰ ਸਦਾ ਇੰਝ ਹੀ ਮੁਸਕਾਨ ਬਿਖੇਰਦੀ ਰਹੀਂ। ਸ਼ਾਇਦ ਕਦੀ ਆਪਾਂ ਫਿਰ ਮਿਲੀਏ,ਤੂੰ ਸਾਨੂੰ ਭੁਲੀਂ ਨਾਂ,ਮੈਂ ਤੇਰੀਆਂ ਸੱਭ ਯਾਦਾਂ ਸਹੇਜ ਕੇ ਰਖੂੰਗੀ। ਰਹਿੰਦੀ ਜਿੰਦਗੀ ਵਿੱਚ 'ਈਸ਼ਵਰ' ਆਪਾਂ ਨੂੰ ਫਿਰ ਮਿਲਾਵੇ !

ਸਦਾ ਸੁਖੀ ਰਹੋ ਸਖੀ ੱ 'ਅਲਵਿਦਾ'।

ਖਤ ਤਹਿ ਕਰ ਕੇ ਮੀਨੂੰ ਨੇ ਆਪਣੀ ਬੇਟੀ ਨੂੰ ਜੀਤੋ ਨੂੰ ਦੇ ਆਉਣ ਲਈ ਫੜਾ ਦਿੱਤਾ।

ਜੀਤੋ ਖੱਤ ਪੜ੍ਹ ਤਾਂ ਨਹੀਂ ਸੀ ਸਕਦੀ ਪਰ ਉਹ ਮੋਤੀਆਂ ਦੀ ਭਾਸ਼ਾ ਖੂਬ ਸਮਝ ਗਈ।

ਜਿਥੋਂ ਤੱਕ ਨਜ਼ਰ ਗਈ ਜੀਤੋ,ਉਹਨਾਂ ਨੂੰ ਜਾਂਦੇ ਵੇਖਦੀ ਰਹੀ,ਜੀਤੋ ਦਾ ਪੱਲੂ ਪੂਰਾ ਭਿੱਜ ਗਿਆ। ਛਲਕਦੀਆਂ ਅੱਖਾਂ ਤੇ ਗਿਲੇ ਹੱਥਾਂ ਨਾਲ ਇਕ ਪੋਟਲੀ ਚ ਬੰਨ੍ਹ ਸੱਤ ਤਹਿਆਂ ਹੇਠ ਰੱਖ ਸੰਭਾਲ ਦਿੱਤੀ।-

" ਕੋਈ ਰਿਸ਼ਤਾ ਬਨਾ ਕਰ ,ਮੁਤਮੁਆਇਨ ਹੋਨਾ ਨਹੀਂ ਅੱਛਾ-

ਦਿਲੀ ਮੁਹੱਬਤ ਆਖਰੀ ਦਮ ਤੱਕ ਸਾਥ ਨਿਭਾਤੀ ਹੈ"।

"ਰੰਜਿਸ਼ ਹੀ ਸਹੀ ਦਿਲ ਦੁਖਾਨੇ ਕੇ ਲਿਏ ਆ, ਆ ਫਿਰ ਸੇ ਮੁਝੈ ਛੋੜ ਕੇ ਜਾਨੇ ਕੇ ਲਿਏ ਆ,

ਕਿਸ ਕਿਸ ਕੋ ਬਤਾਏਂਗੇ,ਜੁਦਾਈ ਕਾ ਸਬੱਬ, ਤੂੰ ਮੁਝ ਸੇ ਖਫ਼ਾ ਹੈ ਤੋ ਜਮਾਨੇ ਕੇ ਲਿਏ ਆ " ॥ ॥

## ''ਕੁਸ਼ਲ/ਸਕੁਸ਼ਲ ''

ਪਿਆਰੇ ਦੋਸਤ,

ਕਿਤੇ ਚਿੱਤ ਚੇਤਾ ਵੀ ਨਹੀਂ ਸੀ ਕਿ ਕਦੀ ਤੂੰ ਸਾਨੂੰ ਯਾਦ ਕਰੇਂਗਾ ਤੇ ਤੇਰਾ ਖ਼ਤ ਆਵੇਗਾ।ਸੱਚ ਮੰਨ ਆੜੀ ਮੈਥੋਂ ਖ਼ੁਸ਼ੀ ਸੰਭਾਲੀ ਨ੍ਹੀ ਜਾ ਰਹੀ।ਤੇਰੇ ਨਾਲ ਗੁਜਾਰੇ ਉਹ ਸਕੂਲ ਦੇ ਦਿਨ ਫਿਲਮ ਵਾਂਗ ਅੱਖਾਂ ਅੱਗੇ ਘੁੰਮਣ ਲਗੇ।ਕਿਆ ਦਿਨ ਥੇ ਵੋ- "ਪਤਾ ਨਹੀਂ ਸੀ ਆਪਣੇ ਹਾਲ ਦਾ,ਤੂੰ ਪੁਛਿਆ ਤੇ ਯਾਦ ਆ ਗਿਆ"।

" ਦਸਤਕ ਸੁਣ ਲਈ ਹੈ ਦੋਸਤਾ, ਰਤਾ ਉਡੀਕ-ਬਰੂਹਾਂ ਚੁੰਮ ਕੇ,ਦਿਲ ਦਾ ਵਿਹੜਾ ਸਜਾ ਲਵਾਂ............ ਅ ਤੇਰੇ ਬੈਠਣ ਵਾਸਤੇ, ਮੋਹ ਦਾ ਰੰਗਲਾ ਪਲੰਘ ਡਾਹ ਲਵਾਂ।

ਤੂੰ ਸੋਚੇਂਗਾ ਜਵਾਬ ਵਿੱਚ ਇੰਨੀ ਦੇਰੀ ਕਿਉਂ? ਇਥੇ ਸੱਭ ਕੁਸ਼ਲ ਹੈ, ਤੇ ਤੇਰੀ ਸਕੁਸ਼ਲਤਾ ਦੀ ਸੋਹਣੇ ਰੱਬ ਕੋਲੋ ਦੁਆ ਮੰਗਦੇ ਹਾਂ।ਤੇਰਾ ਇਹ ਖ਼ਤ ਸਾਨੂੰ ਪਰਸੋਂ ਹੀ ਮਿਲਿਆ ਤੇ ਕਲ ਮੈਂ ਤੇਰੇ ਘਰ ਗਿਆ।ਦਰਅਸਲ ਸਾਡੇ ਪੋਸਟ ਆਫਿਸ ਅਲੋਪ ਹੋਣ ਦੀ ਕਗਾਰ ਤੇ ਹਨ ਪਿੰਡਾਂ ਤਸੀਲਾਂ ਵਿਚੋਂ ਤੇ ਖ਼ਤਮ ਹੋ ਹੀ ਗਏ ਹਨ।ਬੱਸ ਉਥੇ ਮਾੜਾ ਮੋਟ ਆਫਿਸ ਹੈ ਜਿਥੇ ਸਰਕਾਰੀ ਦਫ਼ਤਰ ਹਨ,ਤੇ ਇਹਨਾਂ ਵਿੱਚ ਵੀ ਸਟਾਫ਼ ਬਚਿਆ ਖੁਚਿਆ ਹੈ ।ਹੁਣ ਤਾਂ ਕਿਸੇ ਨੂੰ ਡਾਕੀਏ ਦਾ ਇੰਤਜ਼ਾਰ ਹੀ ਨਹੀਂ ਹੁੰਦਾ ਅੱਗੇ ਡਾਕੀਏ ਦੀ ਰਾਹ ਵੇਖੀ ਦੀ ਸੀ,ਡਾਕੀਏ ਦੀ ਵਾਹਵਾ ਆਓਭਗਤ ਵੀ ਹੁੰਦੀ ਸੀ ਮਨੀਆਰਡਰ ਆਉਂਦੇ ਸੀ ਹੁਣ ਸੱਭ ਕੁਝ ਆਨਲਾਈਨ ਹੈ,ਤੇਰੀ ਚਿੱਠੀ ਪਤਾ ਨ੍ਹੀ ਕਿਵੇਂ ਭੁੱਲੀ ਭਟਕੀ ਰੁਲਦੀ ਖੁਲਦੀ ਦੱਸ ਮਹੀਨੇ ਬਾਦ ਮਿਲੀ,ਇਹ ਤਾਂ ਪਤਾ ਸੀ ਕਿ ਤੂੰ ਬਹੁਤ ਸੌਖਾ ਹੈਂ ਉਤੇ ਤੇਰੀ ਚਿੱਠੀ ਪਾ ਕੇ ਸਬੂਤ ਮਿਲ ਗਿਆ ਕਿ ਤੇਰੀਆਂ ਜੜ੍ਹਾਂ ਇਥੇ ਹੀ ਹਨ।ਸੱਭ ਰਾਜ਼ੀ ਖ਼ੁਸ਼ੀ ਹੈ ਇਥੇ ਬੱਸ ਉਹ ਸਕੂਲ ਜਿਥੇ ਆਪਾਂ ਪੜ੍ਹੇ ਸੀ ਡੰਗਰਵਾੜਾ ਬਣਿਆ ਪਿਆ ਹੈ,ਪੰਦਰਾਂ ਵੀਹ ਨਿਆਣੇ ਮਿਡ ਡੇ ਮੀਲ ਦੀ ਲਾਲਸਾ ਵਿੱਚ ਸਕੂਲ ਆਉਂਦੇ ਹਨ ਦੁਪਹਿਰੇ ਖਾ ਪੀ ਕੇ ਘਰਾਂ ਨੂੰ ਚਲੇ ਜਾਂਦੇ ਹਨ,ਇਕ ਅਧਿਆਪਕ ਹੈ।ਅੰਗਰੇਜੀ ਸਕੂਲਾਂ ਚ ਪੜ੍ਹਦੇ ਹਨ ਇਲਾਕੇ ਦੇ ਬੱਚੇ ਬੱਸ ਦਸਵੀਂ ਬਾਰਵੀਂ ਦਾ ਇਮਤਿਹਾਨ ਸਰਕਾਰੀ ਸਕੂਲ ਵਿੱਚ ਦੇਂਦੇ ਹਨ ਕਿਉਂਕਿ ਉਥੇ ਨਕਲ ਦੀ ਇਜ਼ਾਜ਼ਤ ਹੁੰਦੀ ਹੈ,ਧੱਕੇ ਸ਼ਾਹੀ ਵੀ ਚਲ ਜਾਂਦੀ ਹੈ।ਕੁਸ਼ਲ ਸਕੁਸ਼ਲ ਹੈ ਵੈਸੇ।

ਮੇਰਾ ਹਾਲ ਪੁਛਿਆ-ਪੈਨਸ਼ਨਰ ਹਾਂ।ਸਵੇਰੇ ਛੇ ਵਜੇ ਸੁੱਤੇ ਪੋਤੇ ਤੇ ਪੋਤੀ ਨੂੰ ਚੁੱਕ ਮੋਢੈ ਤੇ ਉਹਨਾਂ ਦੇ ਭਾਰੀ ਸਕੂਲ ਬੈਗ ਲਟਕਾ ਸਕੂਲ ਵੈਂਨ ਵਿੱਚ ਬਹਿ ਜਾਨਾਂ ਹਾਂ,ਰਾਹ ਵਿੱਚ ਨਿਆਣਿਆਂ ਦੇ ਮੂੰਹ ਸਵਾਰ ਕੇਸ ਵਾਹ ਦੇਨਾਂ ਹਾਂ,ਖਾਣ ਨੂੰ ਕੁਝ ਦੇ ਦਿੰਨਾ ਹਾਂ ਸਕੂਲ ਪਹੁੰਚ ਉਹ ਕਲਾਸਾਂ ਚ ਵੜ ਜਾਂਦੇ



ਹਨ ਤੇ ਮੈਂ ਆਪਣੇ ਵਰਗੇ ਹੋਰ ਬਾਬੇ ਦਾਦੀਆਂ ਨਾਲ ਇਧਰ ਉਧਰ ਛਾਂ ਲੱਭ ਕੇ ਬਹਿ ਜਾਈਦਾ ਹੈ।ਕਈ ਵਾਰ ਗੁਰਦਵਾਰੇ ਚਲੇ ਜਾਈਦਾ ਹੈ।ਸਕੂਲੋਂ ਛੁਟੀ ਹੋਣ ਤੇ ਘਰੋ ਪੱਲੇ ਬੰਨ੍ਹਿਆ ਮਿੱਸਾ ਰਿੱਸਾ ਨਿਆਣੇ ਤੇ ਮੈਂ ਖਾ ਕੇ ਫੇਰ ਟਿਉਸ਼ਨ ਵਾਲੀ ਮੈਡਮ ਦੇ ਘਰ ਨਿਆਣੇ ਪੁਚਾ ਦੇਨਾਂ ਹਾਂ ਤੇ ਆਪ ਬਾਹਰ ਗਲੀ ਚ ਕੰਧ ਨਾਲ ਲਗ ਜਾਨਾਂ ਹਾਂ।ਛੇ ਵਜੇ ਬੱਚੇ ਬਾਹਰ ਆਉਂਦੇ ਹਨ ਤੇ ਬੱਸ ਅੱਡੇ ਪਹੁੰਚ ਘਰ ਵਲ ਰੁਖ ਕਰੀਦਾ ਹੈ।ਬੱਸ ਇਹੋ ਸਮਝ ਲੈ ਵੀਰਿਆ,ਨੂੰਹਾਂ ਪੁੱਤਾਂ ਨੇ ਮੁੜ ਤੋਂ ਪੜ੍ਹਨੇ ਪਾ ਦਿੱਤੈ,ਉਂ ਵਾਹਵਾ ਵਕਤ ਪਾਸ ਹੋ ਜਾਂਦਾ।ਅੱਜ ਕਲ ਦੀਆਂ ਪੜ੍ਹਾਈਆਂ, ਨਿਆਣਿਆਂ ਤੇ ਤਰਸ ਆਉਂਦੈ,-ਸੱਭ ਠੀਕ ਚਲੀ ਜਾਂਦਾ

ਮੇਰੇ ਬੱਚਿਆਂ ਬਾਰੇ ਪੁਛਦੈਂ...ਬੜਾ ਜੋਰ ਲਾਇਆ ਉਹਨਾਂ ਪੜ੍ਹਾਈ ਤੇ ਡਿਗਰੀਆਂ ਦੇ ਬੰਡਲ ਬਣਾਏ, ਨੌਕਰੀ ਿ

ਕਤੇ ਨਹੀਂ ਠੇਕੇ ਤੇ ਲਗੇ ਤੇ ਠੇਕੇ ਤੇ ਜਾਂਦੇ।ਨਹੀਂ ਸਮਝਿਆ, ਮੈਂ ਸਮਝਾਉਨੈਂ ਤੈਨੂੰ,ਬਈ ਸਰਕਾਰ ਕੋਲ ਕੰਮ ਨਹੀਂ ਹੈ ਸਾਰੇ ਕੰਮਾਂ ਲਈ ਕੰਮਪਨੀਆਂ ਬਣਾ ਤੀਆਂ,ਤੇ ਕੰਪਮਨੀ ਨੇ ਅੱਗੋਂ ਠੇਕੇਦਾਰ ਰੱਖੇ,ਉਹ ਆਪ ਤੇ ਕਦੇ ਸਕੂਲ ਗਏ ਨ੍ਹੀ ਸੀ ਪਰ ਪਾੜ੍ਹਿਆਂ ਨੂੰ ਉਹੋ ਕੰਮ ਦੇਂਦੇ।ਹਾਂ ਸਰਕਾਰ ਨੇ ਸ਼ਰਾਬ ਦੇ ਠੇਕੇ ਆਪਣੇ ਕੋਲ ਰੱਖੇ ਹਨ,ਪੜ੍ਹੇ,ਅੱਧਪੜ੍ਹੇ,ਕੋਰੇ,ਸਾਰੇ ਜੋ ਵੀ ਠੇਕੇ ਤੋਂ ਕਮਾਉਂਦੇ ਹਨ ਠੇਕੇ ਤੇ ਵਟਾ ਆਉਂਦੇ ਹਨ। ਬਹੁਤੇ ਨਸ਼ਿਆਂ ਚ ਗ੍ਰਸੇ ਹਨ,ਔਰਤਾਂ ਬੱਚੇ ਭੁੱਖੇ ਪਿਆਸੇ ਦੜ ਵੱਟ ਦਿਨ ਕਟੀ ਜਾਂਦੇ ਹਨ-ਉਂ ਸੱਭ ਸਹੀ ਹੈ..।

ਦੇਸ਼ ਕੌਂਮ ਦਾ ਹਾਲ ਪੁਛਿਆ ਈ-ਤੇਰੇ ਤੱਕ ਸੱਭ ਖਬਰਾਂ ਪੁਜਦੀਆਂ ਹਨ,ਬੜਾ ਖੁਸ਼ਹਾਲ ਹੈ ਤੇਰਾ ਮੁਲਕ,ਕਰਮਾ ਵਾਲਾ ਹੈਂ ਤੂੰ,ਬੱਸ ਭਰਾ,''ਮੈਂ ਬੋਲਾਂ ਤੇ ਕੁਪੱਤੀ,'ਬਾਈ ਕਾਰਪੋਰੇਟਾਂ ਦੇ ਹੱਥ ਸਵਾ ਕਰੋੜ ਦੀ ਡੋਰ ਹੈ।ਵੋਟਰ ਦਾ ਦੀਨ ਈਮਾਨ ਪੈਸਾ,ਆਸ,ਸਵਾਸ ਸੱਭ ਇਹਨਾਂ ਦੀ ਜੇਬ ਵਿੱਚ ਹੈ।ਆਜ਼ਾਦ ਦੇਸ਼ ਦੇ ਗੁਲਾਮ ਵਸਨੀਕਾਂ ਦਾ ਲੋਕ ਤੰਤਰ,ਅੰਨ੍ਹਾ ਕਾਨੂੰਨ,ਬੋਲਾ ਹਾਕਮ,ਯਕੀਨ ਜਾਣ ਹਕੂਮਤ ਕਾਰਪੋਰੇਟ ਦੀ ਜ਼ਰ ਖਰੀਦ ਹੈ ਤੇ ਨਜ਼ਰਬੰਦ ਹੈ,ਵੋਟਰ ਤੇ ਬਤਾਲੀ ਤਰਾਂ ਦੇ ਟੈਕਸ ਠੁਕੇ ਹਨ,ਮਹਿੰਗਾਈ ਨੇ ਅੰਬਰ ਛੂਹ ਲਿਆ ਹੈ। ਤੈਨੂੰ ਸ਼ਾਇਦ ਯਾਦ ਹੋਵੇਗਾ ਆਪਣਾ ਸਾਇੰਸ ਦਾ ਮਾਸਟਰ ਦਸਿਆ ਕਰਦਾ ਸੀ,'ਕਿਸੇ ਕੌਂਮ ਦੀ ਤਬਾਹੀ ਲਈ ਬਾਰੂਦ ਦੀ ਲੋੜ ਨਹੀਂ ਬੱਸ ਕੌਮ ਨੂੰ ਤਾਲੀਮ ਤੋਂ ਦੂਰ ਰੱਖੋ'.ਚੇਤਨਤਾ ਦੇ ਨੇੜੇ ਨਾਂ ਜਾਣ ਦਿਓ'ਕਿਰਤ ਖੋਹ ਕੇ ਮੁਫ਼ਤ ਸਹੂਲਤਾਂ ਦੇ ਆਹਰੇ ਲਾ ਦਿਓ।ਭਾਰਤ ਮਾਤਾ ਦੇ ਸਪੂਤ ਇਸ ਵੇਲੇ ਬਾਬਿਆ, ਜੋਤਸ਼ੀਆਂ,ਤਾਂਤਰਿਕਾਂ,ਗੈਂਗਸਟਰਾਂ ਦੀਆਂ ਜਾਹਲਸਾਜ਼ੀਆਂ ਦੇ ਅਧੀਨ ਗ੍ਰਸੇ ਹਨ,ਸੱਚ ਪੁਛੈਂ ਤਾਂ ਦੇਸ਼ ਨੂੰ ਇਹੋ ਚਲਾਈ,ਕੀ ਨਚਾਈ ਫਿਰਦੇ ਹਨ,ਤੇ ਬੋਲਿਆ ਸੋ ਮਰ ਗਿਆ'।ਸੱਭ ਅੱਛਾ ਹੈ।

ਇੰਨੇ ਵਰ੍ਹਿਆਂ ਬਾਦ ਤੇਰਾ ਖ਼ਤ ਮਿਲਿਆ ਤੇ ਮੈਂ ਕਲ ਤੇਰੇ ਘਰ ਗਿਆ,ਤੇਰੇ ਮਾਂ ਤੇ ਪਿਤਾ ਮਿਲੇ,ਬੜਾ ਚਿਰ ਲਗਾ ਉਹਨਾਂ ਨੂੰ ਮੈਨੂੰ ਪਛਾਣਨ ਚ,ਚਲੋ ਖੈਰ,ਵੀਰਿਆ ਬਹੁਤ ਉਦਾਸ ਨੇ ਉਹ,ਆਖਣ ਲਗੇ

ਜੇ ਕਿਤੇ ਸਾਡੇ ਪੁੱਤਰ ਵੀ ਤੇਰੀ ਤਰਾਂ ਸਕੂਲ ਟੀਚਰ ਬਣਦੇ ਤੇ ਸਾਡੇ ਕੋਲ ਰਹਿੰਦੇ ਅਸਾਂ ਤੇ ਐਵੇਂ ਡਾਕਟਰ ਬਣਾ ਲਏ,ਤੇਰੀ ਮਾਂ ਤੇ ਤੁਹਾਡੀ ਵਾਜ਼ ਸੁਣਨ ਲਈ ਮੰਜਾ ਵੀ ਫੋਨ ਸਰਾਹਣੇ ਡਾਹੁੰਦੀ ਹੈ। ਆਖਣ ਲਗੀ ਤੇਰੇ ਮਾਂ ਬਾਪ ਤਾਂ ਪੋਤੇ ਪੋਤੀਆਂ ਵੇਖਣ ਤੋਂ ਪਹਿਲਾਂ ਤੁਰ ਗਏ,ਸਾਡੀ ਨਸਲ ਨੂੰ ਤੇ ਸਾਡੀ ਜਾਣਕਾਰੀ ਹੀ ਨਹੀਂ।ਮੈਂ ਤੁਰਨ ਲਗਾ ਤੇ ਉਸ ਮੇਰੇ ਸਿਰ ਤੇ ਹੱਥ ਰੱਖ ਕਿਹਾ,ਮੇਰੇ ਪੁੱਤਾਂ ਨੂੰ ਕਹੀਂ ਮੂੰਹ ਤੇ ਵੇਖ ਜਾਣ' ਸ਼ਾਮ ਹੋਣ ਵਾਲੀ ਹੈ।ਸਾਡੇ ਦੋ ਪੁੱਤ ਵੱਡੇ ਡਾਕਟਰ ਨੇ ਤੇ ਅਸੀਂ ਤਰਸਦੇ ਹਾਂ ਕੋਈ ਸਾਨੂੰ ਡਾਕਟਰ ਨੂੰ ਦਿਖਾ ਲਿਆਵੇ,।ਵੈਸੇ ਸੁਖ ਸ਼ਾਂਦ ਹੈ,ਵੀਰਿਆ ਕਿਤੇ ਗੇੜੀ ਲਾ ਜਾਓ!

ਹਾਂ ਹੈਗੇ ਨੇ ਇਥੇ ਵੀ ਓਲਡ ਏਜ ਹੋਮ,ਸਰਕਾਰੀ ਕੋਈ ਨਹੀਂ ਨਾਂ ਸਰਕਾਰੀ ਬੁਢਾਪਾ ਜਨਸ਼ਾਧਨ ਹਨ,ਸਵੈ ਸੇਵੀ ਸੰਸਥਾਂਵਾਂ ਨੇ ਇਸ ਖੇਤਰ ਵਿੱਚ ਵੀ ਆਪਣਾ ਰੰਗ ਜਮਾਇਆ ਹੈ,ਤੇ ਕਈ ਬ੍ਰਿਧ ਘਰ ਤਾਂ ਖੁਸ਼ਹਾਲ ਹਨ,ਪੈਸੇ ਵਾਲੇ ਤੇ ਪੈਨਸ਼ਨਰਾਂ ਦਾ ਉਥੇ ਚੰਗਾ ਵਕਤ ਲੰਘ ਰਿਹਾ ਹੈ,ਪਰ ਤੇਰੇ ਮਾਤਾ ਪਿਤਾ ਆਪਣੀ ਮਿੱਟੀ ਚ ਜਿਉਣਾ ਮਰਨਾ ਲੋਚਦੇ ਹਨ।ਤਰਨ ਤਾਰਨ ਵਿੱਚ ਚੀਫ਼ ਕਾਲਸਾ ਦੀਵਾਨ ਨੇ ਇਕ ਸਦੀ ਪਹਿਲਾਂ ਭਾਈ ਵੀਰ ਸਿੰਘ ਬ੍ਰਿਧ ਘਰ ਬਨਾਇਆ ਸੀ,ਪਰ ਅੰਦਰਲੀ ਸਰਦ ਜੰਗ ਦੇ ਦਖ਼ਲ ਨੇ ਉਹ ਵਿਕਸਿਤ ਨਹੀਂ ਹੋਣ ਦਿੱਤਾ।ਖਾਲੀ ਜੇਬ ਨੂੰ ਉਥੇ ਦਾਖਲਾ ਨਹੀਂ ਮਿਲਦਾ।

ਤੂੰ ਚਿੱਤ ਮਾੜਾ ਨਾ ਕਰ ਸੱਭ ਸਹੀ ਹੈ,ਮੈਂ ਧਿਆਨ ਰੱਖਾਂਗਾ ਤੇਰੇ ਮਾਤਾ ਪਿਤਾ ਦਾ,ਉਹਨਾਂ ਨੂੰ ਤਾਂ ਹੇਰਵਾ ਹੈ ਤੁਹਾਡਾ,ਉਹ ਨਹੀਂ ਜਾਣਦੇ ਕਿ ਜੇ ਤੁਸੀਂ ਵਿਦੇਸ਼ ਨਾ ਨਿਕਲਦੇ ਤੇ ਅੱਜ ਤੁਹਾਡੇ ਬੱਚੇ,ਸਾਡੇ ਬੱਚਿਆਂ ਵਾਂਗ ਇਸ ਦੇਸ਼ ਵਿੱਚ ਜਿਉਣ ਯੋਗ ਨਾਂ ਹੁੰਦੇ।ਮੰਨ ਲੈ ਤੂੰ ਵੀ ਕਿ ਸੱਭ ਸਹੀ ਹੈ।

" ਕੋਈ ਮਰੇ ਕੋਈ ਜੀਵੇ,ਸੁਥਰਾ ਘੋਲ ਪਤਾਸੇ ਪੀਵੇ' ਅਨੁਸ਼ਾਸਨ ਚੀਕ ਰਿਹਾ ਹੈ,ਪ੍ਰਸ਼ਾਸਨ ਬੰਸਰੀ ਵਜਾ ਰਿਹਾ ਹੈ"ਸਕਾ ਘਰ ਫੁਕ ਤਮਾਸ਼ਾ ਵੇਖ ਰਹਾ ਹੈ'।ਗੁਰੂ ਘਰ ਮਲਕ ਭਾਗੋ ਦੇ ਮਾਲ ਬਣ ਚੁਕੇ ਹਨ,।

" ਜਿੰਦਗੀ ਐ ਜਿੰਦਗੀ ਕਹਾਂ ਖੋ ਗਈ ਹੈ ਤੂੰ,ਯਹਾਂ ਡਸ ਰਹਾ ਹੈ ਇੰਨਸਾਂ,ਇੰਨਸਾਂ ਕੋ """

ਨਸ਼ਿਆਂ ਬਾਰੇ ਤੂੰ ਸੱਭ ਸਹੀ ਸੁਣਿਆ,ਇਹ ਵੀ ਸਿਆਸੀ ਕੌਢੀ ਹੈ, ਪੰਜਾਬ ਵਿੱਚ ਫੈਸ਼ਨਪ੍ਰਸਤੀ ਵਿੱਚ ਕਿਸਾਨ ਕਰਜੇ ਚ ਗ੍ਰਸਿਤ ਹ ਨੌਜਵਾਨ ਤੇ ਛੋਟਾ ਕਿਸਾਨ ਤੇ ਇਸਤ੍ਰੀਜਾਤੀ ਤਿੰਨੇ ਕੋਝੀ ਰਾਜਨੀਤੀ ਦੇ ਸ਼ਿਕੰਜੇ ਚ ਹਨ,ਘਰਾਂ ਦੀਆਂ ਦੀਵਾਰਾਂ ਚ ਦਰਾਰਾਂ ਪਾ ਦਿਤੀਆਂ ਹਨ,ਕੋਈ ਚਮਤਕਾਰੀ ਸੂਈ ਹੀ ਇਹ ਦਰਾਰ ਸੀ ਸਕਦੀ ਹੈ।ਪੰਜਾਬ ਚੋਣਾਂ ਦਾ ਬਿਗਲ ਵੱਜ ਗਿਆ ਹੈ ਇਧਰ ਔਰਤਾਂ ਦਾ ਦਿਲ ਵੱਜ ਗਿਆ ਹੈ,ਕਿਵੇ ਬਚਣਾ ਹੈ ਚੋਣ ਨਸ਼ਾ ਅੱਤਵਾਦ ਤੋਂ।ਨਸ਼ਿਆਂ ਦਾ ਅੱਤਵਾਦ ਅੱਤ ਪਾਰ ਕਰ ਗਿਆ ਹੈ।ਪੂਰੇ ਸੂਬੇ ਵਿੱਚ ਇਸਦੀ ਸੁਰੰਗ ਵਿਛ ਗਈ ਹੈ।ਔਰਤ ਜਾਤ ਚੱਕੀ ਦੇ ਪੁੜਾਂ ਵਿੱਚ ਫਸੀ ਹੈ,ਉਪਰ ਨਸ਼ੇ ਨੀਚੇ ਕੂਟਨੀਤੀ।ਬੇਰੁਜਗਾਰੀ ਦਾ ਕੋਬਰਾ ਸਰੇਰਾਹ ਜਾਨਾਂ ਲਈ ਜਾਂਦਾ। ਉਂਜ ਸਕੁਸ਼ਲ ਹੈ……..ਲੈ ਸੁਣ ਤੈਨੂੰ ਸੱਭ ਸਮਝ ਆਜੇਗਾ---



ਟੀਚਰ ਇਕ ਵਿਦਿਆਰਥੀ ਨੂੰ—ਕਿਟੂ ਤੂੰ ਕਲ ਸਕੂਲ਼ ਕਿਉਂ ਨਹੀਂ ਆਇਆ ਸੀ?

ਵਿਦਿਆਰਥੀ—ਮੈਡਮ ਜਿਹੜੈ ਆਏ ਸੀ ਉਹਨਾਂ ਨੂੰ ਤੁਸੀਂ ਸਰਕਾਰੀ ਨੌਕਰੀ ਲਵਾ ਦਿੱਤੈ? ---- ਸੱਭ ਸਹੀ ਹੈ ।

ਮਿਲਾਵਟ,ਕਾਲਾ ਧਨ,ਬੇਈਮਾਨੀ,ਭਰਸ਼ਿਟਾਚਾਰੀ,ਜੋ ਤੂੰ ਨੇਂਟ ਤੇ ਵੇਖਿਆ ਜਾ ਸੁਣਿਐ-

ਮਿਤਰਾ ਈਮਾਨਦਾਰ,ਭੁੱਖੇ ਪਿਆਸੇ ਕੋਲ ਕਿਥੇ ਵਿਹਲ ਹੈ ਇਹ ਸੱਭ ਜਾਣਨ ਦੀ,ਚੁੱਪ ਭਲੀ ਤੇ …ਉਂ ਇਹ ਵੀ ਪਤਾ ਲਗਾ ਕਿ -ਵੱਡੇ ਘਰੋਂ ਬਿੱਲੀ ਰੋਂਦੀ ਰੋਂਦੀ ਆਈ,ਕੁੱਤੇ ਨੇ ਪੁਛਿਆ, ਕੀ ਹੋਇਆ,ਆਖਣ ਲਗੀ ਨਾਲੇ ਇਹਨਾਂ ਮੇਰਾ ਚੂਹਾ ਖੋਹ ਲਿਆ ਨਾਲੇ ਮੈਨੂੰ ਕੁਟਿਆ-ਸੱਚੀਂ ਸਹੀ ਹੈ ਸੱਭ..।ਡਾਢੇ ਨਾਲ ਕੀ ਮੈਚ?.....

ਸਦਾ ਸੁਖੀ ਰਹੋ ਦੂਰ ਵਸੇਂਦੇ ਪਿਆਰਿਆ……….ਰੱਬ ਰਾਖਾ

ਹਸਦ ਨਹੀਂ ਹੈ ਦੋਸਤਾ,ਪਰ ਖ਼ਤ ਤੇਰਾ ਚੋਟ ਗਹਿਰੀ ਦੇ ਗਿਆ

ਵਕਤ ਦੀ ਮਾਰ ਡਾਢੀ,ਇਸ ਲਈ ਦਿਲ ਰੋ ਪਿਆ।।।।

## "ਲੋਹੜੀ ਦਾ ਜਨਮਦਾਤਾ"

ਲੋਹੜੀ ਦੇ ਮਨੋਰੰਜਕ ਤੇ ਪਿਆਰੇ ਤਿਉਹਾਰ ਦਾ ਜਨਮਦਾਤਾ ਤੇ ਨਾਇਕ 'ਦੁੱਲਾਭੱਟੀ'

ਸਾਲ ਵਿੱਚ ਆਉਣ ਵਾਲੇ ਸਾਰੇ ਤਿਉਹਾਰਾਂ ਵਿਚੋਂ ਕੇਵਲ ਇਕ ਹੀ ਇਕਲੌਤਾ ਤਿਉਹਾਰ ਸੀ ਜੋ ਕੁੜੀਆਂ,ਧੀਆਂ ਭੈਣਾਂ ਲਈ ਬਣਿਆ ਸੀ,ਤੇ ਜਿਸਦੀ ਉਸ ਵੇਲੇ ਦੇ ਲੋਕ ਹਿੱਤਕਾਰੀ ਕਿਰਦਾਰ ਨਾਮੀ ਦੁੱਲਾਭੱਟੀ' ਨੇ ਪਿਰਤ ਪਾਈ ਸੀ।

ਪੰਜਾਬ ਦਾ ਇਤਿਹਾਸ ਰੌਸ਼ਨ ਹੈ ਐਸੇ ਨਾਇਕਾਂ ਨਾਲ ਜੋ ਸਿਰਫ਼ ਜਨਨਾਇਕ ਸੀ,ਜਿਵੇਂ ਜੱਗਾ ਡਾਕੂ,ਮਲ਼ੰਗੀ,ਜਿਉਣਾ ਮੌੜ,ਸੁੱਚਾ ਸੂਰਮਾ ਤੇ ਦੁੱਲਾਭਟੀ।

ਅਬਦੁੱਲਾ ਖਾਨ ਉਰਫ ਭੱਟੀ ਪੰਜਾਬ ਦਾ ਪਹਿਲਾ ਰੌਬਿਨ ਹੁੱਡ ਸੀ।ਉਸ ਦਾ ਜਨਮ 1569 ਦੇ ਕਰੀਬ ਮੁਗਲ ਬਾਦਸ਼ਾਹ ਅਕਬਰ ਦੇ ਸ਼ਾਸਨ ਕਾਲ ਵਿੱਚ ਹੋਇਆ ਸੀ।ਉਸਦੀ ਮਾਂ ਦਾ ਨਾਂਮ ਲੱਧੀ ਤੇ ਪਿਤਾ ਦਾ ਨਾਮ ਫਰੀਦ ਖਾਨ ਭੱਟੀ ਸੀ ਜੋ ਮੁਸਲਿਮ ਰਾਜਪੂਤ ਸੀ।ਫਰੀਦਖਾਨ ਸਾਂਦਲ ਬਾਰ ਦੇ ਪਿੰਡ ਭੱਟੀਆਂ ਦਾ ਸਰਦਾਰ ਸੀ।ਉਸਦਾ ਪ੍ਰਭਾਵ ਮੌਜੂਦਾ ਹਾਫਿਜ਼ਾਬਾਦ ਤੋਂ ਲੈ ਕੇ ਮੁਲਤਾਨ ਤੱਕ ਸੀ।ਪਿੰਡੀ ਭੱਟੀਆਂ ਦਾ ਇਲਾਕਾ ਹੁਣ ਪਾਕਿਸਤਾਨ ਦੇ ਜਿਲ੍ਹਾ ਫੇਸਲਾਬਾਦ ਵਿੱਚ ਸਥਿਤ ਹੈ।

ਅਕਬਰ ਤੋਂ ਪਹਿਲਾਂ ਜਮੀਨਾਂ ਦਾ ਲਗਾਨ ਇਕੱਠਾ ਕਰਨ ਵੇਲੇ ਬੜੀ ਧਾਦਲੀ ਚਲਦੀ ਸੀ,ਪਰ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਦੀ ਮਦਦ ਨਾਲ ਸਾਰੇ ਰਾਜ ਵਿੱਚ ਜਮੀਨ ਦੀ ਮਿਣਤੀ ਕਰ ਕੇ ਉਸੇ ਹਿਸਬ ਨਾਲ ਲਗਾਨ ਨਿਸ਼ਚਿਤ ਕਰ ਦਿੱਤਾ।ਮਾਮਲਾ ਉਗਰਾਉਣਾ ਜਿੰਮੀਦਾਰ ਆਪਣਾ ਹੱਕ ਸਮਝਦੇ ਸਨ,ਪਰ ਅਕਬਰ ਵਲੋਂ ਸਿੱਧਾ ਮਾਮਲਾ ਉਗਰਾਉਣ ਤੇ ਜਿੰਮੀਦਾਰ ਭੜਕ ਉਠੇ ਤੇ ਇਸਨੂੰ ਆਪਣੇ ਅਧਿਕਾਰਾਂ ਤੇ ਡਾਕਾ ਸਮਝ ਕੇ ਬਗਾਵਤ ਕਰ ਦਿੱਤੀ।ਬਾਰਾਂ ਵਿੱਚ ਰਹਿਣ ਵਾਲੇ ਲੋਕ ਮੁੱਢ ਤੋਂ ਹੀ ਬਾਗੀ ਸਨ।ਮਹਿਮੂਦ ਗਜ਼ਨਵੀ ਤੇ ਬਾਬਰ ਨੂੰ ਵੀ ਇਸ ਇਲਾਕੇ ਵੱਚ ਵਿਰੋਧ ਦਾ ਸਾਮ੍ਹਣਾ ਕਰਨਾ ਪਿਆ ਸੀ।

ਲੋਟੂ ਅਤੇ ਝਗੜਾਲੂ ਕਿਸਮ ਦੇ ਇਹ ਲੋਕ ਸਰਕਾਰੀ ਹੁਕਮਾ ਨੂੰ ਨਹੀਂ ਮੰਨਦੇ ਸਨ।ਅਪਣੇ ਇਲਾਕੇ ਵਿੱਚੋਂ ਲੰਘਣ ਵਾਲੇ ਰਾਹੀਆਂ ਦੇ ਕਾਫਲੇ ਤੇ ਸਰਕਾਰੀ ਖਜਾਨੇ ਨੂੰ ਲੁੱਟ ਲੈਂਦੇ ਸਨ।ਫਰੀਦਖਾਨ ਭੱਟੀ ਨੇ ਵੀ ਬਗਾਵਤ ਕਰ ਦਿੱਤੀ ਪਰ ਮੁਗਲਾਂ ਦੀਆ ਵਿਸ਼ਾਲ ਸੇਨਾਵਾਂ ਨੇ ਜਲਦੀ ਹੀ ਬਗਾਵਤਾਂ ਠੰਢੀਆਂ ਪਾ ਦਿੱਤੀਆਂ।ਫਰੀਦ ਖਾਨ ਤੇ ਉਸਦੇ ਪਿਤਾ ਸਾਂਦਲ ਖਾਨ ਭੱਟੀ ਨੂੰ ਫਾਸੀ ਲਗਾ ਦਿੱਤਾ ਗਿਆ ਤੇ ਜਗੀਰ ਜ਼ਬਤ ਕਰ ਲੀ ਗਈ।ਫਰੀਦ ਖਾਨ ਤੇ ਸਾਂਦਲ ਖਾਨ ਤੇ ਸਾਥੀਆਂ ਦੀਆਂ ਲਾਸ਼ਾਂ ਤੂੜੀ ਨਾਲ ਭਰ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ ਦਰਵਾਜੇ ਤੇ ਲਟਕਾ ਦਿੱਤੀਆਂ ਗਈਆਂ।



ਦੁੱਲੇ ਦਾ ਜਨਮ ਆਪਣੇ ਪਿਤਾ ਫਰੀਦਖਾਨ ਦੀ ਮੌਤ ਤੋਂ ਚਾਰ ਮਹੀਨੇ ਬਾਦ ਹੋਇਆ ਸੀ।ਖੇਡ ਕੁਦ ਦੀ ਉਮਰ ਤੋਂ ਹੀ ਦੁੱਲਾਭੱਟੀ ਬੜਾ ਦਲੇਰ ਅਤੇ ਬਾਗੀ ਕਿਸਮ ਦਾ ਸੀ।ਮੌਲਵੀ ਦੀ ਸਖ਼ਤੀ ਤੋਂ ਅੱਕ ਉਸਨੇ ਪੜ੍ਹਨਾ ਹੀ ਛੱਡ ਦਿੱਤਾ।ਨਿੱਕੇ ਹੁੰਦੇ ਤੋਂ ਹੀ ਉਹ ਭਾਰੇ ਸ਼ਸਤਰ ਚਲਾਉਣ ਦਾ ਅਿਭਆਸ ਕਰਨ ਲੱਗ ਪਿਆ।ਗੁਲੇਲ ਨਾਲ ਪਨਹਾਰੀਆਂ ਦੇ ਘੜੇ ਭੰਨ ਦੇਂਦਾ।

ਲੱਧੀ ਉਸਨੂੰ ਹੋੜਨ ਦੀ ਥਾਂ ਉਹਨਾਂ ਨੂੰ ਨਵੇਂ ਘੜੇ ਲੈ ਦੇਂਦੀ।ਜਦੋਂ ਉਸਨੂੰ ਆਪਣੇ ਪਿਤਾ ਤੇ ਦਾਦੇ ਦੀ ਹੋਣੀ ਦਾ ਅਿਭਆਨ ਹੋਇਆ ਤਾਂ ਉਹ ਭੜਕ ਉਠਿਆ ਉਸਨੇ ਮੁਗਲ ਰਾਜ ਵਿਰੁੱਧ ਬਗਾਵਤ ਛੇੜ ਦਿੱਤੀ।ਸਰਕਾਰੀ ਖਜਾਨਾ ਲੁੱਟ ਕੇ ਲੋੜਵੰਦਾਂ ਚ ਵੰਡ ਦੇਂਦਾ।ਗਰੀਬ ਕੁੜੀਆਂ ਦੇ ਵਿਆਹ ਕਰਾ ਕੇ ਉਹਨਾਂ ਲੋੜ ਦੀਆਂ ਘਰੇਲੂ ਚੀਜ਼ਾਂ ਦੇ ਦੇਂਦਾ।ਉਸਨੇ ਕਈ ਹੰਕਾਰੀ ਮੁਗਲ ਅਹਿਲਕਾਰ ਮਾਰ ਦਿੱਤੇ।ਇਕ ਵਾਰ ਤਾ ਲਗਭਗ ਸਾਂਦਲਬਾਰ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਦੇ ਚੁੰਗਲ ਵਿਚੋਂ ਆਜ਼ਾਦ ਵੀ ਕਰਾ ਲਿਆ ਸੀ।ਕਿਹਾ ਜਾਂਦਾ ਹੈ ਕਿ ਹੱਜ ਕਰਨ ਜਾ ਰਹੀ ਅਕਬਰ ਦੀ ਬੇਗਮ ਨੂੰ ਦੁੱਲੇ ਨੇ ਬੰਦੀ ਬਣਾ ਕੇ ਲੁਟ ਲਿਆ ਸੀ,ਪਰ ਇਸਦਾ ਸ਼ਾਹਦੀ ਪ੍ਰਮਾਣ ਨਹੀਂ ਹੈ।ਉਸਦੀਆਂ ਲੁਟਾਂ ਖੋਹਾਂ ਦੀਆਂ ਵਾਰਦਾਤਾਂ ਸਰੇਸ਼ਰ ਹੋਣ ਲਗੀਆਂ ਸਨ।ਇਕ ਮੌਕੇ ਉਸਨੇ ਅਕਬਰ ਲਈ ਅਰਬੀ ਘੋੜੇ ਲੈ ਕੇ ਜਾਂਦੇ ਵਪਾਰੀ ਨੂੰ ਲੁੱਟ ਲਿਆ ਤੇ ਸ਼ਾਹ ਈਰਾਨ ਵਲੋਂ ਅਕਬਰ ਲਈ ਭੇਜੇ ਗਏ ਤੋਹਫੈ ਵੀ ਰਾਹ ਚੋਂ ਹੀ ਦਬੋਚ ਕੇ ਤਰਥੱਲੀ ਮਚਾ ਦਿੱਤੀ।ਡਾਕੇ ਲੁੱਟ ਦਾ ਸਮਾਨ ਲੋੜਵੰਦਾਂ ਚ ਵੰਡ ਦੇਣ ਕਾਰਨ ਲੋਕ ਉਸਨੂੰ ਜੀਅ ਜਾਨ ਨਾਲ ਪਿਆਰ ਕਰਦੇ ਸਨ ਤੇ ਉਸਨੂੰ ਸੁਰੱਖਿਅਤ ਰੱਖਣ ਦਾ ਯਤਨ ਵੀ ਕਰਦੇ ।

ਬਾਗੀ ਸੁਭਾਅ ਦਾ ਕਟੜ ਹੋਣ ਤੇ ਵੀ ਉਹ ਧਾਰਮਕ ਸਹਿਣਸ਼ੀਲਤਾ ਬਣਾਏ ਰੱਖਦਾ।ਉਸਨੂੰ ਜਾਤੀ ਵਿਤਕਰਾ ਪਸੰਦ ਨਹੀਂ ਸੀ।ਉਹ ਸੱਭ ਦਾ ਸਾਂਝਾ ਨਾਇਕ ਤੇ ਹਮਦਰਦ ਸੀ।ਦੁੱਲੇ ਦੀ ਦਿਆਲਤਾ ਦੇ ਚਰਚੇ ਆਮ ਸਨ,ਉਹ ਗਰੀਬਾਂ ਦਾ ਮਸੀਹਾ ਮਸ਼ਹੂਰ ਸੀ,ਜਿੰਨੇ ਉਸਦੇ ਹਮਦਰਦ ਸਨ ਉਤਨੇ ਹੀ ਦੁਸ਼ਮਣ ਵੀ।ਉਸਦੀ ਹਰਮਨਪਿਆਰਤਾ ਨੂੰ ਈਰਖਾ ਕਰਨ ਵਾਲੇ ਉਸਦੇ ਆਪਣੇ ਰਿਸ਼ਤੇਦਾਰ ਵੀ ਸਨ।

ਆਪਣੀ ਚੜ੍ਹਤ ਦੇ ਸਮੇਂ ਉਸਨੈ ਦੋ ਗਰੀਬ ਹਿੰਦੂ ਭੈਣਾਂ ਸੁੰਦਰੀ ਤੇ ਮੁੰਦਰੀ ਨੂੰ ਸੁਰੱਖਿਆ ਦੇ ਕੇ ਜਗੀਰਦਾਰ ਦੇ ਪੰਜੇ ਵਿਚੋਂ ਬਚਾ ਕੇ ਉਹਨਾਂ ਦਾ ਪਿਤਾ ਬਣ ਕੇ ਵਿਆਹ ਕੀਤੇ ਤੇ ਲੋੜੀਂਦਾ ਸਰਦਾ ਸਮਾਨ ਦਿੱਤਾ।ਉਸਦੀ ਇਸ ਖੁਲ੍ਹਦਿਲੀ ਨੇ ਉਸਦਾ ਨਾਮ ਹੋਰ ਵੀ ਚਮਕਾ ਦਿੱਤਾ,ਜੋ ਅੱਜ ਵੀ ਅਮਰ ਹੈ।ਉਦੋਂ ਤੋਂ ਹੀ ਲੋਹੜੀ ਦਾ ਤਿਉਹਾਰ ਸ਼ੁਰੂ ਹੋਇਆ ਜੋ ਅੱਜ ਵੀ ਪੂਰੇ ਮੁਲਕ ਵਿੱਚ ਮਾਘੀ ਤੋਂ ਇਕ ਦਿਨ ਪਹਿਲਾਂ ਵੱਜ ਗੱਜ ਕੇ ਮਨਾਇਆ ਜਾਂਦਾ ਹੈ।ਤੇ ਹਰ ਕੋਈ "ਸੁੰਦਰ ਮੁੰਦਰੀਏ ਤੇਰਾ ਕੌਣ ਵਿਚਾਰਾ ਹੋ? ਦੁੱਲਾਭੱਟੀ ਵਾਲਾ ਹੋ ਗਾ ਕੇ ਲੋਹੜੀ ਮੰਗਦੇ ਤੇ ਪਲ ਪਲ ਦੁੱਲੇ ਨੂੰ ਯਾਦ ਕਰਦੇ ਹਨ।ਪੰਜ ਸਦੀਆਂ ਮਰ ਗਈਆਂ ਪਰ ਦੁੱਲਾ ਹਰਦਮ ਜਿੰਦਾ ਰਿਹਾ

।ਐਸੇ ਹੀ ਹੁੰਦੇ ਨੇ ਮਸੀਹਾ 'ਰੱਬ ਦੇ ਦੂਤ।

ਦੁੱਲੇ ਦੀ ਇਹ ਮਹਿਮਾਂ ਉਸਦੇ ਚਾਚੇ ਜਲਾਲੁਦੀਨ ਨੂੰ ਬਹੁਤ ਅਖਰਦੀ ਸੀ।ਉਹ ਸਰਕਾਰ ਦਾ ਮੁਖਬਰ ਬਣ ਗਿਆ।ਲਾਹੌਰ ਦਾ ਸੂਬੇਦਾਰ ਵੀ ਚੋਖੇ ਯਤਨਾਂ ਦੇ ਬਾਵਜੂਦ ਦੁੱਲੇ ਨੂੰ ਥੂੰਮ ਨਾ ਸਕਿਆ।ਇਸੇ ਲਈ ਫਿਰ ਅਕਬਰ ਨੇ ਆਪਣੇ ਦੋ ਕਾਬੁਲ ਜਰਨੈਲ,ਮਿਰਜਾ ਅਲਾਉਦੀਨ ਤੇ ਮਿਰਜਾ ਜਿਆਉਦੀਨਖਾਨ ਨੂੰ ਪੰਦਰਾਂ ਹਜਾਰ ਸੈਨਿਕ ਦੇ ਕੇ ਲਹੌਰ ਭੇਜ ਦਿੱਤਾ।ਅਕਬਰ ਨੇ ਲਾਹੌਰ ਦੇ ਸੂਬੇਦਾਰ ਨੂੰ ਸਖ਼ਤ ਹੁਕਮ ਸੁਣਾਇਆ ਕਿ ਬਗਾਵਤ ਨਾ ਰੋਕਣ ਤੇ ਸੂਬੇਦਾਰ ਦਾ ਸਿਰ ਕਲਮ ਕਰ ਦਿੱਤਾ ਜਾਏਗਾ।ਦਿੱਲੀ ਤੇ ਲਾਹੌਰ ਦੀ ਫੋਜ ਦੁੱਲੇ ਦੇ ਪਿਛੇ ਪੈ ਗਈ।ਉਸਦਾ ਘਰ ਤੇ ਹੋਰ ਸੱਭ ਕੁਝ ਤਬਾਹ ਕਰ ਦਿੱਤਾ ਗਿਆ।ਉਸਦੀ ਮਾਂ ਲੱਧੀ ਕਈ ਸਾਥਣਾਂ ਸਮੇਤ ਬੰਦੀ ਬਣਾ ਲਈ ਗਈ।ਕਈ ਮਹੀਨੇ ਤੱਕ ਝੜਪਾਂ ਚਲਦੀਆਂ ਰਹੀਆਂ।ਦੁੱਲੇ ਦੇ ਗੁਰੀਲਾ ਯੁੱਧ ਨੇ ਫੋਜਾਂ ਦੀ ਪੇਸ਼ ਨਾ ਜਾਣ ਦਿੱਤੀ।ਮੁਗਲ ਫੋਜ ਦਾ ਚੋਖਾ ਨੁਕਸਾਨ ਹੋਇਆ।

ਫਿਰ ਜਿਵੇਂ ਅਕਸਰ ਰਾਜਨੀਤੀ ਚਲਦੀ ਹੈ,ਉਵੇਂ ਹੀ ਮੁਗਲਾਂ ਨੇ ਛਲ ਕਪਟ ਦੀ ਯੋਜਨਾ ਬਣਾਈ।ਵਿੱਚ ਵਿਚੋਲੇ ਪਾਕੇ ਸੁਲ੍ਹਾ ਦੀ ਸਾਜਿਸ਼ ਰਚੀ।ਦੁਲ੍ਹਾ ਕਪਟ ਨਾ ਸਮਝ ਸਕਿਆ ਤੇ ਗਲਬਾਤ ਲਈ ਦਰਬਾਰ ਪਹੁੰਚ ਗਿਆ।ਕਪਟੀਆਂ ਨੇ ਖਾਣੇ ਵਿੱਚ ਦੁੱਲੇ ਤੇ ਸਾਥੀਆਂ ਨੂੰ ਨਸ਼ਾ ਪਿਲਾ ਕੇ ਬੰਦੀ ਬਣਾ ਲਿਆ।ਤੇ ਕੁਝ ਹੀ ਦਿਨਾ ਬਾਦ ਕੋਤਵਾਲੀ ਦੇ ਸਾਹਮਣੇ ਦੁੱਲੇ ਨੂੰ ਫਾਸੀ ਦੇ ਦਿੱਤੀ ਗਈ।ਉਸ ਵਕਤ ਦੁੱਲੇ ਦੀ ਉਮਰ ਕੇਵਲ ਤੀਹ ਸਾਲ ਸੀ।

ਕਿਹਾ ਜਾਂਦਾ ਹੈ ਕਿ ਦੁੱਲੇ ਦੀਆਂ ਅੰਤਮ ਰਸਮਾਂ ਸੂਫੀ ਬਾਬਾ ਸ਼ਾਹ ਹੁਸੈਨ ਨੇ ਪੂਰੀਆਂ ਕੀਤੀਆਂ।ਉਸਦੀ ਕਬਰ ਲਾਹੌਰ ਦੇ ;ਮਿਆਣੀ ਸਾਹਬ ਕਬਰਿਸਤਾਨ'ਵਿੱਖੇ ਸਥਿਤ ਹੈ।

ਉਸਦੇ ਪਿਆਰੇ ਉਸਦੀ ਕਬਰ ਤੇ ਆਏ ਸਾਲ ਫੁੱਲ ਚੜ੍ਹਾਉਣਾ ਨਹੀਂ ਭੁਲਦੇ।ਦੁੱਲਾਭੱਟੀ ਸਮਾਜ ਦਾ ਅਣਖੀ ,ਪਾਕ,ਅਮਰ ਕਿਰਦਾਰ ਹੈ।

ਹਰ ਸਾਲ ਲੋਹੜੀ ਮਨਾਉਂਦਿਆਂ ਮਹਿਸੂਸ ਹੁੰਦਾ ਹੈ,ਭਾਰਤੀ ਸਮਾਜ ਨੂੰ ਅੱਜ ਇਕ ਨਹੀਂ ਕਈ ਦੁੱਲਿਆਂ ਦੀ ਲੋੜ ਹੈ।ਬਹੁਤ ਮਾਵਾਂ ਨੂੰ ਮਾਂ'ਲੱਧੀ ਬਣਨਾ ਹੈ,ਜੋ ਸੁੰਦਰੀਆਂ ਮੁੰਦਰੀਆਂ ਨੂੰ ਜਾਲਮਾਂ ਤੋਂ ਬਚਾਉਣ ਲਈ ਜਾਨ ਦਾ ਦਾਨ ਦੇਣ।."

ਦੁਨੀਆ ਉਤੇ ਰੱਖ ਫਕੀਰਾ  ਐਸਾ ਬਹਿਣ ਖਲੋਣ

ਤੂੰ ਹੋਵੇਂ ਤਾਂ ਹੱਸਣ ਸਾਰੇ,ਨਾਂ ਹੋਵੇਂ ਤਾਂ ਰੋਣ----



## "ਅੱਠ ਮਾਰਚ"

'ਤਿੰਨ ਸੌ ਪੈਂਹਠ ਦਿਨ ਤੇਰੇ ਮੇਰੀ ਤੇ ਇਕੋ ਅੱਠ ਮਾਰਚ'

ਅੱਠ ਮਾਰਚ ਇਸਤ੍ਰੀ ਦਿਨ ਤੇ ਇਤਫਾਕੀਆ ਹੀ ਇਸਤ੍ਰੀ ਦੀ ਤ੍ਰਾਸਦੀ ਤੇ ਹੰਝੂ ਵਹਾਉਣ ਵਾਲੇ ਦਾ ਜਨਮ ਦਿਨ (ਸਾਹਿਰ- --ਲੁਧਿਆਣਵੀ)---ਔਰਤ ਦੇ ਸਨਮਾਨ ਦਾ ਸੱਚਾ ਅਲੰਬਰਦਾਰ।ਜਦ ਸਾਅਦਤ ਹਸਨ ਮੰਟੋ ਵੀ ਆਪਣੀ ਕਲਮ ਦੇ ਗਲ ਲਗ ਰੋਇਆ ਸਾਹਿਰ ਲਿਖਦਾ ਹੈ—

ਮੇਰੇ ਇਹਬਾਬ ਕੇ ਸਮਾਨੇ-ਤਆਬਿ ਕੇ ਲੀਏ, ਸ਼ੌਖ ਸੀਨੇ ਹੈਂ, ਜਵਾਂ ਜਿਸਮ,ਹਸੀਂ ਬਾਹੇਂ ਹੈਂ

ਸ਼ਬਜ਼ ਖੇਤੋਂ ਮੇਂ ਯੇ ਦੁਬਕੀ ਹੁਈ ਦੋ ਸ਼ੀਜ਼ਾਂਏਂ, ਦਿਲ ਕੀ ਸ਼ਰਯਾਨੋਂ ਮੇਂ ਕਿਸ ਕਾ ਲਹੂ ਜਾਰੀ ਹੈ,ਕਿਸ ਮੇਂ ਜੁਰਅੱਤ ਹੈ ਕਿ ਇਸ ਰਾਜ਼ ਦੀ ਤਸ਼ਰੀਰ ਕਰੇ।

ਯੇਹ ਕੂਚੇ ਯੇਹ ਨਿਲਾਮ ਘਰ ਦਿਲਕਸ਼ੀ ਕੇ,ਯਿਹ ਲੂਟਤੇ ਹੂਏ ਕਾਰਵਾਂ ਜਿੰਦਗੀ ਕੇ

ਕਹਾਂ ਹੈਂ ਕਹਾਂ ਹੈਂ?ਮੁਹਾਫ਼ਿਜ਼ ਖੁਦੀ ਕੇ,ਸਨ-ਖਾਨੇ-ਤਕਦੀਸ-ਮਸ਼ਰਿਕ ਕਹਾਂ ਹੈਂ?

ਯਿਹ ਸਦੀਓਂ ਸੇ ਬੇਖਾਬ,ਸਹਿਮੀ ਸੀ ਗਲੀਆਂ,ਯੇਹ ਮਸਲੀ ਹੁਈ ਅੱਧਖਿਲੀ ਜ਼ਰਦ ਕਲੀਆਂ

ਯਿਹ ਬਿਕਤੀ ਹੁਈ ਖੋਖਲੀ ਰੰਗ ਰਲੀਆਂ, ਸਨਾਖਾਨੇ-ਤਕਦੀਸੇ-ਮਸ਼ਰਕ ਕਹਾਂ ਹੈਂ?ਕਹਾਂ ਹੈਂ ਜਿਨਹੇਂ ਹਿੰਦ ਪੇ ਨਾਜ਼ ਹੈ?

ਮਦਦ ਚਾਹਤੀ ਹੈ ਯੇਹ ਹੱਵਾ ਕੀ ਬੇਟੀ,ਯਸੋਧਾਂ ਕੀ ਹਮਜਿਨਸ,ਰਾਧਾ ਕੀ ਬੇਟੀ,ਪਿਅੰਬਰ ਕੀ ਉਂਮਤ,ਜੁਲੈਖਾਂ ਕੀ ਬੇਟੀ

ਜਰਾ ਮੁਲਕ ਕੇ ਰਹਿਬਰੋ ਕੋ ਬੁਲਾਓ,ਯੇਹ ਕੂਚੇ ਯੇਹ ਗਲੀਆਂ ਯੇਹ ਮੰਜ਼ਰ ਦਿਖਾਓ ਸਨਾਖਾਨੇ-ਤਕਦੀਸੇ-ਮਸਰਕ ਕੋ ਲਾਓ॥

ਨੂਰ ਜਹਾਂ ਤੇ ਮੁਮਤਾਜ਼ ਮਹਲ ਲਈ ਉਸਦੇ ਵੈਣ-----

ਕੈਸੇ ਮਗ਼ਰੂਰ ਸ਼ਹਿਨਸ਼ਾਹੋਂ ਕੀ ਤਸਕੀਨ ਕੇ ਲੀਏ, ਸਾਲ ਸਾਲ ਹਸੀਨਾਓਂ ਕੇ ਬਾਜ਼ਾਰ ਲਗੇ

ਕੈਸੇ ਬਹਿਕੀ ਹੁਈ ਨਜ਼ਰੋਂ ਕੇ ਤਈਅਸ਼ ਕੇ ਲੀਏ, ਸੁਰਖ ਮਹਿਲੋਂ ਮੇਂ ਜਵਾਂ ਜਿਸਮੋਂ ਕੇ ਬਾਜ਼ਾਰ ਲਗੇ ਬੇਵਜ੍ਹਾ ਵਧਦੀ ਆਬਾਦੀ ਲਈ---ਜਬਰ ਸੇ ਨਸਲ ਬੜ੍ਹੈ,ਜੁਲਮ ਸੇ ਤਨ ਮੇਲ ਕਰੇ,

ਯੇਹ ਅਮਲ ਹਮ ਮੇਂ ਹੈ,ਪਰਿੰਦੋਂ ਮੇਂ ਨਹੀਂ " ਹਮ ਜੋ ਇਨਸਾਨੋ ਕੀ ਤਹਿਜ਼ੀਬ ਲੀਏ ਫਿਰਤੇ ਹੈਂ,

ਹਮ ਸਾ ਵਹਿਸ਼ੀ ਕੋਈ ਜੰਗਲ ਕੇ ਦਰਿੰਦੋਂ ਮੇਂ ਨਹੀਂ॥

ਆਦਮ ਦਾ ਔਰਤ ਪ੍ਰਤੀ ਰਵੀਈਆ ਅੱਜ ਵੀ ਇਵੇਂ ਹੈ-“

ਔਰਤ ਨੇ ਜਨਮ ਦੀਆ ਮਰਦੋਂ ਕੋ,ਮਰਦੋਂ ਨੇ ਉਸੇ ਬਾਜ਼ਾਰ ਦੀਆ

ਜਬ ਜੀਅ ਚਾਹਾ ਮਸਲਾ ਕੁਚਲਾ,ਜਬ ਜੀਅ ਚਾਹਾ ਦੁਤਕਾਰ ਦੀਆ

,ਤੁਲਤੀ ਹੈਂ ਕਹੀ ਦਿਨਾਰੋਂ ਮੇਂ,ਬਿਕਤੀ ਹੈਂ ਕਹੀਂ ਬਜਾਰੋਂ ਮੇ

ਨੰਗੀ ਨਚਵਾਈ ਜਾਤੀ ਹੈਂ ਅਯਾਸ਼ੋਂ ਕੇ ਦਰਬਾਰੋਂ ਮੇਂ

, ਯੇਹ ਵੋ ਬੇਇਜ਼ਤ ਚੀਜ਼ ਹੈ,ਜੋ ਬਟ ਜਾਤੀ ਹੈ ਇਜ਼ਤਦਾਰੋਂ ਮੇਂ॥

ਜਿਨ ਸੀਨੋ ਨੇ ਇਨਕੋ ਦੂਧ ਦੀਆ,ਉਨ ਸੀਨੋ ਕਾ ਵਿਉਪਾਰ ਕੀਆ

,ਜਿਸ ਕੋਖ ਮੇਂ ਇਨਕਾ ਜਿਸਮ ਢਲਾ,ਉਸ ਕੋਖ ਕਾ ਕਾਰੋਬਾਰ ਕੀਆ।

ਜਿਸ ਤਨ ਮੇਂ ਉਗੇ ਕੋਕਲ ਬਨ ਕਰ,ਉਸ ਤਨ ਕੋ ਜਲੀਲੋ-ਖੁਆਰ ਕੀਆ
ਔਰਤ ਸੰਸਾਰ ਕੀ ਕਿਸਮਤ ਹੈ,ਫਿਰ ਭੀ ਤਕਦੀਰ ਕੀ ਬੇਟੀ ਹੈ,

ਔਰਤ ਅਵਤਾਰ ਪੇਅੰਬਰ ਜਨਤੀ ਹੈ ਲੇਕਿਨ ਸ਼ੈਤਾਨ ਕੀ ਬੇਟੀ ਹੈ॥

‘ਯੇ ਵੋਹ ਬਦ ਕਿਸਮਤ ਮਾਂ ਹੈ ਜੋ ਬੇਟੇ ਕੀ ਸੇਜ ਪੇ ਲੇਟੀ ਹੈ।

ਸ਼ਾਹਿਰ ਨੇ ਆਪਣੀ ਕਲਮ ਨਾਲ ਔਰਤ ਨੂੰ ਉਚਆਉਣਾ ਚਾਹਾ।ਉਸਦੀ ਰੋਮਾਨੀਅਤ ਵਿਚੋਂ ਵੀ ਔਰਤ ਪ੍ਰਤੀ ਸਨਮਾਨ ਦੀ ਭਾਵਨਾ ਝਲਕਦੀ ਹੈ।ਬੇ ਸ਼ੱਕ ਉਹ ਸੱਭ ਤੋਂ ਨਿਵੇਕਲਾ ਸ਼ਾਇਰ ਸੀ,ਪਰ ਉਸਦੀ ਸ਼ਾਇਰੀ ਕੁਝ ਨਾ ਵਿਗਾੜ ਸਕੀ ਅੱਠ ਮਾਰਚ ਤੇ ਤਿੰਨ ਸੌ ਪੈਂਹਠ ਦਿਨ ਦੇ ਵਪਾਰੀਆਂ ਕਾਰੋਬਾਰੀਆਂ ਦਾ॥ਇਹਨਾਂ ਵਪਾਰੀਆਂ ਨੇ ਬਾਬਾ ਨਾਨਕ ਦੇ ਉਪਦੇਸ਼ ਅਣਗੌਲੇ ਕੀਤੇ ਤੇ ਮੰਨੂ ਕਾਰੋਬਾਰੀ ਦੀਆਂ ਊਲ ਜਲੂਲ ਸਮ੍ਰਿਤੀਆਂ ਨੂੰ ਅਪਨਾ ਲਿਆ,ਜੋ ਇਸ ਕੰਪਿਓਟਰ ਯੁੱਗ ਤੱਕ ਵੀ ਜਾਰੀ ਹਨ।

ਬੜੀ ਲੋੜ ਹੈ ਸਮੇਂ ਨੂੰ ਦੁੱਲੇ ਭੱਟੀ ਦੀ,ਮਲੰਗੀ ਦੀ,ਜੱਗੇ ਦੀ, ਜੱਗਤ ਸਿੰਘ ਦੀ,ਬੈਂਡਤ ਕੁਈਨ ਦੀ।ਇੰਤਜ਼ਾਰ ਹੈ ਫੇਰ ਇਕ ਵਾਰ ਡਿਗੇ ਰੱਬ ਦੀ ਅੱਖ ਚੋਂ ਬਾਬਾ ਨਾਨਕ ਜਿਹਾ ਹੰਝੂ,ਤੇ ਕਿਤੇ ਗਿਲੀ ਹੋ ਜਾਵੇ ਚੌਧਰ ਦੀ ਅੱਖ।



## “ਮਹਾਨ ਹੈ ਤੂੰ ਮਾਂ“

“ ਕਿਤੇ ਵੀ ਠੰਢੀ ਛਾਂ ਨਾਂ ਹੁੰਦੀ,

ਜੇ ਧਰਤੀ ਤੇ ਮਾਂ ਨਾਂ ਹੁੰਦੀ “।

ਮਾਂ ਜੋ ਜਨਮ ਦੇਂਦੀ ਹੈ,ਪਾਲਣ ਪੋਸ਼ਣ ਕਰਦੀ ਹੈ,ਮਾਂ ਜੋ ਅਸਲੀ ਜਨਮਦਾਤੀ ਹੈ,ਪਾਲਣ ਪੋਸ਼ਣ ਕਰਨ ਵਾਲੀ ਮਾਂ ਦਾ ਕੋਈ ਵੀ ਰੂਪ/ਰਿਸ਼ਤਾ ਹੋ ਸਕਦਾ ਹੈ-ਚਾਚੀ ਤਾਈ,ਦਾਦੀ ਨਾਨੀ ਮਾਸੀ,ਭੂਆ,ਜਾਂ ਬਾਪ ਦੀ ਦੂਜੀ ਬੀਵੀ ਜਾਂ ਤਨਖਾਹ ਲੈਣ ਵਾਲੀ ਆਇਆ ਮਾਂ’ ਪਰ ਜਨਮ ਦੇਣ ਵਾਲੀ ਮਾਂ ਦਾ ਰੁਤਬਾ ਰੱਬ ਤੋਂ ਦੂਸਰੇ ਨੰਬਰ ਤੇ ਹੈ।

“ ਸੱਭ ਤੋਂ ਉੱਚੀ ਮਾਂ ਦੀ ਪੂਜਾ ਮਾਂ ਤਾਂ ਰੱਬ ਦਾ ਰੂਪ ਹੈ ਦੂਜਾ”। ਸਾਡੇ ਵੇਦ ਗ੍ਰੰਥ ਦਸਦੇ ਹਨ-

ਭਾਂਵੇ ਰੱਬ ਵਾਂਗ ਮਾਂ ਦੀ ਆਰਾਧਨਾ ਨਹੀਂ ਕੀਤੀ ਜਾਂਦੀ ਫਿਰ ਵੀ ਮਾਂ ਦੀ ਅਹਿਮੀਅਤ ਰੱਬ ਜਿਨੀ ਹੀ ਹੈ।ਅਰਸ਼ ਤੱਕ ਬੁਲੰਦ ਹੈ ਮਾਂ ਦੀ ਹਸਤੀ।ਮਾਂ ਕੁਰਬਾਨੀ ਦੀ ਦੇਵੀ ਹੈ,ਮਮਤਾ ਦੀ ਮੂਰਤ ਹੈ।ਮਾਂ ਲੱਖ ਮਜਬੂਰੀਆ ਵਿੱਚ ਗ੍ਰਸੀ ਹੋਣ ਤੇ ਵੀ ਆਪਣੇ ਧੀਆਂ ਪੁੱਤਾ ਦੀ ਮਦਦ ਕਰਦੀ ਹੈ।ਮਾਂ ਤਾਂ ਆਪਣੇ ਬੱਚਿਆਂ ਦੇ ਵੱਡੇ ਗੁਨਾਹ ਵੀ ਆਪਣੇ ਸਿਰ ਲੈ ਲੈਂਦੀ ਹੈ,ਬਹੁਤੀ ਵਾਰ ਨਾਕਰਤਾ ਗੁਨਾਹਾਂ ਦੀ ਸਜ਼ਾ ਵੀ ਮਲਕੜੇ ਹੀ ਸਹਿ ਜਾਂਦੀ ਹੈ। ਧੁੱਪ ਬਾਰਸ਼ ਠੰਢ ਵਿੱਚ ਮਾਂ ਆਪਣੀ ਬੁੱਕਲ ਦਾ ਸੁੱਖ ਦੇਂਦੀ ਹੈ।ਆਪ ਰੁੱਖੀ ਸੁਖੀ ਖਾ ਕੇ ਬੱਚਿਆਂ ਨੂੰ ਚੋਪੜੀ ਦੇਂਦੀ ਹੈ।ਸੁਕੀ ਰੋਟੀ ਖਾਣ ਵਾਲੀ ਮਾਂ ਵੀ ਬੱਚੇ ਨੂੰ ਆਪਣਾ ਦੁੱਧ ਚੁੰਘਾਉਂਦੀ ਹੈ।ਵਿਗਿਆਨਕ ਤੱਥ ਅਨਸਾਰ ਮਾਂ ਦਾ ਦੁੱਧ ਬੱਚੇ ਲਈ ਅਤਿਅੰਤ ਗੁਣਕਾਰੀ ਹੈ ਮਾਂ ਦਾ ਦੁੱਧ ਬੱਚੇ ਨੂੰ ਬਹੁਤ ਸਾਰੀਆਂ ਬੀਮਾਰੀਆਂ ਤੋਂ ਬਚਾਓ ਕਰਦਾ ਹੈ।ਮਾਂ ਦਾ ਹਿਰਦਾ ਧਰਤੀ ਵਾਂਗ ਵਿਸਾਲ ਹੈ,ਮਾਂ ਦੀ ਸਹਿਣ ਸਕਤੀ ਵੀ ਧਰਤੀ ਵਾਂਗ ਚੌਫਾਲ ਹੈ ।ਇਹ ਵਿਸ਼ਾਲ ਹਿਰਦਾ ਨਾਜ਼ੁਕ ਵੀ ਇੰਨਾ ਹੁੰਦਾ ਹੈ ਕਿ ਜਰਾ ਜਿਹੀ ਚੋਟ ਲਗੇ ਤੇ ਡਿਕੋ ਡੋਲੇ ਖਾਣ ਲਗਦਾ ਹੈ ਪਰ ਫਿਰ ਆਪੇ ਹੀ ਸੰਭਲਣ ਦੀ ਹਿੰਮਤ ਜੁਟਾ ਲੈਂਦਾ ਹੈ,ਬਲਕਿ ਪਰਿਵਾਰ ਦੀਆਂ ਮੁਸਕਲਾਂ ਵੀ ਹੱਲ ਕਰਨ ਚ ਸਹਾਈ ਹੁੰਦਾ ਹੈ।ਮਾਂ ਉਠਦੀ ਬਹਿੰਦੀ ਘਰ ਪਰਿਵਾਰ ਲਈ ਸੁੱਖ ਇਕੱਠੇ ਕਰਨ ਚ ਰੁਝੀ ਰਹਿੰਦੀ ਹੈ।ਧੀਆਂ ਪੁੱਤਾਂ ਦੇ ਚਿਹਰੇ ਵਾਚਣ ਦੀ ਮੁਹਾਰਤ ਹਾਸਲ ਹੈ ਮਾ ਨੂੰ।

ਵੀਹ ਹੱਡੀਆਂ ਟੁਟਣ ਜਿੰਨੀ ਤਕਲੀਫ਼ ਹੁੰਦੀ ਹੈ ਜਣੇਪੇ ਵੇਲੇ ਮਾਂ ਨੂੰ ਪਰ ਮਾਂ ਸੀ ਤੱਕ ਨਹੀਂ ਕਰਦੀ,ਉਸ ਵਕਤ ਮਾਂ ਰੱਬ ਨਾਲ ਇਕ ਮਿਕ ਹੋ ਚੁਕੀ ਹੁੰਦੀ ਹੈ।ਮੌਤ ਰੱਬ ਦੇ ਵੱਸ ਹੈ ਤਾਂ ਜਨਮ ਮਾ ਦੇ ਵੱਸ ਵਿੱਚ ਹੈ,ਇਸੇ ਲਈ ਤੇ ਇਸਨੂੰ ਰੱਬ ਦਾ ਰੂਪ ਕਹਿੰਦੇ ਹਨ।

ਉਸਕੋ ਨਹੀਂ ਦੇਖਾ ਹਮ ਨੇ ਕਭੀ ਪਰ ਇਸਕੀ ਜਰੂਰਤ ਕਿਆ ਹੋਗੀ ਐ ਮਾਂ ਤੇਰੀ ਸੂਰਤ ਸੇ ਅਲੱਗ ਭਗਵਾਨ ਕੀ ਸੂਰਤ ਕਿਆ ਹੋਗੀ"।

ਮਾਂ ਡੋਰੀ ਹੈ ਜੋ ਆਪਣੇ ਧੀਆਂ ਪੁੱਤਾਂ,ਤੇ ਹੋਰ ਸਾਰੇ ਰਿਸ਼ਤੇ ਰੂਪੀ ਮਣਕਿਆ ਨੂੰ ਪਰੋ ਕੇ ਇਕ ਮਾਲਾ ਬਣਾ ਕੇ ਰੱਖਦੀ ਹੈ। , ਮਾਤਾਸ੍ਰੀ ਆਖੋ,ਭਾਈ,ਮੰਮੀ,ਅੰਮੀ ਅੰਮਾ,ਬੀਜੀ ਬੇਬੇ,ਜੋ ਵੀ ਪੁਕਾਰੋ,ਮਾ ਤਾਂ ਮਾਂ ਹੀ ਹੁੰਦੀ ਹੈ।ਮਾਂ ਬਿਨਾ ਇਹ ਦੁਨੀਆਂ ਨਾਮੁਕੰਮਲ ਹੈ। ਸਿਆਣੇ ਦਸਦੇ ਨੇ ਆਦਿ ਯੁੱਗ ਵਿੱਚ ਜਦ ਰੱਬ ਨੂੰ ਅਹਿਸਾਸ ਹੋਇਆ ਕਿ ਉਸਦੇ ਬਣਾਏ ਆਦਮ ਦੇ ਪੁਤਲੇ ਵਿੱਚ ਕੁਝ ਕਮੀਆਂ ਰਹਿ ਗਈਆ ਹਨ ਤਾਂ ਉਸ 'ਹਵਾ' ਬਣਾਈ ਫਿਰ ਉਸਨੂੰ ਲਗਾ ਕਿ ਉਹ ਇਕੱਲਾ ਇਹ ਦੁਨੀਆਂ ਰੂਪੀ ਤਾਣੀ ਨਹੀਂ ਸੰਭਾਲ ਸਕਦਾ ਤੇ ਉਸਨੇ 'ਹਵਾ' ਨੂੰ' ਮਾਂ' ਬਣਾ ਕੇ ਆਪਣੇ ਬਹੁਤੇ ਕੰਮ ਮਾਂ ਦੇ ਜਿੰਮੇ ਕਰ ਦਿੱਤੇ। ਮਾਂ ਰਹਿਨੁਮਾ ਹੈ ਰਹਿਬਰ ਹੈ,,ਮਾਂ ਦੀ ਲੋੜ ਹਰ ਵਕਤ ਰਹਿੰਦੀ ਹੈ,ਮਾਂ ਕੋਲ ਬੱਚੇ ਦੀ ਹਰ ਮੁਸਕਲ ਦਾ ਹੱਲ ਹੁੰਦਾ ਹੈ ਤਦੇ ਹੀ ਇਕ ਸ਼ਾਇਰ ਕਹਿੰਦਾ ਹੈ-" ਤੂੰ ਹੁੰਦੀ ਸੈਂ ਤਾਂ ਸੋਨਾ ਬਣ ਜਾਂਦਾ ਸੀ ਹਰ ਰੁਦਰਾ ਦਾ ਰੋੜ ਨੀ ਮਾਏ,ਸਾਨੂੰ ਅੱਜ ਵੀ ਤੇਰੀ ਲੋੜ ਨੀ ਮਾਏ"।

ਮਾਂ ਦੀ ਦੇਣ ਮਾਂ ਦੇ ਰਿਸ਼ਤੇ ਨੂੰ ਸ਼ਬਦਾਂ ਵਿੱਚ ਪਰੋਇਆ ਨਹੀਂ ਜਾ ਸਕਦਾ,ਇਕ ਧੀ ਕਹਿੰਦੀ ਹੈ," ਮਾਂ ਜਦ ਤੂੰ ਸੈਂ ਤਾਂ ਕੇਵਲ ਮੇਰੀ ਮਾਂ ਸੈਂ ਅੱਜ ਨਹੀਂ ਹੈਂ ਤਾ ਮੇਰਾ ਰੱਬ ਬਣ ਗਈ ਹੈਂ।

ਮਾਂ ਰੱਬ ਦਾ ਦਰਜਾ ਨਿਭਾਉਂਦੇ,ਵੰਸ਼ ਨੂੰ ਚਲਾਉਂਦੇ,ਦੋ ਦੋ ਕੁਲਾਂ ਦੀ ਲਾਜ ਨਿਭਾਏ ਰੱਖਦੀ ਹੈ।ਮਾਂ ਮੰਜਿਲ ਹੈ,ਮਾ ਨੇ ਕਿੰਨੇ ਹੀ ਮਹਾਂਪੁਰਖ,ਵਿਦਵਾਨ ਬਣਾਏ।ਵਣਮਾਨਸ ਤੋਂ ਮਨੁੱਖ ਬਣਾਇਆ।ਮਾਂ ਵਿੱਚ ਪ੍ਰਭੂ ਨੇ ਨਿਵੇਕਲੀ ਤੇ ਵਾਧੂ ਸੂਝ ਭਰੀ ਹੈ।ਮਾਂ ਜੇ ਪੜ੍ਹ ਜਾਏ ਤਾਂ ਫਿਰ ਤਾਂ ਸੋਨੇ ਤੇ ਸੁਹਾਗਾ ਹੋ ਜਾਏ ਤੇ ਸੱਤੇ ਕੁਲਾਂ ਤਰ ਜਾਣ ਸਮਝੋ।ਜਿਵੇਂ ਲਿੰਕਨ ਨੇ ਕਿਹਾ ਸੀ;'ਤੁਸੀਂ ਮੈਨੂੰ ਪੜ੍ਹੀਆਂ ਲਿਖੀਆਂ ਮਾਵਾਂ ਦਿਓ, ਮੈਂ ਤੁਹਾਨੂੰ ਪੜ੍ਹੀ ਲਿਖੀ ਕੌਮ ਦੇਵਾਂਗਾ"। ਧੀਆਂ ਤਾਂ ਮਾਵਾਂ ਤੇ ਪੂਰੀ ਤਰਾਂ ਨਿਰਭਰ ਹੁੰਦੀਆਂ ਹਨ,ਮਾਵਾਂ ਵੀ ਧੀਆ ਦੇ ਸਾਰੇ ਚਾਅ ਪੂਰੇ ਕਰਨੇ ਚ ਖੁਸ਼ੀ ਮਹਿਸੂਸ ਕਰਦੀਆਂ ਹਨ।ਇਕੋ ਵਕਤ ਤੇ ਮਾਂ ਧੀ ਸਹੇਲੀਆਂ ਵੀ ਹੁੰਦੀਆਂ ਹਨ।ਆਪਸ ਵਿੱਚ ਰਾਜ਼ਦਾਰ ਵੀ ਹੁੰਦੀਆ ਹਨ ਧੀਆਂ ਦੀ ਮਾਂ ਪ੍ਰਤੀ ਵੰਨਗੀ-" ਮਾਏ ਮੇਰੀਏ ਨੀ ਮੈਨੂੰ ਬੜਾ ਚਾਅ ਦੋ ਗੁਤਾਂ ਕਰ ਮੇਰੀਆਂ"।

ਿਮਾਏ ਨੀ ਮਾਏ ਮੈਨੂੰ ਪੀਂਘ ਪਵਾ ਦੇ ਰੇਸ਼ਮ ਵੱਟ ਦੇ ਡੋਰਾਂ......

ਵਿਆਹ ਦੀ ਉਮਰ ਆਉਂਦੇ ਹੀ ਧੀਆਂ ਗਾ ਕੇ ਮਾਂ ਤੱਕ ਆਪਣੀ ਇੱਛਾ ਪੁਚਾਉਂਦੀਆਂ ਹਨ,'ਮਾਏ ਨੀ, ਕਾਨ੍ਹਾ ਵਿਚੋਂ ਕਾਨ੍ਹ ਕਨ੍ਹਈਆ ਵਰ ਲੋੜੀਏ"।

ਪੀਆ ਮਿਲਣ ਨੂੰ ਜੀਅ ਕਰੇ ਤੇ ਤਦ ਵੀ ਧੀ ਮਾਂ ਨੂੰ ਕਹਿੰਦੀ ਹੈ,'ਮਾਏ ਨੀ ਮੇਰਾ ਅੱਜ ਮੁਕਲਾਵਾ ਤੋਰ ਦੇ।-- ਸਹੁਰਿਓਂ ਆਈ ਧੀ ਦੀ ਅੱਖ ਦੀ ਨਮੀ ਪਹਿਚਾਣ ਕੇ ਮਾਂ ਕਹਿੰਦੀ ਹੈ,ਨਾਂ ਧੀਏ ਮਨ ਖਰਾਬ ਨਾ ਕਰ ਸੱਭ ਠੀਕ ਹੋ ਜਾਵੇਗਾ ਮੈ ਹਾਂ ਨਾ ਤੇਰੀ ਮਾਂ।ਮਾਂ ਦਾ ਕੋਮਲ ਹਿਰਦਾ ਮਾਂ ਦੀ ਛਟੀ



ਇਸ਼ਟ ਹੁੰਦਾ ਹੈ। ਪੁੱਤ ਲਈ ਤੇ ਮਾਂ ਅਪਨਾ ਕਲੇਜਾ ਵੀ ਕੱਢ ਕੇ ਪੁੱਤ ਦੀ ਤਲੀ ਤੇ ਰੱਖ ਸਕਦੀ ਹੈ।ਪੁੱਤ ਕਪੁੱਤ ਹੋ ਜਾਣ ਮਾਂ ਫੇਰ ਵੀ ਪੁੱਤ ਨੂੰ ਦੁਆਵਾਂ ਦੇਵੇਗੀ ਪ੍ਰਮਾਤਮਾ ਪਾਸ ਉਸਦੇ ਸੁੱਖ ਲਈ ਅਰਦਾਸਾਂ ਕਰੇਗੀ।

" ਪੁੱਤ ਹੋਵੇ ਚਾਹੇ ਦੁਨੀਆਂ ਦਾ ਵਲੀ,ਨਹੀਂ ਮਾਂ ਦੇ ਪੈਰਾਂ ਦੀ ਖਾਕ ਵਰਗਾ"।

ਮਾਂ ਠੰਢੀ ਛਾਂ ਹੈ ਨਿਘੀ ਧੁੱਪ ਹੈ,ਮਾਂ ਸਕੂਲ ਹੈ ,ਸੰਵਾਦ ਹੈ,ਸੁਧਾਰ ਹੈ,ਸਵਰਗ ਦੀ ਹੋਂਦ ਜੇ ਹੈ ਤਾਂ ਕੇਵਲ ਮਾਂ ਦੇ ਆਸ ਪਾਸ ਹੈ।ਮਾਂ ਲੋਰੀ ਹੈ,ਸੁਪਨਮਈ ਮਿਠੀ ਨੀਂਦ ਦੀ ਗੋਦ ਹੈ ਮਾਂ,ਰੇਸ਼ਮ ਦਾ ਪੰਘੂੜਾ ਹੈ।

"ਰਹਤੀ ਹੈ ਜੰਨਨਤ ਜਿਸ ਕੇ ਪਾਂਵ ਤਲੇ ,ਮਾਂ ਵੋ ਨਾਮ ਹੈ,ਜਿਸੇ ਭਗਵਾਨ ਭੀ ਨਮਨ ਕਰੇ"।

ਮਾਂ ਨੇ ,ਸ੍ਰੀ ਕ੍ਰਿਸ਼ਨ,ਬਾਬਾ ਨਾਨਕ ਜਿਹੇ ਅਵਤਾਰ ਦਿੱਤੇ,ਤੇ ਕਈ ਯੋਧੇ ਪੈਦਾ ਕੀਤੇ।ਅੱਜ ਦੀ ਇਹ ਆਨੰਦਮਈ ਦੁਨੀਆ,ਸਿਖਿਆਦਾਇਕ ਦੁਨੀਆਂ ਜੋ ਅਸੀਂ ਹੰਢਾ ਰਹੇ ਹਾਂ ਮਾਂ ਦੀ ਹੀ ਤਾਂ ਦੇਣ ਹੈ।ਮਾਂ ਦਾ ਹਰ ਰੂਪ ਪੂਜਣ ਯੋਗ ,ਹੈ।ਆਪਣੇ ਦੁੱਖ ਪੀ ਕੇ ਸੁੱਖ ਵੰਡਣਾ ਮਾਂ ਦਾ ਪਰਮ ਕਰਮ ਹੈ।ਕੋਮਲ ਦਿਲ ਵਾਲੀ ਪਰ ਬੜੇ ਹੱਠ ਵਾਲੀ ਸ਼ਕਤੀਸ਼ਾਲੀ ਦੇਵੀ ਹੈ ਮਾਂ।ਮਾਂ ਦੇ ਮਿਠੜੇ ਬੋਲ ਮਰਹਮ ਹਨ,ਮਾਂ ਦੀ ਗੋਦ ਵਿੱਚ ਬੰਦਾ ਵੱਡਾ ਦੁੱਖ ਵੀ ਭੁਲਾ ਲੈਂਦਾ ਹੈ।ਮਾਂ ਦੀ ਦੁਆ ਨਾਲ ਦਵਾ ਵੀ ਫੋਰੀ ਅਸਰ ਕਰਦੀ ਹੈ-ਰਾਹ ਦੇ ਕਾਂਟੇ ਦੂਰ ਹੋ ਜਾਦੇ ਹਨ-ਬਲਾਵਾਂ ਦੂਰ ਨੱਸ ਜਾਂਦੀਆਂ ਹਨ।

""ਗਰਦਸ਼ੇਂ ਲੌਟ ਗਈ ,ਹਵਾਏਂ ਲੇਕਰ

ਮੈਂ ਘ੍ਰਰ ਸੇ ਨਿਕਲਾ ਥਾ ਮਾਂ ਕੀ ਦੁਆਂਏਂ ਲੇਕਰ।

ਮਾਂ ਨਾਲ ਹੀ ਕਾਇਮ ਹੈ,ਕਾਇਨਾਤ ਦੀ ਰੋਚਕਤਾ।ਮਾਂ ਦੀ ਹੋਂਦ ਨਾ ਹੁੰਦੀ ਤਾ ਇਹ ਦੁਨੀਆਂ ਇਸ ਕਦਰ ਰੰਗੀਨ,ਰੌਮਾਂਚਿਕ ਨਾ ਹੁੰਦੀ।ਤਦੇ ਹੀ ਤੇ=

ਪ੍ਰੋ. ਮੋਹਨ ਸਿੰਘ ਨੇ ਕਿਹਾ ਹੈ-----

" ਮਾਂ ਜਿਹਾ ਘਣਛਾਵਾਂ ਬੂਟਾ ਹੋਰ ਜੱਗ ਤੇ ਨਜ਼ਰ ਨਾ ਆਏ ਲੈ ਕੇ ਛਾਂ ਉਧਾਰੀ ਜਿਸ ਤੋ ਰੱਬ ਨੇ ਸੁਰਗ ਬਨਾਏ ।"

ਧੀਆਂ ਪੁੱਤਾਂ ਦੇ ਔਗੁਣ ਵੀ ਮਾਂ ਆਪਣੇ ਆਚਲ ਵਿੱਚ ਲਕੋ ਲੈਂਦੀ ਹੈ।ਮਾਂ ਦੀ ਅਜ਼ੀਮ ਹਸਤੀ ਨੂੰ ਸਲਿਊਟ ਹੈ,ਲੱਖ ਸਲਾਮ ਹੈ,ਪ੍ਰਨਾਮ ਹੈ।ਕਾਇਨਾਤ ਵਿੱਚ ਰੱਬ ਤੋਂ ਬਾਦ ਇਹ ਉਹ ਹਸਤੀ ਹੈ ਜਿਸਦੇ ਸਜਦੇ ਵਿੱਚ ਸਿਰ ਖੁਦ-ਬ- ਖੁਦ ਝੁਕ ਜਾਂਦਾ ਹੈ।ਨਿਰੀ ਮਮਤਾ ਦੀ ਮੂਰਤ ਬੜੀ ਪਿਆਰੀ ਹੈ ਮਾਂ। ਕੇਵਲ ਮਾਂ ਦਾ ਰਿਸ਼ਤਾ ਹੀ ਐਸਾ ਹੈ ਜਿਸ ਵਿੱਚ ਪਿਆਰ ਦਾ ਬਨਾਉਟੀ ਪਨ ਨਹੀਂ

ਹੁੰਦਾ,ਦਿਖਾਵਾ,ਫਰੇਬ ਨੀਂ ਹੁੰਦਾ। ਮਾਂ ਦੇ ਹਿਰਦੇ ਵਿੱਚ ਬੱਚਿਆਂ ਲਈ ਨਰਮ ਗੋਸ਼ਾ ਹੁੰਦਾ ਹੈ,ਅਕਾਰਨ ਮਾਂ ਗੁੱਸਾ ਨਹੀਂ ਹੁੰਦੀ ਮਾਂ ਦੇ ਗੁੱਸੇ ਵਿਚ ਪਿਆਰ ਭਰੀ ਨਸੀਹਤ ਹੁੰਦੀ ਹੈ।

"ਮਾਂ ਦਾ ਗੁੱਸਾ ਪਿਆਰ ਦਾ ਹਿੱਸਾ

ਮਾਂ ਦੀ ਦੁਆ,ਪੂਰਬ ਦੀ ਹਵਾ-

ਮਾ ਦੀ ਦੇਣ ਜੰਨਨਤ ਦਾ ਨਮੂਨਾ

ਮਾ ਦੀ ਵਾਣੀ,ਅਲਲ਼ਾਹੀ ਬਾਣੀ

ਮਾਂ ਦੀ ਜਬਾਨੀ ਸੁਣੀ ਮਮਤਾ ਦੀ ਕਹਾਣੀ"।

ਸੰਤਵਾਣੀ ਕਹਿੰਦੀ ਹੈ," ਜਿਸ ਘਰ ਮਾਂ ਦਾ ਸਤਿਕਾਰ ਹੁੰਦਾ ਹੈ ਉਸ ਘਰ ਦੇਵਤਾ ਵਾਸ ਕਰਦੇ ਹਨ।ਬਰਕਤ ਹੈ ਮਾਂ।

ਮਾਂ ਘਰ ਦਾ ਸ਼ਿੰਗਾਰ ਹੈ ਠੰਢੀ ਛਾਂ ਹੈ-ਦੁੱਖਾਂ ਦਾ ਤੋੜ ਸੁੱਖਾਂ ਦਾ ਸੁਕਰਾਨਾ ਹੈ ਮਾਂ। ਨੀ ਮੈਂ ਸੌ ਸੌ ਰੱਖ ਪਈ ਲਾਵਾਂ ਰੁੱਖ ਤਾਂ ਹਰੇ ਭਰੇ

ਮਾਵਾਂ ਠੰਢੀਆ ਛਾਵਾਂ,ਛਾਵਾਂ ਕੌਣ ਕਰੇ- ਹਾਏ ਕੋਣ ਕਰੇ।

ਦੁੱਖ ਹੋਵੇ ਤਾਂ ਮੂੰਹੋ ਨਿਕਲਦਾ ਹੈ 'ਹਾਏ ਮਾਂ, ਤਰੱਕੀ ਹੋਵੇ ਤਾਂ ਜੀਅ ਕਰਦਾ ਹੈ ਮਾਂ ਵੇਖੇ ਤੇ ਹੱਲਾਸ਼ੇਰੀ ਦੇਵੇ।

ਐ ਮਾਂ ਸਾਡੇ ਮੂੰਹ ਵਿਚੋਂ ਕਿਰਦੇ ਨੇ ਫੁੱਲ ਜਦ ਲੈਨੇ ਆਂ ਤੇਰਾ ਨਾਂ,ਐ ਮਾਂ ਐ ਮਾਂ

ਮਾਂ ਜੈਸੀ ਹਸਤੀ ਦੁਨੀਆਂ ਮੇਂ ਹੈ ਕਹਾਂ? ਨਹੀਂ ਮਿਲੇਗਾ ਬਦਲ ਚਾਹੇ ਢੂੰਢ ਲੇ ਸਾਰਾ ਜਹਾਂ---

ਮਾਵਾਂ ਠੰਢੀਆਂ ਛਾਵਾਂ ਪੇਕੇ ਮਾਵਾਂ ਨਾਲ--

ਨੀ ਮੈ ਸੌ ਸੌ ਰੁੱਖ ਪਈ ਲਾਵਾਂ ਰੁੱਖ ਤਾਂ ਹਰੇ ਭਰੇ ਮਾਵਾਂ ਠੰਡੀਆਂ ਛਾਵਾਂ,ਛਾਵਾਂ ਕੌਣ ਕਰੇ ਹਾਏ ਕੌਣ ਕਰੇ।

ਯੇ ਸੱਚ ਹੈ ਕਿ ਭਗਵਾਨ ਹੈ

ਧਰਤੀ ਪੇ ਰੂਪ ਮਾਂਬਾਪ ਕਾ

ਉਸ ਵਿਧਾਤਾ ਦੀ ਪਹਿਚਾਨ ਹੈ।॥॥



## "ਮੁਹੱਬਤਾਂ ਦਾ ਸਫ਼ੀਰ"

ਹਮੇਸ਼ ਉਨਹੀਂ ਕੇ ਪਾਸ ਨਾ ਰਹਾ ਕਰੋ,ਜੋ ਤੁਮਹੇਂ ਖੁਸ਼ ਰਖਤੇ ਹੈਂ

ਉਨ ਸੇ ਭੀ ਮਿਲਾ ਕਰੋ ਜੋ ਆਪ ਕੋ ਦੇਖ ਕਰ ਖੁਸ਼ ਹੋਤੇ ਹੈਂ।

ਵਾਇਲਨ ਵਜਾਉਣ ਦਾ ਸ਼ੋਕ ਨਿਤਨ ਨੂੰ ਨਿੱਕੇ ਹੁੰਦੇ ਹੀ ਪੈ ਗਿਆ।ਘਰ ਚ ਕੋਈ ਵੀ ਸੰਗੀਤ ਦਾ ਮਾਹਰ ਜਾਂ ਸ਼ੌਂਕੀ ਨਹੀਂ ਸੀ,ਉਂਜ ਸੰਗੀਤ ਸੁਣਨ ਦੀ ਧੁਨ ਸੱਭ ਨੂੰ ਪੱਕੀ ਸੀ।ਪਿਤਾ ਨੇ ਵਾਇਲਨ ਨੂੰ ਵਾਧੂ ਖਰਚਾ ਤੇ ਵਕਤ ਖਰਾਬ ਦਸ ਕੇ ਨਿਤਨ ਨੂੰ ਵਾਇਲਨ ਖ਼੍ਰੀਦ ਕੇ ਨਾਂ ਦਿੱਤੀ।ਜਦ ਵੀ ਉਹ ਗਲ ਕਰਦਾ ਉਸਨੂੰ ਬਹਿ ਕੇ ਪੜਨ ਦਾ ਹੁਕਮ ਸੁਣਾ ਦੇਣਾ,ਤੇ ਨਿਤਨ ਚੁਪ ਚਾਪ ਪੜ੍ਹਨ ਲਗ ਜਾਂਦਾ।

ਨਿਤਨ ਦੇ ਜਮਾਤੀ' ਗਗਨ';ਕੋਲ ਵਾਇਲਨ ਸੀ ਉਸਨੇ ਨਿਤਨ ਨੂੰ ਕਿਹਾ ਯਾਰ ਤੂੰ ਨਿਰਾਸ਼ ਨਾ ਹੋ ਤੂੰ ਤੇ ਮੈਂ ਵਾਰੀ ਵਾਰੀ ਰਿਆਜ਼ ਕਰ ਲਿਆ ਕਰਾਂਗੇ।ਨਿਤਨ ਜਾਣਦਾ ਸੀ ਕਿ ਇਹ ਸਹੀ ਜੁਗਤ ਨਹੀਂ ਹੈ,ਪਰ ਉਹ ਆਪਣੇ ਮਨ ਦੇ ਹੱਥੋਂ ਬੇਬੱਸ ਸੀ।ਸੋ ਇਹ ਸਿਲਸਲਾ ਚਲਣ ਲਗਾ ਤੇ ਨਿਤਨ ਸ਼ਾਮਾਂ ਨੂੰ ਦੇਰੀ ਨਾਲ ਘਰ ਆਉਣ ਲਗਾ।ਨਿਤਨ ਦੇ ਪਿਤਾ ਨੂੰ ਭਿਣਕ ਲਗ ਗਈ,ਉਸਨੂੰ ਡਰ ਲਗਣ ਲਗਾ ਕਿਤੇ ਮੁੰਡਾ ਪੁੱਠੇ ਕੰਮਾਂ ਚ ਨਾ ਪੈ ਗਿਆ ਹੋਵੇ,ਜਦ ਉਸਨੂੰ ਯਕੀਨ ਹੋ ਗਿਆ ਕਿ ਮੁੰਡੇ ਨੂੰ ਕੇਵਲ ਵਾਇਲਨ ਦਾ ਜਨੂੰਨ ਹੈ,ਤਦ ਉਸਨੇ ਨਿਤਨ ਨੂੰ ਬੜੈ ਪਿਆਰ ਨਾਲ ਸਮਝਾਇਆ,ਗਰਮੀ ਦੀਆਂ ਛੁਟੀਆਂ ਵਿੱਚ ਵਇਲਨ ਦਾ ਰਿਆਜ਼ ਕਰ ਲਿਆ ਕਰੀਂ ਉਨੀ ਦੇਰ ਤੱਕ ਸਿਰਫ਼ ਪੜ੍ਹਾਈ ਕਰੋ'।ਨਿਤਨ ਬੇਸਬਰੀ ਨਾਲ ਛੁੱਟੀਆਂ ਦਾ ਇੰਤਜ਼ਾਰ ਕਰਨ ਲਗਾ।ਸੁਹਿਰਦ ਤੇ ਮਿਹਨਤੀ ਬੱਚਾ ਹੋਣ ਕਰਕੇ ਉਹ ਕਿਸੇ ਵੀ ਗਲ ਤੇ ਜਿੱਦ ਨਹੀਂ ਸੀ ਕਰਦਾ।ਸਾਰੇ ਅਧਿਆਪਕ ਉਸਨੂੰ ਪਿਆਰ ਕਰਦੇ ਸਨ।ਤੇ ਉਹ ਵੀ ਬੱਸ ਪਿਆਰ ਸਤਿਕਾਰ ਵੰਡਦਾ ਰਹਿੰਦਾ।

ਸਕੂਲ ਵਿੱਚ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ।ਗਗਨ ਦਾ ਨਾਮ ਸਮਾਗਮ ਤੇ ਦਰਸ਼ਕਾਂ ਸਾਹਮਣੇ ਵਾਇਲਨ ਪੇਸ਼ ਕਰਨ ਲਈ ਨਿਸ਼ਚਿਤ ਕੀਤਾ ਗਿਆ,ਨਿਤਨ ਉਦਾਸ ਹੋ ਗਿਆ।ਕਈ ਦਿਨਾਂ ਤੋਂ ਉਸਨੇ ਰਿਆਜ਼ ਵੀ ਨਹੀ ਸੀ ਕੀਤਾ।ਗਗਨ ਸੱਭ ਸਮਝ ਗਿਆ।ਉਸਨੇ ਟੀਚਰ ਨੂੰ ਦਸਿਆ ਕਿ ਨਿਤਨ ਮੇਰੇ ਤੋਂ ਵੀ ਅੱਛੀ ਵਾਇਲਨ ਵਜਾਉਂਦਾ ਹੈ।ਟੀਚਰ ਨੇ ਉਸਦਾ ਨਾਮ ਸਵਾਗਤੀ ਸਮਾਰੋਹ ਚ ਸ਼ਾਮਲ ਕਰ ਲਿਆ ਤੇ ਉਸਦਾ ਹੁਨਰ ਗੇਸਟ ਆਈਟਮ ਰੱਖ ਲਿਆ।ਗਗਨ ਨੇ ਉਸਨੂੰ ਆਈਟਮ ਪੇਸ਼ ਕਰਨ ਲਈ ਆਪਣੀ ਵਇਲਨ ਦੇ ਦਿੱਤੀ।ਇਸ ਤਰਾਂ ਦੋਨਾਂ ਦੋਸਤਾਂ ਵਿੱਚ ਕਲਾਕਾਰ ਵਾਲ਼ੀ ਇਕ ਹੋਰ ਸਾਂਝ ਬਣ ਗਈ।ਵਾਇਲਨ ਇਸ਼ਕ ਬਣ ਗਈ।ਗਗਨ ਦੇ ਪਿਤਾ ਧਨਾਢ ਹੋਣ ਦੇ ਬਾਵਜੂਦ ਬਹੁਤ ਨਰਮ ਦਿਲ ਹਨ ।ਉਹ ਸਮਾਗਮ ਵਿੱਚ ਹਾਜਰ ਸਨ।ਜਦ ਉਹਨਾ ਨੂੰ ਪਤਾ ਚਲਿਆ ਨਿਤਨ ਵਾਇਲਨ ਨਹੀਂ ਖ਼੍ਰੀਦ ਸਕਦਾ,ਉਹਨਾਂ ਨੇ ਗਗਨ ਦੀ ਵਇਲਨ ਨਿਤਨ ਨੂੰ ਦੇਣ ਲਈ ਕਹਿ

ਦਿੱਤਾ ਤੇ ਗਗਨ ਨੂੰ ਨਵੀਂ ਲੈ ਦਿੱਤੀ।ਮੁਹੱਬਤਾਂ ਵੰਡਣ ਵਾਲੇ ਸਮਾਜ ਨੂੰ ਕੁਰੱਖ਼ਤ ਹੋਣ ਤੋਂ ਬਚਣ ਦੇ ਯਤਨ ਛੁਪ ਛੁਪਾ ਕੇ ਕਰਦੇ ਰਹਿੰਦੇ ਹਨ।

ਤੇਰੇ ਚਿਹਰੇ ਕੀ ਮੁਸਕਰਾਹਟ ਦੇਖ ਕਰ ਮਹਿਸੂਸ ਯੇ ਹੋ ਰਹਾ ਹੈ-

ਮੇਰੀ ਦੁਆ ਕਬੂਲ ਹੋ ਗਈ ਹੈ ॥

"ਖਿਆਲੋਂ ਕੇ ਪਹਲੂ ਸੇ ਉਠ ਕਰ ਦੇਖਾ ਤੋ ਮਹਿਕ ਰਹੇ ਥੇ ਤੇਰੀ ਯਾਦੋਂ ਕੇ ਗਮ "।

" ਜਮਾਨੇ ਵਿੱਚ ਸੱਭ ਤੋਂ ਮਹਿੰਗੀ ਚੀਜ਼ ਹੈ ਮਦਦ,ਹਜਾਰ ਕੋਲੋਂ ਮੰਗੋ

ਤੇ ਇਕ ਤੋਂ ਮਿਲਦੀ ਹੈ।

ਜਬ ਭੀ ਬਰਸਾਤ ਕੀ ਰੁੱਤ ਆਤੀ ਹੈ

ਬਹਕੇ ਬਹਕੇ ਸੇ ਰਹਤੇ ਹੈਂ,ਸਾਵਣ, ਹਵਾ, ਔਰ ਮੈਂ।

ਰਹਨਾ ਤੇਰੇ ਖਿਆਲੋਂ ਮੇਂ ਮੇਰੀ ਆਦਤ ਹੈ

ਕੋਈ ਕਹਤਾ ਹੈ 'ਇਸ਼ਕ ਹੈ,ਕੋਈ ਕਹਤਾ, ਇਬਾਦਤ ਹੈ।

ਮਸਤ ਆਂਖੇ ਮੈਅਖਾਨਾ ਹੈ,ਔਰ ਕਾਤਲ ਹੈਂ ਨੀਂਦ ਸੇ ਭਾਰੀ ਆਂਖੇਂ।

ਸੂਈ ਤਲਵਾਰ ਕੀ ਮਾਂ ਹੈ,ਤਲਵਾਰ ਕਾਟੇ ਤੋ ਸੁਈ ਜੋੜਤੀ ਹੈ।

ਸ਼ਾਲਾ ਮੁਹੱਬਤ ਦੇ ਸਫ਼ੀਰਾਂ ਦੀ ਜਾਗੋ ਰਹਿੰਦੀ ਦੁਨੀਆਂ ਤੱਕ ਜਗਦੀ ਰਹੇ ਜਗਾਉਂਦੀ ਰਹੇ।

ਮੁਹੱਬਤਾਂ ਦੇ ਸਫ਼ੀਰ,ਨਹੀਂ ਲੋੜੀਂਦੇ ਸ਼ਮਸ਼ੀਰ"…..

.,.,.,.,.,.,.,.,.,.,.,.,||....................................

" ਮੁਝ ਕੋ ਤੋ ਦੁਸ਼ਮਣ ਪੇ ਭੀ ਆਤਾ ਹੈ ਪਿਆਰ

ਤੇਰੀ ਉਲਫ਼ਤ ਨੇ ਮੁਹੱਬੱਤ ਮੇਰੀ ਆਦਤ ਕਰ ਦੀ " ।

" ਸਿਤਾਰਾ-ਏ ਇਮਤਿਆਜ਼'" (ਨੀਰਜਾ )



ਰੱਖੇ ਰੱਬ ਤਾਂ ਮਾਰੇ ਕੌਣ"ਰੱਬ ਰੱਬ ਕਰਦਿਆਂ ਨੂੰ ਜਦ ਨੀਰਜਾ ਦੇ ਰੂਪ ਵਿੱਚ'ਰੱਬ'ਉਤਰ ਆਇਆ"

'ਜੋਬਨ ਰੁੱਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ "

ਤੇ ਉਹ ਅੰਬਰਾਂ ਚ ਉਡਾਰੀਆਂ ਲਾਉਂਦੀ ਗਗਨ ਦੇ ਥਾਲ ਵਿੱਚ ਤਾਰਾ ਬਣ ਸੱਜ ਗਈ,ਤਿੰਨ ਸੌ ਸੱਠ ਜਾਨਾਂ ਨੂੰ ਨਵੇਂ ਤੇ ਲੰਬੇ ਸਾਹ ਦੇ ਕੇ ਪੂਰੀ ਦੁਨੀਆਂ ਦੇ ਦਿਲ ਵਿੱਚ ਵੱਸ ਗਈ।ਤੇਈ ਸਾਲ ਦੀ ਅਲੜ੍ਹ ਉਮਰ ਜਿਸਨੂੰ ਆਪਣੇ ਤੋਂ ਅੱਗੇ ਕੁਝ ਵੀ ਹੋਰ ਖਬਰ ਨਹੀਂ ਹੁੰਦੀ ਇੰਨੇ ਹੋਸ਼ ਹਵਾਸ ਦਾ ਮੁਜ਼ਾਹਰਾ ਕਰਨਾ,ਇਹ ਸੀ ਸਹੀਦ ਭਗਤ ਸਿੰਘ ਦੀ ਸਿਖਿਆਰਥੀ ਨੀਰਜਾ ਭਨੋਟ- ਲਾਡੋ ਜੀ ਹਾਂ,ਇਹੀ ਨਾਮ ਲੈ ਕੇ ਪੁਕਾਰਦੇ ਸੀ ਨੀਰਜਾ ਦੇ ਪਰਿਵਾਰ ਵਾਲੇ ਉਸਨੂੰ'-'ਹਵਾ ਵਿੱਚ ਏਅਰਹੋਸਟਸ'।

ਨੀਰਜਾ ਪੇਸ਼ੇ ਤੋਂ ਏਅਰਹੋਸਟਸ (ਹਵਾ ਪਰੀ)ਪਾਰਟ ਟਾਈਮ ਉਹ ਮੌਡਲਿੰਗ ਵੀ ਕਰਿਆ ਕਰਦੀ।5 ਸਤੰਬਰ 1986 ਦਾ ਉਹ ਦਿਨ ਜੋ ਕਈਆਂ ਦੀ ਜਿੰਦਗੀ ਬਣਿਆ ਕੁਝ ਦੀ ਤਬਾਹੀ ਤੇ ਨੀਰਜਾ ਨੂੰ ਹਮੇਸ਼ਾਂ ਦੀ ਨੀਂਦ ਸਵਾ ਗਿਆ।ਬਿਨਾ ਸ਼ੱਕ ਨੀਰਜਾ ਤਿੰਨ ਸੌ ਸੱਠ ਵਿੱਚ ਜਿੰਦਾ ਹੈ ਤੇ ਉਹ ਇਸ ਸਦੀ ਦਾ ਧਰੂ ਤਾਰਾ ਹੈ।

" ਇਹ ਧੜਕਨ ਤੇਰਾ ਅਹਿਸਾਨ ਹੈ ਨੀਰਜਾ,ਇਹ ਜੀਵਨ ਤੇਰਾ ਦਾਨ ਹੈ ਨੀਰਜਾ "

ਨੀਰਜਾ ਨੂੰ ਭਾਰਤ ਤੋਂ ਇਲਾਵਾ ਪਾਕਿਸਤਾਨ ਤੇ ਅਮਰੀਕਾ ਨੇ ਵੀ ਅੱਖਾਂ ਤੇ ਬਿਠਾਇਆ ਤੇ ਦੇਸ਼ ਦੇ ਸੱਭ ਤੋਂ ਵੱਡੇ ਇਨਾਮਾ ਨਾਲ ਨਿਵਾਜਿਆ।2005 ਵਿੱਚ ਨੀਰਜਾ ਲਾਡੋ ਦਾ ਪਿਆਰਾ ਵੀਰ ਵਾਸ਼ਿੰਗਟਨ ਡੀ.ਸੀ.'ਜਸਟਿਸ ਫਾਰ ਕਰਾਈਮ ਅਵਾਰਡ ਪ੍ਰਾਪਤ ਕਰਕੇ ਆਇਆ।ਆਪਣੇ ਦੇਸ਼ ਵਿੱਚ ਉਸਦੇ ਨਾਮ ਟਿਕਟ ਬਣੀ ਹੈ।ਨੀਰਜਾ ਦੇ ਪੁਰਖੈ ਸੈਨਿਕ ਨਹੀਂ ਸਨ,ਤੇ ਨਾਂ ਹੀ ਉਸਦਾ ਮਾਰਸ਼ਲ ਆਰਟ ਨਾਲ ਕੋਈ ਸੰਬੰਧ ਸੀ।ਉਹ ਕਾਨਵੇਂਟ ਸਕੂਲ ਤੋਂ ਪੜ੍ਹੀ ਆਮ ਜਿਹੀ ਲੜਕੀ ਸੀ ਤੇ ਮੁੰਬਈ ਤੋਂ ਮਾਡਲਿੰਗ ਸਿਖ ਕੇ ਅਡਵਰਟਾਈਜਿੰਗ ਇੰਡਸਟਰੀ ਚ ਕੰਮ ਕਰਦੀ ,ਸੰਗੀਤ ਨਾਲ ਪ੍ਰੀਤ ਕਰਦੀ,ਗਾਉਂਦੀ ਨੱਚਦੀ ਗੁਣਗੁਣਾਂਉਂਦੀ,ਉਹ ਹਵਾ ਚ ਉਡਣਾ ਚਾਹੁੰਦੀ ਏਅਰਹੋਸਟਸ ਬਣ ਗਈ।

ਉਸਦੀ ਪਿਆਰੀ ਮਾਂ ਨੇ ਦਸਿਆ ਕਿ ਲਾਡੋ ਦੇ ਟੇਵੇ ਵਿੱਚ ਲਿਖਿਆ ਸੀ ਕਿ ਇਹ ਬੱਚੀ 'ਕੁਲ ਦਾ ਦੀਪਕ 'ਸਿੱਧ ਹੋਵੇਗੀ ਤੇ ਉਹ ਧੀ ਹੁੰਦੇ ਹੋਏ ਵੀ ਕੁਲ ਦਾ ਦੀਪ ਜਗ ਕੇ ਪੂਰੇ ਦੇਸ਼ ਦੀ ਖਾਸ ਧੀ ਹੋ ਨਿਬੜੀ'।'ਜਮੀਂ ਦਾ ਦੀਪ,ਅੰਬਰਾਂ ਦਾ ਤਾਰਾ,ਰੌਸ਼ਨ ਸਿਤਾਰਾ' ਬੜੀ ਨਿਰਾਸ਼ਾ ਹੁੰਦੀ ਹੈ ਉਸ ਵਕਤ ਜਦ ਇਹ ਮਹਿਸੂਸ ਹੁੰਦਾ ਹੈ ਕਿ 'ਕੁਰਬਾਨੀ ਦੀ ਦੇਵੀ 'ਅਣਗੌਲੀ ਹੈ ਬਹੁਤ ਸਾਰੀ ਜਨਤਾ ਇਸ ਬਾਰੇ ਕੁਝ ਨਹੀਂ ਜਾਣਦੀ,ਖਾਸ ਕਰਕੇ ਉਹਦੀ ਆਪਣੀ ਹੀ ਸ਼ਰੇਣੀ ਇਸਤਰੀਜਾਤੀ ਤਾਂ ਬਿਲਕੁਲ ਹੀ ਅਣਜਾਣ ਹੈ।'ਮਹਿਬੂਬਾ ਮੁਫ਼ਤੀ'ਦਾ ਅਪਹਰਣ ਕਰਾਇਆ ਗਿਆ,ਉਹ ਜਿੰਦਾ

ਵਾਪਸ ਆ ਗਈ ਤਦ ਵੀ ਸੁਰਖੀਆਂ ਚ ਰਹੀ ਤੇ ਨੇਤਾ ਵੀ ਬਣ ਗਈ ਪਰ ਨੀਰਜਾ ਨੂੰ ਤੀਹ ਸਾਲ ਬਾਦ ਹੁਣ ਫਿਲਮ ਬਣਾ ਕੇ ਹਾਈਲਾਈਟ ਕੀਤਾ ਗਿਆ।

ਜਦ ਕਿ ਨੀਰਜਾ ਦੀ ਕਹਾਣੀ ਹੌਂਸਲਾਅਫ਼ਜ਼ਾਈ ਕਰਦੀ ਹੈ,ਤੇ ਪੂਜਾ ਦਾ ਸਥਾਨ ਰੱਖਦੀ ਹੈ।ਲਗਾਤਾਰ ਸਤਾਰਾਂ ਘੰਟੇ ਤੱਕ ਉਹ ਇਕੱਲੀ ਜਾਨ ਹਾਇਜੇਕਰਸ ਦਾ ਮੁਕਾਬਲਾ ਕਰਦੀ ਰਹੀ ਉਹ ਮੁਸਾਫ਼ਰ ਜਿਹਨਾ ਦੀ ਮੌਤ ਉਹਨੇ ਰੱਬ ਦਾ ਦੂਤ ਬਣ ਕੇ ਵਾਪਸ ਮੋੜ ਦਿੱਤੀ ਉਹੀ ਚਾਹੁੰਦੇ ਸਨ ਕਿ ਇਹ ਉਤਸ਼ਾਹਜਨਕ ਘਟਨਾ ਹਰ ਮਨ ਤੇ ਛਾ ਜਾਵੇ,ਤੇ ਨੀਰਜਾ ਤੇ ਫਿਲਮ ਬਣਾਈ ਗਈ,ਮੀਡੀਆ ਦੀ ਇਹ ਅੱਛੀ ਪਹਿਲ ਹੈ।ਨੀਰਜਾ ਦੇ ਨਾਮ ਤੇ ਮੁੰਬਈ ਵਿੱਚ ਇਕ ਕਲੋਨੀ ਬਣਾ ਕੇ ਇਹ ਨਾਮ ਜਨ ਜਨ ਤੱਕ ਉਕਰ ਦਿੱਤਾ ਗਿਆ ਹੈ।ਪਿਤਾ ਹਰੀਸ਼ ਭਨੋਟ ਨੇ ਆਪਣੀ ਬੇਟੀ ਦੇ ਨਾਮ ਦਾ ਟਰੱਸਟ ਬਣਾਇਆ ਹੈ,ਜੋ ਹਰ ਸਾਲ ਦੋ ਬਹਾਦਰ ਔਰਤਾਂ ਨੂੰ ਨਵਾਜਦਾ ਹੈ ਤੇ ਲੋੜਵੰਦਾਂ ਦੀ ਮਦਦ ਕਰਦਾ ਹੈ।ਇਸ ਨਾਲ ਨੀਰਜਾ ਰਹਿੰਦੀ ਦੁਨੀਆਂ ਤੱਕ ਚਮਕਦੀ ਰਹੇਗੀ॥

ਜਿਕਰ ਯੋਗ ਹੈ ਕਿ ਨੀਰਜਾ ਦਾ ਸੰਬੰਧ ਫੋਜ ਜਾਂ ਪੁਲੀਸ ਪਰਿਵਾਰ ਨਾਲ ਨਹੀਂ,ਨਾ ਹੀ ਉਹ ਮਾਰਸ਼ਲ ਆਰਟ ਜਾਣਦੀ ਸੀ,ਬੱਸ ਉਹ ਆਪਣੇ ਹੋਸ਼ ਵਰਤਦੀ ਰਹੀ,ਤੇ ਉਸਨੇ ਐਮਰਜੇਂਸੀ ਡੋਰ ਖੋਲ੍ਹ ਦਿੱਤੇ ਜਦ ਜਹਾਜ ਦਾ ਪੂਰਾ ਸਟਾਫ਼ ਸਮੇਤ ਪਾਇਲਟ ਬਾਹਰ ਕੁਦ ਗਏ ਬਿਨਾਂ ਹਥਿਆਰ ਬਿਨਾ ਗੋਲੀ ਇਹ ਅਤਿਵਾਦੀਆਂ ਨਾਲ ਆਖਰੀ ਸਾਹ ਤੱਕ ਭਿੜਦੀ ਰਹੀ ਤਿੰਨ ਨੰਨ੍ਹੇ ਬੱਚਿਆਂ ਨੂੰ ਬਚਾਉਂਦੀ ਉਹ ਆਪ ਗੋਲੀ ਖਾ ਕੇ ਜਾਨ ਤੇ ਖੇਡ ਗਈ,ਬੱਚੇ ਭਰ ਜਵਾਨ ਹੋ ਚੁੱਕੇ ਹਨ,ਨੀਰਜਾ ਉਹਨਾ ਦੇ ਨਾਲ ਵੱਡੀ ਹੋ ਰਹੀ ਹੈ।ਉਸਨੇ ਸਿੱਧ ਕੀਤਾ ਹੈ ਕਿ ਅਤਿਵਾਦ ਗੋਲੀ ਨਾਲ ਨਹੀਂ ਹੋਸ਼ ਨਾਲ ਖ਼ਤਮ ਕੀਤਾ ਜਾ ਸਕਦਾ ਹੈ।ਉਸਨੇ ਸੱਭ ਤੋਂ ਪਹਿਲਾਂ ਅਪਨਾ ਦਿਮਾਗ ਵਰਤ ਕੇ ਪਾਇਲਟਸ ਦੇ ਕੰਨ ਵਿੱਚ ਦਸਿਆ ਕਿ ਪਲੇਨ ਹਾਇਜੇਕ ਹੋ ਸਕਦਾ ਹੈ ਤੇ ਤੁਸੀਂ ਨਿਕਲ ਜਾਓ ਤਾਂ ਕਿ ਪਲੇਨ ਉਡਾਉਣ ਵਾਲਾ ਕੋਈ ਨਾ ਹੋਵੇਗਾ ਤਾਂ ਬਚਾਅ ਹੋ ਸਕੇਗਾ।ਪਾਇਲਟਸ ਅਮਰੀਕਨ ਸਨ ।ਹਾਈਜੇਕਰਸ ਦੀ ਅਗਲੀ ਮੰਗ ਸੀ ਅਮਰੀਕਨ ਪੈਸੰਜਰ ਦੇ ਪਾਸਪੋਰਟ ਦੇ ਦਿਓ।ਨੀਰਜਾ ਨੇ ਪਾਸਪੋਰਟ ਇਕੱਠੇ ਕਰ ਕੇ ਵਿਚੋਂ ਅਮਰੀਕੀ ਪਾਸਪੋਰਟ ਸੀਟਾਂ ਹੇਠ ਛੁਪਾ ਲਏ।ਉਸਦੇ ਇਹਨਾਂ ਦੋਨੋਂ ਦਾਅਵਾਂ ਨੇ ਤਿੰਨ ਸੌ ਸੱਠ ਜਾਨਾ ਬਚਾਅ ਲਈਆਂ।ਲੱਖ ਸਲਾਮ ਹੈ ਨੀਰਜਾ ਦੀ ਸਤਿਕਾਰਿਤ ਮਾਂ ਨੂੰ ਜਿਸਨੇ ਐਸੀ ਕਾਬਲ ਬੇਟੀ ਜਨਮ ਕੇ ਦੇਸ ਨੂੰ ਦਿੱਤੀ।

ਇਥੇ ਇਹ ਜਿਕਰ ਕਰਨਾ ਉਚਿਤ ਰਹੇਗਾ ਕਿ ਜੋ ਤਿੰਨ ਬੱਚਿਆਂ ਨੂੰ ਨੀਰਜਾ ਨੇ ਆਪਣੀ ਜਾਨ ਦੇ ਕੇ ਬਚਾਇਆ ਸੀ,ਉਹਨਾਂ ਵਿਚੋਂ ਹੀ ਇਕ ਬੱਚਾ ਇਸ ਵਕਤ ਕੋ-ਪਾਇਲਟ ਹੈ।

ਫਿਲਮ ਬਣਨ ਦਾ ਵੱਡਾ ਲਾਭ ਇਹ ਹੈ ਕਿ ਨੀਰਜਾ ਦਾ ਪੁਨਰ ਜਨਮ ਹੋ ਗਿਆ ਹੈ।ਨੀਰਜਾ ਦੀ ਤਰਾਂ ਨਾਂਹ ਦੇ ਬਰਾਬਰ ਔਰਤਾਂ ਨੇ ਅਸੋਕ ਚੱਕਰ ਪਰਾਪਤ ਕੀਤਾ ਹੈ।ਮੁਸ਼ਕਲ ਦੀ ਘੜੀ ਵਿੱਚ



ਬੇਸਹਾਰਿਆਂ ਨੂੰ ਸਹਾਰਾ ਦੇਣਾ ਜਦ ਕਿ ਉਸ ਤੋਂ ਕਿੰਨੀ ਵੱਡੀ ਉਮਰ ਦੇ ਮਰਦ ਮੈਦਾਨ ਛੱਡ ਕੇ ਸਵਾਰਥੀ ਹੋ ਜਾਂਦੇ ਹਨ।

ਜੋ ਜਿੰਦਗੀ ਤੇ ਮੌਤ ਵਿਚਲੇ ਗੈਪ ਵਿੱਚ ਪੁੱਲ ਦਾ ਕੰਮ ਕਰਦਾ ਹੈ ਜੋ ਮਰ ਕੇ ਵੀ ਜਿੰਦਾ ਰਹਿੰਦਾ ਹੈ ਉਹ ਹੈ ਇਹ ਹੌਂਸਲਾਮੰਦ ਮਟਿਆਰ।ਜਿਸਨੇ ਅਸ਼ੋਕ ਚੱਕਰ ਪ੍ਰਾਪਤ ਕੀਤਾ ਤੇ ਜੋ ਸਿਲਵਰ ਸਕਰੀਨ ਤੇ ਹਮੇਸ਼ ਚਮਕੇਗੀ।

"ਉਸਨੇ ਸਿੱਧ ਕੀਤਾ ਕਿ ਉੜਾਨ ਪਰਾਂ ਨਾਲ ਨਹੀਂ ਹੌਂਸਲੇ ਨਾਲ ਭਰੀ ਜਾਂਦੀ ਹੈ"।

" ਸ਼ਾਲਾ ਉਸਦੀ ਬਹਾਦਰੀ ਦਾ ਕਿੱਸਾ ਰਹਿੰਦੀ ਦੁਨੀਆ ਤੱਕ ਹਰ ਜਬਾਨ ਤੇ ਰਹੇ"।

ਚਲਦੇ ਚਲਦੇ—ਆਜ ਕੇ ਦੌਰ ਕੀ ਜੋ ਨਾਰੀ ਹੈ,ਉਸਕੇ ਕੰਧੋਂ ਪੇ ਜਿੰਮੇਵਾਰੀ ਭਾਰੀ ਹੈ।

ਮੇਰਿਆਂ ਖੰਭਾਂ ਵਿੱਚ ਇਕ ਪਰਵਾਜ਼ ਤੜਪੇ ਹਰ ਦਿਨ

ਪਹਿਨ ਕੇ ਬੈਠੀ ਰਹਾਂ ਪੈਰਾ ਵਿੱਚ ਝਾਂਜਰਾਂ-ਹਰਗਿਜ ਨਹੀਂ

"  ਔਹ ਗਿਆ ਦਿਲ "

ਨਜ਼ਰ ਉਠੀ ਨਜ਼ਰ ਝੁਕੀ ਨਜ਼ਰ ਮੁੜੀ ਤੇ ਫੇਰ …ਦਿਲ ਗਿਆ ਤੇ ਔਹ ਗਿਆ ,ਔਹ ਗਿਆ।ਕੋਠੜੀ ਬਾਕੀ ਰਹਿ ਗਈ ਸੀ।ਹੇਠਾਂ ਇਟਾਂ ਰੱਖ ਰੱਖ ਖੜ੍ਹਾਈ ਇਹ ਕੋਠੜੀ,ਤੇ ਲਗ ਗਏ ਦਿਲ ਲਗੀ ਢੂੰਢਣ।

ਦਿਨ ਗੁਜਰਨ ਲਗੇ ,ਤੇ ਗੁਜਰਦੇ ਗਏ ।ਬੇਹੋਸ਼ ਹੋ ਡਿਗੇ ਇਕ ਦਿਨ ।ਹੋਸ਼ ਅਇਆ ,ਅੱਖ ਚੁੱਕੀ ਤੇ ਹਸਪਤਾਲ ਦੀ ਛੱਤ ਸੀ। ਇਹ ਕੀ ਮੈਂ ਤੇ ਦਿਲ ਲਾਇਆ ਦਿਲਲਗੀ ਤੇ ਇਹ ਕਿਥੇ ਤੇ ਕਿਓਂ ਆ ਗਿਆ। ਹਾਏ ਰੱਬ ਜੀ'-

ਡਾਕਟਰ—ਹਾਂ ਬਈ ਕੈਸਾ ਮਹਿਸੂਸ ਕਰ ਰਹੇ ਹੋ ?

ਦਿਲਰਾਜ---ਡਾਕਟਰ ਸਹਬ ,'ਮੈਂ ਇਥੇ ਕਿਵੇਂ ?ਮੈਨੂੰ ਕੀ ਹੋਇਆ ?

ਡਾਕਟਰ—ਤੁਹਾਡੇ ਦਿਲ ਤੇ ਹਮਲਾ ਹੋਇਆ ਤੇ ਜਖ਼ਮੀ ਦਿਲ ਤੁਹਾਨੂੰ ਇਥੇ ਲੈ ਆਇਆ।ਦਿਲ ਦੀ ਬੀਮਾਰੀ ਹੋ ਗਈ ਹੈ ਤੁਹਾਨੂੰ।

ਦਿਲਰਾਜ—ਡਾਕਟਰ ਸਹਬ ਦਿਲ ਤੇ ਹਮਲਾ ? ਦਿਲ ?

ਡਾਕਟਰ---ਜੀ ਹਾਰਟ ਅਟੈਕ ।

ਦਿਲਰਾਜ—ਦਿਲ ਤੇ ਬਹੁਤ ਪਹਿਲਾਂ ਹਮਲਾ ਹੋਇਆ ਸੀ ਜਦ ਤੇ ਮੈਂ ਉਦੋਂ ਹੀ ਇਹਦਾ ਫ਼ਸਤਾ ਵੱਢ ਛਡਿਆ ਸੀ ਮੈਂ। ਮੈਂ ਭੂਆ ਕੇ ਉਹਦੀ ਨਜ਼ਰਾਂ ਵਿੱਚ ਡੱਕ ਦਿੱਤਾ,ਤੇ ਫੇਰ ਨਾਂ ਉਹਨੇ ਮੋੜਿਆ ਤੇ ਨਾਂ ਮੈਂ ਕਦੀ ਮੰਗਿਆ।ਉਹ ਦਿਲ ਲੈ ਕੇ ਕਿਤੇ ਦੂਰ ਜਾ ਵੱਸੀ, ਤੇ ਮੈਂ.....ਫਿਰ ਇਹ ਦਿਲ ਦੀ ਬੀਮਾਰੀ..ਨਹੀਂ ਨਹੀਂ......

ਡਾਕਟਰ ਸਹਬ, ਉਹਨੇ ਨੀਵੀਂ ਪਾਈ ਮਾੜੀ ਜਿਹੀ ਤੇ ਦਿਲ ਔਹ ਗਿਆ।ਮੈਂ ਕਰਨਾ ਵੀ ਕੀ ਸੀ ਦਿਲ ਦਾ ਐਂਵੇ ਪੁਆੜੇ ਦੀ ਜੜ੍ਹ , ਦੇਣਾ ਹੀ ਸੀ ਸੋ ਦੇ ਦਿੱਤਾ ।ਮੈਂ ਜਾਵਾਂ ਡਾਕਟਰ ਸਹਬ?

ਡਾਕਟਰ ਸਾਹਬ ਡਾਕਟਰ ਸਾਹਬ ਉਹ ਇਕ ਮਰੀਜ਼ਾ ਆਈ ਐਮਰਜੈਂਸੀ ਦਿਲ ਦਾ ਦੌਰਾ...

ਤੇ ਡਾਕਟਰ ਤੇਜ਼ ਤੇਜ਼ ਕਦਮ ਦੌੜ ਗਿਆ।

ਸੁਨੀਤਾ ਆਈ ਸੀ ਯੂ ਵਿੱਚ ਬੇ ਹੋਸ਼ ਪਈ ਸੀ,ਡਾਕਟਰ ਸਿਰ ਤੋੜ ਮਿਹਨਤ ਕਰ ਰਹੇ ਸੀ ਉਸਨੂੰ ਜਿੰਦਗੀ ਵਲ ਮੋੜ ਲਿਆਉਣ ਦੀ।ਦੋ ਘੰਟੇ ਦੀ ਮੁਸਕੱਤ ਬਾਦ ਉਹ ਜਾਗੀ ਨਜ਼ਰ ਦੌੜਾਈ ਤੇ ਆਪਣੇ ਆਪ ਨੂੰ ਵੇਨਟੀਲੇਟਰ ਚ ਦੇਖ ਕੇ ਬੋਲੀ-'ਸਿਸਟਰ ਇਹ ਹਸਪਤਾਲ ਹੈ ।

ਸਿਸਟਰ-ਜੀ ਮੈਮ,ਤੁਹਾਨੂੰ ਹਾਰਟ ਅਟੇਕ ਆਇਆ ਸੀ,ਹੁਣ ਕੈਸਾ ਫੀਲ ਕਰ ਰਹੇ ਹੋ ?

ਹਾਰਟ ਅਟੇਕ? ਮਤਲਬ ਦਿਲ ਦਾ ਦੌਰਾ? ਸੁਨੀਤਾ ਨੇ ਅਚੰਭੇ ਵਿੱਚ ਭਿੱਜ ਕੇ ਪੁਛਿਆ?

ਸਿਸਟਰ ਜੀ ਮੈਮ ਦਿਲ ਦਾ ਦੌਰਾ ਬੜਾ ਸ਼ਦੀਦ ਸੀ ਪਰ ਸ਼ੁਕਰ ਰੱਬ ਦਾ ਬਚਾਅ ਹੋ ਗਿਆ।

ਸੁਨੀਤਾ-ਦਿਲ ਤੇ ਮੇਰੇ ਕੋਲ ਕਦੀ ਰਿਹਾ ਹੀ ਨਹੀਂ,ਇਹ ਤੇ ਦਿਲਰਾਜ ਦੀ ਪਹਿਲੀ ਤੱਕਣੀ ਚ ਹੀ ਛਾਲ ਮਾਰ ਗਿਆ ਸੀ,ਤੇ ਮੁੜ ਮੈਂ ਕੀ ਕਰਨਾ ਸੀ।

ਦਿਲਰਾਜ ਤੂੰ ਮੇਰੇ ਦਿਲ ਦਾ ਕੀ ਹਸ਼ਰ ਕੀਤਾ,ਨਹੀਂ ਤੂੰ ਤੇ ਸੰਭਾਲ ਲਿਆ ਸੀ-ਸੁਨੀਤਾ ਆਪ ਮੁਹਾਰੇ ਬੋਲੇ ਜਾ ਰਹੀ ਸੀ।

ਖਿੜਕੀ ਚ ਖੜਾ ਦਿਲਰਾਜ—ਮੈਨੂੰ ਮਾਫ਼ ਕਰੀਂ ਮੇਰੀ ਜਾਨ ਮੈਂ ਤੇਰੇ ਦਿਲ ਦੀ ਹਿਫ਼ਾਜ਼ਤ ਨਾ ਕਰ ਸਕਿਆ।।ਮੈਨੂੰ ਮਾਫ਼ ਕਰੀਂ।ਨੁਕਸ ਤੇ ਮੇਰੇ ਦਿਲ ਵਿੱਚ ਸੀ ਤੇ ਦੁੱਖ ਤੈਨੂੰ ਝਲਣਾ ਪਿਆ। ਤੇ ਉਹ ਆਪਣੇ ਆਪ ਚ ਮੁਸਕਾਂਦਾ ਤੁਰਦਾ ਗਿਆ।.,.,...,.,.,.,......,.,.,.,.,.,.,.,.,.,.,.,.,...

"ਕਬ ਕੇ ਬਿਛੜੈ ਹਮ ਹਸਪਤਾਲ ਮੇਂ ਮਿਲੇ

ਮੁਹੱਬਤ ਕੇ ਜਖ਼ਮ ਦਿਲ ਮੈਂ ਮਿਲੇ



ਮੈਂ ਨੇ ਤੋ ਸਮਝਾ ਥਾ ਦਿਲ ਮੇਂ ਏਕ ਜਖ਼ਮ ਹੈ

ਤੇਰੇ ਦਿਲ ਮੇਂ ਬਹੁਤ ਕਾਮ ਰਫ਼ੂ ਕਾ ਨਿਕਲਾ॥

;;; " ਤੇਰੇ ਇਸ਼ਕੇ ਚਾਨਣੀ,ਜੱਗ ਘੋਰ ਹਨੇਰਾ,


ਸੁਣ ਨੀ ਹੀਰੇ ਮੇਰੀਏ'ਮੈਂ ਰਾਂਝਣ ਤੇਰਾ"॥

;;;;; ; :। ਜਾਨੀ, ਮੇਰਾ ਏਕ ਕਾਮ ਕਰੋ......; ;;;;;;;

; ; " ਹੋ ਸਕੇ ਤੋ ਮੇਰਾ ਏਕ ਕਾਮ ਕਰੋ ਸ਼ਾਮ ਕਾ ਏਕ ਪਹਰ ਮੇਰੇ ਨਾਮ ਕਰੋ ।'";;;;;;;;

"ਕਬ ਕੇ ਬਿਛੜੇ ਹਮ ਹਸਪਤਾਲ ਮੇਂ ਮਿਲੇ..ਮੁਹੱਬਤ ਕੇ ਜ਼ਖ਼ਮ ਦਿਲ ਮੇਂ ਮਿਲੇ"'

" ਮੈਂ ਨੇ ਤੋ ਸਮਝਾ ਥਾ ਦਿਲ ਮੇਂ ਏਕ ਜ਼ਖ਼ਮ ਹੈ,ਤੇਰੇ ਦਿਲ ਮੇਂ ਬਹੁਤ ਕਾਮ ਰਫ਼ੂ ਕਾ ਨਿਕਲਾ""



# ''ਭਟਕੇਗੀ ਰੂਹ ''

(ਅੰਧ ਵਿਸ਼ਵਾਸ਼ ਤੇ ਕਰਮ ਕਾਂਡ ਆਮ ਤੌਰ ਤੇ ਸਮਾਜਿਕ ਬੁਰਾਈ ਹੀ ਹੁੰਦੇ ਹਨ,ਪਰ ਅਜੋਕੇ ਯੁੱਗ ਵਿੱਚ ਇਕ ਅੰਧ ਵਿਸ਼ਵਾਸ ਵਰਦਾਨ ਸਾਬਤ ਹੋਇਆ ਹੈ।--ਪੰਡਤਾਂ ਦਾ ਕਹਿਣਾ ਹੈ 'ਕੰਨਿਆਦਾਨ ਤੋਂ ਬਿਨਾਂ ਬੰਦੇ ਦੀ ਗਤੀ ਨਹੀਂ ਹੁੰਦੀ'ਇਸ ਪ੍ਰਵਚਨ ਨੇ ਬ੍ਰਾਹਮਣ ਤਬਕੇ ਵਿੱਚ ਕੰਨਿਆ ਭਰੂਣ ਹੱਤਿਆ ਖੁਲ੍ਹ ਕੇ ਨਹੀਂ ਹੋਣ ਦਿੱਤੀ।)

ਹੋਇਆ ਇੰਜ ਕੇ ਸਾਡੇ ਇਕ ਦੋਸਤ ਦੀ ਪਤਨੀ ਦੀ ਬੇਵਕਤ ਮੌਤ ਹੋ ਗਈ ਉਸ ਵਕਤ ਉਸਦੀਆਂ ਦੋ ਬੇਟੀਆਂ ਜੋ ਦੋਨਾਂ ਪੁੱਤਰਾਂ ਤੋਂ ਛੋਟੀਆਂ ਸਨ,ਚਾਰ ਬੱਚੇ ਭਰੀ ਦੁਨੀਆ ਵਿੱਚ ਮਾਂ ਮਹਿਟਰ ਹੋ ਗਏ।ਕਿਰਿਆ ਕਰਮ ਦੇ ਦੋ ਮਹੀਨੇ ਬਾਦ ਹੀ ਰਿਸ਼ਤੇਦਾਰ ਦੋਨਾਂ ਕੁੜੀਆਂ ਨੂੰ ਓਹਲੇ ਰੱਖ ਉਸਦਾ ਦੂਜਾ ਵਿਆਹ ਕਰਾਉਣ ਲਈ ਜੋਰ ਪਾਉਣ ਲਗੇ।ਪਰ ਉਹ ਨਾਂ ਮੰਨਿਆ।ਔਖਾ ਸੌਖਾ ਵਕਤ ਗੁਜਰਦਾ ਗਿਆ,ਮੁੰਡੇ ਵਿਆਹ ਕਰਾ ਅਲੱਗ ਦੁਨੀਆਂ ਵਸਾ ਬੈਠੇ,ਧੀਆਂ ਆਪੋ ਆਪਣੇ ਸਹੁਰੀਂ ਤੁਰ ਗਈਆਂ।ਉਹ ਇਕੱਲਾ ਰਹਿ ਗਿਆ,ਕਦੇ ਪੁੱਤਰਾਂ ਨੇ ਆਪਣੇ ਨਾਲ ਰੱਖਣ ਦੀ ਫਰਮਾਇਸ਼ ਨਾ ਕੀਤੀ।ਫਿਰ ਉਹ ਸਰੀਰ ਦੇ ਨਾਲ ਮਾਨਸਿਕ ਰੋਗੀ ਹੋ ਗਿਆ।ਵਲਾਇਤ ਵਾਲੀ ਬੇਟੀ ਇਕ ਵਾਰ ਆਈ ਛੇ ਮਹੀਨੇ ਰਹੀ ਤੇ ਛੋਟੀ ਭੈਣ ਨੇ ਉਸਦੀ ਡਿਊਟੀ ਸੰਭਾਲ ਲਈ। ਭੈਣ,ਭੈਣ ਦੀ ਮਜਬੂਰੀ ਸਮਝਦੀ ਸੀ। ਛੋਟੀ ਨੇ ਆਪਣੇ ਪਤੀ ਦੀ ਸਹਿਮਤੀ ਨਾਲ ਪਿਤਾ ਨੂੰ ਆਪਣੇ ਕੋਲ ਲੈ ਆਂਦਾ।ਇਕ ਕਮਰੇ ਵਿੱਚ ਉਸਦੇ ਸੱਸ ਸਹੁਰਾ ਤੇ ਇਕ ਵਿੱਚ ਉਸਦੇ ਬਿਮਾਰ ਪਿਤਾ,ਤੇ ਉਸਦੇ ਦੋ ਨਿੱਕੇ ਬੱਚੇ ਤੇ ਉਸਦੀ ਸਰਕਾਰੀ ਨੌਕਰੀ।ਉਪਰ ਵਾਲੇ ਨੇ ਉਸਨੂੰ ਹਾਲਾਤ ਦਾ ਮੁਕਾਬਲਾ ਕਰਨ ਦੀ ਸਕਤੀ ਬਖ਼ਸ਼ੀ ਤੇ ਉਹ ਮੂੰਹ ਮੀਟ ਕੇ ਸੱਭ ਨੂੰ ਥਾਂ ਸਿਰ ਰੱਖਦੀ ਦਿਨ ਗੁਜਾਰਦੀ ਗਈ।ਜਿਸ ਦਿਨ ਕਿਤੇ ਉਹ ਆਪ ਢਿੱਲੀ ਹੋ ਜਾਂਦੀ ਸਾਰਾ ਘਰ ਜਿਵੇਂ ਬੀਮਾਰ ਹੋ ਜਾਂਦਾ,ਉਸਦੇ ਪਤੀ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ,ਕਿ ਉਹ ਕੱਲਾ ਇੰਨਾ ਕੁਝ ਕਿਵੇਂ ਸੰਭਾਲੇ?।

ਹਾਏ, ਡੈਡੀ ਦੀ ਦਵਾਈ ਦਾ ਵਕਤ ਹੋ ਗਿਆ,ਬਜੁਰਗਾਂ ਲਈ ਖਿਚੜੀ,ਦਲੀਆ ਕੌਣ ਬਨਾਏਗਾ?ਤੇ ਉਹ ਡਿਗਦੀ ਢਹਿੰਦੀ ਉਠ ਖੜਦੀ।ਉਹ ਅਟੈਂਡੈਂਟ ਦੇ ਭਰੋਸੇ ਨਾਂ ਰਹਿੰਦੀ।

ਅੱਜ ਉਸਦਾ ਡੈਡੀ ਸਦਾ ਲਈ ਉਸਨੂੰ ਥੋੜੀ ਜਿਹੀ ਵਿਹਲ ਦੇ ਗਿਆ ਤਾਂ ਉਹ ਆਪਣੇ ਆਪ ਨੂੰ ਬਲੇਮ ਕਰਨ ਲਗੀ,ਕਿ ਸ਼ਾਇਦ ਉਹ ਡੈਡੀ ਦੀ ਪੂਰੀ ਟਹਿਲ ਸੇਵਾ ਨਹੀਂ ਕਰ ਸਕੀ ਸੀ ਤਦੇ ਹੀ ਡੈਡੀ ਵੇਲੇ ਤੋਂ ਪਹਿਲਾਂ ਚਲੇ ਗਏ।ਭੈਣ ਨੂੰ ਖਬਰ ਹੋਈ ਉਹ ਵਲਾਇਤ ਤੋਂ ਐਮਰਜੈਂਸੀ ਟਿਕਟ ਲੈ ਉਡਦੀ ਆਣ ਪਹੁੰਚੀ,ਭਰਾ ਅਜੇ ਨਹੀਂ ਸੀ ਪਹੁੰਚੇ,ਖ਼ਵਰੇ ਉਹਨਾਂ ਦੀ ਕੀ ਮਜਬੂਰੀ ਸੀ?ਸਵਿਤਰੀ,ਆਪਣੇ ਪਿਤਾ ਦੀ ਡੱਡ ਬਾਡੀ ਰਾਹ ਵਿੱਚ ਰੋਲਣਾ ਨਹੀਂ ਸੀ ਚਾਹੁੰਦੀ,ਪਰ ਉਸਦੇ ਸਹੁਰੇ ਨੇ ਕਿਹਾ'ਪੁੱਤ ਇਹਨੂੰ ਆਪਣੀ ਮਿੱਟੀ ਵਿੱਚ ਜਾਣਾ ਹੈ'ਤੇ ਪੰਡਤ ਨੇ ਵੀ ਕਿਹਾ ਧੀ ਦੇ ਬੂਹੇ



ਤੇ ਪਿਤਾ ਦਾ ਸਸਕਾਰ ਨਹੀਂ ਹੋ ਸਕਦਾ।ਤੇ ਪੰਡਤਾਂ ਦਾ ਕਿਹਾ ਸਿਰ ਮੱਥੇ। ਪੰਡਤ ਮੰਤਰ ਜਾਪ ਕਰੀ ਜਾ ਰਹੇ ਸਨ।ਦੂਰੋਂ ਆਏ ਪ੍ਰਾਹੁਣੇ ਛਿਥੇ ਪੈਣ ਲਗੇ।ਪਰ ਪੰਡਤ ਜੀ ਆਪਣੀ ਵਿਦਿਆ ਤੇ ਅੜੇ ਸਨ ਕਿ ਵੱਡੇ ਪੁੱਤਰ ਨੇ ਚਿਖਾ ਨੂੰ ਅੱਗਨੀ ਨਾ ਦਿਖਾਈ ਤਾਂ ਮਰਨ ਵਾਲੇ ਦੀ ਗਤੀ ਨਹੀਂ ਹੋਵੇਗੀ ਤੇ ਰੂਹ ਭਟਕਦੀ ਰਹੇਗੀ।

ਡੇਢ ਘੰਟਾ ਹੋਰ ਘੁਸਰ ਮੁਸਰ ਚ ਗੁਜਰ ਗਿਆ।ਮੇਜਰ ਸਾਹਬ ਬੜੀ ਸ਼ਾਂਤ ਮੁਦਰਾ ਚ ਪੰਡਤ ਜੀ ਨੂੰ ਮੁਖਾਤਿਬ ਹੋਏ,ਪੰਡਤਜੀ ਰੂਹ ਭਟਕੇਗੀ ਤੇ ਬੇਟੀ ਸੰਭਾਲ ਲਵੇਗੀ,ਇੰਨੇ ਸਾਲ ਤੋਂ ਵੀ ਤੇ ਜਿੰਦਾ ਲਾਸ਼ ਨੂੰ ਲਈ ਫਿਰ ਰਹੀ ਸੀ।ਰਾਖ ਦੀ ਮੁੱਠ ਕੀ ਭਟਕੇਗੀ।ਮੇਰੀ ਗਤੀ ਵੀ ਨੇੜੇ ਹੀ ਹੈ ਤੇ ਮੇਰਾ ਕੋਈ ਬੇਟਾ ਵੀ ਨਹੀਂ ਹੈ।ਪੰਡਤਜੀ ਕੁਝ ਬੋਲਣ ਹੀ ਲਗੇ ਸੀ ਕੇ ਔਰਤਾਂ ਵਾਲੇ ਝੁੰਡ ਚੋਂ ਮਿਲਵੀਂ ਸਹਿਮਤੀ ਹੌਲੀ ਜਿਹੇ ਤਾੜੀ ਨਾਲ ਗੂੰਜੀ।ਕਿਤੋਂ ਆਵਾਜ਼ ਆਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਚਿਖਾ ਨੂੰ ਅਗਨੀ ਉਹਦੀ ਬੇਟੀ ਨੇ ਦਿਖਾਈ ਸੀ।ਪੰਡਤਜੀ ਨੇ ਰੂਹ ਨੂੰ ਭਟਕਣ ਤੋਂ ਉਪਾਅ ਲਈ ਦੱਸ ਕੁ ਹਜਾਰ ਦਾ ਖਰਚਾ ਸੁਣਾ ਕੇ ਅਚਾਰੀਆ ਨੂੰ ਤਖ਼ਤਾ ਚੁਕਣ ਦੀ ਇਜ਼ਾਜ਼ਤ ਦੇ ਦਿੱਤੀ।ਦੋਹਾਂ ਭੈਣਾ ਤੇ ਉਹਨਾਂ ਦੇ ਪਤੀਆਂ ਨੇ ਅਰਥੀ ਨੂੰ ਕੰਧਾ ਦਿੱਤਾ।

ਸੋਗ ਦੇ ਵੇਲੇ ਹਲਕੇ ਹਾਸੇ ਤੇ ਤਾੜੀ ਦਾ ਟਣਕਣਾ ਵੀ ਅਲੋਕਾਰ ਭਾਣਾ ਸੀ,ਤੇ ਉਪਰੋਂ ਬੇਟੀਆਂ ਨੇ ਪਿਤਾ ਦੀ ਅਰਥੀ ਨੂੰ ਅਗਨੀ ਦਿੱਤੀ।ਹਰ ਕੋਈ ਅਲਾਪ ਰਹਾ ਸੀ 'ਈਸ਼ਵਰ'ਮਰਨ ਵਾਲੇ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ'।ਅੱਗ ਦਾ ਕੰਮ ਤਾਂ ਜਲਾਉਣਾ ਸਾੜਨਾ ਹੀ ਹੈ,ਉਹ ਕੀ ਜਾਣੇ,ਅੱਗ ਪੁੱਤ ਨੇ ਲਾਈ ਹੈ ਕਿ ਧੀ ਨੇ-ਮੇਜਰ ਸਾਹਬ ਹੌਲੀ ਦੇਣੇ ਕਹਿ ਗਏ।

ਚਿਖਾ ਜਲਦੀ ਰਹੀ ਤੇ ਚਰਚਾ ਚਲਦੀ ਰਹੀ,ਧੀ ਵਲਾਇਤੋਂ ਆ ਪੁਜੀ ਤੇ ਪੁੱਤਰ ਮਦਰਾਸ ਚੋਂ ਨ੍ਹੀ ਆ ਸਕੇ।ਉਹ ਤੇ ਜਿਉਂ ਵਿਆਹੇ ਗਏ ਮੁੜ ਕਦੀ ਆਏ ਸੁਣੇ ਹੀ ਨਹੀਂ-ਕੋਈ ਵਿਚੋਂ ਬੋਲਿਆ॥ ਮੇਜਰ ਸਾਹਬ ਕਹਿਣ ਲਗੇ ਦੇਸ਼ ਵਿੱਚ ਬ੍ਰਿਧ ਘਰ ਭਰੇ ਪਏ ਨੇ ਵ੍ਰਿੰਦਾਵਨ ਹਜਾਰਾਂ ਦੀ ਗਿਣਤੀ ਵਿੱਚ ਪੁੱਤਰਾਂ ਦੇ ਛੱਡੇ ਮਾਪੇ ਦਿਨ ਕਟੀ ਕਰ ਰਹੇ ਹਨ।ਗਤੀ ਤੇ ਉਹਨਾਂ ਦੀ ਵੀ ਹੋਣੀ ਹੈ।

ਚੌਥੇ ਤੇ ਪੁੱਤਰ ਹਾਜਰ ਸਨ।ਤੇ ਉਹਨਾਂ ਨੂੰ ਮੁੜਨ ਦੀ ਕਾਹਲੀ ਸੀ,ਉਹਨਾਂ ਪੰਡਤ ਨੂੰ ਅੰਤਿਮ ਰਸਮਾਂ ਅਗਲੇ ਦਿਨ ਹੀ ਮੁਕਾਉਣ ਲਈ ਹੁਕਮ ਚਾੜ੍ਹ ਦਿੱਤਾ।ਰਸਮਾਂ ਮੁਕੀਆਂ ਤੇ ਉਹਨਾਂ ਭੈਣਾ ਅੱਗੇ ਸਰਕਾਰੀ ਕਾਗਜ਼ ਕਰਦਿਆਂ ਕਿਹਾ ਇਥੇ ਹਸਤਾਖਰ ਕਰ ਦਿਓ ਪਿਤਾ ਜੀ ਵਾਲਾ ਮਕਾਨ ਵਿਕ ਗਿਆ ਹੈ,ਭੈਣਾ ਨੇ ਕੋਈ ਵੀ ਸਵਾਲ ਕੀਤੇ ਬਿਨਾਂ ਦਸਤਖ਼ਤ ਕਰ ਦਿੱਤੇ।( ਉਹ ਤੇ ਉਥੋਂ ਤੁਰਨ ਤੋਂ ਪਹਿਲਾਂ 'ਨੇਟ' ਤੇ ਪਿਤਾ ਦਾ ਮਕਾਨ ਵੇਚਣਾ ਲਾ ਆਏ ਸੀ ) ਨਿਕੀਏ', ਪਿਤਾ ਜੀ ਪੈਨਸ਼ਨ ਤੈਨੂੰ ਦੇਂਦੇ ਹੀ ਰਹੇ ਹਨ,ਵੱਡੇ ਵੀਰ ਨੇ ਕਾਗਜ਼ ਇਕੱਠੇ ਕਰਦਿਆਂ ਕਿਹਾ।--ਦੋ ਚਾਰ ਪ੍ਰਾਹੁਣੇ ਜੋ ਅਜੇ ਬੈਠੈ ਸਨ ਕਿਤੇ ਦੂਰ ਸੋਚੀਂ ਜਾ ਪੁਜੇ।

" ਸੋਚ ਬਦਲੋ ਸਿਤਾਰੇ ਬਦਲ ਜਾਏਂਗੇ,

ਨਿਗਾਹ ਬਦਲੋ, ਨਜ਼ਾਰੇ ਬਦਲ ਜਾਏਂਗੇ ॥

(ਚਲਦੇ ਚਲਦੇ—" ਨਾਰੀ ਤੇ ਜੋ ਪੁਰਖ ਕਰਾਵੇ,ਪੁਰਖਣ ਤੇ ਜੋ ਨਾਰੀ"---ਨਾਰੀ ਨਰ ਨੂੰ ਜਨਮ ਦੇ ਸਕਦੀ ਹੈ,ਪਾਲ ਪੋਸ ਸਕਦੀ ਹੈ, ਪੁਰਖ ਦੀ ਲਾਚਾਰੀ ਵੇਲੇ ਡੰਗੋਰੀ ਬਣ ਸਕਦੀ ਹੈ,ਕੰਧੇ ਨਾਲ ਕੰਧਾ ਮਿਲਾ ਕੇ ਸ਼ਾਨਾ ਬਸ਼ਾਨਾ ਚਲ ਸਕਦੀ ਹੈ,ਪਰ ਅਰਥੀ ਨੂੰ ਕੰਧਾ ਨਹੀਂ ਦੇ ਸਕਦੀ,ਉਮਰ ਭਰ ਚੁਲ੍ਹਾ ਜਲਾ ਕੇ ਪੇਟ ਭਰੇ ਨਾਰੀ,ਪਰ ਚਿਖਾ ਨੂੰ ਅੱਗ ਦਿਖਾਉਣ ਤੋਂ ਵਰਜਿਤ ਹੈ।ਕਿਆ ਥਿਉਰੀ ਹੈ,'ਪੰਡਤ ਜੀ ?)

ਧਿਆਨ ਯੋਗ-ਬਜੁਰਗ ਫਰਮਾ ਗਏ ਹਨ'ਦੂਜੇ ਨੂੰ ਸਲਾਮ ਕਹਿਣ ਨਾਲ ਆਪਣੇ ਲਈ ਸਲਾਮਤੀ ਦੇ ਫਰਿਸ਼ਤੇ ਉਤਰ ਆਉਂਦੇ ਹਨ ॥

ਗਹਿਰੀ ਸੋਚ ਹੈ

ਹਾਲਾਤ ਹੀ ਐਸੇ ਸੀ ਕਿ ਮੈਨੂੰ ਉਸ ਵਕਤ ਸਹਿਯੋਗੀ ਹੱਥ ਦੀ ਸਖ਼ਤ ਲੋੜ ਸੀ,ਮੈਂ ਇਕ ਕੰਮ ਵਾਲੀ ਦੀ ( ਜਿਸਨੂੰ ਬੰਬਈ ਵਿੱਚ 'ਬਾਈ" ਕਿਹਾ ਜਾਂਦਾ ਹੈ)। ਤਲਾਸ਼ ਲਗਾਈ।ਇਕ ਕੁੜੀ ਨਾਲ ਉਸਦਾ ਪਿਤਾ ਸੀ,ਉਸ ਕੁੜੀ ਦੇ ਸੱਜੇ ਹੱਥ ਦੀਆਂ ਉਂਗਲੀਆਂ ਨਹੀਂ ਸਨ,ਮੈਂ ਪੁਛਿਆ ਤੂੰ ਕੀ ਕੀ ਕੰਮ ਕਰ ਸਕਦੀ ਹੈਂ? ਉਹ ਤੇ ਕੁਝ ਨਹੀਂ ਬੋਲੀ,ਉਸਦਾ ਬਾਪ ਬੋਲਿਆ,ਬੀਬੀਜੀ ਇਹ ਸਾਰੇ ਕੰਮ ਕਰ ਲੈਂਦੀ ਹੈ ਤੇ ਇਕ ਕੰਮ ਦਾ ਤਿੰਨ ਸੌ ਰੁਪਏ ਲਵਾਂਗੇ ।ਮੈਂ ਸੋਚਿਆ ਚਲੋ ਮੈਂ ਤੇ ਕੇਵਲ ਘਰ ਦਾ ਝਾੜੂ ਪੋਚਾ ਕਰਾਉਣਾ ਹੈ,ਤਿੰਨ ਨਹੀਂ ਤੇ ਸਾਢੇ ਤਿੰਨ ਲੈ ਲਵੇਗੀ।ਮੈਂ ਕੁੜੀ ਨੂੰ ਉਹਦਾ ਨਾਮ ਪੁਛਿਆ,ਉਸਦਾ ਬਾਪ ਬੋਲਿਆ ਇਹਦਾ ਨਾਂ 'ਰਾਜੀ' ਹੈ।ਕੁੜੀ ਕੁਝ ਨਹੀਂ ਬੋਲ ਰਹੀ ਸੀ ਉਂਝ ਵੇਖਣ ਨੂੰ ਤੰਦਰੁਸਤ ਚੁਸਤ ਜਾਪਦੀ ਸੀ,ਮੈਂ ਸੋਚਿਆ ਅੱਛੀ ਬਾਤ ਹੈ ਬਹੁਤੀ ਬੜ ਬੜ ਕਰਨ ਵਾਲੀ ਆਪਾਂ ਕੀ ਕਰਨੀ ਹੈ।ਮੈਂ ਕਿਹਾ,'ਰਾਜੀ ਉਹ ਪਿਆ ਝਾੜੂ ਪੋਚਾ ਬਾਲਟੀ,ਪਹਿਲਾ ਘੁੱਟ ਕੇ ਝਾੜੂ ਲਾ ਲੈ...ਮੇਰੀ ਗਲ ਵਿਚੇ ਹੀ ਟੋਕ ਉਸਦਾ ਪਿਤਾ ਬੋਲਿਆ-" ਨਾਂ ਬੀਬੀ ਜੀ ਅਸੀਂ ਮਜ਼ਬੀ ਹੁੰਨੇ ਹਾਂ ਹਰੀਜਨ ਨਹੀਂ ਰਸੋਈ ਦਾ ਕੰਮ ਕਰਨਾ ਅਸੀਂ ਰੋਟੀ ਟੁਕ ਪਕਾਉਣ ਦਾ'

ਪਰ ਮੈਂ ਤੇ ਸਿਰਫ਼ ਸਫਾਈ ਦਾ ਕੰਮ ਕਰਾਉਣੈ ਮੈਂ ਕਿਹਾ-

ਉਹ ਗੇਟ ਵਲ ਖਿਸਕਣ ਲਗਾ,ਤੇ ਕੁੜੀ ਵੀ ਮਗਰ ਪਰ ਉਹ ਕਾਹਲ ਵਿੱਚ ਨਹੀਂ ਸੀ,ਮੈਂ ਅੰਦਰ ਵਲ ਮੁੜੀ ਤੇ ਉਸ ਫਿਰ ਵਾਜ਼ ਦਿੱਤੀ ਬੀਬੀਜੀ ਚਲੋ ਦੋ ਸੋ ਇਕ ਕੰਮ ਦਾ ਦੇ ਦੇਣਾ,ਸਵੇਰੇ ਸੱਤ



ਵਜੇ ਮੈਂ ਛੱਡ ਜਾਇਆ ਕਰੂੰ ਮੈਂ ਰਿਕਸ਼ਾ ਵਾਹੁਨਾ ਇਧਰ ਹੀ, ਸ਼ਾਮ ਨੂੰ ਸੱਤ ਵਜੇ ਲੈ ਜਾਇਆ ਕਰਾਂਗਾ।

ਮੈਂ- ਅਸੀਂ ਖਾਣਾ ਬਣਾਉਣ ਦਾ ਕੰਮ ਨਹੀਂ ਕਰਾਉਣਾ।-----ਉਹ ਗੇਟ ਤੋਂ ਬਾਹਰ ਹੋ ਗਏ।

ਮੈਨੂੰ ਦੱਸ ਪਈ ਸਾਡੇ ਘਰ ਦੇ ਨੇੜੇ ਹੀ ਦੋ ਭੈਣਾਂ ਤੇ ਮਾਂ ਦੂਸਰੇ ਘਰਾਂ ਚ ਕੰਮ ਕਰਦੀਆਂ ਹਨ, ਮੈਂ ਬੁਲਾਵਾ ਭੇਜਿਆ,ਉਹ ਨਾਂ ਆਈਆਂ,ਤੇ ਮੈਂ ਆਪ ਹੀ ਉਹਨਾਂ ਦੇ ਘਰ ਜਾ ਪੁੱਜੀ ,ਸ਼ਾਮ ਨੂੰ ਉਹ ਤਿੰਨੇ ਕੰਮ ਕਰਨ ਆ ਗਈਆਂ, ਮਾਂ ਬੈਠੀ ਰਹੀ ਤੇ ਕੁੜੀਆਂ ਕੋਲੋਂ ਮੈਂ ਕੰਮ ਕਰਾ ਲਿਆ ਜਿਵੇਂ ਮੈਂ ਚਾਹੁੰਦੀ ਸੀ।ਪਹਿਲੇ ਦਿਨ ਹੀ ਉਹਨਾਂ ਸੌ ਰੁਪਏ ਮੰਗੇ ਤੇ ਮੈਂ ਦੇ ਦਿੱਤੇ- ਲੋੜ ਨੂੰ ਲੋੜ ਸੀ,-ਅਗਲੇ ਦਿਨ ਉਹ ਨਾਂ ਆਈਆਂ,ਮੈਂ ਸੁਨੇਹਾ ਭੇਜਿਆ ਤੇ ਰਾਤ ਦੇ ਸਵਾ ਸੱਤ ਵਜੇ ਉਹ ਸਾਰਾ ਟੱਬਰ ਮਾਂ ਪਿਓ ਸਮੇਤ ਆਣ ਪੁੱਜੇ,ਕੁੜੀਆਂ ਕੰਮ ਕਰ ਕੇ ਚਲੇ ਗਈਆਂ,ਬਾਦ ਵਿੱਚ ਮਾਂਪਿਓ ਕਹਿਣ ਲਗੇ ਜੀ ਸਾਡੀ ਗਊ ਮਰ ਗਈ ਹੈ ਹੋਰ ਗਊ ਲੈਣੀ ਹੈ,ਤੁਸੀਂ ਦੱਸ ਹਜਾਰ ਰੁਪਏ ਦੇ ਦਿਓ.ਕੁੜੀਆਂ ਦੇ ਕੰਮ ਚੋਂ ਕੱਟ ਲੈਣੇ,ਅਸੀਂ ਚੁੱਪ ਰਹੇ ਉਹ ਜਾਣ ਦਾ ਨਾਮ ਹੀ ਨਹੀਂ ਲੈ ਰਹੇ ਸਨ,ਠੰਢੀ ਰਾਤ ਗਾੜ੍ਹੀ ਹੋ ਰਹੀ ਸੀ।

ਕਲ ਪਹਿਲੇ ਹੀ ਦਿਨ ਸੌ ਰੁਪਏ ਲਏ ਸੀ ਤੇ ਦੂਜੇ ਦਿਨ ਇਕੱਠੇ ਦੱਸ ਹਜਾਰ -ਕੋਈ ਸਿਆਣੀ ਗਲ ਕਰੋ, ਮੈਂ ਕਿਹਾ

ਵਿਆਜ ਲਾ ਲਿਓ ਬੀਬੀਜੀ,ਮਾਂ ਬੋਲੀ,

ਮੈਂ ਕਿਹਾ ਅਸੀਂ ਇਹ ਸ਼ਾਹੂਕਾਰਾ ਨਹੀਂ ਕਰਦੇ,ਤੁਸੀਂ ਸ਼ਾਹੂਕਾਰ ਤੋਂ ਲੈ ਲਓ ਤੇ ਕੁੜੀਆਂ ਦੀ ਤਨਖਾਹ ਚੋਂ ਕਿਸ਼ਤਵਾਰ ਦੇਈ ਜਾਣਾ।ਜਾਓ ਹੁਣ ਮੈਂ ਗੇਟ ਬੰਦ ਕਰਨਾ ।ਉਠਣ ਤੋਂ ਪਹਿਲਾਂ ਉਹਨਾਂ ਇਸ਼ਾਰਿਆਂ ਚ ਕੁਝ ਸਲਾਹ ਕੀਤੀ ਤੇ ਫਿਰ ਬੋਲੇ ਚਲੋ ਸੱਤ ਹਜਾਰ ਦੇ ਦਿਓ ਨਹੀਂ ਤੇ ਪੰਜ ਤੋਂ ਨਾਂਹ ਨਾਂ ਕਰੋ।ਦੋ ਕੁ ਦਿਨਾਂ ਚ ਦੇ ਦਿਓ।ਅਗਲੀ ਸ਼ਾਮ ਕੁੜੀਆਂ ਕੰਮ ਕਰਨ ਆਈਆਂ ਤੇ ਜਾਣ ਲਗੀਆਂ ਨੇ ਪੰਝਾਹ ਰੁਪਏ ਮੰਗੇ ਖੰਡ ਲਿਜਾਣੀ ਹੈ,ਤੇ ਫਿਰ ਉਹ ਕਦੀ ਨਾਂ ਆਈਆਂ।

ਇਕ ਔਰਤ ਆਈ-ਮੈਡਮਜੀ ਮੇਰੇ ਕੋਲ ਕੰਮ ਤਾਂ ਬਹੁਤ ਹੈ ਪਰ ਤੁਹਾਡੀ ਸਪਾਰਸ਼ ਵੀ ਨ੍ਹੀ ਮੋੜੀ ਜਾਣੀ।ਮੇਰੇ ਕੋਲ ਟੈਮ ਘੱਟ ਹੁੰਦਾ ਤੁਸੀਂ ਮੇਰੇ ਆਉਣ ਤੋਂ ਪਹਿਲਾਂ ਕਪੜੈ ਮਸ਼ੀਨ ਚ ਪਾ ਦਿਆ ਕਰਨਾ,ਭਾਂਡੇ ਧੋ ਦੇਣਾ,ਅਸੀਂ ਰਾਧਾਸਵਾਮੀ ਦਾ ਨਾਮ ਲਿਆ,ਐਸੀ ਵੈਸੀ ਜੂਠ ਨੂੰ ਹੱਥ ਨਹੀਂ ਲਾਉਣਾ, ਚਾਹ ਵਾਲੀ ਪਤੀਲੀ ਬਹੁਤੀ ਨਾਂ ਸਾੜਨਾ,ਮੈਂ ਸਰਫ਼ ਲਾ ਕੇ ਧੋ ਦਿਊਂ ਛੇਤੀ ਨਾਲ,ਤੁਸੀਂ ਸਾਰਾ ਸਮਾਨ ਸੰਭਾਲ ਕੇ ਝਾੜੂ ਲਾ ਦੇਣਾ ਤੇ ਮੈਂ ਛੇਤੀ ਨਾਲ ਪੋਚਾ ਲਾ ਦੇਵਾਂਗੀ,ਇਤਰਾਂ ਰਲ ਮਿਲ ਕੇ ਕੰਮ ਮੁਕਾ ਲਾਂਗੇ ਸਪਾਰਸ਼ ਤਾਂ ਮੰਨਣੀ ਹੋਈ ਉਹਨਾਂ ਦੀ ਲੋੜ ਆ,ਮੈਂ ਚਾਰ ਹਜਾਰ ਰੁਪਏ ਲੈਣੇ ਸੀ ,ਪਰ

ਉਹਨਾ ਦੀ ਖਾਤਰ ਤੁਸੀਂ ਸਾਢੇ ਤਿੰਨ ਦੇ ਦਿਆ ਕਰਨਾ। ਮੇਰੇ ਕੋਲ ਟੈਮ ਤੇ ਹੈ ਨ੍ਹੀ,ਮੂੰਹ ਮੁਲਾਜ਼ਾ ਵੀ ਵੇਖਣਾ ਪੈਂਦਾ।

ਇਕ ਹੋਰ ਕੁੜੀ ਨੇੜੇ ਹੀ ਰਹਿੰਦੀ ਸੀ ਉਸਦੀ ਮਾਂ ਨੇ ਕਿਹਾ ,ਮੈਡਮ ਜੀ ਮੇਰੀ ਕੁੜੀ ਸ਼ਹਿਰ ਕੰਮ ਤੇ ਜਾਂਦੀ ਸ਼ਾਮ ਨੂੰ ਤੁਹਾਡਾ ਕਰ ਦਿਆ ਕਰੂ,-ਮੈਂ ਕਿਹਾ ਠੀਕ ਹੈ ਸ਼ਾਮ ਨੂੰ ਹੀ ਆ ਜਇਆ ਕਰੇ।ਉਹ ਦੋ ਦਿਨ ਸਫ਼ਾਈ ਕਰ ਗਈ ।ਦੋਦਿਨਾਂ ਬਾਦ ਮੈਂ ਪਤਾ ਕਰਾਇਆ ਤਾਂ ਉਹਨੇ ਜਵਾਬ ਦਿੱਤਾ ਸ਼ਹਿਰ ਵਾਲੇ ਬਾਬੂਜੀ ਸਾਜ੍ਹੇਰੇ ਹੀ ਸਕੂਟਰ ਤੇ ਚੜ੍ਹਾ ਲੈ ਜਾਂਦੇ ਤੇ ਦੁਪਹਿਰੇ ਛੱਡ ਜਾਂਦੇ ਕੁੜੀ ਨੂੰ ਕੱਲੀ ਘਲਾਉਣ ਤੋਂ ਡਰ ਆਉਂਦਾ,ਕਿਸੇ ਨੂੰ ਘਲਾ ਦਿਆ ਕਰੋ ਮੋਟਰਸੈਕਲ ਤੇ ਲੈ ਜਾਵੇ ਛੱਡ ਜਾਵੇ।

ਸਹਿਯੋਗੀ ਹੱਥਾਂ ਦੇ ਬੜੇ ਕਿੱਸੇ ਹਨ ਇਕ ਕਿਤਾਬ ਬਣ ਸਕਦੀ ਹੈ। ---- ਮੇਰੀ ਇਕ ਅੱਛੀ ਸਹੇਲੀ 'ਸੀਮਾ' ਨੇ ਮੈਨੂੰ ਦਸਿਆ,ਕਿ ਉਹਨਾਂ ਰਾਮ ਨੌਮੀ ਤੇ ਸੁਖਤੇ ਮੰਦਿਰ ਜਾਣਾ ਸੀ ਤੇ ਉਹਨਾ ਆਪਣੀ ਕੰਮ ਵਾਲੀ ਨੂੰ ਤਾਕੀਦ ਕੀਤੀ ਕਿ ਕਲ ਉਹ ਤੜਕੇ ਹੀ ਆ ਜਾਵੇ।ਉਹ ਬਹੁਤ ਦੇਰ ਨਾਲ ਆਈ,ਸੀਮਾ ਨੇ ਪੁਛਿਆ ਤਾਂ ਉਸ ਜਵਾਬ ਦਿੱਤਾ,ਮੈਡਮ ਜੀ ਮੈਂ ਤੇ ਆਜਾਣਾ ਸੀ ਮੇਰੀ ਕੰਮ ਵਾਲੀ ਨੇ ਬੜਾ ਚਿਰ ਲਾਇਆ।

ਸੀਮਾ ਤੇਰੀ ਕੰਮ ਵਾਲੀ ਤੂੰ ਕੰਮ...ਹੋਰ ਮੈਡਮਜੀ ਮੇਰੀ ਨੂੰਹ ਸਾਰਾ ਦਿਨ ਟੀ ਵੀ ਅੱਗੇ,ਤੇ ਮੈਂ ਕਿਉਂ ਮਾਂਜਾ ਉਹਦੀਂ ਜੂਠ,ਮੈਂ ਪੰਜ ਸੌ ਤੇ ਕੰਮ ਵਾਲੀ ਰੱਖੀ,ਤੇ ਲੀੜੇ ਮਸ਼ੀਨ ਚ ਧੋ ਲਈਦੇ।

ਪਿੰਕੀ ਬੜੀ ਸਲੀਕੇ ਵਾਲੀ ਬਾਰਾਂ ਤੇਰਾਂ ਸਾਲ ਦੀ ਕੁੜੀ ਬਹੁਤ ਸੁਚੱਜਾ ਕੰਮ ਕਰਦੀ ਸੀ।ਰੱਖੜੀ ਆਈ ਤੇ ਕਹਿੰਦੀ ਸਾਂਵਾਂ ਵੇਖਣ ਜਾਣਾ ਸੂਟ ਦਿਓ।ਮੈਂ ਸੂਟ ਦੇ ਦਿੱਤਾ।ਅਗਲੇ ਦਿਨ ਉਹ ਕੰਮ ਕਰਨ ਨਾ ਆਈ ਉਸਦੀ ਮਾਂ ਜਾਂ ਵੱਡੀ ਭੈਣ ਕਰ ਜਾਂਦੀਆਂ।ਪਰ ਮੈਨੂੰ ਪਿੰਕੀ ਦਾ ਕੰਮ ਪਸੰਦ ਸੀ।ਮੈਂ ਪੁਛਿਆ ਪਿੰਕੀ ਕਿਤੇ ਗਈ ਹੈ? ਉਹਦੀ ਮਾਂ ਨੇ ਦਸਿਆ-'ਨਾ ਜੀ ਕਿਤੇ ਨੀ ਗਈ ਆਂਹਦੀ ਆ,ਮੈਂਨੂੰ ਮੇਰੇ ਮੇਚੇ ਦਾ ਸੂਟ ਨ੍ਹੀ ਦਿੱਤਾ ਮੈਂ ਕੰਮ ਤੇ ਨ੍ਹੀ ਜਾਣਾ,ਨਵਾਂ ਸੂਟ ਲੈਣਾ।

ਮੈ ਕਿਹਾ ਅੱਛਾ, ਲੋਹੜੀ ਤੇ ਉਹਨੂੰ ਨਵਾਂ ਸੂਟ ਲੈ ਦਿਆਂਗੇ।ਮੰਨ ਕੇ ਉਹ ਕੰਮ ਕਰਨ ਲਗ ਪਈ।ਲੋਹੜੀ ਤੇ ਮੈਂ ਪਾਕਿਸਤਾਨੀ ਪਲਿਸਟਰ ਦਾ ਪੀਸ ਦੇ ਦਿੱਤਾ।ਉਹ ਫਿਰ ਰੁਸ ਗਈ।ਉਸਦੀ ਮਾਂ ਦਸਿਆ ਆਂਹਦੀ ਆ ਕਪੜਾ ਥੋੜਾ ਨਿਕਲਿਆ ਮੈਂ ਤੇ ਸੋਲਾਂ ਕਲੀਆਂ ਵਾਲਾ ਫਰਾਕ ਸੂਟ ਸਵਾਉਣੈ।-ਮੇਰੇ ਸੱਜੇ ਹੱਥ ਦੀ ਪਹਿਲੀ ਉਂਗਲੀ ਮੇਰੀ ਜੀਭ ਥੱਲੇ ਦੱਬ ਗਈ,ਗਹਿਰੀ ਸੋਚ ਹੈ ਕੀ ਕਰਾਂ?



## "ਅੰਦਰਲੀ ਚੁੱਪ"

"ਹਨੇਰੀ ਝੱਖੜ ਆਇਆ,ਮੈਨਾ ਦਾ ਇਕ ਬੱਚਾ ਵੀ ਆਸਮਾਨ ਵੇਖਣਾ ਲੋਚਦਾ ਸੀ ਸ਼ਾਇਦ,ਝੱਖੜ ਨੇ ਭੁਆ ਮਾਰਿਆ ਤੇ ਕੱਚੀ ਕਿਆਰੀ ਵਿੱਚ ਆਣ ਡਿੱਗਾ।ਸੱਟ ਤਾਂ ਲਗੀ ਪਰ ਬਚਾਅ ਹੋ ਗਿਆ, ਨਾਂ ਬੋਲ ਸਕਦਾ ਨਾਂ ਉਡ ਸਕਦਾ ਸੀ ਅਜੇ ਨਿਕਾ ਜੋ ਸੀ। ਸਾਡੀ ਸਫਾਈ ਸੇਵਕਾ ਨੇ ਦੇਖ ਕੇ ਮੈਨੂੰ ਆਵਾਜ਼ ਦਿੱਤੀ,ਮੈਨੂੰ ਡਰ ਲਗਾ ਕਿ ਇਹ ਮਿੱਠੂ ਕਿਤੇ ਬਿੱਲੀ ਦੀ ਬੁਰਕੀ ਨਾਂ ਬਣ ਜਾਵੇ।ਮੈਂ ਭੋਲੀ ਨੂੰ ਕਿਹਾ ਇਹਨੂੰ ਪਾਣੀ ਪਿਆ,ਇੰਨੇ ਨੂੰ ਮੈਂ,ਟੋਕਰੀ ਲੈ ਆਈ ਤੇ ਉਸਨੂੰ ਵਿੱਚ ਰੱਖ ਅੰਦਰ ਲਿਆ ਕੇ ਉਸਦੀ ਟਹਿਲ ਸੇਵਾ ਕੀਤੀ।ਬੜਾ ਸੋਹਣਾ ਲਗਦਾ ਸੀ ਉਹ ਬੋਟ ਜਿਹਾ।ਉਸਦੀ ਪੂਛ ਤਿੰਨ ਰੰਗ ਦੀ ਚਮਕੀਲੀ ਹਰਾ ਰੰਗ ਉਹਦਾ।ਮੈਂ ਸਵੇਰੇ ਸ਼ਾਮ ਛੱਤ ਤੇ ਲਿਜਾ ਕੇ ਉਸਨੂੰ ਪੰਛੀਆਂ ਦੀ ਆਵਾਜ਼ਾਂ ਸੁਣਨ ਲੈ ਜਾਂਦੀ।ਉਹਦੇ ਕਬੀਲ਼ੇ ਦੇ ਤੋਤੇ ਆਏ,ਮੈਂ ਵੀ ਮਿਠੂ ਨੂੰ ਤੂਤ ਦੀ ਟਾਹਣੀ ਤੇ ਬਿਠਾ ਦਿੱਤਾ,ਉਸਦੇ ਕਬੀਲੇ ਦੇ ਪੰਜ ਛੈ ਤੋਤੇ ਉਸ ਕੋਲ ਆ ਕੇ ਬੈਠ ਗਏ,ਤੇ ਇਕ ਉਸਦੀ ਮਾਂ ਸੀ ਜਾਂ ਮਾਸੀ ਸੀ ਸ਼ਾਇਦ ਉਸਨੇ ਕੋਲ ਬੈਠ ਆਪਣੀ ਬੋਲੀ ਵਿੱਚ ਉਸਨੂੰ ਕਈ ਕੁਝ ਸਮਝਾਇਆ,ਬਾਕੀਆਂ ਨੇ ਸਹਿਮਤੀ ਦਿੱਤੀ,ਉਹਨਾਂ ਦਾ ਕਿਰਤ ਦਾ ਵੇਲਾ ਸੀ ਉਹ ਉਡਾਰੀ ਮਾਰ ਜਾਂਦੇ ਤੇ ਮੈਂ ਉਸਨੂੰ ਟੋਕਰੀ ਚ ਰੱਖ ਲੈ ਆਉਂਦੀ।ਤਿੰਨ ਦਿਨਾ ਚ ਉਹਨਾਂ ਮਿਠੂ ਨੂੰ ਆਪਣੀ ਮਾਂ ਬੋਲੀ ਸਿਖਾ ਦਿੱਤੀ ਤੇ ਖੰਭ ਮਾਰਨੇ ਸਿਖਾ ਦਿੱਤੇ।ਮੈਨੂੰ ਲਗਾ ਕਿ ਮੈਨੂੰ ਸੇਵਾ ਦਾ ਮੇਵਾ ਮਿਲ ਜਾਏਗਾ ਮਿਠੂ ਠੀਕ ਹੋ ਕੇ ਆਪਣਿਆਂ ਚ ਜਾ ਮਿਲੇਗਾ।ਪਰ ਉਹ ਤੇ ਮੇਰੇ ਤੇ ਦਿਲ ਫੇਂਕ ਬੈਠਾ ਸੀ।ਮੈਂ ਉਸ ਉਡਾਰੂ ਆਜ਼ਾਦ ਅਸਮਾਨਾਂ ਦੇ ਮਾਲਕ ਨੂੰ ਮਨੁੱਖਾਂ ਦੇ ਜੰਗਲ ਵਿੱਚ ਕੈਦ ਕਰਨਾ ਨਹੀਂ ਸੀ ਚਾਹੁੰਦੀ।ਪਰ.ਦਿਲ ਤਾਂ ਜਿਵੇਂ ਮਜਨੂੰ ਬਣ ਬੈਠਾ ਸੀ।"ਤੋਤਾ ਮੈਨਾ ਦੀ ਕਹਾਣੀ ਨਵੀਂ ਹੋਣ ਵਾਲੀ ਸੀ।

ਚੌਥੇ ਦਿਨ ਮੈਂ ਉਸਨੂੰ ਛੱਡ ਕੇ ਨੀਚੇ ਆ ਗਈ ਕਿਉਂ ਜੋ ਉਸਦੇ ਮਾਬਾਪ,ਚਾਚੇ ਤਾਏ,ਮਾਮੇ ਮਾਸੀਆਂ ਸੱਭ ਉਸਦੇ ਨਾਲ ਸਨ ਤੇ ਉਸਨੂੰ ਆਪਣੇ ਨਾਲ ਲਿਜਾਣਾ ਚਾਹੁੰਦੇ ਸਨ,ਪਰ ਮਿਠੂ ਤੇ ਉਹਨਾਂ ਨੂੰ ਪਛਾਣਨ ਤੋਂ ਇਨਕਾਰੀ ਹੋ ਗਿਆ।ਉਹਨਾਂ ਬੜੀ ਜਦੋਜਹਿਦ ਕਰ ਕੇ ਉਹਨੂੰ ਦੂਜੀ ਟਾਹਣੀ ਤੇ ਪੁਚਾਇਆ ਉਹ ਸਫ਼ਲ ਉਡਾਰੀਆ ਮਾਰ ਗਿਆ ਉਹ ਅੱਗੇ ਨਿਕਲ ਗਏ ਤੇ ਮਿਠੂ ਨੀਚੇ ਆ ਗਿਰਾ ਮਿਠੂ ਗੰਗਾ ਰਾਮ ਇੰਨਾ ਸਿਆਣਾ ਤਾਂ ਨਹੀਂ ਸੀ ਹੋਇਆ ਕਿ ਫਿਰ ਉਚੀ ਉਡਾਰੀ ਮਾਰ ਕੇ ਮਗਰ ਚਲਾ ਜਾਂਦਾ ਜਾਂ ਫਿਰ ਉਹ ਜਾਣਾ ਹੀ ਨਹੀਂ ਸੀ ਚਾਹੁੰਦਾ,ਖ਼ਵਰੇ ਕਿਉਂ ਉਹਨੂੰ ਸੋਝੀ ਆਈ ਕਿ ਉਹ ਗੇਟ ਦੇ ਹੇਠੋਂ ਤੁਰ ਕੇ ਮੇਰੇ ਤੱਕ ਪਹੁੰਚ ਸਕਦਾ ਹੈ,ਇਤਫਾਕੀਆ ਹੀ ਮੈਂ ਖਿੜਕੀ ਵਿਚੋਂ ਉਸਦਾ ਕਾਰਨਾਮਾ ਵੇਖ ਰਹੀ ਸੀ,ਗਲੀ ਵਿਚੋਂ ਫੜ ਕੇ ਅਸੀਂ ਅੰਦਰ ਲੈ ਆਏ,ਗੁੱਸਾ ਵੀ ਆਵੇ ਕਿ ਇਹਨੇ ਹੁਣੇ ਸਾਰੀ ਮਿਹਨਤ ਖੂਹ ਚ ਪਾ ਦੇਣੀ ਸੀ 'ਜਿਉਣ ਜੋਗੇ ਨੇ ਮਰ ਜਾਣਾ ਸੀ।ਮੈਂ ਉਸਨੂੰ ਚੂਰੀ ਪਾਈ ,ਪਾਣੀ ਪਿਆਇਆ,ਸੌ ਗਿਆ ਤੇ ਕਈ ਘੰਟੇ ਸੁੱਤਾ ਰਿਹਾ।ਅਸੀਂ ਤੇ ਇਹੋ ਸੋਚਦੇ ਰਹੇ ਕਿ ਆਰਾਮ ਕਰ ਰਿਹਾ ਹੈ,ਪਰ ਉਹ ਤੇ ਸਾਨੂੰ ਹਮੇਸ਼ਾਂ ਲਈ ਛਡ ਕੇ ਜਾ ਰਿਹਾ ਸੀ।ਬੜੀ ਵਾਹ ਲਾਈ

ਤੇ ਸੋਚਿਆ ਦਿਨੇ ਡਾਕਟਰ ਦੀ ਸਲਾਹ ਲਵਾਂਗੇ।ਦਿਨੇ ਫਿਰ ਮੈਂ ਉਸਨੂੰ ਤੂਤ ਦੀ ਟਾਹਣੀ ਤੇ ਬਿਠਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਹੀਂ ਬੈਠਾ,ਮਨ ਬਹੁਤ ਖਰਾਬ ਹੋਇਆ ਜਿਵੇਂ ਉਹ ਕੋਮਾ ਵਿੱਚ ਜਾ ਚੁਕਾ ਸੀ,ਉਸਦੇ ਕਬੀਲੇ ਵਾਲੇ ਆਏ,ਉਹਨਾ ਜਾਇਜ਼ਾ ਲਿਆ ,ਮਰਜ਼ ਤੇ ਰਮਜ਼ ਉਹਨਾ ਦੀ ਸਮਝ ਵਿੱਚ ਆ ਚੁਕੀ ਸੀ ਕਿ' ਇਸਦੀ ਮਰਜੀ ਹੈ ਮਰ ਜਾਣ ਦੀ' ਉਹ ਛੱਡ ਕੇ ਆਪਣੀ ਕਿਰਤ ਕਮਾਈ ਦੀ ਦਿਹਾੜੀ ਤੇ ਉਡ ਗਏ,ਮੈਂਨੂੰ ਡਰ ਆ ਰਹਾ ਸੀ ਕਿ ਮੇਰੇ ਤੋਂ ਹੀ ਕੋਈ ਗਲਤੀ ਹੋ ਗਈ ਹੋਣੀ।ਨੌਂ ਵਜੇ ਹੀ ਕਿਸੇ ਡਾਕਟਰ ਨੇ ਲਭਣਾ ਸੀ।ਉਸਦੇ ਤਾਂ ਬਾਰਾਂ ਵੱਜ ਗਏ ਸਨ।ਮੀਆਂ ਮਿੱਠੂ ਸਾਨੂੰ ਸੱਭ ਨੂੰ ਛੱਡ ਲੰਬੀ ਨੀਂਦ ਵਿੱਚ ਚਲਾ ਗਿਆ।ਦਿਲ ਬਹੁਤ ਰੋਇਆ ।ਦੋ ਤਿੰਨ ਦਿਨ ਵਿੱਚ ਕੁਦਰਤ ਦਾ ਸੋਹਣਾ ਜੀਵ ਮੋਹ ਚ ਭਿਉਂ ਕੇ ਸਦਾ ਲਈ ਅਲਵਿਦਾ ਕਹਿ ਗਿਆ।ਬਿਲੀ ਦੀ ਬੁਰਕੀ ਤੋਂ ਤਾਂ ਬਚਾਅ ਲਿਆ,ਪਰ ਹੋਣੀ ਨੂੰ ਟਾਲ ਨਾ ਸਕੀ ਮੈਂ।'ਜੀਅ ਭਿਆਣਾ ਜੀਅ ਲੈ ਕੇ ਫੁਰਰ ਹੋ ਗਿਆ।ਅੰਦਰਲੀ ਚੁੱਪ ਪੁਛਦੀ ਹੈ,ਮਿੱਠੂ ਨੇ ਚਲੇ ਹੀ ਜਾਣਾ ਸੀ ਤੇ ਆਇਆ ਹੀ ਕਿਉਂ ਸੀ ਸਾਡੀ ਦੁਨੀਆਂ ਚ?

ਕੁਦਰਤ ਦੇ ਇਸ ਖੇਲ ਤੇ ਬੜੀ ਹੈਰਾਨੀ ਹੁੰਦੀ ਹੈ ਕਿ ਬੜਾ ਚਿਰ ਹੋ ਗਿਆ ਸੀ ਤੋਤਿਆਂ ਦੀਆਂ ਡਾਰਾਂ ਨੂੰ ਵੇਖਿਆਂ ਉਹਨਾ ਨੂੰ ਕਿਵੇਂ ਪਤਾ ਲਗਾ ਕਿ ਉਹਨਾਂ ਦਾ ਬੇਬੀ ਸਾਡੇ ਵਿਹੜੇ ਹੈ ਤੇ ਸਾਡੇ ਬਗੀਚੇ ਵਿੱਚ ਖੇਡ ਰਿਹਾ ਹੈ।ਮਿਠੂ ਦੇ ਜਾਣ ਤੋਂ ਬਾਦ ਉਹ ਫਿਰ ਅਜੇ ਤੱਕ ਕਦੇ ਨਜ਼ਰ ਨਹੀਂ ਆਏ,ਹੈਰਾਨਕੁਨ ਵਾਕਿਆ ਹੈ।

" ਮੁਹੱਬੱਤ ਵੋ ਮਸੀਹਾ ਹੈ ਜੋ ਜਖ਼ਮ ਦੇਤਾ ਹੈ "॥-

" ਕਿਆ ਰੁਖ਼ਸਤ-ਏ ਯਾਰ ਵੋ ਘੜੀ ਥੀ,

ਹੰਸਤੀ ਹੂਈ ਰਾਤ ਰੋ ਪੜੀ ਥੀ—"।॥

" ਮੈਂ ਨੇ ਰੱਖਾ ਹੈ ਮਹੱਬਤ ਅਪਨੇ ਅਫ਼ਸਾਨੇ ਕਾ ਨਾਮ



ਤੁਮ ਭੀ ਕੋਈ ਅੱਛਾ ਸਾ ਰੱਖ ਲੋ ਅਪਨੇ ਦੀਵਾਨੇ ਕਾ ਨਾਮ "।



## "ਤਾਰੇ ਜਮੀਂ ਪੇ"

"ਕਲ ਦੇਖਾ ਏਕ ਆਦਮੀ ਅਟਾ ਸਫ਼ਰ ਕੀ ਧੂਲ ਮੇਂ

ਗੁਮ ਥਾ ਅਪਨੇ ਆਪ ਮੇਂ,ਜੈਸੇ ਖ਼ੁਸ਼ਬੂ ਫੂਲ ਮੇਂ"

ਭਾਰਤ ਮਹਾਨ ਨੇ ਐਸੀਆਂ ਐਸੀਆ ਹਸਤੀਆਂ ਦੁਨੀਆਂ ਨੂੰ ਦਿੱਤੀਆਂ ਹਨ ਜੋ ਆਸਮਾਨ ਦਾ ਸਿਤਾਰਾ ਹਨ।ਐਸਾ ਕੋਈ ਵੀ ਖੇਤਰ ਨਹੀਂ ਜਿਸ ਵਿੱਚ ਭਾਰਤ ਮਨੀਟਰ ਨਾਂ ਰਿਹਾ ਹੋਵੇ।ਸੱਭ ਤੋਂ ਪੁਰਾਣੀ ਸਭਿਅਤਾ ਦੇ ਨਾਲ ਜੀਰੋ ਭਾਰਤ ਨੇ ਬਣਾਈ,ਦਸ਼ਮਲਵ ਭਾਰਤ ਨੇ ਬਣਾਇਆ,ਗਣਿਤ ਦਿੱਤਾ-ਅਲਜਬਰਾ ਜਮੇਟਰੀ ਭਾਰਤ ਨੇ ਦਿਤਾ ਦੁਨੀਆਂ ਨੂੰ।ਜਿਥੇ ਦੁਨੀਆ ਦੇ ਵੱਡੇ ਵੱਡੇ ਵਿਗਿਆਨੀ ਆਪਣਾ ਗਿਆਨ ਲੜਾਉਂਦੇ ਰਹਿੰਦੇ ਹਨ,ਉਥੇ ਭਾਰਤ ਨੇ ਜੁਗਾੜ ਤਕਨੌਲੋਜੀ ਦੀ ਜੁਗਤ ਵਿਦਿਆ ਇਸਤੇਮਾਲ ਕਰ ਕੇ ਵੱਡੇ ਵੱਡੇ ਮਸ਼ਕੂਲੇ ਹੱਲ ਕਰ ਦਿੱਤੇ।ਨਿਕੀਆਂ ਨਿਕੀਆਂ ਪੇਂਡੂ ਖੇਡਾਂ ਨੇ ਦੁਨੀਆਂ ਨੂੰ ਕਮਾਊ ਖੇਡਾਂ ਬਣਵਾ ਦਿੱਤੀਆਂ,ਜਿੰਦਾ ਮਿਸਾਲ ਹੈ ਗੁੱਲੀ ਡੰਡਾ ਤੋਂ ਬਣੀ ਕਰਿਕਟ,ਖਿਦੋ ਖੂੰਡੀ ਤੋਂ ਬਣੀ ਹਾਕੀ ਤੇ ਸਕੌਸ਼।ਭਾਰਤੀ ਵੇਦਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਚਾਰਣ ਅਨਸਾਰ ਨਾਸਾ ਨੇ ਪੁਲਾੜ ਵਿੱਚ ਕਦਮ ਲਾਉਣ ਦਾ ਸੁਪਨਾ ਵੇਖਿਆ ਤੇ ਪੂਰਾ ਕੀਤਾ।ਮਹਾਂਭਾਰਤ ਵਿੱਚ ਵਰਤੇ ਗਏ ਸ਼ਸਤਰਾਂ ਦੀ ਮਿਸਾਲ ਵਿੱਚ ਮਿਜ਼ਾਈਲ ਤੇ ਹੋਰ ਰੀਮੋਟ ਕੰਟਰੋਲ ਤਿਆਰ ਕੀਤੇ ਗਏ।

ਇਹ ਸਾਰਾ ਕੁਝ ਕਰਨ ਵਾਲੇ ਸਿਤਾਰੇ ਜਮੀਨ ਤੇ ਹੀ ਸਨ ਤੇ ਹੁਣ ਵੀ ਹਨ।ਇਹ ਤਾਰੇ ਹਰ ਖੇਤਰ ਵਿੱਚ ਨਾਮਣਾ ਖੱਟ ਚੁੱਕੇ ਹਨ-ਸਮਾਜਿਕ,ਭੋਤਿਕ ਬੌਧਿਕ,ਪਤਾਲ ,ਪੁਲਾੜ,ਸਮੁੰਦਰ,ਪਹਾੜ,ਜੰਗਲ,ਮਿੱਟੀ, ਵਿਦਿਆ ਦਾ ਖੇਤਰ ਗਣਿਤ,ਅੰਕੜੇ,ਅਰਥ ਸ਼ਾਸਤਰ,ਯੋਗ ਸ਼ਾਸਤਰ,ਅਯੁਰਵੇਦ ਸ਼ਾਸਤਰ,ਸ਼ਿਲਪਕਾਰੀ,ਚਿਤਰਕਾਰੀ,ਸੰਗੀਤ,ਨਾਚ,ਬਾਗਬਾਨੀ, ਮਨੋਰੰਜਨ ਦੇ ਖੇਤਰ ਵਿੱਚਲੇ ਕਲਾਕਾਰ,ਗਾਇਕ ਫਿਲਮੀ ਸਿਤਾਰੇ,ਤੇ ਜੋ ਅੰਬਰਾਂ ਨੂੰ ਛੂਹ ਚੁੱਕੇ ਹਨ,ਜਮੀਂ ਦੇ ਤਾਰੇ।

ਕੁਝ ਅਮਰ ਤਾਰੇ ਹਨ ਤੇ ਕੁਝ ਟਿਮਟਿਮਾ ਰਹੇ ਹਨ ਤੇ ਬਹੁਤ ਸਾਰੇ ਚਮਕ ਰਹੇ ਹਨ,--ਬਹੁਤ ਚਿਰ ਮੈਂ ਕਿਤੋਂ ਪੜ੍ਹਿਆ ਸੀ ਕਿ ਸਿਲਾਈ ਮਸ਼ੀਨ ਦੀ ਕਾਢ ਕੱਢਣ ਵਾਲਾ ਭਾਰਤ ਹੀ ਦਾ ਲਾਲ ਸੀ ਪਰ ਇਸਨੂੰ ਵਿਕਸਿਤ ਇੰਗਲੈਂਡ ਵਿੱਚ ਕੀਤਾ ਗਿਆ,ਪਰ ਦੇਸੀ ਮਸ਼ੀਨ ਅੱਜ ਤੱਕ ਖੂਬ ਚਲ ਰਹੀ ਹੈ।ਪਾਤਾਲ ਵਿਚੋਂ ਖਣਿਜ ਪਦਾਰਥ ਲੱਭਣ ਦਾ ਹੀਆ ਭਾਰਤ ਤੋਂ ਹੋਇਆ।ਰੇਤ ਵਿਚੋਂ ਸੋਨਾ ਚਾਂਦੀ ਹੀਰੇ ਮੋਤੀ ਕੱਢ ਮਾਰੇ। ਜਿਸ ਉਮਰ ਵਿੱਚ ਗਣਿਤ ਤੋਂ ਬੱਚੇ ਡਰਦੇ ਹਨ ਉਸ ਉਮਰ ਵਿੱਚ ਰਮਾਨੁਜਨ ਗਣਿਤ ਦਾ ਕੰਪਿਓਟਰ ਬਣ ਸਾਹਮਣੇ ਆਇਆ।ਉਸ ਵਕਤ ਕਲਕੁਲੇਟਰ / ਕੰਪਿਊਟਰ ਈਜਾਦ ਹੀ ਨਹੀਂ ਸੀ ਹੋਇਆ,ਜੋ ਜਮਾਂਦਰੂ ਇਸਦੇ ਦਿਮਾਗ ਵਿੱਚ ਫਿੱਟ ਕੀਤਾ ਕੁਦਰਤ ਨੇ।

ਸਵਾ ਸਦੀ ਪਹਿਲਾਂ ਮਦਰਾਸ ਦੀ ਧਰਤੀ ਤੇ ਆਇਆ ਰਾਮਾਨੁਜਨ ਨੇ ਜੋ ਗਣਿਤ ਦੇ ਪੂਰਨੇ ਪਾਏ ਉਹਨਾ ਤੇ ਅੱਜ ਤੱਕ ਅਮਰੀਕਾ ਵੀ ਰਸਕ ਕਰਦਾ ਚਲਦਾ ਜਾ ਰਿਹਾ ਹੈ। ਬੰਗਾਲ ਦੇ ਅੰਮ੍ਰਿਤਯ ਸੇਨ ਨੂੰ ਅਰਥ ਸ਼ਾਸਤਰ ਲਈ ਸੁਪਰ ਪਾਵਰ ਅਮਰੀਕਾ ਨੇ ਨੋਬਲ ਪਰਾਈਜ਼ ਦਿੱਤਾ।ਰੋੜੀ ਕੁਟਦਾ 'ਖਲੀ' ਭਲਵਾਨੀ ਕਰਦਾ ਕਈ ਗੋਲਡ ਮੈਡਲ ਲੈ ਆਇਆ।ਦੂਰ ਬਾਦ ਵਿੱਚ ਜਾਨੇ ਹਾਂ ਪਹਿਲਾਂ ਹੁਣੇ ਹੁਣੇ ਦੇ ਤਾਰੇ ਸਿਤਾਰੇ ਨੂੰ ਮਿਲ ਲਈਏ। 'ਚਾਣਕੀਆ' ਨਾਮ ਦਾ ਬੱਚਾ  ਜਦ ਤੋਂ ਬੋਲਣਾ ਸਿਖਿਆ ਹਰ ਵਿਸ਼ੇ ਤੇ ਉਸਤਾਦ ਸਾਬਤ ਹੋ ਰਿਹਾ ਹੈ।ਇਸਦੀ ਉਮਰ ਇਸ ਵਕਤ ਕੇਵਲ ਸੱਤ ਸਾਲ ਹੈ ਤੇ ਇਹ ਐਸਾ ਕੋਈ ਸਵਾਲ ਨਹੀਂ ਜੋ ਇਹ ਹੱਲ ਨਹੀਂ ਕਰ ਸਕਦਾ, ਕੋਈ ਸਵਾਲ ਪੁਛ ਲਓ ਸਕਿੰਟਾਂ ਵਿੱਚ ਜਵਾਬ ਹਾਜ਼ਰ।ਸਾਢੇ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਨੇ ਪਾਂਧਾ ਪੜ੍ਹਾਇਆ ਸੀ ਤੇ ਇਸ ਸਦੀ ਵਿੱਚ ਚਾਣਕਆ ਨੇ ਅਪਣੇ ਉਸਤਾਦਾਂ ਨੂੰ ਪੜ੍ਹਾ ਦਿਤਾ ਹੈ।ਜਿਵੇਂ ਰੱਬ ਨੇ ਇਸਦੇ ਨਿਕੇ ਜਿਹੇ ਦਿਮਾਗ ਵਿੱਚ ਸੱਭ ਕੁਝ ਸੇਵ ਤੇ ਫਿਡ ਕਰ ਕੇ ਭਾਰਤ ਦੀ ਧਰਤੀ ਤੇ ਉਤਾਰ ਦਿੱਤਾ ਹੋਵੇ।ਇਸਦੇ ਮਾਂਬਾਪ ਵੀ ਜਿਆਦਾ ਪੜ੍ਹੇ ਨਹੀਂ ਹਨ।

ਡਾ.ਅਬਦੁੱਲ ਕਲਾਮ ਅਜ਼ਾਦ'ਸਾਬਕਾ ਰਾਸ਼ਟਰਪਤੀ ਜੀ' ਜਿਹਨਾਂ ਨੂੰ ਮਿਜ਼ਾਈਲ ਮੈਨ ਕਿਹਾ ਜਾਂਦਾ ਹੈ,ਵਿਗਿਆਨ ਵਿੱਚ ਅੰਬਰਾਂ ਨੂੰ ਟਾਕੀ ਲਾ ਆਏ ਤੇ ਧਰਤੀ ਤੇ ਸਿਤਾਰਾ ਬਣ ਥਾਂ ਥਾਂ ਟਹਿਕਣ ਲਗੇ।

ਬਾਬਾ ਰਾਮਦੇਵ ਕੋਲ ਕੋਈ ਤਸਦੀਕਸ਼ੁਦਾ ਸ਼ੰਨਦ ਨਹੀਂ ਹੈ,ਮਗਰ ਸਿਹਤ ਵਿਗਿਆਨ

ਤੇ ਇਤਿਹਾਸ ਦਾ ਰਸੀਆ ਹੈ,ਹਰ ਅੰਕੜਾ ਉਸਦੇ ਟਿਪਸ ਤੇ ਹੈ।ਰਹਿੰਦੀ ਦੁਨੀਆਂ ਤੱਕ ਤਾਰਾ ਬਣ ਚਮਕੇਗਾ ਬਾਬਾ।

ਸੰਗੀਤ ਦੇ ਤਾਰਿਆਂ ਵਿੱਚ ਇਸ਼ਮੀਤ ਲੁਧਿਆਣਾ ਦਾ ਨਾਮ ਲੈਣਾ ਬਣਦਾ ਹੈ।

ਅਨਵਰ ਅਲੀ ਜਿਸਦਾ ਐਕਸੀਡੈਂਟ ਕਾਰਨ ਅੱਖਾਂ ਸਮੇਤ ਕਈ ਅੰਗ ਨਕਾਰਾ ਹੋ ਗਏ,ਪਰ ਉਸਦੇ ਦਿਮਾਗ ਵਿੱਚ ਦੋ ਸੌ ਸਾਲ ਪਹਿਲਾਂ ਦਾ ਕੈਲੰਡਰ ਛਪ ਗਿਆ ਹੈ,ਜਦੋਂ ਜੋ ਜਾਣਨਾ ਚਾਹੋ ਸਕਿੰਟਾਂ ਵਿੱਚ ਸਹੀ ਜਵਾਬ ਮਿਲਦਾ ਹੈ,ਤੇ ਇੰਜ ਹੀ ਹਿਸਾਬ ਕਿਤਾਬ। ਉਹ ਲੜਕਾ ਜਿਸਨੇ ਸਾਈਕਲ ਦੀ ਊਰਜਾ ਨਾਲ ਪਾਣੀ ਗਰਮ ਕਰ ਲਿਆ। ਤੇ ਉਹ ਜਿਸਨੇ ਹੁਣੇ ਜਿਹੇ ਪਾਣੀ ਦੀ ਊਰਜਾ ਨਾਲ ਕਾਰ ਚਲਾਈ,ਸੂਰਜੀ ਊਰਜਾ ਦੀ ਬੈਟਰੀ ਬਣ ਕੇ ਕਾਰ ਸੜਕ ਤੇ ਖੁਬ ਦੌੜ ਰਹੀ ਹੈ।

ਕਲਪਨਾ ਚਾਵਲਾ ਤੇ ਸੁਨੀਤਾ ਵਿਲੀਅਮ ਨੂੰ ਕੌਣ ਨਹੀਂ ਜਾਣਦਾ।

ਡਾ. ਸੀ.ਵੀ.ਰਮਨ  ਵਿਗਿਆਨ ਦੇ ਖੇਤਰ ਵਿੱਚ ਉਸ ਵਕਤ ਕੂਦੇ ਜਦ ਵਿਗਿਆਨ  ਦਾ ਜਨਮ ਹੀ ਹੋਇਆ ਸੀ ਤੇ ਫਿਰ ਸਿਤਾਰਾ ਬਣ ਟਹਿਕ ਗਏ,ਉਹਨਾਂ ਦੀ ਦੇਣ ਪੂਰੀ ਦੁਨੀਆਂ ਲਈ ਤੋਹਫਾ ਹੈ।



"ਕੌਨ ਕਹਤਾ ਹੈ ਆਸਮਾਂ ਮੇਂ ਛੇਦ ਨਹੀਂ ਹੋ ਸਕਤਾ

ਓਕ ਪੱਥਰ ਤੋ ਦਿਲ ਸੇ ਉਛਾਲੋ ਯਾਰੋ "॥

"ਮਾਨਾ ਕਿ ਇਸ ਜਮੀਂ ਕੋ ਗੁਲਜ਼ਾਰ ਨਾਂ ਕਰ ਸਕੇ ਹਮ

ਕੁਸ਼ ਖਾਰ ਤੋ ਕਮ ਕਰ ਗਏ,ਗੁਜਰੇ ਜਿਧਰ ਸੇ ਹਮ "  ।॥

## "ਯੁੱਗ ਯੁੱਗ ਜੀਅ ਵੇ ਸੂਰਜਾ"

ਜਿਸ ਤਰਾਂ ਧਰਤੀ ਤੇ ਚੰਦਰਮਾ ਘੁੰਮਦੇ ਹਨ ਇਸ ਤਰਾਂ ਵਿਗਿਆਨ ਦਾ ਕਹਿਣਾ ਹੈ ਕਿ ਸੂਰਜ ਵੀ ਸਥਿਰ ਨਹੀਂ ਹੈ।ਯਾਨੀ ਕਿ ਪੂਰਾ ਸੌਰ ਮੰਡਲ ਘੁੰਮਣ ਘੋਰ ਵਿੱਚ ਹੈ।ਇਸਦੀ ਪੁਸ਼ਟੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜ ਸੌ ਸਾਲ ਪਹਿਲਾਂ ਆਪਣੇ ਇਹਨਾਂ ਕਥਨਾਂ ਨਾਲ ਕੀਤੀ ਸੀ,"ਭੈ ਵਿੱਚ ਸੂਰਜ,ਭੈ ਵਿੱਚ ਚੰਦ,॥ਕੋਹ ਕਰੋੜੀ ਚਲਤ ਨਾਂ ਅੰਤ॥"-ਭੈ।ਭਾਵ 'ਹੁਕਮ'।ਤੇ ਹੁਕਮ ਤੋਂ ਭਾਵ'ਕੁਦਰਤ ਦਾ ਨਿਯਮ ਹੈ। ਸੌਰ ਪਰਿਵਾਰ ਇਕ ਹੁਕਮ ਵਿੱਚ ਬੱਝਾ ਕਰੋੜਾਂ ਮੀਲ ਚੱਕਰ ਕੱਟ ਰਿਹਾ ਹੈ ਤੇ ਇਿਸ ਸਫ਼ਰ ਦਾ ਕੋਈ ਅੰਤ ਨਹੀਂ ਹੈ।ਇਹ ਘੁੰਮਣ ਘੇਰ ਵੀ ਕੁਦਰਤ ਦੇ ਨਿਯਮਾਂ ਕਾਰਨ ਹੀ ਬਣਿਆ ਹੈ।

ਗੇਲੀਲੀਓ ਦੇ ਇਸ ਕਹਿਣੇ ਨੂੰ ਕਿ ਸੂਰਜ ਸਥਿਰ ਹੈ ਮੰਨਵਾਉਣ ਲਈ ਬਹੁਤ ਜਦੋਜਹਿਦ ਕਰਨੀ ਪਈ ਸੀ ਕਿਉਂਕਿ ਗੁਰੂ ਨਾਨਕ ਦੇਵ ਜੀ ਉਸ ਤੋਂ ਪਹਿਲੇ ਦੱਸ ਚੁੱਕੇ ਸਨ ਕਿ ਇਸ ਸੰਸਾਰ ਵਿੱਚ ਕੁਝ ਵੀ ਸਥਿਰ ਨਹੀਂ-ਨਾਂ ਜਲ ਨਾਂ ਥਲ ਤੇ ਨਾਂ ਅਕਾਸ਼'।ਵੇਦਾਂ ਵਿੱਚ ਵੀ ਇਸਦਾ ਵਿਵਰਣ ਮਿਲਦਾ ਸੀ,ਪਰ ਚੂੰ ਕਿ ਗੁਰੂ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਮਕਿਤ ਹੈ ਤੇ ਬਹੁਤ ਬਾਦ ਵਿੱਚ ਵਿਗਿਆਨੀ ਇਸ ਤੇ ਅਮਲ ਕਰਨ ਲਗੇ ਤੇ ਪੂਰੇ ਸਫ਼ਲ ਹੋਣ ਲਗੇ।ਨਾਸਾ ਦੇ ਵਿਗਿਆਨੀਆਂ ਨੇ ਇਸੀ ਮੁਤਾਬਕ ਹੀ ਪੁਲਾੜ ਤੇ ਪਤਾਲ ਖੋਜਾਂ ਕੀਤੀਆਂ,ਗੁਰੂਜੀ ਨੇ ਕਿਹਾ ਸੀ'ਲੱਖ ਪਤਾਲਾ ਪਤਾਲ,ਲੱਖ ਆਗਾਸਾ ਆਗਾਸ,ਧਰਤੀ ਹੋਰ ਪਰੇ ਹੋਰ'ਭਾਵ ਕਿ ਆਕਾਸ਼ ਲੱਖਾਂ ਹਨ,ਧਰਤੀ ਵੀ ਇਹ ਨਹੀਂ ਜੋ ਦਿਖਾਈ ਦੇਂਦੀ ਹੈ,ਇਸ ਤੋਂ ਵੀ ਅੱਗੇ ਹੈ।ਗੁਰੂ ਜੀ ਦੀ ਬਾਣੀ ਮੁਤਾਬਕ ਖੋਜਾਂ ਹੋਈਆਂ ਤੇ ਕਈ ਵਰ੍ਹੇ ਬਾਦ ਇਸਨੂੰ ਮਾਨਤਾ ਮਿਲੀ,ਕਿਉਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਾਕ ਪਵਿਤਰ ਨਿਰੋਲ ਸਿੱਖ ਧਾਰਮਿਕ ਗ੍ਰੰਥ ਮੰਨ ਕੇ ਕੁਝ ਸਵਾਰਥੀ ਲੋਕਾਂ ਨੇ ਇਸ ਨੂੰ ਆਪਣੇ ਤੱਕ ਮਹਿਦੂਦ ਕਰਕੇ, ਇਸ ਨੂੰ ਵਪਾਰਕ ਬਣਾ ਲਿਆ।

ਵਿਦਿਆ ਦਾ ਉਦੈ ਹੁੰਦੇ ਇਸ ਦੇ ਸਰਲਾਥ ਸਮਝੇ ਗਏ ਤੇ ਖੋਜ ਹੋਈ ਕਿ ਸੂਰਜ ਦੀ ਉਮਰ ਸਾਢੇ ਚਾਰ ਅਰਬ ਸਾਲ ਦੀ ਹੈ।ਸੂਰਜ ਦੇ ਉੱਤੇ ਕਈ ਕਾਲੇ ਰੰਗ ਦੇ ਧੱਬੇ ਹਨ।ਇਹਨਾਂ ਧੱਬਿਆਂ ਦੀ ਗਿਣਤੀ ਸਮੇ ਨਾਲ ਬਦਲਦੀ ਰਹਿੰਦੀ ਹੈ,ਹਰ 11 ਸਾਲ ਬਾਦ ਇਹਨਾ ਦੀ ਗਿਣਤੀ ਵੱਧ ਜਾਦੀ ਹੈ ਧਰਤੀ ਤੇ ਜੀਵਨ ਸੂਰਜ ਤੋਂ ਆਉਣ ਵਾਲੀ ਰੌਸ਼ਨੀ ਸਦਕਾ ਹੈ,ਇਹ ਰੌਸ਼ਨੀ ਧੁੱਪ ਦੇ ਨਾਮ ਨਾਲ ਜਾਣੀ ਜਾਂਦੀ ਹੈ।ਜੇ ਧੁੱਪ ਖਤਮ ਹੋ ਜਾਏ ਤਾਂ ਧਰਤੀ ਤੋਂ ਪੂਰਾ ਜੀਵਨ ਖਤਮ ਹੋ ਜਾਏਗਾ।ਜਿਵੇਂ ਕਿ ਗੁਰੂ ਜੀ ਨੇ ਦਸਿਆ,' ਸੱਭ ਮਹਿ ਜੋਤ,ਜੋਤ ਹੈ ਸੋਇ,ਤਿਸ ਦੇ ਚਾਨਣ ਸਭੱ ਮਹਿ ਚਾਨਣ ਹੋਇ,ਗੁਰ ਸਾਖੀ ਜੋਤ ਪ੍ਰਗਟ ਹੋਇ'।ਇਸ ਦਾ ਅਰਥ ਹੈ 'ਸੂਰਜ ਦੀ ਹੋਂਦ ਹਰ ਜੀਵ ਤੇ ਨਿਰਜੀਵ ਵਿੱਚ ਹੈ ਤੇ ਇਸਦਾ ਹੋਣਾ ਲਾਜਿਮ ਹੈ।ਰੁੱਖ ਅਤੇ ਵਨਸਪਤੀ ਮਿੱਟੀ,ਪਾਣੀ ਤੇ ਸੂਰਜ ਦੀ ਧੁੱਪ/ਰੌਸ਼ਨੀ ਨਾਲ



ਮਿਲ ਕੇ ਆਪਣੀ ਖੁਰਾਕ ਪੈਦਾ ਕਰਦੇ ਹਨ।ਇਹ ਚੁਰਾਸੀ ਲੱਖ ਜੂਨ,ਪੇੜ ਪੌਦੇ,ਧਰਤੀ ਸੱਭ ਖਤਮ ਹੋ ਜਾਵੇਗਾ ਜੇ ਸੂਰਜ ਮਰ ਜਾਵੇ ਤਾਂ( ਹਾੜਾ ਨਾਂ ਮਰੀ ਵੇ ਸੂਰਜਾ)'

ਇਕ ਵਿਅਕਤੀ ਦੀਆਂ ਦੋ ਬੇਟੀਆਂ ਸਨ,ਇਕ ਬੇਟੀ ਮਿੱਟੀ ਭਾਡੇ ਬਣਾਉਣ ਵਾਲੇ ਨਾਲ ਵਿਆਹੀ ਸੀ ਤੇ ਇਕ ਖੇਤੀ ਕਿਸਾਨ ਨਾਲ ਵਿਆਹੀ ਸੀ।ਇਕ ਬੇਟੀ ਨੇ ਆਪਣੇ ਪਿਤਾ ਨੂੰ ਕਿਹਾ 'ਬਾਬਾ,ਦੁਆ ਕਰੋ ਇਸ ਸਾਲ ਮੀਂਹ ਨਾ ਪਵੇ ਤੇ ਖੂਬ ਧੁੱਪ ਲਗੇ ਤਾਂ ਕਿ ਸਾਡੇ ਬਹੁਤ ਸਾਰੇ ਭਾਡੇ ਸੁੱਕ ਪੱਕ ਜਾਣ ਤੇ ਸਾਡੇ ਵਪਾਰ ਵਿੱਚ ਵਾਧਾ ਹੋਵੇ'।ਦੂਸਰੀ ਬੇਟੀ ਆਈ ਤੇ ਉਸਨੇ ਆਪਣੇ ਪਿਤਾ ਨੂੰ ਕਿਹਾ,'ਬਾ ਬਾਬਾ ਦੁਆ ਕਰਨਾ'ਇਸ ਸਾਲ ਭਰਪੂਰ ਬਾਰਿਸ਼ ਹੋਵੇ ਤੇ ਸਾਡੀ ਅੱਛੀ ਫਸਲ ਹੋਵੇ'।ਬਾਬਾ ਕਰੇ ਤੇ ਕੀ ਕਰੇ?ਹੋਣਾ ਤਾਂ ਉਹੀ ਜੋ ਕੁਦਰਤ ਨੂੰ ਮੰਨਜ਼ੂਰ ਹੋਵੇ ਤੇ ਸੂਰਜ/ਧੁੱਪ ਤਾ ਕੁਦਰਤ ਦੇ ਨੇਮਾਂ ਦੇ ਗੁਲਾਮ ਹਨ।ਕਾਇਨਾਤ ਵਿੱਚ ਸੰਤੁਲਨ ਬਣਾਏ ਰੱਖਣ ਲਈ ਨੇਮਾਂ ਦਾ ਪਾਲਣ ਜਰੂਰੀ ਹੈ।"

ਹਾੜ ਦੀ ਤੱਪਦੀ ਲੋਅ ਤੋਂ ਘਬਰਾ ਕੇ ਕਈ ਵਾਰ ਅਰਦਾਸ ਕਰੀਦੀ ਹੈ,'ਸੂਰਜ ਕਿਤੇ ਮਰ ਖੱਪ ਜਾਵੇ ਸ਼ਾਲਾ ਬਰਸਾਤ ਆਵੇ।ਹਾੜ ਦੀ ਮੌਤ ਤੇ ਸਾਵਣ ਦੇ ਜਨਮ ਦੀਆਂ ਦੁਆਵਾਂ ਮੰਗਦੇ ਸੱਭ ਜੀਵ ਜੰਤੂ ਮੂੰਹ ਅੱਡੀ ਖੜ੍ਹੇ ਹੁੰਦੇ ਹਨ।

ਇਕ ਵਾਰ ਲਗਾਤਾਰ ਪੰਜ ਦਿਨ ਬਰਸਾਤ ਹੁੰਦੀ ਰਹੀ,ਸੂਰਜ ਸਾਹਿਬ ਕਿਤੇ ਖੂੰਜੇ ਲਗੇ ਰਹੇ ਕਿ ਇੰਦਰ ਜੀ ਨੇ ਜਿਵੇਂ ਸੂਰਜ ਨੂੰ ਘਰੇ ਕੈਦ ਕਰ ਦਿੱਤਾ ਹੋਵੇ,ਚਾਰੇ ਪਾਸੇ ਜਲ ਥਲ ਹੋ ਗਿਆ।ਜੀਵ ਨਿਰਜੀਵ ਸੱਬ ਖਾਣੇ ਨੂੰ ਤਰਸ ਗਏ,ਰੱਬ ਤੋਂ ਦੁਆਵਾਂ ਮੰਗਣ ਲਗੇ,ਹਾੜੈ ਕੱਢਣ ਲਗੇ।'ਸੂਰਜਾ ਸੂਰਜਾ ਮੱਘਦਾ ਜਾ,ਸਾਡੀ ਕੋਠੀ ਦਾਣੇ ਪਾ"।ਜਦ ਹਰ ਤਰਫ਼ ਹਾਲ ਪਾਹਰਿਆ ਮੱਚ ਗਈ ਤਾਂ ਕਾਦਰ ਨੇ ਜਾਨਦਾਰਾਂ ਤੋਂ ਪੁਛਿਆ," ਤੁਹਾਨੂੰ ਸੌ ਦਿਨ ਦੀ ਧੁੱਪ ਮੰਨਜੂਰ ਹੈ ਕਿ

ਚਾਰ ਦਿਨ ਦੀ ਝੜੀ'? ਤਾਂ ਉੱਤਰ ਮਿਲਿਆ,ਤੌਬਾ,ਸੌ ਦਿਨ ਦੀ ਧੁੱਪ ਚੰਗੀ ਹੈ"। ਤੇ ਕਾਦਰ ਦੀ ਕੁਦਰਤ ਨੇ ਜੇਠ,ਹਾੜ,ਤੇ ਭਾਦੋਂ ਸੌ ਦਿਨ ਧੁੱਪ ਤੇ ਸਾਉਣ ਦੇ ਸੌ ਮੀਂਹ ਬਣਾ ਕੇ ਸੰਤੁਲਨ ਸ਼ਡਿਊਲ ਬਣਾ ਦਿੱਤਾ।ਮਨੁੱਖ ਦੇ ਕਾਰਨਾਮਿਆਂ ਨੇ ਇਸ ਨੂੰ ਗਲੋਬਲ ਵਾਰਮਿੰਗ ਚ ਬਦਲ ਦਿੱਤਾ ਹੈ।

ਸੂਰਜ ਤੋਂ ਅੰਤਾਂ ਦੀ ਗਰਮੀ/ਰੌਸ਼ਨੀ ਹਰ ਪਲ ਨਿਕਲ ਰਹੀ ਹੈ।ਵਿਗਿਆਨੀਆਂ ਅਨੁਸਾਰ ਸੂਰਜ ਦੀ ਕੁਲ ਉਮਰ 10 ਅਰਬ ਸਾਲ ਹੈ ਇਸ ਵਕਤ ਸੂਰਜ ਲਗਭਗ ਆਪਣੀ ਅੱਧੀ ਉਮਰ ਹੰਢਾ ਚੁੱਕਾ ਹੈ।ਅੰਤਮ ਸਮੇਂ ਜਦ ਇਸ ਤੇ ਹਾਈਡਰੋਜਨ ਅਤੇ ਹੀਲੀਅਮ ਦਾ ਭੰਡਾਰ ਖਤਮ ਹੋ ਜਾਏਗਾ ਤਾਂ ਇਸਦਾ ਜਲੌਅ ਘੱਟ ਹੋ ਜਾਵੇਗਾ।ਤੇ ਉਹੀ ਸੂਰਜ ਜੀ ਦੀ ਮੌਤ ਹੋਵੇਗੀ।ਆਮ ਜਾਣੇ ਜਾਦੇ ਨੌਂ ਗ੍ਰਹਿ ਤੇ ਉਪ ਗ੍ਰਹਿ ਜਿਹਨਾਂ ਵਿੱਚ ਧਰਤੀ ਵੀ ਸ਼ਾਮਲ ਹੈ ਮਰਨ ਤੋਂ ਪਹਿਲੇ ਸੂਰਜ ਨਿਗਲ ਲਵੇਗਾ,ਤੇ ਕਰੋੜਾਂ ਅਰਬਾਂ ਸਾਲ ਪਹਿਲਾਂ ਧਰਤੀ ਦੇ ਜਨਮ ਤੋ ਪਹਿਲਾਂ ਵਾਂਗ ਹੋ ਜਾਵੇਗਾ ਸੱਭ ਕੁਝ।

ਸੂਰਜ ਊਰਜਾ ਦਾ ਅਥਾਹ ਭੰਡਾਰ ਹੈ,ਇਸਨੂੰ ਅੰਤਾਂ ਦੀ ਹਾਈਡਰੋਜਨ ਹਾਸਲ ਹੈ ਤੇ ਇਸਦੇ ਤੱਤ ਮਿਲ ਕੇ ਹੀਲ਼ੀਅਮ ਬਣਾਉਂਦੇ ਹਨ ਜਿਸ ਤੋਂ ਊਰਜਾ ਪੈਦਾ ਹੁੰਦੀ ਹੈ।ਸ਼ਇੰਸਦਾਨ ਐਲਬਰਟ ਆਇਨਸਟਾਇਨ ਅਨੁਸਾਰ ਊਰਜਾ ਅਤੇ ਪਦਾਰਥ ਬਦਲਣ ਯੋਗ ਹਨ।ਖਾਸ ਪ੍ਰਕਿਰਿਆ ਦੁਆਰਾ ਕਿਸੇ ਵੀ ਪਦਾਰਥ ਨੂੰ ਊਰਜਾ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।ਆਲੇ ਦੁਆਲੇ ਦਿਖਣ ਵਾਲਾ ਸੱਭ ਊਰਜਾ ਦੀ ਉਪਜ ਹੈ।ਬਹੁਤਾ ਸਮਾਂ ਨਹੀਂ ਹੋਇਆ,ਵੀਹਵੀਂ ਸਦੀ ਵਿੱਚ ਮਨੁੱਖ ਨੂੰ ਸਪਸ਼ਟ ਹੋ ਗਿਆ ਕਿ 'ਸ਼ਕਤੀ ਨੂੰ ਪਦਾਰਥ ਤੇ ਪਦਾਰਥ ਨੂੰ ਸਕਤੀ ਵਿੱਚ ਬਦਲਿਆ ਜਾ ਸਕਦਾ ਹੈ।ਆਇਨਸਟਾਇਨ ਨੇ ਇਸ ਬਦਲਾਅ ਦੀ ਕ੍ਰਿਆ ਤੇ ਕੰਮ ਕੀਤਾ ਅਤੇ ਇਸ ਕੰਮ ਨੇ ਸ਼ਾਂਤੀ ਤੇ ਲੜਾਈ ਵਿੱਚ ਵਰਤੀ ਜਾਂਦੀ ਸ਼ਕਤੀ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ।ਬ੍ਰਹਿਮੰਡ ਵਿਚਲੀ ਸ਼ਕਤੀ ਹਮੇਸ਼ ਸਥਿਰ ਰਹਿੰਦੀ ਹੈ।ਸ਼ਕਤੀ ਅਤੇ ਪੁੰਜ ਦਾ ਪਰਸਪਰ ਸਬੰਧ ਰੋਸ਼ਨੀ ਦੀ ਰਫ਼ਤਾਰ ਕਾਇਮ ਰੱਖਦਾ ਹੈ।

ਪੰਜ ਸਦੀਆਂ ਪਹਿਲਾਂ ਸ੍ਰੀ ਗੁਰੁ ਨਾਨਕ ਦੇਵ ਜੀ ਨੇ ਇਸ ਸਿਧਾਂਤ ਦੀ ਪੁਸ਼ਟੀ ਕਰ ਕੇ ਵਿਆਖਿਆ ਕੀਤੀ-ਹਰ ਵਸਤੂ ਊਰਜਾ ਤੋਨ ਬਣਦੀ ਹੈ ਤੇ ਉਸੀ ਵਿੱਚ ਸਮੋ ਜਾਂਦੀ ਹੈ," ਚੰਦ ਸੂਰਜੁ ਦੁਇ ਜੋਤਿ ਸਰੂਪ॥ਜੋਤੀ ਅੰਤਰਿ ਬ੍ਰਹਮ ਅਨੂਪੁ॥ਕਰੁ ਰੇ ਗਿਆਨੀ ਬ੍ਰਹਮ ਵਿਚਾਰੁ॥ਜੋਤੀ ਅੰਤਰਿ ਧਰਿਆ ਪਸਾਰੁ॥ਪੂਰਾ ਬ੍ਰਹਿਮੰਡ ਸਮੇਂ ਅਧੀਨ ਹੈ ਤੇ ਸੂਰਜ ਵੀ ਇਸੀਦਾ ਹਿੱਸਾ ਹੈ।ਸਾਰਾ ਬ੍ਰਹਿਮਢ ਨਾਸ਼ਮਾਨ ਹੈ।ਗੁਰਬਾਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਣ ਹੈ,"ਧਰਤਿ ਆਕਾਸ਼ ਪਾਤਾਲੁ ਹੈ ਚੰਦ ਸੂਰੁ ਬਿਨਾਸੀ॥ਤੇ ਵਿਗਿਆਨ ਦੀਆ ਕਰਾਮਤਾਂ ਇਹ ਸੱਭ ਸਪਸ਼ਟ ਸਿੱਧ ਕਰ ਰਹੀਆਂ ਹਨ।

ਕਾਦਰ ਤੇ ਕੁਦਰਤ ਦੇ ਨਿਯਮ ਜੀਵਾਂ ਦੇ ਜੀਵਨ ਦੇ ਅਨੁਕੂਲ ਸਨ , ਸੱਭ ਤੋਂ ਸਰਵੋਤਮ ਜੀਵ ਮਨੁੱਖ ਨੇ ਇਹਨਾਂ ਨਿਯਮਾਂ ਤੇ ਅਪਨੀ ਅਕਲ ਦਾ ਗਲਬਾ ਪਾ ਲਿਆ,ਸੱਭ ਕੁਝ ਆਪਣੇ ਅਧੀਨ ਕਰਨ ਦੀ ਲਾਲਸਾ ਵਿੱਚ ਬੜਾ ਕੁਝ ਤਹਿਸ ਨਹਿਸ ਕਰ ਦਿੱਤਾ।ਬੇਸ਼ੱਕ ਸੂਰਜ ਦੀ ਅਜੇ ਅੱਧੀ ਉਮਰ ਬਾਕੀ ਹੈ,ਪਰ ਜਿਸ ਲਿਹਾਜ਼ ਨਾਲ ਮੌਸਮਾਂ ਵਿੱਚ ਤਬਦੀਲੀ ਆ ਰਹੀ ਹੈ-ਮਸਲਨ ਸਾਵਣ ਦੇ ਸੌ ਮੀਂਹ ਨਹੀਂ ਰਹੇ ਤੇ ਬਹਾਰ ਲੇਟ ਅਤੇ ਥੁੜ ਚਿਰੀ ਹੋ ਗਈ ਹੈ,ਵਨਸਪਤੀ ਹੇਠੋਂ ਧਰਤ ਖੋਹ ਲਈ ਗਈ ਹੈ,ਜੀਵ ਨਿਰਜੀਵ ਬਾਰੂਦ ਦੇ ਢੇਰ ਤੇ ਬੈਠੈ ਹਨ।ਆਈਸਬਰਗ ਪਿਘਲ ਰਹੇ ਹਨ,ਭੁਚਾਲ,ਸੁਨਾਮੀ,ਆਮ ਹੋ ਰਹੇ ਹਨ,ਦਰਿਆ ਸੁੱਕ ਰਹੇ ਹਨ,ਕਈ ਨਦੀਆਂ ਆਪਣੀ ਹੋਂਦ ਗਵਾ ਚੁਕੀਆਂ ਹਨ।ਕੰਕਰੀਟ ਦੇ ਜੰਗਲਾਂ ਨੇ ਜਾਨਦਾਰ ਬੇਘਰ ਕਰ ਦਿੱਤੇ ਹਨ।ਧੁਰੋਂ ਇਹ ਨਿਯਮਤ ਹੈ ਕਿ ਬ੍ਰਹਿਮੰਡ ਦਾ ਹਰ ਪ੍ਰਾਣੀ ਇਕ ਦੂਜੇ ਤੇ ਨਿਰਭਰ ਹੈ ਤੇ ਇਕ ਦੂਜੇ ਦਾ ਪ੍ਰਤੀਪੂਰਕ ਹੈ,ਪਰ ਮਨੁੱਖ ਦੇ ਸਵਾਰਥ ਨੇ ਇਸ ਨਿਯਮ ਵਿੱਚ ਦਖ਼ਲਅੰਦਾਜ਼ੀ ਕਰ ਕੇ ਕਈ ਬਦਲਾਓ ਲਿਆ ਦਿੱਤੇ ਹਨ ਤੇ ਸੰਤੁਲਨ ਵਿਗਾੜ ਕੇ ਰੱਖ ਦਿੱਤਾ ਹੈ।ਓਜ਼ੋਨ ਦੀ ਪਰਤ ਜੋ ਸੂਰਜ ਵਲੋਂ ਆਉਂਦੀਆਂ ਪਰਾਬੇਂਗਨੀ ਕਿਰਨਾਂ ਤੇ ਜਹਿਰੀਲੀਆਂ ਗੈਸਾਂ ਨੂੰ ਆਪ ਪੀਕੇ ਹੇਠਾਂ ਆਉਣ ਤੋਂ ਰੋਕਦੀ ਸੀ,ਉਸ ਵਿੱਚ ਕਈ ਮਘੋਰੇ ਹੋ ਗਏ ਹਨ ਜੋ ਗਿਣਤੀ ਵਿੱਚ ਵਧਦੇ ਜਾ ਰਹੇ ਹਨ ਤੇ ਉਸਦੀ ਸਮੋ ਲੈਣ ਦੀ



ਸਖਸ਼ਮਤਾ ਘੱਟ ਰਹੀ ਹੈ। ਵਿਨਾਸ਼ ਦੀ ਇਹ ਦੌੜ ਸੂਰਜ ਦੀ ਉਮਰ ਘਟਾ ਰਹੀ ਹੈ,ਤੇ ਦੁਨੀਆਂ ਚਾਨਣ ਦੇ ਰਾਹਾਂ ਵਿੱਚ ਅੰਧਕਾਰ ਫੈਲਾਉਣ ਵੱਲ ਵੱਧ ਰਹੀ ਹੈ।

ਸੌਰ ਮੰਡਲ ਦੇ ਗਤੀ ਵਿੱਚ ਰਹਿਣ ਸਦਕਾ ਹੀ ਹਰ ਰਾਤ ਦੇ ਬਾਦ ਦਿਨ ਚੜ੍ਹਦਾ ਹੈ-ਇਕ ਪਲ ਲਈ ਕਿਆਸ ਕਰੋ ਜੇ ਹਮੇਸ਼ ਲਈ ਰਾਤ ਹੋ ਜਾਵੇ ਸੂਰਜ ਦਿਖਣੋਂ ਹਟ ਜਾਵੇ ਤੇ ਇਹ ਰੰਗਲੀ ਦੁਨੀਆਂ ਕਿਹੋ ਜਿਹੀ ਹੋਵਗੀ?ਇਸ ਵਿੱਚ ਕੀ ਰੱਸ ਹੋਵੇਗਾ?ਧਰਤੀ ਤਾਂ ਕੀ ਸਮੁੰਦਰ ਵਿਚਲੇ ਜੀਵ ਜੰਤੂ ਵੀ ਆਪਣੀ ਹੋਂਦ ਗਵਾ ਲੈਣਗੇ।ਪਹਾੜਾਂ ਦੀ ਬਰਫ਼ੀਲੀ,ਹਰੀ ਸੁੰਦਰਤਾ ਗੁਮ ਜਾਵੇਗੀ।ਇਸ ਤਰਾਂ ਦੀ ਕਾਇਨਾਤ ਬਾਰੇ ਖਿਆਲ ਆਉਂਦੇ ਹੀ ਅੱਖਾਂ ਅੱਗੇ ਹਨੇਰਾ ਛਾਣ ਲਗਦਾ ਹੈ।

ਮਿੱਟੀ,ਹਵਾ,ਪਾਣੀ,ਅਗਨੀ,ਆਕਾਸ਼,ਪੰਜ ਤੱਤਾਂ ਤੋਂ ਬਣੀ ਇਸ ਕਾਇਨਾਤ ਨੂੰ ਇਸ ਵਕਤ ਸੱਭ ਤੋਂ ਵੱਧ ਖਤਰਾ ਇਹਨਾਂ ਹੀ ਪੰਜ ਤੱਤਾ ਤੋਂ ਬਣੇ ਮਨੁੱਖ ਤੋਂ ਹੈ,ਜਿਸ ਨੂੰ ਅਨੁਸ਼ਾਸਨ ਭੁੱਲਦਾ ਜਾ ਰਿਹਾ ਹੈ ਤੇ ਜੋ ਗੁਰੂ ਨੂੰ ਮੰਨਣੋਂ ਇਨਕਾਰੀ ਹੋ ਰਿਹਾ ਹੈ। ਸੂਰਜ ਦੇਵਤਾ ਨੇ ਜੋ ਹੋਰ ਦੇਵਤੇ ਦਿੱਤੇ ਹਨ ਜਿਵੇਂ ਅੰਨ ਦੇਵਤਾ,ਪਾਣੀ ਦੇਵਤਾ,ਬੈਸੰਤਰ ਦੇਵਤਾ,ਲੂਣ ਪੰਜਵਾਂ ਪਾਇਆ ਘ੍ਰਿਤਿ।ਰਿਸ਼ੀ ਮੁਨੀ ਸੋਮ ਤੇ ਅਗਨੀ ਦੀ ਉਪਾਸਨਾ ਕਰਦੇ ਸਨ,ਤੇ ਹੁਣ ਵੀ ਕਰਦੇ ਹਨ,ਅਗਨੀ ਤੋਂ ਊਰਜਾ ਭਾਰਤ ਤੋਂ ਸ਼ੁਰੂ ਹੋਈ,ਇਸੇ ਤਰਾਂ ਸੌਰ ਊਰਜਾ ਦੀ ਪਹਿਲ ਵੀ ਭਾਰਤ ਦੀ ਕਾਢ ਹੈ,ਪਰ ਭਾਰਤ ਦੀ ਤ੍ਰਾਸਦੀ ਹੈ ਕਿ ਸਾਂਭਣ ਦਾ ਸੁਭਾਅ ਨਹੀਂ ਰੱਖਦਾ ਤੇ ਬਹੁਤ ਲਾਪ੍ਰਵਾਹ ਹੈ।

ਚੁਰਾਸੀ ਲੱਖ ਜੂਨ ਵਿੱਚੋਂ ਮਨੁੱਖ ਦੀ ਜੂਨ ਹੀ ਜਿਆਦਾ ਜਾਣਕਾਰ ਹੋ ਕੇ ਆਹੂ ਲਾਹ ਰਹੀ ਹੈ ਤੇ ਇਸ ਵਕਤ ਧਰਤੀ ਤੇ ਆਕਾਸ ਨੂੰ ਸੱਭ ਤੋਂ ਵੱਧ ਖਤਰਾ ਵੀ ਇਸੇ ਤੋਂ ਹੀ ਹੈ,ਜਿਸ ਕਦਰ ਵੱਡੇ ਪੱਧਰ ਤੇ ਤਬਦੀਲੀ ਆ ਰਹੀ ਹੈ ਉਸ ਨਾਲ ਸੂਰਜ ਦੀ ਉਮਰ ਵੀ ਘੱਟ ਸਕਦੀ ਹੈ ਤੇ ਧਰਤੀ ਘਟਦੀ ਤਾ ਦਿਖਾਈ ਦੇ ਰਹੀ ਹੈ।ਓਜ਼ੋਨ ਦੀ ਪਰਤ ਵਿੱਚ ਮਘੋਰੇ ਵੱਧਦੇ ਗਏ ਤਾਂ ਪੰਜ ਤੱਤਾਂ ਦਾ ਕੀ ਹੋਵੇਗਾ ਇਹ ਅਣਗੌਲਿਆ ਕਰਨਾ ਖੁਦ ਹੀ ਅਮਨ੍ਹੇ ਖੂਹ ਵਿੱਚ ਛਾਲ ਮਾਰਨ ਵਾਲੀ ਹਾਲਤ ਹੈ।ਬਾਬੇ ਨਾਨਕ ਨੇ ਇਹ ਵੀ ਉਚਾਰਣ ਕੀਤਾ ਸੀ ਕਿ "ਹੁਕਮੁ ਰੁਜਾਇ ਚਲਣਾ ਨਾਨਾਕ ਲਿਖਿਆ ਨਾਲ"-ਪਰ ਮਨੁੱਖ ਤਾਂ ਮਾਲਕ ਦੇ ਹੁਕਮ ਤੇ ਰਜ਼ਾ ਦੀ ਓਲੰਘਣਾ ਕਰਨਾ ਆਪਣਾ ਵਡਪਣ ਸਮਝਣ ਲਗ ਪਿਆ ਹੈ। ਆਪਣੀਆਂ ਕ੍ਰਿਆਵਾਂ ਤੇ ਪ੍ਰਤੀਕਿਰਆਵਾਂ ਨੂੰ ਸੀਮਤ ਕਰਨ ਦੇ ਨਾਲ ਅਰਦਾਸ ਕਰਨੀ ਬਣਦੀ ਹੈ ਕਿ ਮਿੱਟੀ ਦੀ ਦੁਆ ਕਦੇ ਬਦਦੁਆ ਨਾ ਬਣੇ ਤੇ ਪਿਤਾ ਸੂਰਜ ਦਾ ਸਾਇਆ ਸਦਾ ਕਾਇਮ ਰਹੇ।

ਪਿਆਰਿਆਂ ਨੂੰ ਪਿਆਰ ਦਾ ਨਿੱਘ ਵੀ ਬਖਸ਼ਦਾ ਹੈ ਸੂਰਜ---ਦਿਲਬਰਾਂ ਦੇ ਦਿਲ ਵਿੱਚ ਵਸਦਾ ਹੈ ਸੂਰਜ ਦੇਵਤਾ---

"" ਕਬ ਤੱਕ ਰਹੂੰਗੀ ਮੈਂ ਤੇਰੇ ਮਨ ਮੇਂ,ਹਾਂ ਮਨ ਮੇਂ

ਸੂਰਜ ਹੋਗਾ ਜਬ ਤੱਕ ਜਬ ਤੱਕ ਨੀਲ਼ ਗਗਨ ਮੇਂ ।

ਨਾਂ ਸੂਰਜ ਦੇਵਤਾ ਤੂੰ ਮਨੁੱਖ ਦਾ ਪੋਖੋ ਨਾ ਲਵੀਂ,ਯੁਗੋ ਯੁੱਗ ਜੀਅ ਵੇ ਦਾਤਾ।

ਸ਼ਾਲਾ! ਵੇ ਸੂਰਜਾ ਤੂੰ ਮੱਘਦਾ ਰਹੀਂ ਤੇ ਆਪਣੀਆਂ ਬਖਸ਼ਿਸ਼ਾਂ ਨਾਲ ਨਵਾਜਦਾ ਰਹੀਂ।

" ਐ ਸੂਰਜ ਤੂੰ ਕੀ ਜਾਣੈ, ਰਾਤ ਕਾ ਆਲਮ

ਕਿਸੀ ਰੋਜ ਆ ਮੇਰੇ ਘਰ ਮੇਂ ਸ਼ਾਮ ਕੇ ਬਾਦ "



## "ਆਸ ਟੈਕਸ ਸਵਾਸ ਟੈਕਸ"

ਸਿਆਣਿਆਂ ਦਾ ਕਹਿਣਾ ਹੈ ਕਿ ਆਸ ਹੈ ਤੇ ਸਵਾਸ ਹੈ।'

ਇਸ ਦਮ ਦਾ ਕੀ ਭਰਵਾਸਾ ਆਵੇ,ਆਵੇ, ਨਾ ਆਵੇ।

ਆਸ ਉਮੀਦ ਦੀਆਂ ਵਹਿੰਗੀਆਂ ਸਹਾਰੇ ਚਲਦੇ ਨੇ ਸਾਹ ਤੇ ਸਾਹ ਨਾਲ ਤੁਰਦੀ ਹੈ ਉਮਰ।

ਇਹ ਸੱਭ ਸਿਆਣੀਆਂ ਗਲਾਂ ਪੁਰਾਣੀਆਂ ਹੋ ਗਈਆਂ ਜਾਂ ਆਪਣੀ ਉਮਰ ਹੰਢਾ ਚੁਕੀਆਂ ਹਨ,ਜਿਸਨੂੰ ਅੰਗਰੇਜੀ ਵਿੱਚ ਆਉਟਡੇਟ ਕਹਿੰਦੇ ਹਨ।ਹੁਣ ਤੇ ਸਵਾਸ ਮੁੱਲ ਮਿਲਦਾ ਹੈ ਤੇ ਮੁੱਲ ਵਿੱਚ ਵੀ ਜਮ੍ਹਾ ਟੈਕਸ ਤੇ ਕੀਮਤ ਤਾਰ ਕੇ ਵੀ ਟੈਕਸ ਅਦਾ ਕਰਨਾ ਪੈਂਦਾ ਹੈ।

ਜਨਾਬ ਜਰਾ ਸੰਭਲ ਕੇ,,ਅਗਲਾ ਸਾਹ ਲੈਣ ਤੋਂ ਪਹਿਲਾਂ ਚੈਕ ਕਰ ਲੋ ਕਿ ਤੁਹਾਡੇ ਵਲੋਂ ਆਸ ਟੈਕਸ ਦਿੱਤਾ ਜਾ ਚੁਕਾ ਹੈ,?ਪਿਛਲੇ ਸਾਹ ਦੇ ਟੈਕਸ ਦੀ ਅਦਾਇਗੀ ਕਾਰਵਾਈ ਮੁਕੰਮਲ ਹੋ ਚੁਕੀ ਹੈ?ਯਾਦ ਰਹੇ ਟੈਕਸ ਦਾ ਆਡਿਟ ਵੀ ਹੁੰਦਾ ਹੈ ਤੇ ਆਡਿਟ ਵਾਲੇ ਦੂਤ ਜੁਰਮਾਨਾ ਵੀ ਪਰ ਸਵਾਸ ਪਾਉਂਦੇ ਹਨ।ਇਕ ਪਲ ਦੀ ਵੀ ਕੀਤੀ ਗਈ ਦੇਰੀ ਨਾਲ ਜਾਨ ਜਾ ਸਕਦੀ ਹੈ।

ਧਰਮਰਾਜ ਨੇ ਆਪਣੇ ਦੋ ਦੂਤਾਂ ਨੂੰ ਇਕ ਮਨੁੱਖ ਨੂੰ ਲੈਣ ਭੇਜਿਆ,ਦੂਤ ਕਿਸੇ ਹੋਰ ਨੂੰ ਲੈ ਕੇ ਧਰਮਰਾਜ ਦੇ ਦਰਬਾਰ ਖੁਸ਼ੀ ਖੁਸੀ ਜਾ ਹਾਜਰ ਹੋਏ।ਧਰਮਰਾਜ ਨੇ ਬੰਦਾ ਵੇਖਿਆ ਤਾਂ ਗੁੱਸੇ ਵਿੱਚ ਅੱਗ ਬਗੁਲਾ ਹੋ ਗਿਆ,ਸੱਤੀਂ ਕਪੜੀਂ ਅੱਗ ਲਗ ਗਈ ਧਰਮਰਾਜ ਨੂੰ,ਉਹ ਕੜਕ ਕੇ ਬੋਲਿਆ," ਸਦੀਆਂ ਤੋਂ ਮੇਰੇ ਅਧੀਨ ਕੰਮ ਕਰ ਰਹੇ ਹੋ ,ਬੰਦਾ ਕੁਬੰਦੇ ਦੀ ਪਛਾਣ ਨ੍ਹੀ ਤੁਹਾਨੂੰ,ਇਸ ਸ਼ਰੀਫ਼ ਨਾਲ ਅਣਹੋਣੀ ਕਰ ਆਏ ਹੋ।

ਦੂਤ-ਮਹਾਰਾਜ ਅਸੀਂ ਤਾਂ ਪੰਜਾਬ ਉਸੀ ਨੂੰ ਲੈਣ ਗਏ ਸੀ ਉਥੇ ਸਾਹ ਟੈਕਸ ਦਾ ਆਡਿਟ ਚਲ ਰਿਹਾ ਸੀ,ਤੇ ਉਸਦਾ ਸਾਰਾ ਟੈਕਸ ਪੂਰਾ ਸੀ ਉਸਨੇ ਅਗਲਾ ਸਾਹ ਲੈ ਲਿਆ ਇਸ ਸਰੀਫ਼ ਨੇ ਟੈਕਸ ਪੇ ਹੀ ਨਹੀਂ ਕੀਤਾ ਤੇ ਉਥੇ ਹੀ ਲੁੜਕ ਗਿਆ,ਇਸਦਾ ਉਥੇ ਕੋਈ ਟਿਕਾਣਾ ਨਹੀਂ ਸੀ,ਇਸ ਲਈ ਮਹਾਰਾਜ ਸਾਨੂੰ ਇਹਨੂੰ ਆਪ ਜੀ ਦੀ ਪਨਾਹ ਵਿੱਚ ਲਿਆਉਣਾ ਪਿਆ।

ਇਸ ਨੇ ਟੈਕਸ ਦਿੱਤਾ ਕਿਉਂ ਨਹੀਂ ਸੀ? ਪਤਾ ਕਰਾਉਣਾ ਸੀ,-ਧਰਮਰਾਜ ਨੇ ਪੁਛਿਆ,।

( ਧ੍ਰਮਰਾਜ ਨੂੰ ਆਪਣੇ ਦੁਤਾਂ ਦੇ ਭ੍ਰਸ਼ਿਟ ਜਾਣ ਦਾ ਖਤਰਾ ਦਿੱਸ ਰਹਾ ਸੀ)-

ਦੂਤ-ਮਹਾਰਾਜ ਇਸਨੇ ਨੌਕਰੀ ਦੀ ਆਸ ਵਿੱਚ ਬਾਈ ਚੌਵੀ ਸਾਲ ਪੜ੍ਹਾਈ ਕੀਤੀ,ਪੜ੍ਹਾਈ ਦੇ ਖਰਚੇ ਵਿੱਚ ਅਦਿੱਖ ਕਈ ਟੈਕਸ ਦਿੱਤੇ,ਇਸਦੇ ਬਾਪ ਨੂੰ ਪੱਕੀ ਆਸ ਸੀ ਕਿ ਇਹ ਵੱਡਾ ਆਦਮੀ ਬਣ

ਕੇ ਮੇਰਾ ਸਾਰਾ ਲਗ ਲਗਾ ਵਿਆਜ ਸਮੇਤ ਮੋੜ ਦੇਵੇਗਾ। ਇਸਦੇ ਬਾਪ ਨੇ ਆਸ ਟੈਕਸ ਵੀ ਕਈ ਵਾਰ ਦਿੱਤਾ।ਆਖਰ ਉਸਦੀ ਆਸ / ਉਮੀਦ ਆਖਰੀ ਸਾਹ ਲੈ ਤੁਰ ਗਈ।ਇਸਨੇ ਆਪਣੇ ਪਿਆਰੇ ਨੇਤਾ ਦਾ ਬਿਆਨ ਪੜ੍ਹ ਲਿਆ ਕਿ ਅਗਲੇ ਚੁਨਾਵ ਤੋਂ ਪਹਿਲਾਂ ਸੱਭ ਨੂੰ ਰੁਜਗਾਰ ਦਿੱਤਾ ਜਾਵੇਗਾ।ਇਸਨੇ ਸਾਹ ਲੈਣ ਲਈ ਆਸ ਟੈਕਸ ਭਰ ਦਿੱਤਾ ਤੇ ਆਸ ਪੂਰੀ ਹੋਣ ਦੀ ਉਡੀਕ ਵਿੱਚ ਲੰਬੇ ਲੰਬੇ ਸਾਹ ਲੈਣ ਲਗਾ,ਧਰਨੇ ਜਲਸੇ ਜਲੂਸ,ਰੈਲੀ,ਟੈਂਕੀ ਤੇ ਵੀ ਚੜ੍ਹਿਆ,ਸਾਹ ਚੜ੍ਹ ਗਿਆ ਪਰ ਆਸ ਨਾਂ ਚੜ੍ਹੀ,ਤੇ ਫਿਰ ਮਹਾਰਾਜ ਆਪ ਜਾਣੀ ਜਾਣ ਹੋ ਆਸ ਨਾਲ ਸਵਾਸ ਹੈ।

ਧਰਮਰਾਜ ਉਦਾਸ ਹੋ ਗਿਆ ਪਰ ਉਸਨੂੰ ਇਹ ਤਸੱਲੀ ਹੋ ਗਈ ਕਿ ਉਸਦੇ ਦੂਤਾਂ ਨੂੰ ਭਾਰਤੀ ਭ੍ਰਿਸ਼ਟਾਚਾਰੀ ਨੇ ਵੱਸ ਨਹੀਂ ਕੀਤਾ। ਉਸਨੂੰ ਬੜਾ ਦੁੱਖ ਹੋਇਆ ਕਿ ਇਕ ਭਾਰਤੀ ਨੂੰ ਸਰਵਿਸ ਟੈਕਸ,ਸਵੱਛ ਭਾਰਤ ਟੈਕਸ,ਏਜੁਕੇਸ਼ਨ ਸੈਸ,ਆਮਦਨ ਟੈਕਸ,ਚੁਲਾ ਟੈਕਸ, ਸਵਾਹ ਟੈਕਸ,ਨਾਲੀ ਟੈਕਸ,ਰੋਡ ਟੈਕਸ,ਗੁੰਡਾ ਟੈਕਸ,,ਸੁਰੱਖਿਆ ਟੈਕਸ,ਟੋਲ ਟੈਲਸ ,ਚੁੰਗੀ ਨਹੀਂ ਚੁੰਗੀ ਟੈਕਸ, ਜਾਤੀ ਟੈਕਸ,ਰੇਤ ਬਜਰੀ,ਸੀਮੈਂਟ ਟੈਕਸ ਸਮੇਤ ਮਕਾਨ ਟੈਕਸ,ਗਊ ਸ਼ਾਲਾ ਟੈਕਸ ਥੋੜੇ ਸ਼ਬਦਾਂ ਵਿੱਚ : ਰੋਟੀ ਜੁੱਤੀ ਕਪੜਾ ਮਕਾਨ ਟੈਕਸ"ਤੇ ਫਿਰ ਵੀ ਪਰੇਸ਼ਾਨੀ,ਉਦਾਸੀ,ਓਡੀਕ,ਉਮੀਦ,ਬੇਰੁਜਗਾਰੀ ਰੂਪੀ ਟੈਕਸ ਦੇ ਕੇ ਵੀ ਅੰਤਿਮ ਸਵਾਸ ਤੇ ਅੰਤਿਮ ਆਸ ਟੈਕਸ ਤੋਂ ਕੋਈ ਛੋਟ ਨਹੀਂ ਹੈ।

ਮੈਨੂੰ ਵੀ ਇਕ ਆਸ ਲਗੀ ਹੈ ਕਿ ਆਮ ਆਦਮੀ ਆਉਣ ਵਾਲੇ ਸਮੇਂ ਦੌਰਾਨ ਭਾਰਤ ਵਿੱਚ ਪੈਦਾ ਹੋਣ ਤੋਂ ਪਹਿਲਾਂ ਸ਼ੀਸ਼ੇ ਮੂਹਰੇ ਬੈਠ ਕੇ ਦੱਸ ਵਾਰ ਸੋਚੇਗਾ ਜਰੂਰ ।


ਸਾਡੇ ਦੇਸ਼ ਵਿੱਚ ਆਸ ਟੈਕਸ ਹੈ ਤੇ ਸਵਾਸ ਟੈਕਸ ਕਿਵੇਂ ਬਾਕੀ ਰਹੇ,ਕਿਉਂਕਿ ਆਸ ਹੈ ਤੇ ਸਵਾਸ ਹੈ।

ਧਿਆਨ ਹਿੱਤ ਹੈ ਕਿ ਸਾਡੇ ਪਿਆਰੇ ਨੇਤਾਵਾਂ ਨੂੰ ਕਿਸੇ ਤਰਾਂ ਦਾ ਕੋਈ ਟੈਕਸ ਅਦਾ ਨਹੀਂ ਕਰਨਾ ਪੈਂਦਾ,ਉਹ ਪੈਦਾ ਹੀ ਮੋਤੀ ਦਾਨ ਕਰਕੇ ਹੁੰਦੇ ਹਨ, ਕੋਈ ਦੂਤ ਤਾਂ ਕੀ ਧਰਮਰਾਜ ਬਕਲਮ ਖੁਦ,ਹੜ੍ਹ ਤੂਫਾਨ,ਸੋਕਾ,ਸੁਨਾਮੀ,ਭੁਚਾਲ ਦੀ ਕੀ ਮਜਾਲ ਜੋ ਅੱਖ ਚੁੱਕ ਕੇ ਵੀ ਇਹਨਾਂ ਦਾਨੀਆਂ ਵਲ ਵੇਖ ਸਕੇ।ਚਾਂਦੀ ਦਾ ਚਮਚਾ ਮੂੰਹ ਚ ਲੈ ਕੇ ਪੈਦਾ ਹੁੰਦੇ ਹਨ ਤੇ ਸੋਨਾ ਦੇ ਕੇ ਲੰਬੀ ਸਾਹ ਲੈਂਦੇ ਹਨ।

ਚਲਦੇ ਚਲਦੇ -ਨਕਲ ਬਾਰੂਦੀ ਸੁਰੰਗ ਹੈ---ਕੌਮ ਦੀ ਤਬਾਹੀ ਲਈ ਕਿਸੇ ਬਾਰੂਦ / ਬੰਬ ਦੀ ਲੋੜ ਨਹੀਂ ਹੁੰਦੀ,ਬੱਸ ਕੌਮ ਨੂੰ ਤਾਲੀਮ ਤੋਂ ਵਿਰਵਾ ਕਰ ਦਿਓ।ਕਿਰਤੀ ਹੱਥਾਂ ਨੂੰ ਮੁਫ਼ਤ ਸਹੂਲਤਾਂ ਦੇ ਲਾਰੇ ਲਾ ਕੇ ਅਪੰਗ / ਉਚੱਕੇ ਬਨਾ ਦਿਓ ।



## "ਪਾਣੀ ਵਿਚਾਰਾ"



'ਜਦ ਪਾਣੀ ਨੂੰ ਪਾਣੀ ਪਾਣੀ ਹੋਣਾ ਪਿਆ,ਚੁਲੂ ਭਰ ਪਾਣੀ ਨਾ ਲੱਭਾ ਪਾਣੀ ਨੂੰ ਨੱਕ ਡੋਬਣ ਲਈ"

ਅੱਜ ਦੀ ਤਾਜ਼ਾ ਖਬਰ ਕਹਿੰਦੀ ਹੈ,'ਪੰਜਾਬ ਸਰਕਾਰ ਨੇ ਕਾਰ ਧੋਣ ਤੇ ਫ਼ਰਸ਼ ਧੋਣ ਤੇ ਗਲੀ/ਗੇਟ ਧੋਣ ਲਈ ਪਾਣੀ ਦੀ ਵਰਤੋਂ ਤੇ ਪਾਬੰਦੀ ਲਗਾ ਦਿੱਤੀ ਹੈ।ਇਹ ਸਾਧਾਰਨ ਖਬਰ ਹੈ ਇਸਦੀ ਤਫ਼ਸੀਲ ਗਹਿਰੀ ਤੇ ਲੰਬੀ ਹੈ।ਭਾਂਡੇ ਧੋਣ,ਕਪੜੇ ਧੋਣ ਲਈ ਇਸ ਖਬਰ ਵਿੱਚ ਤਾਂ ਨਹੀ ਲਿਖਿਆ ਗਿਆ ਕਿ ਦਾਲ 165 ਰੁਪਏ ਕਿਲੋ ( ਚੰਗੀ ਦਾਲ ਜਿਹੜੀ ਸਦਾ ਨਿਭੈ ਨਾਲ) ਦਾਲ ਵਾਅਦਾ ਖਿਲਾਫੀ ਕਰ ਗਈ ਹੈ,ਗੈਸ ਬੋਝੇ ਤੇ ਬੋਝ ਹੈ,ਆਟਾ ਵੀ 28 ਰੁਪਏ ਹੈ,ਸਭਜੀਆਂ ਵੀ ਸੌ ਦਾ ਪੱਤਾ ਹਨ,ਸਹੀ ਹੈ ਖਾਣ ਲਈ ਡੱਬੇ ਵਿੱਚ ਕੁਝ ਨਹੀਂ ਪਕਾਉਣਾ ਨਹੀਂ ਖਾਣਾ ਨਹੀਂ ਭਾਂਡੇ ਧੋਣੇ ਨਹੀਂ ਸਾਬਣ ਕਿਥੇ ਹੈ ਕਪੜੇ ਧੋਣ ਲਈ,ਦੰਦ ਵੀ ਪੇਸਟ ਕਰਨ ਦੀ ਲੋੜ ਨਹੀਂ ਪੈਣੀ-ਸੋ ਪਾਣੀ ਵਿਚਾਰਾ ਮਰਨੋਂ ਬੱਚ ਗਿਆ,ਜਾਂ ਕਹਿ ਲਓ ਬਚਾਅ ਲਿਆ ਗਿਆ।ਉਮਰ ਤਾਂ ਬੱਚ ਗਈ ਪਰ ਸ਼ਰਮ ਨਾਲ ਮਰ ਗਿਆ ਵਿਚਾਰਾ ਪਾਣੀ ਚੁਲੂ ਭਰ ਪਾਣੀ ਚ ਨੱਕ ਡੋਬ ਗੋਡਿਆਂ ਚ ਸਿਰ ਦੇ ਰੋਣ ਲਗਾ ਉਦੋਂ ਜਦੋਂ ਮੁਖ ਮੰਤਰੀ 100 ਕਿਲੋਮੀਟਰ ਦੀ ਦੂਰੀ ਕਾਰ ਬੱਸ ਦੇ ਰਸਤੇ ਕਿਰਾਏ ਦਾ ਹੈਲੀਕੇਪਟਰ ਲੈ ਉਡਿਆ ਤੇ ਓਹਦੇ ਉੜਨ ਖਟੋਲੇ ਦੇ ਪੰਦਰਾਂ ਮਿੰਟ ਖੜੇ ਕਰਨ ਲਈ ਬਾਰਾਂ ਹਜਾਰ /ਲੀਟਰ ਪਾਣੀ ਲਾ ਦਿੱਤਾ ਗਿਆ।

ਮੰਤਰੀ ਜੀ ਦਾ ਪੁੱਤ ਲਾੜਾ ਬਣ ਸਹੁਰੇ ਗਿਆ ਤੇ ਪੰਜੀ ਕਿਲੋਮੀਟਰ ਦੀ ਦੂਰੀ ਤੇ ਲਾੜਾ ਜੀ ਦਾ ਹੈਲੀਕੇਪਟਰ ਖੜਾ ਕਰਨ ਲਈ ਕੱਦੂ ਵੱਢ ਕੇ ਵੀਹ ਹਜਾਰ ਲੀਟਰ ਪਾਣੀ ਛਿੜਕਾਇਆ ਗਿਆ।ਮੰਤਰੀ ਜੀ ਦਾ ਜਵਾਬ ਸੀ'ਜਦ ਮੈਂ ਮੰਤਰੀ ਬਣਿਆ ਸੀ,ਮੈਂ ਖਵਾਬ ਪਾਲਿਆ ਸੀ ਕਿ ਮੈਂ ਬੇਟੇ ਦੀ ਬਰਾਤ ਹੈਲੀਕਪਟਰ ਤੇ ਲੈ ਕੇ ਜਾਵਾਂ ਮੇਰਾ ਸਪਨਾ ਪੂਰਾ ਹੋ ਗਿਆ'।ਇੰਜ ਟੁਟੇ ਸੌ ਕਰੋੜ ਦੇ ਸਪਨੇ।ਦੋ ਹਜਾਰ ਬਰਾਤੀਆਂ ਤੇ ਕਿੰਨਾ ਪਾਣੀ ਲਗੇਗਾ? ਇਹ ਸਾਡੀ ਸੋਚ ਤੋਂ ਬਹੁਤ ਪਰ੍ਹੇ ਹੈ।

ਖੈਰ ਛਡੋ-ਸਾਡੇ ਲਾਡਲੇ ਮੰਤਰੀਆਂ ਨੂੰ ਤੇ ਸੱਤ ਖੂਨ ਮਾਫ ਨੇ ਤੇ ਪਾਣੀ ਦੇ ਕਤਲ ਦਾ ਤਾਂ ਸਬੂਤ ਹੀ ਨਹੀਂ ਲਭਦਾ / ਦਿਸਦਾ।ਭਾਰਤ ਮਹਾਨ ਦੇ ਨੇਤਾ ਤਾਂ ਮੌਤ ਨੂੰ ਮਾਰ ਕੇ ਸੌ ਦਾ ਅੰਕੜਾ ਉਮਰ ਪਾਰ ਕਰ ਜਾਂਦੇ ਹਨ। ਮਿਨਰਲ ਵਾਟਰ ਦਾ ਕਾਰੋਬਾਰ ਵੀ ਵੱਡੇ ਹੱਥਾਂ ਵਿੱਚ ਬੁਲੰਦੀ ਤੇ ਹੈ।ਇੰਜ ਵੀ

ਆਮ ਬੰਦਾ ਤ੍ਰਿਹਾਇਆ ਹੀ ਹੈ। ਸੋਚੋ ਪਾਣੀ ਵਿਚਾਰਾ ਕੀ ਕਰੇ ,ਠੰਢਾ ਪਾਣੀ ਪੀ ਮਰੇ, ਮਰੇ ਕਿ ਨਾਂ ਮਰੇ।ਅੱਖ ਨ੍ਹੀ ਚੁੱਕ ਸਕਦਾ ਆਮ ਬੰਦੇ ਸਾਹਮਣੇ,ਜਿਸਨੇ ਇਹਨੂੰ ਆਪਣਾ ਪਿਤਾ ਮੰਨਿਆ ਹੈ,ਉਸੇ ਲਈ ਮਤਰੇਆ ਹੋ ਗਿਆ।

ਪਾਬੰਦੀ ਨਹੀਂ ਲਗੀ ਮੈਰਿਜ ਪੈਲੇਸਾਂ ਵਿੱਚ,ਹੋਟਲਾਂ ਵਿੱਚ,ਕਰਿਕਟ ਪਿਚ ਬਣਾਉਣ ਤੇ ਸ਼ਰਾਬ ਬਣਾਉਣ ਲਈ ਹਰ ਰੋਜ਼ ਲੱਖਾਂ ਲੀਟਰ ਪਾਣੀ ਵਰਤਿਆ/ਖਰਾਬ ਕੀਤਾ ਜਾਂਦਾ ਹੈ ਤੇ ਫਿਰ ਸ਼ਰਾਬ ਪੀ ਕੇ ਚਿਕੜ ਧੋਣ ਲਈ ਕਿੰਨਾ ਪਾਣੀ ਲਗਦਾ ਹੈ। ਕਿੰਨਾ ਪਾਣੀ ਲਗੇਗਾ ਸ਼ਰਾਬੀਆਂ ਦੀਆਂ ਉਲਟੀਆਂ ਵਾਲੇ ਫਰਸ਼ ਧੋਣ ਤੇ ਗਲੀਜੇ ਕਪੜੇ ਧੋਣ ਤੇ।ਹੋਲੀ ਤੇ ਪਾਣੀ ਦੇ ਦਰਿਆ ਮੁੱਕ ਜਾਂਦੇ ਹਨ,ਮਈ ਜੂਨ ਜੁਲਾਈ ਤਿੰਨ ਮਹੀਨੇ ਰੰਗਦਾਰ ਪਾਣੀ ਦੀ ਛਬੀਲ ਲਾ ਕੇ ਕਿੰਨਾ ਪਾਣੀ ਸੜਕਾਂ ਕੰਢੇ ਪੈਰਾਂ ਤੇ ਹੀ ਪਾਇਆ ਜਾਂਦਾ ਹੈ।

ਇਕ ਕਿਲੋ ਝੋਨਾ ਉਗਾਉਣ ਲਈ ਚਾਰ ਹਜਾਰ ਲੀਟਰ ਪਾਣੀ ਚਾਹੀਦਾ ਹੈ ਤੇ ਇਕ ਕਿਲੋ ਖੰਡ ਬਣਾਉਣ ਲਈ 2067 ਲੀਟਰ ਪਾਣੀ ਲਗਦਾ ਹੈ। ਵਡੇਰੇ ਸਮਝਾਉਂਦੇ ਸਨ, ਕਲੇ ਕਲੇਸ਼ ਤੋਂ ਬਚੋ,''ਜਿਥੇ ਕਲਾ ਕਲੰਦਰ ਵਸੇ,ਉਥੇ ਘੜਿਓਂ ਪਾਣੀ ਨਸੇ''।

ਪਾਣੀ ਦਾ ਰੰਗ ਤੇ ਕੋਈ ਨ੍ਹੀ ਹੁੰਦਾ ਪਰ 'ਰੱਬ ਜੀ'ਤੇਰੇ ਰੰਗ ਨਿਆਰੇ ਨੇ-ਆਮ ਆਦਮੀ ਨੂੰ ਨਿਵਾਲਾ ਤੇ ਦੁਰਲੱਭ ਕੀਤਾ  ਹੀ ਸੀ ਮੁਫ਼ਤ ਮਿਲਣ ਵਾਲਾ ਪਾਣੀ ਵੀ ਦੂਰ ਦੀ ਨਿਆਮਤ ਬਣਾ ਤਾ,ਪਾਣੀ ਨੂੰ ਵੇਖ ਜਦ ਮਨ ਲਲਚਾਏ ਤੇ ਇਹੋ ਕਹੀਦਾ,'ਅੰਗੂਰ ਖੱਟੇ ਹਨ'।ਪਾਣੀ ਦੇ ਸਾਥੀ ਪਿੱਪਲ,ਬੋਹੜ,ਨਿੰਮ,ਕਿੱਕਰ ਟਾਹਲੀ,ਦਾ ਬੀਜ ਨਾਸ ਮਾਰ ਦਿੱਤਾ ਹੈ।ਅਜੋਕੀ ਪੀੜ੍ਹੀ ਨੂੰ ਤੇ ਇਹਨਾਂ ਦੀ ਪਹਿਚਾਣ ਕਰਾਉਣ ਲਈ ਨਮੂਨਾ ਵੀ ਨੀਂ ਲੱਭਦਾ।ਇਹ ਸਾਰੇ ਰੁੱਖ ਬਾਬਿਆਂ ਤੋਂ ਵਢੱਾ ਲਏ ਹਨ।ਡੇਰਿਆਂ ਚ ਹਜਾਰਾਂ ਲੀਟਰ ਪਾਣੀ ਰੋਜ਼ ਨਸ਼ਟ ਹੁੰਦਾ ਹੈ।ਫਰਸ਼ ਧੋਣ ਤੇ ਪਾਬੰਦੀ ਹੈ ਤੇ ਫਰਸ਼ ਬਣਾਉਣ ਤੇ ਕਿਉਂ ਨਹੀਂ? ਉੱਚੀਆਂ ਲੰਮੀਆਂ ਇਮਾਰਤਾਂ ਧੜਾਧੜ ਬਣ ਰਹੀਆਂ ਹਨ ਇਹ ਪਾਣੀ ਤੋਂ ਬਿਨਾਂ ਤੇ ਨਹੀਂ ਬਣਦੀਆਂ।ਇਮਾਰਤਸਾਜ਼ੀ ਵਨਸਪਤੀ ਵੱਖ ਖਤਮ ਕਰ ਰਹੀ ਹੈ।

ਪਾਣੀ ਨੂੰ ਰੀਸਾਈਕਲ ਕਰਨ ਤੇ ਪਾਣੀ ਸੰਭਾਲਣ ਦੀ ਮਸ਼ੀਨਰੀ ਲਾਉਣ ਲਈ ਵੀ ਪੰਜਾਬ ਸਰਕਾਰ ਨੂੰ ਕਾਨੂੰਨ ਪਾਸ ਕਰਨਾ ਚਾਹੀਦਾ ਹੈ।ਨਵੀਆਂ ਨਹਿਰਾਂ ਕੱਢਣੀਆਂ ਪੁਰਾਣੀਆਂ ਦੀ ਸਫਾਈ ਕਰਨ ਵੱਲ ਵੀ ਧਿਆਨ ਦੇਣਾ ਬਣਦਾ ਹੈ।ਇਸ ਵਕਤ ਰਾਜਸਥਾਨ ਵੀ ਪੰਜਾਬ ਨਾਲੋਂ ਜਿਆਦਾ ਹਰਿਆ ਹੈ,ਬਾਕੀ ਰਾਜਾਂ ਵਿੱਚ ਤਾਂ ਜਾਗਰੂਕਤਾ ਹੈ ਹੀ। " ਪਾਣੀ ਰੇ ਪਾਣੀ ਤੇਰਾ ਰੰਗ ਕੈਸਾ ,ਹਰ ਪਿਆਸੇ ਕੀ ਉਮੰਗ ਜੈਸਾ"।



## "ਜਦ ਖੇਰੂੰ ਖੇਰੂੰ ਹੋਏ ਨਿਮਾਣੀ ਦੇ ਖਵਾਬ"

ਇਕ ਸੱਚਾ ਵਾਕਿਆ

ਇਕ ਹੀ ਮੁਹੱਲੇ ਦੀਆਂ ਕੁੜੀਆਂ ਜੋ ਘਰ ਤੋਂ ਸਾਢੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਰਕਾਰੀ ਸਕੂਲ ਵਿੱਚ ਇਕੱਠੀਆਂ ਪੜ੍ਹਨ ਜਾਂਦੀਆਂ ਤੇ ਇਕੱਠੀਆਂ ਵਾਪਸ ਆਉਂਦੀਆਂ,ਕਦੇ ਕਦੇ ਸ਼ਹਿਰ ਵੱਲ ਜਾਂਦੀ ਸਰਕਾਰੀ ਬੱਸ ਰੁਕ ਜਾਂਦੀ ਤੇ ਉਸ ਵਿੱਚ ਬੈਠ ਬੱਸ ਸਟਾਪ ਉਤਰ ਕੇ ਅਗੋਂ ਤੁਰ ਕੇ ਸਕੂਲ ਅਪੜ ਜਾਂਦੀਆਂ।

ਨਿਮਾਣੀ ਨੌਵੀਂ ਜਮਾਤ ਦੀ ਵਿਦਿਆਰਥਣ ਸੀ ਤੇ ਪੜਾਈ ਵਿੱਚ ਦੂਸਰੀਆਂ ਨਾਲੋਂ ਥੋੜਾ ਅੱਗੇ ਸੀ,ਨਿਮਾਣੀ ਦੇ ਘਰ ਤੋਂ ਚਾਰ ਘਰ ਪਰੇ ਰਹਿਣ ਵਾਲੀ ਕਿਰਨ ਉਸਦੀ ਪੱਕੀ ਸਹੇਲੀ ਸੀ।ਦੋਨੋਂ ਇਕੱਠੀਆਂ ਨਿਮਾਣੀ ਦੇ ਘਰ ਬੈਠ ਸਕੂਲ ਦਾ ਕੰਮ ਮੁਕਾਉਂਦੀਆਂ,ਤੇ ਫੇਰ ਆਪਣੈ ਮਾਂ ਬਾਪ ਦੇ ਕੰਮ ਵਿੱਚ ਹੱਥ ਵਟਾਉਂਦੀਆਂ।ਨਿਮਾਣੀ ਦੀ ਮਾਂ ਤੇ ਭੈਣ ਸਿਲਾਈ ਦਾ ਕੰਮ ਕਰਦੀਆ ਸੀ ਤੇ ਨਿਮਾਣੀ ਵੀ ਵਿਹਲੇ ਸਮੇਂ ਵਿੱਚ ਤਿਰਪਾਈ ਕਰ ਬਟਨ ਲਾ ਆਦਿ ਕੰਮ ਕਰ ਕੇ ਅਕਸਰ ਉਹਨਾਂ ਦੇ ਕੰਮ ਵਿੱਚ ਹਿੱਸਾ ਪਾ ਦੇਂਦੀ।ਨਿਮਾਣੀ ਦੇ ਪਿਤਾ ਦਾਦਾ ਤੇ ਵੀਰ ਲਕੜ,ਲੋਹੇ ਦੇ ਕਾਰੀਗਰ ਦਿਹਾੜੀਦਾਰ ਕਾਮੇ ਹਨ।ਗਲ ਕੀ ਇਹ ਕਿਰਤੀ ਪਰਿਵਾਰ ਦਸਾਂ ਨਹੁੰਆਂ ਦੀ ਕਮਾਈ ਕਰਨ ਵਿੱਚ ਵਿਸਵਾਸ ਰੱਖਦਾ ਤੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਬਖੂਬੀ ਕਰੀ ਜਾਂਦਾ ਹੈ।ਇਕ ਗਊ ਵੀ ਪਾਲੀ ਹੋਈ ਸੀ।

ਮੋਬਾਇਲ ਫੋਨ ਜਨਮਿਆ ਤੇ ਔਖੇ ਸੌਖੇ ਹਰ ਘਰ ਦਾ ਅੰਗ ਬਣ ਗਿਆ।ਕਿਰਨ ਹੋਰਾਂ ਵੀ ਮੋਬਾਇਲ ਫੋਨ ਲਿਆ ਤੇ ਕਿਰਨ ਆਪਣੇ ਬਸਤੇ ਵਿੱਚ ਰੱਖ ਨਿਮਾਣੀ ਦੇ ਘਰ ਲੈ ਆਈ।ਦੁਪਹਿਰ ਵੇਲੇ ਨਿਮਾਣੀ ਅਕਸਰ ਰੋਜ਼ਾਨਾ ਇਕੱਲੀ ਹੀ ਹੁੰਦੀ ਸੀ ਕਿਉਂ ਜੋ ਉਸਦੇ ਪਰਿਵਾਰ ਦੇ ਸਾਰੇ ਮੈਂਬਰ ਆਪੋ ਆਪਣੀ ਕਿਰਤ ਕਰਨ ਬਾਹਰ ਗਏ ਹੁੰਦੇ ਸਨ।ਦੋਨੋਂ ਸਹੇਲੀਆਂ ਸਕੂਲ ਦਾ ਕੰਮ ਕਰਨ ਲਗ ਪਈਆਂ।ਦੋ ਘੰਟੇ ਵਿੱਚ ਕੰਮ ਮੁਕਾ ਕਿਰਨ ਅਪਣਾ ਬਸਤਾ ਸਮੇਟ ਘਰ ਜਾਣ ਲਗੀ ਤੇ ਉਸਨੂੰ ਖਿਆਲ ਆਇਆ ਕਿ ਉਸਨੇ ਤਾਂ ਮੌਬਾਇਲ ਫੋਨ ਨਿਮਾਣੀ ਨੂੰ ਵਿਖਾਉਣ ਲਈ ਲਿਆਂਦਾ ਸੀ।ਉਸਨੇ ਕਾਹਲੀ ਵਿੱਚ ਨਿਮਾਣੀ ਨੂੰ ਦਿਖਾਇਆ ਤੇ ਦੇਰ ਹੋ ਜਾਣ ਦੇ ਡਰ ਤੋਂ ਹੱਥ ਵਿੱਚ ਫੜ ਤੇਜੀ ਨਾਲ ਨਿਕਲ ਗਈ ਤੇ ਘਰ ਜਾ ਕੇ ਅਛੋਪਲੇ  ਜਿਹੇ ਕਣਸ ਤੇ ਰੱਖ ਦਿੱਤਾ ਤੇ ਆਪ ਕਮਰੇ ਚੋਂ ਬਾਹਰ ਹੋ ਗਈ।ਉਸੀ ਵਕਤ ਉਸਦਾ ਵੀਰ ਫੋਨ ਉਠਾ ਜੇਬ ਵਿੱਚ ਪਾ ਬਾਹਰ ਨਿਕਲ ਗਿਆ।

ਕਿਰਨ ਪੁੱਤ ਫੋਨ ਫੜਾਈਂ-ਕਿਰਨ ਦੇ ਡੈਡੀ ਨੇ ਵਾਜ਼ ਦਿੱਤੀ।ਕਿਰਨ ਭੱਜ ਕੇ ਅੰਦਰ ਫੋਨ ਲੈਣ ਗਈ ਤੇ ਫੋਨ ਉਥੇ ਨਾਂ ਵੇਖ ਨਾ ਵੇਖ ਹੈਰਾਨ ਤੇ ਪਰੇਸ਼ਾਂਨ ਆ ਗਈ।ਇਧਰ ਉਧਰ ਵੇਖਿਆ ਉਸ,ਪਰ

ਉਥੇ ਹੁੰਦਾ ਤੇ ਦਿਸਦਾ।ਕਿਰਨ ਨੇ ਬਾਹਰ ਆ ਡੈਡੀ ਨੂੰ ਦਸਿਆ ਫੋਨ ਹੈ ਨਹੀਂ।ਕਿਰਨ ਦੀ ਮਾਂ ਨੂੰ ਪਤਾ ਸੀ ਕਿ ਉਹ ਫੋਨ ਲੈ ਕੇ ਨਿਮਾਣੀ ਘਰ ਗਈ ਸੀ।

ਮਰਨੀਏਂ ਉਥੇ ਛਡ ਆਈ ਐਂ ਜਾ ਲੈ ਕੇ ਆ।ਕਿਰਨ ਦੀ ਮਾਂ ਬੋਲੀ।

ਨਹੀਂ ਮੰਮੀ ਮੈਂ ਲਿਆ ਕੇ ਕਨਸ ਤੇ ਰੱਖ ਦਿੱਤਾ ਸੀ ਜਿਥੇ ਆਪਾਂ ਰੋਜ਼ ਰੱਖਦੇ ਹਾਂ-ਕਿਰਨ ਦਸਿਆ-

ਤੇ ਫੇਰ ਕੀ ਕਨਸ ਖਾ ਗਈ-ਉਹਦਾ ਡੈਡੀ ਬੜ੍ਹਕਿਆ।

ਕਿਰਨ ਨੂੰ ਧੂੰਹਦੀ ਮੰਮੀ ਨਿਮਾਣੀ ਦੇ ਘਰ--ਲਿਆ ਦੇ ਫੋਨ ਫੜਾ- ਨਿਮਾਣੀ ਨੂੰ ਕੁਝ ਸਮਝ ਨਾਂ ਆਇਆ ਕੇ ਉਹ ਕੁਝ ਵੀ ਬੋਲਦੀ,ਕਿਰਨ ਚੀਕ ਚੀਕ ਦੱਸ ਰਹੀ ਸੀ ਮੰਮੀ ਮੈਨੂੰ ਪੱਕਾ ਚੇਤਾ ਮੈਂ ਆਪਣੇ ਘਰ ਮੋੜ ਲੈ ਗਈ ਸੀ ਨਿਮਾਣੀ ਤੇ ਹੱਥ ਲਾ ਕੇ ਨਹੀਂ ਸੀ ਵੇਖਿਆ-ਪਰ ਮਮੀ ਤੇ ਮੁਰਗੇ ਕੀ ਏਕ ਟਾਂਗ—ਤੇਰੇ ਡੈਡੀ ਨੂੰ ਘਲਾਉਨੀ ਆਂ,ਚਲ ਮੁੜ ਘਰ ਨੂੰ, ਉਥੇ ਨੇੜੇ ਖਲੋਤਾ ਇਕ ਘੜੰਮ ਚੌਧਰੀ ਸੱਭ ਸੁਣ ਨਾਲ ਹੋ ਤੁਰਿਆ,ਤੇ ਉਸ ਕਿਰਨ ਦੇ ਡੈਡੀ ਨੂੰ ਕਿਹਾ ਚਲ ਬਹਿ ਭਾ ਹੁਣੇ ਕਢਾ ਲੈਨੇ ਹਾ ਇਹ ਕਿਹੜੀ ਖੀਨਖਾਹ।ਸੌ ਕੁ ਗਜ ਤੇ ਪੇਟਰੋਲ ਪੰਪ ਤੇ ਬਾਈਕ ਰੋਕ ਉਸ ਤੇਲ ਪਵਾਇਆ ਤੇ ਕਿਰਨ ਦੇ ਡੈਡੀ ਨੂੰ ਦੋ ਸੌ ਰੁਪਏ ਤਾਰਨ ਲਈ ਹੁਕਮ ਦਿੱਤਾ।ਥਾਣੇ ਅੱਪੜ ਉਸ ਮੁਨਸ਼ੀ ਦੇ ਕੰਨ ਵਿੱਚ ਕੀ ਕੁਝ ਕਿਹਾ ਕਿ ਉਸੀ ਵਕਤ ਭਰੀ ਜੀਪ ਨਿਮਾਣੀ ਦੇ ਘਰ ਵੱਲ ਨਸ ਲੀ।

ਦੋ ਕਮਰੇ ਦਾ ਕੱਚਾ ਪੱਕਾ ਘਰ ਬਾਹਰ ਚੌਂਕਾ ਤੇ ਚੌਂਕੇ ਵਿੱਚ ਨਿਮਾਣੀ ਚੁਲ੍ਹੇ ਤੇ ਰਾਤ ਲਈ ਦਾਲ ਧਰ ਰਹੀ ਸੀ ਕਿ ਚਾਰ ਜਵਾਨ ਦਗੜ ਦਗੜ ਕਰਦੇ ਆਂ ਧਮਕੇ,ਤਿੰਨ ਜਣੇ ਕਮਰੇ ਦੇ ਅੰਦਰ ਵੜ ਰਜਾਈਆਂ ਤਲਾਈਆਂ ਕਪੜੇ ਲੱਤੇ ਚੁੱਕ ਚੁੱਕ ਮਾਰੇ ਕਿਰਤੀ ਦੇ ਘਰ ਬਹੁਤਾ ਸਮਾਨ ਤੇ ਹੈ ਨਹੀਂ ਤੇ ਨਾਂ ਹੀ ਕੋਈ ਜਿੰਦਰਾ ਵੱਜਾ ਸੰਦੂਕ, ਬਹੁਤੇ ਬਹਾਦਰ ਜਵਾਨ ਨੇ ਆ ਵੇਖਿਆ ਨਾਂ ਤਾ,ਕਾੜ੍ਹ ਕਰਦਾ ਥੱਪੜ ਨਿਮਾਣੀ ਦੇ ਕੰਨ ਤੇ ਜੜ੍ਹ ਦਿੱਤਾ,ਉਹ ਧੜ੍ਹਮ ਡਿਗ ਪਈ ਤੇ ਕੰਨ ਵਗਣ ਲਗ ਪਿਆ,ਪੁਲਿਸ ਨੂੰ ਵੇਖ ਕਈ ਜਣੇ ਹੋਰ ਵੀ ਅੰਦਰ ਆ ਵੜੇ ਸੀ ਪਰ ਕਿਸੇ ਨੇ ਕੁਸਕਣ ਦੀ ਹਿੰਮਤ ਨਾਂ ਕੀਤੀ,ਉਸੇ ਜਵਾਨ ਨੇ ਨੀਮ ਬੇਹੋਸ਼ ਨਿਮਾਣੀ ਨੂੰ ਚੁੱਕ ਜੀਪ ਵਿੱਚ ਸੀਟ ਤੇ ਸੁੱਟ ਦਿੱਤਾ ( ਧਿਆਨ ਗੋਚਰ ਹੈ ਕਿ ਮਹਿਲਾ ਪੁਲਿਸ ਸਾਥ ਨਹੀਂ ਸੀ )।ਸ਼ੁਟਾਂ ਵੱਟਦੀ ਜੀਪ ਬੀਹੀ ਚੋਂ ਪਾਰ ਹੋ ਗਈ।

ਨਿਮਾਣੀ ਦਾ ਵੀਰ ਪੱਠੇ ਲੈ ਘਰ ਦਾਖਲ ਹੋਇਆ ਤੇ ਉਸ ਦੀ ਖਨਿਓਂ ਗਈ,ਇਹ ਕੀ ਭੁਚਾਲ ਆਇਆ ਪਿਐ,ਉਹ ਮਾਂ ਨੂੰ ਭੈਣਾਂ ਨੂੰ ਵਾਜਾ ਮਾਰਨ ਲਗਾ ਪਰ ਉਥੇ ਤੇ ਦੈਂਤ ਵੀ ਰੋ ਰਿਹਾ ਸੀ।ਉਹ ਗਲੀ ਚ ਝਾਤੀ ਮਾਰੀ ਤੇ ਬਾਹਰ ਖੇਡਦੇ ਨਿਆਣਿਆਂ ਨੇ ਉਸਨੂੰ ਵਾਕਿਆ ਦਸਿਆ।ਉਸ ਆਪਣੇ ਵੱਡੇ ਵੀਰ ਨੂੰ ਖਬਰ ਕੀਤੀ ਪਲੋ ਪਲੀ ਸਾਰਾ ਪਰਿਵਾਰ ਇਕੱਠਾਂ ਹੋ ਗਿਆ,ਉਹ ਕਿਰਤੀ ਵਿਚਾਰੇ ਵਰਦੀ ਵਾਲੇ ਨੂੰ ਵੇਖ ਰਾਹ ਛੱਡ ਜਾਣ ਵਾਲੇ ਕੀ ਕਰਨ ਕਿਸਨੂੰ ਮਦਦ ਲਈ ਪੁਕਾਰਨ।ਨਾਂ ਕੋਈ



ਚੱਜ ਦੀ ਸਲਾਹ ਦੇਣ ਵਾਲਾ।ਇਕ ਨੇ ਆਖਿਆ ਜਮਾਨਤ ਦੀ ਤਿਆਰੀ ਕਰੋ,ਇਕ ਨੇ ਕਿਹਾ ਸਰਪੰਚ ਨੂੰ ਲੈ ਕੇ ਵਿਧਾਇਕ ਦੇ ਪੀਏ ਤੋਂ ਥਾਣੇ ਫੋਨ ਕਰਾ ਲਓ। ਜੋ ਵੀ ਕਰਨ ਚੋਖਾਂ ਪੈਸਾ ਵੀ ਤੇ ਚਾਹੀਦਾ ਸੀ,। ਚੁਲ੍ਹੈ ਤੇ ਦਾਲ ਰਿੱਝ ਰਿੱਝ ਉਬਲ ਉਬਲ ਚੁਲ੍ਹੈ ਵਿੱਚ ਪੈ ਗਈ ਸੀ ਤੇ ਨਿਮਾਣੀ ਦੀ ਮਾਂ ਭੁੰਞੇ ਲਹਿ ਗਈ ਸੀ। ਮਰਦਾ ਕੀ ਨਾਂ ਕਰਦਾ-ਨਿਮਾਣੀ ਦੇ ਬਾਪ ਨੇ ਗਾਂ ਖੋਲ੍ਹ ਮਗਰ ਲਾਈ ਤੇ ਪਿੰਡ ਦੇ ਸ਼ਾਹੂਕਾਰ ਨੂੰ ਰੱਸਾ ਫੜਾ ਦਿੱਤਾ,ਉਸ ਕੁਝ ਵੀ ਪੁਛੈ ਦਸੇ ਬਿਨਾ ਪੰਝ ਹਜਾਰ ਉਹਦੇ ਹੱਥ ਧਰ ਦਿੱਤਾ।

ਕਿਰਨ ਦਾ ਵੀਰ ਜੋ ਫੋਨ ਲੈ ਗਿਆ ਗਾਣੇ ਸੁਣਦਾ ਗਾਉਂਦਾ ਆਇਆ ਤੇ ਮੁਹੱਲੇ ਦਾ ਹਾਲ ਵੇਖ ਉਹ ਭੌਂਚਕ ਗਿਆ।ਫੋਨ ਉਹਦੇ ਕੋਲ ਵੇਖ ਸਾਰੇ ਟੱਬਰ ਨੂੰ ਸੁਸਰੀ ਪੈ ਗਈ।ਮਾਫ਼ੀ ਮੰਗਣ ਦਾ ਰਿਵਾਜ ਤਾਂ ਸਾਡੇ ਹੈ ਹੀ ਨਹੀਂ,ਉਲਟਾ ਉਹਨਾਂ ਮੁੰਡੇ ਨੂੰ ਸਮਝਾਇਆ ਤੂੰ ਆਖੀਂ ਮੈਂ ਨਿਮਾਣੀ ਦੇ ਘਰੋਂ ਲੱਭ ਕੇ ਲਿਆਇਐਂ।ਕਿਰਨ ਕੁਰਲਾਵੇ ਐਂ ਨਾ ਕਰੋ ਉਹਦਾ ਕੋਈ ਕਸੂਰ ਨਹੀਂ,ਉਸਨੂੰ ਪਤਾ ਹੀ ਨਹੀਂ ਸੀ ਕਿ ਨਿਮਾਣੀ ਸੂਲਾਂ ਦੇ ਰਾਹ ਪਾ ਦਿੱਤੀ ਗਈ ਹੈ।

ਤਿੰਨ ਕੁ ਘੰਟੇ ਵਿੱਚ ਨਿਮਾਣੀ ਦਾ ਦਾਦਾ ਤੇ ਚਾਚੇ ਤਾਏ ਵੀ ਆਣ ਪੁੱਜੇ।ਵਾਹਵਾ ਬੰਦੇ ਥਾਣੇ ਇਕੱਠ ਹੋ ਗਏ ਸਨ।ਮੁਨਸ਼ੀ ਨੇ ਵੱਡਾ ਚੋਰ ਫੜਿਆ ਸੀ ਲਲਕਾਰੇ ਵੱਜਣ ਲਗੇ।ਪੰਦਰਾਂ ਕੁ ਸਾਲ ਦੀ ਕੁੜੀ ਜਿਹਨੇ ਮੁਟਿਆਰ ਹੋਣ ਵਾਲੀ ਪਹਿਲੀ ਪੌੜੀ ਤੇ ਅਜੇ ਪੈਰ ਹੀ ਰੱਖਿਆ ਸੀ,ਖ਼ਵਰੇ ਕੀ ਕੀ ਦੋਸ਼ ਉਹਦੇ ਤੇ ਲਗਣੇ ਸੀ ਤੇ ਕਿਹੜੀ ਧਾਰਾ ਦੇ ਹਾਰ ਉਦ੍ਹੇ ਗਲ ਪੈਣੇ ਸੀ। ਮੁਨਸ਼ੀ ਤੱਕ ਖਬਰ ਪੁੱਜ ਗਈ ਕਿ ਫੋਨ ਤੇ ਚੋਰੀ ਹੋਇਆ ਹੀ ਨਹੀਂ ਸੀ।ਉਸਨੂੰ ਡੇਰੇ ਤੋਂ ਫੋਨ ਆ ਗਿਆ ਕਿ ਕੁੜੀ ਨੂੰ ਬਾਇਜ਼ਤ ਛੱਡ ਦਿਓ।ਦੋਨਾ ਧਿਰਾਂ ਤੋਂ ਦੋ ਕੁ ਮਹੀਨੇ ਦਾ ਰਾਸ਼ਨ ਕੱਢ ਰਾਤ ਦੇ ਹਨੇਰੇ ਵਿੱਚ ਕੁੜੀ ਨੂੰ ਛੱਡ ਦਿੱਤਾ ਗਿਆ,ਉਹਦੇ ਵਾਰਸ ਉਹਨੂੰ ਗਲ ਨਾਲ ਲਾ ਘਰ ਲੈ ਆਏ ਪਰ ਉਹ ਤੇ ਅਜੇ ਵੀ ਸਕਤੇ ਵਿੱਚ ਸੀ,ਤੇ ਕਈ ਦਿਨਾਂ ਤੱਕ ਉਸਦਾ ਹੋਸ਼ ਟਿਕਾਣੇ ਨਾ ਆਇਆ ਕਈ ਨੋਟ ਕੰਨ ਦੇ ਇਲਾਜ ਤੇ ਲਗ ਗਏ। ਕਿਰਨ ਦੇ ਟੱਬਰ ਚੋਂ ਕੋਈ ਦਿਲਾਸਾ ਦੇਣ ਨਾ ਆਇਆ,ਉਹਨਾਂ ਨੂੰ ਕੋਈ ਨਦਾਮਤ ਵੀ ਨਾ ਹੋਈ।

ਨਿਮਾਣੀ ਦੇ ਚਾਚੇ ਦੀਆਂ ਦੋ ਕੁੜੀਆਂ ਫੋਜ ਵਿੱਚ ਸੈਨਿਕ ਸਨ ਤੇ ਨਿਮਾਣੀ ਉਹਨਾਂ ਵਾਂਗ ਫੋਜ ਵਿੱਚ ਭਰਤੀ ਹੋਣ ਦਾ ਖਾਬ ਪਾਲ ਰਹੀ ਸੀ ਤੇ ਸਾਕਾਰ ਕਰਨ ਲਈ ਮਿਹਨਤ ਕਰ ਰਹੀ ਸੀ।

ਨਿਮਾਣੀ ਦਾ ਬਾਬਾ ਇਕ ਦਿਨ ਸਾਡੇ ਘਰ ਆਇਆ ਤੇ ਉਸ ਆਖਿਆ ਗੈਸ ਸਿਲੰਡਰ ਉਧਾਰ ਦੇ ਦਿਓ ਸਾਡੇ ਘਰ ਪ੍ਰੋਗਰਾਮ ਹੈ।

ਮੈਂ ਪੁਛਿਆ,ਭਾਅ ਜੀ ਕੀ ਸਮਾਗਮ ਹੈ?

ਉਸ ਤੋਂ ਕਿੰਨੀ ਦੇਰ ਬੋਲਿਆ ਨਾ ਗਿਆ,ਮੈਂ ਵੇਖਦੀ ਰਹੀ,ਉਹ ਅੱਖਾਂ ਪੂੰਝਣ ਲਗਾ,ਉਹ ਉਠਿਆ ਫਿਰ ਬਹਿ ਗਿਆ,ਮੈਨੂੰ ਲਗਾ ਉਹ ਦੁਖੀ ਹੈ,ਮੈਂ ਫਿਰ ਪੁਛਿਆ ਕੀ ਗਲ ਹੈ ਕੁਝ ਤੇ ਦਸੋ, ਚਾਹ ਪੀਂਦੇ ਪੀਂਦੇ ਉਸ ਸਾਰਾ ਵਾਕਿਆ ਅਟਕ ਅਟਕ ਸੁਣਾਇਆ,ਤੇ ਅੰਤ ਉਸ ਆਖਿਆ,'ਬੀਬੀ ਜੀ ਕੁੜੀ ਬੇਕਸੂਰ ਹੈ,ਪਰ ਕਿਹਨੂੰ ਕਿਹਨੂੰ ਸਮਝਾਵਾਂਗੇ,ਸਾਨੂੰ ਦੂਰੋ ਇਕ ਸਾਕ ਲੱਭ ਗਿਆ ਹੈ ਤੇ ਅਸੀਂ ਦੋਵਾਂ ਕੁੜੀਆਂ (ਭੈਣਾਂ) ਦਾ ਚੁੰਨੀ ਚੜ੍ਹਾਵਾ ਕਰਨਾ ਐਤਵਾਰ,ਦੋਨਾਂ ਪਾਸਿਆਂ ਤੋਂ ਤੀਹ ਕੁ ਬੰਦੇ ਹੋ ਜਾਣਗੇ।

ਮੈਂ ਉਸਨੂੰ ਕਿਹਾ ਤੁਸੀਂ ਉਹਨਾਂ ਦੀ ਮੋੜਵੀਂ ਸ਼ਕਾਇਤ ਕਰਨੀ ਸੀ,ਬੇਗੁਨਾਹ ਨੂੰ ਪੀੜਾ ਵੀ ਤੇ ਸਜਾ ਵੀ,ਇਹ ਕੈਸਾ ਨਿਆਂ ਹੈ?।

ਬੀਬੀ ਜੀ ਜਿੰਨਾ ਰੁਪਈਆ ਅਸੀਂ ਮੋੜ ਮੋੜਾਈ ਤੇ ਲਾਉਣਾ ਓਨੇ ਨਾਲੋਂ ਘੱਟ ਨਾਲ ਚੁੰਨੀ ਚੜ੍ਹਾਵਾ ਹੋ ਜਾਣਾ।ਤੁਹਾਨੂੰ ਤੇ ਪਤਾ ਨਿੱਕੇ ਘਰਾਂ ਦੀਆਂ ਨਿਕੀਆਂ ਗਲਾਂ ਵੀ ਉਹਨਾਂ ਦੀ ਉਮਰ ਨਾਲੋਂ ਵੱਡੀਆਂ ਹੁੰਦੀਐਂ।

ਕਪਤਾਨ ਬਣਨ ਦੇ ਖਾਬ ਲੋਚਦੀ ਨਿਮਾਣੀ ਜਵਾਨ ਹੋਣ ਤੋਂ ਪਹਿਲਾਂ ਮਾਂ ਤਾਈ ਚਾਚੀ ਮਾਮੀ ਬਣ ਗਈ।

ਮਰਦ ਦੀ ਇਸ ਦੁਨੀਆ ਦੇ ਹੱਥ ਦੀ ਉਂਗਲੀ ਦਾ ਟੱਚ ਨਿਮਾਣੀ ਦੇ ਪੈਰਾਂ ਚ ਬਿਛੂ ਬਣ ਡਸਣ ਲਗਾ।

ਨਿਮਾਣੀ ਦੇ ਖਾਬ ਟੁੱਟ ਕੇ ਉਸਦੇ ਪੈਰਾਂ ਵਿੱਚ ਰੇਜ਼ੇ ਬਣ ਚੁਭਣ ਲਗੇ।ਨੈਤਿਕਤਾ ਸ਼ਮਸ਼ਾਨ ਹੋ ਗਈ ਸੀ ।

ਵੋ ਸਫ਼ਰ ਮੇਂ ਧੂਪ ਹਮਸਫ਼ਰ ਥੀ

ਮੈਂ ਅਕੇਲਾ ਹੀ ਨਿਕਲਾ ਥਾ,ਗਮੋਂ ਕਾ ਕਾਫ਼ਲਾ ਸਾਥ ਹੋ ਲੀਆ ॥

ਅੰਤਿਕਾ---ਇਹ ਸਾਡੀ ਪੁਲਿਸ ਦੀ ਚੁਸਤੀ ਸੀ ਫੁਰਤੀ ਸੀ ਜਾਂ ਮਾਹਰਕਾ ਸੀ,ਤੁਸੀਂ ਹੀ ਜਾਣੋ ਮੈਨੂੰ ਤੇ ਇਹੋ ਸਮਝ ਨਹੀਂ ਆ ਰਿਹਾ,

" [i]**who will police the police "?**

ਦਨੀਆਂ ਭਰ ਮੇਂ ਕਰ ਦੇ ਅੰਧੇਰੋਂ ਕਾ ਖਾਤਮਾ ਜੋ,

ਦਾਤਾ ਹਮੇਂ ਅਤਾ ਕਰ ਐਸਾ ਚਿਰਾਗ॥



## "ਇਕੱਤੀ ਦਸੰਬਰ"

ਦਸੰਬਰ ਦੇ ਮਹੀਨੇ ਦੀਆਂ ਕਈ ਵਿਸ਼ੇਸ਼ਤਾਵਾਂ ਹਨ,ਜਿਵੇਂ ਇਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਸਾਲ ਮਨਫ਼ੀ ਕਰ ਕੇ ਇਕ ਜਮ੍ਹਾ ਕਰ ਦੇਂਦਾ ਹੈ,ਜਿਸਨੂੰ ਨਵਾਂ ਸਾਲ ਚੜ੍ਹਨਾ ਵੀ ਕਹਿੰਦੇ ਹਨ।ਸਿੱਖ ਧਰਮ ਵਾਸਤੇ ਇਹ ਮਹੀਨਾ ਇਤਿਹਾਸਕ ਹੈ।ਇਸੀ ਮਹੀਨੇ ਦਸਮ ਪਾਤਸ਼ਾਹ ਦੇ ਸਾਹਬਜਾਦਿਆਂ ਦੀ ਸ਼ਹੀਦੀ ਹੋਈ ਸੀ,ਅਤੇ ਇਸੀ ਮਹੀਨੇ ਦੀ ਕੜਕਦੀ ਠੰਢ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਇਕੱਤੀ ਦਸੰਬਰ 1704 ਨੂੰ ਲੁਧਿਆਣਾ ਦੇ ਪਿੰਡ 'ਮੋਹੀ'ਵਿੱਚ ਆਪਣੇ ਪਵਿੱਤਰ ਚਰਨ ਪਾਏ ਸਨ।ਇਸ ਪੱਖੋਂ ਇਹ ਛੋਟਾ ਜਿਹਾ ਪਿੰਡ ਵੱਡਾ ਇਤਿਹਾਸ ਲੁਕਾਏ ਹੈ।ਉਸ ਸਮੇਂ ਉਹਨਾਂ ਦੇ ਨਾਲ ਪੰਜ ਪਿਆਰੇ,ਭਾਈ ਦਇਆ ਸਿੰਘ,ਭਾਈ ਧਰਮ ਸਿੰਘ,ਭਾਈ ਮਾਨ ਸਿੰਘ ਵੀ ਸਨ।ਗੁਰੂ ਜੀ ਨੇ ਪਿੰਡ ਦੇ ਬਾਹਰਵਾਰ ਸੰਘਣੇ ਰੁੱਖਾਂ ਦੀ ਝਿੜੀ ਹੇਠ ਆਸਣ ਲਾਇਆ,ਇਸਦੇ ਨੇੜੇ ਪਾਣੀ ਵਾਲੀ ਛਪੜੀ ਵੀ ਸੀ।ਗੁਰੂ ਜੀ ਨੇ ਇਸ ਇਕਾਂਤ ਥਾਂ ਤੇ ਪੂਰੀ ਰਾਤ ਵਿਸ਼ਰਾਮ ਕੀਤਾ।ਪਤਾ ਲਗਦੇ ਹੀ ਪਿੰਡ ਵਾਸੀ ਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚੇ ਤੇ ਜਲ ਪਾਣੀ ਦੀ ਸੇਵਾ ਕੀਤੀ ਅਤੇ ਹੋਰ ਸੇਵਾ ਲਈ ਅਰਜ਼ ਕੀਤੀ।ਗੁਰੂ ਜੀ ਦੀ ਉਂਗਲੀ ਵਿੱਚ ਇਕ ਛੱਲਾ ਪਾਇਆ ਹੋਇਆ ਸੀ ਜਿਸਦੀ ਸਹਾਇਤਾ ਨਾਲ ਉਹ ਜੰਗ ਦੌਰਾਨ ਤੀਰ ਚਲਾਉਂਦੇ ਸਨ, ਬਹੁਤ ਠੰਢ ਕਾਰਨ ਉਂਗਲੀ ਨੂੰ ਸੋਜ ਆ ਗਈ,ਜਿਸ ਕਰਕੇ ਛੱਲਾ ਉਂਗਲੀ ਵਿੱਚ ਖੁੱਬ ਚੁਕਾ ਸੀ।ਗੁਰੂ ਜੀ ਨੇ ਕਿਸੇ ਮਿਸਤਰੀ ਨੂੰ ਬੁਲਾ ਕੇ ਛੱਲਾ ਕਟਵਾਉਣ ਲਈ ਕਿਹਾ।ਇਸ ਤੇ ਪਿੰਡ ਮੋਹੀ ਦੇ ਲੁਹਾਰ ਭਾਈ ਜਵਾਲਾ ਜੀ ਆਏ ਤੇ ਬਿਨਾ ਤਕਲੀਫ ਦਿੱਤੇ ਰੇਤੀ ਨਾਲ ਛੱਲਾ ਕੱਟ ਦਿੱਤਾ।ਗੁਰੂ ਜੀ ਭਾਈ ਜਵਾਲਾ ਜੀ ਤੋਂ ਪ੍ਰਸੰਨ ਹੋਏ,ਉਸਨੂੰ ਪੀੜ੍ਹੀ ਦਰ ਪੀੜ੍ਹੀ ਵੱਧਣ ਫੂਲਣ ਦਾ ਵਰ ਦਿੱਤਾ।ਭਾਈ ਜਵਾਲਾ ਜੀ ਨੇ ਕੱਟਿਆ ਛੱਲਾ ਨਿਸ਼ਾਨੀ ਵਜੋਂ ਸੰਭਾਲ ਲਿਆ।

ਜੋ ਅੱਜ ਕਲ ਉਹਨਾਂ ਦੇ ਵੰਸ਼ ਭਾਈ ਮੇਹਰ ਸਿੰਘ ਕੋਲ ਪਿੰਡ 'ਭੰਮੀਪੁਰਾ'ਨੇੜੇ ਜਗਰਾਂਉਂ ਵਿਖੇ ਪਿਆ ਹੈ।ਭਾਸ਼ਾ ਵਿਭਾਗ ਵਲੋਂ ਲਿਖੀ ਕਿਤਾਬ'ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ'ਦੇ ਪੰਨਾ ਨੰ. ਉਨੰਜਾ ਵਿੱਚ ਪਿੰਡ 'ਮੋਹੀ'ਦਾ ਨਾਮ ਆਉਂਦਾ ਹੈ।ਇਸ ਪਿੰਡ ਨੂੰ ਗੁਰੂ ਜੀ ਵਲੋਂ'ਚੜ੍ਹੀ ਆਓ ਲੱਥੀ ਜਾਓ'ਦਾ ਵਰ ਵੀ ਪ੍ਰਾਪਤ ਹੋਇਆ ਹੈ-ਭਾਵ ਕੋਈ ਵੀ ਆਫ਼ਤ 'ਮੋਹੀ'ਨਗਰ ਤੇ ਆਵੇਗੀ ਤਾਂ ਕਿਸੇ ਕਿਸਮ ਦਾ ਨੁਕਸਾਨ ਕਰਨ ਤੋਂ ਬਗੈਰ ਹੀ ਟੱਲ ਜਾਵੇਗੀ।ਗੁਰੂ ਜੀ ਦੇ ਅਲ੍ਹਾਹੀ ਬਚਨ ਅੱਜ ਵੀ ਪੂਰੇ ਹੋ ਰਹੇ ਹਨ।

ਇਸ ਕਾਰਨ ਹੀ ਪਿੰਡ ਵਿੱਚ ਛੱਲਾ ਸਾਹਿਬ ਨਾਂ ਦਾ ਗੁਰਦਵਾਰਾ ਤਾਮੀਰ ਹੋ ਗਿਆ। ਪਿੰਡ ਦੇ ਪੁਰਾਣੇ ਬਜ਼ੁਰਗਾਂ ਮੁਤਾਬਕ 1945 ਵਿੱਚ ਪਿੰਡ ਬੱਦੋਵਾਲ ਦੀ ਜੰਗ ਜੋ ਕਿ ਅੰਗਰੇਜ਼ ਤੇ ਸਿੱਖਾਂ ਵਿਚਕਾਰ ਹੋਈ ਸੀ ਦੌਰਾਨ ਬੱਦੋਵਾਲ ਦੇ ਪਿੰਡਾਂ ਦਾ ਕਾਫ਼ੀ ਨੁਕਸਾਨ ਹੋਇਆ ਸੀ, ਪਰ

ਪਿੰਡ'ਮੋਹੀ'ਦਾ ਵਾਲ ਵੀ ਬਾਂਕਾ ਨਹੀਂ ਸੀ ਹੋਇਆ।ਦੂਜਾ ਸਰਕਾਰੀ ਸਕੀਮ ਅਨੁਸਾਰ ਜੋ ਹਵਾਈ ਅੱਡਾ ਪਿੰਡ ਮੋਹੀ ਦੀ ਜਮੀਨ ਵਿੱਚ ਬਣਨਾ ਸੀ ਉਹ ਹਲਵਾਰੇ ਪਿੰਡ ਦੀ ਜਮੀਨ ਵਿੱਚ ਬਣ ਗਿਆ।ਤੀਜੀ ਪ੍ਰਤੱਖ ਗਲ ਇਹ ਹੈ ਕਿ 1971 ਭਾਰਤ,ਪਾਕਿ ਜੰਗ ਸਮੇਂ ਪਾਕਿਸਤਾਨੀ ਜਹਾਜ਼ਾਂ ਵਲੋਂ ਪਿੰਡ ਵਿੱਚ ਸੁੱਟੇ ਗਏ ਤਿੰਨ ਬੰਬ ਕਾਫ਼ੀ ਦੂਰ ਜਾ ਕੇ ਡਿਗੇ ਸਨ ਜਿਸ ਨਾਲ ਕਿਸੇ ਵੀ ਨੁਕਸਾਨ ਤੋਂ ਪਿੰਡ ਮੋਹੀ ਦਾ ਬਚਾਅ ਹੋ ਗਿਆ।ਪਹਿਲਾਂ ਇਥੋਂ ਦੇ ਗੁਰ ਘਰ ਦੀ ਇਮਾਰਤ ਛੋਟੀ ਜਿਹੀ ਸੀ ਫਿਰ 1935-36 ਵਿਚੱ ਪੂਰੀ ਵੱਡੀ ਇਮਾਰਤ ਤਿਆਰ ਹੋ ਗਈ।ਇਸਦੀ ਕਾਰ ਸੇਵਾ ਫਿੰਡ ਮੋਹੀ ਵਾਲੇ ਸੰਤ ਨਿੰਜਨ ਸਿੰਘ ਹੋਰਾਂ ਕੀਤੀ।ਗੁਰਦਵਾਰੇ ਦੀ ਨਵੀਂ ਇਮਾਰਤ ਦੀ ਸੇਵਾ ਦਿਲੀਂ ਵਾਲੇ ਸੰਤ ਹਰਬੰਸ ਸਿੰਘ ਨੇ ਸੰਗਤਾਂ ਦੇ ਸਹਿਯੋਗ ਨਾਲ ਕੀਤੀ।ਗੁਰੂ ਸਾਹਬ ਵੇਲੇ ਜੋ ਛਪੜੀ ਸੀ ਅੱਜ ਉਸੀ ਜਗਾਹ ਪਵਿਤਰ ਸਰੋਵਰ ਸਸ਼ੋਭਿਤ ਹੈ।ਇਸ ਗੁਰੂ ਘਰ ਲਈ ਮਾਤਾ ਬਿਸ਼ਨ ਕੌਰ ਨੇ 9 ਏਕੜ ਜਮੀਨ ਭੇਟ ਕੀਤੀ ਸੀ ਜੋ ਭਾਈ ਜਵਾਲਾ ਜੀ ਦੇ ਪਰਿਵਾਰ ਨਾਲ ਸੰਬਧਿਤ ਸੀ।



ਗੁਰਦਵਾਰੇ ਦੇ ਅੰਦਰ ਕੈਂਪ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਅਜੀਤਸਰ ਮੋਹੀ ਦੇ ਨਾਲ ਨਾਲ ਚਲ ਰਿਹਾ ਹੈ,ਜਿਥੇ ਨੇੜਲੇ ਪਿੰਡਾ ਦੇ ਬੱਚੇ ਸਿਖਿਆ ਹਾਸਲ ਕਰਨ ਆਉਂਦੇ ਹਨ। ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ ਵਧੀਆ ਤਰੀਕੇ ਨਾਲ ਪ੍ਰਬੰਧ ਚਲਾ ਰਹੀ ਹੈ।ਇਥੇ ਹਰ ਸਾਲ 31 ਦਸੰਬਰ ਨੂੰ ਗੁਰੂ ਜੀ ਦੇ ਆਗਮਨ ਦਿਵਸ ਪੁਰਬ ਦੇ ਰੂਪ ਵਿੱਚ ਪੂਰੀ ਸ਼ਰਧਾ ਨਾਲ ਨਗਰ ਕੀਰਤਨ ਸਜਾ ਕੇ ਗੁਰਪੁਰਬ/ ਸਮਾਗਮ ਮਨਾਏ ਜਾਂਦੇ ਹਨ।

" ਵਾਹਿ ਵਾਹੁ ਗੁਰੂ ਗੋਬਿੰਦ ਸਿੰਘ ਆਪਿ ਗੁਰ ਚੇਲਾ "

ਅੰਤਿਕਾ---

ਦਸਦਾ ਤੇ ਜਾਵੀਂ ਵੇ ਰਾਹੀਆ

" ਜਿਥੇ ਦਿਲ ਭੈਅ ਤੋਂ ਖਾਲੀ ਹੈ,
ਤੇ ਗਰਦਨ ਝੁਕਾਈ ਨਹੀਂ ਜਾਂਦੀ,
ਜਿਥੇ ਘਰ ਦਾ ਵਿਹੜਾ ਵੰਡਣ ਲਈ
ਕੋਈ ਦੀਵਾਰ ਬਣਾਈ ਨ੍ਹੀਂ ਜਾਂਦੀ,
ਕਿਥੇ ਰਹਿ ਗਏ ਉਹ ਮੋਹ ਦੇ ਮੌਸਮ,
ਜਿਥੇ ਤ੍ਰੇਹ ਵਿੱਚ,
ਜੁਦਾਈ ਪਾਈ ਨਹੀਂ ਜਾਂਦੀ ॥

ਦਸਦਾ ਤੇ ਜਾਵੀਂ ਵੇ ਰਾਹੀਆਂ-ਖੁਆਰ ਹੋਏ ਕਦੋਂ ਮੁੜਨਗੇ ਸ਼ਰਨ ਵਿੱਚ?...........

ਜੇ ਤੂੰ ਚਲਿਐਂ ਹਾਲ ਬਾਜ਼ਾਰ
ਉਥੋਂ ਲੈ ਆਵੀਂ ਆਹ ਕਿਤਾਬ
ਨਾਲੇ ਲੈ ਆਵੀਂ" ਗੁੱਡੀ ਪਟੋਲਾ ਖਿਦੋ ਖੂੰਡੀ"
ਉਹਦੇ ਨਾਲ " ਆ ਸੱਜਣਾ ਓਇ'
ਆਜਾਦ ਬੁੱਕ ਡਿਪੂ ਤੋਂ ਮਿਲਦੀ
ਬਾਤ ਪਾਵੇ ਤੇਰੇ ਮੇਰੇ ਦਿਲ ਦੀ
ਨਿੱਕੀ ਵੱਡੀ,ਛੋਟਾ ਮੋਟਾ ਹਰ ਕੋਈ ਆਖ ਸਣਾਵੇ
ਨਾ ਐਸੀ ਕਿਤਾਬ ਕਿਤੇ ਥਿਆਵੇ.........

ਸਤਿਨਾਮ ਚੌਹਾਨ ਰਚੇਤਾ " ਕਹੋ ਤਿਤਲੀਆਂ ਨੂੰ
ਜਗਰਾਜ ਸਿੰਘ
ਸੁਖਵਿੰਦਰ ਸੰਗਰੂਰ ਪੋਸਟ ਮਾਸਟਰ,ਪੁਸਤਕ ਪ੍ਰੇਮੀ



